ਮੇਰੀ ਦਸਤਾਰ ਦੀ ਦਸਤਾਨ



ਗਿਆਨੀ ਲਾਲ ਸਿੰਘ

ਨੀਲੀ ਦਸਤਾਰ ਪੰਜਾਬ ਦੇ ਰਾਜਨੀਤਕ ਤੇ ਸਭਿਆਚਾਰਕ ਜੀਵਨ ਵਿਚ ਉਚੇਚਾ ਸਥਾਨ ਰਖਦੀ ਹੈ। ਇਹ ਸਿੱਖਾਂ ਵਿਚ ਗੁਰਦੁਆਰਾ ਸੁਧਾਰ ਲਹਿਰ ਦੇ ਉਥਾਨ ਤੇ ਰਾਜਨੀਤਕ ਚੇਤਨਤਾ ਦੇ ਪਸਾਰ ਦੀ ਪ੍ਰਤੀਕ ਹੈ। ਗਿਆਨੀ ਲਾਲ ਸਿੰਘ ਨੇ ਚੜ੍ਹਦੀ ਉਮਰੇ ਇਹ ਦਸਤਾਰ ਧਾਰਨ ਕੀਤੀ ਤੇ ਤੋੜ ਤਕ ਨਿਬਾਹੀ। ਉਹਨਾਂ ਨੇ ਆਪਣੇ ਤੌਰ ਤੇ ਕਦੇ ਵੀ ਸਰਗਰਮ ਸਿਆਸਤ ਦੇ ਪਿੜ ਵਿਚ ਵਿਚਰਨਾ ਨਹੀਂ ਚੁਣਿਆ। ਉਹ ਤਾਂ ਅਕਾਦਮਿਕ ਖੇਤਰ ਅਤੇ ਸਾਹਿਤ ਰਚਨਾ ਵੱਲ ਰੁਚਿਤ ਸਨ, ਪਰ ਮਿੱਤਰਾਂ-ਸਾਥੀਆਂ ਨੇ ਸਦਾ ਉਹਨਾਂ ਵੱਲ ਅਗਵਾਈ ਲਈ ਦੇਖਿਆ ਹੈ। ਇਸ ਤਰ੍ਹਾਂ ਉਹ ਸਿੱਖ ਰਾਜਨੀਤੀ ਨਾਲ ਜੁੜੇ ਰਹੇ। ਅਕਾਲੀ ਨੇਤਾ ਉਹਨਾਂ ਨੂੰ ਨਿਸ਼ਕਾਮ ਤੇ ਸੂਝਵਾਨ ਵਿਦਵਾਨ ਵਜੋਂ ਸਤਿਕਾਰਦੇ ਸਨ। ਸ੍ਵੈ-ਜੀਵਨੀ ਲਿਖਦਿਆਂ ਗਿਆਨੀ ਲਾਲ ਸਿੰਘ ਨੇ ਜ਼ਾਤੀ ਮਹੱਤਵ ਵਾਲੀਆਂ ਘਟਨਾਵਾਂ ਨੂੰ ਅਣਗੌਲਿਆਂ ਹੀ ਰਹਿਣ ਦਿਤਾ ਹੈ, ਪਰ ਇਤਿਹਾਸਕ ਮਹੱਤਵ ਵਾਲੀਆਂ ਘਟਨਾਵਾਂ ਵੇਰਵੇ ਦੇ ਕੇ ਉਨ੍ਹਾਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਪੰਜਾਬੀ ਦੇ ਸ੍ਵੈ-ਜੀਵਨੀ ਸਾਹਿਤ ਵਿਚ ਇਹ ਪੁਸਤਕ ਆਪਣੀ ਪ੍ਰਕਾਰ ਦੀ ਹੀ ਹੋਵੇਗੀ ਅਤੇ ਪਹਿਲੀ ਕਤਾਰ ਵਾਲਾ ਸਥਾਨ ਗ੍ਰਹਿਣ ਕਰੇਗੀ।

ਵੀਹਵੀਂ ਸ਼ਤਾਬਦੀ ਦਾ ਸਿੱਖ ਇਤਿਹਾਸ ਲਿਖਣ ਤੇ ਸਮਝਣ ਵਾਲਿਆਂ ਲਈ ਇਹ ਸ੍ਵੈ-ਜੀਵਨੀ ਸਰਬੋਤਮ ਸਰੋਤ ਬਣੇਗੀ।

ਗਿਆਨੀ ਲਾਲ ਸਿੰਘ ਜਨਮੇਂ (1903 ਈ:) ਤਾਂ ਉਸ ਧਰਤੀ ਤੇ ਜਿਸ ਨੇ ਖ਼ਾਲਸਾ ਫ਼ੌਜਾਂ ਨੂੰ ਹਾਰ ਦਾ ਮੂੰਹ ਦਿਖਾਇਆ ਤੇ ਖ਼ਾਲਸਾ ਰਾਜ ਦਾ ਸੂਰਜ ਅਸਤ ਕੀਤਾ, ਪਰ ਸਿੱਖਿਆ ਪ੍ਰਾਪਤੀ ਲਈ ਉਹ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਨਗਰ ਗੁਜਰਾਂਵਾਲੇ ਅਜਿਹੇ ਆਏ ਕਿ ਉਥੋਂ ਦੇ ਹੀ ਹੋ ਗਏ। ਸਾਹਿਤਕ ਦੁਨੀਆ ਵਿਚ ਉਹਨਾਂ ਨੂੰ ਗਿਆਨੀ ਲਾਲ ਸਿੰਘ ਗੁਜਰਾਂਵਾਲੀਏ ਵਜੋਂ ਜਾਣਿਆ ਜਾਂਦਾ ਹੈ। ਬਾਲਪਨ ਤੋਂ ਮਾਤ-ਭਾਸ਼ਾ ਪੰਜਾਬੀ ਨਾਲ ਅਜਿਹਾ ਮੋਹ ਪਿਆ ਕਿ ਜੀਵਨ ਹੀ ਇਸ ਨੂੰ ਸਮਰਪਿਤ ਕਰ ਦਿੱਤਾ। ਪਹਿਲਾਂ ਬਾਲ-ਸਾਹਿਤ ਰਚਨ ਵੱਲ ਰੁਚਿਤ ਹੋਏ ਤਾਂ 1932 ਈ: ਵਿਚ ਉਨ੍ਹਾਂ ਨੇ ਬੱਚਿਆਂ ਲਈ ਪੰਜਾਬੀ ਦਾ ਪਹਿਲਾ ਸਚਿੱਤਰ ਰਸਾਲਾ 'ਬਾਲਕ' ਜਾਰੀ ਕੀਤਾ ਜੋ ਲਗਪਗ ਦਸ ਸਾਲ ਬਾਕਾਇਦਾ ਚਲਦਾ ਰਿਹਾ, ਪਰ ਗਿਆਨੀ ਜੀ ਦੇ ਸੁਤੰਤਰਤਾ ਲਹਿਰ ਵਿਚ ਕੈਦ ਹੋ ਜਾਣ ਕਾਰਨ ਬੰਦ ਹੋ ਗਿਆ। ਗਿਆਨੀ ਜੀ ਨੇ ਕੁੱਲ 40 ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ 14 ਬੱਚਿਆਂ ਲਈ ਹਨ। ਅਨੁਵਾਦਿਕ ਤਾਂ ਉਹ ਕਮਾਲ ਦੇ ਸਨ। ਦੋ ਵੇਰ ਉਹਨਾਂ ਨੂੰ ਭਾਰਤ ਸਰਕਾਰ ਨੇ ਬਾਲ-ਸਾਹਿਤ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ। 1992 ਈ: ਵਿਚ ਉਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ ਪਹਿਲਾ ਬਾਲ ਸਾਹਿਤਕਾਰ ਐਵਾਰਡ ਦਿੱਤਾ ਗਿਆ। '*ਪੰਜਾਬ ਦੀ ਵੀਰ ਪਰੰਪਰਾ*' ਉਹਨਾਂ ਦੀ ਇਤਿਹਾਸ ਦੀ ਪ੍ਰਮਾਣਿਕ ਪੁਸਤਕ ਹੈ।

ਐਮ.ਏ. (ਪੰਜਾਬੀ) ਫਸਟ ਕਲਾਸ, ਗੋਲਡ ਮੈਡਲਿਸਟ, ਗਿਆਨੀ ਲਾਲ ਸਿੰਘ ਜੀਵਨ ਕਾਲ ਵਿਦਿਅਕ ਖੇਤਰ ਨਾਲ ਜੁੜੇ ਰਹੇ। ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੀ ਪ੍ਰਬੰਧਕ ਕਮੇਟੀ (ਖ਼ਾਲਸਾ ਐਜੂਕੇਸ਼ਨਲ ਕੌਂਸਲ (ਗੁਜਰਾਂਵਾਲਾ) ਲੁਧਿਆਣਾ) ਦੇ ਉਹ ਲੰਮਾ ਸਮਾਂ ਪ੍ਰਧਾਨ, ਮੀਤ ਪ੍ਰਧਾਨ ਤੇ ਆਨਰੇਰੀ ਸਕੱਤਰ ਰਹੇ।



ਗਿਆਨੀ ਲਾਲ ਸਿੰਘ (1903—1994)

ਨੀਲੀ ਦਸਤਾਰ ਦੀ ਦਾਸਤਾਨ

(ਸਵੈ ਜੀਵਨੀ)

ਗਿਆਨੀ ਲਾਲ ਸਿੰਘ
(ਗੁਜਰਾਂਵਾਲੀਆ)

ਸਿੰਘ ਬ੍ਰਦਰਜ਼
ਅੰਮ੍ਰਿਤਸਰ

NĪLĪ DASTĀR DĪ DĀSTĀN

(Autobiography)

A Contemporary Sikh History based on personal experiences

by

Giani Lal Singh

© 1994

ISBN 81-7205-128-X

ਪਹਿਲੀ ਵਾਰ ਮਈ 1994

ਦੂਜੀ ਵਾਰ ਮਈ 2002

ਮੁੱਲ : 250-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

ਪ੍ਰਿੰਟਰਜ਼ :

ਪ੍ਰਿੰਟਵੈੱਲ, 146, ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ

ਤਤਕਰਾ

	ਕੁੱਝ ਸ਼ਬਦ	7
	ਧੰਨਵਾਦ	10
1.	ਕਾਲੀ (ਨੀਲੀ) ਪਗੜੀ ਦੀ ਗਾਥਾ	13
2.	ਗੁਜਰਾਂਵਾਲੇ ਵਿਚ ਨੇਤਾਗਿਰੀ	28
3.	ਸ਼ਰਨਾਰਥੀਆਂ ਦੀ ਸੇਵਾ ਵਿਚ	64
4.	ਪੰਜਾਬੀ ਸੂਬੇ ਦੇ ਸੰਘਰਸ਼ ਵਿਚ	93
5.	ਨਵਾਂ ਪੰਜਾਬ	134
6.	ਧਰਮ-ਯੁੱਧ ਮੋਰਚਾ	153
7.	ਪਾਪ ਦੀ ਜੰਞ	178
8.	ਹੋਣੀ	211
9.	ਰਾਜੀਵ-ਲੌਂਗੋਵਾਲ ਸਮਝੌਤਾ—ਇਕ ਛਲਾਵਾ	228
10.	ਗਵਰਨਰੀ ਰਾਜ 1987—1992	241
	ਪਿੱਛਲ ਲਿਖਤ	252

ਕੁੱਝ ਸ਼ਬਦ

ਨੇੜਿਓਂ ਤਕਿਆ ਇਤਿਹਾਸ ਲਿਖਣਾ ਬੜਾ ਕਠਨ ਹੁੰਦਾ ਹੈ, ਕਿਉਂਕਿ ਲਿਖਦੇ ਲਿਖਦੇ ਆਪਾ ਆਪ-ਮੁਹਾਰੇ ਰਲੀ ਜਾਂਦਾ ਹੈ ਤੇ ਫਿਰ ਉਹ ਇਤਿਹਾਸ ਨ ਹੋ ਕੇ ਮਿਥਿਹਾਸ ਜਾਂ ਫਲਾਉਣੀ ਬਣ ਜਾਂਦੀ ਹੈ। ਪਰ ਨੀਲੀ ਪਗੜੀ ਦੀ ਪਞੱਤਰ ਸਾਲਾ ਦਾਸਤਾਨ ਪੜ੍ਹ ਕੇ ਹਰ ਕੋਈ ਮਹਿਸੂਸ ਕਰੇਗਾ ਕਿ ਗਿਆਨੀ ਲਾਲ ਸਿੰਘ ਜੀ "ਬੈਠਾ ਵੇਖੈ ਵਖਿ ਇਕੇਲਾ" ਵਾਂਗ ਸਹੀ.ਤਸਵੀਰ ਖਿੱਚੀ ਜਾਂਦੇ ਹਨ। ਉਥੇ ਹੀ, ਜਿਥੇ ਅਤਿ ਜ਼ਰੂਰਤ ਭਾਸੀ ਹੈ, ਨਿਜੀ ਬਾਤ ਕਹੀ ਹੈ। ਪੜ੍ਹਨ ਵਾਲੇ ਨੂੰ ਪ੍ਰਤੀਤ ਹੋਵੇਗਾ ਕਿ ਪਹਿਲਾਂ ਪੀੜਾ ਗਿਆਨੀ ਲਾਲ ਸਿੰਘ ਜੀ ਨੇ ਆਪਣੇ ਪਿੰਡੇ ਤੇ ਹੰਢਾਈ ਹੈ, ਪਿਛੋਂ ਜਦ ਉਹ ਦਰਦ ਬਣ ਗਈ ਤਾਂ ਲਫ਼ਜ਼ਾਂ ਵਿੱਚ ਪ੍ਰਗਟਾਈ ਹੈ।

ਬਾਲ-ਉਮਰੇ ਉਨ੍ਹਾਂ ਨੇ ਨਨਕਾਣਾ ਸਾਹਿਬ ਦਾ ਸਾਕਾ ਅੱਖੀਂ ਤਕਿਆ, ਜਿਸ ਤੋਂ ਸਿੱਖੀ ਜੱਦੋ-ਜਹਿਦ ਦੀ ਬੁਨਿਆਦ ਰਚੀ ਗਈ।

ਗਿਆਨੀ ਜੀ ਨੇ ਯਾਦ ਤੋਂ ਲਿਖਿਆ : 23 ਫ਼ਰਵਰੀ ਨੌਂ ਕੁ ਵਜੇ ਜਨਮ-ਅਸਥਾਨ ਪੁੱਜ ਗਏ। ਸ਼ਹੀਦਾਂ ਦੀ ਕੁਰਬਾਨੀਆਂ ਅੱਗੇ ਸਿਰ ਝੁਕਾਇਆ। ਸਿਰ ਕੀ ਝੁਕਾਇਆ, ਫਿਰ ਗਿਆਨੀ ਜੀ ਦੀ ਸਾਰੀ ਉਮਰ ਹੀ ਪੰਥ ਨੂੰ ਸਮਰਪਿਤ ਰਹੀ। ਜਿਥੇ ਵੀ ਉਹ ਰਹੇ, ਜਿਥੇ ਵੀ ਉਹ ਗਏ, ਕੋਈ ਕਿਰਤ ਕੀਤੀ, ਕੋਈ ਵੀ ਕਿੱਤਾ ਅਪਣਾਇਆ, ਪੰਥ-ਪਿਆਰ ਨੂੰ ਪਹਿਲਾਂ ਰਖਿਆ।

ਇਹ ਪੁਸਤਕ ਪੜ੍ਹ ਕੇ ਪ੍ਰਭਾਵ ਮਿਲੇਗਾ ਕਿ ਅਕਾਲੀ ਲਹਿਰ ਦੀ ਵਾਗ-ਡੋਰ ਕਿਤਨੇ ਸਵੱਛ ਤੇ ਨਿਰ-ਸਵਾਰਥੀ ਆਗੂਆਂ ਹੱਥ ਸੀ ਤੇ ਦੂਜੇ ਪਾਸੇ ਦੇਸ ਦੇ ਆਗੂ ਦੇਖਣ ਨੂੰ ਸਿੱਖਾਂ ਦੇ ਹਮਦਰਦ ਸਨ, ਪਰ ਉਨ੍ਹਾਂ ਦੀ ਕਹਿਣੀ ਤੇ ਕਰਣੀ ਵਿੱਚ ਫ਼ਰਕ 1930 ਵਿੱਚ ਨਹਿਰੂ ਰਿਪੋਰਟ ਦੇ ਛਪਣ ਨਾਲ ਹੀ ਸ਼ੁਰੂ ਹੋ ਗਿਆ ਸੀ। ਸਿੱਖ ਚਾਲ ਤਾਂ ਸਮਝ ਗਏ ਸਨ, ਪਰ ਅਸੂਲਾਂ ਦੇ ਬਝਿਆਂ ਨੇ ਆਪਣੀ ਕਿਸਮਤ ਹਿੰਦੁਸਤਾਨ ਨਾਲ ਜੋੜ ਲਈ ਤੇ ਦੁੱਖਾਂ ਦੀ ਕਹਾਣੀ ਫਿਰ ਅਰੰਭ ਹੋ ਗਈ, ਜਿਸ ਦਾ ਸਿਖਰ ਦਰਬਾਰ ਸਾਹਿਬ ਦੀ ਫ਼ੌਜ-ਕਸ਼ੀ ਨੇ ਛੋਹਿਆ। ਸਤਵਾਂ ਤੇ ਅਠਵਾਂ ਕਾਂਡ ਪੜ੍ਹਦਿਆਂ ਪਾਠਕ, ਹਰ ਫ਼ਿਕਰੇ ਵਿਚੋਂ 'ਆਹ' ਨਿਕਲਦੀ, ਹੂਕ ਉਠਦੀ ਅਤੇ ਲਹੂ ਸਿੰਮਦਾ ਦੇਖੇਗਾ। ਆਹ ਨੂੰ ਅਸਰ ਬਣਦੇ ਉਮਰ ਲੱਗਦੀ ਹੈ ਤੇ ਪਾਠਕ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕੇਗਾ। ਕੈਸਾ ਲਿਖਿਆ ਹੈ ਪੰਜਾਬੀ ਸੂਬੇ ਬਾਰੇ, "ਕੌਣ ਕਹਿੰਦਾ ਹੈ ਕਿ ਪੰਜਾਬੀ ਸੂਬਾ ਬਣਿਆ ਹੈ। ਬਣਿਆ ਹਰਿਆਣਾ ਹੈ, ਸੰਵਾਰਿਆ ਹਿਮਾਚਲ ਹੈ, ਖੋਹਿਆ ਚੰਡੀਗੜ੍ਹ ਹੈ ਤੇ ਕਬਜ਼ਾ ਕੀਤਾ ਹੈ ਪੰਜਾਬ ਦੇ ਪਾਣੀਆਂ ਤੇ ਬਿਜਲੀ ਉਤੇ।" ਪੰਜਾਬ ਤਾਂ ਦਿੱਲੀ ਦੀ ਕਲੋਨੀ ਹੈ।

'ਧਰਮ-ਯੁੱਧ' ਦੇ ਬਾਅਦ ਦੇ ਕਾਂਡਾਂ ਵਿੱਚ ਸਾਡੇ ਸਾਹਮਣੇ ਵਾਪਰੇ ਹਾਲਾਤ ਨੂੰ ਸਹੀ ਤੱਥ ਦੇ ਕੇ ਉਜਾਗਰ ਕੀਤਾ ਹੈ। ਪਤਾ ਲਗੇਗਾ ਕਿ ਇੰਦਰਾ ਗਾਂਧੀ ਨੇ ਮਨਸੂਬਾ ਬਣਾ

ਕੇ ਸ੍ਰੀ ਦਰਬਾਰ ਸਾਹਿਬ ਤੇ ਫ਼ੌਜ-ਕਸ਼ੀ ਕੀਤੀ ਸੀ। ਉਹ ਹਿੰਦੂਆਂ ਨੂੰ ਦੁਰਗਾ ਬਣ ਕੇ ਦਸਣਾ ਲੋੜਦੀ ਸੀ, ਤਾਂਕਿ ਆਪਣਾ ਵੋਟ-ਬੈਂਕ ਮਜ਼ਬੂਤ ਕਰ ਲਏ, ਪਰ ਹਿੰਦੁਸਤਾਨ ਦੀਆਂ ਕੌਮੀ ਜੜ੍ਹਾਂ ਹੀ ਹਿਲਾ ਗਈ। ਉਹ ਸਿਖ ਦੇ ਮਨ-ਅੰਤਰ ਕੀ ਪੀੜ (ਸਈਕੀ) ਤੋਂ ਇਤਨੀ ਅਣਜਾਣ ਨਹੀਂ ਸੀ, ਜਿਤਨੀ ਉਹ ਬਣਦੀ ਸੀ। ਦਰਬਾਰ ਸਾਹਿਬ ਦੇ ਹਮਲੇ ਬਾਅਦ ਸੁਨੀਲ ਸੇਠੀ ਨੇ ਇੰਡੀਆ-ਟੂਡੇ ਵਿੱਚ ਇਕ ਸਿੱਖ ਅਮੀਰ ਜੋੜੇ ਤੋਂ ਦਰਬਾਰ ਸਾਹਿਬ ਦੇ ਹਮਲੇ ਦਾ ਪ੍ਰਤੀਕਰਮ ਪੁਛਿਆ ਤਾਂ ਉਹਨਾਂ ਦੀ ਚੀਖ ਨਿਕਲ ਗਈ। ਹਉਕਾ ਭਰ ਕੇ ਕਾਰਖ਼ਾਨੇਦਾਰ ਕਹਿਣ ਲੱਗਾ : ਤੁਸੀਂ ਨਹੀਂ ਸਮਝਦੇ ਤੇ ਨਾ ਤੁਸੀਂ ਸਮਝ ਸਕਦੇ ਹੋ ਕਿ ਸਿੱਖ ਕਿਵੇਂ ਮਹਿਸੂਸ ਕਰਦੇ ਹਨ। ਅਸੀਂ ਬੇਬਸ ਜ਼ਰੂਰ ਹਾਂ, ਪਰ ਅਸਮਰੱਥ ਨਹੀਂ। ਉਸ ਦੀ ਧਰਮ-ਪਤਨੀ ਪਾਸ ਬੈਠੀ ਜ਼ਾਰ ਜ਼ਾਰ ਰੋ ਰਹੀ ਸੀ, ਕਹਿਣ ਲੱਗੀ : 'ਸਾਡਾ ਨੰਗੇਜ ਲਾਹਿਆ ਸੂ, ਗੁਰਦੁਆਰਿਆਂ ਦੀ ਪਵਿਤ੍ਰਤਾ ਭੰਗ ਕੀਤੀ ਸੂ। ਵਾਹਿਗੁਰੂ ਬੜੀ ਸਜ਼ਾ ਦੇਵੇਗਾ।' ਸੁਨੀਲ ਸੇਠੀ ਨੇ ਟਿਪਣੀ ਦਿੱਤੀ ਕਿ ਇਕ ਰੱਜੇ ਪੁੱਜੇ ਜੋੜੇ ਦਾ ਇਹ ਹਾਲ ਹੈ ਤਾਂ ਕੌਮ ਦਾ ਕੀ ਹੈ, ਇਸ ਦਾ ਇੱਥੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇੰਦਰਾ ਦੇ ਕਤਲ ਬਾਅਦ ਭੂਤਰੇ ਹੋਏ ਕਾਂਗਰਸੀਆਂ ਨੇ ਖ਼ਰੀਦੇ ਹੋਏ ਲੋਕਾਂ ਕੋਲੋਂ ਜਿਵੇਂ ਸਿੱਖਾਂ ਦੀ ਕਤਲਿ ਆਮ ਕਰਵਾਈ, ਉਹ ਹਿੰਦੁਸਤਾਨ ਦੀ ਚਾਦਰ ਤੇ ਬਦਨੁਮਾ ਧੱਬਾ ਹੈ। ਇੰਦਰਾ ਦੀ ਹੀ ਭੂਆ ਦੀ ਬੇਟੀ ਨੈਣ ਤਾਰਾ ਸਹਿਗਲ ਨੇ ਦਿਨ-ਦਿਹਾੜੇ ਜ਼ਿੰਦਾ ਜਲਾਏ ਜਾ ਰਹੇ ਸਿੱਖਾਂ ਨੂੰ ਦੇਖ ਕੇ ਲਿਖਿਆ ਸੀ ਕਿ "ਸੋਗ ਮਨਾਉਣ ਵਾਲੇ ਲੋਕ ਲੋਹੇ ਦੀਆਂ ਸਲਾਖ਼ਾਂ, ਕੁਹਾੜੀਆਂ, ਮਿੱਟੀ ਦੇ ਤੇਲ ਦੇ ਪੀਪੇ ਤੇ ਪੈਟਰੋਲ ਦੇ ਕਨੱਸਤਰ ਲੈ ਕੇ, ਡੀ. ਟੀ. ਸੀ. ਦੀਆਂ ਬੱਸਾਂ ਤੇ ਨਹੀਂ ਆਉਂਦੇ।"

ਇਸ ਪੁਸਤਕ ਦਾ ਦਸਵਾਂ ਕਾਂਡ ਹਰ ਸਿੱਖ ਨੂੰ ਬੜੇ ਗਹੁ ਨਾਲ ਪੜ੍ਹਨਾ ਚਾਹੀਦਾ ਹੈ। ਗਿਆਨੀ ਲਾਲ ਸਿੰਘ ਜੀ ਠੀਕ ਲਿਖਦੇ ਹਨ ਕਿ ਕੌਮ ਅਜੇ ਇਨਕਲਾਬ ਲਈ ਤਿਆਰ ਨਹੀਂ। ਇਹ ਨ ਭੁਲਣਾ ਕਿ ਸਫਲਤਾ ਉਸ ਵੇਲੇ ਮਿਲਦੀ ਹੈ, ਜਦ ਸਮੁੱਚੀ ਕੌਮ ਨਾਲ ਹੋ ਟੁਰੇ। ਕੌਮ ਦੇ ਕਾਫ਼ਲੇ ਨੂੰ 21ਵੀਂ ਸਦੀ ਵਿੱਚ ਦਾਖ਼ਲ ਹੋਣ ਵੇਲੇ ਕੀ ਸੇਧ ਦੇਣੀ ਹੈ, ਕੌਮ ਛੇਤੀ ਫ਼ੈਸਲਾ ਕਰੇ। ਬਗ਼ੈਰ ਵਿਚਾਰ ਤੋਂ ਕੀਤੀ ਕਾਰਵਾਈ ਕੁਰਾਹੇ ਲੈ ਜਾਏਗੀ। ਸਰਦਾਰ ਸੁਬੇਗ ਸਿੰਘ ਜੀ ਦੀ ਲਿਆਂਦੀ ਨਵਾਬੀ ਜਦ ਕੌਮ ਨੇ ਬਗ਼ੈਰ ਉਨ੍ਹਾਂ ਨੂੰ ਸੁਣੇ ਹੀ ਠੁਕਰਾ ਦਿੱਤੀ, ਤਾਂ ਉਨ੍ਹਾਂ ਨੇ ਗੱਜ ਕੇ ਕਿਹਾ ਸੀ : *'ਕਿਆ ਬਾਤ ਕਰੋ ਅਵਿਚਾਰੀ'* ਬਗ਼ੈਰ ਵਿਚਾਰ ਦੇ ਫ਼ੈਸਲਾ ਨ ਸੁਣਾਉ। ਉਨ੍ਹਾਂ ਦੀਆਂ ਦਿੱਤੀਆਂ ਦਲੀਲਾਂ ਨੂੰ ਪੰਥ ਨੇ ਸਿਰ ਮੱਥੇ ਮੰਨ ਕੇ ਨਵਾਬੀ ਸਵੀਕਾਰ ਕਰ ਕੌਮ ਨੂੰ ਨਵੇਂ ਸਿਰਿਓਂ ਜਥੇਬੰਦ ਕਰ ਲਿਆ ਸੀ। ਅੱਜ ਵੀ ਕੁੱਝ ਐਸੀ ਹੀ ਲੋੜ ਹੈ। 22 ਲੱਖ ਸਿੱਖ ਤਾਂ ਹਿੰਦੁਸਤਾਨ ਤੋਂ ਬਾਹਰ ਬੈਠਾ ਹੈ ਅਤੇ ਚਾਲੀ ਲੱਖ ਦੇ ਕਰੀਬ ਪੰਜਾਬੋਂ ਬਾਹਰ। ਸਭ ਨੂੰ ਇਕ-ਸੁਰ ਕਰਨਾ ਜ਼ਰੂਰੀ ਹੈ। ਇਕ ਕੰਡਕਟਰ ਨੇ ਪੰਜਾਬੀ ਸੂਬੇ ਬਾਅਦ ਆਗੂਆਂ ਵਿੱਚ ਆਪਸ ਦੀ ਲੜਾਈ ਹੁੰਦੀ ਦੇਖ ਕਹਿਆ ਸੀ ਕਿ ਇਨ੍ਹਾਂ ਨੀਲੀ ਪਗੜੀ ਵਾਲਿਆਂ ਵਿੱਚ ਅਕਲ ਹੁੰਦੀ ਤਾਂ ਰਾਜ ਕਿਉਂ ਗਵਾ ਲੈਂਦੇ, ਪਰ ਗਿਆਨੀ ਜੀ ਦੇ ਹੀ ਮਿੱਠੇ ਸੁਭਾਅ ਨੂੰ ਦੇਖ ਕੇ ਇਕ ਹਮ-ਸਫ਼ਰ ਨੇ ਕਿਹਾ ਸੀ ਕਿ "ਜੇ ਗਿਆਨੀ ਲਾਲ ਸਿੰਘ ਵਰਗੇ ਅਕਾਲੀ ਹਨ ਤਾਂ ਹਿੰਦੂਆਂ ਨੂੰ ਕਿਸੇ ਕਿਸਮ ਦਾ ਭੈ ਨਹੀਂ ਹੋਣਾ ਚਾਹੀਦਾ।" ਕੁੱਝ ਅਜਿਹਾ ਵਤੀਰਾ ਹੀ ਹੁਣ ਅਪਣਾਉਣ ਦੀ ਲੋੜ ਹੈ।

ਪੁਸਤਕ ਦੇ ਦਸਵੇਂ ਕਾਂਡ ਦਾ ਆਖ਼ਰੀ ਫ਼ਿਕਰਾ ਬੜਾ ਹੀ ਭਾਵ-ਪੂਰਤ ਹੈ; *'ਕਾਂਗਰਸ*

ਸਰਕਾਰ ਬਣਨ ਤੋਂ ਬਾਅਦ ਪੰਜਾਬ ਵਿਚ ਦਿਸਦੀ ਸ਼ਾਂਤੀ ਕਲਪਿਤ ਤੇ ਭੁਲੇਖਾ-ਪਾਊ ਹੈ। ਆਤੰਕਵਾਦ ਵਿਚ ਕਮੀ ਆਈ ਹੈ, ਪਰ ਇਹ ਕਿਸੇ ਵਕਤ ਵੀ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਸਦੀਵੀ ਅਮਨ ਤਾਂ ਪੰਜਾਬ ਦੀਆਂ ਸੰਵਿਧਾਨਿਕ ਮੰਗਾਂ ਮੰਨਣ ਨਾਲ ਹੀ ਹੋ ਸਕਦਾ ਹੈ।'

ਬਸ ਇਹ ਕਹਿਣਾ ਬਣਦਾ ਹੈ ਕਿ ਪੁਸਤਕ ਵਾਕਫ਼ੀਅਤ ਭਰਪੂਰ ਹੈ। ਸਰਲ ਸਾਦਾ ਭਾਸ਼ਾ ਵਿੱਚ ਹੈ। ਭਾਵਾਂ ਵਿੱਚ ਡੂੰਘੀ ਤੇ ਅੰਦਰਲੇ ਨੂੰ ਛੂਹਣ ਵਾਲੀ ਹੈ। ਸੱਭ ਤੋਂ ਵੱਡੀ ਗੱਲ ਬਿਆਨ ਵਿੱਚ ਰਸੀਲੀ ਹੈ। ਸ੍ਵੈ-ਜੀਵਨੀ ਹੁੰਦੇ ਹੋਏ ਵੀ ਉਲਾਰ ਨਹੀਂ ਹੋਈ। ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਇਹ ਸੰਸਾਰ ਦੀਆਂ ਪ੍ਰਸਿੱਧ ਸ੍ਵੈ-ਜੀਵਨੀਆਂ ਦੇ ਟਾਕਰੇ ਤੇ ਰੱਖਣ ਵਾਲੀ ਪੁਸਤਕ ਹੈ।

ਅਰਦਾਸ ਹੈ ਕਿ ਵਾਹਿਗੁਰੂ ਗਿਆਨੀ ਜੀ ਨੂੰ ਚਿਰੰਜੀਵ ਰੱਖੇ ਤੇ ਉਹ ਇਕੀਵ੍ਹੀਂ ਸਦੀ ਵਿਚ ਕੌਮ ਦਾ ਸ਼ਾਨਦਾਰ ਪ੍ਰਵੇਸ਼ ਦੇਖਣ।

54-ਖਾਲਸਾ ਕਾਲਜ ਕਲੋਨੀ,
ਪਟਿਆਲਾ।

ਸਤਿਬੀਰ ਸਿੰਘ
(ਪ੍ਰਿੰਸੀਪਲ)

ਧੰਨਵਾਦ

ਇਕ ਇਸਲਾਮੀ ਰਵਾਇਤ ਅਨੁਸਾਰ ਧਰਮ ਦੇ ਨਿਆਂਕਾਰੀ ਨੂੰ ਅਹੁਦੇ ਤੇ ਥਾਪਣ ਸਮੇਂ ਦਸਤਾਰ ਸਜਾਈ ਜਾਂਦੀ ਸੀ। ਸ਼ਾਇਦ ਇਸੇ ਰਵਾਇਤ ਨੇ ਹੀ ਚਿਰ ਕਾਲ ਤੋਂ ਪੰਜਾਬੀਆਂ ਲਈ ਦਸਤਾਰ ਨੂੰ ਸ੍ਵੈ-ਮਾਨ, ਅਣਖ, ਸੱਚ ਅਤੇ ਨਿਆਂ ਦਾ ਪ੍ਰਤੀਕ ਬਣਾ ਦਿਤਾ। ਵਰਤਮਾਨ ਕਾਲ ਵਿਚ ਅਕਾਲੀ ਲਹਿਰ ਨੇ ਨੀਲੀ ਦਸਤਾਰ ਦੇ ਧਾਰਨੀਆਂ ਲਈ ਨਿਵੇਕਲੀ ਪਰਿਭਾਸ਼ਾ ਘੜ ਦਿੱਤੀ, ਜਿਸ ਕਰਕੇ ਸੁਤੰਤਰਤਾ ਲਹਿਰ ਦੌਰਾਨ ਅਕਾਲੀ ਸਮੁੱਚੇ ਦੇਸ਼ ਵਿਚ ਉਚੇਚੇ ਸਤਿਕਾਰ ਦੇ ਹੱਕਦਾਰ ਹੋ ਨਿਬੜੇ। ਸੁਤੰਤਰਤਾ-ਪਸ਼ਚਾਤ ਕਾਲ ਵਿਚ ਇਨ੍ਹਾਂ ਧਰਮੀ ਯੋਧਿਆਂ ਨੂੰ ਵਿਸਾਹਘਾਤੀ ਅਤੇ ਦੋਖੀ ਹਾਲਤ ਵਿਚ ਵਿਚਰਨਾ ਪਿਆ। ਅੱਸੀਵਿਆਂ ਤਕ ਆਜ਼ਾਦ ਭਾਰਤ ਦੇ ਸਰਕਾਰੀ ਇਲੈਕਟਰਾਨਿਕ ਪ੍ਰਚਾਰ-ਮਾਧਿਅਮਾਂ ਨੇ ਇਨ੍ਹਾਂ ਨਿਸ਼ਕਪਟ ਤੇ ਇਨਸਾਫ਼ ਲਈ ਮਰ ਮਿਟਣ ਵਾਲਿਆਂ ਵਿਰੁੱਧ ਵਿਉਂਤ-ਬੱਧ ਭੰਡੀ ਪ੍ਰਚਾਰ ਅਰੰਭ ਦਿੱਤਾ, ਜਿਸ ਰਾਹੀਂ ਉਹਨਾਂ ਨੂੰ ਦੇਸ਼-ਧਰੋਹੀ ਅਤੇ ਅਤਿਵਾਦੀਆਂ ਵਜੋਂ ਪੇਸ਼ ਕੀਤਾ ਗਿਆ। ਪੰਜਾਬ ਦੇ ਭਾਸ਼ਾ ਦੇ ਆਧਾਰ ਤੇ ਪੁਨਰਗਠਨ ਅਤੇ ਇਸ ਨਾਲ ਸੰਬੰਧਤ ਤੁਰੰਤ ਹੱਲ ਲੋਚਦੇ ਮਸਲਿਆਂ ਨੂੰ ਰਾਜਨੀਤਕ ਮਸਲਹਤ ਸਦਕਾ ਜਾਣ ਬੁਝ ਕੇ ਲਮਕ-ਅਵਸਥਾ ਵਿਚ ਰੱਖ ਕੇ, ਜਟਲ ਬਣਾ ਦਿਤਾ ਗਿਆ। ਸਮੁੱਚੀ ਸਿੱਖ ਕੌਮ ਵਿਚਕਾਰ ਪਸਰੀ ਅਸੰਤੋਸ਼ ਦੀ ਭਾਵਨਾ ਨੂੰ ਬਦੇਸ਼ੀ/ਵਿਰੋਧੀ ਤਾਕਤਾਂ ਦੀ ਸ਼ਹਿ ਦਰਸਾ ਕੇ ਦੇਸ਼-ਭਗਤ ਅਕਾਲੀਆਂ ਨੂੰ ਦੇਸ਼ ਦੀ ਏਕਤਾ ਲਈ 'ਖ਼ਤਰਾ' ਪ੍ਰਗਟਾਇਆ ਗਿਆ ਅਤੇ ਸਮੂਹ ਦੇਸ਼-ਵਾਸੀਆਂ ਦੀ ਘਿਰਣਾ ਦਾ ਪਾਤਰ ਬਣਾ ਦਿੱਤਾ ਗਿਆ। ਇਸ ਪ੍ਰਕਾਰ ਅਕਾਲੀਆਂ ਦਾ ਸੁਨਹਿਰੀ ਤੇ ਦੇਸ਼-ਭਗਤੀ ਨਾਲ ਜੁੜਤ ਇਤਿਹਾਸ ਸਮੁੱਚੇ ਭਾਰਤ ਨੂੰ ਹੀ ਵਿਸਰ ਗਿਆ।

ਉਪਰੋਕਤ ਘਟਨਾਵਾਂ ਨੇ ਮੈਨੂੰ ਗੰਭੀਰ ਸੋਚ ਵਿਚ ਪਾ ਦਿੱਤਾ। ਇਸ ਸਥਿਤੀ ਤੇ ਮੈਨੂੰ ਡਾਢਾ ਅਫ਼ਸੋਸ ਸੀ, ਪਰ ਦੇਸ਼-ਵਾਸੀਆਂ ਵੱਲ ਉਲਾਂਭਾ ਵੀ ਸੀ। ਪੱਕੀ ਉਮਰ ਦੀ ਇਸ ਸੋਚ ਨੇ ਮਨ ਦੀ ਪੀੜਾ ਦਾ ਰੂਪ ਧਾਰ ਲਿਆ, ਜਿਸ ਨੇ ਮੈਨੂੰ ਨੀਲੀ ਦਸਤਾਰ ਦੀ ਇਹ ਵਿਥਿਆ ਲਿਖਣ ਲਈ ਉਤੇਜਿਤ ਕੀਤਾ। ਵਾਹਿਗੁਰੂ ਦਾ ਕੋਟਾਨ ਕੋਟ ਧੰਨਵਾਦ ਹੈ ਕਿ ਇਹ ਕਾਰਜ ਸਫਲਤਾ ਸਹਿਤ ਸੰਪੰਨ ਹੋ ਗਿਆ ਹੈ। ਲੇਖਕ ਦਾ ਵਿਸ਼ਵਾਸ ਹੈ ਕਿ ਨੀਲੀ ਦਸਤਾਰ ਦੀ ਇਹ ਦਾਸਤਾਨ ਨਵੀਂ ਪੀੜ੍ਹੀ ਨੂੰ ਸਹੀ ਇਤਿਹਾਸਕ ਤੱਥਾਂ ਨਾਲ ਪਰਿਚਿਤ ਕਰਾਉਣ ਵਿਚ ਸਫਲ ਹੀ ਨਹੀਂ ਰਹੇਗੀ, ਸਗੋਂ ਉਹਨਾਂ ਲਈ ਪ੍ਰੇਰਨਾ-ਸਰੋਤ ਵੀ ਸਿੱਧ ਹੋਵੇਗੀ।

ਲੇਖਕ ਨੇ ਇਹ ਅਨਿਆਂ ਅਤੇ ਜਬਰ ਕਿਸੇ ਹੱਦ ਤਕ ਹੱਡੀਂ ਹੰਢਾਇਆ ਹੈ। ਪੁਸਤਕ ਦੀ ਚੋਖੀ ਸਮੱਗਰੀ ਆਪਣੀ ਯਾਦਾਸ਼ਤ ਜਾਂ ਸਮਕਾਲੀਆਂ ਨਾਲ ਵਿਚਾਰ-ਵਟਾਂਦਰੇ ਤੋਂ ਪ੍ਰਾਪਤ ਹੋਈ ਹੈ; ਪਰ ਵਧੇਰੇ ਤਾਜ਼ਾ ਘਟਨਾਵਾਂ ਲਈ ਅਖ਼ਬਾਰਾਂ, ਰਸਾਲਿਆਂ ਜਾਂ ਡਾ. ਗੁਰਦਰਸ਼ਨ ਸਿੰਘ ਢਿੱਲੋਂ ਦੇ *'India Commits Suicide'* ਵਰਗੇ ਹਵਾਲਾ-ਸੰਗ੍ਰਹਿਆਂ ਦੀ ਵਰਤੋਂ ਵੀ ਕੀਤੀ ਗਈ ਹੈ; ਜਿਸ ਲਈ ਇਨ੍ਹਾਂ ਸਭ ਦਾ ਧੰਨਵਾਦ ਕਰਨਾ ਜ਼ਰੂਰੀ ਹੈ। ਪੁਸਤਕ ਦੇ ਖਰੜੇ ਨੂੰ ਪ੍ਰਿੰਸੀਪਲ ਸਤਿਬੀਰ ਸਿੰਘ ਅਤੇ ਮੇਰੇ ਅਜ਼ੀਜ਼ ਪ੍ਰੋਫ਼ੈਸਰ ਪ੍ਰਿਥੀਪਾਲ ਸਿੰਘ ਕਪੂਰ (ਸਾਬਕਾ ਪ੍ਰੋ: ਵਾਈਸ ਚਾਂਸਲਰ,

ਗੁਰੂ ਨਾਨਕ ਦੇਵ ਯੂਨੀਵਰਸਿਟੀ) ਨੇ ਬਾਰੀਕੀ ਨਾਲ ਪੜ੍ਹ ਕੇ ਕਈ ਕੀਮਤੀ ਸੁਝਾਅ ਦਿੱਤੇ। ਮੇਰੇ ਪਿਆਰੇ ਮਿੱਤਰ ਸ. ਸੁਜਾਨ ਸਿੰਘ ਕਹਾਣੀਕਾਰ ਦੇ ਦਾਮਾਦ ਡਾ: ਕੁਲਦੀਪ ਪੁਰੀ ਨੇ ਰਾਜੀਵ-ਲੌਂਗੋਵਾਲ ਸਮਝੌਤੇ ਪਸ਼ਚਾਤ ੧੯ ਮਹੀਨਿਆਂ ਦੇ ਹਾਲਾਤ ਬਾਰੇ ਵਡਮੁੱਲੀ ਜਾਣਕਾਰੀ ਇਕੱਤਰ ਕਰਨ ਵਿਚ ਉਚੇਚੀ ਸਹਾਇਤਾ ਕੀਤੀ। ਪ੍ਰਿੰਸੀਪਲ ਸਤਿਬੀਰ ਸਿੰਘ ਨੇ ਆਪਣੇ ਅਨੇਕ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਪੁਸਤਕ ਦਾ ਮੁੱਖ-ਬੰਧ ਲਿਖਣ ਦੀ ਵੀ ਖੇਚਲ ਕੀਤੀ ਹੈ।

ਲੇਖਕ ਇਨ੍ਹਾਂ ਸਭ ਸੱਜਣਾਂ ਦਾ ਦਿਲੋਂ ਰਿਣੀ ਹੈ।

ਵਿਦਿਆ ਭਵਨ,
3367/15-D, ਚੰਡੀਗੜ੍ਹ
ਮਾਰਚ 25, 1994.

ਲਾਲ ਸਿੰਘ ਗਿਆਨੀ
(ਗੁਜਰਾਂਵਾਲੀਆ)


ਦਮਦਮੀ ਟਕਸਾਲ ਸਿੱਖਾਂ ਦੀ ਇਕ ਬੜੀ ਪੁਰਾਣੀ ਧਾਰਮਿਕ
ਸੰਸਥਾ ਸੀ। ਇਸ ਦਾ ਮੁਖ ਕੰਮ [illegible] ਸਿਖ ਬੱਚਿਆਂ ਨੂੰ
ਧਰਮ-ਵਿੱਦਿਆ, ਸਿਖ ਰਹਿਤ-ਮਰਯਾਦਾ, ਗੁਰਬਾਣੀ ਦੇ ਅਰਥ-ਬੋਧ
ਵਿਚ ਨਿਪੁੰਨ ਕਰ ਕੇ ਪਰਚਾਰਕ ਤਿਆਰ ਕਰਨਾ ਅਤੇ ਅੰਮ੍ਰਿਤ-
ਪਰਚਾਰ ਕਰਨਾ ਸੀ। ~~[illegible]~~ ਕਿਉਂਕਿ ਇਹ ਨਿਰੋਲ ਗੁਰਮਤਿ ਦਾ ਪਰਚਾਰ
ਕਰਨ ਵਾਲੀ ਸੰਸਥਾ ਸੀ, ਇਸ ਲਈ ਇਸ ਦੇ ਸੰਚਾਲਕ ਗੁਰੂ
ਸਾਹਿਬਾਨ, ਗੁਰਬਾਣੀ ਅਤੇ ਰਹਿਤ-ਮਰਯਾਦਾ ਉੱਤੇ [illegible]
[illegible] ਬਰਦਾਸ਼ਤ ਨਹੀਂ ਕਰ ਸਕਦੇ ਸਨ ਤੇ ਇਸ ਦਾ ਡਟ
ਕੇ ਵਿਰੋਧ ਕਰਦੇ ਸਨ। ਪਿਛਲੇ ਕੁਝ ਸਾਲਾਂ ਤੋਂ ਦਿੱਲੀ ਦਾ ਨਕਲੀ
[illegible] ਨਿਰੰਕਾਰੀ [illegible] ਸਿੱਖੀ ਦੇ ਵਿਰੁੱਧ [illegible]
ਪਰਚਾਰ ਜ਼ੋਰ ਸ਼ੋਰ ਨਾਲ ਕਰ ਰਿਹਾ ਸੀ, ਤੇ ਦਮਦਮੀ ਟਕਸਾਲ
ਦੇ ਸੰਚਾਲਕਾਂ ਨਾਲ ਉਸ ਦਾ ਟਕਰਾਓ ਸ਼ੁਰੂ ਹੋ ਚੁੱਕਾ ਸੀ।
1977 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਟਕਸਾਲ ਦੇ ਮੁਖੀ
ਥਾਪੇ ਗਏ। ਟਕਸਾਲ ਦਾ ਮੁਖ ਅਸਥਾਨ ਗੁਰਦੁਆਰਾ ਗੁਰ-ਦਰਸ਼ਨ
ਪ੍ਰਕਾਸ਼ ਚੌਕ ਮਹਿਤਾ ਜ਼ਿਲ੍ਹਾ ਗੁਰਦਾਸਪੁਰ ਦੇ ਨਾਲ ਲਗਦਾ ਸੀ ਤੇ
ਗੁਰਦਾਸਪੁਰ ਦਾ ਡਿਪਟੀ ਕਮਿਸ਼ਨਰ ਇਕ ਨਿਰੰਕਾਰੀ ਨਿਰੰਜਣ ਸਿੰਘ
ਸੀ। ਉਸ ਆਪਣੇ ਅਹੁਦੇ-ਰਸੂਖ਼ ਨਾਲ ਆਲੇ-ਦੁਆਲੇ ਦੇ ਪਿੰਡਾਂ
ਵਿਚ ਨਿਰੰਕਾਰੀਆਂ ਦੇ ਸਮਾਗਮ ਕਰਾਉਣਾ ਸ਼ੁਰੂ ਕੀਤਾ ਸੀ,
ਜਿਨ੍ਹਾਂ ਵਿਚ ਦਮਦਮੀ ਟਕਸਾਲ ਨਾਲ ਉਨ੍ਹਾਂ ਦੀ ਟੱਕਰ ਹੁੰਦੀ ਰਹਿੰਦੀ
ਸੀ। ~~[illegible]~~ 1978 ਵਿਚ ਵਿਸਾਖੀ ਵਾਲੇ ਦਿਨ ਨਿਰੰਕਾਰੀਆਂ ਨੇ
ਅੰਮ੍ਰਿਤਸਰ ਵਿਚ ਇਕ ਵੱਡਾ ਸਮਾਗਮ ਕੀਤਾ, ਜਿਸ ਵਿਚ ~~[illegible]~~ ਗੁਰੂ
ਸਾਹਿਬਾਨ ਦੇ ਵਿਰੁੱਧ ਬਹੁਤ ਕਬੋਲ ਬੋਲੇ ਗਏ। ਜਦ ਇਸ ਦੇ ਵਿਰੁੱਧ ਸਿੱਖਾਂ
ਦੇ ਇਕ ਜਥੇ ਨੇ ਰੋਸ ਪਰਗਟ ਕਰਨਾ ਸ਼ੁਰੂ ਕੀਤਾ, ਤਾਂ ਨਿਰੰਕਾਰੀਆਂ ਨੇ ਹਮਲਾ
ਕਰਕੇ 13 ਸਿੰਘ ਸ਼ਹੀਦ ਕਰ ਦਿੱਤੇ। ~~[illegible]~~ 62
ਨਿਰੰਕਾਰੀਆਂ ਉੱਤੇ ਕਤਲ ਦਾ ਮੁਕੱਦਮਾ ਚਲਿਆ, ਪਰ ਬਾਅਦ ਵਿਚ ਉਹ
ਸਾਰੇ ਬਰੀ ਹੋ ਗਏ। ਇਸ ਵੇਲੇ ਪਰਕਾਸ਼ ਸਿੰਘ ਬਾਦਲ ਪੰਜਾਬ ਦੇ
ਮੁਖ ਮੰਤਰੀ ਸਨ। ਸੰਤ ਜਰਨੈਲ ਸਿੰਘ ਉਨ੍ਹਾਂ ਦਿਨਾਂ ਨਿਰੰਕਾਰੀਆਂ ਦੇ
ਵਿਰੁੱਧ ਕੀਤੀ ਕਾਰਵਾਈ ਤੋਂ ਸੰਤੁਸ਼ਟ ਨਹੀਂ ਸਨ, ਇਸ ਲਈ ਉਹ

ਲੇਖਕ ਦੀ ਹੱਥ-ਲਿਖਤ

ਕਾਂਡ ਪਹਿਲਾ

ਕਾਲੀ (ਨੀਲੀ) ਪਗੜੀ ਦੀ ਗਾਥਾ

ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

21 ਫ਼ਰਵਰੀ 1921 ਮੇਰੇ ਜੀਵਨ ਦਾ ਇਕ ਯਾਦਗਾਰੀ ਦਿਨ ਹੈ। ਮੈਂ ਉਸ ਵੇਲੇ ਖ਼ਾਲਸਾ ਹਾਈ ਸਕੂਲ ਗੁਜਰਾਂਵਾਲੇ ਦੀ ਨੌਵੀਂ ਜਮਾਤ ਵਿਚ ਪੜ੍ਹਦਾ ਸਾਂ। ਖ਼ਾਲਸਾ ਸਕੂਲ ਓਦੋਂ ਸ਼ਬਦ ਦੇ ਸਹੀ ਅਰਥਾਂ ਵਿਚ 'ਖ਼ਾਲਸਾ' ਸਕੂਲ ਹੁੰਦੇ ਸਨ। ਵਿਦਿਆਰਥੀਆਂ ਨੂੰ ਨਾ-ਕੇਵਲ ਸਿਖ ਇਤਿਹਾਸ, ਗੁਰਬਾਣੀ ਤੇ ਸਿਖ ਸਿਧਾਂਤਾਂ ਦੀ ਜਾਣਕਾਰੀ ਕਰਵਾਈ ਜਾਂਦੀ ਸੀ, ਸਗੋਂ ਉਨ੍ਹਾਂ ਦੇ ਜੀਵਨ ਨੂੰ ਵੀ ਸਿੱਖੀ ਅਸੂਲਾਂ ਅਨੁਸਾਰ ਢਾਲਣ ਦਾ ਜਤਨ ਕੀਤਾ ਜਾਂਦਾ ਸੀ। ਹਰੇਕ ਜਮਾਤ ਲਈ ਹਫ਼ਤੇ ਵਿਚ ਦੋ ਪੀਰੀਅਡ ਧਰਮ-ਵਿੱਦਿਆ ਲਈ ਰਾਖਵੇਂ ਸਨ ਅਤੇ ਪਹਿਲੇ ਦੂਜੇ ਨੰਬਰ ਤੇ ਆਉਣ ਵਾਲਿਆਂ ਨੂੰ ਵਜ਼ੀਫ਼ੇ ਦਿੱਤੇ ਜਾਂਦੇ ਸਨ। ਹੋਸਟਲ ਦੇ ਗੁਰਦੁਆਰੇ ਵਿਚ ਸਵੇਰੇ ਸ਼ਬਦ-ਕੀਰਤਨ ਹੁੰਦਾ ਸੀ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ। ਦੋਵੇਂ ਵੇਲੇ ਹਾਜ਼ਰੀ ਲਾਜ਼ਮੀ ਸੀ। ਸਾਲ ਵਿਚ ਇਕ ਦੋ ਵਾਰੀ ਅੰਮ੍ਰਿਤ-ਸੰਚਾਰ ਵੀ ਹੁੰਦਾ ਸੀ। ਨਗਰ-ਕੀਰਤਨਾਂ ਵਿਚ ਵਿਦਿਆਰਥੀ ਵਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਸਾਰੇ ਗੁਰੂ ਸਾਹਿਬਾਨ ਦੇ ਅਵਤਾਰ ਧਾਰਨ ਤੇ ਜੋਤੀ-ਜੋਤਿ ਸਮਾਉਣ ਦੇ ਪੁਰਬਾਂ ਦੀਆਂ ਛੁੱਟੀਆਂ ਹੁੰਦੀਆਂ ਸਨ ਤੇ ਹੋਸਟਲ ਦੇ ਗੁਰਦੁਆਰੇ ਵਿਚ ਸਾਰੇ ਗੁਰਪੁਰਬ ਮਨਾਏ ਜਾਂਦੇ ਸਨ।

ਉਸ ਦਿਨ ਵੀ ਗੁਰੂ ਹਰਿ ਰਾਏ ਸਾਹਿਬ ਦੇ ਅਵਤਾਰ ਧਾਰਨ ਦਾ ਪੁਰਬ ਸੀ। ਗੁਰਪੁਰਬ ਮਨਾ ਕੇ ਅਸੀਂ ਗਿਆਰ੍ਹਾਂ ਵਜੇ ਵਿਹਲੇ ਹੋਏ ਤੇ ਤਿੰਨ ਚਾਰ ਮਿੱਤਰ ਸ਼ਹਿਰੋਂ ਦੂਰ ਇਕ ਖੂਹ ਉੱਤੇ ਕਪੜੇ ਧੋਣ ਚਲੇ ਗਏ। ਜਦ ਵਾਪਸ ਆਏ, ਤਾਂ ਹੋਸਟਲ ਵਿਚ ਸੋਗ ਜਿਹਾ ਵਰਤਿਆ ਹੋਇਆ ਸੀ। ਪਤਾ ਲੱਗਾ ਕਿ ਨਨਕਾਣਾ ਸਾਹਿਬ ਤੋਂ ਇਕ ਕਾਰਖ਼ਾਨੇਦਾਰ ਉੱਤਮ ਸਿੰਘ ਦੀ ਤਾਰ ਆਈ ਹੈ ਕਿ ਗੁਰਦੁਆਰਾ ਜਨਮ-ਅਸਥਾਨ ਵਿਚ ਮਹੰਤ ਨੇ ਲਗ ਪਗ ਡੇਢ ਸੌ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਹੈ। ਇਸ ਹਿਰਦੇ-ਵੇਧਕ ਖ਼ਬਰ ਨੇ ਵਿਦਿਆਰਥੀਆਂ ਨੂੰ ਦੁੱਖ, ਗੁੱਸੇ ਤੇ ਜੋਸ਼ ਨਾਲ ਭਰ ਦਿੱਤਾ ਸੀ ਤੇ ਉਹ ਪੂਰਾ ਵੇਰਵਾ ਜਾਣਨ ਲਈ ਤਰਲੋ ਮੱਛੀ ਹੋ ਰਹੇ ਸਨ। ਅਸੀਂ ਕੁਝ ਵਿਦਿਆਰਥੀ ਘੰਟਾ ਘਰ ਦੇ ਕੋਲ ਸਿੰਘ ਸਭਾ ਦੇ ਗੁਰਦੁਆਰੇ ਗਏ। ਉਥੋਂ ਪਤਾ ਲੱਗਾ ਕਿ ਸਹੀ ਖ਼ਬਰਾਂ ਸ਼ਾਮ ਤਕ ਹੀ ਮਿਲ ਸਕਣਗੀਆਂ। ਸ਼ਾਮ ਨੂੰ ਭਾਈ ਹੀਰਾ ਸਿੰਘ ਭਾਗ ਸਿੰਘ ਦੇ ਰਾਗੀ ਜਥੇ ਦੇ ਦੋ ਸਿੰਘ ਗੁਰਦੁਆਰਾ ਸਿੰਘ ਸਭਾ ਵਿਚ ਆਏ ਤੇ ਉਨ੍ਹਾਂ ਤੋਂ ਇਸ ਸਾਕੇ ਦੇ ਕੁਝ ਵੇਰਵੇ ਪਤਾ ਲੱਗੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਸਾਰੇ ਸਿੱਖਾਂ ਨੂੰ ਨਨਕਾਣਾ ਸਾਹਿਬ ਪਹੁੰਚਣ ਦੇ ਆਦੇਸ਼ ਦਿੱਤੇ ਹਨ, ਪਰ ਦੂਜੇ ਪਾਸੇ ਸਰਕਾਰ ਨੇ ਨਨਕਾਣਾ ਸਾਹਿਬ ਵੱਲ ਜਾਣ ਵਾਲੇ ਸਾਰੇ

ਰਸਤਿਆਂ ਦੀ ਨਾਕਾਬੰਦੀ ਕਰ ਲਈ ਹੈ ਤੇ ਉੱਧਰ ਜਾਣ ਵਾਲੀਆਂ ਗੱਡੀਆਂ ਦਾ ਸਟੇਸ਼ਨਾਂ ਤੇ ਖੜੋਣਾ ਵੀ ਬੰਦ ਕਰ ਦਿੱਤਾ ਹੈ। ਇਸ ਰੁਕਾਵਟ ਨੇ ਵਿਦਿਆਰਥੀਆਂ ਤੇ ਹੋਰ ਸਿੱਖਾਂ ਵਿਚ ਜੋਸ਼ ਹੋਰ ਵਧਾਇਆ ਤੇ ਉਹ ਛੇਤੀ ਤੋਂ ਛੇਤੀ ਨਨਕਾਣਾ ਸਾਹਿਬ ਪਹੁੰਚਣ ਲਈ ਤਤਪਰ ਹੋ ਗਏ। ਅਸੀਂ ਵਾਪਸ ਹੋਸਟਲ ਵਿਚ ਆਏ ਤੇ 25-30 ਵਿਦਿਆਰਥੀ ਨਨਕਾਣਾ ਸਾਹਿਬ ਜਾਣ ਲਈ ਤਿਆਰ ਹੋ ਗਏ। ਇਹ ਪਤਾ ਨਹੀਂ ਸੀ ਲਗ ਰਿਹਾ ਕਿ ਕਿਹੜੇ ਰਾਹ ਜਾਣਾ ਹੈ, ਪਰ ਬੇਪਨਾਹ ਜੋਸ਼ ਸਾਨੂੰ ਸਟੇਸ਼ਨ ਵੱਲ ਲੈ ਤੁਰਿਆ। ਸਟੇਸ਼ਨ ਉੱਤੇ ਸ਼ਹਿਰ ਦੇ ਹੋਰ 25-30 ਸਿਖ ਵੀ ਉੱਥੇ ਜਾਣ ਲਈ ਆਏ ਖੜੇ ਸਨ। ਕਿਸੇ ਨੇ ਸਲਾਹ ਦਿੱਤੀ ਕਿ ਸ਼ਾਹਦਰੇ (ਲਾਹੌਰ) ਵੱਲ ਜਾਣ ਦੀ ਥਾਂ ਵਜ਼ੀਰਾਬਾਦ ਜਾਇਆ ਜਾਏ ਤੇ ਉੱਥੋਂ ਸਾਂਗਲੇ ਪਹੁੰਚ ਕੇ ਨਨਕਾਣਾ ਸਾਹਿਬ ਪੈਦਲ ਪਹੁੰਚਿਆ ਜਾ ਸਕਦਾ ਹੈ। ਇਸ ਤਰ੍ਹਾਂ ਸਰਕਾਰ ਵੱਲੋਂ ਰੁਕਾਵਟ ਦਾ ਕੋਈ ਖ਼ਤਰਾ ਨਹੀਂ ਰਹੇਗਾ। ਵਜ਼ੀਰਾਬਾਦ ਪਹੁੰਚ ਕੇ ਜਦ ਅਸਾਂ ਸਾਂਗਲੇ ਵਾਲੀ ਗੱਡੀ ਬਦਲੀ, ਤਾਂ ਗਾਰਡ ਨੇ ਦੱਸਿਆ ਕਿ ਸਾਂਗਲਾ ਸਟੇਸ਼ਨ ਉੱਤੇ ਦੋ ਸੌ ਸਿਪਾਹੀ ਮੌਜੂਦ ਹਨ, ਜੋ ਤੁਹਾਨੂੰ ਅੱਗੇ ਨਹੀਂ ਜਾਣ ਦੇਣਗੇ। ਸੋ ਉਸ ਦੀ ਸਲਾਹ ਮੰਨ ਕੇ ਅਸੀਂ ਸਾਂਗਲੇ ਤੋਂ ਇਕ ਸਟੇਸ਼ਨ ਪਹਿਲਾਂ ਮੜ੍ਹ ਬਲੋਚਾਂ ਤੇ ਹੀ ਉਤਰ ਗਏ।

ਸਵੇਰ ਸਤ ਵਜੇ ਦਾ ਵੇਲਾ ਸੀ ਤੇ ਸਾਡੇ ਜਥੇ ਵਿਚ ਵਿਦਿਆਰਥੀਆਂ ਸਮੇਤ ਸੱਠ ਕੁ ਮੈਂਬਰ ਸਨ। ਅਸਾਂ ਪੈਦਲ ਮਾਰਚ ਸ਼ੁਰੂ ਕਰ ਦਿੱਤਾ। ਸ਼ਹੀਦੀ ਸਾਕੇ ਦੀ ਉਡਦੀ ਉਡਦੀ ਖ਼ਬਰ ਨੇੜੇ-ਤੇੜੇ ਦੇ ਪਿੰਡਾਂ ਵਿਚ ਪਹੁੰਚ ਹੀ ਚੁਕੀ ਸੀ ਤੇ ਸਾਨੂੰ ਉਧਰ ਜਾਂਦੇ ਵੇਖ, ਲੋਕ ਸਾਡਾ ਆਦਰ-ਭਾਓ ਕਰਦੇ ਸਨ। ਉਂਜ ਵੀ ਉਨ੍ਹਾਂ ਦਿਨਾਂ ਵਿਚ ਸਿਖ ਕਿਸਾਨਾਂ ਅੰਦਰ ਸੇਵਾ-ਭਾਵ ਬਹੁਤ ਜ਼ਿਆਦਾ ਸੀ। ਚੱਲਣ ਤੋਂ ਛੇਤੀ ਬਾਅਦ ਸਾਨੂੰ ਇਕ ਵਾੜੇ ਵਾਲਿਆਂ ਨੇ ਚੂਪਣ ਲਈ ਗੰਨੇ ਭੇਟ ਕੀਤੇ। ਇਕ ਵਜੇ ਦੇ ਲਗ ਪਗ ਇਕ ਹੋਰ ਵਾੜੇ ਵਾਲਿਆਂ ਨੇ ਪਰਸ਼ਾਦਿਆਂ ਦੀ ਸੇਵਾ ਕਰ ਦਿੱਤੀ। ਸਾਢੇ ਚਾਰ ਵਜੇ ਅਸੀਂ ਇਕ ਪਿੰਡ ਪੁੱਜੇ, ਜਿਸ ਦੇ ਬਾਹਰਵਾਰ ਕੋਹਲੂ ਵਿਚ ਗੰਨੇ ਪੀੜੇ ਜਾ ਰਹੇ ਸਨ। ਲੋਕਾਂ ਨੇ ਰਹੁ ਤੇ ਭੁੱਜੇ ਛੋਲਿਆਂ ਨਾਲ ਜਥੇ ਦੀ ਸੇਵਾ ਕੀਤੀ। ਚਲਦਿਆਂ ਚਲਦਿਆਂ ਥਕੇਵਾਂ ਬਹੁਤ ਹੋ ਗਿਆ ਸੀ। ਨਾ ਕਿਸੇ ਨੇ ਨਨਕਾਣਾ ਸਾਹਿਬ ਦਾ ਠੀਕ ਰਾਹ ਦੱਸਿਆ ਸੀ, ਨਾ ਫ਼ਾਸਲਾ। ਪਰ ਪੁਛਦੇ-ਪੁਛਾਂਦੇ ਅਸੀਂ ਤੁਰੇ ਹੀ ਜਾ ਰਹੇ ਸਾਂ, ਜਿਵੇਂ ਨਨਕਾਣਾ ਸਾਹਿਬ ਪਹੁੰਚ ਕੇ ਹੀ ਸਾਹ ਲੈਣਾ ਹੋਵੇ। ਸ਼ਾਮ ਦੇ ਸਤ ਵਜੇ ਤਕ ਅਸੀਂ ਥੱਕ ਕੇ ਚੂਰ ਹੋ ਗਏ ਤੇ ਪਤਾ ਲੱਗਾ ਕਿ ਅਜੇ ਇਥੋਂ ਨਨਕਾਣਾ ਸਾਹਿਬ ਅਠ ਮੀਲ ਦੂਰ ਹੈ। ਹੁਣ ਰਾਤ ਲਈ ਕਿਤੇ ਰੁਕ ਜਾਣਾ ਜ਼ਰੂਰੀ ਹੋ ਗਿਆ। ਛੇਤੀ ਪਿੱਛੋਂ ਸਿਖ ਆਬਾਦਕਾਰਾਂ ਦਾ ਇਕ ਵਾੜਾ ਆ ਗਿਆ ਤੇ ਉੱਥੇ ਰਹਿਣ ਵਾਲਿਆਂ ਨੇ ਬੜੇ ਉਤਸ਼ਾਹ ਨਾਲ ਸਾਡਾ ਸੁਆਗਤ ਕੀਤਾ। ਪਹਿਲਾਂ ਕੱਚੀ ਲੱਸੀ ਨਾਲ ਜਥੇ ਦੀ ਸੇਵਾ ਕੀਤੀ ਤੇ ਫਿਰ ਲੰਗਰ ਦੇ ਆਹਰ-ਪਾਹਰ ਲਗ ਗਏ। ਡੇਢ ਘੰਟੇ ਬਾਅਦ ਉਨ੍ਹਾਂ ਨੇ ਘਰ ਦੇ ਸਾਰੇ ਭਾਂਡੇ ਸਾਡੇ ਅੱਗੇ ਲਿਆ ਰੱਖੇ। ਦਾਲਾ ਪੁਆਉਣ ਲਈ ਕਿਸੇ ਨੂੰ ਕੌਲ, ਕਿਸੇ ਨੂੰ ਕਟੋਰਾ ਤੇ ਕਿਸੇ ਨੂੰ ਥਾਲੀ ਮਿਲ ਗਈ। ਪਰਸ਼ਾਦੇ ਹੱਥਾਂ ਤੇ ਲਏ। ਇੰਨੇ ਥਕੇਵੇਂ ਬਾਅਦ ਲੰਗਰ ਦਾ ਖ਼ੂਬ ਅਨੰਦ ਆਇਆ।

ਦਿਨ ਸਰਦੀਆਂ ਦੇ ਸਨ, ਪਰ ਇਕ ਘਰ ਸੱਠ ਬੰਦਿਆਂ ਲਈ ਬਿਸਤਰਿਆਂ ਦਾ ਪ੍ਰਬੰਧ ਕਿਵੇਂ ਕਰ ਸਕਦਾ ਸੀ। ਸੋ ਸਾਡੇ ਸੌਣ ਦਾ ਪ੍ਰਬੰਧ ਇਕ ਕੁੜ੍ਹ ਵਿਚ ਕੀਤਾ ਗਿਆ। ਹੇਠਾਂ ਪਰਾਲੀ ਵਿਛਾਈ ਗਈ, ਉਸ ਉਪਰ ਬੋਰੀਆਂ ਤੇ ਸਲੀਤੇ। ਉੱਪਰ ਲੈਣ ਲਈ ਅਠ ਦਸ ਖੇਸ ਵੀ ਮਿਲ ਗਏ। ਇੱਕੋ ਖਿੜਕ ਵਾਲੀ ਕੁੜ੍ਹ ਵਿਚ 60 ਬੰਦੇ ਤੇ ਉਹ ਵੀ ਸਾਰੇ ਦਿਨ ਦੇ ਥੱਕੇ ਹੋਏ; ਸਰਦੀ ਨੇ ਕੀ ਆਖਣਾ ਸੀ। ਅਜਿਹੀ ਮਿੱਠੀ ਤੇ ਗੂੜ੍ਹੀ ਨੀਂਦ ਆਈ, ਜਿਹੋ ਜਿਹੀ ਨਾ ਉਸ ਤੋਂ ਪਹਿਲਾਂ ਕਦੇ ਆਈ ਸੀ, ਤੇ ਨਾ ਬਾਅਦ ਵਿਚ ਆਈ ਹੈ। ਸਵੇਰੇ ਪੰਜ ਵਜੇ ਹੀ ਉਠ ਕੇ ਅਸਾਂ ਫਿਰ

ਚਾਲੇ ਪਾ ਦਿੱਤੇ। ਰਾਹ ਵਿਚ ਜੰਗਲ-ਪਾਣੀ ਤੋਂ ਫ਼ਾਰਗ ਹੋ ਕੇ ਅਸੀਂ ਕਰੀਬ ਸਤ ਵਜੇ ਚੰਦਰ ਕੋਟ ਦੀ ਝਾਲ ਤੇ ਪਹੁੰਚ ਗਏ। ਲੋਕਾਂ ਨੇ ਦੱਸਿਆ ਕਿ ਇੱਥੇ ਹੀ ਕਾਰ ਰਾਹੀਂ ਭੱਜੇ ਜਾਂਦੇ ਮਹੰਤ ਨਰਾਇਣ ਦਾਸ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਇੱਥੇ ਪਿੰਡ ਵਾਲਿਆਂ ਨੇ ਇਕ ਬੋਰੀ ਛੋਲੇ ਤੇ ਇਕ ਬੋਰੀ ਮਕਈ ਭੁਨਾ ਕੇ ਰੱਖੀ ਹੋਈ ਸੀ ਤੇ ਨਾਲ ਚਾਹ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ। ਚਾਹ ਪੀਤੀ, ਲੋੜ ਅਨੁਸਾਰ ਦਾਣੇ ਬੋਝਿਆਂ ਵਿਚ ਭਰੇ ਤੇ ਨੌਂ ਕੁ ਵਜੇ ਅਸੀਂ ਗੁਰਦੁਆਰਾ ਜਨਮ-ਅਸਥਾਨ ਪਹੁੰਚ ਗਏ।

ਇਹ 23 ਫ਼ਰਵਰੀ ਦਾ ਦਿਨ ਸੀ। ਗੁਰਦੁਆਰੇ ਦਾ ਕਬਜ਼ਾ ਸਿੱਖਾਂ ਨੂੰ ਮਿਲ ਚੁੱਕਾ ਸੀ। ਸ. ਹਰਬੰਸ ਸਿੰਘ ਅਟਾਰੀ ਦਰਸ਼ਨੀ ਡਿਉਢੀ ਉੱਤੇ ਖਲੋਤੇ ਤੇ ਸੰਗਤਾਂ ਦਾ ਸੁਆਗਤ ਕਰਦੇ ਹੋਏ ਉਨ੍ਹਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕਰ ਰਹੇ ਸਨ। ਬਹੁਤ ਸਾਰੇ ਹੱਤਿਆਰੇ ਗ੍ਰਿਫ਼ਤਾਰ ਹੋ ਚੁਕੇ ਸਨ ਤੇ ਬਾਕੀ ਰਹਿੰਦਿਆਂ ਦੀ ਭਾਲ ਹੋ ਰਹੀ ਸੀ। ਅੰਦਰ ਗਏ, ਮੱਥਾ ਟੇਕਿਆ ਤੇ ਫਿਰ ਗੁਰਦੁਆਰੇ ਦੇ ਅੰਦਰ ਉਹ ਸੋਗੀ ਤੇ ਕਰੁਣਾਮਈ ਦ੍ਰਿਸ਼ ਵੇਖਿਆ ਕਿ ਅੱਖਾਂ ਸੱਜਲ ਹੋ ਗਈਆਂ। ਪੰਜ ਥਾਈਂ ਅੱਧ-ਸੜੀਆਂ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ। ਚੌਖੰਡੀ ਦੇ ਸਾਹਮਣੇ ਚਾਰ ਲਾਸ਼ਾਂ ਪਈਆਂ ਸਨ, ਥਾਂ ਥਾਂ ਵੱਢੇ-ਟੁੱਕੇ ਛੋਟੇ ਛੋਟੇ ਅੰਗ, ਮਾਸ ਦੇ ਟੁਕੜੇ ਅਤੇ ਕੰਘੇ, ਕੜੇ ਖਿਲਰੇ ਪਏ ਸਨ। ਸਾਰੇ ਫ਼ਰਸ਼ ਉੱਤੇ ਲਹੂ ਦੇ ਧੱਬੇ ਸਨ, ਭਾਵੇਂ ਮਹੰਤ ਨੇ ਆਪਣੇ ਅਪਰਾਧ ਉੱਤੇ ਪੜਦਾ ਪਾਣ ਲਈ ਚੋਖੇ ਨਿਸ਼ਾਨ 21 ਫ਼ਰਵਰੀ ਵਾਲੇ ਦਿਨ ਹੀ ਮਿਟਾ ਦਿੱਤੇ ਸਨ। ਪਰ ਬਾਅਦ ਦੀਆਂ ਸਰਕਾਰੀ ਰਿਪੋਰਟਾਂ ਵਿਚਲੇ ਇਹ ਸ਼ਬਦ ਸਾਰੇ ਸਾਕੇ ਉੱਤੇ ਸਪੱਸ਼ਟ ਚਾਨਣਾ ਪਾਉਂਦੇ ਹਨ, "ਜ਼ਖਮੀਆਂ ਤੇ ਨਕਾਰਾ ਹੋ ਚੁੱਕਿਆਂ ਨੂੰ ਅਤਿ ਵਹਿਸ਼ੀ ਕਠੋਰਤਾ ਨਾਲ ਵਢ ਟੁਕ ਕੇ ਮੌਤ ਦੇ ਘਾਟ ਉਤਾਰਿਆ ਗਿਆ।" ਇਹ ਸਾਰਾ ਦ੍ਰਿਸ਼ ਵੇਖ ਕੇ ਮੇਰਾ ਸਿਰ ਸੁਤੇ-ਸਿਧ ਉਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਪ੍ਰਤੀ ਸ਼ਰਧਾ, ਪਿਆਰ ਤੇ ਸਤਿਕਾਰ ਨਾਲ ਝੁਕ ਗਿਆ, ਜਿਨ੍ਹਾਂ ਨੇ ਗੁਰਦੁਆਰਿਆਂ ਦੀ ਪਵਿੱਤਰਤਾ ਖ਼ਾਤਰ ਆਪਣੀਆਂ ਜਾਨਾਂ ਦੀ ਅਹੂਤੀ ਦਿੱਤੀ ਸੀ। ਹੁਣ ਜਦੋਂ ਵੀ ਅਰਦਾਸ ਵੇਲੇ ਮੈਂ "ਛਵ੍ਹੀਆਂ ਨਾਲ ਵੱਢੇ ਗਏ ਤੇ ਜੀਊਂਦੇ ਤੇਲ ਪਾ ਕੇ ਸਾੜੇ ਗਏ" ਦੇ ਸ਼ਬਦ ਬੋਲਦਾ ਹਾਂ, ਤਾਂ ਜਨਮ-ਅਸਥਾਨ ਦਾ ਉਹ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਫਿਰ ਜਾਂਦਾ ਹੈ। ਸ਼ਹੀਦਾਂ ਦੇ ਤਿਆਗ, ਨਿਸ਼ਕਾਮ ਕੁਰਬਾਨੀ ਤੇ ਦ੍ਰਿੜ੍ਹਤਾ ਦੀ ਛਾਪ ਹਮੇਸ਼ਾ ਲਈ ਮੇਰੇ ਮਨ ਉੱਤੇ ਉਕਰ ਗਈ ਹੈ। ਜੇ ਮੈਂ ਇਹ ਆਖਾਂ ਕਿ ਉਨ੍ਹਾਂ ਦੀ ਸ਼ਹਾਦਤ ਸਦਾ ਹੀ ਮੇਰੇ ਜੀਵਨ ਵਿਚ ਉਤਸ਼ਾਹ ਤੇ ਪ੍ਰੇਰਨਾ ਦਾ ਸੋਮਾ ਰਹੀ ਹੈ, ਤਾਂ ਇਹ ਕੋਈ ਅਤਕੱਥਨੀ ਨਹੀਂ।

ਗੁਰਦੁਆਰਾ ਜਨਮ-ਅਸਥਾਨ ਸਿਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਜਨਮ ਦੀ ਥਾਂ ਹੋਣ ਕਰਕੇ ਸਿੱਖਾਂ ਦਾ ਸ਼੍ਰੋਮਣੀ ਗੁਰਦੁਆਰਾ ਸੀ। ਸੋ ਜਦ ਸਿੱਖਾਂ ਨੂੰ ਗੁਰਦੁਆਰਿਆਂ ਵਿੱਚੋਂ ਕੁਰੀਤੀਆਂ ਦੂਰ ਕਰਨ ਲਈ ਇਨ੍ਹਾਂ ਨੂੰ ਆਪਣੇ ਪ੍ਰਬੰਧ ਹੇਠ ਲਿਆਉਣ ਦਾ ਵਿਚਾਰ ਆਇਆ, ਤਾਂ ਸ਼੍ਰੋਮਣੀ ਕਮੇਟੀ ਨੇ ਸਭ ਤੋਂ ਪਹਿਲਾਂ ਇਹਦੇ ਵੱਲ ਧਿਆਨ ਦਿੱਤਾ। ਫ਼ੈਸਲਾ ਹੋਇਆ ਕਿ 4 ਤੋਂ 6 ਮਾਰਚ 1921 ਤਕ ਗੁਰਦੁਆਰੇ ਵਿਚ ਇਕ ਭਾਰੀ ਦੀਵਾਨ ਸਜਾਇਆ ਜਾਏ, ਜੀਹਦੇ ਵਿਚ ਮਹੰਤ ਨੂੰ ਆਖਿਆ ਜਾਏ ਕਿ ਉਹ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਦੇ ਦੇਵੇ ਤੇ ਆਪ ਕਮੇਟੀ ਦੇ ਅਧੀਨ ਹੋ ਕੇ ਚੱਲੇ। ਮਹੰਤ ਦਾ ਸਰਕਾਰੇ-ਦਰਬਾਰੇ ਚੋਖਾ ਅਸਰ-ਰਸੂਖ਼ ਸੀ ਤੇ ਉਸ ਦੇ ਵਸੀਲੇ ਵੀ ਬੇਅੰਤ ਸਨ। ਸੋ ਇਹ ਖ਼ਬਰ ਸੁਣਦੇ ਹੀ ਉਸ ਨੇ ਕਮੇਟੀ ਦੇ ਮੁਕਾਬਲੇ ਦੀ ਤਿਆਰੀ ਸ਼ੁਰੂ ਕਰ ਦਿੱਤੀ। ਗੁਰਦੁਆਰੇ ਵਿਚ ਟਕੂਏ ਤੇ ਬੰਦੂਕਾਂ ਆਦਿ ਹਥਿਆਰ ਜਮ੍ਹਾ ਕੀਤੇ ਅਤੇ ਦਰਜਨਾਂ ਪਠਾਣ ਤੇ ਹੋਰ ਬਦਮਾਸ਼ ਇਕੱਠੇ ਕਰ ਲਏ। ਇਹ ਚਰਚਾ ਆਮ ਹੋਣ ਲਗ ਪਈ ਕਿ ਮਹੰਤ ਇਸ ਮੌਕੇ ਉੱਤੇ ਕਮੇਟੀ ਦੇ ਉੱਘੇ ਆਗੂਆਂ ਨੂੰ ਖ਼ਤਮ ਕਰਨ ਦੀ ਯੋਜਨਾ ਬਣਾ

ਰਿਹਾ ਹੈ। ਜਦ ਆਲੇ-ਦੁਆਲੇ ਦੇ ਅਕਾਲੀ ਆਗੂਆਂ ਨੂੰ ਇਸ ਯੋਜਨਾ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਯੋਗ ਸਮਝਿਆ ਕਿ ਇਨ੍ਹਾਂ ਤਰੀਕਾਂ ਤੋਂ ਪਹਿਲਾਂ ਹੀ ਨਨਕਾਣਾ ਸਾਹਿਬ ਪਹੁੰਚਿਆ ਜਾਏ, ਤਾਂ ਜੁ ਜੇ ਮਹੰਤ ਨੇ ਕੋਈ ਗੜਬੜ ਕਰਨੀ ਹੈ, ਤਾਂ ਪਹਿਲਾਂ ਹੀ ਨਜਿੱਠ ਲਈ ਜਾਏ। ਪਰ ਜਦ ਸ਼੍ਰੋਮਣੀ ਕਮੇਟੀ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਹੁਕਮ ਦੇ ਦਿੱਤਾ ਕਿ ਇਨ੍ਹਾਂ ਤਰੀਕਾਂ ਤੋਂ ਪਹਿਲਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਜਾਏ। ਹੋਰ ਅਕਾਲੀ ਆਗੂਆਂ ਨੂੰ ਇਹ ਸੁਨੇਹਾ ਮਿਲ ਗਿਆ ਸੀ, ਪਰੰਤੂ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਜਥੇ ਨੂੰ ਇਸ ਬਾਰੇ ਕੋਈ ਖ਼ਬਰ ਨਹੀਂ ਮਿਲੀ ਸੀ। ਤੋੜ ਨਨਕਾਣਾ ਸਾਹਿਬ ਪਹੁੰਚ ਕੇ ਜਦ ਉਨ੍ਹਾਂ ਨੂੰ ਪਤਾ ਲੱਗਾ, ਤਾਂ ਉਨ੍ਹਾਂ ਨੇ ਸੋਚਿਆ ਕਿ ਅੱਜ ਗੁਰੂ ਹਰਿ ਰਾਏ ਸਾਹਿਬ ਦਾ ਅਵਤਾਰ-ਦਿਹਾੜਾ ਹੈ, ਕਿਉਂ ਨਾ ਅਸੀਂ ਗੁਰਦੁਆਰੇ ਵਿਚ ਮੱਥਾ ਟੇਕ ਕੇ ਵਾਪਸ ਜਾਈਏ। ਜਦ ਸਿੰਘ ਅੰਦਰ ਚਲੇ ਗਏ, ਤਾਂ ਮਹੰਤ ਦੇ ਪਾਲਤੂ ਗੁੰਡਿਆਂ ਨੇ ਦਰਵਾਜ਼ੇ ਬੰਦ ਕਰ ਲਏ ਤੇ ਗੁਰਦੁਆਰੇ ਦੀ ਛੱਤ ਤੋਂ ਉਨ੍ਹਾਂ ਉੱਤੇ ਗੋਲੀਆਂ ਵਰ੍ਹਾਣੀਆਂ ਸ਼ੁਰੂ ਕਰ ਦਿੱਤੀਆਂ। ਮਿੰਟਾਂ ਵਿਚ ਹੀ ਬਹੁਤ ਸਿੰਘ ਸ਼ਹੀਦ ਹੋ ਗਏ। ਉਸ ਤੋਂ ਬਾਅਦ ਉਹ ਹੇਠਾਂ ਉਤਰੇ ਅਤੇ ਜ਼ਖ਼ਮੀਆਂ ਤੇ ਸਿਸਕਦਿਆਂ ਨੂੰ ਛਵ੍ਹੀਆਂ ਤੇ ਗੰਡਾਸੇ ਮਾਰ ਮਾਰ ਕੇ ਸ਼ਹੀਦ ਕਰ ਦਿੱਤਾ। ਇਸ ਬਾਰੇ ਕੋਈ ਵੀ ਅਨੁਮਾਨ ਲਾਣਾ ਅਸੰਭਵ ਹੈ ਕਿ ਜੇ ਇਸ ਤਰੀਕ ਨੂੰ ਇਹ ਜਥਾ ਨਨਕਾਣਾ ਸਾਹਿਬ ਨਾ ਜਾਂਦਾ, ਤਾਂ 4 ਮਾਰਚ ਦੇ ਦੀਵਾਨ ਵਿਚ ਹਾਲਾਤ ਕੀ ਬਣਦੇ, ਪਰ ਇਕ ਗੱਲ ਯਕੀਨ ਨਾਲ ਆਖੀ ਜਾ ਸਕਦੀ ਹੈ ਕਿ ਇਸ ਜਥੇ ਨੇ ਸ਼ਹੀਦੀ ਪ੍ਰਾਪਤ ਕਰ ਕੇ ਆਪਣੇ ਪਵਿੱਤਰ ਖ਼ੂਨ ਨਾਲ ਸਾਰੀ ਕੌਮ ਵਿਚ ਇਕ ਨਵੀਂ ਰੂਹ ਫੂਕ ਦਿੱਤੀ ਸੀ ਅਤੇ ਸਿੱਖਾਂ ਨੇ ਹਰ ਕੀਮਤ ਉੱਤੇ ਗੁਰਦੁਆਰਿਆਂ ਨੂੰ ਮਹੰਤਾਂ ਤੇ ਪੁਜਾਰੀਆਂ ਤੋਂ ਆਜ਼ਾਦ ਕਰਾਉਣ ਦਾ ਨਿਸਚਾ ਕਰ ਲਿਆ ਸੀ। ਅਗਲੇ ਪੰਜਾਂ ਸਾਲਾਂ ਵਿਚ ਗੁਰਦੁਆਰਿਆਂ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਹਜ਼ਾਰਾਂ ਸਿੱਖਾਂ ਨੇ ਕੈਦ ਹੋ ਕੇ ਜੇਲ੍ਹਾਂ ਦੀਆਂ ਜੋ ਸਖ਼ਤੀਆਂ ਸਹਾਰੀਆਂ, ਜਾਇਦਾਦਾਂ ਜ਼ਬਤ ਕਰਾਈਆਂ ਤੇ ਪੁਲਿਸ ਦੀ ਬੇਪਨਾਹ ਮਾਰ-ਕੁਟਾਈ ਤੇ ਤਸ਼ੱਦਦ ਦਾ ਸ਼ਿਕਾਰ ਹੋਏ, ਉਨ੍ਹਾਂ ਸਭਨਾਂ ਦੇ ਪਿੱਛੇ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਕੁਰਬਾਨੀ ਕੰਮ ਕਰ ਰਹੀ ਸੀ ਅਤੇ ਅੰਤ 1925 ਦਾ ਗੁਰਦੁਆਰਾ-ਕਾਨੂੰਨ ਵੀ ਇਨ੍ਹਾਂ ਦੀਆਂ ਕੁਰਬਾਨੀਆਂ ਤੇ ਸਦਕੇ ਹੀ ਪਾਸ ਹੋਇਆ ਸੀ।

ਅਜੇ ਅਸੀਂ ਨਨਕਾਣਾ ਸਾਹਿਬ ਹੀ ਸਾਂ ਕਿ ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ 6 ਮਾਰਚ ਨੂੰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਭ ਥਾਈਂ ਦੀਵਾਨ ਸਜਾਏ ਜਾਣ। ਇਸ ਦਿਨ ਸਭ ਸਿਖ ਇਸਤ੍ਰੀਆਂ ਸਿਰ ਤੇ ਕਾਲੇ ਦੁਪੱਟੇ ਲੈਣ ਅਤੇ ਪੁਰਸ਼ ਕਾਲੀਆਂ ਦਸਤਾਰਾਂ ਸਜਾਣ। ਉਸ ਦਿਨ ਸਾਰੇ ਸ਼ਹਿਰਾਂ ਤੇ ਕਸਬਿਆਂ ਵਿਚ ਕਾਲਾ ਰੰਗ ਮਿਲੇ ਪਾਣੀ ਦੇ ਕੜਾਹੇ ਤਪ ਗਏ, ਜਿੱਥੇ ਦਸਤਾਰਾਂ ਤੇ ਦੁਪੱਟਿਆਂ ਨੂੰ ਲਗਾਤਾਰ ਡੋਬੇ ਦਿੱਤੇ ਜਾਂਦੇ ਰਹੇ। ਹੋਰਨਾਂ ਸੰਗਤਾਂ ਦੇ ਨਾਲ ਉਸ ਦਿਨ ਮੈਂ ਵੀ ਕਾਲੀ ਪਗੜੀ ਬੰਨ੍ਹੀ। ਉਹ ਦਿਨ ਤੇ ਇਹ ਦਿਨ, 72 ਸਾਲ ਹੋ ਗਏ ਹਨ, ਇਹ ਪਗੜੀ ਲਗਾਤਾਰ ਮੇਰੇ ਅੰਗ-ਸੰਗ ਰਹੀ ਹੈ, ਭਾਵੇਂ 1935 ਤੋਂ ਅਕਾਲੀ ਦਲ ਦੇ ਆਦੇਸ਼ ਅਨੁਸਾਰ, ਇਸ ਦਾ ਰੰਗ ਕਾਲੇ ਤੋਂ ਨੀਲਾ ਹੋ ਗਿਆ ਹੈ। ਕੁਝ ਚਿਰ ਬਾਅਦ ਅਕਾਲੀ ਦਲ ਨੇ ਕਾਲੀ (ਨੀਲੀ) ਪੱਗ ਨੂੰ ਆਪਣਾ ਵਿਸ਼ੇਸ਼ ਚਿੰਨ੍ਹ ਬਣਾ ਲਿਆ, ਜਿਵੇਂ ਕਾਂਗਰਸੀਆਂ ਨੇ ਗਾਂਧੀ ਟੋਪੀ ਤੇ ਖੱਦਰ ਨੂੰ ਅਪਣਾਇਆ ਹੋਇਆ ਸੀ। ਅਕਾਲੀ ਦਲ ਦੇ ਸਭ ਮੈਂਬਰ ਕਾਲੀਆਂ ਪੱਗਾਂ ਬੰਨ੍ਹਦੇ ਸਨ। ਜਦੋਂ ਕੋਈ ਵਿਅਕਤੀ ਅਕਾਲੀ ਦਲ ਨੂੰ ਛੱਡਦਾ, ਤਾਂ ਉਹ ਬਹੁਤ ਵਾਰੀ ਕਾਲੀ ਪੱਗ ਵੀ ਉਤਾਰ ਦੇਂਦਾ। ਅਕਾਲੀ ਦਲ ਵਿਚ ਸ਼ਾਮਲ ਹੋਣ ਵਾਲਿਆਂ ਲਈ ਇਹ ਚਿੰਨ੍ਹ ਅਪਨਾਉਣਾ ਲਾਜ਼ਮੀ ਸੀ। ਮੈਂ ਬਹੁਤ ਚਿਰ ਅਕਾਲੀ ਦਲ ਦਾ ਵੋਟਰ ਜਾਂ ਸਧਾਰਨ ਮੈਂਬਰ ਤਾਂ

ਰਿਹਾ ਹਾਂ, ਪਰ ਅਕਾਲੀ ਜਥੇਬੰਦੀ ਵਿਚ ਨਾ ਮੈਂ ਕਦੀ ਕੋਈ ਅਹੁਦਾ ਲਿਆ ਹੈ, ਨਾ ਅੰਤ੍ਰਿੰਗ ਕਮੇਟੀ ਆਦਿ ਦਾ ਮੈਂਬਰ ਬਣਿਆ ਹਾਂ। ਮੇਰੇ ਲਈ ਨੀਲੀ ਪਗੜੀ ਅਕਾਲੀ ਦਲ ਦੀ ਮੈਂਬਰੀ ਦੀ ਨਿਸ਼ਾਨੀ ਨਹੀਂ, ਸਗੋਂ ਇਹ ਆਪਣੇ ਮੁਢਲੇ ਆਸ਼ੇ—ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਕੁਰਬਾਨੀ, ਦ੍ਰਿੜ੍ਹਤਾ ਤੇ ਤਿਆਗ ਦੀ ਭਾਵਨਾ ਦੀ ਯਾਦ ਦਾ ਕੰਮ ਕਰਦੀ ਰਹੀ ਹੈ। ਮੈਂ ਕਿੰਨਾ ਕਿੰਨਾ ਚਿਰ ਅਕਾਲੀ ਦਲ ਦਾ ਸਧਾਰਨ ਮੈਂਬਰ ਵੀ ਨਹੀਂ ਰਿਹਾ। ਇਸ ਦੇ ਬਾਵਜੂਦ ਜਦ ਕਦੀ ਵੀ ਅਕਾਲੀ ਦਲ ਨੇ ਸਚਿਆਈ, ਧਰਮ ਤੇ ਨਿਆਂ ਦੀ ਖ਼ਾਤਰ ਸੰਘਰਸ਼ ਕੀਤਾ, ਤਾਂ ਮੇਰੀ ਨੀਲੀ ਪਗੜੀ ਮੇਰੇ ਲਈ ਪ੍ਰੇਰਨਾ-ਸ੍ਰੋਤ ਬਣੀ ਤੇ ਮੈਂ ਆਪਣੀ ਸਮਰੱਥਾ ਅਨੁਸਾਰ ਲਗ ਪਗ ਸਭ ਮੋਰਚਿਆਂ ਵਿਚ ਸਰਗਰਮ ਹਿੱਸਾ ਲਿਆ। ਉਂਜ ਅਕਾਲੀ ਨਾ ਹੁੰਦਿਆਂ ਵੀ ਮੇਰੀ ਨੀਲੀ ਪਗੜੀ ਦੀਆਂ ਕਈ ਕੌੜੀਆਂ-ਮਿੱਠੀਆਂ ਯਾਦਾਂ ਮੇਰੇ ਜੀਵਨ ਨਾਲ ਜੁੜੀਆਂ ਹੋਈਆਂ ਹਨ, ਜਿਨ੍ਹਾਂ ਦਾ ਅਗਲੇ ਬਿਰਤਾਂਤ ਵਿਚ ਥਾਂ-ਥਾਂ ਜ਼ਿਕਰ ਆਵੇਗਾ।

ਸਿਖ ਕੌਮ ਦਾ ਵਰਤਮਾਨ ਸੰਘਰਸ਼ ਗੁਰਦੁਆਰਾ-ਸੁਧਾਰ ਲਹਿਰ ਤੋਂ ਹੀ ਸ਼ੁਰੂ ਹੁੰਦਾ ਹੈ, ਇਸ ਲਈ ਇਹ ਜ਼ਰੂਰੀ ਜਾਪਦਾ ਹੈ ਕਿ ਇਸ ਦੀ ਉਤਪਤੀ ਤੇ ਪਿਛੋਕੜ ਬਾਰੇ ਸੰਖੇਪ ਜਿਹੀ ਵਿਚਾਰ ਕਰ ਲਈ ਜਾਏ। ਸਿਖ ਗੁਰੂ ਸਾਹਿਬਾਨ ਦੀ ਸਿੱਖਿਆ ਦਾ ਸਾਰ, ਆਚਰਣ ਦੀ ਪਵਿੱਤਰਤਾ ਤੇ ਸ਼ੁਭ ਅਮਲ ਸਨ। ਗੁਰੂ ਨਾਨਕ ਸਾਹਿਬ ਜਿੱਥੇ ਵੀ ਜਾਂਦੇ, ਉਨ੍ਹਾਂ ਦੀ ਸਿੱਖਿਆ ਦਾ ਅੰਤਮ ਸੰਦੇਸ਼ ਹੁੰਦਾ ਸੀ, "ਧਰਮਸਾਲ ਬਣਾਓ, ਰੋਜ਼ਾਨਾ ਸਤਸੰਗ ਲਾ ਕੇ ਕੀਰਤਨ ਕਰੋ, ਅਕਾਲ ਪੁਰਖ ਦੇ ਗੁਣ ਗਾਓ, ਕਿਰਤ ਕਰੋ ਤੇ ਵੰਡ ਛਕੋ।" ਜਿੱਥੇ ਜਿੱਥੇ ਉਨ੍ਹਾਂ ਦੇ ਚਰਨ ਪਏ, ਉੱਥੇ ਉੱਥੇ ਪੂਜਾ-ਅਸਥਾਨ ਜਾਂ ਗੁਰਦੁਆਰੇ ਬਣਦੇ ਗਏ। ਇਹ ਗੁਰਦੁਆਰੇ ਸਿੱਖਾਂ ਲਈ ਪ੍ਰੇਰਨਾ ਤੇ ਉਤਸ਼ਾਹ ਦੇ ਸੋਮੇ ਅਤੇ ਜੀਵਨ ਨੂੰ ਪਵਿੱਤਰ ਬਣਾਉਣ ਦੇ ਸਾਧਨ ਸਨ। ਇਨ੍ਹਾਂ ਦੇ ਸੇਵਾਦਾਰ ਬਾਬਾ ਬੁੱਢਾ ਜੀ ਤੇ ਭਾਈ ਮਨੀ ਸਿੰਘ ਜੀ ਵਰਗੇ ਸਰਵੁੱਤਮ ਜੀਵਨ ਵਾਲੇ ਵਿਅਕਤੀ ਹੁੰਦੇ ਸਨ। ਪਰ ਅਠਾਰ੍ਹਵੀਂ ਸਦੀ ਦੇ ਅਰੰਭ ਵਿਚ ਜਦ ਸਿੱਖਾਂ ਦੀ ਮੁਗ਼ਲਾਂ ਨਾਲ ਸਿੱਧੀ ਟੱਕਰ ਹੋ ਗਈ, ਅਤੇ ਸਰਕਾਰ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਗਸ਼ਤੀ ਫ਼ੌਜ ਛੱਡੀ, ਤਾਂ ਸਿਖ ਜੰਗਲਾਂ ਤੇ ਪਹਾੜਾਂ ਵਿਚ ਲੁਕਣ ਲਈ ਮਜਬੂਰ ਹੋ ਗਏ ਅਤੇ ਉਨ੍ਹਾਂ ਨੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਕੰਮ ਉਦਾਸੀ ਸਾਧਾਂ ਦੇ ਸਪੁਰਦ ਕਰ ਦਿਤਾ। ਇਹ ਸਾਧ ਬਹੁਤਾ ਕਰਕੇ ਹਿੰਦੂ ਰਹੁ-ਰੀਤਾਂ ਵਿਚ ਪਲੇ ਹੋਏ ਸਨ। ਉਨ੍ਹਾਂ ਨੇ ਗੁਰਦੁਆਰਿਆਂ ਵਿਚ ਨਿਰੋਲ ਸਿੱਖੀ ਨਾਲੋਂ ਬਹੁਤਾ ਪ੍ਰਚਾਰ ਮਿਲਗੋਭਾ ਜਿਹੇ ਸਨਾਤਨ ਧਰਮ ਦਾ ਕੀਤਾ। ਇਸ ਖਿਚੜੀ-ਪ੍ਰਚਾਰ ਵਿਚ ਉਨ੍ਹਾਂ ਦਾ ਸੁਆਰਥ ਵੀ ਕੰਮ ਕਰ ਰਿਹਾ ਸੀ, ਕਿਉਂਕਿ ਇਸ ਨਾਲ ਚੜ੍ਹਾਵੇ ਦੀ ਆਮਦਨ ਵਿਚ ਵਾਧਾ ਹੁੰਦਾ ਸੀ। ਹਾਲਤ ਇਥੋਂ ਤਕ ਨਿਘਰ ਗਈ ਕਿ ਗੁਰਦੁਆਰਿਆਂ ਦੀਆਂ ਪਰਕਰਮਾਂ ਵਿਚ ਹੀ ਬੁੱਤਾਂ ਦੀ ਪੂਜਾ ਤੇ ਪੁਰਾਣਾਂ ਦੀ ਕਥਾ ਸ਼ੁਰੂ ਹੋ ਗਈ। ਆਮ ਸਿੱਖਾਂ ਨੂੰ ਗੁਰਮਤਿ ਦੇ ਸਿਧਾਂਤਾਂ ਤੇ ਰਹੁ-ਰੀਤਾਂ ਦਾ ਚੇਤਾ ਹੀ ਭੁਲ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਸਾਰੇ ਗੁਰਦੁਆਰਿਆਂ ਨਾਲ ਭਾਰੀ ਜਾਗੀਰਾਂ ਲੁਆ ਦਿੱਤੀਆਂ ਸਨ, ਜਿਸ ਕਰਕੇ ਉਨ੍ਹਾਂ ਦੀ ਆਮਦਨ ਵਿਚ ਬਹੁਤ ਵਾਧਾ ਹੋ ਗਿਆ ਸੀ। ਅੰਗਰੇਜ਼ੀ ਰਾਜ ਵੇਲੇ ਨਵੇਂ ਬੰਦੋਬਸਤ ਵਿਚ ਮਹੰਤਾਂ ਨੇ ਚੁਪ-ਚੁਪੀਤੇ ਇਹ ਜਾਗੀਰਾਂ ਆਪਣੇ ਨਾਂ ਲੁਆ ਲਈਆਂ। ਇਸ ਆਮਦਨ ਤੋਂ ਛੁਟ ਪੂਜਾ-ਭੇਟ ਵੀ ਬਹੁਤ ਆਉਂਦੀ ਸੀ। ਅਨਪੜ੍ਹ ਤੇ ਸਧਾਰਨ ਲੋਕ ਮਹੰਤਾਂ ਤੇ ਪੁਜਾਰੀਆਂ ਨੂੰ ਗੁਰੂ ਘਰ ਦੇ ਸੇਵਕ ਜਾਣ ਕੇ ਮੱਥਾ ਵੀ ਟੇਕਦੇ ਸਨ। ਸਰਕਾਰੇ-ਦਰਬਾਰੇ ਵੀ ਇਨ੍ਹਾਂ ਨੂੰ ਆਦਰ-ਸਤਿਕਾਰ ਮਿਲਦਾ ਸੀ। ਭਾਈ ਗੁਰਦਾਸ ਨੇ ਪੂਜਾ ਦੇ ਧਾਨ ਨੂੰ 'ਖੰਡ ਵਿਚ ਵਲ੍ਹੇਟਿਆ ਜ਼ਹਿਰ' (ਵਿਹੁ ਖੰਡੂ ਪਾਜ) ਲਿਖਿਆ ਹੈ। ਸੋ ਵਿਹਲੜ ਮਹੰਤਾਂ ਦੇ ਅੰਦਰ ਹੌਲੀ ਹੌਲੀ ਇਹ ਜ਼ਹਿਰ ਧੱਸ ਗਿਆ ਤੇ ਉਹ ਭਰਿਸ਼ਟ ਹੋ ਗਏ। ਉਹ ਇਸ ਅਣ-ਕਮਾਈ

ਆਮਦਨ ਨੂੰ ਧਰਮ-ਪ੍ਰਚਾਰ ਜਾਂ ਸਮਾਜ-ਭਲਾਈ ਦੇ ਕੰਮਾਂ ਵਿਚ ਵਰਤਣ ਦੀ ਥਾਂ ਆਪਣੀਆਂ ਅੱਯਾਸ਼ੀਆਂ ਲਈ ਖ਼ਰਚਣ ਲਗ ਪਏ। ਆਮ ਪੁਜਾਰੀ ਤੇ ਮਹੰਤ ਪੁੱਜ ਕੇ ਦੁਰਾਚਾਰੀ ਤੇ ਵਿਸ਼ਈ ਹੋ ਗਏ। ਮੱਥਾ ਟੇਕਣ ਆਈਆਂ ਬੀਬੀਆਂ ਦੀ ਪੱਤ ਲੁੱਟਣ ਦੇ ਕੇਸ ਵੀ ਹੋਏ। ਨਨਕਾਣਾ ਸਾਹਿਬ ਦੇ ਮਹੰਤ ਨੇ ਗੁਰਦੁਆਰੇ ਵਿਚ ਹੀ ਵੇਸਵਾਵਾਂ ਦਾ ਨਾਚ ਕਰਾਇਆ ਤੇ ਗੰਦੇ ਗੀਤ ਗਵਾਏ। ਕਿਉਂਕਿ ਗੁਰਦੁਆਰਿਆਂ ਦੀਆਂ ਜਾਗੀਰਾਂ ਮਹੰਤਾਂ ਦੇ ਨਾਂ ਲੱਗ ਗਈਆਂ ਸਨ, ਇਸ ਲਈ ਉਨ੍ਹਾਂ ਨੂੰ ਹਟਾਉਣ ਦੇ ਸਾਰੇ ਰਾਹ ਬੰਦ ਹੋ ਗਏ ਸਨ। ਸੂਝਵਾਨ ਸ਼ਰਧਾਲੂ ਸਿਖ ਇਸ ਅਧੋਗਤੀ ਨੂੰ ਬੜੇ ਚਿਰ ਤੋਂ ਮਹਿਸੂਸ ਕਰ ਰਹੇ ਸਨ, ਪਰ ਕੁਝ ਕਰ ਨਹੀਂ ਸਕਦੇ ਸਨ। ਅਸਲ ਵਿਚ ਅੰਗਰੇਜ਼ੀ ਸਰਕਾਰ ਮਹੰਤਾਂ ਦੇ ਰਾਹੀਂ ਗੁਰਦੁਆਰਿਆਂ ਨੂੰ ਆਪਣੇ ਸੁਆਰਥਾਂ ਲਈ ਵਰਤ ਰਹੀ ਸੀ। ਇਸ ਸੰਬੰਧ ਵਿਚ ਇਹ ਗੱਲ ਵਰਣਨ-ਯੋਗ ਹੈ ਕਿ ਢੇਰ ਚਿਰ ਪਹਿਲਾਂ 1881 ਵਿਚ ਲਾਰਡ ਐਲਗਨ ਨੇ ਲਾਰਡ ਰਿਪਨ ਨੂੰ ਲਿਖ ਦਿੱਤਾ ਸੀ ਕਿ ਗੁਰਦੁਆਰੇ ਸਿੱਖਾਂ ਦੇ ਹੱਥ ਆਉਣ ਨਾਲ ਅੰਗਰੇਜ਼ੀ ਰਾਜ ਨੂੰ ਖ਼ਤਰਾ ਹੈ, ਇਸ ਲਈ ਇਹ ਕਦਾਚਿਤ ਕਿਸੇ ਸਿਖ ਜਥੇਬੰਦੀ ਨੂੰ ਨਾ ਦਿੱਤੇ ਜਾਣ। ਉਸ ਵੇਲੇ ਮਹੰਤਾਂ ਦੀ ਗੱਦੀ-ਨਸ਼ੀਨੀ ਸਰਕਾਰੀ ਮਨਜ਼ੂਰੀ ਨਾਲ ਹੁੰਦੀ ਸੀ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਬਰਾਹ ਦੀ ਨਿਯੁਕਤੀ ਸਰਕਾਰ ਆਪ ਕਰਦੀ ਸੀ। ਇਸ ਤਰ੍ਹਾਂ ਮਹੰਤ ਅੰਗਰੇਜ਼ੀ ਸਰਕਾਰ ਦੇ ਹੱਥ-ਠੋਕੇ ਸਨ। ਉਸ ਦੇ ਆਦੇਸ਼ ਉੱਤੇ ਗੁਰਦੁਆਰਿਆਂ ਵਿਚ 'ਅੰਗਰੇਜ਼ੀ ਰਾਜ ਦੇ ਜੁੱਗੋ ਜੁੱਗ ਅਟੱਲ ਹੋਣ' ਦੇ ਅਰਦਾਸੇ ਸੋਧੇ ਜਾਂਦੇ ਸਨ ਅਤੇ ਦੇਸ਼-ਭਗਤ ਇਨਕਲਾਬੀਆਂ ਦੇ ਵਿਰੁੱਧ ਪਤਿਤ ਤੇ ਅਸਿਖ ਹੋਣ ਦੇ ਫ਼ਤਵੇ ਲਾਏ ਜਾਂਦੇ ਸਨ। ਹਾਲਤ ਇਥੋਂ ਤਕ ਵਿਗੜ ਗਈ ਸੀ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਬਰਾਹ ਅਰੂੜ ਸਿੰਘ ਨੇ ਜਲ੍ਹਿਆਂ ਵਾਲਾ ਬਾਗ਼ ਦੇ ਸਾਕੇ ਦੇ ਜ਼ਿੰਮੇਵਾਰ ਜਨਰਲ ਡਾਇਰ ਨੂੰ ਗੁਰਦੁਆਰੇ ਵਿਚ ਬੁਲਾ ਕੇ ਸਿਰੋਪਾ ਦਿੱਤਾ ਤੇ ਉਸ ਦੀਆਂ ਕਾਲੀਆਂ ਕਰਤੂਤਾਂ ਦੀ ਪ੍ਰਸੰਸਾ ਕੀਤੀ। ਅਜਿਹੀ ਹਾਲਤ ਵਿਚ ਸਰਕਾਰ ਕਿਵੇਂ ਬਰਦਾਸ਼ਤ ਕਰ ਸਕਦੀ ਸੀ ਕਿ ਗੁਰਦੁਆਰੇ ਸਿਖ ਕੌਮ ਦੇ ਹੱਥਾਂ ਵਿਚ ਚਲੇ ਜਾਣ। ਸੋ ਸਰਕਾਰ ਮਹੰਤਾਂ ਦੀ ਪਿਠ ਤੇ ਖੜ੍ਹੀ ਹੋ ਗਈ। ਉਹ ਆਪ ਮਹੰਤਾਂ ਨੂੰ ਸਿਖ ਸੰਗਤਾਂ ਦਾ ਟਾਕਰਾ ਕਰਨ ਲਈ ਸ਼ਹਿ ਦਿੰਦੀ ਸੀ। ਉਸ ਦਾ ਕਹਿਣਾ ਸੀ ਕਿ ਗੁਰਦੁਆਰੇ ਕਾਨੂੰਨੀ ਤੌਰ ਤੇ ਮਹੰਤਾਂ ਦੇ ਕਬਜ਼ੇ ਵਿਚ ਹਨ ਅਤੇ ਉਨ੍ਹਾਂ ਦੇ ਕਬਜ਼ੇ ਦੀ ਰੱਖਿਆ ਕਰਨਾ ਸਰਕਾਰ ਦਾ ਫ਼ਰਜ਼ ਹੈ। ਜੇ ਸਿੱਖਾਂ ਨੇ ਮਹੰਤਾਂ ਨੂੰ ਬੇਦਖ਼ਲ ਕਰਨਾ ਹੈ ਤਾਂ ਉਹ ਉਨ੍ਹਾਂ ਉੱਤੇ ਦੀਵਾਨੀ ਦਾਅਵੇ ਕਰ ਕੇ ਅਦਾਲਤਾਂ ਰਾਹੀਂ ਕਬਜ਼ੇ ਲੈਣ। ਪਰੰਤੂ ਦੀਵਾਨੀ-ਮਸਤਾਨੀ ਵਾਲਾ ਰਾਹ ਇੰਨਾ ਬਿਖੜਾ ਸੀ ਕਿ ਇਸ ਪਾਸੇ ਪੈਣਾ ਆਪਣੀ ਸ਼ਕਤੀ ਨੂੰ ਅਜਾਈਂ ਗਵਾਣਾ ਸੀ। ਇਕ ਦੋ ਥਾਈਂ ਦਾਅਵੇ ਹੋਏ ਵੀ, ਪਰ ਕਿੰਨਾ ਕਿੰਨਾ ਸਮਾਂ ਲੰਘ ਜਾਣ ਤੇ ਵੀ ਇਸ ਦਾ ਕੋਈ ਨਤੀਜਾ ਨਾ ਨਿਕਲਿਆ।

ਸੋ ਗੁਰਦੁਆਰਾ ਸੁਧਾਰ ਲਹਿਰ ਵਿਚ ਸਿੱਖਾਂ ਦੀ ਅੰਗਰੇਜ਼ੀ ਸਰਕਾਰ ਨਾਲ ਸਿੱਧੀ ਟੱਕਰ ਹੋ ਗਈ। ਇਸ ਲਹਿਰ ਨਾਲ ਸਾਡਾ ਖ਼ਾਲਸਾ ਸਕੂਲ ਗੁਜਰਾਂਵਾਲੇ ਦੇ ਵਿਦਿਆਰਥੀਆਂ ਦਾ ਲਗਾਉ ਬਹੁਤਾ ਇਸ ਕਰਕੇ ਬਣਿਆ ਕਿ ਅਸਾਂ ਇਸ ਤੋਂ ਦੋ ਸਾਲ ਪਹਿਲਾਂ ਅਪਰੈਲ 1919 ਵਿਚ ਸਰਕਾਰ ਦੇ ਵਿਰੁੱਧ ਅੰਦੋਲਨ ਵਿਚ ਸਰਗਰਮ ਹਿੱਸਾ ਲਿਆ ਸੀ ਅਤੇ ਸਰਕਾਰ ਦੀਆਂ ਸਖ਼ਤੀਆਂ ਅੱਖੀਂ ਵੇਖੀਆਂ ਤੇ ਹੱਡੀਂ ਹੰਢਾਈਆਂ ਸਨ। ਪਹਿਲੇ ਵਿਸ਼ਵ ਯੁੱਧ ਦੇ ਸਮੇਂ ਸਰਕਾਰ ਨੇ ਐਲਾਨ ਕੀਤਾ ਸੀ ਕਿ ਉਹ ਕਮਜ਼ੋਰ ਦੇਸਾਂ ਦੀ ਰੱਖਿਆ ਤੇ ਉੱਥੇ ਲੋਕ-ਰਾਜ ਸਥਾਪਤ ਕਰਨ ਲਈ ਲੜ ਰਹੀ ਹੈ ਅਤੇ ਜੰਗ ਮੁੱਕਣ ਉੱਤੇ ਹੌਲੀ ਹੌਲੀ ਹਿੰਦੁਸਤਾਨ ਨੂੰ ਵੀ ਸ੍ਵੈ-ਰਾਜ ਦੇ ਦੇਵੇਗੀ। ਪਰੰਤੂ ਜੰਗ ਮੁਕਣ ਤੋਂ ਬਾਅਦ ਇਕ ਥੋਥੀ ਜਿਹੀ ਸੁਧਾਰ-ਸਕੀਮ ਪੇਸ਼ ਕਰਨ ਦੇ ਨਾਲ ਰੌਲਟ ਐਕਟ ਵਰਗਾ ਕਾਲਾ ਕਾਨੂੰਨ ਵੀ ਪਾਸ ਕਰ ਦਿੱਤਾ ਗਿਆ, ਜਿਸ ਦਾ ਮਨੋਰਥ ਕਿਸੇ ਵੀ ਵਿਅਕਤੀ ਨੂੰ ਬਿਨਾਂ

ਮੁਕੱਦਮਾ ਚਲਾਏ ਅਨਿਸਚਿਤ ਸਮੇਂ ਲਈ ਨਜ਼ਰਬੰਦ ਕਰ ਦੇਣਾ ਸੀ। ਇਸ ਨਾਲ ਸਾਰੇ ਦੇਸ ਵਿਚ ਹਾਹਾਕਾਰ ਮਚ ਗਈ। 30 ਮਾਰਚ 1919 ਨੂੰ ਮਹਾਤਮਾ ਗਾਂਧੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਥਾਂ ਥਾਂ ਮੁਜ਼ਾਹਰੇ ਹੋਏ। ਹੋਰ ਸ਼ਹਿਰਾਂ ਵਾਂਗ ਗੁਜਰਾਂਵਾਲੇ ਵਿਚ ਵੀ ਹੜਤਾਲ ਹੋਈ ਤੇ ਜਲੂਸ ਨਿਕਲਿਆ। ਸਾਡੇ ਸਕੂਲ ਦੇ ਵਿਦਿਆਰਥੀ ਵੀ ਹੜਤਾਲ ਤੇ ਜਲੂਸ ਵਿਚ ਸ਼ਾਮਲ ਹੋਏ। ਅੰਮ੍ਰਿਤਸਰ ਵਿਚ ਵਧੇਰੇ ਹੀ ਜੋਸ਼ ਤੇ ਭੜਕਾਹਟ ਸੀ, ਜਿਸ ਦੇ ਸਿੱਟੇ ਵਜੋਂ 13 ਅਪਰੈਲ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲਾ ਬਾਗ਼ ਦਾ ਖ਼ੂਨੀ ਸਾਕਾ ਵਾਪਰਿਆ। ਜਨਰਲ ਡਾਇਰ ਨੇ ਸ਼ਾਂਤਮਈ ਜਲਸੇ ਉਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਚਾਰ ਸੌ ਤੋਂ ਵਧ ਬੇਗੁਨਾਹਾਂ ਤੇ ਨਿਹੱਥੇ ਲੋਕਾਂ ਨੂੰ ਬੇਦਰਦੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਤੇ ਹੋਰ ਹਜ਼ਾਰਾਂ ਨੂੰ ਜ਼ਖ਼ਮੀ ਕਰ ਦਿੱਤਾ। ਦੂਜੇ ਦਿਨ 14 ਅਪਰੈਲ ਨੂੰ ਇਸ ਹੱਤਿਆ-ਕਾਂਡ ਦਾ ਅਸਰ ਗੁਜਰਾਂਵਾਲੇ ਉੱਤੇ ਪਿਆ। ਇੱਥੇ ਲੋਕਾਂ ਨੇ ਰੇਲਵੇ ਸਟੇਸ਼ਨ, ਡਾਕਖ਼ਾਨਾ, ਕਚਹਿਰੀ ਤੇ ਗਿਰਜਾ-ਘਰ ਸਾੜ ਕੇ ਸੁਆਹ ਕਰ ਦਿੱਤੇ। ਸਾਡੇ ਅਨੇਕਾਂ ਵਿਦਿਆਰਥੀ ਇਸ ਸਾੜ-ਫੂਕ ਤੇ ਲੁੱਟ-ਮਾਰ ਵਿਚ ਸ਼ਾਮਲ ਸਨ। ਇਹ ਗੜਬੜ ਓਦੋਂ ਹੀ ਖ਼ਤਮ ਹੋਈ ਜਦ ਪਹਿਲਾਂ ਹਵਾਈ ਜਹਾਜ਼ਾਂ ਰਾਹੀਂ ਸ਼ਹਿਰ ਤੇ ਇਸਦੇ ਆਲੇ-ਦੁਆਲੇ ਉੱਤੇ ਬੰਬਾਰੀ ਕੀਤੀ ਗਈ ਤੇ ਫਿਰ ਦੋ ਸੌ ਗੋਰੇ ਫ਼ੌਜੀਆਂ ਦੀ ਗਾਰਦ ਮਸ਼ੀਨ-ਗੰਨਾਂ ਨਾਲ ਲੈਸ ਹੋ ਕੇ ਸ਼ਹਿਰ ਵਿਚ ਆ ਗਈ। ਦਰਜਨਾਂ ਪ੍ਰਤਿਸ਼ਟ ਤੇ ਪੜ੍ਹੇ-ਲਿਖੇ ਸ਼ਹਿਰੀਆਂ ਨੂੰ ਹੱਥਕੜੀਆਂ ਲਾ ਕੇ ਸ਼ਹਿਰ ਵਿਚ ਫਿਰਾਇਆ ਗਿਆ ਅਤੇ ਮਾਰਸ਼ਲ ਲਾਅ ਲਾ ਕੇ ਦਹਿਸ਼ਤ ਫੈਲਾਈ ਗਈ।

ਇਸ ਬੰਬਾਰੀ ਵਿਚ ਦੋ ਬੰਬ ਖ਼ਾਲਸਾ ਹਾਈ ਸਕੂਲ ਤੇ ਹੋਸਟਲ ਉੱਤੇ ਵੀ ਪਏ—ਇਕ ਗਰਾਊਂਡ ਵਿਚ ਤੇ ਦੂਜਾ ਗੁਰਦੁਆਰੇ ਦੇ ਨਾਲ ਲਗਦੇ ਵੱਡੇ ਥੜੇ ਉੱਤੇ, ਜਿੱਥੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਹੁੰਦਾ ਸੀ। ਉਸ ਵੇਲੇ ਗਰਾਊਂਡ ਵਿਚ ਵਿਦਿਆਰਥੀ ਖੇਡ ਰਹੇ ਸਨ, ਪਰ ਖ਼ੁਸ਼ਕਿਸਮਤੀ ਨਾਲ ਇਕ ਦੋ ਨੂੰ ਛੱਰੇ ਲੱਗਣ ਤੋਂ ਸਿਵਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਥੜੇ ਉੱਤੇ ਪੰਜ ਫ਼ੁਟ ਲੰਮਾ ਪੰਜ ਫ਼ੁਟ ਚੌੜਾ ਟੋਆ ਪੈ ਗਿਆ ਸੀ ਤੇ ਆਲੇ-ਦੁਆਲੇ ਦੀਆਂ ਦੀਵਾਰਾਂ ਉੱਤੇ ਛੱਰਿਆਂ ਦੇ ਕਈ ਨਿਸ਼ਾਨ ਸਨ। ਬੋਰਡਰਾਂ ਨੂੰ ਉਸੇ ਦਿਨ ਘਰੋ-ਘਰੀ ਭੇਜ ਦਿੱਤਾ ਗਿਆ ਅਤੇ 15-20 ਦਿਨ ਬਾਅਦ ਹਾਲਾਤ ਨਾਰਮਲ ਹੋਣ ਤੇ ਚਿੱਠੀਆਂ ਲਿਖ ਕੇ ਬੁਲਾਇਆ ਗਿਆ। ਉਸ ਵੇਲੇ ਤਕ ਅਜੇ ਰਾਤ ਦਾ ਕਰਫ਼ੀਊ ਜਾਰੀ ਸੀ। ਸਕੂਲ ਲੱਗਣ ਤੋਂ ਪਹਿਲਾਂ ਸ਼ਹਿਰ ਦੇ ਸਾਰੇ ਸਕੂਲਾਂ ਦੇ ਵਿਦਿਆਰਥੀ, ਕੁੜੀਆਂ ਦੇ ਸਰਕਾਰੀ ਹਾਈ ਸਕੂਲ ਤੇ ਸ. ਚੜ੍ਹਤ ਸਿੰਘ ਦੀ ਸਮਾਧ ਦੇ ਸਾਹਮਣੇ ਨਿਆਈਂ ਵਾਲੇ ਮੈਦਾਨ ਵਿਚ ਇਕੱਠੇ ਹੋ ਕੇ ਮਾਰਚ ਕਰਦੇ ਹੋਏ ਯੂਨੀਅਨ ਜੈਕ ਨੂੰ ਸਲਾਮੀ ਦੇਂਦੇ ਤੇ ਫਿਰ ਆਪੋ ਆਪਣੇ ਸਕੂਲਾਂ ਵਿਚ ਜਾਂਦੇ। ਮੈਨੂੰ ਯਾਦ ਹੈ ਕਿ ਇਕ ਦਿਨ ਸਾਡੇ ਸਕੂਲ ਦੀ ਦਸਵੀਂ ਜਮਾਤ ਦੇ ਇਕ ਵਿਦਿਆਰਥੀ ਵੀਰ ਸਿੰਘ ਗੋਬਿੰਦਪੁਰੀ ਨੂੰ ਯੂਨੀਅਨ ਜੈਕ ਨੂੰ ਸਲਾਮੀ ਨਾ ਦੇਣ ਦੇ ਕਾਰਨ ਫ਼ੌਜੀਆਂ ਵੱਲੋਂ ਛੇ ਬੈਂਤ ਮਾਰੇ ਗਏ ਸਨ। ਇਸ ਨਾਲ ਦਹਿਸ਼ਤ ਵੀ ਫੈਲੀ, ਪਰ ਸਾਡੇ ਅੰਦਰ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਨਫ਼ਰਤ ਤੇ ਗੁੱਸਾ ਵੀ ਵਧਿਆ। ਇਸ ਸਾਰੀ ਗੜਬੜ ਤੋਂ ਬਾਅਦ ਜਦ ਕਾਂਗਰਸ ਨੇ ਜਲ੍ਹਿਆਂ ਵਾਲਾ ਬਾਗ਼ ਦੇ ਸਾਕੇ ਤੇ ਹੋਰ ਸਖ਼ਤੀਆਂ ਦੀ ਪੜਤਾਲ ਲਈ ਕਮੇਟੀ ਬਣਾਈ, ਤਾਂ ਇਸ ਦੇ ਮੈਂਬਰ, ਜਿਨ੍ਹਾਂ ਦੇ ਮੁਖੀ ਪੰਡਤ ਮਦਨ ਮੋਹਨ ਮਾਲਵੀਆ ਸਨ, ਸਾਡੇ ਬੋਰਡਿੰਗ ਹਾਊਸ ਵਿਚ ਆ ਕੇ ਸਾਨੂੰ ਵਿਦਿਆਰਥੀਆਂ ਨੂੰ ਵੀ ਮਿਲੇ। ਮਾਲਵੀਆ ਜੀ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਸੰਚਾਲਕ ਤੇ ਇਕ ਸੁਹਿਰਦ ਮਾਡਰੇਟ ਆਗੂ ਸਨ ਤੇ ਨਾਲ ਹੀ ਸਿੱਖਾਂ ਦੇ ਪ੍ਰਸੰਸਕ ਸਨ। ਬੰਬ-ਘਟਨਾ ਦੀ ਪੜਤਾਲ ਤੋਂ ਬਾਅਦ ਮਾਲਵੀਆ ਜੀ ਨੇ ਸਾਨੂੰ ਭਰਪੂਰ ਸ਼ਾਬਾਸ਼ ਦਿੱਤੀ। ਇਸ ਨਾਲ ਸਾਡਾ ਉਤਸ਼ਾਹ ਹੋਰ ਵਧਿਆ। ਨਨਕਾਣਾ ਸਾਹਿਬ ਦੇ ਸਾਕੇ ਵੇਲੇ ਸਾਡੇ ਅੰਦਰ ਦਾ ਜੋਸ਼ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਪੈਦਾ ਹੋਈ ਇਸ ਨਫ਼ਰਤ ਦਾ ਹੀ ਸਿੱਟਾ ਸੀ। ਅਸੀਂ ਮਹਿਸੂਸ ਕਰਦੇ

ਸਾਂ ਕਿ ਇਸ ਸਾਕੇ ਵਿਚ ਅਸਿੱਧੇ ਤੇ ਲੁਕਵੇਂ ਰੂਪ ਵਿਚ ਅੰਗਰੇਜ਼ੀ ਸਰਕਾਰ ਦਾ ਹੱਥ ਹੈ। ਇਸ ਮੌਕੇ ਉੱਤੇ ਹੀ ਪੰਡਤ ਮਾਲਵੀਆ ਨੇ ਹਰੇਕ ਹਿੰਦੂ ਪਰਵਾਰ ਨੂੰ ਆਪਣਾ ਇਕ ਇਕ ਬੱਚਾ ਕੇਸਾ-ਧਾਰੀ ਸਿਖ ਬਣਾਨ ਦੀ ਪ੍ਰੇਰਨਾ ਕੀਤੀ ਸੀ।

ਗੁਰਦੁਆਰਾ-ਸੁਧਾਰ ਲਹਿਰ ਦੇ ਪੰਜ ਸਾਲਾਂ (1921-25) ਦਾ ਵਿਸਥਾਰ-ਪੂਰਬਕ ਵਰਣਨ ਇਸ ਪੁਸਤਕ ਦੇ ਵਿਸ਼ੇ ਤੋਂ ਬਾਹਰ ਹੈ। ਇੱਥੇ ਮੈਂ ਕੁਝ ਮਹੱਤਵਪੂਰਨ ਘਟਨਾਵਾਂ ਦਾ ਸੰਖੇਪ ਵਰਣਨ ਕਰ ਕੇ ਇਹ ਦਸਣਾ ਚਾਹੁੰਦਾ ਹਾਂ ਕਿ ਕਿਵੇਂ ਸਰਕਾਰ ਨੇ ਵਧ ਤੋਂ ਵਧ ਜਬਰ ਕਰ ਕੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੇ ਹੱਥ ਵਿਚ ਜਾਣੋਂ ਰੋਕੀ ਰਖਿਆ ਤੇ ਕਿਵੇਂ ਸਿੱਖਾਂ ਦੇ ਏਕੇ, ਜਥੇਬੰਦੀ, ਕੁਰਬਾਨੀ ਤੇ ਦ੍ਰਿੜ੍ਹਤਾ ਨੇ ਹਰੇਕ ਮੋਰਚੇ ਵਿਚ ਸਰਕਾਰ ਦੇ ਗੋਡੇ ਲੁਆ ਦਿੱਤੇ। ਗੁਰੂ ਕਾ ਬਾਗ਼ ਅਜਨਾਲਾ ਦੇ ਮਹੰਤ ਸੁੰਦਰ ਦਾਸ ਨੇ ਸ਼੍ਰੋਮਣੀ ਕਮੇਟੀ ਨਾਲ ਸਮਝੌਤਾ ਕਰ ਲਿਆ ਸੀ, ਪਰ ਅੰਮ੍ਰਿਤਸਰ ਦੇ ਡੀ. ਸੀ. ਨੇ ਮਹੰਤ ਨੂੰ ਕਮੇਟੀ ਤੋਂ ਬਾਗ਼ੀ ਹੋ ਜਾਣ ਲਈ ਸ਼ਹਿ ਦਿੱਤੀ। ਗੁਰਦੁਆਰੇ ਦੇ ਬਾਗ਼ ਵਿਚ ਕਿੱਕਰਾਂ ਦੀ ਇਕ ਝੰਗੀ ਸੀ, ਜਿੱਥੋਂ ਲੰਗਰ ਲਈ ਬਾਲਣ ਵੱਢਿਆ ਜਾਂਦਾ ਸੀ। ਮਹੰਤ ਕੋਲੋਂ ਬਾਲਣ ਵੱਢਣ ਬਾਰੇ ਸ਼ਿਕਾਇਤ ਕਰਾਈ ਗਈ ਤੇ ਜਦ ਪੰਜ ਸੇਵਾਦਾਰ ਬਾਲਣ ਵੱਢਣ ਗਏ, ਤਾਂ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਦੂਜੇ ਦਿਨ ਹੀ ਉਨ੍ਹਾਂ ਨੂੰ ਛੇ-ਛੇ ਮਹੀਨੇ ਦੀ ਕੈਦ ਤੇ ਪੰਜਾਹ ਪੰਜਾਹ ਰੁਪਏ ਜੁਰਮਾਨੇ ਦੀ ਸਜ਼ਾ ਹੋ ਗਈ। ਇਸ ਉੱਤੇ ਉੱਥੇ ਮੋਰਚਾ ਲਗ ਗਿਆ। ਸ਼੍ਰੋਮਣੀ ਕਮੇਟੀ ਨੇ ਹਰ ਰੋਜ਼ ਪਹਿਲਾਂ ਪੰਜ ਪੰਜ ਸਿੰਘ ਗ੍ਰਿਫ਼ਤਾਰੀ ਲਈ ਭੇਜਣੇ ਸ਼ੁਰੂ ਕੀਤੇ। ਇਹ ਗਿਣਤੀ ਲਗਾਤਾਰ ਵਧਾਈ ਜਾਂਦੀ ਰਹੀ ਤੇ ਅਖ਼ੀਰ ਇਕ ਸੌ ਕਰ ਦਿੱਤੀ ਗਈ। ਸਰਕਾਰ ਨੇ ਪੈਂਤੜਾ ਬਦਲਿਆ ਤੇ ਗ੍ਰਿਫ਼ਤਾਰ ਕਰਨ ਦੀ ਥਾਂ ਜਥਿਆਂ ਨੂੰ ਬੁਰੀ ਤਰ੍ਹਾਂ ਕੁੱਟ ਕੇ ਖਿੰਡਾਣਾ ਸ਼ੁਰੂ ਕੀਤਾ। ਜਦ ਇਸ ਹੱਥਿਆਰ ਦਾ ਵੀ ਕੋਈ ਅਸਰ ਨਾ ਹੋਇਆ, ਤਾਂ ਗੱਲ ਫਿਰ ਗ੍ਰਿਫ਼ਤਾਰੀਆਂ ਉੱਤੇ ਆ ਗਈ। ਆਖ਼ਰ ਕਿਸੇ ਤਰ੍ਹਾਂ ਵੀ ਮੋਰਚਾ ਨਾਕਾਮ ਨਾ ਹੁੰਦਾ ਵੇਖ ਕੇ ਸਰਕਾਰ ਨੇ ਮਹੰਤ ਨੂੰ ਆਖ ਕੇ ਗੁਰਦੁਆਰੇ ਦੀ ਜ਼ਮੀਨ ਇਕ ਸਾਲ ਲਈ ਸਰ ਗੰਗਾ ਰਾਮ ਨੂੰ ਠੇਕੇ ਉੱਤੇ ਦਿਵਾ ਦਿੱਤੀ। ਉਸ ਨੇ ਮੈਜਿਸਟ੍ਰੇਟ ਨੂੰ ਲਿਖ ਕੇ ਦੇ ਦਿੱਤਾ ਕਿ ਮੈਨੂੰ ਅਕਾਲੀਆਂ ਵੱਲੋਂ ਬਾਲਣ ਵੱਢਣ ਤੇ ਕੋਈ ਇਤਰਾਜ਼ ਨਹੀਂ। ਇਸ ਤਰ੍ਹਾਂ ਸਰਕਾਰ ਮਸਾਂ ਮਸਾਂ ਆਪਣੀ ਪਾਈ ਫਾਹੀ ਵਿਚੋਂ ਨਿਕਲ ਸਕੀ।

ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮਾਮਲਾ ਇਸ ਤੋਂ ਵੀ ਵਧੇਰੇ ਦਿਲਚਸਪ ਹੈ ਤੇ ਉਸ ਤੋਂ ਪਤਾ ਲਗਦਾ ਹੈ ਕਿ ਕਿਵੇਂ ਕੌਮ ਦੀ ਤਾਕਤ ਤੋਂ ਡਰ ਕੇ ਸਰਕਾਰ ਦੇ ਪਰਵਰਦੇ ਤੇ ਝੋਲੀ-ਚੁਕ ਹੌਲੀ ਹੌਲੀ ਉਸ ਨੂੰ ਛਡਦੇ ਜਾ ਰਹੇ ਸਨ। ਇਹ ਘਟਨਾ ਇਸ ਲਈ ਵੀ ਮਹੱਤਵਪੂਰਨ ਹੈ, ਕਿਉਂਕਿ ਇਹਦੇ ਵਿਚ ਟੱਕਰ ਸਿੱਧੀ ਸਰਕਾਰ ਨਾਲ ਸੀ। ਇਸ ਵੇਲੇ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਸਰਬਰਾਹ ਅਰੂੜ ਸਿੰਘ ਸੀ। ਸੰਗਤਾਂ ਵੱਲੋਂ ਸਿਆਪੇ ਦੀ ਧਮਕੀ ਤੋਂ ਡਰ ਕੇ ਉਸ ਨੇ ਨਾ-ਕੇਵਲ ਸਰਬਰਾਹੀ ਤੋਂ ਅਸਤੀਫ਼ਾ ਦੇ ਦਿੱਤਾ, ਸਗੋਂ ਗਲ ਵਿਚ ਪੱਲਾ ਪਾ ਕੇ ਪਿਛਲੀਆਂ ਗ਼ਲਤੀਆਂ ਦੀ ਮਾਫ਼ੀ ਵੀ ਮੰਗ ਲਈ। ਇਸ ਉੱਤੇ ਸਰਕਾਰ ਨੇ ਸੁੰਦਰ ਸਿੰਘ ਰਾਮਗੜ੍ਹੀਏ ਨੂੰ ਨਵਾਂ ਸਰਬਰਾਹ ਨਿਯਤ ਕੀਤਾ ਤੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਉਹਦੇ ਹਵਾਲੇ ਕਰ ਦਿੱਤੀਆਂ। ਇਹ ਸੱਜਣ ਸ਼੍ਰੋਮਣੀ ਕਮੇਟੀ ਦਾ ਵੀ ਸਕੱਤਰ ਸੀ ਤੇ ਕਮੇਟੀ ਨੂੰ ਪੂਰੀ ਮਿਲਵਰਤਣ ਦੇ ਰਿਹਾ ਸੀ। ਕੁਝ ਚਿਰ ਬਾਅਦ ਕਮੇਟੀ ਨੇ ਫ਼ੈਸਲਾ ਕੀਤਾ ਕਿ ਅੱਗੋਂ ਤੋਂ ਚਾਬੀਆਂ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਕੋਲ ਰਹਿਣਗੀਆਂ। ਇਹ ਪਤਾ ਲੱਗਣ ਉੱਤੇ ਸਰਕਾਰ ਨੇ ਕੈਪਟਨ ਬਹਾਦਰ ਸਿੰਘ ਨੂੰ ਨਵਾਂ ਸਰਬਰਾਹ ਬਣਾ ਦਿੱਤਾ ਤੇ ਸੁੰਦਰ ਸਿੰਘ ਰਾਮਗੜ੍ਹੀਏ ਕੋਲੋਂ ਚਾਬੀਆਂ ਵਾਪਸ ਲੈ ਕੇ ਉਹਨੂੰ ਦੇ ਦਿੱਤੀਆਂ। ਪਰ ਜਦ ਉਹ ਦਰਬਾਰ ਸਾਹਿਬ ਵਿਚ ਆਇਆ, ਤਾਂ ਸੰਗਤਾਂ ਨੇ ਉਹਨੂੰ ਇੰਨੀਆਂ ਫਿਟਕਾਰਾਂ

ਪਾਈਆਂ ਕਿ ਉਹ ਮੂੰਹ ਛੁਪਾ ਕੇ ਵਾਪਸ ਚਲਿਆ ਗਿਆ। ਕੁਝ ਚਿਰ ਬਾਅਦ ਉਸ ਨੇ ਵੀ ਸਰਬਰਾਹੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਕਮੇਟੀ ਪਾਸੋਂ ਮਾਫ਼ੀ ਮੰਗ ਲਈ। ਇਸ ਤੋਂ ਬਾਅਦ ਕਿਸੇ ਸਿਖ ਨੇ ਵੀ ਸਰਬਰਾਹ ਬਣਨ ਜਾਂ ਚਾਬੀਆਂ ਲੈਣ ਦੀ ਜੁਰਅਤ ਨਾ ਕੀਤੀ ਤੇ ਹਾਰ ਕੇ ਸਰਕਾਰ ਨੂੰ ਆਪਣੇ ਹੱਥੀਂ ਚਾਬੀਆਂ ਬਾਬਾ ਖੜਕ ਸਿੰਘ ਦੇ ਹਵਾਲੇ ਕਰਨੀਆਂ ਪਈਆਂ।

ਗੁਰਦੁਆਰਾ-ਸੁਧਾਰ ਅੰਦੋਲਨ ਵਿਚ ਸਿੱਖਾਂ ਨੇ ਪੂਰੇ ਤੌਰ ਤੇ ਸ਼ਾਂਤਮਈ ਰਹਿੰਦੇ ਹੋਇਆਂ ਅਤਿ ਦੀ ਸੂਰਬੀਰਤਾ, ਦਲੇਰੀ ਤੇ ਕੁਰਬਾਨੀ ਦਾ ਸਬੂਤ ਦਿੱਤਾ ਸੀ। ਸੈਂਕੜੇ ਨੰਬਰਦਾਰਾਂ, ਜ਼ੈਲਦਾਰਾਂ ਤੇ ਸਫ਼ੈਦਪੋਸ਼ਾਂ ਨੇ ਆਪੋ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਕੇ ਇਹਦੇ ਵਿਚ ਹਿੱਸਾ ਲਿਆ ਸੀ। ਸੈਂਕੜੇ ਫ਼ੌਜੀ ਪੈਨਸ਼ਨੀਏ, ਪੈਨਸ਼ਨਾਂ ਤੇ ਜਾਗੀਰਾਂ ਦੀ ਜ਼ਬਤੀ ਦਾ ਡਰ ਭੁਲਾ ਕੇ ਮੋਰਚਿਆਂ ਵਿਚ ਸ਼ਾਮਲ ਹੋਏ ਸਨ। ਸੋ ਇਹ ਲਹਿਰ ਇਕ ਤਰ੍ਹਾਂ ਨਾਲ ਸੁਤੰਤਰਤਾ-ਸੰਗਰਾਮ ਦਾ ਇਕ ਅੰਗ ਹੀ ਸਮਝੀ ਜਾਣ ਲਗ ਪਈ ਸੀ। ਇਸ ਲਈ ਜਦ ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ ਫ਼ਤਹ ਹੋਇਆ ਤਾਂ ਮਹਾਤਮਾ ਗਾਂਧੀ ਨੇ ਸ਼੍ਰੋਮਣੀ ਕਮੇਟੀ ਨੂੰ ਤਾਰ ਦਿੱਤੀ, "ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਲੜਾਈ ਜਿੱਤੀ ਗਈ ਹੈ; ਵਧਾਈਆਂ ਹੋਣ!"

ਜੇਲ੍ਹਾਂ ਵਿਚ ਬੇਪਨਾਹ ਸਖ਼ਤੀਆਂ ਕਰ ਕੇ, ਸ਼ਾਂਤਮਈ ਸਤਿਆਗ੍ਰਹੀਆਂ ਉੱਤੇ ਵਹਿਸ਼ੀਆਨਾ ਮਾਰ-ਕੁਟਾਈ ਕਰ ਕੇ, ਚੋਟੀ ਦੇ ਆਗੂਆਂ ਨੂੰ ਜੇਲ੍ਹਾਂ ਵਿਚ ਬੰਦ ਕਰ ਕੇ ਅਤੇ ਅਖ਼ੀਰ ਜੈਤੋ ਵਿਚ ਅੰਨ੍ਹੇਵਾਹ ਗੋਲੀਆਂ ਵਰ੍ਹਾ ਕੇ ਅਤੇ ਸੈਂਕੜੇ ਅਕਾਲੀਆਂ ਨੂੰ ਸ਼ਹੀਦ ਤੇ ਜ਼ਖ਼ਮੀ ਕਰ ਕੇ ਸਰਕਾਰ ਨੇ ਵੇਖ ਲਿਆ ਸੀ ਕਿ ਉਨ੍ਹਾਂ ਦਾ ਕੋਈ ਹਥਿਆਰ ਵੀ ਇਸ ਅੰਦੋਲਨ ਨੂੰ ਅਸਫ਼ਲ ਨਹੀਂ ਕਰ ਸਕਦਾ। ਸਭ ਤੋਂ ਵੱਡੀ ਗੱਲ ਇਹ ਕਿ ਇਸ ਮਾਮਲੇ ਵਿਚ ਸਾਰੀ ਸਿਖ ਕੌਮ ਇਕ-ਮੁੱਠ ਹੋ ਗਈ ਸੀ। ਤੇ ਸਰਕਾਰ ਦੇ ਝੋਲੀਚੁਕ ਵੀ ਉਸ ਨੂੰ ਛਡਦੇ ਜਾ ਰਹੇ ਸਨ। ਇਸ ਸੰਬੰਧ ਵਿਚ ਬਾਬਾ ਕਰਤਾਰ ਸਿੰਘ ਬੇਦੀ ਦਾ ਮਾਮਲਾ ਵਰਣਨਯੋਗ ਹੈ। ਉਸ ਨੇ ਇੱਕ ਇਕੱਠ ਵਿਚ ਮਹੰਤਾਂ ਦੀ ਹਮਾਇਤ ਕੀਤੀ ਸੀ। ਪਰ ਉਸ ਦੇ ਬਿਆਨ ਤੋਂ ਤੀਜੇ ਦਿਨ ਬਾਅਦ ਹੀ ਨਨਕਾਣਾ ਸਾਹਿਬ ਦਾ ਸਾਕਾ ਵਰਤ ਗਿਆ। ਸੰਗਤਾਂ ਨੇ ਮਹੰਤ ਨਾਰਾਇਣ ਦਾਸ ਦੇ ਨਾਲ ਹੀ ਬਾਬਾ ਕਰਤਾਰ ਸਿੰਘ ਨੂੰ ਵੀ ਆਪਣੀ ਕਰੋਪੀ ਦਾ ਸ਼ਿਕਾਰ ਬਣਾ ਲਿਆ। ਥਾਂ ਥਾਂ ਮਹੰਤ 'ਨਰੈਣੂ' ਦੇ ਨਾਲ 'ਕਰਤਾਰੂ ਬੇਦੀਨ' ਦੇ ਵੀ ਸਿਆਪੇ ਸ਼ੁਰੂ ਹੋ ਗਏ। ਉਹਦੀ ਅਰਥੀ ਸਾੜੀ ਗਈ ਤੇ ਅਕਾਲ ਤਖ਼ਤ ਸਾਹਿਬ ਤੋਂ ਉਹਦੇ ਤਨਖਾਹੀਆ ਹੋਣ ਦਾ ਹੁਕਮਨਾਮਾ ਵੀ ਜਾਰੀ ਕਰ ਦਿੱਤਾ ਗਿਆ। ਉਹਦਾ ਖ਼ਿਆਲ ਸੀ ਕਿ ਸਰਕਾਰ ਛੇਤੀ ਹੀ ਸਿੱਖਾਂ ਨੂੰ ਦਬਾ ਲਏਗੀ ਤੇ ਉਹਦੇ ਵਿਰੁੱਧ ਉਠ ਖੜਾ ਹੋਇਆ ਤੂਫ਼ਾਨ ਥੰਮ੍ਹ ਜਾਏਗਾ, ਪਰ ਜਦ ਉਸ ਨੇ ਅਕਾਲੀਆਂ ਦੀ ਚੜ੍ਹਦੀ ਕਲਾ ਤੇ ਸਰਕਾਰ ਨੂੰ ਉਨ੍ਹਾਂ ਦੇ ਸਾਹਮਣੇ ਗੋਡੇ ਟੇਕਦਿਆਂ ਵੇਖਿਆ, ਤਾਂ ਅਕਾਲ ਤਖ਼ਤ ਸਾਹਿਬ ਉੱਤੇ ਹਾਜ਼ਰ ਹੋ ਕੇ ਮਾਫ਼ੀ ਦੀ ਯਾਚਨਾ ਕੀਤੀ। ਜਥੇਦਾਰ ਸਾਹਿਬ ਵੱਲੋਂ ਉਸ ਨੂੰ ਦੋ ਤਨਖ਼ਾਹਾਂ ਲਾਈਆਂ ਗਈਆਂ : ਪਹਿਲੀ ਇਹ ਕਿ ਗਿਆਰਾਂ ਦਿਨ ਲਈ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਾਹਰ ਘੰਟਾ ਘਰ ਕੋਲ ਰੱਖੇ ਯਾਤਰੂਆਂ ਦੇ ਜੋੜੇ ਸਾਫ਼ ਕਰੇ ਤੇ ਦੂਜੀ ਇਹ ਕਿ ਅੰਮ੍ਰਿਤਸਰ ਤੋਂ ਗੁਰਦੁਆਰਾ ਜਨਮ-ਅਸਥਾਨ ਨਨਕਾਣਾ ਸਾਹਿਬ ਤਕ ਪੈਦਲ ਯਾਤਰਾ ਕਰੇ। ਬਾਬੇ ਨੇ ਪਹਿਲੀ ਤਨਖ਼ਾਹ ਤਾਂ ਸਹਿਜੇ ਹੀ ਪੂਰੀ ਕਰ ਲਈ ਤੇ ਬੜੀ ਸ਼ਰਧਾ ਤੇ ਪ੍ਰੇਮ ਨਾਲ ਯਾਤਰੂਆਂ ਦੇ ਜੋੜੇ ਸਾਫ਼ ਕੀਤੇ। ਦੂਜੀ ਲਈ ਮੁਸ਼ਕਲ ਇਹ ਬਣੀ ਕਿ ਸਰਕਾਰ ਵੱਲੋਂ ਬਾਬਾ ਕਰਤਾਰ ਸਿੰਘ ਨੂੰ ਕਈ ਪਦਵੀਆਂ ਮਿਲੀਆਂ ਹੋਈਆਂ ਸਨ ਤੇ ਉਹ ਨਹੀਂ ਚਾਹੁੰਦੀ ਸੀ ਕਿ ਉਹਦਾ ਇਕ ਵਫ਼ਾਦਾਰ ਸਰਕਾਰ ਦੇ ਬਾਗ਼ੀਆਂ ਦੇ ਅੱਗੇ ਝੁਕ ਜਾਏ। ਇਸ ਲਈ ਸਰਕਾਰ ਵੱਲੋਂ ਉਹਨੂੰ ਆਖਿਆ ਗਿਆ ਕਿ ਜੇ ਉਹਨੇ ਇਹ ਡੰਡ ਪ੍ਰਵਾਨ ਕਰਨਾ ਹੈ, ਤਾਂ ਸਭ ਸਰਕਾਰੀ ਪਦਵੀਆਂ ਤੋਂ ਅਸਤੀਫ਼ਾ ਦੇ ਦੇਵੇ। ਬਾਬਾ ਕਰਤਾਰ ਸਿੰਘ ਨੂੰ ਪੰਥ ਵਿਚੋਂ

ਆਪਣਾ ਛੇਕੇ ਜਾਣਾ ਇੰਨੀ ਬੁਰੀ ਤਰ੍ਹਾਂ ਚੁਭ ਰਿਹਾ ਸੀ ਕਿ ਉਹਨੇ ਸਰਕਾਰੀ ਪਦਵੀਆਂ ਤੋਂ ਅਸਤੀਫ਼ਾ ਦੇਣਾ ਯੋਗ ਸਮਝਿਆ ਤੇ ਇਸ ਤੋਂ ਉਪਰੰਤ ਨਨਕਾਣਾ ਸਾਹਿਬ ਤਕ ਪੈਦਲ ਯਾਤਰਾ ਕਰ ਕੇ ਤਨਖ਼ਾਹ ਪੂਰੀ ਕਰ ਦਿੱਤੀ। ਇਸ ਤਰ੍ਹਾਂ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਵਾਪਸ ਲੈ ਲਿਆ ਗਿਆ।

ਜਦ ਸਰਕਾਰ ਨੇ ਵੇਖਿਆ ਕਿ ਸਿੱਖਾਂ ਦੀ ਏਕਤਾ ਤੋਂ ਡਰ ਕੇ ਉਸ ਦੇ ਵਫ਼ਾਦਾਰ ਤੇ ਪਰਵਰਦੇ ਵੀ ਉਸ ਨੂੰ ਛੱਡੀ ਜਾ ਰਹੇ ਹਨ, ਤਾਂ ਉਸ ਨੇ ਝੁਕ ਜਾਣ ਵਿਚ ਹੀ ਖ਼ੈਰੀਅਤ ਸਮਝੀ। ਕੁਝ ਚਿਰ ਤੋਂ ਪੰਜਾਬ ਕੌਂਸਲ ਦੇ ਪੰਜ ਸਿਖ ਮੈਂਬਰ ਸ. ਤਾਰਾ ਸਿੰਘ ਵਕੀਲ ਮੋਗਾ, ਸ. ਨਰਾਇਣ ਸਿੰਘ ਵਕੀਲ ਗੁਜਰਾਂਵਾਲਾ ਤੇ ਭਾਈ ਜੋਧ ਸਿੰਘ ਆਦਿ—ਕਿਲ੍ਹੇ ਵਿਚ ਬੰਦ ਅਕਾਲੀ ਆਗੂਆਂ ਦੀ ਸੰਮਤੀ ਨਾਲ ਗੁਰਦੁਆਰਾ ਬਿਲ ਦਾ ਇਕ ਖਰੜਾ ਤਿਆਰ ਕਰ ਰਹੇ ਹਨ, ਜਿਸ ਦੁਆਰਾ ਸਭ ਇਤਿਹਾਸਕ ਗੁਰਦੁਆਰੇ ਸਹਿਜੇ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆ ਸਕਦੇ ਸਨ। ਆਖ਼ਰ ਸਰਕਾਰ ਨੂੰ ਸਿੱਖਾਂ ਦੀ ਮਰਜ਼ੀ ਤੇ ਤਸੱਲੀ ਅਨੁਸਾਰ ਗੁਰਦੁਆਰਾ ਕਾਨੂੰਨ ਪਾਸ ਕਰਨਾ ਪਿਆ। ਪਹਿਲਾਂ ਸਰਕਾਰ ਸਥਾਪਤ ਹੱਕਾਂ ਦੀ ਰੱਖਿਆ ਦੇ ਬਹਾਨੇ ਮਹੰਤਾਂ ਦਾ ਪੱਖ ਪੂਰਦੀ ਸੀ। ਸਿਖ ਕੌਮ ਦੀ ਸੂਰਬੀਰਤਾ ਤੇ ਕੁਰਬਾਨੀ ਦੇ ਅੱਗੇ ਨਾ ਕੋਈ ਸਥਾਪਤ ਹੱਕ ਰਹਿ ਗਏ, ਨਾ ਮਹੰਤਾਂ ਦੇ ਅਧਿਕਾਰ। ਸਿੱਖਾਂ ਦੀ ਦ੍ਰਿੜ੍ਹਤਾ ਦਾ ਜਾਦੂ ਪੰਜਾਬ ਦੇ ਮੁਖ ਸਕੱਤਰ ਐੱਚ. ਡੀ. ਕਰੇਗ ਦੇ ਸਿਰ ਚੜ੍ਹ ਕੇ ਬੋਲਿਆ, ਜਦ ਉਸ ਨੇ ਗੁਰਦੁਆਰਾ ਬਿਲ ਉੱਤੇ ਤਕਰੀਰ ਕਰਦੇ ਹੋਏ ਆਖਿਆ, "ਇਹ ਬਿਲ ਦੋ ਨਰੋਏ ਅਸੂਲਾਂ ਉੱਤੇ ਅਧਾਰਤ ਹੈ। ਪਹਿਲਾ ਇਹ ਕਿ ਕਿਸੇ ਵੀ ਮਜ਼੍ਹਬ ਦੇ ਧਰਮ-ਅਸਥਾਨ ਉਸ ਮਜ਼੍ਹਬ ਦੇ ਸ਼ਰਧਾਲੂਆਂ ਦੀ ਜਾਇਦਾਦ ਹਨ ਤੇ ਉਨ੍ਹਾਂ ਦੇ ਮਹੰਤ ਉਨ੍ਹਾਂ ਦੇ ਮਾਲਕ ਨਹੀਂ, ਸਿਰਫ਼ ਟ੍ਰਸਟੀ (ਅਮੀਰ) ਹਨ। ਦੂਜਾ ਇਹ ਕਿ ਜਿੱਥੇ ਸਮੁੱਚੀ ਕੌਮ ਦੇ ਅਹਿਸਾਸ ਬੜੀ ਡੂੰਘੀ ਤਰ੍ਹਾਂ ਟੁੰਬੇ ਤੇ ਹਲੂਣੇ ਗਏ ਹੋਣ, ਉੱਥੇ ਬਹੁ-ਸੰਮਤੀ ਦੀ ਮਰਜ਼ੀ ਨੂੰ ਸਫ਼ਲਤਾ ਮਿਲਣੀ ਹੀ ਚਾਹੀਦੀ ਹੈ। ਇਹਦੇ ਲਈ ਜੇ ਸਥਾਪਤ ਹੱਕਾਂ ਜਾਂ ਜਾਇਦਾਦ ਦੇ ਕਾਨੂੰਨੀ ਹੱਕਾਂ ਵਿਚ ਦਖ਼ਲ ਦੇਣਾ ਪੈਂਦਾ ਹੈ, ਤਾਂ ਕੋਈ ਹਰਜ ਨਹੀਂ।" ਸੋ ਸਿੱਖਾਂ ਦੀਆਂ ਕੁਰਬਾਨੀਆਂ ਸਦਕਾ ਅਜਿਹਾ ਕਾਨੂੰਨ ਬਣ ਗਿਆ ਸੀ, ਜਿਸ ਦੁਆਰਾ ਗੁਰਦੁਆਰਿਆਂ ਉੱਤੇ ਕੌਮ ਦੇ ਕਾਨੂੰਨੀ ਅਧਿਕਾਰ ਮੰਨ ਲਏ ਗਏ ਸਨ। ਤੇ ਮੋਰਚਿਆਂ ਦੀ ਕੋਈ ਲੋੜ ਨਹੀਂ ਰਹੀ ਸੀ।

ਗੁਰਦੁਆਰਾ-ਸੁਧਾਰ ਲਈ ਚਲਾਇਆ ਗਿਆ ਅੰਦੋਲਨ ਸ਼ਾਨਦਾਰ ਸਫ਼ਲਤਾ ਨਾਲ ਸਮਾਪਤ ਹੋਇਆ ਸੀ। ਗੁਰਦੁਆਰਾ ਕਾਨੂੰਨ 9 ਜੁਲਾਈ 1925 ਨੂੰ ਪਾਸ ਹੋਇਆ। ਉਸੇ ਦਿਨ ਪੰਜਾਬ ਦੇ ਗਵਰਨਰ ਨੇ ਐਲਾਨ ਕੀਤਾ ਕਿ ਗੁਰਦੁਆਰਾ ਕਾਨੂੰਨ ਸ਼੍ਰੋਮਣੀ ਕਮੇਟੀ ਦੀ ਪੂਰੀ ਸੰਮਤੀ ਨਾਲ ਪਾਸ ਕੀਤਾ ਗਿਆ ਹੈ, ਇਸ ਲਈ ਆਸ ਕੀਤੀ ਜਾਂਦੀ ਹੈ ਕਿ ਉਹ ਇਹਦੇ ਉੱਤੇ ਪੂਰੀ ਈਮਾਨਦਾਰੀ ਨਾਲ ਅਮਲ ਕਰੇਗੀ। ਸੋ, ਜੇਲ੍ਹਾਂ ਵਿਚ ਬੰਦ ਜਿਹੜੇ ਅਕਾਲੀ ਆਗੂ ਸਿਖ ਗੁਰਦੁਆਰਾ ਕਾਨੂੰਨ ਅਨੁਸਾਰ ਅਮਲ ਕਰਨ ਦਾ ਇਕਰਾਰ ਕਰਨਗੇ, ਉਨ੍ਹਾਂ ਨੂੰ ਫ਼ੌਰਨ ਰਿਹਾ ਕਰ ਦਿੱਤਾ ਜਾਏਗਾ। ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਲਗ ਪਗ ਸਾਰੇ ਮੁਖੀ ਆਗੂ ਲਾਹੌਰ ਕਿਲ੍ਹੇ ਵਿਚ ਬੰਦ ਸਨ। ਚਾਹੀਦਾ ਤਾਂ ਇਹ ਸੀ ਕਿ ਇਹ ਸੱਜਣ ਇਸ ਬਿਆਨ ਦੇ ਸਾਰੇ ਪੱਖਾਂ ਉੱਤੇ ਦੀਰਘ ਵਿਚਾਰ-ਵਟਾਂਦਰਾ ਕਰ ਕੇ ਇਸ ਸ਼ਰਤ ਬਾਰੇ ਸਰਬ-ਸੰਮਤੀ ਨਾਲ ਕੋਈ ਫ਼ੈਸਲਾ ਕਰਦੇ। ਪਰ ਉਨ੍ਹਾਂ ਦੀ ਰਾਏ ਪੁੱਛਣ ਜਾਂ ਜਾਣਨ ਤੋਂ ਬਿਨਾਂ ਹੀ ਬਾਹਰ ਬੈਠੇ ਇਕ ਕਾਹਲੇ ਆਗੂ ਨੇ ਅਖ਼ਬਾਰਾਂ ਵਿਚ ਬਿਆਨ ਦਾਗ਼ ਦਿੱਤਾ ਕਿ ਗਵਰਨਰ ਦੀ ਸ਼ਰਤ ਬੜੀ ਹੱਤਕ-ਭਰੀ ਹੈ ਤੇ ਇਹਨੂੰ ਮੰਨ ਕੇ ਕੋਈ ਸਿਖ ਰਿਹਾ ਹੋਣ ਲਈ ਤਿਆਰ ਨਹੀਂ ਹੋਵੇਗਾ। ਇਸ ਬਿਆਨ ਦੇ ਨਤੀਜੇ ਵਜੋਂ ਵਿਚਾਰ ਦਾ ਰਾਹ ਬੰਦ ਹੋ ਗਿਆ ਤੇ ਆਗੂਆਂ ਵਿਚ ਦੋ ਧੜੇ ਬਣ ਗਏ : ਇਕ ਉਹ ਜੋ ਕਹਿੰਦਾ ਸੀ ਕਿ

ਇਹ ਕਾਨੂੰਨ ਅਸਾਂ ਆਪ ਬਣਵਾਇਆ ਹੈ, ਫਿਰ ਇਹ ਕਹਿਣ ਵਿਚ ਕੀ ਹਰਜ ਹੈ ਕਿ ਅਸੀਂ ਇਸ ਉੱਤੇ ਅਮਲ ਕਰਾਂਗੇ। ਦੂਜਾ ਧੜਾ ਕਹਿੰਦਾ ਸੀ ਕਿ ਗਵਰਨਰ ਦੀ ਸ਼ਰਤ ਮੰਨ ਕੇ ਬਾਹਰ ਆਉਣ ਵਿਚ ਸਾਡੀ ਹੇਠੀ ਹੈ। ਸੋ, ਦੋਹਾਂ ਧੜਿਆਂ ਦੇ ਆਗੂ ਆਪੋ ਆਪਣੇ ਵਿਚਾਰਾਂ ਉੱਤੇ ਅੜ ਗਏ। ਛੇ ਮਹੀਨੇ ਬਾਅਦ ਗਵਰਨਰ ਨੇ ਐਲਾਨ ਕਰ ਦਿੱਤਾ ਕਿ ਇਹ ਸ਼ਰਤ ਲਿਖਤੀ ਰੂਪ ਵਿਚ ਮੰਨਣ ਦੀ ਲੋੜ ਨਹੀਂ, ਜਿਹੜੇ ਸੱਜਣ ਜੱਜ ਦੇ ਸਾਹਮਣੇ ਬਿਆਨ ਦੇ ਦੇਣਗੇ ਕਿ ਉਹ ਇਸ ਕਾਨੂੰਨ ਉੱਤੇ ਅਮਲ ਕਰਨ ਦੇ ਹਾਮੀ ਹਨ, ਉਨ੍ਹਾਂ ਨੂੰ ਰਿਹਾ ਕਰ ਦਿੱਤਾ ਜਾਏਗਾ। 15 ਜੁਲਾਈ 1926 ਨੂੰ ਜਦ ਕਿਲ੍ਹੇ ਵਿਚਲੇ ਮੁਖੀਆਂ ਦੀ ਪੇਸ਼ੀ ਹੋਈ, ਤਾਂ ਸੋਲ੍ਹਾਂ ਆਗੂ ਮੈਜਿਸਟ੍ਰੇਟ ਦੇ ਕੋਲ ਗੁਰਦੁਆਰਾ ਕਾਨੂੰਨ ਉੱਤੇ ਅਮਲ ਕਰਨ ਦਾ ਭਰੋਸਾ ਦੇ ਕੇ ਰਿਹਾ ਹੋ ਗਏ। ਇਸ ਤੋਂ ਚਾਰ ਦਿਨ ਬਾਅਦ ਸ਼੍ਰੋਮਣੀ ਕਮੇਟੀ ਦਾ ਸਮਾਗਮ ਹੋਣ ਵਾਲਾ ਸੀ, ਜਿਸ ਵਿਚ ਫ਼ੈਸਲਾ ਹੋਣਾ ਸੀ ਕਿ ਇਹ ਸ਼ਰਤ ਮੰਨੀ ਜਾਏ ਕਿ ਨਾ। ਰਿਹਾ ਹੋਏ ਆਗੂ ਵੀ ਇਸ ਵਿਚ ਸ਼ਾਮਲ ਹੋਏ। ਬਹੁ-ਸੰਮਤੀ ਨਾਲ ਫ਼ੈਸਲਾ ਹੋ ਗਿਆ ਕਿ ਇਹ ਸ਼ਰਤ ਮੰਨਣ ਵਿਚ ਕੋਈ ਹਰਜ ਨਹੀਂ। ਪਰ ਇਸ ਨਾਲ ਧੜੇ-ਬੰਦੀ ਹੋਰ ਪੱਕੀ ਹੋ ਗਈ। ਸ਼ਰਤਾਂ ਨਾ ਮੰਨਣ ਵਾਲੇ ਧੜੇ ਨੇ, ਮੰਨਣ ਵਾਲੇ ਆਗੂਆਂ ਨੂੰ 'ਮਾਫ਼ੀ ਮੰਗੂ' ਆਖ ਕੇ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ। ਕੁਝ ਚਿਰ ਬਾਅਦ ਜਲ੍ਹਿਆਂ ਵਾਲਾ ਬਾਗ਼ ਵਿਚ ਇਕ ਸਮਾਗਮ ਹੋਇਆ, ਜਿਸ ਨੂੰ 'ਸਰਬੱਤ ਖ਼ਾਲਸਾ' ਦਾ ਨਾਂ ਦਿੱਤਾ ਗਿਆ। ਇਸ ਵਿਚ ਫ਼ੈਸਲਾ ਹੋਇਆ ਕਿ ਸ਼੍ਰੋਮਣੀ ਕਮੇਟੀ ਉੱਤੇ ਧਿੰਗੋ ਜ਼ੋਰੀ ਕਬਜ਼ਾ ਕਰ ਕੇ 'ਮਾਫ਼ੀ ਮੰਗੂ' ਧੜੇ ਪਾਸੋਂ ਇਹਦਾ ਪ੍ਰਬੰਧ ਖੋਹ ਲਿਆ ਜਾਏ। ਇਸ ਤੋਂ ਕੁਝ ਦਿਨ ਪਿਛੋਂ ਇਸ ਧੜੇ ਨੇ ਅਕਾਲ ਤਖ਼ਤ ਸਾਹਿਬ ਉੱਤੇ, ਜਿੱਥੇ ਸਾਰੇ ਗ੍ਰੰਥੀ, ਸੇਵਾਦਾਰ ਤੇ ਕਮੇਟੀ ਦੇ ਅਹੁਦੇਦਾਰ ਬੈਠੇ ਹੋਏ ਸਨ, ਪੂਰੀ ਤਿਆਰੀ ਨਾਲ ਹੱਲਾ ਬੋਲ ਦਿੱਤਾ। ਭੀੜ ਨੇ ਤਖ਼ਤ ਸਾਹਿਬ ਉੱਤੇ ਇੱਟਾਂ-ਵੱਟਿਆਂ ਦੀ ਵਰਖਾ ਕੀਤੀ, ਜਿਸ ਨਾਲ ਤਖ਼ਤ ਸਾਹਿਬ ਦਾ ਸੰਗਮਰਮਰੀ ਜੰਗਲਾ ਅਤੇ ਇਕ ਤਸਵੀਰ ਦਾ ਸ਼ੀਸ਼ਾ ਟੁਟ ਗਏ। ਫਿਰ ਹੁੱਲੜ ਮਚਾਣ ਵਾਲਿਆਂ ਨੇ ਉੱਪਰ ਚੜ੍ਹ ਕੇ ਡਾਂਗਾਂ ਤੇ ਘਸੁੰਨਾਂ-ਮੁੱਕਿਆਂ ਨਾਲ ਉਥੇ ਬੈਠਿਆਂ ਨੂੰ ਮਾਰਨਾ-ਕੁੱਟਣਾ ਸ਼ੁਰੂ ਕਰ ਦਿੱਤਾ ਤੇ ਇਸ ਤਰ੍ਹਾਂ ਅਕਾਲ ਤਖ਼ਤ ਉੱਤੇ ਕਬਜ਼ਾ ਕਰ ਲਿਆ।

ਗੁਰਦੁਆਰਾ-ਸੁਧਾਰ ਲਹਿਰ ਦੇ ਬਾਅਦ ਦੇ ਇਤਿਹਾਸ ਉੱਤੇ ਝਾਤ ਮਾਰਿਆਂ ਇਹ ਗੱਲ ਸਪੱਸ਼ਟ ਹ ਜਾਂਦੀ ਹੈ ਕਿ ਇਹ ਮਤ-ਭੇਦ ਬਹੁਤ ਹੱਦ ਤਕ ਵਿਚਾਰ-ਧਾਰਿਕ ਜਾਂ ਸਿਧਾਂਤਕ ਸਨ। ਗੁਰਦੁਆਰਾ-ਸੁਧਾਰ ਨਿਰੋਲ ਧਾਰਮਿਕ ਲਹਿਰ ਸੀ। ਇਹਦੇ ਵਿਚ ਨਰਮ, ਗਰਮ, ਸਰਕਾਰ-ਪੱਖੀ ਤੇ ਸਰਕਾਰ-ਵਿਰੋਧੀ ਸਭ ਖ਼ਿਆਲਾਂ ਦੇ ਸਿਖ ਸ਼ਾਮਲ ਹੋ ਗਏ ਸਨ। ਸਰਕਾਰ ਦੇ ਪੱਕੇ ਵਫ਼ਾਦਾਰ ਵੀ ਇਸ ਮਾਮਲੇ ਵਿਚ ਸਰਕਾਰ ਨੂੰ ਗ਼ਲਤੀ ਉੱਤੇ ਸਮਝ ਕੇ ਇਸ ਲਹਿਰ ਦੇ ਸਮਰਥਕ ਸਨ। ਜਦ ਕੌਮ ਦੀ ਮਰਜ਼ੀ ਅਨੁਸਾਰ ਗੁਰਦੁਆਰਾ ਕਾਨੂੰਨ ਪਾਸ ਹੋ ਗਿਆ ਤੇ ਇਸ ਲਹਿਰ ਦਾ ਮੰਤਵ ਪੂਰਾ ਹੋ ਗਿਆ, ਤਾਂ ਅਜਿਹੇ ਸੱਜਣ ਅੰਗਰੇਜ਼ੀ ਸਰਕਾਰ ਨਾਲ ਟੱਕਰ ਜਾਰੀ ਰੱਖਣ ਦੇ ਵਿਰੁੱਧ ਸਨ। ਦੂਜੇ ਪਾਸੇ ਇਸ ਲਹਿਰ ਵਿਚ ਕੁਝ ਪੱਕੇ ਕਾਂਗਰਸੀ, ਕਮਿਊਨਿਸਟ ਤੇ ਦੇਸ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਵਾਲੇ ਜੁਝਾਰੂ ਵੀ ਸ਼ਾਮਲ ਸਨ, ਜਿਨ੍ਹਾਂ ਨੇ ਵੇਖ ਲਿਆ ਸੀ ਕਿ ਇਸ ਲਹਿਰ ਨੇ ਅਸਿੱਧੇ ਤੌਰ ਤੇ ਸੁਤੰਤਰਤਾ-ਸੰਗਰਾਮ ਨੂੰ ਬੜ੍ਹਾਵਾ ਦਿੱਤਾ ਹੈ ਅਤੇ ਸਿੱਖਾਂ ਨੂੰ ਬਹੁਤ ਹੱਦ ਤਕ ਸਰਕਾਰ-ਵਿਰੋਧੀ ਬਣਾਇਆ ਹੈ। ਇਹੋ ਜਿਹੇ ਸੱਜਣ ਇਸ ਅੰਦੋਲਨ ਨੂੰ ਵਧ ਤੋਂ ਵਧ ਸਮੇਂ ਲਈ ਜਾਰੀ ਰਖਣਾ ਚਾਹੁੰਦੇ ਸਨ ਤੇ ਇਸੇ ਲਈ ਇਹ ਨਗੂਣੀ ਤੇ ਅਰਥਹੀਣ ਸ਼ਰਤ ਮੰਨਣ ਦਾ ਵਿਰੋਧ ਕਰ ਰਹੇ ਸਨ।

ਉਂਜ ਇਸ ਵੇਲੇ ਤਕ ਇਕ ਹੋਰ ਪ੍ਰੀਵਰਤਣ ਵੀ ਆਇਆ ਸੀ। 1920-21 ਤਕ ਸਿਖ ਕੌਮ ਦੀ ਮਾੜੀ-ਮੋਟੀ ਰਾਜਨੀਤਿਕ ਸੰਸਥਾ ਸਿਰਫ਼ 'ਚੀਫ਼ ਖ਼ਾਲਸਾ ਦੀਵਾਨ' ਸੀ, ਪਰ ਇਸਨੇ

ਸਰਕਾਰ ਦੇ ਵਿਰੁੱਧ ਕਦੀ ਵੀ ਕਿਸੇ ਅੰਦੋਲਨ ਵਿਚ ਹਿੱਸਾ ਨਹੀਂ ਲਿਆ ਸੀ। ਆਜ਼ਾਦੀ ਦੀ ਲੜਾਈ ਤੇਜ਼ ਹੋਣ ਕਰਕੇ ਇਹ ਮਹਿਸੂਸ ਕੀਤਾ ਗਿਆ ਕਿ ਸਿੱਖਾਂ ਨੂੰ ਵੀ ਇੱਕ ਅਜਿਹੀ ਰਾਜਨੀਤਿਕ ਪਾਰਟੀ ਦੀ ਲੋੜ ਹੈ, ਜੋ ਕਾਂਗਰਸ ਨਾਲ ਮਿਲ ਕੇ ਜਾਂ ਆਪਣੇ ਤੌਰ ਤੇ ਸੁਤੰਤਰਤਾ-ਸੰਗਰਾਮ ਵਿਚ ਪ੍ਰਭਾਵਕ ਹਿੱਸਾ ਲਏ। ਸੋ ਸ਼੍ਰੋਮਣੀ ਅਕਾਲੀ ਦਲ ਦੇ ਰੂਪ ਵਿਚ ਇਹੋ ਜਿਹੀ ਸੰਸਥਾ ਹੋਂਦ ਵਿਚ ਆ ਗਈ ਸੀ। ਇਹਦੇ ਬਹੁਤੇ ਮੈਂਬਰ ਇਹ ਸਮਝਦੇ ਸਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣ ਕੇ ਉਹ ਸਹਿਜੇ ਹੀ ਰਾਜਨੀਤੀ ਵਿਚ ਵੀ ਅੱਗੇ ਆ ਸਕਣਗੇ। ਸੋ ਸਮਾਂ ਪਾ ਕੇ ਸ਼੍ਰੋਮਣੀ ਕਮੇਟੀ ਦੀ ਮੈਂਬਰੀ ਰਾਜਨੀਤਿਕ ਸੱਤਾ ਹਥਿਆਉਣ ਦਾ ਸਾਧਨ ਬਣ ਗਈ ਸੀ। 1925 ਤੋਂ ਬਾਅਦ ਦੇਸ ਦੇ ਆਜ਼ਾਦ ਹੋਣ ਤਕ ਸ਼੍ਰੋਮਣੀ ਅਕਾਲੀ ਦਲ ਨੇ ਸੁਤੰਤਰਤਾ-ਸੰਗਰਾਮ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਇਹ ਵਖਰੀ ਗੱਲ ਹੈ ਕਿ ਸਾਡੇ ਅੱਜ ਦੇ ਹੁਕਮਰਾਨ ਇਹ ਗੱਲ ਮੰਨਣ ਤੋਂ ਇਨਕਾਰੀ ਹਨ।

ਗੁਰਦੁਆਰਾ-ਸੁਧਾਰ ਲਹਿਰ ਦਾ ਸਾਰਾ ਸਮਾਂ (1921-25) ਮੈਂ ਵਿੱਦਿਆ ਪ੍ਰਾਪਤ ਕਰ ਰਿਹਾ ਸਾਂ, ਪਹਿਲਾਂ ਖ਼ਾਲਸਾ ਹਾਈ ਸਕੂਲ ਗੁਜਰਾਂਵਾਲਾ ਵਿਚ ਤੇ ਫਿਰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ। ਮਹਾਤਮਾ ਗਾਂਧੀ ਦੀ 'ਸਕੂਲ-ਕਾਲਜ ਛੱਡੋ'' ਲਹਿਰ ਵਿਚ ਗੁਜਰਾਂਵਾਲੇ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪ੍ਰਬੰਧਕਾਂ ਨੇ ਇਸ ਕਾਲਜ ਦਾ ਯੂਨੀਵਰਸਿਟੀ ਨਾਲੋਂ ਸੰਬੰਧ ਤੋੜ ਕੇ ਇਸ ਨੂੰ ਕੌਮੀ ਕਾਲਜ ਬਣਾ ਦਿੱਤਾ ਸੀ। ਮੇਰੇ ਉੱਤੇ ਵੀ ਇਸ ਲਹਿਰ ਦਾ ਕੁਝ ਵਧੇਰੇ ਹੀ ਅਸਰ ਸੀ, ਸੋ 1922 ਵਿਚ ਮੈਟ੍ਰਿਕ ਪਾਸ ਕਰਨ ਤੋਂ ਬਾਅਦ ਮੈਂ ਇਸ ਕੌਮੀ ਕਾਲਜ ਵਿਚ ਦਾਖ਼ਲ ਹੋ ਗਿਆ। ਪਰੰਤੂ ਡੇਢ ਦੋ ਮਹੀਨੇ ਵਿਚ ਹੀ ਪਤਾ ਲਗ ਗਿਆ ਕਿ ਕੌਮੀ ਕਾਲਜ ਦਾ ਪ੍ਰਭਾਵਕ ਢੰਗ ਨਾਲ ਚਲਣਾ ਅਸੰਭਵ ਹੈ। ਸੋ ਮੈਂ ਕਾਲਜ ਛਡ ਕੇ ਭਾਈ ਜੋਧ ਸਿੰਘ ਹੋਰਾਂ ਦੇ ਜਾਰੀ ਕੀਤੇ ਦੈਨਿਕ ਪੱਤਰ 'ਖ਼ਾਲਸਾ' ਵਿਚ ਨੌਕਰੀ ਕਰ ਲਈ। ਮੇਰੇ ਕਈ ਜਮਾਤੀ ਤੇ ਨਿਕਟਵਰਤੀ ਮਿੱਤਰ ਖ਼ਾਲਸਾ ਕਾਲਜ ਵਿਚ ਪੜ੍ਹ ਰਹੇ ਸਨ। ਉਹ ਜਦੋਂ ਵੀ ਮੈਨੂੰ ਮਿਲਦੇ, ਲਗਾਤਾਰ ਪ੍ਰੇਰਨਾ ਕਰਦੇ ਰਹਿੰਦੇ ਕਿ ਮੈਂ ਅੱਗੋਂ ਆਪਣੀ ਪੜ੍ਹਾਈ ਕਰਾਂ। ਸੋ ਅਗਲੇ ਸਾਲ ਅਗਸਤ 1923 ਵਿਚ ਕਲਾਸਾਂ ਸ਼ੁਰੂ ਹੋਣ ਤੋਂ ਵੀ ਤਿੰਨ ਮਹੀਨੇ ਬਾਅਦ ਮੈਂ ਭਾਈ ਸਾਹਿਬ ਦੀ ਸਿਫ਼ਾਰਸ਼ ਨਾਲ ਖ਼ਾਲਸਾ ਕਾਲਜ ਦੀ ਜੇ. ਏ. ਵੀ. ਕਲਾਸ ਵਿਚ ਦਾਖ਼ਲ ਹੋ ਗਿਆ ਤੇ 1925 ਵਿਚ ਇਹ ਪ੍ਰੀਖਿਆ ਪਾਸ ਕਰ ਲਈ। ਇਨ੍ਹਾਂ ਤਿੰਨਾਂ ਵਰ੍ਹਿਆਂ ਵਿਚ ਗੁਰਦੁਆਰਾ-ਸੁਧਾਰ ਲਹਿਰ ਵਿਚ ਮੇਰੇ ਲਈ ਕੋਈ ਸਰਗਰਮ ਹਿੱਸਾ ਲੈਣਾ ਸੰਭਵ ਨਹੀਂ ਸੀ, ਪਰ ਕੁਝ ਹੋਰ ਵਿਦਿਆਰਥੀਆਂ ਵਾਂਗ ਮੇਰਾ ਇਸ ਨਾਲ ਡੂੰਘਾ ਲਗਾਉ ਬਣਿਆ ਰਿਹਾ ਤੇ ਮੈਂ ਜਜ਼ਬਾਤੀ ਤੌਰ ਤੇ ਇਹਦੇ ਨਾਲ ਜੁੜਿਆ ਰਿਹਾ। ਸਹਿਜ-ਸੁਭਾ ਹੀ ਕੁਝ ਘਟਨਾਵਾਂ ਨੂੰ ਨੇੜਿਓਂ ਵੇਖਣ ਦਾ ਮੌਕਾ ਵੀ ਮਿਲਿਆ। ਜਦ 'ਗੁਰੂ ਕਾ ਬਾਗ਼' ਦਾ ਮੋਰਚਾ ਲੱਗਾ, ਤਾਂ ਅਸਾਂ ਕੁਝ ਵਿਦਿਆਰਥੀਆਂ ਨੇ ਦੋ ਵਾਰੀ ਪੈਦਲ ਮੌਕੇ ਤੇ ਜਾ ਕੇ ਅਕਾਲੀ ਜਥਿਆਂ ਨੂੰ ਪੈਂਦੀ ਉਸ ਵਹਿਸ਼ੀਆਨਾ ਮਾਰ-ਕੁਟਾਈ ਦਾ ਹਿਰਦੇ-ਵੇਧਕ ਦ੍ਰਿਸ਼ ਵੇਖਿਆ, ਜਿਸ ਬਾਰੇ ਉਸ ਸਮੇਂ ਦੇਵਤਾ-ਸਰੂਪ ਪਾਦਰੀ ਸੀ. ਐੱਫ਼. ਐਂਡਰੀਊਜ਼ ਨੇ ਸਭ ਕੁਝ ਆਪਣੀ ਅੱਖੀਂ ਵੇਖ ਕੇ ਲਿਖਿਆ ਸੀ, "ਇਸ ਦਿਨ ਮੈਂ ਇਕ ਨਹੀਂ, ਸੈਂਕੜੇ ਈਸਾ ਸੂਲੀ ਤੇ ਚੜ੍ਹਦੇ ਵੇਖੇ। ਪੁਲਸੀਏ ਪੂਰਨ ਤੌਰ ਤੇ ਸ਼ਾਂਤਮਈ ਰਹਿਣ ਵਾਲੇ ਸਿੱਖਾਂ ਨੂੰ ਸੰਮਾਂ ਵਾਲੀਆਂ ਡਾਂਗਾਂ ਨਾਲ ਇੰਨੇ ਜ਼ੋਰ ਦੀ ਕੁੱਟ ਰਹੇ ਸਨ ਕਿ ਇਹ ਕਾਇਰਤਾ ਵਾਲੀਆਂ ਸੱਟਾਂ ਵੇਖ ਕੇ ਮੈਨੂੰ ਆਪਣੇ ਆਪ ਉੱਤੇ ਕਾਬੂ ਰਖਣਾ ਹੱਦੋਂ ਵਧ ਮੁਸ਼ਕਲ ਹੋ ਗਿਆ।" ਕੁਦਰਤੀ ਤੌਰ ਤੇ ਸਾਡੇ ਮਨਾਂ ਉੱਤੇ ਇਸ ਦਾ ਅਸਰ ਉਨ੍ਹਾਂ ਨਾਲੋਂ ਵੀ ਵਧੇਰੇ ਪੈਣਾ ਸੀ। ਫਿਰ ਜੈਤੋ ਦੇ ਮੋਰਚੇ ਦੇ ਅੰਤਮ ਦਿਨਾਂ ਵਿਚ ਅਸਾਂ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਜੈਤੋ ਵੱਲ ਪੈਦਲ ਜਾਂਦੇ ਹੋਏ ਪੰਜ ਸੌ ਸਿੰਘਾਂ ਦੇ ਪੰਦਰ੍ਹਵੇਂ ਜਥੇ ਨੂੰ ਕਾਲਜ

ਵਿਚ ਰੋਕ ਕੇ ਚਾਹ ਤੇ ਮਠਿਆਈ ਆਦਿ ਨਾਲ ਉਨ੍ਹਾਂ ਦੀ ਸੇਵਾ ਕੀਤੀ। ਇਸੇ ਸਮੇਂ ਕਾਲਜ ਦੇ ਤਿੰਨ ਪ੍ਰੋਫ਼ੈਸਰ—ਤੇਜਾ ਸਿੰਘ, ਨਿਰੰਜਨ ਸਿੰਘ ਤੇ ਬਾਵਾ ਹਰਕ੍ਰਿਸ਼ਨ ਸਿੰਘ ਇਸ ਲਹਿਰ ਵਿਚ ਸਰਗਰਮ ਹਿੱਸਾ ਲੈ ਰਹੇ ਸਨ ਤੇ ਹੋਰ ਅਕਾਲੀ ਆਗੂਆਂ ਦੇ ਨਾਲ ਗ੍ਰਿਫ਼ਤਾਰ ਹੋ ਕੇ ਲਾਹੌਰ ਦੇ ਕਿਲ੍ਹੇ ਵਿਚ ਕੈਦ ਸਨ। ਸੁਤੇ-ਸਿਧ ਉਨ੍ਹਾਂ ਦੀ ਕੁਰਬਾਨੀ ਦਾ ਵੀ ਸਾਡੇ ਉੱਤੇ ਕਾਫ਼ੀ ਪ੍ਰਭਾਵ ਸੀ।

ਕਾਲੀ ਪਗੜੀ ਦੀ ਪ੍ਰੀਖਿਆ

ਖ਼ਾਲਸਾ ਕਾਲਜ ਵਿਚ ਮੇਰੀ ਪੜ੍ਹਾਈ ਮੁੱਕਣ ਤਕ ਗੁਰਦੁਆਰਾ-ਸੁਧਾਰ ਲਹਿਰ ਪੂਰੇ ਜੋਬਨ ਤੇ ਸੀ ਅਤੇ ਇਥੇ ਹੀ ਮੈਨੂੰ ਪਹਿਲੀ ਵਾਰੀ ਕਾਲੀ ਪਗੜੀ ਦੀ ਪ੍ਰੀਖਿਆ ਦੇਣੀ ਪਈ। ਸਾਡੀ ਪੜ੍ਹਾਈ-ਯੋਗਤਾ ਦੇ ਅਭਿਆਸ (Practice of Teaching) ਦੀ ਪ੍ਰੀਖਿਆ ਲੈਣ ਲਈ ਸੈਂਟਰਲ ਟ੍ਰੇਨਿੰਗ ਕਾਲਜ ਲਾਹੌਰ ਦੇ ਪ੍ਰਿੰਸੀਪਲ ਵਾਈਟ ਹਾਊਸ ਆ ਰਹੇ ਸਨ। ਉਹਨੀਂ ਦਿਨੀਂ ਅੰਗਰੇਜ਼ਾਂ ਨੂੰ ਅਕਾਲੀਆਂ ਤੇ ਕਾਲੀ ਪੱਗ ਨਾਲ ਚਿੜ੍ਹ ਹੋ ਗਈ ਸੀ। ਮੇਰੇ ਇਕ ਹੰਢੇ-ਵਰਤੇ ਜਮਾਤੀ ਗੱਜਣ ਸਿੰਘ ਨੂੰ ਖ਼ਤਰਾ ਮਹਿਸੂਸ ਹੋਇਆ ਕਿ ਕਿਤੇ ਮੇਰੀ ਕਾਲੀ ਪੱਗ ਮੈਨੂੰ ਵਾਈਟ ਹਾਊਸ ਦੀ ਕ੍ਰੋਪੀ ਦਾ ਸ਼ਿਕਾਰ ਨਾ ਬਣਾ ਦੇਵੇ। ਮੈਨੂੰ ਇਹਦੇ ਵਿਚ ਕੋਈ ਵਿਸ਼ੇਸ਼ ਡਰ ਨਹੀਂ ਜਾਪਦਾ ਸੀ, ਕਿਉਂਕਿ ਇਹ ਚਿੜ੍ਹ ਤਾਂ ਡਿਪਟੀ ਕਮਿਸ਼ਨਰਾਂ ਤੇ ਪੁਲਿਸ ਕਪਤਾਨਾਂ ਆਦਿ ਤਕ ਸੀਮਤ ਸੀ। ਵਿਦਿਅਕ ਸੰਸਥਾਵਾਂ ਨਾਲ ਸੰਬੰਧਤ ਅੰਗਰੇਜ਼ਾਂ ਨੂੰ ਇਹਦੇ ਨਾਲ ਕੀ ਵਾਸਤਾ ਹੋ ਸਕਦਾ ਸੀ। ਸਗੋਂ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਵਾਦਨ ਸਾਹਿਬ ਤਾਂ ਆਪ ਕਈ ਵਾਰੀ ਕਾਲੀ ਪੱਗ ਬੰਨ੍ਹ ਕੇ ਗੁਰਦੁਆਰੇ ਆਉਂਦੇ ਸਨ ਅਤੇ ਵਾਈਸ ਪ੍ਰਿੰਸੀਪਲ ਆਰਮ ਸਟਰਾਂਗ ਨੇ ਵੀ ਮੇਰੀ ਕਾਲੀ ਪੱਗ ਦੇ ਬਾਵਜੂਦ ਜਮਾਤਾਂ ਲੱਗਣ ਤੋਂ ਤਿੰਨ ਮਹੀਨੇ ਬਾਅਦ ਮੈਨੂੰ ਜੇ. ਏ. ਵੀ. ਕਾਲਜ ਵਿਚ ਦਾਖ਼ਲ ਕਰ ਲਿਆ ਸੀ। ਪਰ ਸੁਹਿਰਦ ਗੱਜਣ ਸਿੰਘ ਮਾੜੇ-ਮੋਟੇ ਡਰ ਤੋਂ ਵੀ ਬਚਾਅ ਰਖਣਾ ਚਾਹੁੰਦੇ ਸਨ। ਉਨ੍ਹਾਂ ਨੇ ਤਿੰਨ ਚਾਰ ਹੋਰ ਵਿਦਿਆਰਥੀਆਂ ਨੂੰ ਨਾਲ ਲੈ ਕੇ ਮੈਨੂੰ ਪ੍ਰੇਰਨਾ ਕੀਤੀ ਕਿ ਪ੍ਰੀਖਿਆ ਦੇਣ ਵੇਲੇ ਮੈਂ ਕਾਲੀ ਪੱਗ ਬੰਨ੍ਹ ਕੇ ਨਾ ਜਾਵਾਂ। ਪਰ ਕਿਸੇ ਨੁਕਸਾਨ ਤੋਂ ਡਰ ਕੇ ਮੈਨੂੰ ਕਾਲੀ ਪਗੜੀ ਉਤਾਰਨੀ ਮਨਜ਼ੂਰ ਨਹੀਂ ਸੀ ਤੇ ਮੈਂ ਨਿਮਰਤਾ ਨਾਲ ਇਹ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਗੱਜਣ ਸਿੰਘ ਵੀ ਬੜੇ ਸਿਰੜੀ ਸਨ। ਉਨ੍ਹਾਂ ਨੇ ਸਾਰੇ ਹੋਸਟਲਾਂ ਦਾ ਚੱਕਰ ਲਾਇਆ ਤੇ ਅਖ਼ੀਰ ਫ਼ਰੀਦਕੋਟ ਬਲਾਕ ਵਿਚੋਂ ਕਿਸੇ ਵਿਦਿਆਰਥੀ ਤੋਂ ਉਹ ਇਕ ਮਸ਼ਹਿਦੀ ਲੁੰਗੀ ਫੜ ਲਿਆਏ। ਇਹਦਾ ਰੰਗ ਬਹੁਤਾ ਗੂੜ੍ਹਾ ਕਾਲਾ ਤੇ ਕੁਝ ਘਸਮੈਲਾ ਜਿਹਾ ਹੁੰਦਾ ਹੈ। ਇਹਦੇ ਉੱਤੇ ਸਾਡਾ ਸਮਝੌਤਾ ਹੋ ਗਿਆ ਤੇ ਮੈਂ ਛੋਟੀ ਦਸਤਾਰ ਉੱਤੇ ਇਹ ਕੱਸ ਕੇ ਬੰਨ੍ਹ ਲਈ। ਇਸ ਤਰ੍ਹਾਂ ਪਹਿਲੇ ਮੌਕੇ ਤੇ ਹੀ ਕਮਜ਼ੋਰੀ ਵਿਖਾਣ ਵੱਲੋਂ ਮੇਰਾ ਬਚਾਅ ਹੋ ਗਿਆ। ਉਂਜ ਮੈਂ ਨਹੀਂ ਸਮਝਦਾ ਕਿ ਵਾਈਟ ਹਾਊਸ ਨੇ ਮੇਰੀ ਪੱਗ ਵੱਲ ਕੋਈ ਧਿਆਨ ਦਿੱਤਾ ਹੋਵੇਗਾ, ਕਿਉਂਕਿ ਨੰਬਰ ਮੈਨੂੰ ਆਮ ਨਾਲੋਂ ਕੁਝ ਵਧ ਹੀ ਮਿਲੇ ਸਨ।

ਗੁਰਦੁਆਰਾ ਕਾਨੂੰਨ ਪਾਸ ਹੋਣ ਤੋਂ ਬਾਅਦ ਕਿਸੇ ਮੋਰਚੇ ਦੀ ਸੰਭਾਵਨਾ ਨਹੀਂ ਸੀ। ਹੁਣ ਇਸ ਪਾਸੇ ਦਿਲਚਸਪੀ ਸ਼੍ਰੋਮਣੀ ਕਮੇਟੀ ਜਾਂ ਸਥਾਨਿਕ ਗੁਰਦੁਆਰਾ ਕਮੇਟੀਆਂ ਦੇ ਮੈਂਬਰ ਬਣਨ ਤਕ ਸੀਮਤ ਹੋ ਗਈ ਸੀ, ਜਿਸ ਨਾਲ ਲੀਡਰੀ ਦਾ ਭੁੱਸ ਪੂਰਾ ਹੁੰਦਾ ਸੀ ਜਾਂ ਲੀਡਰੀ ਨਾਲ ਸੰਬੰਧਤ ਫ਼ਾਇਦੇ ਉਠਾਏ ਜਾ ਸਕਦੇ ਸਨ। ਮੇਰੀ ਦਿਲਚਸਪੀ ਤਾਂ ਅਧਿਆਪਨ ਵਿਚ ਸੀ ਜਾਂ ਲੇਖਣ ਵਿਚ। ਸਭਾ-ਸੁਸਾਇਟੀਆਂ ਵਿਚ ਹਿੱਸਾ ਲੈਣਾ ਮੈਨੂੰ ਇਨ੍ਹਾਂ ਕੰਮਾਂ ਵਿਚ ਰੁਕਾਵਟ ਜਾਪਦਾ ਸੀ। ਇਸ ਤੋਂ ਛੁਟ ਮੇਰੇ ਵਿਚ ਲੀਡਰ ਬਣਨ ਦੀ ਯੋਗਤਾ ਵੀ ਨਹੀਂ ਸੀ, ਸੋ ਮੈਂ ਅਗਲੇ ਪੰਦਰ੍ਹਾਂ ਵਰ੍ਹੇ ਕਿਸੇ ਸੰਸਥਾ ਨਾਲ ਨਹੀਂ ਜੁੜਿਆ ਅਤੇ ਅੰਤ ਜਦ ਮੈਨੂੰ ਲੋਕ-ਜੀਵਨ ਵਿਚ ਹਿੱਸਾ ਲੈਣਾ

ਹੀ ਪਿਆ, ਤਾਂ ਇਹਦੇ ਲਈ ਕੇਵਲ ਮੇਰੀ ਨੀਲੀ ਪਗੜੀ ਜ਼ਿੰਮੇਵਾਰ ਸੀ, ਜੋ ਮੈਂ ਅਕਾਲੀ ਹੋਣ ਕਰਕੇ ਨਹੀਂ, ਸਗੋਂ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਬੰਨ੍ਹੀ ਸੀ।

1925 ਵਿਚ ਮੈਂ ਜੇ. ਏ. ਵੀ. ਪਾਸ ਕੀਤੀ ਤੇ 1929 ਦੇ ਅਪਰੈਲ ਤਕ ਵਖ ਵਖ ਸਕੂਲਾਂ ਵਿਚ ਅਧਿਆਪਕ ਲੱਗਾ ਰਿਹਾ। ਇਸ ਵੇਲੇ ਤਕ ਕਾਲੀ ਪੱਗ ਦਾ ਹਊਆ ਤਾਂ ਖ਼ਤਮ ਹੋ ਗਿਆ ਸੀ, ਪਰ ਇੱਕ ਵਾਰੀ ਫਿਰ ਇਹਨੇ ਮਾੜੀ ਜਿਹੀ ਅੜਿੱਚਣ ਪਾਈ। ਸਿਖ ਕੰਨਿਆ ਮਹਾਂ- ਵਿਦਿਆਲਾ ਫ਼ੀਰੋਜ਼ਪੁਰ ਵਿਚ ਇਕ ਅਧਿਆਪਕ ਦੀ ਥਾਂ ਖ਼ਾਲੀ ਸੀ ਤੇ ਉੱਥੇ ਪੜ੍ਹਾਉਂਦੇ ਮੇਰੇ ਇਕ ਹਿਤੈਸ਼ੀ ਮਾਸਟਰ ਕਰਮ ਸਿੰਘ ਨੇ ਇਸ ਦੇ ਮੈਨੇਜਰ ਭਾਈ ਤਖ਼ਤ ਸਿੰਘ ਕੋਲ ਮੇਰੀ ਪ੍ਰਸ਼ੰਸਾ ਕਰ ਕੇ ਮੇਰੀ ਨਿਯੁਕਤੀ ਦੀ ਪ੍ਰਵਾਨਗੀ ਲੈ ਲਈ। ਜਦ ਮੈਂ ਵਿਦਿਆਲੇ ਪੁੱਜਾ, ਤਾਂ ਮਾਸਟਰ ਕਰਮ ਸਿੰਘ ਨੇ ਆਖਿਆ ਕਿ ਭਾਈ ਸਾਹਿਬ ਨੂੰ ਅਕਾਲੀਆਂ ਨਾਲ ਕੁਝ ਚਿੜ੍ਹ ਜਿਹੀ ਹੈ, ਇਸ ਲਈ ਚੰਗਾ ਹੋਵੇ ਕਿ ਤੁਸੀਂ ਚਿੱਟੀ ਜਾਂ ਕਿਸੇ ਹੋਰ ਰੰਗ ਦੀ ਪੱਗ ਬੰਨ੍ਹ ਕੇ ਉਨ੍ਹਾਂ ਦੇ ਸਾਹਮਣੇ ਪੇਸ਼ ਹੋਵੋ। ਜਦ ਮੈਂ ਆਖਿਆ ਕਿ "ਮੈਂ ਅਕਾਲੀ ਨਹੀਂ ਹਾਂ', ਤਾਂ ਉਹ ਕਹਿਣ ਲੱਗੇ, "ਕਾਲੀ ਪੱਗ ਕਰਕੇ ਤੁਸੀਂ ਅਕਾਲੀ ਹੀ ਸਮਝੇ ਜਾਓਗੇ।" ਪਰ ਇਸ ਤਰ੍ਹਾਂ ਕਾਲੀ ਪੱਗ ਉਤਾਰਨੀ ਮੈਨੂੰ ਮਨਜ਼ੂਰ ਨਹੀਂ ਸੀ ਤੇ ਮੈਂ ਅਸਲੀ ਰੰਗ ਵਿਚ ਹੀ ਭਾਈ ਸਾਹਿਬ ਕੋਲ ਪੇਸ਼ ਹੋਇਆ। ਸਬੱਬ ਨਾਲ ਉਨ੍ਹਾਂ ਨੇ ਮੇਰੇ ਉਤੇ ਪਹਿਲਾ ਸੁਆਲ ਇਹ ਕੀਤਾ ਕਿ "ਤੁਸੀਂ ਵਿਆਹੇ ਹੋਏ ਹੋ ਕਿ ਨਹੀਂ ?" ਅਤੇ ਜਦ ਮੈਂ ਆਖਿਆ ਕਿ ਅਜੇ ਮੇਰੀ ਸ਼ਾਦੀ ਨਹੀਂ ਹੋਈ, ਤਾਂ ਉਨ੍ਹਾਂ ਨੇ ਲਗ ਪਗ ਆਖ਼ਰੀ ਫ਼ੈਸਲਾ ਦੇਂਦੇ ਹੋਏ ਆਖਿਆ ਕਿ "ਅਸੀਂ ਅਣ-ਵਿਆਹੇ ਪੁਰਸ਼ ਨੂੰ ਵਿਦਿਆਲੇ ਵਿਚ ਨੌਕਰੀ ਨਹੀਂ ਦੇ ਸਕਦੇ।" ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਜੇ ਮੈਂ ਆਪਣੇ ਆਚਰਣ ਬਾਰੇ ਭਾਈ ਜੋਧ ਸਿੰਘ ਹੋਰਾਂ ਕੋਲੋਂ ਉਨ੍ਹਾਂ ਦੀ ਤਸਲੀ ਕਰਾ ਦਿਆਂ, ਫਿਰ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ, ਤਾਂ ਉਹ ਇਹ ਗੱਲ ਮੰਨ ਗਏ। ਇਸ ਗੰਭੀਰ ਵਾਰਤਾਲਾਪ ਵਿਚ ਮੇਰੀ ਪਗੜੀ ਵੱਲ ਉਨ੍ਹਾਂ ਦਾ ਧਿਆਨ ਕਿੱਥੇ ਜਾਣਾ ਸੀ। ਮੈਂ ਅੰਮ੍ਰਿਤਸਰ ਗਿਆ ਤੇ ਭਾਈ ਜੋਧ ਸਿੰਘ ਹੋਰਾਂ ਤੋਂ ਭਾਈ ਤਖ਼ਤ ਸਿੰਘ ਦੇ ਨਾਂ ਚਿੱਠੀ ਲੈ ਆਇਆ, ਜਿਸ ਵਿਚ ਉਨ੍ਹਾਂ ਨੇ ਮੇਰੇ ਆਚਰਣ ਬਾਰੇ ਪੂਰੀ ਜ਼ਿੰਮੇਵਾਰੀ ਲਈ ਸੀ। ਸੋ ਵਿਦਿਆਲੇ ਵਿਚ ਮੇਰੇ ਨਿਯੁਕਤੀ ਹੋ ਗਈ। ਇੱਥੇ ਰਹਿੰਦਿਆਂ ਹੀ ਮੈਂ 1929 ਵਿਚ ਪ੍ਰਾਈਵੇਟ ਬੀ. ਏ. ਪਾਸ ਕਰ ਲਈ ਤੇ ਉਸੇ ਸਾਲ ਸੈਂਟਰਲ ਟ੍ਰੇਨਿੰਗ ਕਾਲਜ ਦੀ ਐਸ. ਏ. ਵੀ. ਕਲਾਸ ਵਿਚ ਦਾਖ਼ਲ ਹੋ ਗਿਆ, ਜੋ ਬੀ. ਟੀ. ਜਾਂ ਬੀ. ਐੱਡ. ਦੇ ਬਰਾਬਰ ਹੁੰਦੀ ਸੀ। ਅਗਲੇ ਸਾਲ ਇਹ ਪ੍ਰੀਖਿਆ ਪਾਸ ਕਰ ਕੇ ਮੈਂ ਕਈ ਮਹੀਨੇ ਗੁਰੂ ਨਾਨਕ ਵਿਦਿਆ ਭੰਡਾਰ ਵੱਲੋਂ ਖੋਲ੍ਹੇ ਗਏ 35-40 ਪ੍ਰਾਇਮਰੀ ਸਕੂਲਾਂ ਦਾ ਇੰਸਪੈੱਕਟਰ ਲੱਗਾ ਰਿਹਾ, ਜੋ ਬਹੁਤਾ ਕਰਕੇ ਅੰਮ੍ਰਿਤਸਰ ਜ਼ਿਲੇ ਦੇ ਪਿੰਡਾਂ ਵਿਚ ਸਨ। ਪਰ ਹੁਣ ਲੇਖਣ ਵਿਚ ਮੇਰੀ ਦਿਲਚਸਪੀ ਵਧਦੀ ਜਾ ਰਹੀ ਸੀ। ਟ੍ਰੇਨਿੰਗ ਕਾਲਜ ਵਿਚ ਦਾਖ਼ਲ ਹੋਣ ਤੋਂ ਕੁਝ ਚਿਰ ਪਹਿਲਾਂ ਮੈਂ ਪੰਜਾਬੀ ਦੇ ਪਹਿਲੇ ਮਾਸਕ ਪੱਤਰ 'ਫੁਲਵਾੜੀ' ਵਿੱਚ ਲੇਖ ਲਿਖਣੇ ਸ਼ੁਰੂ ਕਰ ਦਿੱਤੇ ਸਨ, ਜਿਨ੍ਹਾਂ ਨੂੰ ਇਸ ਦੇ ਸੰਪਾਦਕ ਨੇ ਪਸੰਦ ਕੀਤਾ ਸੀ। ਸੈਂਟਰਲ ਟ੍ਰੇਨਿੰਗ ਕਾਲਜ ਵਿਚ ਮੈਨੂੰ ਕਾਲਜ ਮੈਗਜ਼ੀਨ ਦੇ ਪੰਜਾਬੀ ਸੈਕਸ਼ਨ ਦਾ ਸੰਪਾਦਕ ਬਣਾ ਦਿੱਤਾ ਗਿਆ ਸੀ ਤੇ ਲਾਹੌਰ ਵਿਚ ਮੈਂ ਪੰਜਾਬੀ ਦੇ ਕੁਝ ਉੱਘੇ ਲੇਖਕਾਂ ਨਾਲ ਸੰਪਰਕ ਪੈਦਾ ਕਰ ਲਿਆ ਸੀ।

ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਿਆਂ ਮੈਂ ਲਾਇਬਰੇਰੀ ਵਿਚੋਂ ਦੋ ਸੌ ਦੇ ਕਰੀਬ ਉਰਦੂ ਦੀਆਂ ਉਹ ਛੋਟੀਆਂ-ਛੋਟੀਆਂ ਕਿਤਾਬਾਂ ਪੜ੍ਹੀਆਂ ਸਨ, ਜਿਨ੍ਹਾਂ ਵਿਚ ਰਾਜਿਆਂ-ਰਾਣੀਆਂ, ਜਿੰਨਾਂ-ਪਰੀਆਂ ਤੇ ਪਸ਼ੂ-ਪੰਛੀਆਂ ਦੀਆਂ ਬਹੁਤ ਦਿਲਚਸਪ ਲੋਕ-ਕਹਾਣੀਆਂ ਹੁੰਦੀਆ ਸਨ। ਸਕੂਲ ਵਿਚ ਆਉਂਦੇ ਉਰਦੂ ਵਿਚ ਬੱਚਿਆਂ ਦੇ ਰਸਾਲਿਆਂ—ਫੂਲ, ਗੁਲਦਸਤਾ, ਨੌਨਿਹਾਲ ਤੇ ਹੋਨਾਰ ਨੂੰ ਵੀ ਮੈਂ ਬੜੇ ਸ਼ੌਕ ਨਾਲ ਪੜ੍ਹਦਾ ਸਾਂ। ਪਰ ਜਦ ਮੈਂ ਪੰਜਵੀਂ ਜਮਾਤ ਪਾਸ ਕਰ ਕੇ ਖ਼ਾਲਸਾ ਹਾਈ

ਸਕੂਲ ਗੁਜਰਾਂਵਾਲੇ ਵਿਚ ਦਾਖ਼ਲ ਹੋਇਆ ਅਤੇ ਪੰਜਾਬੀ ਪੜ੍ਹਨੀ ਸਿੱਖੀ, ਤਾਂ ਇਹ ਵੇਖ ਕੇ ਬੜੀ ਨਿਰਾਸਤਾ ਹੋਈ ਕਿ ਪੰਜਾਬੀ ਵਿਚ ਛੋਟੇ ਬੱਚਿਆਂ ਲਈ ਨਾ ਕੋਈ ਇਹੋ ਜਿਹੀ ਪੁਸਤਕ ਸੀ, ਨਾ ਕੋਈ ਮਾਸਿਕ ਜਾਂ ਸਪਤਾਹਿਕ ਪੱਤਰ। ਜੇ. ਏ. ਵੀ. ਪਾਸ ਕਰ ਕੇ ਮੈਂ ਪੰਜ ਸਾਲ ਖ਼ਾਲਸਾ ਸਕੂਲਾਂ ਵਿਚ ਹੀ ਪੜ੍ਹਾਂਦਾ ਰਿਹਾ ਸਾਂ। ਉਥੇ ਵੀ ਇਹ ਕਮੀ ਮੈਨੂੰ ਬੁਰੀ ਤਰ੍ਹਾਂ ਖਟਕਦੀ ਰਹੀ। ਆਖ਼ਰ ਜਦ ਲਿਖਣ ਵਿਚ ਮੇਰੀ ਦਿਲਚਸਪੀ ਵਧ ਗਈ, ਤਾਂ ਮੈਂ ਪੰਜਾਬੀ ਵਿਚ ਬੱਚਿਆਂ ਦਾ ਮਾਸਕ-ਪੱਤਰ ਜਾਰੀ ਕਰਨ ਦਾ ਫ਼ੈਸਲਾ ਕਰ ਲਿਆ ਤੇ ਜਨਵਰੀ 1932 ਤੋਂ ਅੰਮ੍ਰਿਤਸਰੋਂ 'ਬਾਲਕ' ਨਾਂ ਦਾ ਪਹਿਲਾ ਬਾਲ-ਰਸਾਲਾ ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ।

ਇਸ ਪਰਚੇ ਨੂੰ ਕਾਮਯਾਬ ਕਰਨ ਲਈ ਮੈਂ ਬੜੀ ਮਿਹਨਤ ਕੀਤੀ। ਪੰਜਾਬੀ ਵਿਚ ਮੌਖਿਕ ਰੂਪ ਵਿਚ ਬਾਲ-ਸਾਹਿਤ ਦੀ ਕੋਈ ਕਮੀ ਨਹੀਂ ਸੀ। ਰਾਜਿਆਂ-ਰਾਣੀਆਂ, ਪਸ਼ੂ-ਪੰਛੀਆਂ ਦੀਆਂ ਲੋਕ-ਕਥਾਵਾਂ ਸਨ, ਕਿਕਲੀ ਦੇ ਗੀਤ, ਲੋਰੀਆਂ, ਟੱਪੇ, ਥਾਲ, ਲੋਹੜੀ ਦੇ ਗੀਤ ਅਤੇ ਸੁਰ-ਬੱਧ ਕੀਤੀਆਂ ਬੁਝਾਰਤਾਂ ਸਨ। ਇਹ ਸਾਰੀ ਸਮਿਗਰੀ ਵਧੇਰੇ ਸਜਾ-ਸੰਵਾਰ ਕੇ ਦਿੱਤੀ ਗਈ। ਉਸ ਵੇਲੇ ਪੰਜਾਬੀ ਦੇ ਲੇਖਕ ਬੱਚਿਆਂ ਲਈ ਲਿਖਣਾ ਘਟੀਆ ਕੰਮ ਸਮਝਦੇ ਸਨ। ਮੈਂ ਜ਼ਾਤੀ ਤੌਰ ਤੇ ਬਹੁਤ ਸਾਰੇ ਉੱਘੇ ਲੇਖਕਾਂ—ਧਨੀ ਰਾਮ ਚਾਤ੍ਰਿਕ, ਬ੍ਰਿਜ ਲਾਲ ਸ਼ਾਸਤਰੀ, ਕਿਰਪਾ ਸਾਗਰ, ਗੁਰਬਖ਼ਸ਼ ਸਿੰਘ ਪ੍ਰੀਤ ਲੜੀ, ਸੁਜਾਨ ਸਿੰਘ ਆਦਿ ਨੂੰ ਬੱਚਿਆਂ ਵਾਸਤੇ ਵਿਸ਼ੇਸ਼ ਕਹਾਣੀਆਂ ਤੇ ਕਵਿਤਾਵਾਂ ਲਿਖਣ ਲਈ ਪ੍ਰੇਰ ਲਿਆ। ਫ਼ੀਰੋਜ਼ਦੀਨ ਸ਼ਰਫ਼, ਵਿਧਾਤਾ ਸਿੰਘ ਤੀਰ ਤੇ ਦਰਸ਼ਨ ਸਿੰਘ ਅਵਾਰਾ ਆਦਿ ਵੀ ਇਹਦੇ ਲਈ ਕਵਿਤਾਵਾਂ ਲਿਖਣ ਲਗ ਪਏ। ਸਮਿਗਰੀ ਤੋਂ ਬਿਨਾਂ ਇਹਦੀ ਦੱਖ ਵੱਲ ਉਚੇਚਾ ਧਿਆਨ ਦਿੱਤਾ ਗਿਆ। ਚੰਗੇ ਕਾਗਜ਼ ਤੇ ਵਧੀਆ ਛਪਾਈ ਤੋਂ ਛੁਟ ਤ੍ਰੈ-ਰੰਗੀਆਂ ਤੇ ਇਕ-ਰੰਗੀਆਂ ਤਸਵੀਰਾਂ ਵੀ ਦਿੱਤੀਆਂ। ਪਰ ਪਰਚਾ ਸ਼ੁਰੂ ਕਰਨ ਲੱਗਿਆਂ ਮੈਂ ਇਹਦੀ ਲੋੜ ਦਾ ਹੀ ਖ਼ਿਆਲ ਕੀਤਾ ਸੀ, ਇਹਦੀ ਸਫ਼ਲਤਾ ਦੇ ਰਾਹ ਦੀਆਂ ਰੁਕਾਵਟਾਂ ਤੇ ਵਿਚਾਰ ਨਹੀਂ ਕੀਤਾ ਸੀ। ਉਸ ਵੇਲੇ ਪੰਜਾਬੀ ਸਿਰਫ਼ ਖ਼ਾਲਸਾ ਮਿਡਲ ਤੇ ਹਾਈ ਸਕੂਲਾਂ ਵਿਚ ਪੜ੍ਹਾਈ ਜਾਂਦੀ ਸੀ। ਪਹਿਲੀਆਂ ਪੰਜ ਜਮਾਤਾਂ ਵਿਚ ਤਾਂ ਸਾਰੇ ਵਿਦਿਆਰਥੀ ਕੇਵਲ ਉਰਦੂ ਪੜ੍ਹਦੇ ਸਨ। ਪੜ੍ਹਾਈ ਦਾ ਮਾਧਿਅਮ ਤੇ ਮੁਖ ਭਾਸ਼ਾ ਉਰਦੂ ਸੀ। ਕਚਹਿਰੀਆਂ ਤੇ ਸਰਕਾਰੀ ਦਫ਼ਤਰਾਂ ਵਿਚ ਵੀ ਸਾਰੀ ਕਾਰਵਾਈ ਉਰਦੂ ਵਿਚ ਹੁੰਦੀ ਸੀ। ਕਿਸੇ ਵੀ ਨੌਕਰੀ ਲਈ ਪੰਜਾਬੀ ਦੀ ਕੋਈ ਲੋੜ ਨਹੀਂ ਸੀ, ਸੋ ਸਿਖ ਮਾਪਿਆਂ ਨੂੰ ਵੀ ਪੰਜਾਬੀ ਵਿਚ ਕੋਈ ਦਿਲਚਸਪੀ ਨਹੀਂ ਸੀ। ਨਤੀਜਾ ਇਹ ਹੋਇਆ ਕਿ ਸਾਰਾ ਜ਼ੋਰ ਲਾਉਣ ਤੇ ਵੀ ਪਰਚੇ ਦੀ ਗਿਣਤੀ 500 ਤੋਂ ਨਾ ਵਧ ਸਕੀ, ਜਿਸ ਨਾਲ ਮੇਰੀ ਰੋਜ਼ੀ-ਰੋਟੀ ਵੀ ਨਹੀਂ ਚਲ ਸਕਦੀ ਸੀ। ਪਰਚਾ ਮੈਂ ਬੰਦ ਨਹੀਂ ਕਰਨਾ ਚਾਹੁੰਦਾ ਸਾਂ, ਪਰ ਜਦ ਪੰਜ ਸਾਲ ਪੂਰਾ ਜ਼ੋਰ ਲਾ ਕੇ ਵੀ ਹਾਲਤ ਡਾਵਾਂ ਡੋਲ ਰਹੀ, ਤਾਂ ਮੈਂ ਸੋਚਿਆ ਕਿ ਮੈਨੂੰ ਆਪਣੀ ਰੋਜ਼ੀ-ਰੋਟੀ ਲਈ ਨਾਲ ਅਧਿਆਪਨ ਦਾ ਕੰਮ ਸ਼ੁਰੂ ਕਰਨਾ ਪਵੇਗਾ। ਸਕੂਲਾਂ ਵਿਚ ਨੌਕਰੀ ਮਿਲ ਸਕਦੀ ਸੀ, ਪਰ ਉੱਥੇ ਪੂਰਾ ਵਕਤ ਦੇ ਕੇ ਪਰਚੇ ਦਾ ਕੰਮ ਨਹੀਂ ਹੋ ਸਕਦਾ ਸੀ। ਸੋ ਆਮਦਨ ਵਧਾਉਣ ਲਈ ਕੁੜੀਆਂ ਤੇ ਮੁੰਡਿਆਂ ਦੀਆਂ ਗਿਆਨੀ ਦੀਆਂ ਜਮਾਤਾਂ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ। ਜਿਨ੍ਹਾਂ ਲਈ ਢਾਈ ਤਿੰਨ ਘੰਟੇ ਰੋਜ਼ ਸਹਿਜੇ ਹੀ ਕੱਢੇ ਜਾ ਸਕਦੇ ਸਨ। ਗੁਜਰਾਂਵਾਲੇ ਨਾਲ ਪਿਛਲੇ ਵੀਹ ਸਾਲ ਤੋਂ ਮੇਰੀ ਚੋਖੀ ਸਾਂਝ ਬਣੀ ਹੋਈ ਸੀ ਤੇ ਇੱਥੇ ਇਹ ਜਮਾਤਾਂ ਕਾਮਯਾਬੀ ਨਾਲ ਚਲਾਈਆਂ ਜਾ ਸਕਦੀਆਂ ਸਨ। ਸੋ ਮੈਂ ਅੰਮ੍ਰਿਤਸਰ ਤੋਂ ਗੁਜਰਾਂਵਾਲੇ ਆਉਣ ਦਾ ਫ਼ੈਸਲਾ ਕਰ ਲਿਆ। ਇਹ ਗੱਲ ਮੇਰੇ ਚਿੱਤ-ਚੇਤੇ ਵੀ ਨਹੀਂ ਸੀ ਕਿ ਇੱਥੇ ਆ ਕੇ ਮੇਰੇ ਸੁਭਾਅ ਦੇ ਬਿਲਕੁਲ ਉਲਟ ਇਕ ਅਜਿਹਾ ਅਣਚਾਹਿਆ ਕੰਮ ਮੇਰੇ ਗਲ ਪੈ ਜਾਏਗਾ, ਜਿਸ ਨਾਲ ਮੇਰੇ ਜੀਵਨ ਦੀ ਧਾਰਾ ਹੀ ਬਦਲ ਜਾਏਗੀ।

ਦੂਜਾ ਕਾਂਡ

ਗੁਜਰਾਂਵਾਲੇ ਵਿਚ ਨੇਤਾਗਿਰੀ

ਅਕਤੂਬਰ ਦਾ ਪਰਚਾ ਡਾਕ ਵਿਚ ਪਾ ਕੇ ਅਤੇ ਕਿਤਾਬਾਂ ਦਾ ਬਕਾਇਆ ਸਟਾਕ ਤੇ ਹੋਰ ਲਟਾ-ਪਟਾ ਸਮੇਟ ਕੇ 14 ਅਕਤੂਬਰ 1936 ਨੂੰ ਮੈਂ ਗੁਜਰਾਂਵਾਲੇ ਆ ਗਿਆ। ਇੱਥੇ ਛੇ ਸਾਲ ਪੜ੍ਹਦਿਆਂ ਆਪਣੇ ਬਹੁਤ ਸਾਰੇ ਅਧਿਆਪਕਾਂ ਨਾਲ ਮੇਰੀ ਸਾਂਝ ਬਣੀ ਹੋਈ ਸੀ। ਮੇਰੇ ਕੁਝ ਜਮਾਤੀ ਖ਼ਾਲਸਾ ਸਕੂਲ ਵਿਚ ਟੀਚਰ ਲਗ ਗਏ ਸਨ ਤੇ ਕੁਝ ਹੋਰ ਦਫ਼ਤਰਾਂ ਵਿਚ ਕਲਰਕ ਆਦਿ। ਡਾਕਟਰ ਮਹਾਂ ਸਿੰਘ, ਜੋ ਇਸ ਵੇਲੇ ਸਿੰਘ ਸਭਾ ਦੇ ਇਕ ਸਿਰਕੱਢ ਮੈਂਬਰ ਸਨ, ਦੋ ਸਾਲ ਮੇਰੇ ਅਧਿਆਪਕ ਰਹੇ ਸਨ ਅਤੇ ਮੇਰੇ ਮਸੇਰ ਭਰਾ ਨਰਾਇਣ ਸਿੰਘ ਵਕੀਲ ਕਈ ਸੰਸਥਾਵਾਂ ਦੇ ਉੱਘੇ ਮੈਂਬਰ ਸਨ। ਇਨ੍ਹਾਂ ਸੰਬੰਧਾਂ ਦੇ ਕਾਰਨ ਬਹੁਤੇ ਲੋਕ ਮੈਨੂੰ ਪਹਿਲਾਂ ਹੀ ਜਾਣਦੇ ਸਨ। ਇੱਸੇ ਸ਼ਹਿਰ ਵਿਚ ਸ਼ਾਦੀ ਹੋ ਜਾਣ ਕਰਕੇ ਇਹ ਸਾਂਝ ਹੋਰ ਵਧ ਗਈ ਸੀ। ਪਰ ਇਸ ਸਭ ਕੁਝ ਦੇ ਬਾਵਜੂਦ ਮੈਨੂੰ ਹੌਲੀ ਹੌਲੀ ਸਭਾ-ਸੁਸਾਇਟੀਆਂ ਨਾਲ ਜੋੜਨ ਦਾ ਮੁਖ ਕਾਰਨ ਮੇਰੀ ਨੀਲੀ ਪਗੜੀ ਹੀ ਬਣੀ, ਜਿਸ ਕਰਕੇ ਅਕਸਰ ਨਵਾਕਫ਼ ਸੱਜਣ ਮੈਨੂੰ ਅਕਾਲੀ ਸਮਝਦੇ ਸਨ।

ਗੁਜਰਾਂਵਾਲੇ ਆਉਣ ਤੋਂ ਦੂਜੇ-ਤੀਜੇ ਦਿਨ ਬਾਅਦ ਮੈਂ ਇਕ ਛੋਟਾ ਜਿਹਾ ਇਸ਼ਤਿਹਾਰ ਛਪਵਾਉਣ ਲਈ ਗੁਰੂ ਨਾਨਕ ਪ੍ਰੈੱਸ ਵਿਚ ਬੈਠਾ ਹੋਇਆ ਸਾਂ ਕਿ ਉੱਥੇ ਇਕ ਨੀਲੀ ਪਗੜੀ ਵਾਲੇ ਸੱਜਣ ਆ ਗਏ। ਉਨ੍ਹਾਂ ਬਾਰੇ ਮੈਨੂੰ ਪਿਛੋਂ ਪਤਾ ਲੱਗਾ ਕਿ ਉਹ ਅਕਾਲੀ ਜਥਾ ਸ਼ਹਿਰ ਦੇ ਸਕੱਤਰ ਅਵਤਾਰ ਸਿੰਘ ਖ਼ਾਲਸਾ ਸਨ। ਪ੍ਰੈੱਸ ਦੇ ਮਾਲਕ ਚਰਨ ਸਿੰਘ ਮੈਨੂੰ ਚੰਗੀ ਤਰ੍ਹਾਂ ਜਾਣਦੇ ਸਨ। ਜਾਪਦਾ ਹੈ ਕਿ ਖ਼ਾਲਸਾ ਜੀ ਵੱਲੋਂ ਮੇਰੇ ਬਾਰੇ ਪੁੱਛਣ ਉੱਤੇ ਉਨ੍ਹਾਂ ਨੇ ਮੇਰੀ ਲਿਖਣ ਤੇ ਬੋਲਣ ਦੀ ਯੋਗਤਾ ਬਾਬਤ ਕੁਝ ਵਧੇਰੇ ਹੀ ਵਧਾ-ਚੜ੍ਹਾ ਕੇ ਦੱਸਿਆ ਹੋਵੇਗਾ, ਕਿਉਂਕਿ ਦੂਜੇ ਦਿਨ ਹੀ ਉਹ ਮੇਰੇ ਦਫ਼ਤਰ ਵਿਚ ਆਏ ਤੇ ਕਹਿਣ ਲੱਗੇ ਕਿ ਉਹ ਮਹਾਰਾਜਾ ਰਣਜੀਤ ਸਿੰਘ ਦੇ ਜਨਮ-ਅਸਥਾਨ ਉੱਤੇ 2 ਨਵੰਬਰ ਨੂੰ ਮਹਾਰਾਜੇ ਦਾ ਜਨਮ-ਦਿਨ ਮਨਾ ਰਹੇ ਹਨ ਤੇ ਇਸ ਸੰਬੰਧ ਵਿਚ ਮੈਂ ਉਨ੍ਹਾਂ ਨੂੰ ਇਕ ਇਸ਼ਤਿਹਾਰ ਲਿਖ ਦਿਆਂ ਤੇ ਉਸ ਦਿਨ ਤਕਰੀਰ ਕਰਨ ਲਈ ਦੀਵਾਨ ਵਿਚ ਆਵਾਂ। ਇਸ਼ਤਿਹਾਰ ਤਾਂ ਮੈਂ ਉਨ੍ਹਾਂ ਨੂੰ ਲਿਖ ਦਿੱਤਾ, ਪਰ ਦੀਵਾਨ ਵਿਚ ਹਾਜ਼ਰ ਨਾ ਹੋ ਸਕਣ ਤੋਂ ਇਹ ਆਖ ਕੇ ਮਾਫ਼ੀ ਮੰਗ ਲਈ ਕਿ ਮਹੀਨੇ ਦੇ ਪਹਿਲੇ ਦਿਨਾਂ ਵਿਚ ਮੈਂ ਆਪਣਾ ਪਰਚਾ ਛਪਵਾਉਣ ਲਈ ਅੰਮ੍ਰਿਤਸਰ ਜਾਣਾ ਹੁੰਦਾ ਹੈ।

ਇਸ ਤੋਂ ਦੋ ਮਹੀਨੇ ਬਾਅਦ 1937 ਵਿਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਆ ਗਈਆਂ। ਸ਼ਹਿਰ ਦੀ ਸਿਖ ਸੀਟ ਉੱਤੇ ਮੁਕਾਬਲਾ ਸੁੰਦਰ ਸਿੰਘ ਮਜੀਠੀਆ ਦੀ ਸਿਖ ਨੈਸ਼ਨਲਿਸਟ ਪਾਰਟੀ ਦੇ ਉਮੀਦਵਾਰ ਉੱਜਲ ਸਿੰਘ ਅਤੇ ਅਕਾਲੀ-ਕਾਂਗਰਸੀ ਗੱਠ-ਜੋੜ ਦੇ ਉਮੀਦਵਾਰ ਟਹਿਲ ਸਿੰਘ

ਛੱਜਲ ਵੱਢੀ ਦੇ ਵਿਚਕਾਰ ਸੀ। ਤਰੀਕਾਂ ਦਾ ਐਲਾਨ ਹੁੰਦਿਆਂ ਹੀ 'ਖ਼ਾਲਸਾ' ਜੀ ਮੇਰੇ ਕੋਲ ਆਏ ਕਿ ਮੈਂ ਉਨ੍ਹਾਂ ਨੂੰ ਟਹਿਲ ਸਿੰਘ ਦੇ ਹੱਕ ਵਿਚ ਇਸ਼ਤਿਹਾਰ ਲਿਖ ਦਿਆ ਕਰਾਂ। ਮੇਰੀ ਆਪਣੀ ਵਿਚਾਰ-ਧਾਰਾ ਅਕਾਲੀ ਦਲ ਤੇ ਕਾਂਗਰਸ ਨਾਲ ਮਿਲਦੀ ਸੀ, ਇਸ ਲਈ ਮੈਂ ਉਨ੍ਹਾਂ ਦੀ ਗੱਲ ਪਰਵਾਨ ਕਰ ਲਈ ਤੇ ਸਮੇਂ ਸਮੇਂ ਆਪਣੀ ਸਮਝ ਅਨੁਸਾਰ ਅਕਾਲੀ-ਕਾਂਗਰਸੀ ਉਮੀਦਵਾਰ ਦੇ ਹੱਕ ਵਿਚ ਵੋਟਾਂ ਪਾਉਣ ਦੀ ਪ੍ਰੇਰਨਾ ਕਰਨ ਵਾਲੇ ਇਸ਼ਤਿਹਾਰ ਲਿਖ ਦੇਂਦਾ ਰਿਹਾ।

ਇਸ ਚੋਣ ਦਾ ਇਕ ਦਿਲਚਸਪ ਤੇ ਵਿਅੰਗਆਤਮਕ ਪਹਿਲੂ ਇਹ ਸੀ ਕਿ ਸ਼ਹਿਰ ਵਿਚ ਅਕਾਲੀ ਦਲ ਦਾ ਜ਼ੋਰ ਹੁੰਦਿਆਂ ਵੀ ਲਗ ਪਗ ਸਾਰੇ ਸਿਰਕੱਢ ਅਕਾਲੀ ਆਗੂ ਤੇ ਵਰਕਰ ਉੱਜਲ ਸਿੰਘ ਨੂੰ ਵੋਟਾਂ ਪੁਆਉਣ ਲਈ ਪ੍ਰਚਾਰ ਕਰ ਰਹੇ ਸਨ। ਉੱਜਲ ਸਿੰਘ ਜੀ ਅਰੋੜੇ ਸਿਖ ਸਨ ਤੇ ਟਹਿਲ ਸਿੰਘ ਜੀ ਰਾਮਗੜ੍ਹੀਏ। ਸ਼ਹਿਰ ਵਿਚ ਖਤਰੀਆਂ-ਅਰੋੜਿਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ ਤੇ ਲਗ ਪਗ ਸਾਰਿਆਂ ਨੇ ਉੱਜਲ ਸਿੰਘ ਨੂੰ ਵੋਟਾਂ ਪਾਈਆਂ। ਟਹਿਲ ਸਿੰਘ ਨੂੰ ਸਿਰਫ਼ ਰਾਮਗੜ੍ਹੀਆ ਬਰਾਦਰੀ ਦੀਆਂ ਵੋਟਾਂ ਪਈਆਂ ਤੇ ਉਹ ਹਾਰ ਗਏ। ਇਸ ਵੇਲੇ ਅਵਤਾਰ ਸਿੰਘ ਖ਼ਾਲਸਾ ਇੱਕੋ ਇਕ ਅਜਿਹੇ ਸੱਜਣ ਸਨ, ਜੋ ਅਸੂਲ ਤੇ ਕਾਇਮ ਰਹਿੰਦੇ ਹੋਏ ਟਹਿਲ ਸਿੰਘ ਨੂੰ ਵੋਟਾਂ ਪੁਆਉਣ ਲਈ ਭੱਜ ਦੌੜ ਕਰਦੇ ਰਹੇ। ਉਹ ਮੇਰੇ ਕੋਲੋਂ ਇਸ਼ਤਿਹਾਰ ਲਿਖਵਾਉਂਦੇ, ਛਪਵਾਉਂਦੇ ਤੇ ਆਪ ਹੀ ਕੰਧਾਂ ਉੱਤੇ ਲਾਉਂਦੇ ਜਾਂ ਘਰ ਘਰ ਵੰਡਦੇ ਫਿਰਦੇ। ਉਸ ਵੇਲੇ ਤੋਂ ਹੀ ਉਨ੍ਹਾਂ ਦੀ ਅਸੂਲ-ਪ੍ਰਸਤੀ ਦਾ ਪ੍ਰਭਾਵ ਮੇਰੇ ਉੱਤੇ ਉਕਰਿਆ ਪਿਆ ਹੈ।

ਦੂਜੇ ਪਾਸੇ ਜ਼ਿਲ੍ਹੇ ਦੀ ਦਿਹਾਤੀ ਸੀਟ ਉੱਤੇ ਵੀ ਇਹੀ ਹਾਲ ਸੀ। ਉੱਥੇ ਸਿਖ ਨੈਸ਼ਨਲਿਸਟ ਪਾਰਟੀ ਦੇ ਉਮੀਦਵਾਰ ਜੁਗਿੰਦਰ ਸਿੰਘ ਮਾਨ ਸਨ ਤੇ ਅਕਾਲੀ-ਕਾਂਗਰਸੀ ਗੱਠ-ਜੋੜ ਨੇ ਸ਼ਹਿਰ ਦੇ ਸਿਰਕੱਢ ਅਕਾਲੀ ਆਗੂ ਅਵਤਾਰ ਸਿੰਘ ਬੈਰਿਸਟਰ ਨੂੰ ਖੜਾ ਕੀਤਾ ਹੋਇਆ ਸੀ। ਸਰਦਾਰ ਮਾਨ ਜੱਟ ਸਿਖ ਸਨ ਤੇ ਸ. ਅਵਤਾਰ ਸਿੰਘ ਭਾਟੀਏ। ਜ਼ਿਲ੍ਹੇ ਵਿਚ ਜੱਟਾਂ ਦੀ ਭਾਰੀ ਬਹੁ-ਗਿਣਤੀ ਸੀ ਤੇ ਸਭ ਨੇ ਸਰਦਾਰ ਮਾਨ ਨੂੰ ਵੋਟਾਂ ਪਾਈਆਂ ਤੇ ਸ. ਅਵਤਾਰ ਸਿੰਘ ਜੀ ਵੀ ਹਾਰ ਗਏ। ਉਹ ਗੁਜਰਾਂਵਾਲੇ ਦੇ ਸਿਖਾਂ ਦੇ ਸਿਰਕੱਢ ਆਗੂ ਸਨ, ਇਸ ਲਈ ਉਨ੍ਹਾਂ ਦੀ ਹਾਰ ਨਾਲ ਸਾਰੇ ਸਿੱਖਾਂ ਨੂੰ ਭਾਰੀ ਨਿਰਾਸਤਾ ਹੋਈ। ਉਹ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਵੀ ਸਨ ਤੇ ਇਸੇ ਸਾਲ (1937 ਵਿਚ) ਸਭਾ ਦੀਆਂ ਨਵੀਆਂ ਚੋਣਾਂ ਹੋਣੀਆਂ ਸਨ। ਇਸ ਨਿਰਾਸਤਾ ਵਾਲੇ ਵਾਤਾਵਰਣ ਵਿਚ ਸਭਾ ਨੇ ਚੋਣਾਂ ਇਕ ਸਾਲ ਲਈ ਮੁਲਤਵੀ ਕਰ ਦਿੱਤੀਆਂ ਤੇ ਫ਼ੈਸਲਾ ਕੀਤਾ ਕਿ ਪਿਛਲੇ ਤਿੰਨ ਸਾਲਾਂ ਵਿਚ ਖ਼ਾਲੀ ਹੋਈਆਂ ਥਾਵਾਂ ਨਾਮਜ਼ਦਗੀ ਨਾਲ ਪੂਰ ਕਰ ਲਈਆਂ ਜਾਣ। ਪਤਾ ਨਹੀਂ, ਕਿਸ ਦੀ ਤਜਵੀਜ਼ ਉੱਤੇ ਮੈਨੂੰ ਵੀ ਮੈਂਬਰ ਨਾਮਜ਼ਦ ਕਰ ਲਿਆ ਗਿਆ। ਇਸ ਬਾਰੇ ਜਦ ਮੈਨੂੰ ਚਿੱਠੀ ਆਈ, ਤਾਂ ਉੱਤਰ ਵਿਚ ਮੈਂ ਸਭਾ ਦਾ ਧੰਨਵਾਦ ਕਰਦਿਆਂ ਹੋਇਆਂ ਇਹ ਆਖ ਕੇ ਮਾਫ਼ੀ ਮੰਗ ਲਈ ਕਿ ਇਸ ਸੇਵਾ ਲਈ ਨਾ ਮੇਰੇ ਕੋਲ ਵਕਤ ਹੈ, ਨਾ ਯੋਗਤਾ।

ਇਸੇ ਸਾਲ ਮੈਂ ਲੜਕਿਆਂ ਦੀ ਗਿਆਨੀ ਕਲਾਸ ਜਾਰੀ ਕਰ ਦਿੱਤੀ ਸੀ। ਦੋ ਨੌਜਵਾਨ ਰਘਬੀਰ ਸਿੰਘ ਤੇ ਹਰਜੀਤ ਸਿੰਘ ਇਸ ਜਮਾਤ ਦੇ ਪਹਿਲੇ ਵਿਦਿਆਰਥੀਆਂ ਵਿਚ ਸਨ। ਇਹ ਦੋਵੇਂ ਸੱਜਣ ਸਿੰਘ ਸਭਾ, ਅਕਾਲੀ ਜਥੇ ਅਤੇ ਯੰਗਮੈਨ ਸਿਖ ਐਸੋਸੀਏਸ਼ਨ ਦੇ ਸਰਗਰਮ ਮੈਂਬਰ ਸਨ। ਛੋਟੀ ਉਮਰ ਹੋਣ ਦੇ ਕਾਰਨ ਇਨ੍ਹਾਂ ਕੋਲ ਕੋਈ ਅਹੁਦਾ ਤਾਂ ਨਹੀਂ ਸੀ, ਪਰ ਇਨ੍ਹਾਂ ਨੇ ਆਪਣੇ ਵਰਗੇ ਕੁਝ ਨੌਜਵਾਨਾਂ ਦਾ ਇਕ ਤਕੜਾ ਗਰੁੱਪ ਬਣਾਇਆ ਹੋਇਆ ਸੀ ਤੇ ਅੱਗੇ ਵਧਣ ਦੇ ਵਧੇਰੇ ਹੀ ਚਾਹਵਾਨ ਸਨ। ਇਹ ਦੋਵੇਂ ਮੈਨੂੰ ਲਗਾਤਾਰ ਪ੍ਰੇਰਦੇ ਰਹਿੰਦੇ ਸਨ ਕਿ ਮੈਂ ਸਿੰਘ ਸਭਾ ਦਾ ਮੈਂਬਰ ਬਣ ਜਾਵਾਂ। ਇਨ੍ਹਾਂ ਦੋਹਾਂ ਨੇ ਉਸੇ ਸਾਲ ਗਿਆਨੀ ਪਾਸ ਕਰ ਲਈ ਤੇ ਇਸ 'ਗਿਆਨੀ' ਦੇ ਪੂਛੱਲੇ ਨੇ ਵੀ ਉਨ੍ਹਾਂ ਦੀ ਲੀਡਰੀ ਚਮਕਾਉਣ ਵਿਚ ਚੋਖੀ ਮਦਦ ਕੀਤੀ। ਜਦ 1938 ਵਿਚ

ਸਿੰਘ ਸਭਾ ਦੀਆਂ ਨਵੀਆਂ ਚੋਣਾਂ ਹੋਈਆਂ, ਤਾਂ ਇਨ੍ਹਾਂ ਨੇ ਮੈਨੂੰ ਉਮੀਦਵਾਰ ਖੜ੍ਹੇ ਹੋਣ ਲਈ ਜ਼ੋਰ ਦਿੱਤਾ, ਪਰ ਮੈਂ ਨਾ ਮੰਨਣਾ ਸੀ ਤੇ ਨਾ ਮੰਨਿਆ। ਇਸ ਤੋਂ ਬਾਅਦ ਚੁਣੇ ਹੋਏ 41 ਮੈਂਬਰਾਂ ਨੇ 10 ਮੈਂਬਰ ਨਾਮਜ਼ਦ ਕਰਨੇ ਸਨ। ਇਨ੍ਹਾਂ ਨੇ ਮੈਨੂੰ ਨਾ-ਕੇਵਲ ਮੈਂਬਰ ਨਾਮਜ਼ਦ ਕਰਵਾ ਦਿੱਤਾ, ਸਗੋਂ ਪਹਿਲੀ ਮੀਟਿੰਗ ਵਿਚ ਹੀ, ਜਿਸ ਵਿਚ ਮੈਂ ਹਾਜ਼ਰ ਨਹੀਂ ਸਾਂ, ਜਾਇੰਟ ਸਕੱਤਰ ਵੀ ਨਿਯੁਕਤ ਕਰਾ ਦਿੱਤਾ। ਇਸ ਦੇ ਬਾਵਜੂਦ ਮੈਂ ਨਾ ਕਿਸੇ ਮੀਟਿੰਗ ਵਿਚ ਸ਼ਾਮਲ ਹੋਇਆ ਤੇ ਨਾ ਸਭਾ ਦੇ ਕੰਮ'ਵਿਚ ਕੋਈ ਸਰਗਰਮ ਹਿੱਸਾ ਲਿਆ।

ਪਰ ਜੂਨ 1938 ਵਿਚ ਸਬੱਬ ਨਾਲ ਹੀ ਇਕ ਅਜਿਹੀ ਘਟਨਾ ਵਾਪਰ ਗਈ, ਜਿਸ ਕਰਕੇ ਨਾ ਚਾਹੁੰਦਿਆਂ ਵੀ ਮੈਨੂੰ ਅੱਗੇ ਆਉਣਾ ਪੈ ਗਿਆ। ਗੁਰਦੁਆਰਾ ਦਮਦਮਾ ਸਾਹਿਬ ਤੇ ਗੁਰਦੁਆਰਾ ਬਾਬਾ ਭੱਲਾ ਦੇ ਨਾਲ ਲਗਦਾ ਇੱਕ ਸੁੱਕਾ ਤੇ ਉਜਾੜ ਤਲਾਅ ਪਿਆ ਸੀ, ਜੋ 'ਦੇਵੀ ਵਾਲਾ ਤਲਾਅ' ਦੇ ਨਾਂ ਨਾਲ ਮਸ਼ਹੂਰ ਸੀ। ਸ਼ਹਿਰ ਦੇ ਕੁਝ ਹਿੰਦੂਆਂ ਨੇ ਦੀਵਾਨ ਸਰਬ ਦਿਆਲ ਵਕੀਲ ਦੀ ਅਗਵਾਈ ਹੇਠ ਤਲਾਅ ਵਿਚ ਇਕ ਮੰਦਰ ਦੀ ਉਸਾਰੀ ਸ਼ੁਰੂ ਕਰ ਦਿੱਤੀ। ਤਲਾਅ ਉੱਤੇ ਹਿੰਦੂਆਂ ਦਾ ਕਬਜ਼ਾ ਹੋ ਜਾਣ ਨਾਲ ਦੋਹਾਂ ਗੁਰਦੁਆਰਿਆਂ ਵਿਚ ਜਾਣ ਦਾ ਰਾਹ ਬੰਦ ਹੋ ਜਾਂਦਾ ਸੀ, ਇਸ ਲਈ ਸਿਖ ਆਗੂਆਂ ਨੇ ਇਸ ਉਸਾਰੀ ਵਿਚ ਰੁਕਾਵਟ ਪਾਣ ਦਾ ਜਤਨ ਕੀਤਾ। ਸ. ਅਵਤਾਰ ਸਿੰਘ ਬੈਰਿਸਟਰ ਇਸ ਸਮੇਂ ਕਸ਼ਮੀਰ ਗਏ ਹੋਏ ਸਨ। ਬਾਕੀ ਦੇ ਸਭ ਮੁਖੀ ਆਗੂਆਂ ਨੂੰ ਸਰਕਾਰ ਨੇ ਦਫ਼ਾ 107/151 ਹੇਠ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੇ ਜ਼ਮਾਨਤਾਂ ਉੱਤੇ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਇਸ ਸੂਰਤ ਵਿਚ ਉਹ ਮੰਦਰ ਦੀ ਉਸਾਰੀ ਵਿਚ ਰੁਕਾਵਟ ਨਹੀਂ ਪਾ ਸਕਦੇ ਸਨ। ਬਾਕੀ ਰਹਿੰਦੇ ਦੂਜੀ ਕਤਾਰ ਦੇ ਆਗੂਆਂ ਨੇ ਵੀ ਗੁਰਦੁਆਰਿਆਂ ਵਿਚ ਗਰਮਾ-ਗਰਮ ਤਕਰੀਰਾਂ ਕਰ ਕੇ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਾ ਲਿਆ। ਮੈਂ ਇਸ ਵੇਲੇ ਤਕ ਇਸ ਝਗੜੇ ਵਿਚ ਕੋਈ ਦਿਲਚਸਪੀ ਨਹੀਂ ਲਈ ਸੀ।

ਪੰਜ ਚਾਰ ਦਿਨ ਬਾਅਦ ਇਕ ਹੋਰ ਘਟਨਾ ਹੋ ਗਈ। ਦੋ ਸਿਖ ਨੌਜਵਾਨਾਂ ਹਰਨਾਮ ਸਿੰਘ ਤੇ ਮੇਲਾ ਸਿੰਘ ਨੇ ਕਚਹਿਰੀ ਵਿਚ ਜਾ ਕੇ ਦੀਵਾਨ ਸਰਬ ਦਿਆਲ ਨੂੰ ਜੁੱਤੀਆਂ ਮਾਰੀਆਂ। ਮਤਲਬ ਤਾਂ ਦੀਵਾਨ ਸਾਹਿਬ ਨੂੰ ਬੇਇੱਜ਼ਤ ਕਰਨਾ ਸੀ। ਪਰ ਕੁਝ ਹਿੰਦੂ ਵਕੀਲਾਂ ਨੇ ਸਿੱਖਾਂ ਨੂੰ ਕੁੜਿੱਕੀ ਵਿਚ ਫਸਾਉਣ ਲਈ ਇਸ ਨੂੰ ਗੰਭੀਰ ਰੂਪ ਦੇ ਲਿਆ। ਪੁਲਿਸ ਵਿਚ ਰਿਪੋਰਟ ਲਿਖਾਈ ਗਈ ਕਿ "ਦੀਵਾਨ ਸਾਹਿਬ ਉੱਤੇ ਬਾਕਾਇਦਾ ਸਾਜ਼ਸ਼ ਦੇ ਅਧੀਨ ਤਲਵਾਰ ਨਾਲ ਕਾਤਲਾਨਾ ਹਮਲਾ ਕੀਤਾ ਗਿਆ ਹੈ। ਹਮਲਾ ਕਰਨ ਤੋਂ ਪਹਿਲਾਂ ਇਹ ਦੋਵੇਂ ਨੌਜਵਾਨ ਇੰਦਰ ਸਿੰਘ ਵਕੀਲ ਕੋਲ ਬਹਿ ਕੇ ਸਲਾਹ-ਮਸ਼ਵਰਾ ਕਰਦੇ ਰਹੇ ਸਨ। ਇੰਦਰ ਸਿੰਘ ਨੇ ਉਂਗਲ ਦੇ ਇਸ਼ਾਰੇ ਨਾਲ ਉਨ੍ਹਾਂ ਨੂੰ ਸਰਬ ਦਿਆਲ ਦੀ ਸ਼ਨਾਖ਼ਤ ਕਰਾਈ ਆਦਿ।" ਸੋ, ਇਨ੍ਹਾਂ ਤਿੰਨਾਂ ਉੱਤੇ ਦਫ਼ਾ 307 ਦੇ ਅਧੀਨ ਕੇਸ ਬਣਾ ਕੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਵੇਲੇ ਕੋਈ ਜ਼ਿੰਮੇਵਾਰ ਸਿਖ ਆਗੂ ਬਾਹਰ ਨਹੀਂ ਸੀ, ਪਰ ਸਿਖ ਸੰਗਤਾਂ ਦਾ ਮਨੋਬਲ ਕਾਇਮ ਰੱਖਣ ਲਈ ਇਸ ਸਥਿਤੀ ਨੂੰ ਸੰਭਾਲਣਾ ਵੀ ਜ਼ਰੂਰੀ ਸੀ। ਸੋ ਸੁਤੇ-ਸਿਧ ਮੈਨੂੰ ਅੱਗੇ ਆਉਣਾ ਪੈ ਗਿਆ। ਉਸ ਰਾਤ ਗੁਰਦੁਆਰਾ ਬਾਬਾ ਭੱਲਾ ਵਿਚ ਇਕ ਭਾਰੀ ਦੀਵਾਨ ਸਜਿਆ, ਜਿਸ ਵਿਚ ਮੈਂ ਇਕ ਜ਼ੋਰਦਾਰ, ਪਰ ਗੰਭੀਰਤਾ-ਪੂਰਨ ਤਕਰੀਰ ਕਰ ਕੇ ਸਰਬ ਦਿਆਲ ਦੇ ਝੂਠ ਤੇ ਬਨਾਵਟ ਦਾ ਪੋਲ ਖੋਲ੍ਹਿਆ ਅਤੇ ਸੰਗਤਾਂ ਨੂੰ ਦ੍ਰਿੜ੍ਹ ਤੇ ਸ਼ਾਂਤ ਰਹਿਣ ਦੀ ਅਪੀਲ ਕੀਤੀ। ਗੁਜਰਾਂਵਾਲੇ ਵਿਚ ਇਹ ਮੇਰੀ ਪਹਿਲੀ ਤਕਰੀਰ ਸੀ ਤੇ ਇਹਦੇ ਨਾਲ ਪੁਲਿਸ ਦੇ ਰੀਕਾਰਡ ਵਿਚ ਮੇਰਾ ਨਾਂ ਆ ਗਿਆ। ਰਿਪੋਰਟ ਪੁਲਿਸ ਕਪਤਾਨ ਕੋਲ ਵੀ ਗਈ ਤੇ ਜਦ ਸ਼ਹਿਰ ਦੇ ਇਕ ਪ੍ਰਤਿਸ਼ਟ ਸੱਜਣ ਤੇ ਰੀਟਾਇਰਡ ਇੰਜੀਨੀਅਰ ਟਹਿਲ ਸਿੰਘ ਉਨ੍ਹਾਂ ਨੂੰ ਮਿਲਣ ਗਏ, ਤਾਂ ਉਨ੍ਹਾਂ ਨੇ ਮੈਨੂੰ ਬੁਲਾ ਭੇਜਿਆ ਤੇ ਮਿਲਣ

ਉਪਰੰਤ ਆਖਿਆ ਕਿ ਕਿਸੇ ਤਰ੍ਹਾਂ ਜੇਲ੍ਹ ਵਿਚਲੇ ਆਗੂਆਂ ਨੂੰ ਜ਼ਮਾਨਤਾਂ ਉੱਤੇ ਰਿਹਾ ਕਰਾ ਲਓ। ਮੈਂ ਤਾਂ ਪਹਿਲਾਂ ਹੀ ਇਹ ਮਹਿਸੂਸ ਕਰ ਰਿਹਾ ਸਾਂ ਕਿ ਇਸ ਸਥਿਤੀ ਨਾਲ ਨਿਪਟਣਾ ਮੇਰੇ ਵੱਸ ਦਾ ਰੋਗ ਨਹੀਂ, ਸੋ ਮੈਂ ਸੱਜਣਾਂ ਨਾਲ ਸਲਾਹ ਕਰ ਕੇ ਮਾਸਟਰ ਤਾਰਾ ਸਿੰਘ ਜੀ ਨੂੰ ਬੁਲਾ ਭੇਜਿਆ। ਉਨ੍ਹਾਂ ਨੇ ਜੇਲ੍ਹ ਵਿਚਲੇ ਆਗੂਆਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਜ਼ਮਾਨਤ ਉੱਤੇ ਰਿਹਾਅ ਹੋ ਜਾਣ ਦੀ ਅਪੀਲ ਕੀਤੀ। ਇਸ ਤਰ੍ਹਾਂ ਅਸਲੀ ਆਗੂਆਂ ਨੇ ਬਾਹਰ ਆ ਕੇ ਆਪਣੀ ਜ਼ਿੰਮੇਵਾਰੀ ਸੰਭਾਲ ਲਈ ਤੇ ਮੈਨੂੰ ਸੁਖ ਦਾ ਸਾਹ ਆਇਆ।

ਆਗੂ ਸੱਜਣ ਬਾਹਰ ਤਾਂ ਆ ਗਏ ਸਨ, ਪਰ ਉਹ ਮੰਦਰ ਦੀ ਉਸਾਰੀ ਨੂੰ ਕਿਸੇ ਹਾਲਤ ਵਿਚ ਵੀ ਸਹਿਣ ਨਹੀਂ ਕਰ ਸਕਦੇ ਸਨ। ਸੋ ਬਾਹਰ ਆਉਣ ਤੋਂ ਪੰਜ ਚਾਰ ਦਿਨ ਬਾਅਦ ਉਨ੍ਹਾਂ ਨੇ ਰਾਤ ਨੂੰ ਇਕ ਗੁਪਤ ਮੀਟਿੰਗ ਕਰ ਕੇ ਫ਼ੈਸਲਾ ਕੀਤਾ ਕਿ ਗੁਰਦੁਆਰਾ ਦਮਦਮਾ ਸਾਹਿਬ ਤੇ ਬਾਬਾ ਭੱਲਾ ਦੇ ਨਾਲ ਲਗਦੇ ਤਲਾਅ ਵਾਲੇ ਹਿੱਸੇ ਵਿਚ ਸਿਖ ਵੀ ਇਕ ਉਸਾਰੀ ਸ਼ੁਰੂ ਕਰ ਦੇਣ। ਪਰ ਜ਼ਮਾਨਤ ਤੇ ਆਏ ਆਗੂ ਇਹ ਕੰਮ ਵੀ ਆਪ ਨਹੀਂ ਕਰਾ ਸਕਦੇ ਸਨ। ਇਸ ਲਈ ਇਸ ਕੰਮ ਵਾਸਤੇ ਵੀ ਮੇਰੇ ਨਾਂ ਦਾ ਗੁਣਾ ਪਿਆ। ਅੱਧੀ ਰਾਤੀ ਮੈਨੂੰ ਘਰੋਂ ਬੁਲਾ ਕੇ ਦੱਸਿਆ ਗਿਆ ਕਿ ਸੈਂਕੜੇ ਰਾਜਾਂ ਮਜ਼ਦੂਰਾਂ ਦਾ ਪ੍ਰਬੰਧ ਕਰ ਲਿਆ ਗਿਆ ਹੈ ਤੇ ਮੈਂ ਆਪਣੀ ਨਿਗਰਾਨੀ ਵਿਚ ਕਲ੍ਹ ਸਵੇਰੇ ਇਹ ਉਸਾਰੀ ਸ਼ੁਰੂ ਕਰਾਉਣੀ ਹੈ।

ਜਦ ਦੂਜੇ ਦਿਨ ਸਵੇਰੇ ਪੰਜ ਵਜੇ ਮੈਂ ਗੁਰਦੁਆਰੇ ਪੁੱਜਾ, ਤਾਂ ਵੇਖਿਆ ਕਿ ਰਾਜ-ਮਜ਼ਦੂਰ ਕਾਫ਼ੀ ਗਿਣਤੀ ਵਿਚ ਮੌਜੂਦ ਸਨ। ਮੰਦਰ ਵਾਲਿਆਂ ਦੀਆਂ ਇੱਟਾਂ ਵੀ ਅਸੀਂ ਵਰਤ ਸਕਦੇ ਸਾਂ ਅਤੇ ਦਮਦਮਾ ਸਾਹਿਬ ਦੇ ਪ੍ਰਬੰਧਕਾਂ ਨੇ ਵੀ ਕਿਸੇ ਕੰਮ ਲਈ ਪੰਜ ਛੇ ਹਜ਼ਾਰ ਇੱਟ ਮੰਗਾਈ ਹੋਈ ਸੀ। ਲੋੜ ਸਿਰਫ਼ ਗਾਰੇ ਦੀ ਸੀ। ਅਸਾਂ ਗੁਰਦੁਆਰਾ ਬਾਬਾ ਭੱਲਾ ਦਾ ਬਾਹਰਲਾ ਬੂਹਾ ਬੰਦ ਕਰ ਕੇ ਉਸ ਦੇ ਸਾਰੇ ਵਿਹੜੇ ਦਾ ਫ਼ਰਸ਼ ਪੁੱਟਿਆ ਤੇ ਉੱਥੇ ਹੀ ਮਿੱਟਾਂ ਵਿਚ ਕਾਫ਼ੀ ਗਾਰਾ ਬਣਾ ਲਿਆ। ਬਿਨਾ ਕੋਈ ਨੀਂਹ ਰੱਖੇ ਛੇ ਵਜੇ ਉਸਾਰੀ ਵੀ ਸ਼ੁਰੂ ਹੋ ਗਈ। ਸਾਨੂੰ ਸੂਤ-ਸਾਹਲ ਆਦਿ ਕਿਸੇ ਚੀਜ਼ ਦੀ ਲੋੜ ਨਹੀਂ ਸੀ, ਨਾ ਇਹ ਵੇਖਣਾ ਸੀ ਕਿ ਕੰਧਾਂ ਠੀਕ ਸਿੱਧੀਆਂ ਬਣਦੀਆਂ ਹਨ ਕਿ ਨਹੀਂ। ਅਸਾਂ ਲੰਬਾਈ ਵਿਚ ਇਕ ਪਾਸੇ ਲਗ ਪਗ 50 ਫ਼ੁਟ ਤੇ ਦੋ ਚੌੜਾਈਆਂ ਵਿਚ ਵੀਹ ਵੀਹ ਫ਼ੁਟ ਦੀਆਂ ਕੰਧਾਂ ਬਣਾਣੀਆਂ ਸ਼ੁਰੂ ਕਰ ਦਿੱਤੀਆਂ। ਕੰਮ ਤੇਜ਼ੀ ਨਾਲ ਹੋ ਰਿਹਾ ਸੀ। ਮੰਦਰ ਵਾਲੇ ਅਵੇਸਲੇ ਮਾਰੇ ਗਏ ਸਨ। ਸਾਡੇ ਜ਼ਮਾਨਤੀ ਆਗੂਆਂ ਨੇ ਸਵੇਰੇ ਸਤ ਵਜੇ ਅਦਾਲਤ ਵਿਚ ਹਾਜ਼ਰ ਹੋ ਕੇ ਹਾਜ਼ਰੀ ਲੁਆ ਲਈ ਸੀ, ਸੋ ਉਨ੍ਹਾਂ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਹੋ ਸਕਦੀ ਸੀ। ਮੰਦਰ ਵਾਲਿਆਂ ਨੇ ਪੁਲਿਸ ਥਾਣੇ ਵਿਚ ਰਿਪੋਰਟ ਲਿਖਾਈ ਤੇ ਪੁਲਿਸ-ਕਪਤਾਨ ਸਾਹਿਬ ਇਕ ਮੈਜਿਸਟ੍ਰੇਟ ਤੇ ਪੁਲਿਸ ਦੀ ਗਾਰਦ ਨੂੰ ਨਾਲ ਲੈ ਕੇ ਮੌਕੇ ਤੇ ਪਹੁੰਚ ਗਏ। ਉਹ ਆਉਂਦਿਆਂ ਹੀ ਪੁੱਛਣ ਲੱਗੇ, "ਇਹ ਉਸਾਰੀ ਕੌਣ ਤੇ ਕਿਉਂ ਕਰਾ ਰਿਹਾ ਹੈ?" ਮੈਂ ਉੱਤਰ ਦਿੱਤਾ, "ਜੀ ਮੈਂ! ਜਿਵੇਂ ਮੰਦਰ ਬਣਾਇਆ ਜਾ ਰਿਹਾ ਹੈ, ਅਸੀਂ ਇੱਥੇ ਗੁਰਦੁਆਰਾ ਬਣਾਉਣ ਲੱਗੇ ਹਾਂ।" ਇਸ ਉੱਤੇ ਉਨ੍ਹਾਂ ਨੇ ਤਲਾਅ ਦੇ ਸਾਰੇ ਖੇਤਰ ਵਿਚ ਦਫ਼ਾ 144 ਲਾ ਦਿੱਤੀ, ਜਿਸ ਨਾਲ ਨਾ-ਕੇਵਲ ਸਾਨੂੰ ਉਸਾਰੀ ਬੰਦ ਕਰਨੀ ਪਈ, ਸਗੋਂ ਮੰਦਰ ਦੀ ਉਸਾਰੀ ਵੀ ਬੰਦ ਹੋ ਗਈ। ਇਹੀ ਕੁਝ ਸਾਡੇ ਆਗੂ ਚਾਹੁੰਦੇ ਸਨ। ਉਸ ਵੇਲੇ ਤੱਕ ਤਿੰਨੇ ਦੀਵਾਰਾਂ ਲਗ ਪਗ ਤਿੰਨ ਤਿੰਨ ਫ਼ੁਟ ਉੱਚੀਆਂ ਚੁੱਕੀਆਂ ਗਈਆਂ ਸਨ।

ਕੰਧਾਂ ਬਣਾਉਣ ਦਾ ਸਾਰਾ ਕੰਮ ਰਾਮਗੜ੍ਹੀਏ ਰਾਜਾਂ ਤੇ ਠਠਿਆਰ ਬਰਾਦਰੀ ਦੇ ਨੌਜਵਾਨ ਸੇਵਾਦਾਰਾਂ ਨੇ ਕੀਤਾ ਸੀ, ਪਰ ਕਿਉਂਜੁ ਇਹ ਕੰਮ ਮੇਰੀ ਨਿਗਰਾਨੀ ਵਿਚ ਹੋਇਆ ਸੀ, ਇਸ ਲਈ ਪੁਲਿਸ ਦੇ ਰੀਕਾਰਡ ਵਿਚ ਦੂਜੀ ਵਾਰੀ ਮੇਰਾ ਨਾਂ ਮੋਹਰੀਆਂ ਵਿਚ ਆਇਆ। ਬਹੁਤਾ

ਇਸ ਲਈ ਵੀ ਕਿ ਮੰਦਰ ਵਾਲਿਆਂ ਤੇ ਗੁਰਦੁਆਰਾ ਦਮਦਮਾ ਸਾਹਿਬ ਦੇ ਪ੍ਰਬੰਧਕਾਂ ਨੇ ਦਿਨ-ਦੀਵੀਂ ਇੱਟਾਂ ਲੁੱਟਣ ਦੇ ਦੋਸ਼ ਵਿਚ ਮੇਰੇ ਵਿਰੁੱਧ ਡਾਕੇ ਦਾ ਕੇਸ ਦਰਜ ਕਰਾਇਆ ਸੀ। ਇਸ ਦਾ ਸਬੂਤ ਤਾਂ ਕੰਧਾਂ ਢਾਹ ਕੇ ਹੀ ਦਿੱਤਾ ਜਾ ਸਕਦਾ ਸੀ ਤੇ ਕੰਧਾਂ ਢਾਹੀਆਂ ਨਹੀਂ ਜਾ ਸਕਦੀਆਂ ਸਨ, ਇਸ ਲਈ ਪੁਲਿਸ ਨੇ ਮੇਰੇ ਵਿਰੁੱਧ ਕੋਈ ਕਾਰਵਾਈ ਕਰਨੀ ਉਚਿਤ ਨਾ ਸਮਝੀ। ਪਰ ਮੇਰਾ ਨਾਂ ਲੀਡਰਾਂ ਵਿਚ ਜ਼ਰੂਰ ਦਰਜ ਕਰ ਲਿਆ ਗਿਆ।

ਕੁਝ ਚਿਰ ਬਾਅਦ ਸ. ਅਵਤਾਰ ਸਿੰਘ ਬੈਰਿਸਟਰ ਕਸ਼ਮੀਰ ਤੋਂ ਵਾਪਸ ਆ ਗਏ। ਉਨ੍ਹਾਂ ਨੇ ਆਉਂਦਿਆਂ ਹੀ ਇਸ ਮਾਮਲੇ ਨੂੰ ਨਿਪਟਾਉਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ। ਮੰਦਰ ਦੀ ਉਸਾਰੀ ਵੀ ਬੰਦ ਪਈ ਸੀ, ਇਸ ਲਈ ਪ੍ਰਸਪਰ ਵਿਚਾਰ-ਵਟਾਂਦਰੇ ਨਾਲ ਫ਼ੈਸਲਾ ਹੋਇਆ ਕਿ ਇਹ ਕੇਸ ਸਾਲਸੀ ਲਈ ਲਾਹੌਰ ਡਵੀਜਨ ਦੇ ਕਮਿਸ਼ਨਰ ਦੇ ਸਪੁਰਦ ਕਰ ਦਿੱਤਾ ਜਾਏ। ਕੋਈ ਇਕ ਮਹੀਨਾ ਪੇਸ਼ੀਆਂ ਭੁਗਤਣ ਤੇ ਆਪੋ ਆਪਣਾ ਪੱਖ ਪੇਸ਼ ਕਰਨ ਤੋਂ ਬਾਅਦ ਕਮਿਸ਼ਨਰ ਨੇ ਫ਼ੈਸਲਾ ਦਿੱਤਾ ਕਿ ਗੁਰਦੁਆਰਾ ਦਮਦਮਾ ਸਾਹਿਬ ਤੇ ਬਾਬਾ ਭੱਲਾ ਨੂੰ ਰਾਹ ਦੇਣ ਵਾਸਤੇ ਤਲਾਅ ਦੇ ਦੋਹਾਂ ਪਾਸਿਆਂ ਦੀਆਂ ਪੌੜੀਆਂ ਵਿਚੋਂ ਦਸ ਦਸ ਫ਼ੁੱਟ ਥਾਂ ਸਿੱਖਾਂ ਨੂੰ ਦਿੱਤੀ ਜਾਂਦੀ ਹੈ। ਤਲਾਅ ਦੀ ਬਾਕੀ ਸਾਰੀ ਥਾਂ ਨੂੰ ਹਿੰਦੂ ਜਿਵੇਂ ਚਾਹੁਣ, ਵਰਤ ਸਕਦੇ ਹਨ। ਇਹ ਫ਼ੈਸਲਾ ਹਿੰਦੂਆਂ ਦੀਆਂ ਇੱਛਾਵਾਂ ਦੇ ਵਿਰੁੱਧ ਸੀ ਅਤੇ ਖ਼ਤਰਾ ਸੀ ਕਿ ਉਹ ਦੂਜੇ ਦਿਨ ਸਵੇਰੇ ਅਦਾਲਤ ਵਿਚੋਂ ਇਹਦੇ ਵਿਰੁੱਧ ਹੁਕਮ ਇਮਤਿਨਾਹੀ ਲੈ ਲੈਣਗੇ। ਸੋ ਉਸੇ ਵੇਲੇ ਪੂਰੇ ਰਸਤੇ ਉੱਤੇ ਕਬਜ਼ਾ ਕਰਨ ਦਾ ਪ੍ਰੋਗਰਾਮ ਬਣਾ ਲਿਆ ਗਿਆ। ਕਿਹਾ ਨਹੀਂ ਜਾ ਸਕਦਾ ਕਿ ਕਿੰਨੇ ਟਰੱਕ ਮਿੱਟੀ ਢੋਣ ਲਈ ਲਾਏ ਗਏ, ਕਿੰਨਾ ਐਂਗਲ-ਆਇਰਨ, ਸਰੀਆ ਤੇ ਜਿਸਤੀ ਪਾਈਪਾਂ ਆਈਆਂ ਅਤੇ ਕਿੰਨੇ ਰਾਜ ਤੇ ਮਜ਼ਦੂਰ ਇਸ ਪ੍ਰਾਜੈਕਟ ਤੇ ਸਾਰੀ ਰਾਤ ਕੰਮ ਕਰਦੇ ਰਹੇ। ਮੰਦਰ ਵੱਲੋਂ ਇੱਟਾਂ-ਵੱਟਿਆਂ ਦੀ ਬਾਰਸ਼ ਸ਼ੁਰੂ ਹੋ ਗਈ, ਪਰ ਇਸ ਦੀ ਪਰਵਾਹ ਨਾ ਕਰਦਿਆਂ ਹੋਇਆਂ ਸਾਰਾ ਕੰਮ ਸਵੇਰ ਤਕ ਮੁਕੰਮਲ ਕਰ ਲਿਆ ਗਿਆ।

ਦੀਵਾਨ ਸਰਬ ਦਿਆਲ ਨੂੰ ਜੁੱਤੀਆਂ ਮਾਰਨ ਵਾਲੇ ਭਾਈ ਹਰਨਾਮ ਸਿੰਘ ਤੇ ਭਾਈ ਮੇਲਾ ਸਿੰਘ ਅਤੇ ਨਜਾਇਜ਼ ਫਸਾਏ ਗਏ ਸ. ਇੰਦਰ ਸਿੰਘ ਵਕੀਲ ਦਾ ਮੁਕੱਦਮਾ ਅਸਾਂ ਗੁਜਰਾਤ ਦੇ ਸੈਸ਼ਨ ਜੱਜ ਦੀ ਅਦਾਲਤ ਵਿਚ ਤਬਦੀਲ ਕਰਾ ਲਿਆ। ਉੱਥੇ ਦੋ ਢਾਈ ਮਹੀਨੇ ਮੁਕੱਦਮਾ ਚਲਦਾ ਰਿਹਾ। ਸ. ਰਘਬੀਰ ਸਿੰਘ ਦੇ ਪਿਤਾ ਮੁਨਸ਼ੀ ਕਰਮ ਸਿੰਘ, ਮੈਂ ਤੇ ਇਕ ਦਰਜਨ ਕੁ ਹੋਰ ਵਰਕਰ ਹਰੇਕ ਪੇਸ਼ੀ ਤੇ ਬਾਕਾਇਦਾ ਹਾਜ਼ਰੀ ਭਰਦੇ ਰਹੇ। ਆਖ਼ਰ ਸ. ਇੰਦਰ ਸਿੰਘ ਵਕੀਲ ਤਾਂ ਬਾਇੱਜ਼ਤ ਬਰੀ ਹੋ ਗਏ ਅਤੇ ਬਾਕੀ ਦੋਹਾਂ ਨੂੰ ਇਕ ਇਕ ਸਾਲ ਕੈਦ ਦੀ ਸਜ਼ਾ ਹੋ ਗਈ।

ਇਸ ਵੇਲੇ ਸ. ਅਵਤਾਰ ਸਿੰਘ ਜੀ ਬੈਰਿਸਟਰ ਗੁਜਰਾਂਵਾਲੇ ਦੇ ਸਿੱਖਾਂ ਦੇ ਹੀ ਨਹੀਂ, ਸਗੋਂ ਸਾਰੇ ਸ਼ਹਿਰ ਦੇ ਵਸਨੀਕਾਂ ਦੇ ਇਕ ਪ੍ਰਮੁਖ ਨੇਤਾ ਸਨ। 1920 ਤੋਂ 1940 ਤਕ ਉਹ ਪੂਰੇ ਦੋ ਦਹਾਕੇ ਗੁਜਰਾਂਵਾਲੇ ਦੇ ਲੋਕ-ਜੀਵਨ ਤੇ ਛਾਏ ਰਹੇ। ਉਹ ਲਗਾਤਾਰ ਸਿੰਘ ਸਭਾ ਦੇ ਪ੍ਰਧਾਨ, ਮਿਉਂਨਿਸਪਲ ਕਮੇਟੀ ਦੇ ਮੈਂਬਰ ਅਤੇ ਖ਼ਾਲਸਾ ਸਕੂਲ ਤੇ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਸਰਵੇ-ਸਰਵਾ ਚਲੇ ਆ ਰਹੇ ਸਨ। ਉਹ ਕਈ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਕਮੇਟੀ ਨਨਕਾਣਾ ਸਾਹਿਬ ਦੇ ਮੈਂਬਰ ਵੀ ਰਹੇ ਸਨ ਅਤੇ ਅਕਾਲੀ ਹਾਈ ਕਮਾਨ ਵਿਚ ਉਨ੍ਹਾਂ ਨੂੰ ਵਿਸ਼ੇਸ਼ ਅਸਥਾਨ ਪ੍ਰਾਪਤ ਸੀ। ਇਸ ਤੋਂ ਛੁਟ ਉਹ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ, ਸੂਬਾ ਕਾਂਗਰਸ ਦੀ ਵਰਕਿੰਗ ਕਮੇਟੀ ਦੇ ਮੈਂਬਰ ਅਤੇ ਸਰਬ-ਹਿੰਦ ਕਾਂਗਰਸ ਦੇ ਡੈਲੀਗੇਟ ਵੀ ਸਨ। 1938 ਵਿਚ ਸੂਬਾ ਕਾਂਗਰਸ ਦਾ ਜੋ ਵਾਰਸ਼ਿਕ ਸਮਾਗਮ ਗੁਜਰਾਂਵਾਲੇ ਵਿਚ ਹੋਇਆ, ਉਸ ਦੀ ਸੁਆਗਤ ਕਮੇਟੀ ਦੇ ਪ੍ਰਧਾਨ ਵੀ ਉਹੀ ਚੁਣੇ ਗਏ ਸਨ। ਪ੍ਰੰਤੂ ਉਨ੍ਹਾਂ ਦੀ

ਇੱਜ਼ਤ ਤੇ ਪ੍ਰਸਿੱਧੀ ਇਨ੍ਹਾਂ ਅਹੁਦਿਆਂ ਉੱਤੇ ਨਿਰਭਰ ਨਹੀਂ ਸੀ, ਸਗੋਂ ਉਹ ਹਿੰਦੂਆਂ, ਸਿੱਖਾਂ, ਈਸਾਈਆਂ ਤੇ ਮੁਸਲਮਾਨਾਂ ਸਭਨਾਂ ਵਿਚ ਇਸ ਲਈ ਹਰਮਨ-ਪਿਆਰੇ ਸਨ, ਕਿਉਂਕਿ ਉਹ ਆਮ ਜਨਤਾ ਤੇ ਵਿਸ਼ੇਸ਼ ਕਰਕੇ ਗ਼ਰੀਬਾਂ ਤੇ ਲੋੜਵੰਦਾਂ ਦੀ ਸਹਾਇਤਾ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ। ਘਰੋਂ ਬਹੁਤ ਸੌਖੇ ਹੋਣ ਕਰਕੇ ਉਹ ਲੋੜਵੰਦਾਂ ਦੀ ਮਾਲੀ ਸਹਾਇਤਾ ਵੀ ਸਹਿਜੇ ਹੀ ਕਰ ਸਕਦੇ ਸਨ। ਉਂਜ ਰਾਜਨੀਤਿਕ ਤੌਰ ਤੇ ਸਾਂਝੇ ਲੀਡਰ ਹੋਣ ਦੇ ਬਾਵਜੂਦ ਉਹ ਸਿੱਖ ਕੌਮ ਦੀ ਉੱਨਤੀ ਤੇ ਚੜ੍ਹਦੀ ਕਲਾ ਵਿਚ ਵਿਸ਼ੇਸ਼ ਦਿਲਚਸਪੀ ਲੈਂਦੇ ਸਨ ਤੇ ਇਸ ਮਾਮਲੇ ਵਿਚ ਜ਼ਿਲ੍ਹਾ ਗੁਜਰਾਂਵਾਲੇ ਦੀ ਸਮੁੱਚੀ ਸਿੱਖ ਵੱਸੋਂ ਉਨ੍ਹਾਂ ਦੀ ਪਿਠ ਤੇ ਸੀ।

1939 ਵਿਚ ਗੁਜਰਾਂਵਾਲੇ ਦੀ ਸਿੱਖ ਰਾਜਨੀਤੀ ਵਿਚ ਹਾਲਾਤ ਕੁਝ ਇਸ ਤਰ੍ਹਾਂ ਬਦਲੇ ਕਿ ਸ. ਅਵਤਾਰ ਸਿੰਘ ਨੇ ਇਕ ਤਰ੍ਹਾਂ ਨਾਲ ਮੈਨੂੰ ਆਪਣਾ ਨਾਇਬ ਹੀ ਬਣਾ ਲਿਆ। ਉਹ ਕਦੀ ਕਦੀ ਮੈਨੂੰ ਕਾਂਗਰਸ ਦੇ ਜਲਸਿਆਂ ਵਿਚ ਵੀ ਨਾਲ ਲੈ ਜਾਂਦੇ ਤੇ ਅਕਸਰ ਮੇਰੇ ਕੋਲੋਂ ਤਕਰੀਰਾਂ ਵੀ ਕਰਾਂਦੇ। ਇਸ ਕਰਕੇ ਹੀ ਸ਼ਾਇਦ ਜ਼ਿਲ੍ਹਾ ਪ੍ਰਬੰਧ ਨੇ ਮੈਨੂੰ ਉਨ੍ਹਾਂ ਤੋਂ ਬਾਅਦ ਦੂਜੇ ਨੰਬਰ ਦਾ ਲੀਡਰ ਮਿੱਥ ਲਿਆ। ਇਨ੍ਹਾਂ ਦਿਨਾਂ ਵਿਚ ਹੀ ਮੁਸਲਿਮ ਲੀਗ ਨੇ ਪਾਕਿਸਤਾਨ ਦਾ ਸ਼ੋਸ਼ਾ ਛੇੜ ਦਿੱਤਾ ਸੀ। ਇਸ ਲਹਿਰ ਨੂੰ ਬੜ੍ਹਾਵਾ ਦੇਣ ਲਈ ਅਲਾਮਾ ਮਸ਼ਰਕੀ ਨੇ ਖ਼ਾਕਸਾਰਾਂ ਦੀ ਬੇਲਚਾ ਪਾਰਟੀ ਬਣਾ ਕੇ ਪੰਜਾਬ ਦੇ ਸਭ ਵੱਡੇ ਵੱਡੇ ਸ਼ਹਿਰਾਂ ਵਿਚ ਸਵੇਰ-ਸ਼ਾਮ ਫ਼ੌਜੀ ਢੰਗ ਦੀ ਪਰੇਡ ਕਰਨੀ ਸ਼ੁਰੂ ਕਰ ਦਿੱਤੀ। ਇਸ ਦੇ ਮੁਕਾਬਲੇ ਤੇ ਮਾਸਟਰ ਤਾਰਾ ਸਿੰਘ ਨੇ 'ਅਕਾਲ ਰੈਜਮੈਂਟ' ਨਾਂ ਦੀ ਜਥੇਬੰਦੀ ਬਣਾਈ ਤੇ ਇਸ ਜਮਾਤ ਦੀਆਂ ਵੀ ਪਰੇਡਾਂ ਸ਼ੁਰੂ ਹੋ ਗਈਆਂ। ਸ. ਅਵਤਾਰ ਸਿੰਘ ਹੋਰਾਂ ਨੇ ਗੁਜਰਾਂਵਾਲੇ ਵਿਚ ਇਹ ਕੰਮ ਆਪਣੇ ਹੱਥ ਵਿਚ ਲਿਆ ਤੇ ਜਦ ਇਸ ਲਹਿਰ ਵਿਚ ਹੁਲਾਰਾ ਲਿਆਉਣ ਲਈ ਅਟਾਰੀ ਵਿਚ ਅਕਾਲ ਰੈਜਮੈਂਟ ਦੀ ਪਹਿਲੀ ਕਾਨਫ਼ਰੰਸ ਹੋਈ, ਤਾਂ ਉਹ ਸਤ ਸੌ ਬਾਵਰਦੀ ਵਾਲੰਟੀਅਰਾਂ ਦਾ ਜਥਾ ਲੈ ਕੇ ਇਹਦੇ ਵਿਚ ਸ਼ਾਮਲ ਹੋਏ। ਇਸ ਕਾਨਫ਼ਰੰਸ ਦੀ ਭਾਰੀ ਸਫ਼ਲਤਾ ਤੇ ਜੋਸ਼ ਵੇਖ ਕੇ ਸਰਕਾਰ ਨੇ ਖ਼ਾਕਸਾਰਾਂ ਤੇ ਅਕਾਲ ਰੈਜਮੈਂਟ ਦੋਹਾਂ ਜਥੇਬੰਦੀਆਂ ਨੂੰ ਕਾਨੂੰਨ ਵਿਰੁੱਧ ਕਰਾਰ ਦੇ ਦਿੱਤਾ ਤੇ ਇਸ ਤਰ੍ਹਾਂ ਬੇਲਚਾ ਪਾਰਟੀ ਤੋਂ ਹਿੰਦੂਆਂ-ਸਿੱਖਾਂ ਦੀ ਖ਼ਲਾਸੀ ਹੋ ਗਈ।

ਪਰ ਪਾਕਿਸਤਾਨ ਦੀ ਮੰਗ ਦਿਨੋ ਦਿਨ ਜ਼ੋਰ ਫੜਦੀ ਜਾ ਰਹੀ ਸੀ। 1940 ਵਿਚ ਮੁਸਲਿਮ ਲੀਗ ਨੇ ਆਪਣੇ ਲਾਹੌਰ ਸਮਾਗਮ ਵਿਚ ਪਾਕਿਸਤਾਨ ਦਾ ਮਤਾ ਪਾਸ ਕਰ ਦਿੱਤਾ ਸੀ। ਸਿੱਖ ਕੌਮ ਨੂੰ ਇਸ ਖ਼ਤਰੇ ਤੋਂ ਸੁਚੇਤ ਕਰਨ ਤੇ ਇਸ ਦਾ ਵਿਰੋਧ ਕਰਨ ਲਈ ਅਕਾਲੀ ਦਲ ਨੇ ਫ਼ਰਵਰੀ 1940 ਵਿਚ 'ਘੱਲੂਘਾਰਾ ਡੇ' ਮਨਾਉਣ ਦਾ ਫ਼ੈਸਲਾ ਕੀਤਾ। ਗੁਜਰਾਂਵਾਲੇ ਵਿਚ ਸ. ਅਵਤਾਰ ਸਿੰਘ ਦੀ ਅਗਵਾਈ ਹੇਠ ਇਹ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਤੇ ਦੀਵਾਨ ਵਿਚ ਬੜੀਆਂ ਗਰਮਾ-ਗਰਮ ਤਕਰੀਰਾਂ ਹੋਈਆਂ। ਇਸ ਵੇਲੇ ਤਕ ਹਾਲਾਤ ਅਜਿਹੇ ਹੋ ਗਏ ਸਨ ਕਿ ਮੈਨੂੰ ਇਨ੍ਹਾਂ ਕਾਰਵਾਈਆਂ ਵਿਚ ਸਰਗਰਮ ਹਿੱਸਾ ਲੈਣਾ ਪੈ ਰਿਹਾ ਸੀ।

ਗੁਜਰਾਂਵਾਲਾ ਜ਼ਿਲ੍ਹੇ ਵਿਚ ਮੁਸਲਮਾਨ ਭਾਰੀ ਬਹੁ-ਗਿਣਤੀ ਵਿਚ ਸਨ। ਹਿੰਦੂਆਂ ਨੂੰ ਤਾਂ ਉਹ ਕਿਸੇ ਗਿਣਤੀ ਵਿਚ ਨਹੀਂ ਸਮਝਦੇ ਸਨ। ਸਿੱਖਾਂ ਦੀ ਵੱਸੋਂ ਭਾਵੇਂ ਕੇਵਲ ਦਸ ਪ੍ਰਤੀਸ਼ਤ ਸੀ, ਪਰ ਸ. ਅਵਤਾਰ ਸਿੰਘ ਵਰਗਾ ਨਿਧੜਕ, ਸਿਆਣਾ ਤੇ ਹਰਮਨ ਪਿਆਰਾ ਜਰਨੈਲ ਮੁਸਲਮਾਨਾਂ ਦੀ ਪ੍ਰਭੁਤਾ ਤੇ ਦਬਦਬਾ ਵਧਣ ਦੇ ਰਾਹ ਵਿਚ ਭਾਰੀ ਰੁਕਾਵਟ ਸੀ। ਪਿਛਲੇ ਡੇਢ ਸਾਲ ਵਿਚ ਸਰਦਾਰ ਜੀ ਦੀਆਂ ਪਾਕਿਸਤਾਨ ਦੇ ਵਿਰੁੱਧ ਸਰਗਰਮੀਆਂ ਫ਼ਿਰਕੂ ਮੁਸਲਮਾਨਾਂ ਨੂੰ ਵਧੇਰੇ ਹੀ ਚੁੱਭਣ ਲਗ ਪਈਆਂ ਸਨ ਤੇ ਉਹ ਉਨ੍ਹਾਂ ਨੂੰ ਖ਼ਤਮ ਕਰਨ ਵਾਸਤੇ ਸਾਜ਼ਸ਼ਾਂ ਕਰਦੇ ਰਹਿੰਦੇ ਸਨ। ਆਖ਼ਰ ਉਨ੍ਹਾਂ ਦੀਆਂ ਸਾਜ਼ਸ਼ਾਂ ਕਾਮਯਾਬ ਹੋ ਗਈਆਂ। 13 ਜੁਲਾਈ 1940 ਨੂੰ

ਜਦ ਸਰਦਾਰ ਜੀ ਮਿਊਂਨਿਸਪਲ ਕਮੇਟੀ ਦੀ ਮੀਟਿੰਗ ਤੋਂ ਬਾਅਦ ਰੇਲਵੇ ਸਟੇਸ਼ਨ ਵੱਲ ਜਾ ਰਹੇ ਸਨ, ਤਾਂ ਇਕ ਹੈਂਸਿਆਰੇ ਸ਼ੇਰੂ ਨੇ ਜ਼ਹਿਰ-ਬੁਝੇ ਛੁਰੇ ਨਾਲ ਉਨ੍ਹਾਂ ਤੇ ਕਈ ਵਾਰ ਕੀਤੇ। ਫਿਰ ਉਹ ਧਿਆਨ ਸਿੰਘ ਝਟਕਈ ਨੂੰ ਮਾਰਨ ਲਈ ਉਹਦੀ ਦੁਕਾਨ ਵੱਲ ਦੌੜਿਆ। ਸ਼ੇਰੂ ਨੂੰ ਤਾਂ ਧਿਆਨ ਸਿੰਘ ਦੀ ਦੁਕਾਨ ਤੇ ਖੜੇ ਇਕ ਨਿਹੰਗ ਸਿੰਘ ਨੇ ਬਰਛੇ ਨਾਲ ਪੌ੍ ਕਢਿਆ, ਪਰ ਉਹਦਾ ਛੁਰਾ ਆਪਣਾ ਕੰਮ ਕਰ ਚੁੱਕਾ ਸੀ। ਸਰਦਾਰ ਜੀ ਨੂੰ ਨਾਜ਼ਕ ਹਾਲਤ ਵਿਚ ਹਸਪਤਾਲ ਪਹੁੰਚਾਇਆ ਗਿਆ। ਪਰ ਲਾਹੌਰੋਂ ਮੰਗਾਏ ਗਏ ਮਾਹਿਰ ਡਾਕਟਰਾਂ ਦੇ ਇਲਾਜ ਦੇ ਬਾਵਜੂਦ ਸਰਦਾਰ ਜੀ ਬਚ ਨਾ ਸਕੇ ਅਤੇ 15 ਜੁਲਾਈ ਨੂੰ ਦੇਸ ਤੇ ਕੌਮ ਦੀ ਸੇਵਾ ਵਿਚ ਸ਼ਹੀਦੀ ਪ੍ਰਾਪਤ ਕਰ ਗਏ।

ਸਰਦਾਰ ਜੀ ਦੀ ਅਰਥੀ ਦਾ ਬੜਾ ਭਾਰੀ ਜਲੂਸ ਨਿਕਲਿਆ, ਜਿਸ ਵਿਚ ਪੰਜਾਬ ਭਰ ਤੋਂ ਸਭ ਵੱਡੇ ਵੱਡੇ ਅਕਾਲੀ ਤੇ ਕਾਂਗਰਸੀ ਆਗੂ ਸ਼ਾਮਲ ਹੋਏ। ਸਿੱਖ ਜੋਸ਼ ਤੇ ਗੁੱਸੇ ਨਾਲ ਭਰੇ ਹੋਏ ਸਨ। ਸਸਕਾਰ ਤੋਂ ਬਾਅਦ ਪੰਜ ਵਜੇ ਸਿੰਘ ਸਭਾ ਵਿਚ ਦੀਵਾਨ ਸਜਾਣ ਦਾ ਫ਼ੈਸਲਾ ਕਰ ਲਿਆ ਗਿਆ ਸੀ। ਮੈਂ ਉਨ੍ਹਾਂ ਉੱਤੇ ਹਮਲਾ ਹੋਣ ਤੋਂ ਦੋ ਦਿਨ ਪਹਿਲਾਂ ਆਪਣੇ ਪਿੰਡ ਗਿਆ ਹੋਇਆ ਸਾਂ ਤੇ ਹਮਲੇ ਵਾਲੇ ਦਿਨ ਸ਼ਾਮ ਨੂੰ ਵਾਪਸ ਆਇਆ ਸਾਂ। 'ਬਾਲਕ' ਦਾ ਜੁਲਾਈ ਦਾ ਪਰਚਾ ਛਪ ਕੇ ਆ ਗਿਆ ਸੀ, ਪਰ ਡਾਕ ਵਿਚ ਨਹੀਂ ਪੈ ਸਕਿਆ ਸੀ। ਖ਼ਿਆਲ ਕੀਤਾ ਕਿ ਦੀਵਾਨ ਤੋਂ ਪਹਿਲਾਂ ਪਹਿਲਾਂ ਇਸ ਨੂੰ ਡਾਕੇ ਪਾ ਦਿਆਂ। ਇਸ ਕੰਮ ਵਿਚ ਲੱਗਾ ਹੋਇਆ ਸਾਂ ਕਿ ਪੁਲਿਸ ਦੇ ਇਕ ਇਨਸਪੈਕਟਰ ਆਏ ਤੇ ਮੈਨੂੰ ਬੁਲਾ ਕੇ ਕਹਿਣ ਲੱਗੇ ਕਿ ਤਫ਼ਤੀਸ਼ ਦੇ ਕੰਮ ਵਿਚ ਮਦਦ ਦੇਣ ਲਈ ਤੁਹਾਨੂੰ ਕਪਤਾਨ ਸਾਹਿਬ ਨੇ ਬੁਲਾਇਆ ਹੈ। ਮੈਂ ਉਨ੍ਹਾਂ ਨੂੰ ਆਖਿਆ ਕਿ ਮੈਂ ਇਸ ਵੇਲੇ ਬਹੁਤ ਰੁੱਝਾ ਹੋਇਆ ਹਾਂ; ਤੁਸੀਂ ਇਸ ਕੰਮ ਲਈ ਡਾਕਟਰ ਮਹਾਂ ਸਿੰਘ ਜੀ ਨੂੰ ਨਾਲ ਲੈ ਜਾਓ। ਕਹਿਣ ਲੱਗੇ, "ਡਾਕਟਰ ਸਾਹਿਬ ਨੂੰ ਵੀ ਲੈ ਜਾਣਾ ਹੈ। ਸਾਨੂੰ ਕਾਹਲ ਕੋਈ ਨਹੀਂ, ਤੁਸੀਂ ਆਪਣਾ ਕੰਮ ਖ਼ਤਮ ਕਰ ਲਓ ; ਫਿਰ ਚੱਲੇ ਚੱਲਾਂਗੇ।" ਮੈਂ ਆਪਣਾ ਕੰਮ ਖ਼ਤਮ ਕੀਤਾ ਤੇ ਕੁਝ ਪ੍ਰਬੰਧਕਾਂ ਨੂੰ ਇਹ ਆਖ ਕੇ ਕਿ ਮੈਂ ਛੇਤੀ ਹੀ ਵਾਪਸ ਆ ਰਿਹਾ ਹਾਂ, ਪੁਲਿਸ ਦੇ ਨਾਲ ਜੀਪ ਵਿਚ ਬੈਠ ਗਿਆ। ਨੇੜੇ ਹੀ ਡਾਕਟਰ ਮਹਾਂ ਸਿੰਘ ਜੀ ਦਾ ਮਕਾਨ ਸੀ। ਉੱਥੋਂ ਉਨ੍ਹਾਂ ਨੇ ਡਾਕਟਰ ਸਾਹਿਬ ਨੂੰ ਨਾਲ ਲੈ ਲਿਆ। ਜਦ ਸਾਡੀ ਜੀਪ ਰੇਲਵੇ ਲਾਈਨ ਦਾ ਫਾਟਕ ਲੰਘ ਕੇ ਸਿਵਲ ਲਾਈਨ ਵਿਚ ਦਾਖ਼ਲ ਹੋਈ, ਤਾਂ ਇਨਸਪੈਕਟਰ ਸਾਹਿਬ, ਜੋ ਮੇਰੇ ਚੰਗੇ ਵਾਕਫ਼ ਸਨ, ਕਹਿਣ ਲੱਗੇ, "Excuse me; You are under arrest." (ਮਾਫ਼ ਕਰਨਾ, ਤੁਸੀਂ ਗ੍ਰਿਫ਼ਤਾਰ ਹੋ)।ਜਦ ਮੈਂ ਪੁੱਛਿਆ ਕਿ ਇਹ ਗ੍ਰਿਫ਼ਤਾਰੀ ਕਿਉਂ ? ਤਾਂ ਕਹਿਣ ਲੱਗੇ, "ਸ਼ਹਿਰ ਵਿਚ ਗੜਬੜ ਦੇ ਅੰਦੇਸ਼ੇ ਕਾਰਨ ਤੁਹਾਨੂੰ ਤੇ ਹਿੰਦੂ-ਮੁਸਲਮਾਨ ਆਗੂਆਂ ਨੂੰ 'ਡੀਫ਼ੈਂਸ ਔਫ਼ ਇੰਡੀਆ' ਐਕਟ ਦੀ ਧਾਰਾ 193 ਦੇ ਅਧੀਨ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ।" ਮੈਂ ਉਨ੍ਹਾਂ ਨੂੰ ਕਿਹਾ ਕਿ ਜੇ ਤੁਸੀਂ ਉੱਥੇ ਹੀ ਸਾਨੂੰ ਠੀਕ ਗੱਲ ਦੱਸ ਦੇਂਦੇ, ਤਾਂ ਅਸੀਂ ਘੱਟੋ ਘੱਟ ਘਰਦਿਆਂ ਤੇ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕਾਂ ਨੂੰ ਜ਼ਰੂਰੀ ਹਦਾਇਤਾਂ ਤਾਂ ਦੇ ਆਉਂਦੇ। ਉਹ ਕਹਿਣ ਲੱਗੇ, "ਇੰਨਾ ਕੁ ਲੁਕਾਅ ਤਾਂ ਅਸਾਂ ਕਰਨਾ ਹੀ ਹੁੰਦਾ ਹੈ। ਹੁਣ ਤੁਸੀਂ ਕਾਗ਼ਜ਼ ਪੈਨਸਿਲ ਸਾਡੇ ਕੋਲੋਂ ਲਓ ਤੇ ਜੇਲ੍ਹੋਂ ਬਾਹਰ ਬਹਿ ਕੇ ਜੋ ਸੁਨੇਹਾ, ਜਿਸ ਪਾਸੇ ਦੇਣਾ ਹੈ, ਲਿਖ ਦਿਓ, ਅਸੀਂ ਝਟ ਪਟ ਤੁਹਾਡੇ ਘਰ ਪਹੁੰਚਾ ਦਿਆਂਗੇ।" ਖ਼ੈਰ! ਮੈਂ ਬਾਹਰ ਬਹਿ ਕੇ ਲੋੜੀਂਦੀਆਂ ਗੱਲਾਂ ਲਿਖੀਆਂ ਤੇ ਕਾਗ਼ਜ਼ ਉਨ੍ਹਾਂ ਦੇ ਹੱਥ ਫੜਾਇਆ, ਜੋ ਠੀਕ ਹਾਲਤ ਵਿਚ ਉਸੇ ਵੇਲੇ ਸਾਡੇ ਘਰ ਪਹੁੰਚਾ ਦਿੱਤਾ ਗਿਆ। ਇਸ ਵੇਲੇ ਤਕ ਹਿੰਦੂ ਤੇ ਮੁਸਲਮਾਨ ਆਗੂ—ਸ. ਲਾਭ ਸਿੰਘ ਬੈਰਿਸਟਰ, ਲਾਲਾ ਨਿਰੰਜਨ ਦਾਸ ਬੱਗਾ ਤੇ ਸ਼ੇਖ਼ ਅਤਾ ਮੁਹੰਮਦ ਸਾਬਕ ਸਰਕਾਰੀ ਵਕੀਲ ਵੀ ਗ੍ਰਿਫ਼ਤਾਰ ਕਰ ਕੇ ਉੱਥੇ ਲੈ ਆਂਦੇ ਗਏ ਸਨ। ਡਿਪਟੀ ਕਮਿਸ਼ਨਰ ਵੱਲੋਂ ਜੇਲ੍ਹ ਦੇ ਸੁਪ੍ਰਿੰਟੈਂਡੈਂਟ ਨੂੰ ਹਦਾਇਤ ਆ ਗਈ ਕਿ ਇਨ੍ਹਾਂ

ਸਭ ਨੂੰ 'ਏ' ਕਲਾਸ ਵਿਚ ਰਖਣਾ ਹੈ। ਸੋ ਸਾਨੂੰ ਪੰਜਾਂ ਨੂੰ ਸਾਡੀ ਇੱਛਾ ਅਨੁਸਾਰ ਇਕ ਖੁਲ੍ਹੀ ਬੈਰਕ ਵਿਚ ਰਿਹਾਇਸ਼ ਦਿੱਤੀ ਗਈ। ਮੰਜੇ ਵੀ ਮਿਲ ਗਏ ਤੇ ਦੋ ਨੌਕਰ ਵੀ। ਰਾਤ ਪੈਣ ਤਕ ਘਰੋਂ ਬਿਸਤਰੇ ਵੀ ਆ ਗਏ ਤੇ ਰੋਟੀ ਵੀ। ਰੋਟੀ ਬੜੀ ਉਚੇਚ ਨਾਲ ਬਣੀ ਆਉਂਦੀ ਸੀ। ਦੋ ਤਿੰਨ ਦਿਨਾਂ ਬਾਅਦ ਮੈਂ ਤੇ ਡਾਕਟਰ ਮਹਾਂ ਸਿੰਘ ਨੇ ਫ਼ੈਸਲਾ ਕੀਤਾ ਕਿ ਜਦ ਸਾਨੂੰ ਇਥੇ 'ਏ' ਕਲਾਸ ਦਾ ਰਾਸ਼ਨ ਮਿਲਣਾ ਹੈ ਅਤੇ ਰੋਟੀ ਬਣਾਨ ਲਈ ਨੌਕਰ ਵੀ ਮਿਲਿਆ ਹੋਇਆ ਹੈ, ਤਾਂ ਅਸੀਂ ਘਰਦਿਆਂ ਨੂੰ ਰੋਟੀ ਭੇਜਣ ਦਾ ਵਖ਼ਤ ਕਿਉਂ ਪਾਈ ਰੱਖੀਏ। ਸੋ ਅਸਾਂ ਰੋਟੀ ਘਰੋਂ ਮੰਗਾਣੀ ਬੰਦ ਕਰ ਦਿੱਤੀ। ਰਾਸ਼ਨ ਵਿਚ ਦੁੱਧ, ਘਿਉ, ਅੰਡੇ, ਸਬਜ਼ੀਆਂ ਤੇ ਦਾਲਾਂ ਆਦਿ ਮਿਲਦੀਆਂ ਹੀ ਸਨ। ਕਿਉਂਜੁ ਸਾਡੇ ਨਾਲ ਦੇ ਆਗੂਆਂ ਨੇ ਰੋਟੀ ਘਰੋਂ ਮੰਗਾਣੀ ਜਾਰੀ ਰੱਖੀ, ਇਸ ਲਈ ਸਾਡੇ ਕੈਦੀ-ਰਸੋਈਆਂ ਨੂੰ ਖਾਣ-ਪੀਣ ਲਈ ਚੋਖਾ ਕੁਝ ਮਿਲ ਜਾਂਦਾ ਸੀ।

ਇਸ ਦੌਰਾਨ ਅੰਦਰੋ ਅੰਦਰੀ ਸਾਨੂੰ ਕਿਤੇ ਦੂਰ-ਦੁਰੇਡੀ ਜੇਲ੍ਹ ਵਿਚ ਭੇਜਣ ਦੀਆਂ ਵਿਉਂਤਾਂ ਬਣਦੀਆਂ ਰਹੀਆਂ। ਆਖ਼ਰ ਕੁਝ ਦਿਨਾਂ ਬਾਅਦ ਸਾਨੂੰ ਰਾਤ ਦੋ ਵਜੇ ਉਠਾ ਕੇ ਦੱਸਿਆ ਗਿਆ ਕਿ ਤੁਹਾਨੂੰ ਕਿਤੇ ਹੋਰ ਥਾਂ ਲਿਜਾਣਾ ਹੈ, ਝਟ ਪਟ ਤਿਆਰ ਹੋ ਜਾਓ। ਲਗ ਪਗ ਤਿੰਨ ਵਜੇ ਸਾਨੂੰ ਬਾਹਰ ਲਿਆਂਦਾ ਗਿਆ, ਜਿੱਥੇ ਸਾਨੂੰ ਲਿਜਾਣ ਲਈ ਇਕ ਬੱਸ ਤਿਆਰ ਖੜੀ ਸੀ, ਜਿਸ ਵਿਚ ਇਕ ਇਨਸਪੈਕਟਰ, ਦੋ ਥਾਣੇਦਾਰ, ਦੋ ਹੈੱਡ-ਕਾਂਸਟੇਬਲ ਅਤੇ 25-30 ਸਿਪਾਹੀ ਸਾਡੀ ਨਿਗਰਾਨੀ ਲਈ ਬੈਠੇ ਹੋਏ ਸਨ। ਸ਼ਹਿਰੋਂ ਬਾਹਰ ਸਾਨੂੰ ਦੱਸਿਆ ਗਿਆ ਕਿ ਤੁਹਾਨੂੰ ਰਾਵਲਪਿੰਡੀ ਲਿਜਾਇਆ ਜਾ ਰਿਹਾ ਹੈ। ਗੁੱਜਰਖ਼ਾਨ ਪਹੁੰਚ ਕੇ ਸਾਨੂੰ ਨਾਸ਼ਤਾ ਕਰਾਇਆ ਗਿਆ ਤੇ ਕਰੀਬ ਚਾਰ ਪੰਜ ਵਜੇ ਸ਼ਾਮ ਅਸੀਂ ਰਾਵਲਪਿੰਡੀ ਪਹੁੰਚ ਗਏ। ਜਦ ਸਾਡੀ ਗਾਰਦ ਸਾਨੂੰ ਜੇਲ੍ਹ ਵਾਲਿਆਂ ਦੇ ਹਵਾਲੇ ਕਰ ਕੇ ਵਾਪਸ ਹੋ ਗਈ, ਤਾਂ ਦਫ਼ਤਰ ਵਿਚ ਬੈਠੇ ਇਕ ਸੱਜਣ ਉੱਠੇ। ਉਨ੍ਹਾਂ ਨੇ ਡਾਕਟਰ ਸਾਹਿਬ ਦੀ ਗੋਡੀਂ ਹੱਥ ਲਾਇਆ ਤੇ ਮੇਰੇ ਨਾਲ ਹੱਥ ਮਿਲਾ ਕੇ ਕਹਿਣ ਲੱਗੇ, "ਗਿਆਨੀ ਜੀ! ਮੈਂ ਤੁਹਾਡਾ ਜਮਾਤੀ ਤੇ ਡਾਕਟਰ ਸਾਹਿਬ ਦਾ ਸ਼ਾਗਿਰਦ ਹਾਂ, ਗਿਆਨ ਚੰਦ। ਇਸ ਜੇਲ੍ਹ ਵਿਚ ਡਿਪਟੀ ਸੁਪ੍ਰਿੰਟੈਂਡੰਟ ਹਾਂ। 'ਏ' ਕਲਾਸ ਤਾਂ ਤੁਹਾਨੂੰ ਮਿਲੀ ਹੋਈ ਹੈ ਤੇ ਇਸ ਦੀਆਂ ਸਭ ਸਹੂਲਤਾਂ ਤੁਹਾਨੂੰ ਮਿਲਣਗੀਆਂ। ਪਰ ਇਸ ਤੋਂ ਬਿਨਾਂ ਵੀ ਮੇਰੇ ਲਾਇਕ ਕੋਈ ਸੇਵਾ ਹੋਵੇ, ਤਾਂ ਦਸਦੇ ਰਹਿਣਾ।" ਇੱਥੇ ਆ ਕੇ ਹੀ ਸਾਨੂੰ ਪਤਾ ਲੱਗਾ ਕਿ ਇਕ ਹੋਰ ਮੁਸਲਮਾਨ ਆਗੂ ਮੌਲਵੀ ਅਬਦੁੱਲ ਵਾਹਿਦ ਦੀ ਗ੍ਰਿਫ਼ਤਾਰੀ ਵੀ ਹੋਣੀ ਸੀ। ਪਰ ਉਹ ਓਦੋਂ ਅੱਟਕ ਜ਼ਿਲ੍ਹੇ ਵਿਚ ਆਪਣੇ ਪਿੰਡ ਗਏ ਹੋਏ ਸਨ। ਉੱਥੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਪਹਿਲਾਂ ਹੀ ਇਸ ਜੇਲ੍ਹ ਵਿਚ ਲੈ ਆਂਦਾ ਗਿਆ ਸੀ ਤੇ ਉਹ 'ਏ' ਕਲਾਸ ਦੇ ਅਹਾਤੇ ਵਿਚ ਰਹਿ ਰਹੇ ਸਨ। ਸਾਨੂੰ ਵੀ ਉੱਥੇ ਲਿਆਂਦਾ ਗਿਆ। 'ਏ' ਕਲਾਸ ਲਈ ਇੱਥੇ ਸਿਰਫ਼ ਦੋ ਕਮਰੇ ਸਨ। ਇਕ ਵਿਚ ਮੌਲਵੀ ਸਾਹਿਬ ਰਹਿ ਰਹੇ ਸਨ। ਦੂਜਾ ਕਮਰਾ ਮੈਨੂੰ ਤੇ ਡਾਕਟਰ ਸਾਹਿਬ ਨੂੰ ਦੇ ਦਿੱਤਾ ਗਿਆ। ਸਾਡੇ ਬਾਕੀ ਤਿੰਨਾਂ ਸਾਥੀਆਂ ਨੇ ਉਸ ਅਹਾਤੇ ਵਿਚ ਇਕ ਵਿਸ਼ਾਲ ਤੰਬੂ ਲਗਵਾ ਕੇ ਰਹਿਣਾ ਵਧੇਰੇ ਠੀਕ ਸਮਝਿਆ। ਓਂ ਇੱਥੇ ਆ ਕੇ ਰੋਟੀ ਵੱਲੋਂ ਅਸੀਂ ਸਾਰੇ ਇੱਕੋ ਜਿਹੇ ਹੋ ਗਏ, ਕਿਉਂਕਿ ਹੁਣ ਕਿਸੇ ਦੀ ਵੀ ਰੋਟੀ ਘਰੋਂ ਨਹੀਂ ਆ ਸਕਦੀ ਸੀ। ਰੋਟੀ ਕਾਫ਼ੀ ਚੰਗੀ ਬਣਦੀ ਸੀ ਤੇ ਇਸ ਪੱਖੋਂ ਸਾਨੂੰ ਕੋਈ ਤਕਲੀਫ਼ ਨਹੀਂ ਹੋਈ। ਇਸ ਅਹਾਤੇ ਦੇ ਬਾਹਰਲੇ ਦਰਵਾਜ਼ੇ ਉੱਤੇ ਇਕ ਸੰਤਰੀ ਜ਼ਰੂਰ ਬਹਿੰਦਾ ਸੀ, ਪਰ ਅਸੀਂ ਬੇਰੋਕ-ਟੋਕ ਅੰਦਰ-ਬਾਹਰ ਜਾ ਸਕਦੇ ਸਾਂ ਤੇ ਸ਼ਾਮ ਨੂੰ ਜੇਲ੍ਹ ਦੇ ਅੰਦਰਲੇ ਵਿਸ਼ਾਲ ਘੇਰੇ ਦਾ ਚੱਕਰ ਵੀ ਲਾ ਆਉਂਦੇ ਸਾਂ। ਸਾਡੇ ਅਹਾਤੇ ਦੇ ਨਾਲ ਹੀ 'ਬੀ' ਕਲਾਸ ਦੇ ਕੈਦੀਆਂ ਦਾ ਅਹਾਤਾ ਸੀ, ਜਿੱਥੇ ਓਦੋਂ ਤਿੰਨ ਚਾਰ ਅਹਿਰਾਰੀ ਆਗੂ ਕੈਦ ਸਨ।

ਜੇਲ੍ਹ-ਜੀਵਨ ਦੇ ਦੋ ਮਹੀਨੇ ਮੈਂ ਡਾਕਟਰ ਮਹਾਂ ਸਿੰਘ ਜੀ ਦਾ ਸਾਥ ਰੱਜ ਕੇ ਮਾਣਿਆ

ਤੇ ਉਨ੍ਹਾਂ ਕੋਲੋਂ ਬੜਾ ਕੁਝ ਸਿਖਿਆ। ਡਾਕਟਰ ਸਾਹਿਬ ਹਡਾਲੀ ਜ਼ਿਲ੍ਹਾ ਸ਼ਾਹਪੁਰ ਦੇ ਰਹਿਣ ਵਾਲੇ ਸਨ ਅਤੇ ਪ੍ਰਸਿਧ ਠੇਕੇਦਾਰ ਸਰ ਸੋਭਾ ਸਿੰਘ ਅਤੇ ਸਰਦਾਰ ਉੱਜਲ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਸਨ। ਉਹ ਲਾਹੌਰ ਮੈਡੀਕਲ ਕਾਲਜ ਤੋਂ LMSF ਕਰ ਕੇ ਸ਼ੇਖ਼ੂਪੁਰੇ ਡਾਕਟਰ ਲੱਗੇ ਹੋਏ ਸਨ। 1908 ਵਿਚ ਉਨ੍ਹਾਂ ਦੀ ਬਦਲੀ ਗੁਜਰਾਂਵਾਲੇ ਹੋਈ, ਤਾਂ ਉਨ੍ਹਾਂ ਨੂੰ ਇਥੋਂ ਦਾ ਧਾਰਮਿਕ, ਸਮਾਜਿਕ ਤੇ ਵਿਦਿਅਕ ਵਾਤਾਵਰਨ ਇੰਨਾ ਪਸੰਦ ਆਇਆ ਕਿ ਸਰਕਾਰੀ ਨੌਕਰੀ ਛਡ ਕੇ ਉਨ੍ਹਾਂ ਨੇ ਇੱਥੇ ਹੀ ਪ੍ਰਾਈਵੇਟ ਪ੍ਰੈਕਟਿਸ ਸ਼ੁਰੂ ਕਰ ਲਈ। ਉਹ 1946 ਵਿਚ ਆਪਣੇ ਦੇਹਾਂਤ ਤਕ ਹਰੇਕ ਸਿਖ ਅੰਦੋਲਨ ਤੇ ਵਿਸ਼ੇਸ਼ ਕਰਕੇ ਸਿੰਘ ਸਭਾ ਤੇ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਅਤੇ ਗੁਰਦੁਆਰਾ-ਸੁਧਾਰ ਲਹਿਰ ਵਿਚ ਕੈਦ ਵੀ ਹੋਏ। ਸ੍ਰੀ ਗੁਰੂ ਸਿੰਘ ਸਭਾ ਦੇ ਉਹ ਸਰਗਰਮ ਮੈਂਬਰ ਸਨ। 1916 ਵਿਚ ਉਨ੍ਹਾਂ ਦੇ ਜਤਨਾਂ ਨਾਲ ਹੀ ਸ੍ਰੀ ਗੁਰੂ ਸਿੰਘ ਸਭਾ ਦੇ ਗੁਰਦੁਆਰੇ ਵਿਚ ਹਰ ਰੋਜ਼ ਪੂਰੀ ਆਸਾ ਦੀ ਵਾਰ ਲਾਉਣ ਦਾ ਪ੍ਰੋਗਰਾਮ ਸ਼ੁਰੂ ਹੋਇਆ ਸੀ।

ਡਾਕਟਰ ਸਾਹਿਬ ਪੁਰਾਤਨ ਗੁਰਸਿੱਖਾਂ ਵਾਲੇ ਜੀਵਨ ਦਾ ਆਦਰਸ਼ਕ ਨਮੂਨਾ ਸਨ। ਉਨ੍ਹਾਂ ਨੂੰ ਨਿਤਨੇਮ ਦੀਆਂ ਬਾਣੀਆਂ ਤੋਂ ਸਿਵਾ ਆਸਾ ਦੀ ਵਾਰ, ਸੁਖਮਨੀ ਸਾਹਿਬ, ਅਨੰਦ ਸਾਹਿਬ ਆਦਿ ਅਤੇ ਸੈਂਕੜੇ ਸ਼ਬਦ ਜ਼ਬਾਨੀ ਯਾਦ ਸਨ। ਉਹ ਸਵੇਰੇ ਢਾਈ ਤਿੰਨ ਵਜੇ ਉਠ ਕੇ ਪਾਠ ਸ਼ੁਰੂ ਕਰ ਦੇਂਦੇ। ਜਿਹੜੀਆਂ ਬਾਣੀਆਂ ਮੈਨੂੰ ਯਾਦ ਸਨ, ਉਨ੍ਹਾਂ ਦਾ ਪਾਠ ਮੇਰੇ ਕੋਲੋਂ ਕਰਾਉਂਦੇ ਤੇ ਬਾਕੀ ਪਾਠ ਆਪ ਕਰਦੇ। ਕਦੀ ਕਦੀ ਉਹ ਉੱਚੀ ਸੁਰ ਨਾਲ ਸ਼ੇਖ਼ ਫ਼ਰੀਦ ਜੀ ਦੇ ਹੇਠ ਲਿਖੇ ਤਿੰਨ ਸਲੋਕਾਂ ਦਾ ਉਚਾਰਨ ਕਰਦੇ:

ਫਰੀਦਾ ਬੇਨਿਵਾਜਾ ਕੁਤਿਆ, ਏਹ ਨ ਭਲੀ ਰੀਤਿ।
ਕਬਹੀ ਚਲਿ ਨ ਆਇਆ, ਪੰਜੇ ਵਖਤ ਮਸੀਤਿ।
ਉਠੁ ਫਰੀਦਾ ਉਜੂ ਸਾਜਿ, ਸੁਬਹ ਨਿਵਾਜ ਗੁਜਾਰਿ।
ਜੋ ਸਿਰੁ ਸਾਈ ਨਾ ਨਿਵੈ, ਸੋ ਸਿਰੁ ਕਪਿ ਉਤਾਰਿ।
ਜੋ ਸਿਰੁ ਸਾਂਈ ਨਾ ਨਿਵੈ, ਸੋ ਸਿਰੁ ਕੀਜੈ ਕਾਂਇ।
ਕੁੰਨੇ ਹੇਠਿ ਜਲਾਈਐ, ਬਾਲਣ ਸੰਦੈ ਥਾਇ।

ਪਰਤੱਖ ਹੈ ਕਿ ਇਹ ਸਲੋਕ ਡਾਕਟਰ ਸਾਹਿਬ ਸਾਡੇ ਸਾਥੀ ਕੈਦੀ ਸ਼ੇਖ਼ ਅਤਾ ਮੁਹੰਮਦ ਨੂੰ ਸੁਣਾਉਣ ਲਈ ਹੀ ਪੜ੍ਹਦੇ ਸਨ ਤੇ ਉਨ੍ਹਾਂ ਨੇ ਵੀ ਕਦੀ ਕਦੀ ਹੱਸ ਕੇ ਆਖ ਹੀ ਦੇਣਾ, "ਡਾਕਟਰ ਸਾਹਿਬ! ਕੀ ਸਵੇਰੇ ਸਵੇਰੇ ਗਾਲ੍ਹਾਂ ਕਢਣੀਆਂ ਸ਼ੁਰੂ ਕਰ ਦੇਂਦੇ ਹੋ!" ਮੁਕਦੀ ਗੱਲ ਇਹ ਕਿ ਦਿਨ ਚੰਗੇ ਕੱਟੇ ਗਏ। ਅਸੀਂ ਅਜੇ ਜੇਲ੍ਹ ਵਿਚ ਹੀ ਸਾਂ ਕਿ ਸ਼੍ਰੋਮਣੀ ਕਮੇਟੀ ਤੇ ਸਥਾਨਿਕ ਗੁਰਦੁਆਰਾ ਕਮੇਟੀਆਂ ਦੀਆਂ ਚੋਣਾਂ ਆ ਗਈਆਂ। ਗੁਜਰਾਂਵਾਲੇ ਦੀ ਸਿੰਘ ਸਭਾ ਤੇ ਅਕਾਲੀ ਦਲ ਨੇ ਡਾਕਟਰ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਦੀ ਮੈਂਬਰੀ ਲਈ ਤੇ ਮੈਨੂੰ ਸਥਾਨਿਕ ਕਮੇਟੀ ਦੀ ਮੈਂਬਰੀ ਲਈ ਉਮੀਦਵਾਰ ਖੜੇ ਕਰਨ ਦਾ ਫ਼ੈਸਲਾ ਕੀਤਾ ਅਤੇ ਉਮੀਦਵਾਰੀ ਦੇ ਕਾਗਜ਼ਾਂ ਉੱਤੇ ਸਾਡੇ ਦਸਖ਼ਤ ਕਰਾਉਣ ਲਈ ਇਕ ਆਦਮੀ ਉਚੇਚਾ ਰਾਵਲਪਿੰਡੀ ਭੇਜਿਆ। ਪਰ ਮੇਰੇ ਵਾਂਗ ਡਾਕਟਰ ਸਾਹਿਬ ਨੂੰ ਵੀ ਚੌਧਰ ਦੀ ਕੋਈ ਖਿੱਚ ਨਹੀਂ ਸੀ, ਇਸ ਲਈ ਅਸਾਂ ਨਿਮਰਤਾ ਸਹਿਤ ਇਹ ਪੇਸ਼ਕਸ਼ ਅਪ੍ਰਵਾਨ ਕਰ ਦਿੱਤੀ, ਬਾਅਦ ਵਿਚ ਅਕਾਲੀ ਦਲ ਵੱਲੋਂ ਸ. ਸ਼ੁੱਕਰ ਸਿੰਘ ਬਿਲਾ-ਮੁਕਾਬਲਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ। ਸਥਾਨਿਕ ਕਮੇਟੀ ਲਈ ਵੀ ਵਿਰੋਧੀ ਧੜੇ ਨਾਲ ਸਮਝੌਤਾ ਹੋ ਗਿਆ। ਇਸ ਕਮੇਟੀ ਲਈ ਚਾਰ ਮੈਂਬਰ ਚੁਣੇ ਜਾਣੇ ਸਨ। ਵਿਰੋਧੀ ਧੜੇ ਨੇਂ ਆਪਣੇ ਵੱਲੋਂ ਇਕ ਉਮੀਦਵਾਰ ਗੁਰਦਿਤ ਸਿੰਘ ਰਾਮਗੜ੍ਹੀਆ ਦੇ ਦਿੱਤਾ ਤੇ ਅਕਾਲੀ ਦਲ ਨੇ ਆਪਣੇ ਵੱਲੋਂ ਸਰਬ-ਸੰਮਤੀ ਨਾਲ ਤਿੰਨ ਉਮੀਦਵਾਰ ਚੁਣ ਲਏ। ਇਹ ਚਾਰੇ ਵੀ ਬਿਲਾ-ਮੁਕਾਬਲਾ ਕਾਮਯਾਬ ਹੋ ਗਏ। ਇਸ ਕਮੇਟੀ

ਦਾ ਪੰਜਵਾਂ ਮੈਂਬਰ ਸ਼੍ਰੋਮਣੀ ਕਮੇਟੀ ਨੇ ਨਾਮਜ਼ਦ ਕਰਨਾ ਸੀ। ਜ਼ਿਲ੍ਹਾ ਅਕਾਲੀ ਜਥੇ ਨੇ ਇਸ ਸੀਟ ਲਈ ਸ਼੍ਰੋਮਣੀ ਕਮੇਟੀ ਕੋਲ ਮੇਰੇ ਨਾਂ ਦੀ ਸਿਫ਼ਾਰਸ਼ ਕੀਤੀ ਤੇ ਕਮੇਟੀ ਨੇ ਮੈਨੂੰ ਮੈਂਬਰ ਨਾਮਜ਼ਦ ਕਰ ਦਿੱਤਾ। ਪਹਿਲੀ ਮੀਟਿੰਗ ਵਿਚ ਮੈਂਬਰਾਂ ਨੇ ਮੈਨੂੰ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਚੁਣ ਲਿਆ। ਕਈ ਵਾਰੀ ਮੈਨੂੰ ਖ਼ਿਆਲ ਆਉਂਦਾ ਹੈ ਕਿ ਗੁਜਰਾਂਵਾਲੇ ਵਿਚ ਮੈਂ ਨਾ ਕਦੇ ਕਿਸੇ ਸਭਾ-ਸੁਸਾਇਟੀ ਲਈ ਉਮੀਦਵਾਰ ਖੜਾ ਹੋਇਆ ਸਾਂ ਤੇ ਨਾ ਕਦੀ ਸਿੱਖਾਂ ਨੇ ਮੈਨੂੰ ਆਪਣਾ ਆਗੂ ਚੁਣਿਆ ਸੀ। ਲੀਡਰ ਵਜੋਂ ਮੇਰੀ ਚੋਣ ਤਾਂ ਸਥਾਨਿਕ ਪ੍ਰਸ਼ਾਸਨ ਨੇ ਮੈਨੂੰ ਗ੍ਰਿਫ਼ਤਾਰ ਕਰ ਕੇ ਕੀਤੀ ਸੀ ਤੇ ਬਾਅਦ ਵਿਚ ਸ਼ਹਿਰ ਦੇ ਸਿੱਖਾਂ ਨੇ ਇਹਦੇ ਉੱਤੇ ਆਪਣੀ ਪ੍ਰਵਾਨਗੀ ਦੀ ਮੁਹਰ ਲਾ ਦਿੱਤੀ ਸੀ। ਕੁਝ ਵੀ ਹੋਵੇ, ਇਹ ਚੌਧਰ ਦੀ ਛੱਟ ਹੁਣ ਮੇਰੇ ਗਲ ਆ ਪਈ ਸੀ ਤੇ ਮੈਨੂੰ ਹਰ ਹਾਲਤ ਵਿਚ ਇਹਦੀਆਂ ਜ਼ਿੰਮੇਵਾਰੀਆਂ ਨਿਭਾਣੀਆਂ ਹੀ ਪੈਣੀਆਂ ਸਨ।

ਮੇਰੀ ਨੇਤਾਗਿਰੀ ਦਾ ਪਹਿਲਾ ਸ਼ਿਕਾਰ ਮੇਰਾ ਮਾਸਕ-ਪੱਤਰ 'ਬਾਲਕ' ਹੋਇਆ। ਜਿਵੇਂ ਮੈਂ ਪਹਿਲਾਂ ਦੱਸਿਆ ਹੈ, 9 ਜੁਲਾਈ 1940 ਦਾ ਪਰਚਾ ਮੈਂ ਗ੍ਰਿਫ਼ਤਾਰੀ ਵਾਲੇ ਦਿਨ ਹੀ ਡਾਕ ਵਿਚ ਪੁਆਇਆ ਸੀ। ਦੋ ਮਹੀਨੇ ਦੀ ਨਜ਼ਰਬੰਦੀ ਵਿਚ ਅਗਸਤ ਤੇ ਸਤੰਬਰ ਦੇ ਪਰਚੇ ਛਪ ਹੀ ਨਹੀਂ ਸਕੇ ਸਨ ਅਤੇ ਰਿਹਾਈ ਤੋਂ ਬਾਅਦ ਜਦ ਮੈਨੂੰ ਨੇਤਾਗਿਰੀ ਦੇ ਝਮੇਲੇ ਪੈ ਗਏ, ਤਾਂ ਤਸੱਲੀ ਤੇ ਇਕਾਗਰਤਾ ਨਾਲ ਪਰਚੇ ਦਾ ਸੰਪਾਦਨ ਤੇ ਪ੍ਰਕਾਸ਼ਨ ਲਗ ਪਗ ਅਸੰਭਵ ਹੋ ਗਿਆ। ਇਸ ਤੋਂ ਬਾਅਦ ਮੈਂ ਬੜੇ ਵਖ਼ਤਾਂ ਨਾਲ ਮਸਾਂ ਚਾਰ ਪਰਚੇ ਕਢ ਸਕਿਆ ਅਤੇ ਫ਼ਰਵਰੀ 1941 ਤੋਂ ਪਰਚਾ ਬੰਦ ਕਰਨਾ ਪੈ ਗਿਆ। ਓਂ ਇਸ ਸਮੇਂ ਸਬੱਬ ਨਾਲ ਮੇਰਾ ਅਧਿਆਪਨ ਦਾ ਕੰਮ ਵਧ ਗਿਆ ਸੀ, ਜਿਸ ਵਿਚ ਵਕਤ ਥੋੜ੍ਹਾ ਦੇਣਾ ਪੈਂਦਾ ਸੀ, ਪਰ ਰੋਜ਼ੀ-ਰੋਟੀ ਦਾ ਗੁਜ਼ਾਰਾ ਠੀਕ ਚਲ ਸਕਦਾ ਸੀ। ਸ਼ਹਿਰ ਵਿਚ ਉਸੇ ਸਾਲ ਹਿੰਦੂ ਕਾਲਜ ਖੁਲ੍ਹਾ ਸੀ। ਉਨ੍ਹਾਂ ਨੇ ਕੁੜੀਆਂ ਨੂੰ ਅਖ਼ਤਿਆਰੀ ਪੰਜਾਬੀ ਪੜ੍ਹਾਉਣ ਲਈ ਮੈਨੂੰ ਲੈਕਚਰਾਰ ਨਿਯੁਕਤ ਕਰ ਲਿਆ। ਉੱਥੇ ਰੋਜ਼ ਦਾ ਕੇਵਲ ਇਕ ਪੀਰੀਅਡ ਪੜ੍ਹਾਣਾ ਪੈਂਦਾ ਸੀ। ਇਸੇ ਤਰ੍ਹਾਂ ਗੁਰੂ ਨਾਨਕ ਖ਼ਾਲਸਾ ਕਾਲਜ ਨੇ ਕੁੜੀਆਂ ਲਈ ਵਖਰੀਆਂ ਪ੍ਰਾਈਵੇਟ ਕਲਾਸਾਂ ਜਾਰੀ ਕਰ ਦਿੱਤੀਆਂ ਸਨ। ਉੱਥੇ ਵੀ ਇਕ ਪੀਰੀਅਡ ਰੋਜ਼ਾਨਾ ਪੜ੍ਹਾਉਣ ਲਈ ਮੇਰੀ ਨਿਯੁਕਤੀ ਹੋ ਗਈ। ਮੇਰੀਆਂ ਲੜਕਿਆਂ ਤੇ ਲੜਕੀਆਂ ਦੀਆਂ ਗਿਆਨੀ ਕਲਾਸਾਂ ਵੀ ਚੱਲ ਨਿਕਲੀਆਂ ਸਨ, ਇੱਥੋਂ ਤਕ ਕਿ ਮੈਂ ਗਿਆਨੀ ਸੁਜਾਨ ਸਿੰਘ ਜੀ ਨੂੰ, ਜੋ ਬਾਅਦ ਵਿਚ ਗੁਰੂ ਨਾਨਕ ਖ਼ਾਲਸਾ ਕਾਲਜ ਗੁਰਦਾਸਪੁਰ ਦੇ ਪ੍ਰਿੰਸੀਪਲ ਬਣ ਕੇ ਰਿਟਾਇਰਡ ਹੋਏ, ਅੰਮ੍ਰਿਤਸਰ ਤੋਂ ਬੁਲਾ ਕੇ ਲੜਕਿਆਂ ਦੀ ਜਮਾਤ ਉਨ੍ਹਾਂ ਦੇ ਸਪੁਰਦ ਕਰ ਦਿੱਤੀ। ਹੁਣ ਮੈਂ ਤਸੱਲੀ ਨਾਲ ਕੁਝ ਸਮਾਂ ਜਨਤਕ ਕੰਮਾਂ ਲਈ ਦੇ ਸਕਦਾ ਸਾਂ।

ਸਭਾ-ਸੁਸਾਇਟੀਆਂ ਵਿਚ ਕੁਝ ਕੰਮ ਕਰ ਕੇ ਮੈਂ ਇਹ ਵੇਖ ਲਿਆ ਸੀ ਕਿ ਇਨ੍ਹਾਂ ਵਿਚ ਭਾਵੇਂ ਕੁਝ ਲੋਕ ਨਿਰੋਲ ਸੇਵਾ-ਭਾਵ ਦੇ ਵਿਚਾਰ ਨਾਲ ਆਉਂਦੇ ਹਨ, ਪਰ ਬਹੁਤਿਆਂ ਦਾ ਆਸ਼ਾ ਇਨ੍ਹਾਂ ਵਿਚ ਘੁਸ ਕੇ ਆਰਥਿਕ ਲਾਭ ਉਠਾਣਾ ਵੀ ਹੁੰਦਾ ਹੈ; ਸਿੱਧੇ ਤੌਰ ਤੇ ਨਹੀਂ, ਤਾਂ ਕਿਸੇ ਅਸਿੱਧੇ ਢੰਗ ਨਾਲ। ਉਹ ਚਾਹੁੰਦੇ ਹਨ ਕਿ ਲੀਡਰ ਬਣ ਕੇ ਉਨ੍ਹਾਂ ਦੀ ਪਹੁੰਚ ਵੱਡੇ ਸਰਕਾਰੀ ਅਫ਼ਸਰਾਂ ਜਾਂ ਹੇਠਲੇ ਕਰਮਚਾਰੀਆਂ ਨਾਲ ਹੋ ਜਾਏ ਤੇ ਉਨ੍ਹਾਂ ਦੀ ਰਾਹੀਂ ਉਹ ਆਪਣੇ ਕੰਮ ਕਢਾ ਸਕਣ ਜਾਂ ਲੋਕਾਂ ਦੇ ਕੰਮ ਕਰਾ ਕੇ ਆਪਣਾ ਅਸਰ-ਰਸੂਖ਼ ਵਧਾ ਸਕਣ। ਇਸ ਲਈ ਮੈਂਬਰ ਹਰ ਜਾਇਜ਼-ਨਜਾਇਜ਼ ਢੰਗ ਨਾਲ ਸਭਾ ਉੱਤੇ ਆਪਣਾ ਕਬਜ਼ਾ ਕਾਇਮ ਰਖਣਾ ਚਾਹੁੰਦੇ ਹਨ ਤੇ ਇਸੇ ਕਰਕੇ ਸੰਸਥਾਵਾਂ ਵਿਚ ਧੜੇਬੰਦੀ ਪੈਦਾ ਹੁੰਦੀ ਹੈ। ਸੋ ਨੇਤਾਗਿਰੀ ਕਿਸੇ ਵੀ ਈਮਾਨਦਾਰ ਤੇ ਸਿੱਧੇ ਰਾਹ ਚੱਲਣ ਵਾਲੇ ਬੰਦੇ ਦੇ ਵੱਸ ਦਾ ਰੋਗ ਨਹੀਂ। ਇਹਦੇ ਵਿਚ ਬਹੁਤੀ ਵਾਰੀ ਵਿਰੋਧੀਆਂ ਨਾਲੋਂ ਆਪਣੇ ਸਾਥੀ ਵਧੇਰੇ ਮੁਸ਼ਕਲਾਂ ਪੈਦਾ ਕਰ ਦੇਂਦੇ ਹਨ, ਜਦ ਉਨ੍ਹਾਂ ਦੀਆਂ ਇਛਾਵਾਂ ਦੀ

ਪੂਰਤੀ ਨਹੀਂ ਹੁੰਦੀ। ਸੋ ਕਈ ਵਾਰੀ ਬੁਰਾਈ ਨਾਲ ਵੀ ਸਮਝੌਤਾ ਕਰਨਾ ਪੈਂਦਾ ਹੈ। ਹੁਣ ਜਦ ਲੀਡਰੀ ਤੋਂ ਛੁਟਕਾਰਾ ਪਾਣਾ ਮੁਸ਼ਕਲ ਹੋ ਗਿਆ, ਤਾਂ ਮੈਂ ਫ਼ੈਸਲਾ ਕਰ ਲਿਆ ਕਿ ਸਭ ਤੋਂ ਵੱਧ ਧਿਆਨ ਕਿਸੇ ਨਿੱਗਰ ਤੇ ਉਸਾਰੂ ਕੰਮ ਵੱਲ ਦਿਆਂਗਾ, ਜਿੱਥੇ ਨਾ ਵਿਰੋਧੀ ਤੇ ਨਾ ਆਪਣੇ ਕੋਈ ਮੁਸ਼ਕਲਾਂ ਖੜੀਆਂ ਕਰ ਸਕਣ ਤੇ ਜਿਸ ਨਾਲ ਆਮ ਜਨਤਾ ਦਾ ਭਲਾ ਹੋ ਜਾਏ। ਤੇ ਇਹ ਖੇਤਰ ਸੀ, ਸਥਾਨਿਕ ਗੁਰਦੁਆਰਾ ਕਮੇਟੀ ਦੇ (ਜਿਸ ਦਾ ਮੈਂ ਪ੍ਰਧਾਨ ਚੁਣਿਆ ਗਿਆ ਸਾਂ ਤੇ ਜਿਸ ਦੇ ਤਿੰਨ ਮੈਂਬਰ ਪੂਰੇ ਤੌਰ ਤੇ ਮੇਰੇ ਨਾਲ ਸਨ) ਕੰਮ ਦੀ ਉੱਨਤੀ ਤੇ ਵਿਕਾਸ।

ਸਥਾਨਿਕ ਕਮੇਟੀ ਦੇ ਅਧੀਨ ਸਤ ਗੁਰਦੁਆਰੇ ਸਨ, ਜਿਨ੍ਹਾਂ ਵਿੱਚੋਂ ਗੁਰਦੁਆਰਾ ਦਮਦਮਾ ਸਾਹਿਬ ਦਾ ਕਬਜ਼ਾ ਅਜੇ ਕਮੇਟੀ ਨੂੰ ਨਹੀਂ ਮਿਲਿਆ ਸੀ। ਇਹੀ ਗੁਰਦੁਆਰਾ ਸਭ ਤੋਂ ਵੱਡਾ ਤੇ ਰੌਣਕ ਵਾਲਾ ਸੀ ਤੇ ਇੱਥੇ ਹਰ ਰੋਜ਼ ਸਵੇਰ ਦਾ ਦੀਵਾਨ ਸਜਦਾ ਸੀ। ਗੁਰਦੁਆਰਾ ਭਾਈ ਮੂਲ ਸਿੰਘ ਅਸਲ ਵਿਚ ਮੜ੍ਹੀਆਂ ਵਾਲਾ ਗੁਰਦੁਆਰਾ ਸੀ ਤੇ ਸ਼ਹਿਰੋਂ ਬਾਹਰ ਸੀ। ਸਸਕਾਰ ਕਰਨ ਤੋਂ ਬਾਅਦ ਨਾਲ ਗਏ ਬੰਦੇ ਇੱਥੇ ਆ ਕੇ ਇਸ਼ਨਾਨ ਕਰਦੇ ਜਾਂ ਹੱਥ-ਮੂੰਹ ਧੋਂਦੇ ਅਤੇ ਅੰਦਰ ਕੀਰਤਨ ਸੋਹਿਲੇ ਜਾਂ ਅਲਾਹੁਣੀਆਂ ਦਾ ਪਾਠ ਹੋ ਜਾਂਦਾ। ਧਰਮਸ਼ਾਲਾ ਧੂਪੀਆਂ ਤੇ ਧਰਮਸ਼ਾਲਾ ਭਾਈ ਲਾਲ ਸਿੰਘ ਦੋ ਛੋਟੇ ਛੋਟੇ ਗੁਰਦੁਆਰੇ ਸਨ। ਤੇ ਇਸੇ ਤਰ੍ਹਾਂ ਦੀ ਸੀ ਸਮਾਧ ਸਰਦਾਰ ਚੜ੍ਹਤ ਸਿੰਘ। ਸਮਾਧ ਸ. ਮਹਾਂ ਸਿੰਘ ਬਹੁਤ ਵੱਡੇ ਖੇਤਰ ਵਿਚ ਸੀ ਤੇ ਇਥੇ ਦੋ ਵੱਡੇ ਵੱਡੇ ਦੁ-ਮੰਜ਼ਲੇ ਕਮਰੇ ਵੀ ਸਨ, ਜਿੱਥੇ ਕਦੇ ਕਦੇ ਯਾਤਰੂ ਆ ਕੇ ਠਹਿਰਦੇ ਸਨ ਤੇ ਉਨ੍ਹਾਂ ਲਈ ਲੰਗਰ ਦਾ ਪ੍ਰਬੰਧ ਵੀ ਹੋ ਜਾਂਦਾ ਸੀ। ਸਤਵਾਂ ਗੁਰਦੁਆਰਾ ਸੀ, 'ਸਮਾਧ ਬਾਬਾ ਪਤਾਸਾ ਸਿੰਘ'। ਇਹ ਸ਼ਹਿਰ ਦੇ ਐਨ ਵਿਚਕਾਰ ਸਥਾਪਤ ਸੀ ਤੇ ਇਸ ਦੇ ਦੋ ਪਾਸੇ ਬਜ਼ਾਰ ਤੇ ਸੜਕ ਲਗਦੀ ਸੀ। ਛੋਟੀ ਜਿਹੀ ਇਕ ਸਮਾਧ ਦੇ ਨਾਲ ਇਕ ਖੂਹੀ ਵੀ ਸੀ, ਜਿਸ ਦੇ ਨਾਲ ਇਕ ਛੋਟੇ ਜਿਹੇ ਇਸ਼ਨਾਨ-ਘਰ ਦਾ ਵੀ ਪ੍ਰਬੰਧ ਸੀ। ਗ੍ਰੰਥੀ ਦੀ ਰਿਹਾਇਸ਼ ਲਈ ਤਿੰਨ ਚਾਰ ਕਮਰਿਆਂ ਤੋਂ ਛੁਟ ਇੱਥੇ ਛੋਟੀਆਂ-ਮੋਟੀਆਂ ਮੀਟਿੰਗਾਂ ਲਈ ਇਕ ਕਮਰਾ ਤੇ ਇਕ ਬਹੁਤ ਲੰਮਾ-ਚੌੜਾ ਹਾਲ ਸੀ। ਪਰ ਇਹ ਗੁਰਦੁਆਰਾ, ਸ੍ਰੀ ਗੁਰੂ ਸਿੰਘ ਸਭਾ ਦੇ ਵੱਡੇ ਗੁਰਦੁਆਰੇ ਦੇ ਬਿਲਕੁਲ ਨਾਲ ਲਗਵਾਂ ਸੀ ਤੇ ਇੱਥੇ ਮੁਕਾਬਲੇ ਵਿਚ ਹਰ ਰੋਜ਼ ਦੀਵਾਨ ਲਾਣਾ ਬਹੁਤ ਹੀ ਨਜਾਇਜ਼ ਤੇ ਬੇਲੋੜਾ ਜਾਪਦਾ ਸੀ। ਓਂ ਇਹੀ ਗੁਰਦੁਆਰਾ ਸੀ, ਜਿਸ ਦੇ ਵਿਕਾਸ ਲਈ ਅਸਾਂ ਇਕ ਲੰਮੀ-ਚੌੜੀ ਸਕੀਮ ਬਣਾਈ, ਜੋ ਪੂਰੀ ਤਾਂ ਕੁਝ ਵਰ੍ਹਿਆਂ ਵਿਚ ਹੋਣੀ ਸੀ, ਪਰ ਇਸ ਦਾ ਅਰੰਭ ਉਸੇ ਵੇਲੇ ਕਰ ਦਿੱਤਾ ਗਿਆ। ਪ੍ਰੋਗਰਾਮ ਇਹ ਸੀ ਕਿ ਗੁਰਦੁਆਰੇ ਦੇ ਸੜਕ ਤੇ ਬਜ਼ਾਰ ਨਾਲ ਲਗਦੇ ਪਾਸਿਆਂ ਵੱਲ 15-20 ਦੁਕਾਨਾਂ ਬਣਾਈਆਂ ਜਾਣ ਤੇ ਉਨ੍ਹਾਂ ਦੇ ਉੱਤੇ ਇੰਨੇ ਹੀ ਕਮਰੇ ਜੰਞਾਂ ਨੂੰ ਠਹਿਰਾਉਣ ਲਈ ਬਣਾ ਦਿੱਤੇ ਜਾਣ। ਇਸ਼ਨਾਨ-ਘਰ ਨੂੰ ਵੱਡਾ ਬਣਾ ਕੇ ਜਾਂਞੀਆਂ ਦੇ ਇਸ਼ਨਾਨ-ਪਾਣੀ ਦਾ ਪ੍ਰਬੰਧ ਕਰ ਦਿੱਤਾ ਜਾਏ। ਦਸ ਬਾਰ੍ਹਾਂ ਮੇਜ਼ਾਂ ਤੇ 40-50 ਕੁਰਸੀਆਂ ਲੈ ਕੇ ਹਾਲ ਕਮਰੇ ਵਿਚ ਰਖ ਦਿੱਤੀਆਂ ਜਾਣ, ਜੋ ਜਾਂਞੀਆਂ ਨੂੰ ਚਾਹ-ਪਾਣੀ ਪਿਆਣ ਦੇ ਕੰਮ ਆ ਸਕਣ।

ਗੁਰਦੁਆਰਾ ਕਮੇਟੀ ਦੀ ਪੱਕੀ ਆਮਦਨ ਕੋਈ ਬਹੁਤੀ ਨਹੀਂ ਸੀ। ਸਮਾਧ ਸ. ਮਹਾਂ ਸਿੰਘ ਦੇ ਨਾਲ ਇਕ ਪਿੰਡ ਵਿਚ ਪੰਜ ਮੁਰੱਬੇ ਜ਼ਮੀਨ ਸੀ, ਜੋ ਉਸ ਵੇਲੇ 200 ਮਣ ਕਣਕ ਉੱਤੇ ਠੇਕੇ ਤੇ ਦਿੱਤੀ ਹੋਈ ਸੀ। ਪਰ ਉਸ ਵੇਲੇ ਕਣਕ ਦਾ ਭਾਅ ਸਵਾ ਦੋ ਰੁਪਏ ਮਣ ਸੀ ਤੇ ਇਸ ਮਦ ਤੋਂ ਬਹੁਤ ਥੋੜੀ ਆਮਦਨ ਹੁੰਦੀ ਸੀ। ਇਸ ਤੋਂ ਬਿਨਾਂ ਗੁਰਦੁਆਰਾ ਭਾਈ ਮੂਲ ਸਿੰਘ ਦੇ ਨਾਲ ਸ਼ਹਿਰ ਵਿਚ ਤਿੰਨ ਦੁਕਾਨਾਂ ਸਨ, ਜਿਨ੍ਹਾਂ ਦਾ ਕਰਾਇਆ ਚਾਲੀ ਕੁ ਰੁਪਏ ਮਹੀਨਾ ਆਉਂਦਾ ਸੀ। ਪਰ ਇਹਦੇ ਵਿਚੋਂ ਅੱਧਾ ਗੁਰਦੁਆਰੇ ਦੇ ਪਹਿਲੇ ਸਰਬਰਾਹ ਤਰਲੋਕ ਸਿੰਘ ਨੂੰ ਦੇਣਾ ਪੈਂਦਾ ਸੀ। ਇਸ ਆਮਦਨ ਤੋਂ ਗੁਰਦੁਆਰੇ ਦੇ ਗ੍ਰੰਥੀਆਂ ਨੂੰ ਪੰਜ ਪੰਜ ਸਤ ਸਤ ਰੁਪਏ ਮਹੀਨਾ ਤਨਖ਼ਾਹਾਂ

ਦਿੱਤੀਆਂ ਜਾਂਦੀਆਂ ਸਨ ਤੇ ਜਿਹੜੀ ਵੀ ਥੋੜ੍ਹੀ ਬਹੁਤੀ ਚੜ੍ਹਤ ਆ ਜਾਏ, ਉਹ ਵੀ ਉਨ੍ਹਾਂ ਦੀ ਹੁੰਦੀ ਸੀ। ਇਸ ਤੋਂ ਬਿਨਾਂ ਕਮੇਟੀ ਨੇ ਹਿਸਾਬ-ਕਿਤਾਬ ਰੱਖਣ ਲਈ ਇਕ ਕਲਰਕ ਵੀ ਰਖਿਆ ਹੋਇਆ ਸੀ, ਜਿਸ ਨੂੰ 20 ਰੁਪਏ ਮਹੀਨਾ ਤਨਖ਼ਾਹ ਮਿਲਦੀ ਸੀ।

ਮੇਰੇ ਚਾਰਜ ਲੈਣ ਵੇਲੇ ਕਮੇਟੀ ਦੀ ਹਾਲਤ ਬਹੁਤ ਹੀ ਖ਼ਸਤਾ ਸੀ। ਚਾਰਜ ਵਿਚ ਮੈਨੂੰ ਕੇਵਲ ਚਾਰ ਰੁਪਏ ਪੰਜ ਆਨੇ ਦਿੱਤੇ ਗਏ ਸਨ। ਪਰ ਪਹਿਲੀ ਕਮੇਟੀ ਨੇ ਸਿੰਘ ਸਭਾ ਦੇ ਮੁਕਾਬਲੇ ਦੀਵਾਨ ਲਾਉਣ ਲਈ ਇਕ ਬਹੁਤ ਵੱਡੀ ਦਰੀ ਖ਼ਰੀਦੀ ਸੀ, ਜਿਸ ਦੀ ਕੀਮਤ 104 ਰੁਪਏ ਅਜੇ ਤਕ ਅਦਾ ਕਰਨ ਵਾਲੀ ਸੀ। ਇਸ ਤੋਂ ਛੁੱਟ ਡੇਢ ਦੋ ਸਾਲ ਤੋਂ ਦੁਕਾਨਾਂ ਦੇ ਕਰਾਏ ਦਾ ਅੱਧ ਤਰਲੋਕ ਸਿੰਘ ਨੂੰ ਨਹੀਂ ਦਿੱਤਾ ਗਿਆ ਸੀ। ਸਾਡਾ ਸਿੰਘ ਸਭਾ ਦੇ ਮੁਕਾਬਲੇ ਵਿਚ ਇੱਥੇ ਦੀਵਾਨ ਲਾਣ ਦਾ ਤਾਂ ਕੋਈ ਇਰਾਦਾ ਨਹੀਂ ਸੀ, ਪਰ ਲੋਕਾਂ ਵਿਚ ਇਸ ਗੁਰਦੁਆਰੇ ਨਾਲ ਦਿਲਚਸਪੀ ਤੇ ਸਾਂਝ ਪੈਦਾ ਕਰਨ ਲਈ ਅਸਾਂ ਇਥੇ 101 ਅਖੰਡ-ਪਾਠਾਂ ਦੀ ਲੜੀ ਜਾਰੀ ਕਰ ਦਿੱਤੀ, ਜੋ ਸਤ ਮਹੀਨੇ ਚਲਦੀ ਰਹੀ। ਇਸ ਨਾਲ ਖ਼ਾਸੀ ਆਮਦਨ ਹੋਣ ਤੋਂ ਛੁੱਟ ਲੋਕਾਂ ਦਾ ਇਧਰ ਕੁਝ ਝੁਕਾ ਹੋ ਗਿਆ। ਇਕ ਬਜ਼ੁਰਗ ਰਬਾਬੀ ਸਿੰਘ (ਭਾਈ ਮਿਹਰ ਸਿੰਘ ਦੇ ਪਿਤਾ) ਇੱਥੇ ਪਹਿਲਾਂ ਹੀ ਸਵੇਰੇ ਘੰਟੇ ਪੌਣੇ ਘੰਟੇ ਲਈ ਸੇਵਾ ਭਾਵ ਨਾਲ ਕੀਰਤਨ ਕਰਦੇ ਹੁੰਦੇ ਸਨ।

ਛੇਤੀ ਹੀ ਅਸਾਂ ਦੁਕਾਨਾਂ ਬਣਾਣ ਦਾ ਕੰਮ ਅਰੰਭ ਕਰ ਦਿੱਤਾ। ਉਸਾਰੀ ਦਾ ਸਾਮਾਨ—ਇੱਟਾਂ, ਸੀਮੈਂਟ, ਸਰੀਆ ਤੇ ਲਕੜੀ ਆਦਿ ਬਹੁਤ ਸਸਤਾ ਸੀ। ਰਾਜ ਇਕ ਰੁਪਏ ਰੋਜ਼ਾਨਾ ਅਤੇ ਮਜ਼ਦੂਰ ਛੇ ਆਨੇ, ਅਠ ਆਨੇ ਦਿਹਾੜੀ ਤੇ ਮਿਲ ਜਾਂਦੇ ਸਨ। ਸਿਖ ਮਿਸਤਰੀ ਗੁਰਦੁਆਰੇ ਦਾ ਕੰਮ ਸਮਝ ਕੇ ਜਾਨ ਮਾਰ ਕੇ ਕੰਮ ਕਰਦੇ ਸਨ ਤੇ ਕੜੀ ਨਿਗਰਾਨੀ ਹੋਣ ਕਰਕੇ ਕੰਮ ਹੋਰ ਵੀ ਵੱਧ ਹੋ ਜਾਂਦਾ ਸੀ। ਇਸ ਜ਼ਮਾਨੇ ਵਿਚ ਇਹ ਗੱਲ ਮੰਨਣੀ ਅਸੰਭਵ ਹੈ, ਪਰ ਹੈ ਇਹ ਸੱਚ ਕਿ ਅਸਾਂ 700 ਰੁਪਏ ਖ਼ਰਚ ਕਰ ਕੇ 350 ਵਰਗ ਫ਼ੁੱਟ ਖੇਤਰਫਲ ਵਿਚ ਪੰਜ ਦੁਕਾਨਾਂ ਮੁਕੰਮਲ ਕਰਾ ਲਈਆਂ। ਚਾਰ ਦੁਕਾਨਾਂ 8x8 ਫ਼ੁੱਟ ਸਨ ਤੇ ਵਿਚਕਾਰਲੀ ਪੰਜਵੀਂ ਇਨ੍ਹਾਂ ਤੋਂ ਵੱਡੀ ਸੀ। ਇਹ ਵੱਡੀ ਦੁਕਾਨ ਸੱਤ ਰੁਪਏ ਮਹੀਨੇ ਉੱਤੇ ਤੇ ਬਾਕੀ ਚਾਰ ਦੁਕਾਨਾਂ ਪੰਜ ਪੰਜ ਰੁਪਏ ਮਹੀਨਾ ਕਰਾਏ ਉੱਤੇ ਚੜ੍ਹ ਗਈਆਂ। ਇਸ ਤੋਂ ਅਗਲੇ ਛੇ ਮਹੀਨਿਆਂ ਵਿਚ ਚਾਰ ਚਾਰ ਕਰ ਕੇ ਅਠ ਦੁਕਾਨਾਂ ਹੋਰ ਬਣਾਈਆਂ ਗਈਆਂ, ਜੋ ਦਸ ਦਸ ਰੁਪਏ ਮਹੀਨਾ ਕਰਾਏ 'ਤੇ ਚੜ੍ਹੀਆਂ। ਇਨ੍ਹਾਂ ਦੇ ਨਾਲ ਲਗਦਾ ਇੱਕ ਵੱਡਾ ਕਮਰਾ ਬਣਾਇਆ ਗਿਆ, ਜਿੱਥੇ ਅਸਾਂ ਪੰਜਾਬੀ ਦੀਆਂ ਲਗ ਪਗ ਇਕ ਸੌ ਧਾਰਮਿਕ ਤੇ ਇਤਿਹਾਸਕ ਪੁਸਤਕਾਂ ਮੰਗਵਾ ਦੇ 'ਸ਼ਹੀਦ ਸ. ਅਵਤਾਰ ਸਿੰਘ' ਦੇ ਨਾਂ ਹੇਠ ਇਕ ਲਾਇਬਰੇਰੀ ਚਾਲੂ ਕਰ ਦਿੱਤੀ ਤੇ ਉੱਥੇ ਹੀ ਰੀਡਿੰਗ-ਰੂਮ ਬਣਾ ਕੇ ਇਕ ਵੱਡਾ ਮੇਜ਼ ਤੇ ਕੁਝ ਬੈਂਚ ਰਖ ਦਿੱਤੇ। ਜਿਸ ਵਿਚ ਤਿੰਨ ਚਾਰ ਰੋਜ਼ਾਨਾ ਅਖ਼ਬਾਰ ਤੇ ਦੋ ਸਪਤਾਹਿਕ ਪੱਤਰ ਮੰਗਾਏ ਜਾਂਦੇ ਸਨ। ਇਸ ਨਾਲ ਜਿੱਥੇ ਗੁਰਦੁਆਰਾ ਕਮੇਟੀ ਦੀ ਆਮਦਨ ਵਿਚ ਖ਼ਾਸਾ ਵਾਧਾ ਹੋ ਗਿਆ, ਉੱਥੇ ਕਮੇਟੀ ਲਈ ਲੋਕਾਂ ਵਿਚ ਸਾਂਝ ਤੇ ਲਗਾਉ ਵੀ ਪੈਦਾ ਹੋਇਆ।

ਇਹ ਮਹਿਸੂਸ ਕੀਤਾ ਗਿਆ ਕਿ ਜਦ ਤਕ ਦੁਕਾਨਾਂ ਉੱਤੇ ਕਮਰੇ ਨਹੀਂ ਬਣ ਜਾਂਦੇ, ਹਾਲ ਕਮਰੇ ਨੂੰ ਯਾਤਰੂਆਂ ਦੀ ਰਿਹਾਇਸ਼ ਲਈ ਵਰਤਿਆ ਜਾਏ। ਗੁਰਦੁਆਰਾ ਸਿੰਘ ਸਭਾ ਵਿਚ ਲੰਗਰ ਤਾਂ ਰੋਜ਼ਾਨਾ ਬਣਦਾ ਸੀ, ਪਰ ਰਿਹਾਇਸ਼ ਲਈ ਥਾਂ ਨਹੀਂ ਦੇ ਬਰਾਬਰ ਸੀ। ਹੌਲੀ ਹੌਲੀ ਇਹ ਪਿੰਡਾਂ ਵਿੱਚੋਂ ਆਉਣ ਵਾਲੇ ਤੇ ਵਿਸ਼ੇਸ਼ ਕਰਕੇ ਜ਼ਿਲ੍ਹਾ ਅਕਾਲੀ ਜਥੇ ਦੇ ਮੈਂਬਰਾਂ ਦਾ ਅੱਡਾ ਬਣ ਗਿਆ, ਜਿੱਥੇ ਉਹ ਸਰਦੀਆਂ, ਗਰਮੀਆਂ, ਬਰਸਾਤ, ਹਰ ਮੌਸਮ ਵਿਚ ਠਹਿਰ ਸਕਦੇ ਸਨ। ਦੇਸ਼ ਦੀ ਵੰਡ ਵੇਲੇ ਫ਼ਸਾਦਾਂ ਦੇ ਦਿਨਾਂ ਵਿਚ ਇਸ ਗੁਰਦੁਆਰੇ ਦੇ ਹਾਲ ਅਤੇ ਇਸ ਦੇ ਵਿਸ਼ਾਲ ਵਿਹੜੇ ਨੂੰ ਪਿੰਡਾਂ ਤੋਂ ਉੱਜੜ ਕੇ ਆਏ ਲੋਕਾਂ ਲਈ ਕੈਂਪ ਬਣਾ ਦਿੱਤਾ ਗਿਆ ਸੀ।

ਪਿਛਲੇ ਤਿੰਨ ਚਾਰ ਸਾਲ ਤੋਂ ਕਮੇਟੀ ਦੀ ਆਮਦਨ ਵਿਚ ਖ਼ਾਸਾ ਵਾਧਾ ਹੋ ਗਿਆ ਸੀ। ਕਰਾਏ ਦੀ ਆਮਦਨ ਡੇਢ ਸੌ ਰੁਪਏ ਮਹੀਨੇ ਤੋਂ ਵਧ ਹੋ ਗਈ ਸੀ। ਕਣਕ ਦੇ ਭਾਅ ਵਧ ਗਏ ਸਨ। ਜਿਸ ਪਿੰਡ ਵਿਚ ਸਮਾਧ ਮਹਾਂ ਸਿੰਘ ਦੀ ਜ਼ਮੀਨ ਸੀ, ਉੱਥੋਂ ਦੇ ਇਕ ਮੁਸਲਮਾਨ ਠੇਕੇਦਾਰ ਨੇ 200 ਮਣ ਦੀ ਥਾਂ 250 ਮਣ ਕਣਕ ਦੇਣ ਦੀ ਪੇਸ਼ਕਸ਼ ਕੀਤੀ। ਪਿਛਲੇ ਠੇਕੇਦਾਰ ਗੁਪਾਲ ਸਿੰਘ ਗੁਜਰਾਲ ਨੇ ਠੇਕਾ ਵਧਾਣਾ ਪ੍ਰਵਾਨ ਨਾ ਕੀਤਾ, ਤਾਂ ਉਸ ਨੂੰ ਅਦਾਲਤ ਰਾਹੀਂ ਬੇਦਖ਼ਲ ਕਰਾ ਕੇ ਠੇਕਾ ਨਵੇਂ ਠੇਕੇਦਾਰ ਨੂੰ ਦਿੱਤਾ ਗਿਆ, ਜਿਸ ਨਾਲ ਜ਼ਮੀਨ ਤੋਂ ਆਮਦਨ ਲਗ ਪਗ ਦੂਣੀ ਹੋ ਗਈ। ਨਿੱਗਰ ਤੇ ਉਸਾਰੂ ਕੰਮ ਹੁੰਦਾ ਵੇਖ ਕੇ ਸੰਗਤਾਂ ਵੱਲੋਂ ਸਹਾਇਤਾ ਸੁਤੇ-ਸਿਧ ਆਉਂਦੀ ਰਹਿੰਦੀ ਸੀ। ਸੋ, ਗ੍ਰੰਥੀਆਂ ਦੀਆਂ ਤਨਖ਼ਾਹਾਂ ਕੁਝ ਵਧਾਉਣ ਤੇ ਲਾਇਬਰੇਰੀ ਉੱਤੇ ਖ਼ਰਚ ਕਰਨ ਦੇ ਬਾਵਜੂਦ ਜਦ 1947 ਵਿਚ ਅਸੀਂ ਇਧਰ ਆਏ ਤਾਂ ਕਮੇਟੀ ਦੀ ਇਕ ਹਜ਼ਾਰ ਰੁਪਏ ਤੋਂ ਵਧ ਰਕਮ ਬੈਂਕ ਵਿਚ ਜਮ੍ਹਾ ਸੀ।

1942 ਦਾ ਅੰਦੋਲਨ

ਨੌਵੀਂ-ਦਸਵੀਂ ਜਮਾਤ ਵਿਚ ਪੜ੍ਹਦਿਆਂ ਜਲ੍ਹਿਆਂ ਵਾਲਾ ਬਾਗ਼ ਦੇ ਸਾਕੇ ਵੇਲੇ ਕੁਝ ਹੜਤਾਲਾਂ, ਜਲੂਸਾਂ ਤੇ ਮੁਜ਼ਾਹਰਿਆਂ ਵਿਚ ਹਿੱਸਾ ਲੈਣ ਤੋਂ ਛੁਟ ਮੈਂ ਸੁਤੰਤਰਤਾ-ਸੰਗਰਾਮ ਜਾਂ ਕਾਂਗਰਸ ਦੇ ਕਿਸੇ ਅੰਦੋਲਨ ਵਿਚ ਕੋਈ ਸਰਗਰਮ ਹਿੱਸਾ ਨਹੀਂ ਲਿਆ ਸੀ, ਪਰ ਅਕਾਲੀ ਨੇਤਾਗਿਰੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਅਚੇਤੇ ਹੀ ਮੈਂ ਕਾਂਗਰਸ ਦੇ ਇਕ ਅੰਦੋਲਨ ਵਿਚ ਫਸ ਗਿਆ। ਗੱਲ ਇਉਂ ਹੋਈ ਕਿ 8 ਅਗਸਤ 1942 ਨੂੰ ਕਾਂਗਰਸ ਨੇ 'ਭਾਰਤ ਛੱਡੋ' ਮਤਾ ਪਾਸ ਕੀਤਾ ਅਤੇ ਲੋਕਾਂ ਨੂੰ ਆਖਿਆ ਕਿ ਉਹ ਸ਼ਾਂਤਮਈ ਰਹਿੰਦਿਆਂ ਹੋਇਆਂ ਸਰਕਾਰ ਅੰਗਰੇਜ਼ੀ ਦੇ ਵਿਰੁੱਧ ਜ਼ੋਰਦਾਰ ਤੇ ਸਮੂਹਕ ਅੰਦੋਲਨ ਸ਼ੁਰੂ ਕਰ ਦੇਣ। ਇਕ ਤਰ੍ਹਾਂ ਨਾਲ ਇਹ ਹਥਿਆਰਾਂ ਤੋਂ ਬਿਨਾਂ ਇਕ ਖੁਲ੍ਹੀ ਬਗ਼ਾਵਤ ਸੀ। ਦੂਜੇ ਦਿਨ ਸਵੇਰੇ ਸਵੇਰੇ ਹੀ ਸਰਕਾਰ ਨੇ ਸਾਰੇ ਕਾਂਗਰਸੀ ਆਗੂ ਗ੍ਰਿਫ਼ਤਾਰ ਕਰ ਲਏ। ਇਸ ਉੱਤੇ ਬੰਬਈ ਸ਼ਹਿਰ ਵਿਚ, ਜਿੱਥੇ ਇਹ ਮਤਾ ਪਾਸ ਹੋਇਆ ਸੀ ਤੇ ਗ੍ਰਿਫ਼ਤਾਰੀਆਂ ਹੋਈਆਂ ਸਨ, ਵੱਡੇ ਪੈਮਾਨੇ ਤੇ ਗੜ ਬੜ ਸ਼ੁਰੂ ਹੋ ਗਈ। ਲੋਕਾਂ ਨੇ ਭੜਕਾਹਟ ਵਿਚ ਆ ਕੇ ਜੰਗੀ ਕਾਰਵਾਈਆਂ ਨਾਲ ਜੁੜੇ ਆਦਮੀਆਂ ਦੀ ਆਵਾ-ਜਾਈ ਤੇ ਮਾਲ ਦੀ ਢੋਆ-ਢੁਆਈ ਵਿਚ ਰੁਕਾਵਟ ਪਾਈ। ਸਰਕਾਰ ਨੇ ਕਰੜੀ ਕਾਰਵਾਈ ਕਰ ਕੇ ਬੰਬਈ ਵਿਚ ਤਾਂ ਇਹ ਗੜ ਬੜ ਪੰਜਾਂ ਛੀਆਂ ਦਿਨਾਂ ਵਿਚ ਦਬਾਅ ਦਿੱਤੀ, ਪਰ ਦੇਸ਼ ਦੇ ਕੁਝ ਹੋਰ ਹਿੱਸਿਆਂ ਤੇ ਵਿਸ਼ੇਸ਼ ਕਰਕੇ ਬਿਹਾਰ ਅਤੇ ਪੂਰਬੀ ਉੱਤਰ ਪ੍ਰਦੇਸ਼ ਇਸ ਦਾ ਤੂਫ਼ਾਨੀ ਕੇਂਦਰ ਬਣ ਗਏ। ਅਸਲ ਵਿਚ ਇੱਥੇ ਸ੍ਰੀ ਜੈ ਪ੍ਰਕਾਸ਼ ਨਰਾਇਣ ਬੜੇ ਚਿਰ ਤੋਂ ਅਜਿਹੀਆਂ ਤੋੜ ਫੋੜ ਦੀਆਂ ਕਾਰਵਾਈਆਂ ਦਾ ਪ੍ਰਚਾਰ ਕਰ ਰਹੇ ਸਨ। ਇਨ੍ਹਾਂ ਦਾ ਮੰਤਵ ਬਿਨਾਂ ਕਿਸੇ ਨੂੰ ਕਤਲ ਕਰਨ ਦੇ ਹੋਰ ਹਰ ਤਰ੍ਹਾਂ ਨਾਲ ਸਰਕਾਰ ਨੂੰ ਪ੍ਰੇਸ਼ਾਨ ਤੇ ਜਿੱਚ ਕਰਨਾ ਸੀ। ਹੁਣ ਜਦ ਕਾਂਗਰਸ ਨੇ ਵੀ ਅਜਿਹੇ ਅੰਦੋਲਨ ਦੀ ਹਮਾਇਤ ਕਰ ਦਿੱਤੀ ਸੀ, ਤਾਂ ਲੋਕ ਝਟ ਪਟ ਹੀ ਉਠ ਖੜੇ ਹੋਏ। ਕੁਝ ਦਿਨ ਤਾਂ ਕਈ ਥਾਈਂ ਇਹ ਗੜ ਬੜ ਇੰਨੀ ਸਖ਼ਤ ਸੀ ਕਿ ਸਰਕਾਰ ਨੂੰ ਹਵਾਈ ਜਹਾਜ਼ਾਂ ਰਾਹੀਂ ਬੰਬਾਰੀ ਕਰਨੀ ਪਈ। ਹੇਠ ਲਿਖੀਆਂ ਦੋ ਚਿੱਠੀਆਂ ਵਿਚੋਂ ਦਿੱਤੇ ਸੰਖੇਪ ਵਿਵਰਣ ਤੋਂ ਪਾਠਕਾਂ ਨੂੰ ਇਸ ਦੀ ਗੰਭੀਰਤਾ ਦਾ ਪਤਾ ਲਗ ਜਾਏਗਾ। ਅਗਸਤ ਵਿਚ ਬਿਹਾਰ ਦੇ ਗਵਰਨਰ ਨੇ ਵਾਇਸਰਾਏ ਨੂੰ ਲਿਖਿਆ, "ਪਟਨਾ ਸ਼ਹਿਰ ਦੇ ਲੋਕ ਸਾਰੀ ਰਾਤ ਤੋੜ-ਫੋੜ ਦੀਆਂ ਕਾਰਵਾਈਆਂ ਅਤੇ ਸੜਕਾਂ ਉੱਤੇ ਰੁਕਾਵਟਾਂ ਖੜੀਆਂ ਕਰਨ ਵਿਚ ਲੱਗੇ ਰਹੇ। ਰੇਲਵੇ ਲਾਈਨਾਂ, ਟੈਲੀਫ਼ੋਨ ਦੇ ਜੰਤਰ ਅਤੇ ਤਾਰ-ਘਰ ਨਕਾਰਾ ਕਰ ਦਿੱਤੇ ਗਏ।" ਸਤੰਬਰ ਵਿਚ ਵਾਇਸਰਾਏ ਨੇ (ਇੰਗਲੈਂਡ ਸਥਿਤ) ਵਜ਼ੀਰ-ਹਿੰਦ ਨੂੰ ਲਿਖਿਆ,

"ਮੈਂ ਅੱਜ ਕਲ੍ਹ ਇੱਥੇ 1857 ਦੇ ਗ਼ਦਰ ਤੋਂ ਬਾਅਦ ਦੇ ਇਕ ਗੰਭੀਰ ਵਿਦਰੋਹ ਨੂੰ ਦਬਾਉਣ ਵਿਚ ਰੁੱਝਾ ਹੋਇਆ ਹਾਂ। ਪਰ ਫ਼ੌਜੀ ਕਾਰਨਾਂ ਕਰਕੇ ਅਸਾਂ ਬਾਹਰ ਦੇ ਲੋਕਾਂ ਨੂੰ ਇਸ ਦਾ ਪਤਾ ਨਹੀਂ ਲੱਗਣ ਦਿੱਤਾ।"

ਸ੍ਰੀ ਜੈ ਪ੍ਰਕਾਸ਼ ਨਰਾਇਣ ਇਸ ਸਮੇਂ ਹਜ਼ਾਰੀ ਬਾਗ ਜੇਲ੍ਹ ਵਿਚ ਕੈਦ ਸਨ। ਉਹ ਛੇਤੀ ਤੋਂ ਛੇਤੀ ਬਾਹਰ ਨਿਕਲ ਕੇ ਇਸ ਵਿਦਰੋਹ ਨੂੰ ਹੋਰ ਬੜ੍ਹਾਵਾ ਦੇਣਾ ਚਾਹੁੰਦੇ ਸਨ। ਆਖ਼ਰ ਦੀਵਾਲੀ ਦੀ ਰਾਤ 9 ਨਵੰਬਰ 1942 ਨੂੰ ਉਹ ਛੇ ਹੋਰ ਸਾਥੀਆਂ ਨਾਲ ਜੇਲ੍ਹ ਤੋਂ ਫ਼ਰਾਰ ਹੋਣ ਵਿਚ ਕਾਮਯਾਬ ਹੋ ਗਏ। ਭੇਸ ਬਦਲ ਕੇ ਉਹ ਉੱਤਰ-ਪ੍ਰਦੇਸ਼ ਤੇ ਦਿੱਲੀ ਵਿਚ ਕਾਂਗਰਸ ਦੇ ਸਰਗਰਮ ਵਰਕਰਾਂ ਨੂੰ ਇਹ ਗੜ ਬੜ ਤੇਜ਼ ਕਰਨ ਲਈ ਪ੍ਰੇਰਤ ਕਰਦੇ ਰਹੇ। ਇੱਸੇ ਸਮੇਂ ਉਨ੍ਹਾਂ ਨੇ ਪੰਜਾਬ ਵਿਚੋਂ ਵੀ ਇਕ ਸੱਜਣ ਇੰਦਰ ਚੰਦਰ ਨੂੰ ਇਸ ਉਦੇਸ਼ ਲਈ ਤਿਆਰ ਕਰ ਲਿਆ।

ਸ੍ਰੀ ਇੰਦਰ ਚੰਦਰ ਪਿਛਲੇ ਦਸ ਸਾਲ ਤੋਂ ਮੇਰੇ ਨਿਕਟਵਰਤੀ ਸਨ। 'ਬਾਲਕ' ਦੇ ਪ੍ਰਕਾਸ਼ਨ ਸਮੇਂ ਲਾਹੌਰ ਵਿਚ ਪੁਸਤਕਾਂ ਦੀ ਇਕ ਦੁਕਾਨ 'ਹਿੰਦੀ ਭਵਨ' ਨਾਲ ਮੇਰੀ ਸਾਂਝ ਬਣ ਗਈ ਸੀ। ਹੌਲੀ ਹੌਲੀ ਇਹ ਸਾਂਝ ਗੂੜ੍ਹੀ ਮਿੱਤਰਤਾ ਦਾ ਰੂਪ ਧਾਰਨ ਕਰ ਗਈ। ਇਨ੍ਹਾਂ ਦਾ 'ਹਿੰਦੀ ਭਵਨ ਪ੍ਰੈਸ' ਦੇ ਨਾਂ ਹੇਠ ਇਕ ਪ੍ਰੈਸ ਵੀ ਸੀ, ਜਿੱਥੋਂ ਮੈਂ 'ਬਲਾਕ' ਦਾ ਤ੍ਰੈ-ਰੰਗਾ ਟਾਈਟਲ-ਕਵਰ ਛਪਵਾਇਆ ਕਰਦਾ ਸਾਂ ਤੇ ਇਨ੍ਹਾਂ ਕੋਲੋਂ ਕਈ ਬਲਾਕ ਆਪਣੇ ਪਰਚੇ ਵਿਚ ਵਰਤਣ ਲਈ ਲੈ ਆਉਂਦਾ ਸਾਂ। ਇਸ ਫ਼ਰਮ ਦੇ ਮਾਲਕ ਤਿੰਨ ਭਰਾ ਸਨ, ਜਿਨ੍ਹਾਂ ਵਿੱਚੋਂ ਸਭ ਤੋਂ ਵੱਡਾ ਦੇਵ ਚੰਦਰ ਤੇ ਸਭ ਤੋਂ ਛੋਟਾ ਇੰਦਰ ਚੰਦਰ ਰਾਜਨੀਤਿਕ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। 'ਬਾਲਕ' ਦੇ ਬੰਦ ਹੋਣ ਤੋਂ ਬਾਅਦ ਵੀ ਇਨ੍ਹਾਂ ਨਾਲ ਮੇਰੀ ਸਾਂਝ ਬਣੀ ਰਹੀ ਅਤੇ ਅਸੀਂ ਆਮ ਮਿਲਦੇ ਰਹੇ। ਸੋ ਇਨ੍ਹਾਂ ਨੂੰ ਪਤਾ ਸੀ ਕਿ ਮੈਂ ਜਨਤਕ ਕੰਮਾਂ ਵਿਚ ਹਿੱਸਾ ਲੈਣ ਲੱਗ ਪਿਆ ਹਾਂ ਤੇ ਗੁਜਰਾਂਵਾਲੇ ਵਿਚ ਇਕ ਸਿਰਕੱਢ ਅਕਾਲੀ ਨੇਤਾ ਹਾਂ।

ਮਾਰਚ 1943 ਦੇ ਸ਼ੁਰੂ ਦੀ ਗੱਲ ਹੈ ਕਿ ਇੰਦਰ ਚੰਦਰ ਮੇਰੇ ਘਰ ਆਏ। ਉਨ੍ਹਾਂ ਦੇ ਨਾਲ ਇਕ ਹੋਰ ਓਪਰਾ ਪੁਰਸ਼ ਵੀ ਸੀ। ਮਿਲੇ ਗਿਲੇ, ਕੁਝ ਖਾਣ-ਪੀਣ ਤੇ ਇਧਰ-ਉਧਰ ਦੀਆਂ ਗੱਲਾਂ ਤੋਂ ਬਾਅਦ ਉਨ੍ਹਾਂ ਨੇ ਆਖਿਆ ਕਿ "ਮੈਂ ਸ੍ਰੀ ਜੈ ਪ੍ਰਕਾਸ਼ ਦੀ ਕਰਾਂਤੀਕਾਰੀ ਲਹਿਰ ਵਿਚ ਥਾਂ-ਥਾਂ ਫਿਰ ਕੇ ਤੋੜ-ਫੋੜ ਦੀਆਂ ਕਾਰਵਾਈਆਂ ਕਰ ਰਿਹਾ ਹਾਂ ਤੇ ਇਸ ਸੰਬੰਧ ਵਿਚ ਤੁਹਾਡੀ ਮਦਦ ਮੰਗਣ ਆਇਆ ਹਾਂ।" ਉਨ੍ਹਾਂ ਦੀ ਸਾਰੀ ਸਕੀਮ ਸੁਣ ਕੇ ਮੈਂ ਦੰਗ ਰਹਿ ਗਿਆ। ਇਹੋ ਜਿਹੀਆਂ ਕਾਰਵਾਈਆਂ ਮੇਰੇ ਸੁਭਾਅ ਤੇ ਵਿਚਾਰਾਂ ਦੇ ਮੂਲੋਂ ਹੀ ਉਲਟ ਸਨ। ਫਿਰ ਮੈਨੂੰ ਅਜਿਹੀਆਂ ਕਾਰਵਾਈਆਂ ਕਰਨ ਜਾਂ ਕਰਾਉਣ ਦਾ ਕੋਈ ਤਜਰਬਾ ਵੀ ਨਹੀਂ ਸੀ। ਪਰ ਉਨ੍ਹਾਂ ਨੇ ਜ਼ੋਰ ਦਿੱਤਾ ਕਿ "ਜਿਸ ਤਰ੍ਹਾਂ ਵੀ ਹੋਵੇ, ਪੈਸੇ ਖ਼ਰਚ ਕੇ ਵੀ ਰੇਲਵੇ ਲਾਈਨਾਂ ਤੁੜਾਣ, ਸਰਕਾਰੀ ਇਮਾਰਤਾਂ ਨੂੰ ਅੱਗ ਲਾਉਣ ਜਾਂ ਹੋਰ ਤੋੜ-ਫੋੜ ਦੀਆਂ ਕਾਰਵਾਈਆਂ ਕਰਾਓ ; ਪੈਸੇ ਅਸੀਂ ਖ਼ਰਚ ਕਰਾਂਗੇ।" ਮੇਰਾ ਇਹ ਪੱਕਾ ਨਿਸਚਾ ਸੀ ਕਿ ਪੰਜਾਬ ਵਿਚ ਇਹ ਕਰਾਂਤੀਕਾਰੀ ਲਹਿਰ ਕਿਸੇ ਤਰ੍ਹਾਂ ਵੀ ਸਫ਼ਲ ਨਹੀਂ ਹੋ ਸਕੇਗੀ। ਪਰ ਸਾਫ਼ ਜੁਆਬ ਦੇਣ ਦੀ ਥਾਂ ਮੈਂ ਉਨ੍ਹਾਂ ਨੂੰ ਆਪਣੀ ਮਜਬੂਰੀ ਦੱਸੀ ਤੇ ਆਖਿਆ, "ਮੈਨੂੰ ਇਹੋ ਜਿਹੀਆਂ ਕਾਰਵਾਈਆਂ ਦਾ ਕੋਈ ਤਜਰਬਾ ਨਹੀਂ। ਫਿਰ ਪਰਵਾਰ ਦੇ ਅਠ ਜੀਆਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਮੇਰੇ ਉੱਤੇ ਹੈ, ਇਸ ਵਾਸਤੇ ਮੈਂ ਇਹ ਜ਼ੋਖਮ ਨਹੀਂ ਉਠਾ ਸਕਦਾ। ਹਾਂ, ਤੁਹਾਨੂੰ ਇਕ ਹੋਰ ਸੱਜਣ ਅਵਤਾਰ ਸਿੰਘ 'ਖ਼ਾਲਸਾ' ਨਾਲ ਮਿਲਾ ਦੇਂਦਾ ਹਾਂ, ਜੋ ਅਜੇ ਅਣਵਿਆਹੇ ਤੇ ਜ਼ਿੰਮੇਵਾਰੀਆਂ ਤੋਂ ਮੁਕਤ ਹਨ।" ਖ਼ਾਲਸਾ ਜੀ ਨੂੰ ਬੁਲਾ ਕੇ ਸਭ ਗੱਲ ਸਮਝਾਈ ਗਈ। ਉਹ ਤਾਂ ਹਰ ਕਿਸਮ ਦਾ ਜ਼ੋਖਮ ਲੈਣ ਨੂੰ ਝਟ ਪਟ ਤਿਆਰ ਹੋ ਜਾਂਦੇ ਸਨ। ਉਨ੍ਹਾਂ ਨੇ ਸਕੀਮ ਇਹ ਬਣਾਈ ਕਿ ਉਹ ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ ਜਾ ਕੇ

ਗੁਰਦੁਆਰੇ ਦੇ ਮੈਨੇਜਰ ਜਥੇਦਾਰ ਸੰਤ ਸਿੰਘ ਜਾਗੋਵਾਲੀਆ ਤੇ ਹੋਰ ਅਕਾਲੀ ਵਰਕਰਾਂ ਦੀ ਮਦਦ ਨਾਲ ਕੁਝ ਗੜ ਬੜ ਕਰਾਉਣ ਦਾ ਜਤਨ ਕਰਨਗੇ। ਇੰਦਰ ਚੰਦਰ ਨੇ ਮੈਨੂੰ ਆਖਿਆ ਕਿ "ਤੁਹਾਨੂੰ ਇਸ ਕੰਮ ਲਈ ਜਦੋਂ ਵੀ ਕੁਝ ਰਕਮ ਦੀ ਲੋੜ ਪਵੇ, ਮੇਰਾ ਨਾਂ ਲੈ ਕੇ ਲਾਹੌਰੋਂ ਭਾਰਤ ਬੀਮਾ ਕੰਪਨੀ ਦੇ ਦਫ਼ਤਰ ਵਿਚੋਂ ਸਹਾਇਕ ਸਕੱਤਰ ਕੋਲੋਂ ਲੈ ਆਉਣੀ।" ਖ਼ੈਰ! ਗੱਲ ਤੈ ਹੋ ਗਈ, ਉਨ੍ਹਾਂ ਨੇ ਰੋਟੀ ਮੇਰੇ ਘਰੋਂ ਖਾਧੀ ਤੇ ਰਾਤ ਮੈਂ ਉਨ੍ਹਾਂ ਨੂੰ ਗੁਰਦੁਆਰਾ ਬਾਬਾ ਪਤਾਸਾ ਸਿੰਘ ਦੇ ਦਫ਼ਤਰ ਵਿਚ ਸੁਆਇਆ। ਸਵੇਰੇ ਉਠ ਕੇ ਉਹ 'ਖ਼ਾਲਸਾ' ਜੀ ਦੇ ਨਾਲ ਗੁਰਦੁਆਰਾ ਰੋੜੀ ਸਾਹਿਬ ਗਏ ਤੇ ਉੱਥੇ ਜਥੇਦਾਰ ਸੰਤ ਸਿੰਘ ਤੇ ਕੁਝ ਹੋਰ ਆਦਮੀਆਂ ਨੂੰ ਮਿਲ ਕੇ ਵਾਪਸ ਚਲੇ ਗਏ। ਉਸ ਓਪਰੇ ਆਦਮੀ ਬਾਰੇ ਮੈਨੂੰ ਇੰਦਰ ਚੰਦਰ ਨੇ ਦੱਸਿਆ ਕਿ ਉਹ ਇਕ ਬੰਗਾਲੀ ਭੱਦਰ ਪੁਰਸ਼ ਸੀ, ਜੋ ਕਿਸੇ ਕਰਾਂਤੀਕਾਰੀ ਗੁੱਟ ਦਾ ਮੈਂਬਰ ਸੀ।

ਜਿਵੇਂ ਮੈਂ ਪਹਿਲਾਂ ਹੀ ਜਾਣਦਾ ਸਾਂ, ਖ਼ਾਲਸਾ ਜੀ ਜਾਂ ਹੋਰ ਕੋਈ ਅਕਾਲੀ ਇਸ ਸੰਬੰਧ ਵਿਚ ਕੋਈ ਕਾਰਵਾਈ ਨਾ ਕਰ ਸਕਿਆ ਅਤੇ ਕੁਝ ਸਮਾਂ ਪਾ ਕੇ ਮੈਨੂੰ ਵੀ ਇਹ ਘਟਨਾ ਮੂਲੋਂ ਹੀ ਭੁਲ-ਭੁਲਾ ਗਈ। ਪਰ ਕੋਈ ਪੰਜ ਕੁ ਮਹੀਨੇ ਬਾਅਦ ਅੱਧ ਅਗਸਤ ਵਿਚ ਲਾਹੌਰ ਤੋਂ ਸੀ. ਆਈ. ਡੀ. ਦੇ ਇਕ ਇੰਸਪੈਕਟਰ ਨੌਰੰਗ ਸਿੰਘ ਗੁਜਰਾਂਵਾਲੇ ਆਏ ਤੇ ਉਨ੍ਹਾਂ ਨੇ ਆਉਂਦਿਆਂ ਹੀ ਅਵਤਾਰ ਸਿੰਘ 'ਖ਼ਾਲਸਾ' ਨੂੰ ਗ੍ਰਿਫ਼ਤਾਰ ਕਰਾ ਕੇ ਸ਼ਹਿਰ ਦੀ ਹਵਾਲਾਤ ਵਿਚ ਬੰਦ ਕਰਾ ਦਿੱਤਾ। ਹਵਾਲਾਤ ਦੀ ਸਖ਼ਤ ਗਰਮੀ ਤੇ ਹੁੰਮਸ ਵਿਚ ਖ਼ਾਲਸਾ ਜੀ ਨੂੰ ਨਹਾਉਣ-ਧੋਣ ਆਦਿ ਦੀ ਜੋ ਤਕਲੀਫ਼ ਹੋਈ, ਉਹ ਬਿਆਨ ਨਹੀਂ ਕੀਤੀ ਜਾ ਸਕਦੀ, ਪਰ ਇਸ ਵਕਤ ਤਕ 'ਖ਼ਾਲਸਾ' ਜੀ ਜੇਲ੍ਹ-ਜੀਵਨ ਦੇ ਆਦੀ ਹੋ ਚੁਕੇ ਸਨ ਤੇ ਉਹ ਚੁਪ ਚਾਪ ਬਰਦਾਸ਼ਤ ਕਰਦੇ ਰਹੇ। ਉਧਰੋਂ ਮੈਨੂੰ ਪਤਾ ਲੱਗਾ ਕਿ ਨੌਰੰਗ ਸਿੰਘ ਮੇਰੀ ਵੀ ਭਾਲ ਕਰ ਰਹੇ ਹਨ। ਸੋਚ ਸੋਚ ਕੇ ਮੈਨੂੰ ਖੁੜਕ ਗਈ ਕਿ ਇਹ ਸਾਰੀ ਪੁਛ ਗਿਛ ਸਾਡੇ ਨਾਲ ਇੰਦਰ ਚੰਦਰ ਦੀ ਮੁਲਾਕਾਤ ਬਾਰੇ ਹੈ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਇੰਦਰ ਚੰਦਰ ਦੇ ਨਾਲ ਆਇਆ ਬੰਗਾਲੀ ਫੜਿਆ ਗਿਆ ਸੀ ਤੇ ਪੁਲਿਸ ਦੀ ਮਾਰ ਹੇਠ ਉਸ ਨੇ ਸਭ ਗੱਲਾਂ ਇੰਨ ਬਿੰਨ ਦੱਸ ਦਿੱਤੀਆਂ ਸਨ—ਮੇਰੇ ਘਰ ਆਉਣਾ, ਰੋਟੀ ਖਾਣੀ, ਗੁਰਦੁਆਰੇ ਬਾਬਾ ਪਤਾਸਾ ਸਿੰਘ ਵਿਚ ਠਹਿਰਨਾ, ਖ਼ਾਲਸਾ ਜੀ ਨਾਲ ਰੋੜੀ ਸਾਹਿਬ ਜਾਣਾ ਤੇ ਉੱਥੇ ਜਥੇਦਾਰ ਸੰਤ ਸਿੰਘ ਨੂੰ ਮਿਲਣਾ ਆਦਿ। ਸਰਕਾਰ ਨੇ ਇਸ ਕੇਸ ਨੂੰ ਬੜਾ ਸੰਗੀਨ ਸਮਝ ਕੇ ਨੌਰੰਗ ਸਿੰਘ ਨੂੰ ਇਹਦੀ ਤਫ਼ਤੀਸ਼ ਲਈ ਇੱਥੇ ਭੇਜਿਆ ਸੀ ਤੇ ਉਨ੍ਹਾਂ ਨੇ ਡੇਢ ਦੋ ਮਹੀਨੇ ਗੁਜਰਾਂਵਾਲੇ ਵਿਚ ਡੇਰਾ ਲਾਈ ਰੱਖਿਆ। ਉਹ ਮੇਰੇ ਇਕ ਨਜ਼ਦੀਕੀ ਰਿਸ਼ਤੇਦਾਰ ਪ੍ਰਿਥੀਰਾਜ ਸਿੰਘ ਵਕੀਲ ਦੇ ਘਰ ਠਹਿਰੇ ਹੋਏ ਸਨ, ਜੋ ਵਕਾਲਤ ਵਿਚ ਪੜ੍ਹਦਿਆਂ ਉਨ੍ਹਾਂ ਦਾ ਜਮਾਤੀ ਰਿਹਾ ਸੀ। ਕਿਤੇ ਗੱਲਾਂ ਗੱਲਾਂ ਵਿਚ ਨੌਰੰਗ ਸਿੰਘ ਨੇ ਉਸ ਨੂੰ ਦੱਸਿਆ ਕਿ ਉਨ੍ਹਾਂ ਨੇ ਇਕ ਗਿਆਨੀ ਲਾਲ ਸਿੰਘ ਨੂੰ ਵੀ ਗ੍ਰਿਫ਼ਤਾਰ ਕਰਨਾ ਹੈ। ਪ੍ਰਿਥੀਰਾਜ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਤਾਂ ਮੇਰੇ ਫੁੱਫੜ ਜੀ ਹਨ। ਜਾਪਦਾ ਹੈ ਕਿ ਨੌਰੰਗ ਸਿੰਘ'ਕੁਝ ਜਕੋ ਤਕੇ ਵਿਚ ਪੈ ਗਏ। ਆਖ਼ਰ ਮੈਂ ਇਸ ਕੰਮ ਵਿਚ ਕੋਈ ਸਰਗਰਮ ਹਿੱਸਾ ਤਾਂ ਲਿਆ ਨਹੀਂ ਸੀ। ਪੰਜ ਚਾਰ ਦਿਨਾਂ ਬਾਅਦ ਮੈਂ ਇਹੀ ਯੋਗ ਸਮਝਿਆ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਰਿਹਾਇਸ਼ਗਾਹ (ਆਪਣੇ ਰਿਸ਼ਤੇਦਾਰ ਦੇ ਘਰ) ਤੇ ਹੀ ਮਿਲ ਲਵਾਂ। ਅਗਲੇ ਦਿਨ ਮੈਂ ਉਨ੍ਹਾਂ ਨੂੰ ਮਿਲਣ ਗਿਆ ਤੇ ਉਨ੍ਹਾਂ ਨੂੰ ਆਪਣਾ ਪ੍ਰੀਚੇ ਦਿੱਤਾ। ਉਹ ਆਖ਼ਰ ਸਰਕਾਰੀ ਅਫ਼ਸਰ ਸਨ। ਉਨ੍ਹਾਂ ਨੇ ਮੈਨੂੰ ਹਦਾਇਤ ਕੀਤੀ ਕਿ ਉਸੇ ਦਿਨ ਬਾਅਦ ਦੁਪਹਿਰ ਮੈਂ ਤਿੰਨ ਵਜੇ ਉਨ੍ਹਾਂ ਦੇ ਦਫ਼ਤਰ ਸਦਰ ਥਾਣੇ ਵਿਚ ਹਾਜ਼ਰ ਹੋਵਾਂ।

ਜਦ ਮੈਂ ਸਦਰ ਥਾਣੇ ਵਿਚ ਉਨ੍ਹਾਂ ਦੇ ਕੋਲ ਪੇਸ਼ ਹੋਇਆ, ਤਾਂ ਉਨ੍ਹਾਂ ਨੇ ਇਕ ਫ਼ਾਈਲ ਖੋਲ੍ਹ ਕੇ ਆਪਣੇ ਸਾਹਮਣੇ ਰਖ ਲਈ ਅਤੇ ਬੜੇ ਗੰਭੀਰ ਤੇ ਨਾਟਕੀ ਢੰਗ ਨਾਲ ਗੱਲ ਬਾਤ ਸ਼ੁਰੂ

ਕੀਤੀ। ਇਸ ਦਾ ਸੰਖੇਪ ਸਾਰ ਗੱਲ-ਬਾਤੀ ਢੰਗ ਵਿਚ ਦੇਣਾ ਹੀ ਠੀਕ ਰਹੇਗਾ:

ਨ. ਸ.—ਗਿਆਨੀ ਜੀ! ਅੱਜ ਤੋਂ ਪੰਜ ਛੇ ਮਹੀਨੇ ਪਹਿਲਾਂ ਅੰਤਰ-ਸੂਬਾਈ ਗੁੱਟ ਦੇ ਦੋ ਕਰਾਂਤੀਕਾਰੀ ਵਿਅਕਤੀ ਤੁਹਾਡੇ ਕੋਲ ਆਏ। ਤੁਸਾਂ ਉਨ੍ਹਾਂ ਨੂੰ ਘਰੋਂ ਰੋਟੀ ਖੁਆਈ, ਫਿਰ ਗੁਰਦੁਆਰਾ ਬਾਬਾ ਪਤਾਸਾ ਸਿੰਘ ਵਿਚ ਸੁਆਇਆ ਤੇ ਦੂਜੇ ਦਿਨ ਅਵਤਾਰ ਸਿੰਘ ਖ਼ਾਲਸਾ ਨਾਲ ਗੁਰਦੁਆਰਾ ਰੋੜੀ ਸਾਹਿਬ ਭੇਜਿਆ। ਹੁਣ ਦੱਸੋ, ਇਸ ਤੋਂ ਅੱਗੇ ਕੀ ਹੋਇਆ?

ਮੈਂ—(ਸੋਚ ਸੋਚ ਕੇ ਤੇ ਹੈਰਾਨ ਜਿਹਾ ਹੋ ਕੇ) ਸਰਦਾਰ ਸਾਹਿਬ! ਮੈਂ ਕਿਸੇ ਅੰਤਰ-ਸੂਬਾਈ ਗੁੱਟ ਦੇ ਕਿਸੇ ਕਰਾਂਤੀਕਾਰੀ ਨੂੰ ਜਾਣਦਾ ਤਕ ਨਹੀਂ।

ਨ. ਸ.—ਤੁਸੀਂ ਹਿੰਦੀ ਭਵਨ ਵਾਲੇ ਇੰਦਰ ਚੰਦਰ ਨੂੰ ਜਾਣਦੇ ਹੋ?

ਮੈਂ—ਹਾਂ ਜੀ, ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ।

ਨ. ਸ.—ਉਹ ਅੱਜ ਕਲ੍ਹ ਕਿੱਥੇ ਹਨ?

ਮੈਂ—ਲਾਹੌਰ ਹੀ ਹੋਣਗੇ, ਆਪਣੀ ਦੁਕਾਨ ਉੱਤੇ।

ਨ. ਸ.—ਕੀ ਉਹ ਪਿੱਛੇ ਜਿਹੇ ਤੁਹਾਡੇ ਕੋਲ ਆਏ ਸਨ?

ਮੈਂ—(ਸੋਚ ਕੇ) ਹਾਂ ਜੀ, ਸ਼ਾਇਦ ਪੰਜ ਚਾਰ ਮਹੀਨੇ ਪਹਿਲਾਂ।

ਨ. ਸ.—ਕਿਉਂ ਆਏ ਸਨ?

ਮੈਂ—ਉਨ੍ਹਾਂ ਦੇ ਪ੍ਰੈੱਸ ਦੇ ਕੁਝ ਬਲਾਕ ਮੇਰੇ ਕੋਲ ਪਏ ਸਨ; ਉਹੀ ਲੈਣ ਆਏ ਸਨ ਤੇ ਲੈ ਗਏ।

ਨ. ਸ.—ਉਨ੍ਹਾਂ ਦੇ ਨਾਲ ਕੋਈ ਹੋਰ ਆਦਮੀ ਵੀ ਸੀ?

ਮੈਂ—ਮੈਂ ਤਾਂ ਕੋਈ ਨਹੀਂ ਵੇਖਿਆ।

ਨ. ਸ.—ਇੰਦਰ ਚੰਦਰ ਅੱਜ ਕਲ੍ਹ ਰੂਪੋਸ਼ ਹੈ, ਜੇ ਤੁਸੀਂ ਉਨ੍ਹਾਂ ਦਾ ਪਤਾ ਲਾ ਦਿਓ, ਤਾਂ ਤੁਹਾਨੂੰ ਛਡ ਦਿੱਤਾ ਜਾਇਗਾ।

ਮੈਂ—ਸਰਦਾਰ ਸਾਹਿਬ! ਮੈਂ ਉਨ੍ਹਾਂ ਦਾ ਪਤਾ ਕਿੱਥੋਂ ਲਿਆਵਾਂ?

ਨ. ਸ.—ਗਿਆਨੀ ਜੀ! ਤੁਸੀਂ ਬਹੁਤ ਕੁਝ ਲੁਕਾ ਰਹੇ ਹੋ। ਮੇਰੀ ਆਦਤ ਨਹੀਂ ਕਿ ਮਾਰ-ਕੁੱਟ ਕੇ ਜਾਂ ਸਖ਼ਤੀ ਕਰ ਕੇ ਕੋਈ ਗੱਲ ਮਨਾਈ ਜਾਏ। ਤੁਸੀਂ ਫਿਰ ਸੋਚ ਲਉ; ਸੱਚ ਸੱਚ ਦਸਣਾ ਹੀ ਠੀਕ ਰਹੇਗਾ। ਚਾਰ ਦਿਨ ਬਾਅਦ ਫਿਰ ਇੱਥੇ ਹੀ ਹਾਜ਼ਰ ਹੋਣਾ।

ਇਸ ਤਰ੍ਹਾਂ ਅਗਲੇ ਪੰਦਰ੍ਹਾਂ ਦਿਨਾਂ ਵਿਚ ਤਿੰਨ ਚਾਰ ਪੇਸ਼ੀਆਂ ਪਈਆਂ। ਅਖ਼ੀਰ ਨੌਰੰਗ ਸਿੰਘ ਨੇ ਆਖਿਆ ਕਿ ਮੈਂ ਤੁਹਾਡੇ ਕਹੇ ਅਨੁਸਾਰ ਤੁਹਾਡਾ ਬਿਆਨ ਨੋਟ ਕਰ ਲੈਂਦਾ ਹਾਂ, ਪਰ ਗੱਲ ਕੋਈ ਬਣੀ ਨਹੀਂ। ਹੋ ਸਕਦਾ ਹੈ ਕਿ ਮੇਰੇ ਤੋਂ ਕੋਈ ਵੱਡਾ ਅਫ਼ਸਰ ਤਫ਼ਤੀਸ਼ ਲਈ ਆਵੇ। ਯਾਦ ਰਖਣਾ ਕਿ ਜਿੰਨਾ ਕੁਝ ਤੁਸਾਂ ਮੈਨੂੰ ਦੱਸਿਆ ਹੈ, ਉਸ ਤੋਂ ਵੱਧ ਉਹਨੂੰ ਹੋਰ ਕੁਝ ਨਾ ਦੱਸਿਆ ਜਾਏ। ਇਹ ਆਖ ਕੇ ਉਨ੍ਹਾਂ ਨੇ ਮੇਰਾ ਬਿਆਨ ਸਿੱਧਾ ਟਾਈਪ-ਰਾਈਟਰ ਤੇ ਟਾਈਪ ਕਰ ਕੇ ਮੇਰੇ ਦਸਖ਼ਤ ਕਰਾ ਲਏ। ਸਪੱਸ਼ਟ ਹੈ ਕਿ ਮੇਰੇ ਨਾਲ ਨਰਮੀ ਮੇਰੇ ਵਕੀਲ-ਰਿਸ਼ਤੇਦਾਰ ਦੇ ਸਦਕੇ ਵਰਤੀ ਜਾ ਰਹੀ ਸੀ, ਭਾਵੇਂ ਸਖ਼ਤੀ ਕਰ ਕੇ ਵੀ ਉਨ੍ਹਾਂ ਨੂੰ ਹੋਰ ਕੁਝ ਪ੍ਰਾਪਤ ਨਹੀਂ ਹੋਣਾ ਸੀ, ਕਿਉਂਕਿ ਅਸਾਂ ਕੀਤਾ-ਕਰਾਇਆ ਹੀ ਕੁਝ ਨਹੀਂ ਸੀ। ਬਿਆਨ ਦੇਣ ਤੋਂ ਬਾਅਦ ਮੈਂ ਬੇਨਤੀ ਕੀਤੀ ਕਿ ਪੁਛ-ਪੜਤਾਲ ਵਿਚ ਅਵਤਾਰ ਸਿੰਘ ਖ਼ਾਲਸਾ ਨੂੰ ਤੁਸਾਂ ਬਥੇਰਾ ਪ੍ਰੇਸ਼ਾਨ ਕਰ ਲਿਆ ਹੈ, ਹੁਣ ਤਾਂ ਉਨ੍ਹਾਂ ਦੀ ਖ਼ਲਾਸੀ ਕਰ ਦਿਓ। ਉਸੇ ਸ਼ਾਮ 'ਖ਼ਾਲਸਾ ਜੀ' ਨੂੰ ਰਿਹਾ ਕਰ ਦਿੱਤਾ ਗਿਆ। ਬੰਗਾਲੀ ਭੱਦਰ ਪੁਰਸ਼ ਦੇ ਬਿਆਨ ਵਿਚ ਇਕ ਉਕਾਈ ਰਹਿ ਗਈ ਸੀ ਕਿ ਉਸ ਨੂੰ ਜਥੇਦਾਰ ਸੰਤ ਸਿੰਘ ਜਾਗੋਵਾਲੀਆ ਦੇ ਨਾਂ ਨਾਲ ਜਾਗੋਵਾਲੀਆ ਲਾਣਾ ਭੁੱਲ ਗਿਆ ਸੀ। ਨੌਰੰਗ ਸਿੰਘ ਨੇ ਜਾਗੋਵਾਲੀਆ ਦੀ ਥਾਂ ਸੰਤ ਸਿੰਘ ਅਰੂਪ ਜਥੇਦਾਰ ਜ਼ਿਲ੍ਹਾ ਅਕਾਲੀ ਜਥੇ ਨੂੰ ਤਫ਼ਤੀਸ਼ ਲਈ

ਬੁਲਾ ਲਿਆ। ਉਨ੍ਹਾਂ ਨੂੰ ਤਾਂ ਇਸ ਮਾਮਲੇ ਦੀ ਉੱਕਾ ਹੀ ਕੋਈ ਖ਼ਬਰ ਨਹੀਂ ਸੀ। ਅਖ਼ੀਰ ਉਨ੍ਹਾਂ ਨੇ ਵੀ ਨੌਰੰਗ ਸਿੰਘ ਦੇ ਇਕ ਹੋਰ ਜਮਾਤੀ ਸ. ਵਰਿਆਮ ਸਿੰਘ ਵਕੀਲ ਦੀ ਸਫ਼ਾਰਸ਼ ਨਾਲ ਆਪਣੀ ਖ਼ਲਾਸੀ ਕਰਾਈ, ਸਗੋਂ ਕੁਝ ਨਜ਼ਰਾਨਾ ਵੀ ਤਾਰਿਆ।

ਭਾਰਤ ਦੇ ਸੁਤੰਤਰ ਹੋਣ ਤੋਂ ਛੇ ਸਾਲ ਬਾਅਦ 1953 ਵਿਚ ਅਸਾਂ ਗੁਜਰਾਂਵਾਲੇ ਦਾ ਗੁਰੂ ਨਾਨਕ ਖ਼ਾਲਸਾ ਕਾਲਜ ਮੁੜ ਲੁਧਿਆਣੇ ਵਿਚ ਜਾਰੀ ਕੀਤਾ। ਉਸ ਸਮੇਂ ਦੋ ਸਥਾਨਿਕ ਪ੍ਰਤਿਸ਼ਟ ਬੰਦਿਆਂ ਨੂੰ ਨਾਲ ਲੈ ਕੇ ਅਸੀਂ ਸ਼ਹਿਰ ਵਿਚ ਕਾਲਜ ਲਈ ਉਗਰਾਹੀ ਕਰਦੇ ਫਿਰ ਰਹੇ ਸਾਂ, ਤਾਂ ਇਕ ਘਰ ਦੇ ਅੱਗੇ ਜਾ ਕੇ ਸਾਨੂੰ ਦੱਸਿਆ ਗਿਆ ਕਿ ਇੱਥੇ ਸ. ਨੌਰੰਗ ਸਿੰਘ ਡਿਪਟੀ ਸੁਪ੍ਰਿੰਟੰਡੈਂਟ ਪੁਲਿਸ ਰਹਿੰਦੇ ਹਨ। ਮੈਨੂੰ ਇਕ-ਦਮ ਨੌਰੰਗ ਸਿੰਘ ਸੀ. ਆਈ. ਡੀ. ਇਨਸਪੈਕਟਰ ਯਾਦ ਆ ਗਏ। ਅੰਦਰ ਜਾ ਕੇ ਜਦ ਮੈਂ ਉਨ੍ਹਾਂ ਨੂੰ ਗੁਜਰਾਂਵਾਲੇ ਦੀ ਯਾਦ ਕਰਾਈ, ਤਾਂ ਬੜੀ ਗਰਮ-ਜੋਸ਼ੀ ਨਾਲ ਹੱਥ ਮਿਲਾ ਕੇ ਬੋਲੇ, "ਓ ਗਿਆਨੀ ਜੀ! ਹਿੰਦੁਸਤਾਨ ਕਾਂਗਰਸੀਆਂ ਦੇ ਸ਼ਾਂਤਮਈ ਸਤਿਆਗ੍ਰਹਿ ਨਾਲ ਨਹੀਂ, ਤੁਹਾਡੇ ਵਰਗੇ ਖਾੜਕੂਆਂ ਤੇ ਕਰਾਂਤੀਕਾਰੀਆਂ ਦੀਆਂ ਕਾਰਵਾਈਆਂ ਸਦਕਾ ਆਜ਼ਾਦ ਹੋਇਆ ਹੈ।" ਮੇਰਾ ਦਿਲ ਕੀਤਾ, ਸਾਫ਼ ਕਹਿ ਦਿਆਂ, "ਸ. ਨੌਰੰਗ ਸਿੰਘ! ਅਸਾਂ ਕੀਤਾ-ਕਰਾਇਆ ਕੁਝ ਵੀ ਨਹੀਂ ਸੀ, ਤੁਸੀਂ ਐਵੇਂ ਸਾਨੂੰ ਪ੍ਰੇਸ਼ਾਨ ਕਰਦੇ ਰਹੇ।" ਪਰ ਅਸੀਂ ਉਨ੍ਹਾਂ ਕੋਲੋਂ ਕਾਲਜ ਲਈ ਚੰਦਾ ਲੈਣ ਗਏ ਹੋਏ ਸਾਂ, ਇਸ ਲਈ ਉਨ੍ਹਾਂ ਨੂੰ ਟੋਕਣਾ ਮੁਨਾਸਬ ਨਾ ਸਮਝ ਕੇ ਆਪਣੀ ਝੂਠੀ ਪ੍ਰਸ਼ੰਸਾ ਸੁਣ ਲੈਣੀ ਹੀ ਠੀਕ ਸਮਝੀ।

ਨੇਤਾਗਿਰੀ ਦੀਆਂ ਕੁਝ ਯਾਦਾਂ

1941 ਤੋਂ 1947 ਤਕ ਦੇ ਸਤ ਵਰ੍ਹੇ ਮੈਨੂੰ ਲੋਕ-ਜੀਵਨ ਵਿਚ ਭਰਪੂਰ ਹਿੱਸਾ ਲੈਣਾ ਪਿਆ। ਇਸ ਸਮੇਂ ਦੀਆਂ ਕਈ ਕੌੜੀਆਂ-ਮਿੱਠੀਆਂ ਯਾਦਾਂ ਮੇਰੇ ਜੀਵਨ ਦਾ ਅੰਗ ਬਣ ਗਈਆਂ ਹਨ। ਕਈ ਚੰਗੇ-ਮੰਦੇ ਕੰਮ ਹੋਏ। ਚੰਗੇ ਸਹਿਜ ਸੁਭਾ ਆਪਣੇ ਆਪ ਹੋ ਗਏ ਜਾਂ ਅਕਾਲ ਪੁਰਖ ਦੀ ਮਿਹਰ ਨਾਲ ਜਾਂ ਸਾਥੀਆਂ ਦੀ ਮਦਦ ਨਾਲ, ਮੰਦੇ ਮੇਰੀ ਮਜਬੂਰੀ ਜਾਂ ਨਾ-ਸਮਝੀ ਦੇ ਕਾਰਨ ਹੋਏ। ਅਖ਼ੀਰ ਤੱਤ ਇਹੀ ਨਿਕਲਿਆ ਕਿ ਨੇਤਾਗਿਰੀ ਹਰੇਕ ਪੁਰਸ਼ ਦੇ ਵੱਸ ਦਾ ਰੋਗ ਨਹੀਂ। ਇਹਦੇ ਲਈ ਬੰਦੇ ਵਿਚ ਕੁਝ ਵਿਸ਼ੇਸ਼ ਸਿਫ਼ਤਾਂ ਹੋਣੀਆਂ ਚਾਹੀਦੀਆਂ ਹਨ। ਤੇ ਜੀਹਦੇ ਵਿਚ ਇਹ ਗੁਣ ਨਹੀਂ, ਉਹ ਜਿੰਨੀ ਛੇਤੀ ਲੀਡਰੀ ਤੋਂ ਛੁਟਕਾਰਾ ਪਾ ਲਏ, ਉੱਨਾ ਹੀ ਚੰਗਾ ਹੈ। ਇੱਥੇ ਮੈਂ ਇਕ ਅਜਿਹੀ ਮਹੱਤਵਪੂਰਨ ਘਟਨਾ ਦਾ ਜ਼ਿਕਰ ਕਰ ਰਿਹਾ ਹਾਂ, ਜਿਸ ਦੇ ਵਾਪਰਨ ਤੇ ਦਿਲ ਕੀਤਾ ਕਿ ਖੜੇ ਪੈਰੀਂ ਸਭ ਕੁਝ ਛਡ-ਛਡਾ ਕੇ ਲਾਂਭੇ ਹੋ ਜਾਵਾਂ, ਪਰ ਫਿਰ ਵੀ ਸਾਥੀਆਂ ਨੇ ਨਿਕਲਣ ਨਾ ਦਿੱਤਾ।

ਗੱਲ ਇਉਂ ਹੋਈ ਕਿ ਮੇਰੇ ਰਾਜਨੀਤੀ ਵਿਚ ਆਉਣ ਤੋਂ ਬਹੁਤ ਚਿਰ ਪਹਿਲਾਂ ਇਕ ਸੱਜਣ, ਭਗਵਾਨ ਸਿੰਘ ਸਰਾਫ਼ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਚੱਲੇ ਆ ਰਹੇ ਸਨ। ਉਹ ਸਥਾਨਿਕ ਗੁਰਦੁਆਰਾ ਕਮੇਟੀ ਤੇ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਵੀ ਸਿਰਕੱਢ ਮੈਂਬਰ ਸਨ। ਉਹ ਸ. ਅਵਤਾਰ ਸਿੰਘ ਬੈਰਿਸਟਰ ਦੇ ਨਿਕਟਵਰਤੀਆਂ ਵਿੱਚੋਂ ਸਨ ਤੇ ਉਨ੍ਹਾਂ ਵਾਂਗ ਹੀ ਪ੍ਰਮੁੱਖ ਨੇਤਾ ਸਮਝੇ ਜਾਂਦੇ ਸਨ। ਪਤਾ ਨਹੀਂ, ਕਿਸ ਗੱਲੋਂ ਉਨ੍ਹਾਂ ਦੀ ਸਰਦਾਰ ਜੀ ਨਾਲ ਅਣਬਣ ਹੋ ਗਈ ਤੇ ਉਨ੍ਹਾਂ ਨੂੰ ਜਨਰਲ ਸਕੱਤਰੀ ਛਡਣੀ ਪਈ। ਡਾਕਟਰ ਅਮਰ ਸਿੰਘ ਮਦਾਨ ਨਵੇਂ ਜਨਰਲ ਸਕੱਤਰ ਬਣੇ ਤੇ ਉਨ੍ਹਾਂ ਨੇ ਸ. ਉਮਰਾਉ ਸਿੰਘ ਮੈਨੇਜਰ ਦੀ ਰਾਹੀਂ ਸ. ਭਗਵਾਨ ਸਿੰਘ ਤੋਂ ਰੁਮਾਲਿਆਂ, ਬਰਤਨਾਂ, ਮੰਜਿਆਂ ਆਦਿ ਦਾ ਚਾਰਜ ਲਿਆ। ਸਾਮਾਨ ਦੀਆਂ ਤਿੰਨ ਲਿਸਟਾਂ ਬਣਾਈਆਂ ਗਈਆਂ, ਜਿਨ੍ਹਾਂ ਉੱਤੇ ਡਾਕਟਰ ਮਦਾਨ, ਸ. ਭਗਵਾਨ ਸਿੰਘ ਤੇ ਸ. ਉਮਰਾਉ ਸਿੰਘ

ਨੇ ਦਸਖ਼ਤ ਕਰ ਦਿੱਤੇ, ਪਰ ਤਿੰਨੇ ਲਿਸਟਾਂ ਡਾਕਟਰ ਮਦਾਨ ਦੇ ਕੋਲ ਹੀ ਰਹੀਆਂ।

ਇਸ ਮੋਟੇ ਸਾਮਾਨ ਤੋਂ ਛੁਟ ਸਿੰਘ ਸਭਾ ਕੋਲ ਸੋਨੇ ਦਾ ਇਕ ਛੱਬਾ ਵੀ ਸੀ, ਜੋ ਸਾਲ ਵਿਚ ਇਕ ਦੋ ਵਾਰੀ ਨਗਰ-ਕੀਰਤਨਾਂ ਦੇ ਮੌਕੇ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਵਿਚ ਲਗਦਾ ਸੀ ਤੇ ਜਨਰਲ ਸਕੱਤਰ ਦੇ ਕੋਲ ਹੀ ਰਹਿੰਦਾ ਸੀ। ਇਹ ਛੱਬਾ ਅਜੇ ਡਾਕਟਰ ਮਦਾਨ ਨੂੰ ਨਹੀਂ ਦਿੱਤਾ ਗਿਆ ਸੀ। ਕਿਹਾ ਜਾਂਦਾ ਹੈ ਕਿ ਸ. ਭਗਵਾਨ ਸਿੰਘ ਨੇ ਕਿਸੇ ਸਰਾਫ਼ ਕੋਲ ਗਹਿਣੇ ਪਾਇਆ ਹੋਇਆ ਸੀ। ਉਨ੍ਹਾਂ ਦਾ ਖ਼ਿਆਲ ਸੀ ਕਿ ਨਗਰ-ਕੀਰਤਨ ਤੋਂ ਪਹਿਲਾਂ ਇਹ ਛੁਡਾ ਲਿਆ ਜਾਏਗਾ, ਪਰ ਇਹ ਹੋ ਨਾ ਸਕਿਆ। ਸੋ ਗੁਰਪੁਰਬ ਤੋਂ ਪੰਜ ਚਾਰ ਦਿਨ ਪਹਿਲਾਂ ਉਹ ਡਾਕਟਰ ਮਦਾਨ ਦੀ ਦੁਕਾਨ ਉੱਤੇ ਗਏ ਤੇ ਉਨ੍ਹਾਂ ਪਾਸੋਂ ਚਾਰਜ ਵਾਲੀਆਂ ਲਿਸਟਾਂ ਮੰਗੀਆਂ। ਉਨ੍ਹਾਂ ਨੇ ਫ਼ਾਈਲ ਸ. ਭਗਵਾਨ ਸਿੰਘ ਨੂੰ ਫੜਾ ਦਿੱਤੀ ਤੇ ਆਪ ਮਰੀਜ਼ ਵੇਖਣ ਦੇ ਆਹਰ ਲਗ ਗਏ। ਸ. ਭਗਵਾਨ ਸਿੰਘ ਨੇ ਉਨ੍ਹਾਂ ਦੀ ਅੱਖ ਬਚਾਅ ਕੇ ਇਕ ਲਿਸਟ ਉੱਤੇ 'ਸੋਨੇ ਦਾ ਛੱਬਾ' ਸ਼ਬਦ ਲਿਖੇ ਤੇ ਇਕ ਲਿਸਟ ਆਪ ਲੈ ਕੇ ਫ਼ਾਈਲ ਡਾਕਟਰ ਮਦਾਨ ਨੂੰ ਦੇਂਦੇ ਹੋਏ ਬੋਲੇ, "ਡਾਕਟਰ ਜੀ! ਮੈਂ ਆਪਣੀ ਲਿਸਟ ਲੈ ਚਲਿਆ ਹਾਂ।" ਸਪੱਸ਼ਟ ਹੈ ਕਿ ਘਰ ਜਾ ਕੇ ਉਨ੍ਹਾਂ ਨੇ ਉਸ ਲਿਸਟ ਤੇ ਵੀ 'ਸੋਨੇ ਦਾ ਛੱਬਾ' ਸ਼ਬਦ ਲਿਖ ਲਏ। ਪਰ ਉਨ੍ਹਾਂ ਨੂੰ ਇਹ ਭੁੱਲ ਹੀ ਗਿਆ ਸੀ ਕਿ ਲਿਸਟਾਂ ਤਿੰਨ ਬਣੀਆਂ ਸਨ ਤੇ ਤੀਜੀ ਲਿਸਟ ਉੱਤੇ ਛੱਬੇ ਦਾ ਕੋਈ ਜ਼ਿਕਰ ਨਹੀਂ ਸੀ।

ਨਗਰ ਕੀਰਤਨ ਵਾਲੇ ਦਿਨ ਗ੍ਰੰਥੀ ਸਿੰਘ ਨੇ ਡਾਕਟਰ ਮਦਾਨ ਪਾਸੋਂ ਛੱਬਾ ਮੰਗਿਆ, ਤਾਂ ਉਨ੍ਹਾਂ ਨੇ ਆਖਿਆ ਕਿ ਛੱਬਾ ਤਾਂ ਮੈਨੂੰ ਅਜੇ ਨਹੀਂ ਦਿੱਤਾ ਗਿਆ। ਜਦ ਸ. ਭਗਵਾਨ ਸਿੰਘ ਤੋਂ ਪੁੱਛਿਆ ਗਿਆ, ਤਾਂ ਉਨ੍ਹਾਂ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਆਖਿਆ ਕਿ ਉਨ੍ਹਾਂ ਨੇ ਛੱਬਾ ਡਾਕਟਰ ਮਦਾਨ ਨੂੰ ਦੇ ਦਿੱਤਾ ਹੈ, ਇਥੋਂ ਤਕ ਕਿ ਉਨ੍ਹਾਂ ਨੇ ਸਟੇਜ ਤੇ ਚੜ੍ਹ ਕੇ ਐਲਾਨ ਕਰ ਦਿੱਤਾ ਕਿ ਉਹ ਇਸ ਗੱਲ ਦਾ ਨਿਰਣਾ ਕਰਾਉਣ ਲਈ ਪੰਜ ਪ੍ਰਤਿਸ਼ਟ ਸੱਜਣਾਂ ਨੂੰ ਸਾਲਸ ਮੰਨਣ ਲਈ ਤਿਆਰ ਹਨ। ਸਾਲਸਾਂ ਦੇ ਨਾਂ ਵੀ ਉਨ੍ਹਾਂ ਨੇ ਆਪ ਤਜਵੀਜ਼ ਕਰ ਦਿੱਤੇ।

ਮੁੱਕਦੀ ਗੱਲ, ਗੁਰਪੁਰਬ ਤੋਂ ਬਾਅਦ ਮਾਮਲਾ ਸਾਲਸਾਂ ਦੇ ਪੇਸ਼ ਹੋਇਆ। ਸ. ਭਗਵਾਨ ਸਿੰਘ ਨੇ ਆਪਣੇ ਵਾਲੀ ਲਿਸਟ ਪੇਸ਼ ਕੀਤੀ, ਜਿਸ ਉੱਤੇ ਉਨ੍ਹਾਂ ਦੀ ਆਪਣੀ ਹੱਥੀਂ ਅਤੇ ਵਖਰੀ ਕਲਮ ਤੇ ਸਿਆਹੀ ਨਾਲ 'ਸੋਨੇ ਦਾ ਛੱਬਾ' ਸ਼ਬਦ ਲਿਖੇ ਹੋਏ ਸਨ। ਡਾਕਟਰ ਮਦਾਨ ਨੇ ਉਹ ਲਿਸਟ ਤਾਂ ਪਾੜ ਦਿੱਤੀ ਸੀ, ਜਿਸ ਉੱਤੇ ਸ. ਭਗਵਾਨ ਸਿੰਘ 'ਸੋਨੇ ਦਾ ਛੱਬਾ' ਸ਼ਬਦ ਲਿਖ ਗਏ ਸਨ ਤੇ ਸਾਲਸਾਂ ਕੋਲ ਉਹ ਲਿਸਟ ਪੇਸ਼ ਕੀਤੀ, ਜਿਸ ਉੱਤੇ ਇਹ ਸ਼ਬਦ ਨਹੀਂ ਸਨ। ਸ. ਉਮਰਾਉ ਸਿੰਘ ਨੇ ਵੀ ਗਵਾਹੀ ਦਿੱਤੀ ਕਿ ਚਾਰਜ ਦੇਣ ਵੇਲੇ ਸ. ਭਗਵਾਨ ਸਿੰਘ ਨੇ ਛੱਬਾ ਡਾਕਟਰ ਮਦਾਨ ਨੂੰ ਨਹੀਂ ਦਿੱਤਾ ਸੀ। ਸਪੱਸ਼ਟ ਹੈ ਕਿ ਸਾਲਸਾਂ ਦਾ ਫ਼ੈਸਲਾ ਸ. ਭਗਵਾਨ ਸਿੰਘ ਦੇ ਵਿਰੁੱਧ ਗਿਆ ਤੇ ਇਸ ਨਾਲ ਉਨ੍ਹਾਂ ਦੀ ਬਹੁਤ ਬਦਨਾਮੀ ਹੋਈ।

ਪਰ ਸ਼ਹਿਰ ਵਿਚ ਉਨ੍ਹਾਂ ਦਾ ਅਸਰ-ਰਸੂਖ਼ ਕਾਫ਼ੀ ਸੀ ਤੇ ਉਹ ਮਾੜਾ-ਮੋਟਾ ਮੁਕਾਬਲਾ ਕਰਦੇ ਰਹੇ। ਇਸ ਦੌਰਾਨ ਸ. ਅਵਤਾਰ ਸਿੰਘ ਬੈਰਿਸਟਰ ਸ਼ਹੀਦ ਹੋ ਗਏ ਤੇ ਸ. ਭਗਵਾਨ ਸਿੰਘ ਦੀ ਹਾਲਤ ਹੋਰ ਡਾਵਾਂ ਡੋਲ ਹੋ ਗਈ, ਇੱਥੋਂ ਤਕ ਕਿ ਜਦ ਸਥਾਨਿਕ ਗੁਰਦੁਆਰਾ ਕਮੇਟੀ ਦੀਆਂ ਨਵੀਆਂ ਚੋਣਾਂ ਆ ਗਈਆਂ, ਤਾਂ ਉਹ ਆਪਣੇ ਵਿਰੋਧੀ ਗਰੁੱਪ ਦਾ ਮੁਕਾਬਲਾ ਕਰਨ ਦੀ ਦਲੇਰੀ ਨਾ ਕਰ ਸਕੇ ਤੇ ਉਨ੍ਹਾਂ ਨੇ ਚਹੁੰ ਸੀਟਾਂ ਵਿਚੋਂ ਆਪਣੇ ਇਕ ਸਾਥੀ ਸ. ਗੁਰਦਿੱਤ ਸਿੰਘ ਰਾਮਗੜ੍ਹੀਆ ਲਈ ਇਕ ਸੀਟ ਲੈ ਕੇ ਸਮਝੌਤਾ ਕਰ ਲਿਆ। ਇਸੇ ਸਮੇਂ ਜੇਲ੍ਹ ਵਿਚੋਂ ਰਿਹਾਈ ਤੋਂ ਬਾਅਦ ਨੇਤਾਗਿਰੀ ਮੇਰੇ ਗਲ ਪੈ ਗਈ। ਸ. ਭਗਵਾਨ ਸਿੰਘ ਅਜੇ ਵੀ ਉੱਪਰ ਉੱਠਣ ਦੇ ਚਾਹਵਾਨ ਸਨ ਤੇ ਇਹਦੇ ਲਈ ਜੋੜ-ਤੋੜ ਕਰਦੇ ਰਹਿੰਦੇ ਸਨ। ਅਖ਼ੀਰ ਉਨ੍ਹਾਂ ਨੂੰ ਸੋਚ ਫੁਰੀ ਕਿ ਜੇ ਉਹ

ਬਾਬਾ ਖੜਕ ਸਿੰਘ ਨੂੰ, ਜੋ ਅਕਾਲੀਆਂ ਦੇ ਪ੍ਰਮੁੱਖ ਧੜੇ ਦੇ ਆਗੂ ਮਾਸਟਰ ਤਾਰਾ ਸਿੰਘ ਦੇ ਵਿਰੁੱਧ ਸਨ, ਬੁਲਾ ਕੇ ਇਕ ਦੀਵਾਨ ਵਿਚ ਉਨ੍ਹਾਂ ਦੀ ਤਕਰੀਰ ਕਰਾਣ, ਤਾਂ ਉਨ੍ਹਾਂ ਦੇ ਧੜੇ ਨੂੰ ਕੁਝ ਬੜ੍ਹਾਵਾ ਮਿਲੇਗਾ।

ਗੁਰਦੁਆਰਾ-ਸੁਧਾਰ ਲਹਿਰ ਦੇ ਅਰੰਭ ਵਿਚ ਬਾਬਾ ਖੜਕ ਸਿੰਘ ਜੀ ਨਾ-ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ, ਸਗੋਂ ਇਕ ਨਿਧੜਕ ਤੇ ਧੜੱਲੇਦਾਰ ਆਗੂ ਗਿਣੇ ਜਾਂਦੇ ਸਨ। ਜਦ ਉਹ ਦਰਬਾਰ ਸਾਹਿਬ ਦੀਆਂ ਚਾਬੀਆਂ ਦੇ ਮਾਮਲੇ ਵਿਚ ਹੋਰ ਅਕਾਲੀ ਆਗੂਆਂ ਦੇ ਨਾਲ ਫੜੇ ਗਏ ਸਨ, ਤਾਂ ਉਨ੍ਹਾਂ ਨੇ ਮੈਜਿਸਟ੍ਰੇਟ ਦੇ ਸਾਹਮਣੇ ਬਿਆਨ ਦਿੱਤਾ ਸੀ, "ਇਸ ਮੁਕੱਦਮੇ ਵਿਚ ਸਰਕਾਰ ਇਕ ਧੜਾ ਹੈ ਤੇ ਮੈਜਿਸਟ੍ਰੇਟ ਉਸ ਦਾ ਨੌਕਰ ਹੈ। ਸਿਖ ਕੌਮ ਦਾ ਪ੍ਰਧਾਨ ਹੋਣ ਦੀ ਹੈਸੀਅਤ ਵਿਚ ਮੇਰੀ ਪਦਵੀ ਅਮਰੀਕਾ, ਫ਼ਰਾਂਸ ਤੇ ਜਰਮਨੀ ਦੇ ਪ੍ਰੈਜ਼ੀਡੰਟਾਂ ਵਰਗੀ ਹੈ। ਸੋ ਮੈਂ ਕਿਸੇ ਕਿਸਮ ਦਾ ਕੋਈ ਬਿਆਨ ਦੇਣ ਤੋਂ ਇਨਕਾਰ ਕਰਦਾ ਹਾਂ।" ਹੋਰ ਆਗੂਆਂ ਦੇ ਨਾਲ ਉਨ੍ਹਾਂ ਨੂੰ ਵੀ ਛੇ ਮਹੀਨੇ ਦੀ ਕੈਦ ਦੀ ਸਜ਼ਾ ਹੋਈ ਸੀ, ਪਰ ਛੇਤੀ ਪਿੱਛੋਂ ਉਨ੍ਹਾਂ ਨੂੰ ਰਿਹਾ ਕਰ ਕੇ ਕਮੇਟੀ ਦੀ ਮੰਗ ਅਨੁਸਾਰ ਤੋਸ਼ੇਖ਼ਾਨੇ ਦੀਆਂ ਚਾਬੀਆਂ ਉਨ੍ਹਾਂ ਦੇ ਹਵਾਲੇ ਕਰ ਦਿੱਤੀਆਂ ਗਈਆਂ ਸਨ। ਪਰ ਸਰਕਾਰ ਉਨ੍ਹਾਂ ਦੇ ਬਿਆਨ ਤੋਂ ਚਿੜ੍ਹ ਗਈ ਸੀ ਤੇ ਉਸ ਨੇ ਆਨੇ-ਬਹਾਨੇ ਫਿਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਕਿਰਪਾਨਾਂ ਬਣਾਣ ਦਾ ਕਾਰਖ਼ਾਨਾ ਜਾਰੀ ਕਰਨ ਉੱਤੇ ਉਨ੍ਹਾਂ ਨੂੰ ਹਥਿਆਰਾਂ ਦੇ ਕਾਨੂੰਨ ਹੇਠ ਇਕ ਸਾਲ ਕੈਦ-ਸਖ਼ਤ ਦੀ ਸਜ਼ਾ ਦਿੱਤੀ ਗਈ ਤੇ ਫਿਰ ਬਗ਼ਾਵਤੀ ਤਕਰੀਰਾਂ ਕਰਨ ਦੇ ਅਪਰਾਧ ਵਿਚ ਤਿੰਨ ਸਾਲ ਹੋਰ ਕੈਦ-ਸਖ਼ਤ ਦੀ ਸਜ਼ਾ ਦੇ ਕੇ ਦੂਰ-ਦੁਰੇਡੇ ਤੇ ਬਦਨਾਮ ਜੇਲ੍ਹ ਡੇਰਾ ਗ਼ਾਜ਼ੀ ਖ਼ਾਂ ਵਿੱਚ ਭੇਜ ਦਿੱਤਾ ਗਿਆ, ਜਿਥੇ ਸਖ਼ਤ ਗਰਮੀ ਪੈਂਦੀ ਸੀ। ਜੇਲ੍ਹ ਵਿਚ ਉਨ੍ਹਾਂ ਉੱਤੇ ਬੇਪਨਾਹ ਸਖ਼ਤੀਆਂ ਕੀਤੀਆਂ ਗਈਆਂ, ਜਿਸ ਦੇ ਪ੍ਰੋਟੈਸਟ ਵਜੋਂ ਕਿੰਨਾ ਚਿਰ ਉਨ੍ਹਾਂ ਨੇ ਕਛਹਿਰੇ ਤੋਂ ਬਿਨਾਂ ਸਭ ਕਪੜੇ ਉਤਾਰੀ ਰੱਖੇ ਤੇ ਭੁੰਜੇ ਸੌਂਦੇ ਰਹੇ, ਪਰ ਸਭ ਸਖ਼ਤੀਆਂ ਖਿੜੇ-ਮੱਥੇ ਸਹਾਰੀਆਂ। ਇਸੇ ਕਰਕੇ ਉਹ ਕੌਮ ਵਿਚ ਪੰਥ ਦੇ 'ਬੇਤਾਜ ਬਾਦਸ਼ਾਹ' ਦੇ ਨਾਂ ਨਾਲ ਮਸ਼ਹੂਰ ਹੋਏ। ਉਹ ਬੜੇ ਅਣਖੀਲੇ, ਸਿਰੜੀ ਤੇ ਸ੍ਵੈ-ਅਭਿਮਾਨੀ ਸਨ। 1929 ਵਿਚ ਲਾਹੌਰ ਵਿਖੇ ਕਾਂਗਰਸ ਦੇ ਵਾਰਸ਼ਕ ਸਮਾਗਮ ਵਿਚ ਇਸ ਲਈ ਸ਼ਾਮਲ ਨਾ ਹੋਏ, ਕਿਉਂਕਿ ਨਹਿਰੂ ਰਿਪੋਰਟ ਵਿਚ ਕਾਂਗਰਸ ਨੇ ਸਿੱਖਾਂ ਲਈ ਰਾਖਵੀਆਂ ਸੀਟਾਂ ਰੱਖਣ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਸੀ। ਕਾਂਗਰਸ ਦੇ ਜਲੂਸ ਤੋਂ ਇਕ ਦਿਨ ਪਹਿਲਾਂ ਸਿੱਖਾਂ ਨੇ ਬਾਬਾ ਜੀ ਦੀ ਅਗਵਾਈ ਵਿਚ ਜੋ ਵਿਸ਼ਾਲ ਜਲੂਸ ਕਢਿਆ, ਉਹਦੇ ਬਾਰੇ ਲੰਡਨ ਦੇ ਅਖ਼ਬਾਰ 'ਟਾਈਮਜ਼' ਨੇ ਲਿਖਿਆ ਸੀ ਕਿ ਇਸ ਜਲੂਸ ਦੇ ਸਾਹਮਣੇ ਕਾਂਗਰਸ ਦੀ ਜਲੂਸੀ ਫਿਕੀ ਪੈ ਗਈ ਸੀ। ਨਤੀਜਾ ਇਹ ਹੋਇਆ ਕਿ ਉਸੇ ਦਿਨ ਮਹਾਤਮਾ ਗਾਂਧੀ ਤੇ ਪੰਡਤ ਮੋਤੀ ਲਾਲ ਨਹਿਰੂ ਬਾਬਾ ਖੜਕ ਸਿੰਘ ਦੀ ਰਿਹਾਇਸ਼-ਗਾਹ ਚੁਬਰਜੀ ਗਏ ਤੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਆਜ਼ਾਦ ਹਿੰਦੁਸਤਾਨ ਵਿਚ ਕੋਈ ਅਜਿਹਾ ਵਿਧਾਨ ਨਹੀਂ ਬਣਾਇਆ ਜਾਏਗਾ, ਜੋ ਸਿੱਖਾਂ ਨੂੰ ਮਨਜ਼ੂਰ ਨਹੀਂ ਹੋਵੇਗਾ। ਸੁਤੰਤਰਤਾ ਤੋਂ ਬਾਅਦ ਬਾਬਾ ਖੜਕ ਸਿੰਘ ਦਿੱਲੀ ਰਹਿ ਰਹੇ ਸਨ। 1948 ਦੀ ਗੱਲ ਹੈ, ਪ੍ਰਧਾਨ ਮੰਤਰੀ ਨਹਿਰੂ ਉਨ੍ਹਾਂ ਨੂੰ ਮਿਲਣ ਗਏ। ਗੱਲਾਂ ਗੱਲਾਂ ਵਿਚ ਪੰਡਤ ਜੀ ਉਨ੍ਹਾਂ ਨੂੰ ਕੋਈ ਕੋਠੀ ਅਲਾਟ ਕਰਨ ਦਾ ਸੰਕੇਤ ਦੇਣ ਲੱਗੇ, ਤਾਂ ਉਹ ਵਿਚੋਂ ਹੀ ਟੋਕ ਕੇ ਬੋਲੇ, "ਜਵਾਹਰ ! ਤੂੰ ਮੈਨੂੰ ਖ਼ਰੀਦਣ ਆਇਆ ਹੈਂ ?" ਤੇ ਗੱਲ ਪੰਡਤ ਨਹਿਰੂ ਦੇ ਮੂੰਹ ਵਿਚ ਹੀ ਅਟਕ ਗਈ।

ਪਰ ਉਨ੍ਹਾਂ ਵਿਚ ਇਕ ਵੱਡੀ ਕਮੀ ਸੀ ਕਿ ਉਹ ਆਪਣੀ ਮਰਜ਼ੀ ਕਰਨ ਵਾਲੇ ਤਾਨਾਸ਼ਾਹ ਸਨ ਤੇ ਕਿਸੇ ਗੱਲ ਦਾ ਲੋਕਰਾਜੀ ਢੰਗ ਨਾਲ ਫ਼ੈਸਲਾ ਕਰਨਾ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ ਸੀ। ਉਹ ਹੋਰ ਅਕਾਲੀ ਆਗੂਆਂ ਨਾਲ ਬਣਾ ਕੇ ਨਾ ਰਖ ਸਕੇ ਤੇ ਅਲੱਗ ਥਲੱਗ ਹੋ ਗਏ।

ਪਰ ਬਾਬਾ ਜੀ ਦੀਆਂ ਪਹਿਲੀਆਂ ਸੇਵਾਵਾਂ ਤੇ ਕੁਰਬਾਨੀਆਂ ਦੇ ਕਾਰਨ ਅਜੇ ਵੀ ਉਨ੍ਹਾਂ ਦੀ ਕਾਫ਼ੀ ਪ੍ਰਸਿਧੀ ਸੀ। ਸ. ਭਗਵਾਨ ਸਿੰਘ ਦਾ ਖ਼ਿਆਲ ਸੀ ਕਿ ਉਨ੍ਹਾਂ ਦੇ ਦੀਵਾਨ ਵਿਚ ਕਾਫ਼ੀ ਲੋਕ ਇਕੱਠੇ ਹੋ ਜਾਣਗੇ ਅਤੇ ਜਦ ਉਹ ਅਕਾਲੀ ਆਗੂਆਂ ਦੀ ਭੰਡੀ ਕਰਨਗੇ, ਤਾਂ ਉਨ੍ਹਾਂ ਦਾ ਵਿਰੋਧੀ ਅਕਾਲੀ ਗਰੁੱਪ ਵੀ ਕਮਜ਼ੋਰ ਹੋਵੇਗਾ। ਸੋ ਉਸ ਨੇ ਬਾਬਾ ਜੀ ਤੇ ਉਨ੍ਹਾਂ ਦੇ ਦੋ ਅਪ੍ਰਸਿੱਧ ਸਾਥੀਆਂ ਨੂੰ ਗੁਜਰਾਂਵਾਲੇ ਆਉਣ ਦਾ ਸੱਦਾ ਦੇ ਦਿੱਤਾ ਸੀ।

ਪਤਾ ਨਹੀਂ, ਅਕਾਲੀ ਆਗੂਆਂ ਨੂੰ ਗੁਜਰਾਂਵਾਲੇ ਵਿਚ ਬਾਬਾ ਖੜਕ ਸਿੰਘ ਦੇ ਇਕ ਲੈਕਚਰ ਤੋਂ ਕਿਉਂ ਇੰਨਾ ਖ਼ਤਰਾ ਭਾਸਣ ਲਗ ਪਿਆ ਸੀ ਕਿ ਉਨ੍ਹਾਂ ਨੇ ਉਚੇਚਾ ਇਕ ਬੰਦਾ ਸਾਨੂੰ ਇਹ ਆਖਣ ਲਈ ਭੇਜਿਆ ਕਿ ਜਿਸ ਤਰ੍ਹਾਂ ਵੀ ਹੋਵੇ, ਬਾਬਾ ਜੀ ਦੇ ਜਲਸੇ ਨੂੰ ਫ਼ੇਲ੍ਹ ਕੀਤਾ ਜਾਏ। ਜਾਪਦਾ ਹੈ ਕਿ ਬਾਬਾ ਜੀ ਪਿਛਲੇ ਤਿੰਨ ਚਾਰ ਸਾਲ ਤੋਂ ਬਿਲਕੁਲ ਚੁੱਪ ਬੈਠੇ ਸਨ ਤੇ ਜਦ ਅਕਾਲੀ ਆਗੂਆਂ ਨੇ ਅਖ਼ਬਾਰਾਂ ਵਿਚ ਉਨ੍ਹਾਂ ਦੇ ਜਲਸੇ ਦਾ ਐਲਾਨ ਪੜ੍ਹਿਆ, ਤਾਂ ਸੋਚਿਆ ਕਿ ਉਨ੍ਹਾਂ ਨੂੰ ਉਠਦੇ ਹੀ ਨੱਪ ਦਿੱਤਾ ਜਾਏ। ਮੈਂ ਤਾਂ ਹਮੇਸ਼ਾ ਹੀ ਹਰ ਕਿਸਮ ਦੀ ਹੁੱਲੜਬਾਜ਼ੀ ਤੇ ਗੁੰਡਾਗਰਦੀ ਦੇ ਵਿਰੁੱਧ ਰਿਹਾ ਹਾਂ। ਸੋ ਇਹ ਸੁਨੇਹਾ ਆਉਣ ਤੇ ਮੈਂ ਅਕਾਲੀ ਦਲ ਅਤੇ ਸਿੰਘ ਸਭਾ ਦੇ ਸਭ ਸਿਰਕਢ ਮੈਂਬਰਾਂ ਦੀ ਮੀਟਿੰਗ ਡਾਕਟਰ ਮਹਾਂ ਸਿੰਘ ਜੀ ਦੇ ਮਕਾਨ ਤੇ ਸੱਦੀ ਅਤੇ ਉਨ੍ਹਾਂ ਨੂੰ ਆਖਿਆ ਕਿ ਅਸੀਂ ਕਿਸੇ ਗ਼ਲਤ ਜਾਂ ਗ਼ੈਰ-ਲੋਕ-ਰਾਜੀ ਢੰਗ ਨਾਲ ਬਾਬਾ ਜੀ ਦੇ ਜਲਸੇ ਵਿਚ ਵਿਘਨ ਨਾ ਪਾਈਏ। ਮੈਂ ਆਖਿਆ ਕਿ ਮੈਂ ਸਟੇਜ ਦੇ ਸਾਹਮਣੇ ਦੂਜੀ ਕਤਾਰ ਵਿਚ ਬੈਠਾਂਗਾ ਤੇ ਬਾਬਾ ਜੀ ਦੇ ਲੈਕਚਰ ਤੋਂ ਬਾਅਦ ਵਕਤ ਮੰਗ ਕੇ ਉਨ੍ਹਾਂ ਦੀਆਂ ਆਖੀਆਂ ਗ਼ਲਤ ਜਾਂ ਬੇ-ਬੁਨਿਆਦ ਗੱਲਾਂ ਦੀ ਬਾ-ਦਲੀਲ ਢੰਗ ਨਾਲ ਤਰਦੀਦ ਕਰ ਦਿਆਂਗਾ। ਪਰ ਉੱਥੇ ਡਾਕਟਰ ਮਹਾਂ ਸਿੰਘ ਤੋਂ ਸਿਵਾ ਮੇਰੀਆਂ ਤਰਕਸ਼ੀਲ ਗੱਲਾਂ ਦੀ ਹਮਾਇਤ ਕਰਨ ਵਾਲਾ ਕੋਈ ਵੀ ਨਹੀਂ ਸੀ। ਮੈਨੂੰ ਮੇਰੇ ਸਾਥੀਆਂ ਨੇ ਇਹ ਤਾਂ ਦੱਸਿਆ ਨਹੀਂ ਸੀ ਕਿ ਉਹ ਕੀ ਕਰਨਾ ਚਾਹੁੰਦੇ ਹਨ, ਪਰ ਇਹ ਸਾਫ਼ ਦਿਸ ਰਿਹਾ ਸੀ ਕਿ ਸਭ ਹੁੱਲੜਬਾਜ਼ੀ ਤੇ ਤੁੱਲੇ ਹੋਏ ਸਨ। ਅੰਮ੍ਰਿਤਸਰੋਂ ਆਇਆ ਆਦਮੀ ਵੀ ਉਨ੍ਹਾਂ ਨੂੰ ਸ਼ਹਿ ਦੇ ਰਿਹਾ ਸੀ। ਖ਼ੈਰ! ਇਸ ਦੇ ਬਾਵਜੂਦ ਮੈਂ ਜਲਸੇ ਵਿਚ ਗਿਆ ਤੇ ਆਪਣੀ ਮਿੱਥੀ ਹੋਈ ਥਾਂ ਤੇ ਜਾ ਬੈਠਾ। ਅਜੇ ਦੀਵਾਨ ਸ਼ੁਰੂ ਹੋਏ ਨੂੰ ਅੱਧਾ ਪੌਣਾ ਘੰਟਾ ਹੀ ਹੋਇਆ ਸੀ ਤੇ ਬਾਬਾ ਜੀ ਅਜੇ ਦੀਵਾਨ ਵਿਚ ਆਏ ਵੀ ਨਹੀਂ ਸਨ ਕਿ ਸਾਡੇ ਹੁੱਲੜਬਾਜ਼ਾਂ ਨੇ ਕਈ ਥਾਵਾਂ ਤੋਂ ਲੰਮੇ-ਚੌੜੇ ਸ਼ਾਮਿਆਨੇ ਦੇ ਰੱਸੇ ਵੱਢ ਦਿੱਤੇ। ਸਾਰੇ ਸ਼ਾਮਿਆਨੇ ਹੇਠਾਂ ਆ ਪਏ ਤੇ ਉਨ੍ਹਾਂ ਦਾ ਕੁਝ ਹਿੱਸਾ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਉੱਤੇ ਵੀ ਪਿਆ। ਗੈਸ ਬੁਝ ਗਏ ਤੇ ਘੁੱਪ ਹਨੇਰਾ ਹੋ ਗਿਆ। ਮੇਰੇ ਤਾਂ ਵਹਿਮ ਗੁਮਾਨ ਵਿਚ ਵੀ ਨਹੀਂ ਸੀ ਕਿ ਇੰਨੀ ਨੀਚ ਤੇ ਅਯੋਗ ਹਰਕਤ ਹੋਵੇਗੀ। ਜਲਸੇ ਦਾ ਪ੍ਰੋਗਰਾਮ ਤਾਂ ਖ਼ਤਮ ਹੋ ਹੀ ਜਾਣਾ ਸੀ। ਲੋਕ ਖਿੰਡ-ਪੁੰਡ ਰਹੇ ਸਨ। ਮੈਂ ਵੀ ਨਿਰਾਸ਼ ਹੋ ਕੇ ਘਰ ਆ ਗਿਆ।

ਬੜੀ ਦੁਖਦਾਈ ਤੇ ਸ਼ਰਮਨਾਕ ਘਟਨਾ ਸੀ ਇਹ। ਮੈਨੂੰ ਤਾਂ ਇਸ ਨਾਲ ਇੰਨੀ ਸ਼ਰਮ ਆਈ ਕਿ ਮੈਂ ਤਿੰਨ ਦਿਨ ਘਰੋਂ ਬਾਹਰ ਨਹੀਂ ਨਿਕਲਿਆ। ਸ. ਭਗਵਾਨ ਸਿੰਘ ਨੇ ਇਸ ਦਾ ਪੂਰਾ ਪੂਰਾ ਫ਼ਾਇਦਾ ਉਠਾਣਾ ਸੀ ਤੇ ਉਠਾਇਆ। ਅਸਲ ਵਿਚ ਇਹ ਘਟਨਾ ਹੋਈ ਹੀ ਇਸ ਤਰ੍ਹਾਂ ਸੀ ਕਿ ਇਸ ਨੂੰ ਜਿੰਨਾ ਵੀ ਵਧਾ ਚੜ੍ਹਾ ਕੇ ਜਾਂ ਮਨ-ਘੜਤ ਰੰਗਤ ਦੇ ਕੇ ਦੱਸਿਆ ਜਾਏ, ਲੋਕਾਂ ਨੇ ਇਸ ਨੂੰ ਸੱਚ ਮੰਨ ਲੈਣਾ ਸੀ। ਉਨ੍ਹਾਂ ਨੇ ਮਸ਼ਹੂਰ ਕੀਤਾ ਕਿ ਇਕ ਗੈਸ ਉਲਟ ਕੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਉੱਤੇ ਪਿਆ ਤੇ ਰੁਮਾਲਿਆਂ ਨੂੰ ਅੱਗ ਲਗ ਗਈ। ਸੋ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਸੁਆਲ ਬਣਾ ਕੇ ਦੂਜੇ ਦਿਨ ਸਵੇਰੇ ਹੀ ਇਸ਼ਤਿਹਾਰ ਕਢਿਆ ਗਿਆ ਕਿ ਸੰਗਤਾਂ ਪ੍ਰਾਸਚਿਤ ਵਜੋਂ ਵਰਤ ਰੱਖਣ ਤੇ ਭੁੰਜੇ ਸੌਣ। ਇਸ ਮਾਮਲੇ ਉੱਤੇ ਬਥੇਰੇ ਨਿਰਪੱਖ ਸੱਜਣ ਤੇ ਵਿਸ਼ੇਸ਼

ਕਰਕੇ ਨਿਰੋਲ ਧਾਰਮਿਕ ਬਿਰਤੀ ਵਾਲੇ ਲੋਕ ਸਾਡੇ ਵਿਰੁੱਧ ਹੋ ਗਏ। ਬਾਜ਼ੀ ਉਲਟ ਗਈ ਸੀ। 'ਛੱਬਾ-ਚੋਰ' ਸ. ਭਗਵਾਨ ਸਿੰਘ ਦੇ ਗੁਨਾਹ ਪੱਲ ਵਿਚ ਬਖ਼ਸ਼ੇ ਗਏ ਸਨ ਤੇ ਅਸਾਂ ਆਪਣੇ ਆਪ ਨੂੰ 'ਰੱਸੇ-ਵੱਢ' ਬਣਾ ਲਿਆ ਸੀ। ਮੇਰਾ ਚਿਤ ਕਰ ਰਿਹਾ ਸੀ ਕਿ ਇਸੇ ਵੇਲੇ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿਆਂ, ਪਰ ਆਮ ਲੀਡਰਾਂ ਵਾਂਗ ਮੇਰੇ ਹੋਰ ਸਾਥੀਆਂ ਦੀ ਚਮੜੀ ਬੜੀ ਸਖ਼ਤ ਸੀ ਤੇ ਉਨ੍ਹਾਂ ਨੇ ਮੈਨੂੰ ਆਖਿਆ, "ਇਹੋ ਜਿਹੀਆਂ ਗੱਲਾਂ ਤਾਂ ਕਦੀ ਕਦੀ ਹੁੰਦੀਆਂ ਹੀ ਰਹਿੰਦੀਆਂ ਹਨ। ਇਸ ਵਿਚ ਸਾਡਾ ਸਾਰਿਆਂ ਦਾ ਕੀ ਕਸੂਰ ਹੈ ? ਇਸ ਤਰ੍ਹਾਂ ਕੁਝ ਸ਼ਰਾਰਤੀਆਂ ਦੀ ਹਰਕਤ ਪਿਛੇ ਅਸਤੀਫ਼ਾ ਦੇ ਕੇ ਤੁਸੀਂ ਸਾਨੂੰ ਸਭ ਨੂੰ ਮੰਝਦਾਰ ਵਿਚ ਛਡ ਜਾਓਗੇ।" ਜਾਪਿਆ, ਅਜੇ ਮੈਂ ਨੇਤਾਗਿਰੀ ਦੇ ਕਈ ਹੋਰ ਰੰਗ ਵੇਖਣੇ ਸਨ।

ਮੇਰੇ ਚੰਗੇ ਭਾਗਾਂ ਨੂੰ ਦੋ ਤਿੰਨ ਮਹੀਨੇ ਬਾਅਦ ਸੰਤ ਤੇਜਾ ਸਿੰਘ ਜੀ ਨਨਕਾਣਾ ਸਾਹਿਬ ਵਾਲੇ ਸਿੰਘ ਸਭਾ ਦੇ ਗੁਰਦੁਆਰੇ ਵਿਚ ਲਗਾਤਾਰ ਇਕ ਮਹੀਨਾ ਕਥਾ ਕਰਨ ਲਈ ਆ ਗਏ। ਉਨ੍ਹਾਂ ਦਾ ਕਥਾ ਕਰਨ ਦਾ ਢੰਗ ਬੜਾ ਰਸੀਲਾ ਸੀ ਤੇ ਸੰਗਤਾਂ ਉਨ੍ਹਾਂ ਦਾ ਆਦਰ-ਮਾਣ ਕਰਦੀਆਂ ਸਨ। ਉਨ੍ਹਾਂ ਨਾਲ ਗੱਲ ਕੀਤੀ, ਤਾਂ ਉਨ੍ਹਾਂ ਨੇ ਸੁਝਾ ਦਿੱਤਾ ਕਿ ਤੁਸੀਂ ਸਾਰੇ ਉੱਘੇ ਨੇਤਾ ਸੰਗਤਾਂ ਦੇ ਜੋੜਿਆਂ ਵਿਚ ਖਲੋ ਕੇ ਹੱਥ ਜੋੜ ਕੇ ਮਾਫ਼ੀ ਮੰਗ ਲਓ; ਸੰਗਤਾਂ ਤਨਖ਼ਾਹ ਲਾ ਕੇ ਤੁਹਾਡਾ ਗੁਨਾਹ ਬਖ਼ਸ਼ ਦੇਣਗੀਆਂ। ਇਹ ਸਾਰੀ ਕਾਰਵਾਈ ਮੈਂ ਕਰਾਵਾਂਗਾ ਤੇ ਮਾਮਲਾ ਖ਼ਤਮ ਸਮਝਿਆ ਜਾਏਗਾ। ਅਗਲੇ ਦਿਨ ਇਵੇਂ ਹੀ ਕੀਤਾ ਗਿਆ। ਤਨਖ਼ਾਹ ਲੱਗੀ ਕਿ ਅਸੀਂ ਇਕ ਅਖੰਡ ਪਾਠ ਕਰਾਈਏ, ਗਿਆਰਾਂ ਦਿਨ ਜਪੁਜੀ ਸਾਹਿਬ ਦਾ ਇਕ ਇਕ ਪਾਠ ਵਾਧੂ ਕਰੀਏ ਤੇ ਇੰਨੇ ਦਿਨ ਹੀ ਸੰਗਤਾਂ ਦੇ ਜੋੜੇ ਝਾੜੀਏ। ਇਹ ਸਭ ਕੁਝ ਕਰਨ ਤੋਂ ਬਾਅਦ ਸਾਡਾ ਗੁਨਾਹ ਬਖ਼ਸ਼ਿਆ ਗਿਆ ਅਤੇ ਨਿਰਪੱਖ ਤੇ ਧਾਰਮਿਕ ਬਿਰਤੀ ਵਾਲੇ ਸੱਜਣਾਂ ਨੇ ਸਾਡੀ ਵਿਰੋਧਤਾ ਛਡ ਦਿੱਤੀ।

ਕੁਝ ਚਿਰ ਤੋਂ ਅਵਤਾਰ ਸਿੰਘ 'ਖ਼ਾਲਸਾ' ਨੇ ਜ਼ਿੱਦ ਫੜੀ ਹੋਈ ਸੀ ਕਿ ਸ. ਭਗਵਾਨ ਸਿੰਘ ਦੇ ਧੜੇ ਦੇ ਮੈਂਬਰ ਸ. ਗੁਰਦਿਤ ਸਿੰਘ ਰਾਮਗੜ੍ਹੀਆ ਨੂੰ, ਜੋ ਪਿਛਲੇ ਤਿੰਨਾਂ ਚਹੁੰ ਸਾਲਾਂ ਵਿਚ ਸਥਾਨਿਕ ਗੁਰਦੁਆਰਾ ਕਮੇਟੀ ਦੀ ਕਿਸੇ ਇਕ ਮੀਟਿੰਗ ਵਿਚ ਵੀ ਹਾਜ਼ਰ ਨਹੀਂ ਹੋਏ ਸਨ, ਨਿਯਮਾਂ ਅਨੁਸਾਰ ਖ਼ਾਰਜ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਉਨ੍ਹਾਂ ਦੀ ਥਾਂ ਪੁਰ ਕਰਨ ਲਈ ਚੋਣ ਕਰਾਉਣ ਲਈ ਲਿਖਿਆ ਜਾਏ। ਮੇਰੀ ਰਾਏ ਇਹ ਸੀ ਕਿ ਗੁਰਦਿਤ ਸਿੰਘ ਹਾਜ਼ਰ ਨਾ ਹੋ ਕੇ ਸਾਡਾ ਵਿਗਾੜਦੇ ਕੁਝ ਨਹੀਂ ਅਤੇ ਹੋਰ ਨਵਾਂ ਮੈਂਬਰ ਲੈ ਕੇ ਸਾਡਾ ਸੰਵਰਨਾ ਕੁਝ ਨਹੀਂ, ਇਸ ਲਈ ਸਾਡਾ ਚੁੱਪ ਰਹਿਣਾ ਹੀ ਚੰਗਾ ਹੈ। ਪਰ ਅਖ਼ੀਰ 'ਖ਼ਾਲਸਾ' ਜੀ ਦੀ ਜ਼ਿੱਦ ਦੇ ਅੱਗੇ ਝੁਕਣਾ ਪਿਆ ਤੇ ਸ਼੍ਰੋਮਣੀ ਕਮੇਟੀ ਨੂੰ ਲਿਖ ਦਿੱਤਾ ਗਿਆ ਕਿ ਇਕ ਮੈਂਬਰ ਦੀ ਚੋਣ ਲਈ ਸਰਕਾਰ ਕੋਲੋਂ ਤਰੀਕਾਂ ਦਾ ਐਲਾਨ ਕਰਾਓ। ਸ਼ੁਕਰ ਦੀ ਗੱਲ ਇਹ ਹੋਈ ਕਿ ਇਸ ਤਰੀਕ ਦਾ ਫ਼ੈਸਲਾ ਇਸ ਘਟਨਾ ਤੋਂ ਚੋਖਾ ਚਿਰ ਬਾਅਦ ਹੋਇਆ, ਜਦ ਅਸੀਂ ਮਾਫ਼ੀ ਮੰਗ ਕੇ ਆਪਣਾ ਗੁਨਾਹ ਮਾਫ਼ ਕਰਾ ਚੁਕੇ ਸਾਂ ਤੇ ਗੱਲ ਪੁਰਾਣੀ ਹੋ ਗਈ ਸੀ।

ਆਖ਼ਰ ਚੋਣ ਲਈ ਉਮੀਦਵਾਰ ਖੜੇ ਹੋਣ ਤੇ ਚੋਣ ਦੀ ਤਰੀਕ ਦਾ ਐਲਾਨ ਹੋ ਗਿਆ। ਇਸ ਵਾਰੀ ਚੋਣ ਲਈ ਭਗਵਾਨ ਸਿੰਘ ਆਪ ਉਮੀਦਵਾਰ ਬਣੇ। ਸਾਨੂੰ ਪਤਾ ਸੀ ਕਿ ਰਾਮਗੜ੍ਹੀਏ ਸੱਜਣ ਭਗਵਾਨ ਸਿੰਘ ਦੀ ਹਮਾਇਤ ਕਰਨਗੇ, ਇਸ ਲਈ ਅਸਾਂ ਉਨ੍ਹਾਂ ਦੇ ਮੁਕਾਬਲੇ ਵਿਚ ਇਕ ਨੌਜਵਾਨ ਰਾਮਗੜ੍ਹੀਏ ਜਸਵੰਤ ਸਿੰਘ 'ਪ੍ਰੀਤਮ' ਨੂੰ ਖੜਾ ਕਰ ਦਿੱਤਾ। ਪ੍ਰਚਾਰ ਇਹ ਕੀਤਾ ਕਿ ਇੱਕੋ ਇਕ ਰਾਮਗੜ੍ਹੀਏ ਗੁਰਦਿਤ ਸਿੰਘ ਦੀ ਥਾਂ ਭਗਵਾਨ ਸਿੰਘ ਆਪ ਹਥਿਆਉਣਾ ਚਾਹੁੰਦਾ ਹੈ। ਇਸ ਤਰ੍ਹਾਂ ਰਾਮਗੜ੍ਹੀਏ ਵੋਟਾਂ ਦੀ ਬਹੁ-ਗਿਣਤੀ ਸਾਡੇ ਲਈ ਸੁਰੱਖਿਅਤ ਹੋ ਗਈ। ਇਸ ਚੋਣ ਵਿਚ 646 ਵੋਟਾਂ ਸਾਨੂੰ ਪਈਆਂ ਤੇ 444 ਭਗਵਾਨ ਸਿੰਘ ਨੂੰ ਮਿਲੀਆਂ। ਜਦ ਕਚਹਿਰੀ

ਵਿਚ ਵੋਟਾਂ ਦੀ ਗਿਣਤੀ ਹੋ ਰਹੀ ਸੀ, ਤਾਂ ਮੈਂ ਜਾਣ-ਬੁੱਝ ਕੇ ਬਾਹਰ ਹੀ ਖੜਾ ਰਿਹਾ। ਜਦ ਮੈਨੂੰ ਯਕੀਨ ਹੋ ਗਿਆ ਕਿ ਅਸੀਂ ਜਿਤ ਰਹੇ ਹਾਂ ਤੇ ਹੁਣ ਸਾਡੇ ਜੋਸ਼ੀਲੇ ਮੈਂਬਰ ਤੇ ਹਮਾਇਤੀ ਵਾਜਿਆਂ-ਗਾਜਿਆਂ ਨਾਲ ਜਲੂਸ ਕਢ ਕੇ ਜ਼ਿੰਦਾਬਾਦ ਦੇ ਨਾਹਰੇ ਮਾਰਨਗੇ, ਤਾਂ ਮੈਂ ਚੁਪ-ਚੁਪੀਤਾ ਪੈਦਲ ਹੀ ਉਥੋਂ ਖਿਸਕ ਕੇ ਕਮੇਟੀ ਦੇ ਦਫ਼ਤਰ ਵਿਚ ਆ ਗਿਆ। ਬੜੀ ਖ਼ੁਸ਼ੀ ਤੇ ਤਸੱਲੀ ਸੀ ਕਿ ਹਾਲੀ ਇੱਜ਼ਤ ਰਹਿ ਗਈ ਹੈ ਤੇ ਹੁਣ ਮੈਂ ਬਾ-ਇੱਜ਼ਤ ਅਸਤੀਫ਼ਾ ਦੇ ਸਕਦਾ ਹਾਂ। ਸੋ ਅਸਤੀਫ਼ਾ ਲਿਖਿਆ ਤੇ 'ਖ਼ਾਲਸਾ' ਜੀ ਦੇ ਵਾਪਸ ਆਉਣ ਤੇ ਉਨ੍ਹਾਂ ਨੂੰ ਵਿਖਾਇਆ, ਜੋ ਉਨ੍ਹਾਂ ਨੇ ਉਸੇ ਵੇਲੇ ਤਰੁੰਡ-ਮਰੁੰਡ ਕੇ ਪਾੜ ਦਿੱਤਾ ਤੇ ਮੇਰੇ ਗਲ ਪੈ ਗਏ। ਮੇਰੇ ਲਈ ਹੁਣ ਚਾਰਾ ਵੀ ਕੀ ਸੀ। ਅਸਤੀਫ਼ਾ ਮੈਂ ਕਮੇਟੀ ਨੂੰ ਦੇਣਾ ਸੀ ਤੇ ਕਮੇਟੀ ਦੇ ਬਾਕੀ ਦੇ ਚਹੁੰ ਮੈਂਬਰਾਂ ਵਿਚੋਂ ਕੋਈ ਵੀ ਮੇਰਾ ਅਸਤੀਫ਼ਾ ਮਨਜ਼ੂਰ ਕਰਨ ਲਈ ਤਿਆਰ ਨਹੀਂ ਸੀ।

ਇਸ ਵੇਲੇ ਪਾਕਿਸਤਾਨ ਦਾ ਖ਼ਤਰਾ ਹਕੀਕਤ ਬਣ ਕੇ ਨੇੜੇ ਆ ਰਿਹਾ ਸੀ ਤੇ ਲੀਡਰੀ ਇਕ ਤਰ੍ਹਾਂ ਨਾਲ ਕੰਡਿਆਂ ਦਾ ਤਾਜ ਬਣਦੀ ਜਾ ਰਹੀ ਸੀ। ਸ. ਭਗਵਾਨ ਸਿੰਘ ਨੂੰ ਵੀ ਲੀਡਰੀ ਦੀ ਬਹੁਤੀ ਪਕੜ ਨਹੀਂ ਰਹੀ ਸੀ ਤੇ ਆਖ਼ਰ ਉਨ੍ਹਾਂ ਨੇ ਆਪਣੀ ਜ਼ਿੱਦ ਛਡ ਦਿੱਤੀ। ਦੋ ਤਿੰਨ ਮਹੀਨੇ ਬਾਅਦ ਗੁਰਦੁਆਰਾ ਬਾਬਾ ਪਤਾਸ਼ਾ ਸਿੰਘ ਵਿਚ ਪੰਝੀ ਤੀਹ ਸਿਰਕੱਢ ਵਰਕਰਾਂ ਦੀ ਇਕ ਮੀਟਿੰਗ ਹੋਈ, ਜਿਸ ਵਿਚ ਉਨ੍ਹਾਂ ਨੇ ਐਲਾਨ ਕੀਤਾ ਕਿ ਅੱਗੋਂ ਤੋਂ ਉਹ ਅਕਾਲੀ ਦਲ ਨਾਲ ਮਿਲ ਕੇ ਕੰਮ ਕਰਨ ਨੂੰ ਤਿਆਰ ਹਨ। ਇਸ ਵੇਲੇ ਏਕਤਾ ਦੀ ਬੜੀ ਸਖ਼ਤ ਲੋੜ ਸੀ ਤੇ ਇਹ ਉਨ੍ਹਾਂ ਦੀ ਖੁਲ੍ਹਦਿਲੀ ਹੀ ਸਮਝਣੀ ਚਾਹੀਦੀ ਹੈ ਕਿ ਉਨ੍ਹਾਂ ਨੇ ਮਿਲ ਕੇ ਕੰਮ ਕਰਨਾ ਪ੍ਰਵਾਨ ਕਰ ਲਿਆ। ਇਸ ਨਾਲ ਸਾਡਾ ਸਭ ਦਾ ਕੰਮ ਆਸਾਨ ਹੋ ਗਿਆ।

1945 ਵਿਚ ਸਰਬ-ਹਿੰਦ ਅਕਾਲੀ ਕਾਨਫ਼ਰੰਸ ਦਾ ਛੇਵਾਂ ਸਮਾਗਮ ਗੁਜਰਾਂਵਾਲੇ ਵਿਚ ਹੋਇਆ—ਸ਼ਹਿਰੋਂ ਮੀਲ ਡੇਢ ਮੀਲ ਦੂਰ, ਲੋਹੀਆਂਵਾਲੇ ਪਿੰਡ ਵਿਚ ਹਾਜ਼ਰੀ, ਲੰਗਰ ਤੇ ਰਿਹਾਇਸ਼ ਦੇ ਪ੍ਰਬੰਧ ਅਤੇ ਉਤਸ਼ਾਹ ਦੇ ਪੱਖੋਂ ਇਹ ਸਮਾਗਮ ਪਿਛਲੇ ਸਾਰੇ ਸਮਾਗਮਾਂ ਤੋਂ ਬਾਜ਼ੀ ਲੈ ਗਿਆ। ਇਸ ਵਿਚ ਹਾਜ਼ਰੀ ਤਿੰਨ ਲੱਖ ਦੇ ਕਰੀਬ ਸੀ, ਜਿੰਨੀ ਉਸ ਵੇਲੇ ਤਕ ਕਿਸੇ ਕਾਨਫ਼ਰੰਸ ਵਿਚ ਨਹੀਂ ਹੋਈ ਸੀ। ਜ਼ਿਲ੍ਹਾ ਦੇਹਾਤੀ ਦੇ ਅਕਾਲੀ ਵਰਕਰਾਂ ਨੇ ਇੰਨਾ ਆਟਾ ਤੇ ਦਾਲਾਂ ਆਦਿ ਰਸਦ ਇਕੱਠੀ ਕੀਤੀ ਸੀ ਕਿ ਸੈਂਕੜੇ ਮਣ ਆਟਾ ਤੇ ਦਾਲਾਂ ਕਾਨਫ਼ਰੰਸ ਤੋਂ ਬਾਅਦ ਵੇਚਣੀਆਂ ਪਈਆਂ ਸਨ। ਜਥੇਦਾਰ ਵਰਯਾਮ ਸਿੰਘ ਘਰਮੂਲਾ, ਕੇਸਰ ਸਿੰਘ ਸਮਰਾ, ਜਥੇਦਾਰ ਸੰਤ ਸਿੰਘ ਜਾਗੋਵਾਲੀਆ, ਸੰਤ ਸਿੰਘ ਅਰੂਪ, ਸ. ਵਰਯਾਮ ਸਿੰਘ ਲੋਹੀਆਵਾਲਾ ਆਦਿ ਵਰਕਰ ਦੋ ਮਹੀਨੇ ਲਗਾਤਾਰ ਇਸ ਕੰਮ ਲਈ ਪਿੰਡ ਪਿੰਡ ਫਿਰਦੇ ਰਹੇ। ਸ਼ਹਿਰ-ਵਾਸੀਆਂ ਦੇ ਜ਼ਿੰਮੇ ਕੰਮ ਸੀ, ਪੰਡਾਲ ਤੇ ਇਸ ਦੇ ਚੌਗਿਰਦੇ ਵਾਲੀ ਥਾਂ ਨੂੰ ਸਾਫ਼ ਤੇ ਪੱਧਰਾ ਕਰਨਾ; ਸ਼ਾਮਿਆਨਿਆਂ, ਕਨਾਤਾਂ, ਛੋਲਦਾਰੀਆਂ ਤੇ ਦਰੀਆਂ ਆਦਿ ਦਾ ਪ੍ਰਬੰਧ ਕਰਨਾ ਅਤੇ ਜ਼ਿਲ੍ਹੇਵਾਰ ਰਿਹਾਇਸ਼ ਲਈ ਛੋਲਦਾਰੀਆਂ ਦੀ ਵੰਡ ਕਰਨਾ। ਸੰਤ ਹਜ਼ਾਰਾ ਸਿੰਘ, ਸ. ਜੀਉਣ ਸਿੰਘ, ਗਿਆਨੀ ਰਘਬੀਰ ਸਿੰਘ, ਸ. ਅਵਤਾਰ ਸਿੰਘ 'ਖ਼ਾਲਸਾ', ਬਾਬੂ ਸਰਦਾਰ ਚੰਦ, ਸ. ਜਸਵੰਤ ਸਿੰਘ 'ਪ੍ਰੀਤਮ', ਗਿਆਨੀ ਹਰਜੀਤ ਸਿੰਘ ਤੇ ਦਰਜਨਾਂ ਹੋਰ ਵਰਕਰ ਇਕ ਮਹੀਨਾ ਲਗਾਤਾਰ ਸਾਰਾ ਸਾਰਾ ਦਿਨ ਇਸ ਕੰਮ ਵਿਚ ਜੁੱਟੇ ਰਹੇ। ਇਸ ਕਾਨਫ਼ਰੰਸ ਦੇ ਪ੍ਰਧਾਨ ਸਨ ਬਾਬੂ ਲਾਭ ਸਿੰਘ ਜਲੰਧਰੀ। ਸੁਆਗਤ ਕਮੇਟੀ ਦੇ ਪ੍ਰਧਾਨ ਸ. ਸੰਤ ਸਿੰਘ ਅਰੂਪ, ਜਨਰਲ ਸਕੱਤਰ ਸ. ਜੀਤ ਸਿੰਘ ਚਾਵਲਾ, ਸਕੱਤਰ ਸ. ਵਰਯਾਮ ਸਿੰਘ ਲੋਹੀਆਂਵਾਲਾ ਤੇ ਪ੍ਰਾਪੇਗੰਡਾ ਸਕੱਤਰ ਗਿਆਨੀ ਹਰਜੀਤ ਸਿੰਘ। ਸੁਆਗਤ ਕਮੇਟੀ ਦੇ ਪ੍ਰਧਾਨ ਦਾ ਐਡਰੈੱਸ ਲਿਖਣ ਤੇ ਪੜ੍ਹਨ ਅਤੇ ਸਟੇਜ ਸਕੱਤਰੀ ਦੀ ਸੇਵਾ ਮੈਨੂੰ ਸੌਂਪੀ ਗਈ ਸੀ। ਸੁਆਗਤੀ ਐਡਰੈੱਸ ਵਿਚ ਗੁਜਰਾਂਵਾਲੇ ਦੀ ਮਹਾਨਤਾ ਦਾ ਜ਼ਿਕਰ ਕਰ ਕੇ ਇਹ ਦੱਸਿਆ ਗਿਆ ਸੀ ਕਿ

ਪਾਕਿਸਤਾਨ ਦੀ ਮੰਗ ਜ਼ੋਰ ਪਕੜ ਗਈ ਹੈ ਤੇ ਕਿਉਂਜੁ ਇਸ ਬਾਰੇ ਕਾਂਗਰਸ ਦੀ ਨੀਤੀ ਢਿਲ ਮਿਲ ਜਿਹੀ ਤੇ ਗ਼ੈਰ-ਯਕੀਨੀ ਜਿਹੀ ਹੈ, ਇਸ ਲਈ ਸਿੱਖਾਂ ਨੂੰ ਆਪਣੀ ਆਜ਼ਾਦ ਹਸਤੀ ਕਾਇਮ ਰੱਖਣ ਲਈ ਨਵੀਂ ਨੀਤੀ ਅਪਣਾਨੀ ਪਏਗੀ। ਸਾਰੇ ਸਮਾਗਮ ਵਿਚ ਭਾਸ਼ਨਾਂ ਦਾ ਕੇਂਦਰੀ ਧੁਰਾ 'ਪੰਥ ਅੱਵਲ' ਸੀ। ਇਸ ਕਾਨਫ਼ਰੰਸ ਨੇ ਮਹਿਸੂਸ ਕੀਤਾ ਕਿ ਕਾਂਗਰਸ ਪਾਕਿਸਤਾਨ ਦੀ ਇਸ ਮੰਗ ਨੂੰ ਮੰਨਣ ਲਈ ਅੱਗੇ ਵਧ ਰਹੀ ਹੈ, ਇਸ ਲਈ ਸਿੱਖਾਂ ਨੂੰ ਇਸ ਸੰਬੰਧ ਵਿਚ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨ ਲਈ ਆਪਣੀ ਸੁਤੰਤਰ ਨੀਤੀ ਬਣਾਨੀ ਪਏਗੀ। ਸੋ ਫ਼ੈਸਲਾ ਕੀਤਾ ਗਿਆ ਕਿ ਅਗਲੇ ਸਾਲ ਮਾਰਚ 1946 ਵਿਚ ਆਉਂਦੀਆਂ ਅਸੈਂਬਲੀ-ਚੋਣਾਂ ਲਈ ਅਕਾਲੀ ਦਲ ਆਪਣੇ ਟਿਕਟ ਤੇ ਉਮੀਦਵਾਰ ਖੜੇ ਕਰੇ। ਉਸ ਸਾਲ ਗੁਜਰਾਂਵਾਲਾ ਸ਼ਹਿਰ ਵਿਚੋਂ ਸ. ਉੱਜਲ ਸਿੰਘ ਨੂੰ ਤੇ ਜ਼ਿਲ੍ਹੇ ਵਿਚੋਂ ਸ. ਜੋਗਿੰਦਰ ਸਿੰਘ 'ਮਾਨ' ਨੂੰ ਪੰਥਕ ਟਿਕਟ ਉੱਤੇ ਖੜਾ ਕੀਤਾ ਗਿਆ। ਵਰਕਰਾਂ ਦੀ ਏਕਤਾ ਤੇ ਅਣਥੱਕ ਮਿਹਨਤ ਦੇ ਕਾਰਨ ਦੋਵੇਂ ਹੀ ਕਾਮਯਾਬ ਹੋ ਗਏ ਅਤੇ ਅਸੈਂਬਲੀ ਦੀ ਅਕਾਲੀ ਪਾਰਟੀ ਵਿਚ ਸ਼ਾਮਲ ਰਹੇ। ਆਜ਼ਾਦੀ ਤੋਂ ਬਾਅਦ ਇਹ ਦੋਵੇਂ ਹੀ ਕੁਝ ਸਮਾਂ ਪੰਜਾਬ ਵਜ਼ਾਰਤ ਵਿਚ ਸ਼ਾਮਲ ਰਹੇ।

ਚੋਣਾਂ ਤੋਂ ਬਾਅਦ ਪਾਕਿਸਤਾਨ ਅਸਲੀਅਤ ਬਣ ਕੇ ਸਾਹਮਣੇ ਆ ਗਿਆ ਸੀ। ਸਪੱਸ਼ਟ ਦਿਸਦਾ ਸੀ ਕਿ ਹੁਣ ਕੇਵਲ ਹੱਦਾਂ ਉਲੀਕਣੀਆਂ ਹੀ ਬਾਕੀ ਹਨ। ਅਸਾਂ ਆਪਣੇ ਵੱਲੋਂ ਪੂਰੀ ਵਾਹ ਲਾਈ ਕਿ ਗੁਜਰਾਂਵਾਲਾ ਪਾਕਿਸਤਾਨ ਵਿਚ ਨਾ ਜਾਏ। ਗੁਜਰਾਂਵਾਲਾ, ਸ਼ੇਖ਼ੂਪੁਰਾ ਤੇ ਸਿਆਲਕੋਟ ਦੇ ਅਕਾਲੀ ਮੁਖੀਆਂ ਨੇ 'ਰਚਨਾ ਕਮੇਟੀ' ਨਾਂ ਦੀ ਇਕ ਸੰਸਥਾ ਬਣਾਈ, ਜਿਸ ਦਾ ਕੰਮ ਰਾਵੀ ਤੇ ਝਨਾਂ ਦੇ ਵਿਚਕਾਰਲੇ ਇਲਾਕੇ ਦਾ ਕੇਸ ਬਾਊਂਡਰੀ ਕਮਿਸ਼ਨ ਦੇ ਸਾਹਮਣੇ ਪੇਸ਼ ਕਰਨਾ ਸੀ। ਕਮੇਟੀ ਦਾ ਦਫ਼ਤਰ ਨਨਕਾਣਾ ਸਾਹਿਬ ਵਿਚ ਸੀ ਤੇ ਸ. ਦਰਬਾਰਾ ਸਿੰਘ ਵਕੀਲ ਇਸ ਦੇ ਕਨਵੀਨਰ ਸਨ। ਗੁਜਰਾਂਵਾਲੇ ਵੱਲੋਂ ਮੈਂ ਇਸ ਕਮੇਟੀ ਦਾ ਮੈਂਬਰ ਸਾਂ। ਅਸੀਂ ਦੋ ਤਿੰਨ ਵਾਰੀ ਨਨਕਾਣਾ ਸਾਹਿਬ ਇਕੱਠੇ ਹੋਏ ਅਤੇ ਅੰਕੜੇ ਤੇ ਤੱਥ ਇਕੱਠੇ ਕਰ ਕੇ ਇਹ ਕੇਸ ਬਣਾਇਆ ਕਿ ਇਨ੍ਹਾਂ ਜ਼ਿਲ੍ਹਿਆਂ ਵਿਚ ਸਿੱਖਾਂ ਤੇ ਹਿੰਦੂਆਂ ਦੀ ਜਾਇਦਾਦ ਮੁਸਲਮਾਨਾਂ ਦੀ ਜਾਇਦਾਦ ਨਾਲੋਂ ਕਿਤੇ ਜ਼ਿਆਦਾ ਹੈ ਅਤੇ ਸਿੱਖਾਂ ਦੇ ਅਨੇਕਾਂ ਪ੍ਰਸਿਧ ਤੇ ਇਤਿਹਾਸਕ ਧਰਮ-ਅਸਥਾਨ ਇੱਥੇ ਹੋਣ ਕਰਕੇ ਸਿੱਖ ਜਜ਼ਬਾਤੀ ਤੌਰ ਤੇ ਇਸ ਧਰਤੀ ਨਾਲ ਜੁੜੇ ਹੋਏ ਹਨ। ਇਹ ਅੰਕੜੇ ਤੇ ਤੱਥ ਨਾਲ ਲੈ ਕੇ ਮੈਂ 3 ਅਗਸਤ ਨੂੰ ਲਾਹੌਰ ਸ. ਹਰਨਾਮ ਸਿੰਘ ਵਕੀਲ ਦੀ, ਜਿਨ੍ਹਾਂ ਨੇ ਸਿੱਖਾਂ ਦਾ ਕੇਸ ਬਾਊਂਡਰੀ ਕਮਿਸ਼ਨ ਦੇ ਸਾਹਮਣੇ ਪੇਸ਼ ਕਰਨਾ ਸੀ, ਕੋਠੀ ਤੇ ਗਿਆ। ਦੋ ਦਿਨ ਉੱਥੇ ਰਹਿ ਕੇ ਵਕੀਲ ਸਾਹਿਬ ਨੂੰ ਸਾਰਾ ਕੇਸ ਸਮਝਾਇਆ। ਪਰ ਦਿਲੋਂ ਅਸੀਂ ਵੀ ਜਾਣਦੇ ਸਾਂ ਕਿ ਆਖ਼ਰ ਫ਼ੈਸਲਾ ਵੱਸੋਂ ਦੀ ਬਹੁ-ਗਿਣਤੀ ਅਨੁਸਾਰ ਹੀ ਹੋਵੇਗਾ ਤੇ ਆਖ਼ਰ ਗੁਜਰਾਂਵਾਲੇ ਨੇ ਪਾਕਿਸਤਾਨ ਵਿਚ ਜਾਣਾ ਹੈ।

1947 ਦੇ ਸ਼ੁਰੂ ਦੀ ਗੱਲ ਹੈ। ਅਜੇ ਹੱਦਾਂ ਬਾਰੇ ਕੋਈ ਨਿਰਣਾ ਨਹੀਂ ਹੋਇਆ ਸੀ ਕਿ ਜਿਸ ਜਿਸ ਇਲਾਕੇ ਵਿਚ ਹਿੰਦੂਆਂ-ਸਿੱਖਾਂ ਦੀ ਆਬਾਦੀ ਬਹੁਤ ਘੱਟ ਸੀ, ਉੱਥੇ ਮੁਸਲਮਾਨਾਂ ਨੇ ਉਨ੍ਹਾਂ ਉੱਤੇ ਹਮਲੇ ਸ਼ੁਰੂ ਕਰ ਦਿੱਤੇ। ਪੋਠੋਹਾਰ (ਰਾਵਲਪਿੰਡੀ, ਅੱਟਕ) ਵਿਚ ਲੁੱਟ-ਮਾਰ, ਸਾੜ-ਫੂਕ ਤੇ ਕਟ-ਵਢ ਦੀਆਂ ਅਨੇਕਾਂ ਵਾਰਦਾਤਾਂ ਹੋਈਆਂ। ਉਥੋਂ ਬਹੁਤੇ ਸਿਖ ਪਰਵਾਰ ਭੱਜਣੇ ਸ਼ੁਰੂ ਹੋ ਗਏ। ਇਹੋ ਜਿਹੇ 25-30 ਪਰਵਾਰ ਉੱਜੜ ਕੇ ਗੁਜਰਾਂਵਾਲੇ ਵੀ ਆ ਗਏ। ਅਸਾਂ ਗੁਰਦੁਆਰਾ ਬਾਬਾ ਪਤਾਸਾ ਸਿੰਘ ਵਿਚ ਉਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਕਰ ਦਿੱਤਾ। ਪਰ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਜਰਾਂਵਾਲਾ ਵੀ ਪਾਕਿਸਤਾਨ ਵਿਚ ਆ ਜਾਣਾ ਹੈ, ਤਾਂ ਉਹ ਅੱਗੇ ਅੰਮ੍ਰਿਤਸਰ ਤੇ ਪਟਿਆਲੇ ਚਲੇ ਗਏ।

ਤਿੰਨ ਮਾਰਚ ਨੂੰ ਲਾਹੌਰ ਵਿਚ ਗੜਬੜ ਸ਼ੁਰੂ ਹੋ ਗਈ। ਦੂਜੇ ਤੀਜੇ ਦਿਨ ਹੀ ਇਸ ਦਾ ਪ੍ਰਭਾਵ ਗੁਜਰਾਂਵਾਲੇ ਤੇ ਪਿਆ। ਮੁਸਲਮਾਨਾਂ ਨੇ ਜਲੂਸ ਕਢ ਕੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਹਰੇ ਲਾਏ, ਤਾਂ ਉਸੇ ਦਿਨ ਸ਼ਾਮ ਨੂੰ ਸਿੱਖਾਂ ਨੇ ਵੀ ਆਪਣੀਆਂ ਆਬਾਦੀਆਂ ਗੁਰੂ ਨਾਨਕ-ਪੁਰਾ, ਗੋਬਿੰਦ ਗੜ੍ਹ ਤੇ ਕੰਵਰ ਗੜ੍ਹ ਆਦਿ ਵਿਚ ਜਲੂਸ ਕਢ ਕੇ 'ਪਾਕਿਸਤਾਨ ਮੁਰਦਾਬਾਦ' ਦੇ ਨਾਹਰੇ ਲਾਏ। ਇਕ ਦੋ ਥਾਈਂ ਕੁਝ ਮੁਸਲਮਾਨਾਂ ਨੇ ਵਿਘਨ ਪਾਣਾ ਚਾਹਿਆ, ਪਰ ਜਲੂਸ ਬਿਨਾਂ ਕਿਸੇ ਰੁਕਾਵਟ ਦੇ ਪੂਰੀ ਸਫ਼ਲਤਾ ਨਾਲ ਘੰਟਾ ਘਰ ਸਿੰਘ ਸਭਾ ਗੁਰਦੁਆਰੇ ਆ ਕੇ ਸਮਾਪਤ ਹੋਇਆ। 5 ਮਾਰਚ ਨੂੰ ਲਾਲਾ ਸੁੰਦਰ ਦਾਸ ਮਿੱਢਾ ਡਿਪਟੀ ਕਮਿਸ਼ਨਰ ਨੇ ਹਿੰਦੂ, ਸਿੱਖ ਤੇ ਮੁਸਲਮਾਨ ਆਗੂਆਂ ਨੂੰ ਸੱਦ ਕੇ ਇਕ ਮੀਟਿੰਗ ਕੀਤੀ ਤੇ ਇਕ ਅਮਨ-ਕਮੇਟੀ ਬਣਾ ਦਿੱਤੀ। ਇਸ ਕਮੇਟੀ ਦਾ ਆਸ਼ਾ ਸ਼ਹਿਰ ਵਿਚ ਅਮਨ ਕਾਇਮ ਰਖਣਾ ਸੀ ਅਤੇ ਇਸ ਕਮੇਟੀ ਨੇ ਦੋ ਵਾਰੀ ਸ਼ਹਿਰ ਵਿਚ ਸਾਂਝਾ ਅਮਨ-ਜਲੂਸ ਕਢ ਕੇ ਸ਼ਹਿਰੀਆਂ ਨੂੰ ਅਮਨ ਕਾਇਮ ਰੱਖਣ ਲਈ ਅਪੀਲ ਵੀ ਕੀਤੀ। ਮੁਸਲਮਾਨ ਆਗੂ ਉਪਰੋਂ-ਉਪਰੋਂ ਮੁਸਲਮਾਨਾਂ ਨੂੰ ਸ਼ਾਂਤ ਰਹਿਣ ਦਾ ਉਪਦੇਸ਼ ਦੇਂਦੇ ਰਹਿੰਦੇ ਸਨ, ਪਰ ਇਸ ਦੇ ਬਾਵਜੂਦ ਮੁਸਲਮਾਨਾਂ ਵੱਲੋਂ ਇੱਕਾ-ਦੁੱਕਾ ਹਮਲੇ ਸ਼ੁਰੂ ਹੋ ਗਏ ਸਨ। ਕਦੀ ਕਦੀ ਕੁਝ ਸਿਖ ਨੌਜਵਾਨ ਵੀ ਮਿਲ ਕੇ ਝੜਪਾਂ ਲੈ ਲੈਂਦੇ ਸਨ ਤੇ ਕਈ ਮੈਨੂੰ ਕਹਿੰਦੇ ਸਨ ਕਿ ਅਸੀਂ ਸਮੂਹਕ ਹਮਲਾ ਕਰੀਏ। ਪਰ ਮੈਂ ਕਿਸੇ ਜਥੇਬੰਦ ਹਮਲੇ ਦਾ ਵਿਰੋਧੀ ਸਾਂ। ਸ਼ਹਿਰ ਵਿਚ ਸਿੱਖਾਂ ਦੀ ਆਬਾਦੀ 10 ਪ੍ਰਤੀਸ਼ਤ ਤੋਂ ਵੀ ਘਟ ਸੀ। ਹਿੰਦੂਆਂ ਦੀ ਵੱਸੋਂ ਭਾਵੇਂ 27 ਪ੍ਰਤੀਸ਼ਤ ਸੀ, ਪਰ ਇਸ ਵੇਲੇ ਉਨ੍ਹਾਂ ਦੇ ਸਭ ਆਗੂ ਚੁਪ ਸਨ ਤੇ ਕੋਈ ਵੀ ਅੱਗੇ ਆਉਣ, ਬਚਾਅ ਦੇ ਸਾਧਨ ਸੋਚਣ ਜਾਂ ਸਾਡੇ ਨਾਲ ਮਿਲ ਕੇ ਸੁਰੱਖਿਆ ਪ੍ਰਬੰਧ ਕਰਨ ਲਈ ਤਿਆਰ ਨਹੀਂ ਸੀ। ਰਾਸ਼ਟਰੀ ਸਵੈਮ ਸੇਵਕ ਸੰਘ, ਜੋ ਕਦੀ ਬੜੇ ਦਮਗਜੇ ਮਾਰਦਾ ਸੀ, ਪਤਾ ਨਹੀਂ ਕਿੱਥੇ ਛਪਨ ਹੋ ਗਿਆ ਸੀ। ਸੋ ਸਾਡੇ ਵੱਲੋਂ ਕੋਈ ਇਹੋ ਜਿਹੀ ਕਾਰਵਾਈ ਮੁਸਲਮਾਨਾਂ ਨੂੰ ਨਾ-ਕੇਵਲ ਭੜਕਾਣ, ਸਗੋਂ ਜਵਾਬੀ ਹਮਲਿਆਂ ਲਈ ਬਹਾਨਾ ਮੁਹੱਈਆ ਕਰਨ ਦਾ ਕਾਰਨ ਬਣ ਸਕਦੀ ਸੀ। ਇਸ ਤੋਂ ਪਹਿਲਾਂ ਵੀ ਮੁਸਲਮਾਨਾਂ ਨੇ ਇਕ ਨਿੱਜੀ ਕਤਲ ਨੂੰ ਸਿੱਖਾਂ ਦੇ ਸਿਰ ਮੜ੍ਹ ਦਿੱਤਾ ਸੀ। ਮਈ ਵਿਚ ਆਲੂਮਹਾਰ ਜ਼ਿਲ੍ਹਾ ਸਿਆਲਕੋਟ ਦੇ ਇਕ ਪੀਰ ਸਾਹਿਬ ਸ਼ਹਿਰ ਦੇ ਥਾਣੇ ਵਾਲੇ ਬਜ਼ਾਰ ਵਿਚ ਮਾਰੇ ਗਏ ਸਨ। ਉਨ੍ਹਾਂ ਨੂੰ ਕੁਝ ਮੁਸਲਮਾਨਾਂ ਨੇ ਛੁਰਾ ਮਾਰਿਆ ਸੀ, ਜਿਨ੍ਹਾਂ ਦੀ ਲੜਕੀ ਨਾਲ ਉਨ੍ਹਾਂ ਦੇ ਨਜਾਇਜ਼ ਸੰਬੰਧ ਸਨ। ਪਰ ਮੁਸਲਮਾਨਾਂ ਨੇ ਧੁਮਾ ਦਿੱਤਾ ਕਿ ਉਹ ਕਿਸੇ ਸਿਖ ਦੇ ਹੱਥੋਂ ਮਾਰੇ ਗਏ ਹਨ। ਇਸ ਦੇ ਬਾਵਜੂਦ ਕਈ ਜੋਸ਼ੀਲੇ ਸਿਖ ਆਪਣੀ ਰੱਖਿਆ ਲਈ ਹਮੇਸ਼ਾ ਤੱਤਪਰ ਰਹਿੰਦੇ ਸਨ ਤੇ ਕਦੀ ਕਦੀ ਪਹਿਲ ਵੀ ਕਰ ਲੈਂਦੇ ਸਨ। ਉਂਜ ਸਾਡੇ ਬਚਾਅ ਦਾ ਵੱਡਾ ਕਾਰਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਚੌਧਰੀ ਸੁੰਦਰ ਦਾਸ ਮਿੱਢਾ ਸਨ। ਉਹ ਬੜੇ ਸਯੋਗ ਤੇ ਕਰੜੇ ਹਾਕਮ ਸਨ ਤੇ ਵੱਸ ਲਗਦੇ ਹਿੰਦੂਆਂ-ਸਿੱਖਾਂ ਦੀ ਤਰਫ਼ਦਾਰੀ ਵੀ ਕਰਦੇ ਰਹਿੰਦੇ ਸਨ। ਇਸ ਲਈ ਉਨ੍ਹਾਂ ਦੇ ਰਹਿੰਦਿਆਂ ਗੁਜਰਾਂਵਾਲੇ ਵਿਚ ਕਦੀ ਵੀ ਕੋਈ ਵੱਡੀ ਘਟਨਾ ਨਹੀਂ ਵਾਪਰੀ। ਮੈਂ ਦੂਜੇ-ਚੌਥੇ ਦਿਨ ਉਨ੍ਹਾਂ ਨੂੰ ਮਿਲਦਾ ਰਹਿੰਦਾ ਸਾਂ ਤੇ ਆਮ ਕਰਕੇ ਉਨ੍ਹਾਂ ਦੀ ਸਲਾਹ ਅਨੁਸਾਰ ਹੀ ਕੰਮ ਕਰਦਾ ਸਾਂ। ਇਕ ਵਾਰੀ ਉਨ੍ਹਾਂ ਨੇ ਹਿੰਦੂ ਆਗੂਆਂ ਨੂੰ ਉਲਾਂਭਾ ਵੀ ਦਿੱਤਾ ਸੀ ਕਿ ਗਿਆਨੀ ਲਾਲ ਸਿੰਘ ਸ਼ਹਿਰੋਂ ਆ ਕੇ ਮੇਰੇ ਨਾਲ ਵਿਚਾਰ-ਵਟਾਂਦਰਾ ਕਰਦਾ ਤੇ ਆਪਣੀਆਂ ਤਕਲੀਫ਼ਾਂ ਦੱਸ ਜਾਂਦਾ ਹੈ, ਪਰ ਤੁਸੀਂ ਸਿਵਲ ਲਾਈਨ ਵਿਚ ਮੇਰੇ ਨੇੜੇ ਰਹਿੰਦਿਆਂ ਵੀ ਮੈਨੂੰ ਕਦੀ ਨਹੀਂ ਮਿਲਦੇ।

ਜੂਨ ਦੇ ਪਹਿਲੇ ਹਫ਼ਤੇ ਆਮ ਲੋਕਾਂ ਦੇ ਮਨਾਂ ਵਿਚ ਇਹ ਖ਼ਿਆਲ ਬੈਠ ਗਿਆ ਸੀ ਕਿ ਗੁਜਰਾਂਵਾਲੇ ਨੇ ਪਾਕਿਸਤਾਨ ਵਿਚ ਹੀ ਜਾਣਾ ਹੈ ਤੇ ਪਾਕਿਸਤਾਨ ਬਣਨ ਤੋਂ ਬਾਅਦ ਇੱਥੇ ਹਿੰਦੂਆਂ-ਸਿੱਖਾਂ ਦਾ ਰਹਿਣਾ ਮੁਸ਼ਕਲ ਹੋ ਜਾਏਗਾ। ਇਸ ਸਮੇਂ ਰਾਤ ਨੂੰ ਦਸ ਗਿਆਰਾਂ ਵਜੇ ਜ਼ਰੂਰ

ਠੂਹ-ਠਾਹ ਸ਼ੁਰੂ ਹੋ ਜਾਂਦਾ ਸੀ। ਜਿਨ੍ਹਾਂ ਲੋਕਾਂ ਕੋਲ ਲਾਇਸੰਸ ਦੀਆਂ ਬੰਦੂਕਾਂ ਸਨ, ਉਹ ਐਵੇਂ ਤਮਾਸ਼ੇ ਵਜੋਂ ਜਾਂ ਦਹਿਸ਼ਤ ਫੈਲਾਉਣ ਲਈ ਬਿਨਾਂ ਕਿਸੇ ਨਿਸ਼ਾਨੇ ਦੇ ਅਠ-ਅਠ ਦਸ-ਦਸ ਗੋਲੀਆਂ ਦਾਗ ਦੇਂਦੇ ਸਨ। ਪਰ ਇਸ ਨਾਲ ਕਦੇ ਕੋਈ ਮੌਤ ਹੁੰਦੀ ਨਹੀਂ ਸੁਣੀ ਗਈ ਸੀ। ਜੁਲਾਈ ਦੇ ਸ਼ੁਰੂ ਤੋਂ ਸ਼ਹਿਰ ਵਿਚ ਰਾਤ ਦਾ ਕਰਫ਼ਿਊ ਲਾ ਦਿੱਤਾ ਗਿਆ ਸੀ। ਮੇਰੇ ਸਮੇਤ ਸਾਨੂੰ ਪੰਜ ਸਿਖ ਆਗੂਆਂ ਨੂੰ ਪਾਸ ਮਿਲੇ ਹੋਏ ਸਨ ਤੇ ਅਸੀਂ ਅਕਸਰ ਸ਼ਹਿਰ ਦਾ ਚੱਕਰ ਲਾਂਦੇ ਰਹਿੰਦੇ ਸਾਂ। 5 ਤੇ 6 ਜੁਲਾਈ ਦੀ ਵਿਚਕਾਰਲੀ ਰਾਤ ਨੂੰ ਗੋਲੀਆਂ ਦਾਗਣ ਦੀ ਅੱਤ ਹੀ ਹੋ ਗਈ। ਇਹ ਦਿਹਾੜਾ ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਕਿਉਂਕਿ ਉਸ ਰਾਤ ਮੇਰੀ ਸਭ ਤੋਂ ਆਖ਼ਰੀ ਬੱਚੀ ਦਾ ਜਨਮ ਹੋਇਆ ਸੀ ਤੇ ਕਰਫ਼ਿਊ-ਪਾਸ ਕੋਲ ਹੋਣ ਦੇ ਬਾਵਜੂਦ ਮੈਂ ਲੇਡੀ ਡਾਕਟਰ ਨੂੰ ਵਕਤ ਸਿਰ ਘਰ ਨਹੀਂ ਲਿਆ ਸਕਿਆ ਸਾਂ।

7 ਤੇ 8 ਜੁਲਾਈ ਦੀ ਵਿਚਕਾਰਲੀ ਰਾਤ ਨੂੰ ਫਿਰ ਉਸੇ ਤਰ੍ਹਾਂ ਦੀ ਠੂਹ ਠਾਹ ਸ਼ੁਰੂ ਹੋ ਗਈ। ਐਤਕੀ ਸਾਡੇ ਬੰਦਿਆਂ ਨੇ ਵੀ ਗੁਰਦੁਆਰਾ ਬਾਬਾ ਪਤਾਸਾ ਸਿੰਘ ਤੋਂ ਕਾਫ਼ੀ ਗੋਲੀਆਂ ਚਲਾਈਆਂ। ਇਹ ਗੋਲੀਆਂ ਗੁਰਦੁਆਰੇ ਦੇ ਨਾਲ ਲਗਦੇ ਮੁਸਲਮਾਨਾਂ ਦੇ ਤੂਤੀਆਂ ਵਾਲੇ ਮਹੱਲੇ ਦਾ ਰੁਖ਼ ਕਰ ਕੇ ਚਲਾਈਆਂ ਗਈਆਂ ਸਨ, ਜੋ ਕੁਝ ਬੰਦਿਆਂ ਨੂੰ ਲੱਗੀਆਂ ਤੇ ਇਕ ਬੰਦੇ ਨੂੰ ਹਸਪਤਾਲ ਦਾਖ਼ਲ ਕਰਨਾ ਪਿਆ। ਇਸ ਮਹੱਲੇ ਦੇ ਮੁਸਲਮਾਨ ਇਸ ਤੋਂ ਪਹਿਲਾਂ ਵੀ ਪੁਲਿਸ ਕੋਲ ਗੁਰਦੁਆਰੇ ਵੱਲੋਂ ਗੋਲੀਆਂ ਚੱਲਣ ਦੀ ਸ਼ਿਕਾਇਤ ਕਰਦੇ ਰਹਿੰਦੇ ਸਨ। ਉਸ ਦਿਨ ਸਵੇਰੇ ਸਵੇਰੇ ਹੀ ਡਿਪਟੀ ਕਮਿਸ਼ਨਰ ਤੇ ਐਸ. ਪੀ. ਪੁਲਿਸ ਦੀ ਗਾਰਦ ਨਾਲ ਲੈ ਕੇ ਘੰਟਾ ਘਰ ਪਹੁੰਚ ਗਏ। ਉਨ੍ਹਾਂ ਨੇ ਦੋ ਸਿਪਾਹੀ ਘੰਟਾ ਘਰ ਉੱਤੇ ਚੜ੍ਹਾ ਕੇ ਉਨ੍ਹਾਂ ਨੂੰ ਹਦਾਇਤ ਕੀਤੀ ਕਿ ਬਿਨਾਂ ਕਿਸੇ ਨਿਸ਼ਾਨੇ ਦੇ ਦਸ-ਦਸ ਪੰਦਰ੍ਹਾਂ-ਪੰਦਰ੍ਹਾਂ ਮਿੰਟਾਂ ਬਾਅਦ ਗੋਲੀਆਂ ਚਲਾਂਦੇ ਰਹਿਣ, ਤਾਂ ਜੁ ਲੋਕਾਂ ਵਿਚ ਡਰ ਬਣਿਆ ਰਹੇ। ਫਿਰ ਉਨ੍ਹਾਂ ਨੇ ਗੁਰਦੁਆਰੇ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਨੂੰ ਇਕ ਕਮਰੇ ਵਿਚੋਂ ਪੋਟਲੀ ਵਿਚ ਬੱਧੇ ਅਠ ਦਸ ਕਾਰਤੂਸ ਮਿਲ ਗਏ। ਪੁਲਿਸ ਨੇ ਭਾਈ ਗੁਲਾਬ ਸਿੰਘ ਗ੍ਰੰਥੀ ਨੂੰ ਹਿਰਾਸਤ ਵਿਚ ਲੈ ਲਿਆ। ਉਸ ਵੇਲੇ ਤਕ ਮੈਂ ਵੀ ਉੱਥੇ ਪਹੁੰਚ ਗਿਆ ਸਾਂ। ਮੈਂ ਚੌਧਰੀ ਸੁੰਦਰ ਦਾਸ ਨੂੰ ਆਖਿਆ ਕਿ ਗੁਰਦੁਆਰੇ ਵਿਚ ਆਮ ਯਾਤਰੂ ਆਉਂਦੇ ਰਹਿੰਦੇ ਹਨ। ਪਤਾ ਨਹੀਂ, ਕੌਣ ਇੱਥੇ ਕਾਰਤੂਸ ਰਖ ਗਿਆ ਹੋਵੇਗਾ। ਗ੍ਰੰਥੀ ਸਿੰਘ ਸਾਰੇ ਕਮਰਿਆਂ ਦੀ ਰਾਖੀ ਨਹੀਂ ਕਰ ਸਕਦਾ, ਇਸ ਲਈ ਇਨ੍ਹਾਂ ਦਾ ਕੋਈ ਕਸੂਰ ਨਹੀਂ। ਇਸ ਉੱਤੇ ਭਾਈ ਗੁਲਾਬ ਸਿੰਘ ਨੂੰ ਛੱਡ ਦਿੱਤਾ ਗਿਆ।

ਉਸ ਦਿਨ ਡਿਪਟੀ ਕਮਿਸ਼ਨਰ ਨੇ ਤਿੰਨ ਦਿਨ ਲਈ ਦਿਨ ਦਾ ਵੀ ਕਰਫ਼ਿਊ ਲਾ ਦਿੱਤਾ। ਇਸ ਨਾਲ ਹਿੰਦੂ ਤੇ ਸਿਖ ਬਹੁਤ ਬੇਦਿਲ ਹੋ ਗਏ ਤੇ ਜਦ 12 ਜੁਲਾਈ ਨੂੰ ਕਰਫ਼ਿਊ ਖੁਲ੍ਹਾ, ਤਾਂ ਹਜ਼ਾਰਾਂ ਹਿੰਦੂਆਂ-ਸਿੱਖਾਂ ਨੇ ਸ਼ਹਿਰ ਨੂੰ ਛਡਣਾ ਸ਼ੁਰੂ ਕਰ ਦਿੱਤਾ। ਮੇਰਾ ਖ਼ਿਆਲ ਹੈ ਕਿ ਅਗਲੇ ਦਸਾਂ ਦਿਨਾਂ ਵਿਚ ਲਗ ਪਗ 90 ਪ੍ਰਤੀਸ਼ਤ ਹਿੰਦੂ ਤੇ 60 ਪ੍ਰਤੀਸ਼ਤ ਸਿਖ ਸ਼ਹਿਰ ਛਡ ਕੇ ਪੂਰਬੀ ਪੰਜਾਬ ਵਿਚ ਸੁਰੱਖਿਅਤ ਥਾਵਾਂ ਤੇ ਚਲੇ ਗਏ ਸਨ। ਇਨ੍ਹਾਂ ਵਿਚ ਹਿੰਦੂਆਂ ਦੇ ਸਾਰੇ ਪ੍ਰਸਿਧ ਆਗੂ ਅਤੇ ਬਹੁਤ ਸਾਰੇ ਰਸੂਖ਼ ਵਾਲੇ ਤੇ ਧਨਵਾਨ ਹਿੰਦੂ ਸ਼ਾਮਲ ਸਨ।

ਅਗਲੇ ਤਿੰਨ ਮਹੀਨੇ ਮੇਰੀ ਨੇਤਾਗਿਰੀ ਲਈ ਕਠਨ ਇਮਤਿਹਾਨ ਦੇ ਦਿਨ ਸਨ। ਸਿੱਖਾਂ ਵਿਚੋਂ ਵੀ ਕਾਫ਼ੀ ਲੀਡਰ ਤੇ ਬਹੁਤ ਸਾਰੇ ਸਿਆਣੇ ਤੇ ਧਨੀ ਸਿਖ ਸ਼ਹਿਰ ਵਿਚੋਂ ਨਿਕਲ ਗਏ ਸਨ। ਸਿਰਫ਼ ਮੈਂ ਤੇ ਬਾਵਾ ਹਰਕ੍ਰਿਸ਼ਨ ਸਿੰਘ ਜੀ ਹੀ ਅਜਿਹੇ ਵਿਅਕਤੀ ਸਾਂ, ਜਿਨ੍ਹਾਂ ਨੂੰ ਇਹ ਖ਼ੁਸ਼ਫ਼ਹਿਮੀ ਸੀ ਕਿ ਪਹਿਲਾਂ ਤਾਂ ਗੁਜਰਾਂਵਾਲਾ ਪਾਕਿਸਤਾਨ ਵਿਚ ਨਹੀਂ ਜਾਏਗਾ, ਪਰ ਜੇ ਗਿਆ ਵੀ, ਤਾਂ ਇੱਥੇ ਰਹਿਣ ਵਿਚ ਕੋਈ ਵਿਸ਼ੇਸ਼ ਖ਼ਤਰਾ ਨਹੀਂ; ਸਮਾਂ ਪਾ ਕੇ ਹਿੰਦੂ, ਮੁਸਲਮਾਨ ਤੇ

ਸਿਖ ਪਹਿਲਾਂ ਵਾਂਗ ਰਲ-ਮਿਲ ਕੇ ਰਹਿ ਸਕਣਗੇ। ਬਾਵਾ ਸਾਹਿਬ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਹੋਣ ਤੋਂ ਛੁਟ ਚੋਟੀ ਦੇ ਸੂਝਵਾਨ ਸਿਖ ਲੀਡਰਾਂ ਵਿਚੋਂ ਸਨ। ਕਾਲਜ ਨਾਲ ਉਨ੍ਹਾਂ ਦਾ ਇੰਨਾ ਲਗਾਉ ਸੀ ਕਿ ਉਹ ਇਸ ਨੂੰ ਕਿਸੇ ਕੀਮਤ ਤੇ ਵੀ ਛਡਣਾ ਨਹੀਂ ਚਾਹੁੰਦੇ ਸਨ। ਮੈਂ ਇਸ ਵੇਲੇ ਬਹੁਤਾ ਕਰਕੇ ਉਨ੍ਹਾਂ ਦੀ ਅਗਵਾਈ ਹੇਠ ਹੀ ਕੰਮ ਕਰ ਰਿਹਾ ਸਾਂ। ਮੈਂ ਤੇ ਬਾਵਾ ਜੀ ਹਮੇਸ਼ਾ ਹੀ ਲੋਕਾਂ ਨੂੰ ਸ਼ਹਿਰ ਵਿਚ ਟਿਕੇ ਰਹਿਣ ਲਈ ਅਪੀਲਾਂ ਕਰਦੇ ਰਹਿੰਦੇ ਸਾਂ। ਇਸ ਲਈ ਸਾਡਾ ਸ਼ਹਿਰ ਛਡਣਾ ਤਾਂ ਸਾਡੀ ਅਣਖ ਨੂੰ ਚੈਲੰਜ ਸੀ। ਸਾਡੇ ਕੁਝ ਸਾਥੀ ਗਿਆਨੀ ਰਘਬੀਰ ਸਿੰਘ, ਸ. ਅਵਤਾਰ ਸਿੰਘ ਖ਼ਾਲਸਾ, ਸ. ਹਰਬੇਲ ਸਿੰਘ ਸਾਡੇ ਨਾਲੋਂ ਵੀ ਤੇਜ਼ ਸਨ। ਉਨ੍ਹਾਂ ਨੇ ਸ਼ਹਿਰ ਛੱਡਣ ਵਾਲੇ ਕਈ ਪਰਵਾਰਾਂ ਦਾ ਸਾਮਾਨ ਟਾਂਗਿਆਂ ਤੋਂ ਉਤਰਵਾ ਲਿਆ ਸੀ। ਸੋ ਸਿਖ ਆਗੂਆਂ ਦੀ ਕਾਫ਼ੀ ਗਿਣਤੀ ਨਿਡਰ ਹੋ ਕੇ ਸ਼ਹਿਰ ਵਿਚ ਟਿਕੀ ਹੋਈ ਸੀ ਤੇ ਅਖ਼ੀਰ ਤਕ ਟਿਕੀ ਰਹੀ।

ਜਿਵੇਂ ਮੈਂ ਪਹਿਲਾਂ ਦੱਸ ਚੁਕਾ ਹਾਂ, 3 ਅਗਸਤ ਨੂੰ ਗੁਜਰਾਂਵਾਲੇ ਦਾ ਕੇਸ ਸ. ਹਰਨਾਮ ਸਿੰਘ ਵਕੀਲ ਨੂੰ ਸਮਝਾਣ ਲਈ ਮੈਂ ਲਾਹੌਰ ਗਿਆ ਸਾਂ। 5 ਅਗਸਤ ਨੂੰ ਜਦ ਪੰਜ ਵਜੇ ਸ਼ਾਮ ਮੈਂ ਗੱਡੀ ਰਾਹੀਂ ਗੁਜਰਾਂਵਾਲੇ ਟਾਊਨ ਸਟੇਸ਼ਨ ਤੇ ਉਤਰਿਆ, ਤਾਂ ਸ਼ਹਿਰ ਵਿਚ ਸੁੰਨ ਵਰਤੀ ਹੋਈ ਜਾਪੀ। ਘਰਜਾਖੀ ਦਰਵਾਜ਼ੇ ਅੰਦਰ ਮੇਰਾ ਘਰ ਸਟੇਸ਼ਨ ਤੋਂ ਕੋਈ ਸੱਤ ਸੌ ਮੀਟਰ ਦੂਰ ਹੋਵੇਗਾ। ਮੈਂ ਪੈਦਲ ਹੀ ਘਰ ਪੁੱਜਾ। ਉੱਥੇ ਵੀ ਉਜਾੜ ਹੀ ਜਾਪੀ। ਸਾਡੇ ਆਂਢ-ਗੁਆਂਢ ਵਿਚੋਂ ਬਹੁਤ ਸਾਰੇ ਪਰਵਾਰ ਘਰ ਛਡ ਗਏ ਸਨ। ਡਰ ਜਿਹਾ ਲੱਗਣ ਲੱਗ ਪਿਆ ਤੇ ਮੈਂ ਸੋਚਿਆ ਕਿ ਇਹ ਘਰ ਛਡ ਕੇ ਕਿਸੇ ਸੁਰੱਖਿਅਤ ਤੇ ਰੌਣਕ ਵਾਲੀ ਥਾਂ ਤੇ ਚਲੇ ਜਾਣਾ ਚਾਹੀਦਾ ਹੈ। ਘੰਟਾ ਘਰ (ਗੁਰਦੁਆਰਾ ਸਿੰਘ ਸਭਾ ਤੇ ਬਾਬਾ ਪਤਾਸਾ ਸਿੰਘ) ਦੇ ਕੋਲ ਆਬਾਦੀ ਬੂਟਾ ਸਿੰਘ ਵਿਚੋਂ ਮੇਰੇ ਮਿੱਤਰ ਤਿੰਨ ਭਰਾ ਸ਼ਹਿਰ ਛਡ ਗਏ ਸਨ ਤੇ ਮੈਂ ਉਨ੍ਹਾਂ ਦੇ ਮਕਾਨਾਂ ਵਿਚ ਰਹਿ ਸਕਦਾ ਸਾਂ। ਦੂਜੇ ਦਿਨ ਸਵੇਰ ਤੋਂ ਮੈਂ ਦੋ ਚਾਰ ਸੇਵਾਦਾਰਾਂ ਦੀ ਮਦਦ ਨਾਲ ਥੋੜਾ ਥੋੜਾ ਜ਼ਰੂਰੀ ਤੇ ਲੋੜੀਂਦਾ ਸਾਮਾਨ ਕਪੜੇ, ਬਿਸਤਰੇ, ਤੇ ਭਾਂਡੇ ਆਦਿ ਉਧਰ ਭਿਜਵਾਣੇ ਸ਼ੁਰੂ ਕਰ ਦਿੱਤੇ। ਪਤਾ ਲੱਗਾ ਕਿ 3 ਅਗਸਤ ਨੂੰ ਚੌਧਰੀ ਸੁੰਦਰ ਦਾਸ ਮਿੱਢਾ ਬਦਲ ਕੇ ਜਲੰਧਰ ਚਲੇ ਗਏ ਸਨ ਤੇ ਪੁਲਿਸ ਵਿੱਚ ਵੀ ਗਿਣਤੀ ਦੇ ਹੀ ਹਿੰਦੂ ਤੇ ਸਿਖ ਰਹਿ ਗਏ ਸਨ। ਇਸ ਲਈ ਮੁਸਲਮਾਨ ਸ਼ੇਰ ਹੋ ਗਏ ਸਨ। ਘਰਜਾਖੀ ਦਰਵਾਜ਼ੇ ਦੇ ਸਿਰੇ ਤੇ ਜਥੇਦਾਰ ਕੇਸਰ ਸਿੰਘ ਮੁੰਜ ਵਾਲੇ ਦੀ ਦੁਕਾਨ ਸੀ। ਸਾਡੇ ਐਨ ਸਾਹਮਣੇ ਇਕ ਰਾਮਦਾਸੀਆ ਪਰਵਾਰ ਮਕਾਨ ਖ਼ਾਲੀ ਕਰ ਕੇ ਲੁਧਿਆਣੇ ਜ਼ਿਲ੍ਹੇ ਵਿਚ ਆਪਣੇ ਪਿਛਲੇ ਪਿੰਡ ਚਲਾ ਗਿਆ ਸੀ। ਦੁਪਹਿਰ ਵੇਲੇ ਮੁਸਲਮਾਨਾਂ ਨੇ ਜਥੇਦਾਰ ਕੇਸਰ ਸਿੰਘ ਦੀ ਦੁਕਾਨ ਨੂੰ ਅਤੇ ਇਸ ਖ਼ਾਲੀ ਮਕਾਨ ਵਿਚ ਪਏ ਸਰਕੜੇ ਨੂੰ ਅੱਗ ਲਾ ਦਿੱਤੀ। ਜਥੇਦਾਰ ਦੀ ਦੁਕਾਨ ਦੇ ਐਨ ਸਾਹਮਣੇ ਇਕ ਛੋਟੀ ਜਿਹੀ ਮਸੀਤ ਸੀ, ਜੋ ਖ਼ਾਲੀ ਮਕਾਨ ਦੇ ਨਾਲ ਲਗਦੀ ਸੀ। ਰੱਬ ਜਾਣੇ, ਅੱਗ ਕਿਸੇ ਪਾਸਿਓਂ ਉਡ ਕੇ ਮਸੀਤ ਤੇ ਆ ਪਈ ਜਾਂ ਮੁਸਲਮਾਨਾਂ ਨੇ ਐਵੇਂ ਹੀ ਰੌਲਾ ਪਾ ਦਿੱਤਾ ਕਿ ਮਸੀਤ ਨੂੰ ਅੱਗ ਲਾਈ ਗਈ ਹੈ। ਸਪੱਸ਼ਟ ਦਿਸ ਰਿਹਾ ਸੀ ਕਿ ਮੁਸਲਮਾਨ ਸ਼ਰਾਰਤ ਤੇ ਤੁਲੇ ਹੋਏ ਸਨ। ਇਸ ਵੇਲੇ ਸਾਡੇ ਮਕਾਨ ਵੱਲ ਕੁਝ ਰੋੜੇ-ਵੱਟੇ ਮਾਰੇ ਗਏ। ਇਹ ਮਕਾਨ ਮੇਰੇ ਧਰਮ-ਪਿਤਾ (ਸਹੁਰਾ ਸਾਹਿਬ) ਦਾ ਸੀ ਤੇ ਉਹ ਸਾਡੇ ਨਾਲ ਹੀ ਰਹਿ ਰਹੇ ਸਨ। ਉਨ੍ਹਾਂ ਨੇ ਘਬਰਾ ਕੇ ਆਪਣੀ ਲਾਇਸੰਸ ਵਾਲੀ ਬੰਦੂਕ ਕਢ ਲਈ। ਚਲਾਣ ਹੀ ਲੱਗੇ ਸਨ ਕਿ ਮੈਂ ਆਪਣੇ ਪੰਦਰ੍ਹਾਂ-ਸਾਲਾ ਵੱਡੇ ਲੜਕੇ ਨੂੰ ਭਜਾਇਆ ਕਿ ਭਾਈਆ ਜੀ ਨੂੰ ਆਖੋ ਕਿ ਬੰਦੂਕ ਨਹੀਂ ਚਲਾਣੀ। ਉਧਰੋਂ ਮੁਸਲਮਾਨਾਂ ਨੇ ਵੀ 'ਬੰਦੂਕ', 'ਬੰਦੂਕ' ਦਾ ਰੌਲਾ ਪਾਣਾ ਸ਼ੁਰੂ ਕਰ ਦਿੱਤਾ। ਉਸੇ ਵੇਲੇ ਇਕ ਅਸਿਸਟੈਂਟ ਸਬ-ਇਨਸਪੈਕਟਰ ਤੇ ਕੁਝ ਸਿਪਾਹੀ ਸਾਡੇ ਘਰ ਦੇ ਸਾਹਮਣੇ ਆ ਗਏ। ਅਸੀਂ ਤਾਂ

ਲਗ ਪਗ ਲੁਕੇ ਖਲੋਤੇ ਸਾਂ। ਮੇਰੀ ਪਤਨੀ ਅਤੇ ਪਰਵਾਰ ਦੇ ਛੋਟੇ ਬੱਚੇ ਮੇਰੇ 13 ਸਾਲ ਦੇ ਦੂਜੇ ਲੜਕੇ ਤੇ ਇਕ ਸੇਵਾਦਾਰ ਦੀ ਮਦਦ ਨਾਲ ਇਕ ਮਘੋਰੇ ਰਾਹੀਂ ਪਿਛਲੇ ਮਕਾਨ ਦੀ ਛੱਤ ਤੇ ਉੱਤਰ ਗਏ ਤੇ ਉੱਥੋਂ ਪੌੜੀਆਂ ਰਾਹੀਂ ਹੇਠਾਂ ਚਲੇ ਗਏ। ਰੌਲੇ ਵਿਚ ਇਕ ਦੋ ਸੇਵਾਦਾਰ ਘੰਟਾ ਘਰ ਵੱਲ ਖਿਸਕ ਗਏ ਸਨ ਤੇ ਮੇਰੇ ਦੋ ਛੋਟੇ ਬੱਚਿਆਂ ਨੂੰ ਵੀ ਨਾਲ ਲੈ ਗਏ ਸਨ। ਘਰ ਦੇ ਅੰਦਰ ਵੜ ਕੇ ਜਦ ਛੋਟੇ ਥਾਣੇਦਾਰ ਨੇ ਮੈਨੂੰ ਵੇਖਿਆ, ਤਾਂ ਕਹਿਣ ਲੱਗਾ, "ਗਿਆਨੀ ਜੀ! ਤੁਸੀਂ ਹੇਠਾਂ ਆ ਜਾਓ, ਕੋਈ ਡਰ ਵਾਲੀ ਗੱਲ ਨਹੀਂ।" ਸੋ ਮੈਂ, ਭਾਈਆ ਜੀ, ਮੇਰਾ ਵੱਡਾ ਲੜਕਾ, ਸੋਹਿੰਦਰਜੀਤ ਸਿੰਘ, ਇਕ ਸੇਵਾਦਾਰ ਤੇ ਇਕ ਹੋਰ ਕਿਰਪਾਨ-ਧਾਰੀ ਸਿਖ ਹੇਠਾਂ ਉਤਰ ਆਏ। ਹੁਕਮ ਹੋਇਆ ਕਿ ਬੰਦੂਕ ਵੀ ਲੈ ਆਉ। ਉਹ ਵੀ ਆ ਗਈ। ਕਿਰਪਾਨ-ਧਾਰੀ ਸਿੱਖ ਦੀ ਕਿਰਪਾਨ ਵੀ ਉਨ੍ਹਾਂ ਨੇ ਲੁਹਾ ਲਈ। ਸਾਨੂੰ ਪੰਜਾਂ ਨੂੰ ਥਾਣੇ ਚੱਲਣ ਦਾ ਹੁਕਮ ਹੋਇਆ। ਮੈਂ ਥਾਣੇਦਾਰ ਨੂੰ ਆਖਿਆ ਕਿ ਸਾਡਾ ਘਰ ਲੁੱਗਾ ਪਿਆ ਹੈ ਤੇ ਸ਼ਰਾਰਤੀ ਲੋਕ ਆਲੇ ਦੁਆਲੇ ਘੁੰਮ ਰਹੇ ਹਨ, ਇਸ ਦਾ ਕੀ ਬਣੇਗਾ। ਜਾਪਦਾ ਹੈ, ਉਹ ਬੜਾ ਹੀ ਚੰਗਾ ਬੰਦਾ ਸੀ। ਉਸ ਨੇ ਮੈਨੂੰ ਯਕੀਨ ਦਿਵਾਇਆ ਕਿ ਉਸ ਦੇ ਸਿਪਾਹੀ ਘਰ ਦੀ ਪੂਰੀ ਪੂਰੀ ਰਾਖੀ ਕਰਨਗੇ ਤੇ ਸਾਡਾ ਸੂਈ ਤਕ ਦਾ ਵੀ ਨੁਕਸਾਨ ਨਹੀਂ ਹੋਵੇਗਾ। ਅਸੀਂ ਥਾਣੇ ਹਾਜ਼ਰ ਹੋ ਗਏ। ਸ਼ਹਿਰ ਦੇ ਥਾਣੇਦਾਰ ਨੇ ਸਾਰੀ ਗੱਲ ਸੁਣੀ ਤੇ ਪੁਲਿਸ ਕਪਤਾਨ ਨੂੰ ਫ਼ੋਨ ਉੱਤੇ ਦੱਸੀ। ਉਨ੍ਹਾਂ ਨੇ ਕਿਹਾ ਕਿ "ਇਨ੍ਹਾਂ ਦੀਆਂ ਜ਼ਮਾਨਤਾਂ ਲੈ ਲਓ; ਬੰਦੂਕ ਤੇ ਕਿਰਪਾਨ ਜ਼ਬਤ ਕਰ ਲਓ ਤੇ ਇਨ੍ਹਾਂ ਨੂੰ ਛੱਡ ਦਿਓ।" ਜ਼ਮਾਨਤਾਂ ਲਈ ਘੰਟਾ ਘਰ ਤੋਂ ਤਿੰਨ ਚਾਰ ਬੰਦੇ ਮੰਗਵਾਏ ਗਏ। ਮੇਰੇ ਖ਼ਿਆਲ ਵਿਚ ਇਹ ਜ਼ਮਾਨਤਾਂ ਦਾ ਕੰਮ ਐਵੇਂ ਵਿਖਾਵਾ ਜਿਹਾ ਸੀ, ਕਿਉਂਕਿ ਇਸ ਤੋਂ ਬਾਅਦ ਸਾਨੂੰ ਕਦੇ ਕਿਸੇ ਨੇ ਇਸ ਬਾਰੇ ਪੁੱਛਿਆ ਨਹੀਂ ਸੀ। ਜਦ ਸਾਨੂੰ ਰਿਹਾ ਕਰ ਕੇ ਚਲੇ ਜਾਣ ਲਈ ਆਖਿਆ ਗਿਆ, ਤਾਂ ਮੈਂ ਕਿਹਾ ਕਿ ਸ਼ਹਿਰ ਵਿਚ ਹਰ ਥਾਈਂ ਹਮਲੇ ਦਾ ਖ਼ਤਰਾ ਹੈ, ਅਸੀਂ ਇੱਥੋਂ ਇਕ ਮੀਲ ਦੂਰ ਘੰਟਾ ਘਰ ਕਿਵੇਂ ਸੁਰੱਖਿਅਤ ਪਹੁੰਚ ਸਕਾਂਗੇ। ਇਸ ਤੋਂ ਬਿਨਾਂ ਰਾਤ ਭਰ ਮੇਰੇ ਮਕਾਨ ਦੀ ਰਖਵਾਲੀ ਦੀ ਵੀ ਲੋੜ ਹੈ। ਥਾਣੇਦਾਰ ਨੇ ਸਾਨੂੰ ਜੀਪ ਉੱਤੇ ਘੰਟਾ ਘਰ ਪਹੁੰਚਾ ਦਿੱਤਾ ਤੇ ਮੇਰੇ ਮਕਾਨ ਦੀ ਰਖਵਾਲੀ ਦਾ ਵੀ ਪੱਕਾ ਪ੍ਰਬੰਧ ਕਰ ਦਿੱਤਾ। ਇਹ ਗੱਲ ਸ਼ਹਿਰ ਦੀ ਪੁਲਿਸ ਦੇ ਹੱਕ ਵਿਚ ਜਾਂਦੀ ਹੈ ਕਿ ਦਿਨੇ ਸਾਡੀ ਦੋ ਘੰਟੇ ਦੀ ਗ਼ੈਰ-ਹਾਜ਼ਰੀ ਵਿਚ ਜਾਂ ਰਾਤੀਂ ਮੇਰਾ ਕਿਸੇ ਕਿਸਮ ਦਾ ਕੋਈ ਨੁਕਸਾਨ ਨਹੀਂ ਹੋਇਆ ਸੀ। ਉਸ ਵੇਲੇ ਦੇ ਹਾਲਾਤ ਅਨੁਸਾਰ ਇਹ ਗੱਲ ਇਕ ਕਰਾਮਾਤ ਹੀ ਸਮਝਣੀ ਚਾਹੀਦੀ ਹੈ। ਪਰਵਾਰ ਨੂੰ ਤਕਲੀਫ਼ ਤੇ ਸਹਿਮ ਜ਼ਰੂਰ ਹੋਇਆ ਸੀ, ਪਰ ਸਾਡੇ ਥਾਣਿਓਂ ਵਾਪਸ ਆਉਣ ਤੋਂ ਪਹਿਲਾਂ ਪਹਿਲਾਂ ਉਹ ਸਹੀ-ਸਲਾਮਤ ਬੂਟਾ ਸਿੰਘ ਦੀ ਆਬਾਦੀ ਵਾਲੇ ਘਰ ਵਿਚ ਪਹੁੰਚ ਗਏ ਸਨ। ਰਾਤੀਂ ਅਸੀਂ ਉਧਰ ਹੀ ਸੁਤੇ ਤੇ ਦੂਜੇ ਦਿਨ ਬਾਕੀ ਦਾ ਜ਼ਰੂਰੀ ਸਾਮਾਨ ਅਸਾਂ ਉੱਧਰ ਢੁਆ ਲਿਆ। ਇਸ ਤੋਂ ਬਾਅਦ ਅਸੀਂ ਘਟ-ਵਧ ਹੀ ਆਪਣੇ ਮਕਾਨ ਵੱਲ ਗਏ ਸਾਂ। ਸਾਡੇ ਉੱਥੇ ਹੁੰਦਿਆਂ ਹੀ ਪੂਰਬੀ ਪੰਜਾਬ ਵੱਲੋਂ ਗਏ ਮੁਸਲਮਾਨ ਸ਼ਰਨਾਰਥੀ ਉੱਥੇ ਵੱਸ ਗਏ ਸਨ।

15 ਅਗਸਤ ਨੂੰ ਐਲਾਨ ਹੋ ਗਿਆ ਕਿ ਗੁਜਰਾਂਵਾਲਾ ਪਾਕਿਸਤਾਨ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਨਾਲ ਸਥਿਤੀ ਹੋਰ ਵੀ ਨਾਜ਼ੁਕ ਹੋ ਗਈ। ਸਾਨੂੰ ਇਉਂ ਮਹਿਸੂਸ ਹੋਣ ਲੱਗਾ, ਜਿਵੇਂ ਅਸੀਂ ਕਿਸੇ ਬਿਗਾਨੇ ਦੇਸ਼ ਵਿਚ ਰਹਿ ਰਹੇ ਹਾਂ; ਬਹੁਤਾ ਇਸ ਕਰਕੇ ਕਿ ਮੁਸਲਮਾਨ ਬੜੀ ਹੈਂਕੜ ਨਾਲ ਬੋਲਣ ਲਗ ਪਏ ਸਨ ਤੇ ਕੁਝ ਚੁੱਭਣ ਵਾਲੇ ਆਵਾਜ਼ੇ ਵੀ ਕਸਦੇ ਸਨ। ਫਿਰ ਵੀ ਮੈਨੂੰ ਯਾਦ ਹੈ ਕਿ ਅਸੀਂ ਕੁਝ ਅਕਾਲੀ ਵਰਕਰ, ਖ਼ਾਲਸਾ ਜੀ, ਸ. ਹਰਬੇਲ ਸਿੰਘ ਤੇ ਮੈਂ ਆਪਣੀਆਂ ਆਬਾਦੀਆਂ—ਗੁਰੂ ਨਾਨਕ ਪੁਰਾ, ਗੋਬਿੰਦ ਗੜ੍ਹ, ਕੰਵਰ ਗੜ੍ਹ ਆਦਿ ਵਿਚ ਅਕਸਰ ਖੁਲ੍ਹੇ-ਡੁਲ੍ਹੇ ਫਿਰ ਆਉਂਦੇ ਸਾਂ ਤੇ ਕਦੇ ਕਦੇ ਸਿਵਲ ਲਾਈਨ ਦਾ ਚੱਕਰ ਵੀ ਕਢ ਆਉਂਦੇ ਸਾਂ। ਓਂ ਇਸ

ਵੇਲੇ ਕਿਸੇ ਵੀ ਵਿਅਕਤੀ ਦਾ ਸ਼ਹਿਰ ਤੋਂ ਬਾਹਰ ਜਾਣਾ ਅਸੰਭਵ ਹੋ ਗਿਆ ਸੀ। ਆਲੇ-ਦੁਆਲੇ ਵਿਚ ਕਟ-ਵਢ ਦੇ ਹਾਲਾਤ ਸੁਣ ਕੇ ਇਹ ਸਪੱਸ਼ਟ ਹੋ ਗਿਆ ਸੀ ਕਿ ਹੁਣ ਆਬਾਦੀਆਂ ਦਾ ਤਬਾਦਲਾ ਹੋ ਕੇ ਰਹੇਗਾ, ਪਰ ਬਾਵਾ ਜੀ ਨੇ ਤੇ ਮੈਂ ਫ਼ੈਸਲਾ ਕਰ ਲਿਆ ਕਿ ਅਸੀਂ ਪਿੱਛੇ ਰਹਿੰਦੀ ਹਿੰਦੂ-ਸਿਖ ਵੱਸੋਂ ਦੀ ਸੁਰੱਖਿਆ ਦਾ ਪੂਰਾ ਪ੍ਰਬੰਧ ਕਰਾਂਗੇ ਤੇ ਓਦੋਂ ਤਕ ਸ਼ਹਿਰ ਨਹੀਂ ਛੱਡਾਂਗੇ, ਜਦ ਤਕ ਇਕ ਵੀ ਸਿਖ ਜਾਂ ਹਿੰਦੂ ਸ਼ਹਿਰ ਵਿਚ ਮੌਜੂਦ ਹੈ।

20 ਅਗਸਤ ਨੂੰ ਬਾਊਂਡਰੀ ਫ਼ੋਰਸ ਦੀਆਂ ਕੁਝ ਕੰਪਨੀਆਂ ਮੇਜਰ ਜ਼ੋਰਾ ਸਿੰਘ ਦੀ ਕਮਾਨ ਹੇਠ ਗੁਜਰਾਂਵਾਲੇ ਪਹੁੰਚ ਗਈਆਂ। ਅਸਾਂ ਫ਼ੌਜੀਆਂ ਦੀ ਕਾਫ਼ੀ ਵੱਡੀ ਗਿਣਤੀ ਨੂੰ ਘੰਟਾ ਘਰ ਕੋਲ ਖ਼ਾਲਸਾ ਪ੍ਰਾਇਮਰੀ ਸਕੂਲ ਵਿਚ ਠਹਿਰਾਉਣ ਦਾ ਪ੍ਰਬੰਧ ਕਰ ਲਿਆ। ਇੱਥੇ ਗੁਰਦੁਆਰਾ ਸਿੰਘ ਸਭਾ ਤੇ ਗੁਰਦੁਆਰਾ ਬਾਬਾ ਪਤਾਸਾ ਸਿੰਘ ਵਿਖੇ ਸ਼ਹਿਰ ਵਿਚ ਪਿੱਛੇ ਰਹਿ ਗਏ ਹਿੰਦੂ-ਸਿਖ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਇਨ੍ਹਾਂ ਕੈਂਪਾਂ ਦੀ ਨਿਗਰਾਨੀ ਮੈਂ ਕਰ ਰਿਹਾ ਸਾਂ। ਇਸੇ ਤਰ੍ਹਾਂ ਕਾਫ਼ੀ ਹਿੰਦੂ-ਸਿਖ ਸ਼ਹਿਰ ਵਿਚੋਂ ਆਪਣੇ ਘਰ-ਬਾਰ ਛਡ ਕੇ ਖ਼ਾਲਸਾ ਹਾਈ ਸਕੂਲ, ਖ਼ਾਲਸਾ ਬੋਰਡਿੰਗ ਹਾਊਸ ਤੇ ਗੁਰੂ ਨਾਨਕ ਖ਼ਾਲਸਾ ਕਾਲਜ ਵਿਚ ਰਹਿ ਰਹੇ ਸਨ। ਇਨ੍ਹਾਂ ਕੈਂਪਾਂ ਦੇ ਇਨਚਾਰਜ ਬਾਵਾ ਹਰਕ੍ਰਿਸ਼ਨ ਸਿੰਘ ਜੀ ਸਨ। ਉਹ ਆਪਣੇ ਕੰਵਰ ਗੜ੍ਹ ਵਾਲੇ ਮਕਾਨ ਵਿਚ ਹੀ ਰਹਿ ਰਹੇ ਸਨ। ਗੋਬਿੰਦ ਗੜ੍ਹ ਤੇ ਕੰਵਰ ਗੜ੍ਹ ਵਿਚ ਹੋਰ ਵੀ ਬਹੁਤ ਸਾਰੇ ਸਿਖ ਅਖ਼ੀਰ ਤਕ ਆਪੋ ਆਪਣੇ ਮਕਾਨਾਂ ਵਿਚ ਹੀ ਰਹਿੰਦੇ ਰਹੇ। ਇਨ੍ਹਾਂ ਦੀ ਰਖਵਾਲੀ ਲਈ ਗੁਰੂ ਨਾਨਕ ਖ਼ਾਲਸਾ ਕਾਲਜ ਵਿਚ ਫ਼ੌਜ ਤੈਨਾਤ ਕਰ ਦਿੱਤੀ ਗਈ ਸੀ। ਇਨ੍ਹਾਂ ਸਭ ਕੈਂਪਾਂ ਵਿਚ ਰਿਹਾਇਸ਼ ਤੇ ਖ਼ੁਰਾਕ ਦਾ ਪੂਰਾ ਪੂਰਾ ਪ੍ਰਬੰਧ ਕੀਤਾ ਗਿਆ। ਗਰਮੀਆਂ ਹੋਣ ਕਰਕੇ ਰਿਹਾਇਸ਼ ਕੋਈ ਵੱਡਾ ਮਸਲਾ ਨਹੀਂ ਸੀ, ਕਿਉਂਕਿ ਲੋਕ ਬਾਹਰ ਖੁਲ੍ਹੇ ਵਿਹੜਿਆਂ ਵਿਚ ਵੀ ਸੌਂ ਸਕਦੇ ਸਨ। ਬਹੁਤੇ ਲੋਕ ਰਾਸ਼ਨ ਦਾ ਪ੍ਰਬੰਧ ਆਪੋ ਆਪਣੇ ਘਰਾਂ ਵਿਚੋਂ ਕਰ ਲਿਆਏ ਸਨ। ਪਰ ਕੁਝ ਦਿਨਾਂ ਬਾਅਦ ਪਿੰਡਾਂ ਵਿੱਚੋਂ ਲੋਕ ਉੱਜੜ-ਪੁੱਜੜ ਕੇ ਆਉਣੇ ਸ਼ੁਰੂ ਹੋ ਗਏ। ਇਨ੍ਹਾਂ ਲਈ ਰਾਸ਼ਨ ਦਾ ਪ੍ਰਬੰਧ ਕਰਨਾ ਪਿਆ ਤੇ ਕੀਤਾ ਗਿਆ। ਸਤੰਬਰ ਦੇ ਸ਼ੁਰੂ ਵਿਚ ਪੰਜਾਬ ਸਰਕਾਰ ਦੀ ਹਦਾਇਤ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਨੂੰ ਕਣਕ ਮਿਲਣੀ ਸ਼ੁਰੂ ਹੋ ਗਈ। ਇਸ ਕਣਕ ਨੂੰ ਪਿਸਵਾ ਕੇ ਹਰੇਕ ਪਰਵਾਰ ਨੂੰ ਲੋੜੀਂਦੀ ਮਾਤਰਾ ਵਿਚ ਆਟਾ ਦੇਣ ਦੀ ਜ਼ਿੰਮੇਵਾਰੀ ਅਸਾਂ ਆਪਣੇ ਸਿਰ ਲਈ। ਕੁਝ ਦਿਨ ਸਾਨੂੰ ਦਾਲਾਂ ਦੀ ਥੁੜ੍ਹ ਰਹੀ, ਪਰ ਫਿਰ ਸਾਨੂੰ ਖ਼ਿਆਲ ਆ ਗਿਆ ਕਿ ਗਿਆਨੀ ਹਰਜੀਤ ਸਿੰਘ ਹੋਰਾਂ ਦੇ ਗੁਦਾਮ ਵਿਚ ਕਾਫ਼ੀ ਦਾਲਾਂ ਹੋਣਗੀਆਂ। ਸੋ ਅਸੀਂ ਮਿਲਟਰੀ ਦਾ ਇਕ ਟਰੱਕ ਤੇ ਕੁਝ ਫ਼ੌਜੀ ਨਾਲ ਲਿਜਾ ਕੇ ਮੁਸਲਮਾਨਾਂ ਦੀ ਵਿਰੋਧਤਾ ਦੇ ਬਾਵਜੂਦ 20-25 ਬੋਰੀਆਂ ਦਾਲਾਂ ਉੱਥੋਂ ਲੈ ਆਏ ਤੇ ਲੋੜ ਅਨੁਸਾਰ ਹਰੇਕ ਕੈਂਪ ਵਿਚ ਵੰਡ ਦਿੱਤੀਆਂ।

ਖ਼ਾਲਸਾ ਪ੍ਰਾਇਮਰੀ ਸਕੂਲ ਘੰਟਾ ਘਰ ਵਿਚ ਫ਼ੌਜ ਦਾ ਪ੍ਰਬੰਧ ਬਹੁਤ ਹੀ ਚੰਗਾ ਸੀ ਤੇ ਸਾਨੂੰ ਕਦੇ ਵੀ ਮੁਸਲਮਾਨਾਂ ਵੱਲੋਂ ਕਿਸੇ ਹਮਲੇ ਦਾ ਖ਼ਤਰਾ ਮਹਿਸੂਸ ਨਹੀਂ ਹੋਇਆ-ਸੀ। ਸਿਖ ਫ਼ੌਜੀ ਤਾਂ ਪੁੱਜ ਕੇ ਸਾਡੀ ਮਦਦ ਕਰਦੇ ਸਨ, ਪਰ ਰਾਜਪੂਤ ਤੇ ਡੋਗਰੇ ਵੀ ਮਾੜੇ ਨਹੀਂ ਰਹੇ। ਅਸੀਂ ਵੀ ਵੱਸ ਲਗਦੇ ਫ਼ੌਜੀਆਂ ਨੂੰ ਖ਼ੁਸ਼ ਰੱਖਣ ਦਾ ਜਤਨ ਕਰਦੇ ਸਾਂ ਤੇ ਸਮੇਂ ਸਮੇਂ ਉਨ੍ਹਾਂ ਨੂੰ ਦੁਧ, ਘਿਉ ਤੇ ਬਦਾਮ ਦੇਂਦੇ ਰਹਿੰਦੇ ਸਾਂ। ਇਸ ਤਰ੍ਹਾਂ ਉਹ ਸਾਡੇ ਕਹੇ ਅਨੁਸਾਰ ਆਲੇ-ਦੁਆਲੇ ਵਿਚ ਲਗਾਤਾਰ ਚੱਕਰ ਮਾਰ ਕੇ ਕਿਸੇ ਅਣਸੁਖਾਵੀਂ ਘਟਨਾ ਜਾਂ ਸੰਭਾਵੀ ਖ਼ਤਰੇ ਤੋਂ ਸਾਡਾ ਬਚਾਅ ਕਰਦੇ ਰਹੇ। ਬਾਵਾ ਜੀ ਉਧਰ ਦੇ ਕੈਂਪਾਂ ਤੇ ਗੋਬਿੰਦ ਗੜ੍ਹ ਦੀ ਵੱਸੋਂ ਦਾ ਧਿਆਨ ਰਖਦੇ ਰਹੇ ਤੇ ਉਨ੍ਹਾਂ ਦੀਆਂ ਤਕਲੀਫ਼ਾਂ ਤੇ ਸਮੱਸਿਆਵਾਂ ਦਾ ਸਮਾਧਾਨ ਕਰਦੇ ਰਹੇ। ਮੇਰੇ ਤੇ ਬਾਵਾ ਜੀ ਦੇ ਵਿਚਕਾਰ ਸੰਪਰਕ ਕਾਇਮ ਰੱਖਣ ਲਈ ਚਾਰ ਫ਼ੌਜੀ ਬੰਦੂਕਾਂ ਨਾਲ ਲੈਸ ਹੋ ਕੇ ਜੀਪ ਵਿਚ

ਬਹਿ ਜਾਂਦੇ ਤੇ ਵਿਚਕਾਰ ਮੈਨੂੰ ਬਿਠਾ ਕੇ ਬਾਵਾ ਜੀ ਦੇ ਘਰ ਛਡ ਆਉਂਦੇ। ਤਿੰਨ ਚਾਰ ਘੰਟੇ ਬਾਅਦ ਆ ਕੇ ਇਸੇ ਤਰ੍ਹਾਂ ਵਾਪਸ ਲੈ ਜਾਂਦੇ। ਇਹ ਸਾਰਾ ਸਮਾਂ ਮੈਂ ਬਾਵਾ ਜੀ ਨਾਲ ਕੁਝ ਸਮੱਸਿਆਵਾਂ ਜਾਂ ਭਵਿੱਖ ਬਾਰੇ ਵਿਚਾਰ-ਵਟਾਂਦਰਾ ਕਰਨ ਵਿਚ ਹੀ ਗੁਜ਼ਾਰਦਾ ਸਾਂ। ਬਾਵਾ ਜੀ ਬੜੇ ਸੁਲਝੇ ਹੋਏ ਤੇ ਠਰ੍ਹੰਮੇ ਵਾਲੇ ਵਿਅਕਤੀ ਸਨ। ਉਨ੍ਹਾਂ ਨੇ ਸਾਰੀ ਉਮਰ ਧੜੇਬੰਦੀ ਤੋਂ ਅਲੱਗ ਰਹਿ ਕੇ ਪੰਥ ਦੀ ਨਿਸ਼ਕਾਮ ਸੇਵਾ ਕੀਤੀ ਸੀ। ਨਾ ਕਦੇ ਕਿਸੇ ਸੰਸਥਾ ਦੀ ਚੋਣ ਵਿਚ ਖੜੇ ਹੋਏ ਤੇ ਨਾ ਕਿਸੇ ਪਦਵੀ ਦਾ ਲਾਲਚ ਕੀਤਾ। ਇਸ ਨਿਸ਼ਕਾਮਤਾ ਦੇ ਕਾਰਨ ਉਨ੍ਹਾਂ ਨੂੰ ਅਕਾਲੀ ਦਲ ਦੇ ਸਭ ਧੜਿਆਂ ਦਾ ਵਿਸ਼ਵਾਸ ਪ੍ਰਾਪਤ ਸੀ ਤੇ ਉਹ ਕਈ ਵਾਰੀ ਵਖ ਵਖ ਧੜਿਆਂ ਦੇ ਵਿਚਕਾਰ ਸਾਲਸੀ ਵੀ ਕਰਦੇ ਰਹੇ। ਇਸ ਵੇਲੇ ਪੰਥਕ ਹਿੱਤਾਂ ਦੀ ਰੱਖਿਆ ਲਈ ਜੋ ਬੋਰਡ ਬਣਾਇਆ ਗਿਆ ਸੀ, ਉਸ ਦੇ ਵੀ ਉਹ ਪ੍ਰਧਾਨ ਸਨ, ਇਸ ਲਈ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਉਨ੍ਹਾਂ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕਰਨ ਦੀ ਹਦਾਇਤ ਦਿੱਤੀ ਗਈ ਸੀ। ਮੇਰਾ ਖ਼ਿਆਲ ਹੈ ਕਿ ਹੋਰ ਸ਼ਹਿਰਾਂ ਦੇ ਮੁਕਾਬਲੇ ਗੁਜਰਾਂਵਾਲਾ ਵਿਚ ਜੋ ਅਮਨ-ਅਮਾਨ ਰਿਹਾ, ਉਸ ਵਿਚ ਵੀ ਇਨ੍ਹਾਂ ਹਦਾਇਤਾਂ ਦਾ ਹੱਥ ਸੀ। ਬਾਵਾ ਜੀ ਦੀ ਨੇੜਤਾ ਦੇ ਕਾਰਨ ਮੈਨੂੰ ਉਨ੍ਹਾਂ ਦੀ ਸੂਝ-ਬੂਝ, ਠਰ੍ਹੰਮੇ, ਤੇ ਮਿੱਠਤ ਤੋਂ ਚੋਖਾ ਲਾਭ ਉਠਾਣ ਦਾ ਮੌਕਾ ਮਿਲਿਆ ਤੇ ਮੈਂ ਉਨ੍ਹਾਂ ਦੇ ਮਸ਼ਵਰੇ ਅਨੁਸਾਰ ਹੀ ਕੰਮ ਕਰਦਾ ਰਿਹਾ।

ਇਸ ਵੇਲੇ ਮੁਸਲਮਾਨ ਗੁੰਡਿਆਂ ਵੱਲੋਂ ਸ਼ਹਿਰ ਦੇ ਬਾਹਰਲੇ ਇਲਾਕਿਆਂ—ਆਬਾਦੀ ਹਾਕਮ ਰਾਏ, ਰਾਮ ਬਸਤੀ ਆਦਿ ਵਿਚ, ਜਿਥੋਂ ਲਗ ਪਗ ਸਾਰੇ ਹਿੰਦੂ-ਸਿਖ ਨਿਕਲ ਗਏ ਸਨ, ਲੁੱਟ-ਮਾਰ ਤੇ ਸਾੜ-ਫੂਕ ਦੀਆਂ ਵਾਰਦਾਤਾਂ ਬਹੁਤ ਵਧ ਗਈਆਂ ਸਨ। ਬਾਹਰ ਜਾਣ ਵਾਲਿਆਂ ਦਾ ਖ਼ਿਆਲ ਸੀ ਕਿ ਮਹੀਨੇ-ਡੇਢ ਮਹੀਨੇ ਵਿਚ ਜਦ ਅਮਨ-ਅਮਾਨ ਹੋ ਜਾਇਗਾ, ਤਾਂ ਉਹ ਵਾਪਸ ਆ ਕੇ ਆਪੋ ਆਪਣੇ ਘਰ ਸੰਭਾਲ ਲੈਣਗੇ, ਪਰ ਹੁਣ ਕਿਸੇ ਦੇ ਵਾਪਸ ਆਉਣ ਦਾ ਸੁਆਲ ਹੀ ਖ਼ਤਮ ਹੋ ਗਿਆ ਸੀ। ਸੋ ਇਸ ਲੁੱਟ-ਮਾਰ ਦੀ ਵੱਡੀ ਸੱਟ ਉਨ੍ਹਾਂ ਮੁਸਲਮਾਨ ਸ਼ਰਨਾਰਥੀਆਂ ਉੱਤੇ ਪੈਂਦੀ ਸੀ, ਜੋ ਪੂਰਬੀ ਪੰਜਾਬ ਤੋਂ ਆ ਕੇ ਇੱਥੇ ਵੱਸ ਰਹੇ ਸਨ। ਮੈਂ ਆਪਣੀ ਕੰਨੀਂ ਕਈ ਸ਼ਰਨਾਰਥੀਆਂ ਨੂੰ ਇਧਰ ਦੇ ਮੁਸਲਮਾਨਾਂ ਨੂੰ ਗਾਲ੍ਹਾਂ ਕਢਦੇ ਤੇ ਇਹ ਆਖਦੇ ਸੁਣਿਆ ਸੀ ਕਿ "ਸੂਰ ਖਾਣਿਆਂ ਨੇ ਬੁਹਾਰੀ ਮਾਰ ਕੇ ਸਭ ਕੁਝ ਹੂੰਝ ਲਿਆ ਹੈ ਤੇ ਸਾਡੇ ਵਾਸਤੇ ਕੋਈ ਤਵਾ, ਤੌੜੀ (ਹਾਂਡੀ) ਜਾਂ ਬੁਹਾਰੀ ਤਕ ਨਹੀਂ ਛੱਡੀ, ਤੇ ਹੁਣ ਸਾਨੂੰ ਹਿੰਦੂਆਂ ਤੋਂ ਵੀ ਕੋਈ ਚੀਜ਼ ਖ਼ਰੀਦਣ ਨਹੀਂ ਦੇਂਦੇ।" ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਤਾਂ ਮੁਸਲਮਾਨ ਲੁਟੇਰਿਆਂ ਦੇ ਰਾਹ ਵਿਚ ਕੋਈ ਰੁਕਾਵਟ ਨਹੀਂ ਪਾਂਦੀ ਸੀ, ਪਰ ਫ਼ੌਜੀ ਜਵਾਨ ਕਦੀ ਕਦੀ ਦੋ ਚਾਰ ਨੂੰ ਗੋਲੀਆਂ ਮਾਰ ਦੇਂਦੇ ਤੇ ਇਸ ਤਰ੍ਹਾਂ ਕੁਝ ਡਰ ਬਣਿਆ ਰਹਿੰਦਾ ਸੀ। ਇਸ ਤਰ੍ਹਾਂ 20-25 ਮੁਸਲਮਾਨ ਤਾਂ ਜ਼ਰੂਰ ਮਾਰੇ ਗਏ ਹੋਣਗੇ। ਇਸ ਤੋਂ ਛੁੱਟ ਕਈ ਵਾਰੀ ਉਹ ਲੁੱਟ ਦਾ ਮਾਲ—ਚਾਦਰਾਂ, ਖੇਸ, ਕਪੜੇ ਤੇ ਭਾਂਡੇ ਆਦਿ ਲੁਟੇਰਿਆਂ ਦੇ ਹੀ ਸਿਰਾਂ ਤੇ ਰਖਵਾ ਕੇ ਘੰਟਾ ਘਰ ਲੈ ਆਉਂਦੇ ਤੇ ਸਾਨੂੰ ਸੌਂਪ ਦੇਂਦੇ। ਅਸੀਂ ਇਹ ਮਾਲ ਪਿੰਡਾਂ ਤੋਂ ਉੱਜੜ ਕੇ ਆਏ ਲੋਕਾਂ ਵਿਚ, ਜੋ ਮੂਲੋਂ ਹੀ ਖ਼ਾਲੀ ਹੱਥ ਆਏ ਸਨ, ਵੰਡ ਦੇਂਦੇ ਸਾਂ।

ਕਣਕ ਤਾਂ ਸਾਨੂੰ ਸਰਕਾਰ ਵੱਲੋਂ ਮਿਲ ਰਹੀ ਸੀ, ਪਰ ਇਸ ਨੂੰ ਚੱਕੀ ਤੇ ਲਿਜਾਣ ਤੇ ਵਾਪਸ ਲਿਆਉਣ ਦੀ ਮਜੂਰੀ, ਪਿਸਾਈ, ਫ਼ੌਜੀਆਂ ਨੂੰ ਵਾਧੂ ਰਾਸ਼ਨ ਦੇਣ ਤੇ ਕੁਝ ਹੋਰ ਫੁਟਕਲ ਖ਼ਰਚ ਸਾਨੂੰ ਆਪਣੇ ਕੋਲੋਂ ਕਰਨੇ ਪੈ ਰਹੇ ਸਨ। ਸਤੰਬਰ ਦੇ ਅੱਧ ਵਿਚ ਸ੍ਰੀ ਭੀਮ ਸੈਨ ਸੱਚਰ, ਸ੍ਰੀਮਤੀ ਮ੍ਰਿਦੁੱਲਾ ਸਾਰਾਬਾਈ ਤੇ ਸ. ਬਲਦੇਵ ਸਿੰਘ ਸਾਡੇ ਘੰਟਾ ਘਰ ਵਾਲੇ ਕੈਂਪਾਂ ਵਿਚ ਆਏ ਤੇ ਮੈਨੂੰ ਆਖ ਗਏ ਕਿ ਤੁਸੀਂ ਖ਼ਰਚ ਕਰੀ ਜਾਓ; ਹਿੰਦੁਸਤਾਨ ਆਉਣ ਤੇ ਤੁਹਾਨੂੰ ਇਹ ਰਕਮ ਮਿਲ ਜਾਏਗੀ। ਫ਼ਰਵਰੀ 1948 ਵਿਚ ਹਿੰਦੂ-ਸਿਖ ਸੁਰੱਖਿਆ ਕਮੇਟੀ ਨੇ ਪੰਜਾਬ ਦੇ ਵਜ਼ੀਰ

ਸ. ਸੁਵਰਨ ਸਿੰਘ ਦੀ ਰਾਹੀਂ ਪੂਰੀ ਰਕਮ ਦਾ ਚੈੱਕ ਮੈਨੂੰ ਭੇਜ ਦਿੱਤਾ।

ਪੰਜਾਬ ਦੇ ਦੋ ਟੁਕੜੇ ਹੋਣ ਤੋਂ ਬਾਅਦ ਇਸ ਦੇ ਦੋਹੀਂ ਪਾਸੀਂ ਜੋ ਕੁਝ ਵਾਪਰਿਆ, ਉਹ ਸਾਰੀ ਮਨੁੱਖਤਾ ਉੱਤੇ ਹਮੇਸ਼ਾ ਲਈ ਇਕ ਕਾਲਾ ਧੱਬਾ ਹੈ। ਮਜ਼ਬੀ ਜਨੂੰਨ ਨੇ ਦੋਹੀਂ ਪਾਸੀਂ ਅਨੇਕਾਂ ਬੰਦਿਆਂ ਨੂੰ ਅੰਨ੍ਹਿਆਂ ਕਰ ਦਿੱਤਾ ਸੀ। ਲੁਟ-ਮਾਰ, ਸਾੜ-ਫੂਕ, ਕਟ-ਵਢ, ਇਸਤ੍ਰੀਆਂ ਦੀ ਬੇਪਤੀ ਤੇ ਅਗਵਾ ਦੀਆਂ ਜੋ ਵਾਰਦਾਤਾਂ ਹੋਈਆਂ, ਉਨ੍ਹਾਂ ਦਾ ਬਿਆਨ ਰੌਂਗਟੇ ਖੜੇ ਕਰਨ ਵਾਲਾ ਹੈ। ਅਨੁਮਾਨ ਹੈ ਕਿ ਇਸ ਵਹਿਸ਼ੀਪੁਣੇ ਦੇ ਜੰਗਲੀ ਦੌਰ ਵਿਚ ਦੋਹੀਂ ਪਾਸੀਂ ਅੱਠ ਲਖ ਪੁਰਸ਼ ਤੇ ਇਸਤ੍ਰੀਆਂ, ਜਵਾਨ, ਬੱਚੇ ਤੇ ਬੁੱਢੇ ਬੇਦਰਦੀ ਨਾਲ ਮਾਰੇ ਗਏ ਅਤੇ ਵੀਹ ਪੰਝੀ ਹਜ਼ਾਰ ਜਵਾਨ ਕੁੜੀਆਂ ਅਗਵਾ ਕੀਤੀਆਂ ਗਈਆਂ। ਅਸਾਂ ਇਹਦੀ ਇਕ ਵੰਨਗੀ ਓਦੋਂ ਵੇਖੀ, ਜਦ ਕਾਮੋਕੀ ਸਟੇਸ਼ਨ ਉੱਤੇ ਪਿੰਡ ਦਾਦਨ ਖ਼ਾਂ ਵੱਲੋਂ ਆ ਰਹੀ ਹਿੰਦੂਆਂ ਦੀ ਇਕ ਗੱਡੀ ਉਤੇ ਮੁਸਲਿਮ ਹਜੂਮ ਨੇ ਹਮਲਾ ਕਰ ਦਿੱਤਾ। ਸੈਂਕੜੇ ਸ਼ਰਨਾਰਥੀ ਵੱਢ ਦਿੱਤੇ ਗਏ ਤੇ ਦੋ ਸੌ ਤੋਂ ਵੱਧ ਇਸਤ੍ਰੀਆਂ ਨੂੰ ਅਗ਼ਵਾ ਕਰ ਲਿਆ ਗਿਆ। ਇਸ ਗੱਡੀ ਦੇ ਸੈਂਕੜੇ ਜ਼ਖ਼ਮੀ, ਫ਼ੌਜੀ ਜਵਾਨਾਂ ਨੇ ਗੁਜਰਾਂਵਾਲੇ ਦੇ ਸਿਵਲ ਹਸਪਤਾਲ ਵਿਚ ਲਿਆਂਦੇ, ਜਿੱਥੇ ਸਿਖ ਫ਼ੌਜ ਦੀ ਮਿਲਵਰਤਣ ਨਾਲ ਅਸਾਂ ਉਨ੍ਹਾਂ ਦੇ ਰਸਦ-ਪਾਣੀ, ਲੋੜੀਂਦੇ ਕਪੜਿਆਂ ਤੇ ਹੋਰ ਸੇਵਾ-ਸੰਭਾਲ ਦਾ ਕੰਮ ਕੀਤਾ। ਪੱਛਮੀ ਪੰਜਾਬ ਦੇ ਹੋਰ ਸ਼ਹਿਰਾਂ—ਲਾਹੌਰ, ਰਾਵਲਪਿੰਡੀ, ਸਰਗੋਧਾ, ਸ਼ੇਖ਼ੂਪੁਰਾ ਤੇ ਲਾਇਲਪੁਰ ਵਿਚ ਵੀ ਇਹੋ ਜਿਹੀਆਂ ਅਨੇਕਾਂ ਘਟਨਾਵਾਂ ਹੋਈਆਂ।

ਗੁਜਰਾਂਵਾਲੇ ਵਿਚ ਵੀ ਇਕ ਸੌ ਤੋਂ ਕੁਝ ਵੱਧ ਬੰਦੇ ਮਾਰੇ ਗਏ, ਪਰ ਇੱਥੇ ਜੋ ਕੁਝ ਹੋਇਆ, ਉਹ ਦੂਜੇ ਸ਼ਹਿਰਾਂ ਦੇ ਮੁਕਾਬਲੇ ਵਿਚ 'ਨਹੀਂ' ਦੇ ਬਰਾਬਰ ਸੀ। ਸਭ ਤੋਂ ਵੱਡੀ ਗੱਲ ਇਹ ਕਿ ਇਸ ਸਾਰੇ ਸਮੇਂ ਵਿਚ ਇਕ ਵੀ ਸਮੂਹਕ ਹਮਲਾ ਨਹੀਂ ਹੋਇਆ ; ਸਿਰਫ਼ ਇੱਕਾ-ਦੁੱਕਾ ਹਮਲੇ ਹੋਏ। ਹਾਲਾਤ ਅਖ਼ੀਰ ਤਕ ਸੁਖਾਵੇਂ ਤੇ ਨਾਰਮਲ ਰਹੇ। ਸਭ ਤੋਂ ਪਹਿਲਾਂ ਮੁਰਾਲੀ ਵਾਲਾ ਪਿੰਡ ਤੋਂ ਆਉਂਦਾ ਇਕ ਬੰਦਾ ਮਾਰਿਆ ਗਿਆ। ਕੈਪਟਨ ਗੁਰਬਚਨ ਸਿੰਘ ਉੱਤੇ ਨਿਆਈਂ ਵਿਚ ਛੁਰੇ ਨਾਲ ਹਮਲਾ ਹੋਇਆ ਤੇ ਉਹ ਉੱਥੇ ਹੀ ਢੇਰ ਹੋ ਗਏ। ਸੂਬੇਦਾਰ ਨਰਿੰਦਰ ਸਿੰਘ ਦਾ ਦਾਮਾਦ ਗੁਰਦੁਆਰਾ ਦਮਦਮਾ ਸਾਹਿਬ ਦੇ ਫਾਟਕ ਕੋਲ ਮਾਰਿਆ ਗਿਆ। ਕੁਝ ਦਿਨਾਂ ਬਾਅਦ ਪਿੰਡਾਂ ਤੋਂ ਆਉਂਦੇ ਦੋ ਹੋਰ ਬੰਦਿਆਂ ਦੀ ਹੱਤਿਆ ਕਰ ਦਿੱਤੀ ਗਈ। 9 ਜੂਨ ਨੂੰ ਕ੍ਰਿਸ਼ਨਾ ਨਗਰ ਵਿਚ ਕਿਸੇ ਗੱਲੋਂ ਹਿੰਦੂਆਂ ਤੇ ਮੁਸਲਮਾਨਾਂ ਵਿਚ ਮਾੜੀ ਜਿਹੀ ਝੜਪ ਹੋਈ। ਦੋਹਾਂ ਪਾਸਿਆਂ ਤੋਂ ਇੱਟਾਂ-ਵੱਟੇ ਮਾਰੇ ਗਏ। ਸ਼ਹਿਰ ਦੇ ਇਕ ਉੱਘੇ ਕਾਂਗਰਸੀ ਨੇਤਾ ਨਿਰੰਜਨ ਦਾਸ ਬੱਗਾ ਸਬੱਬ ਨਾਲ ਉੱਥੇ ਪਹੁੰਚ ਗਏ। ਬਚ-ਬਚਾ ਕਰਦਿਆਂ ਉਨ੍ਹਾਂ ਦੇ ਸਿਰ ਵਿਚ ਇਕ ਇੱਟ ਵੱਜੀ ਤੇ ਉਹ ਤੀਜੇ ਦਿਨ ਚਲਾਣਾ ਕਰ ਗਏ। ਇਹ ਇਲਾਕਾ ਸਵੈਮ ਸੇਵਕ ਸੰਘ ਦਾ ਗੜ੍ਹ ਸਮਝਿਆ ਜਾਂਦਾ ਸੀ, ਪਰ ਉਸ ਵੇਲੇ ਉਨ੍ਹਾਂ ਦੀ ਸੂਰਬੀਰਤਾ ਨੇ ਵੀ ਕੁਝ ਨਾ ਸਵਾਰਿਆ, ਸਗੋਂ ਬਾਅਦ ਵਿਚ ਉਨ੍ਹਾਂ ਦੇ ਸਰ ਸੰਘ-ਚਾਲਕ ਅਮੀਰ ਚੰਦ ਚਾਵਲਾ ਨੂੰ ਅਸੀਂ ਬਚਾ ਕੇ ਲਿਆਏ। ਮੇਰਾ ਇਕ ਭਤੀਜਾ (ਮਾਸੀ ਦਾ ਪੋਤਰਾ) ਭਾਈ ਸਰਦਾਰ ਚੰਦ, ਜੋ ਸਥਾਨਿਕ ਗੁਰਦੁਆਰਾ ਕਮੇਟੀ ਦਾ ਮੈਂਬਰ, ਤਕੜਾ ਸਮਾਜ-ਸੇਵਕ ਤੇ ਸਹੀ ਅਰਥਾਂ ਵਿਚ ਸਹਿਜਧਾਰੀ ਸਿਖ ਸੀ, ਮੇਰੇ ਰੋਕਦਿਆਂ ਰੋਕਦਿਆਂ ਅੜੇ ਮੈਥੋਂ ਚੋਰੀ 9 ਅਗਸਤ ਨੂੰ ਆਪਣੀ ਮਾਤਾ ਤੋਂ ਬਗ਼ੈਰ ਸਾਰੇ ਪਰਵਾਰ ਨੂੰ ਨਾਲ ਲੈ ਕੇ ਅੰਮ੍ਰਿਤਸਰ ਚਲਿਆ ਗਿਆ। ਅਕਤੂਬਰ ਵਿਚ ਉਹਨੂੰ ਪਤਾ ਲੱਗਾ ਕਿ ਗੁਜਰਾਂਵਾਲੇ ਵਿਚ ਹਾਲਾਤ ਬਹੁਤ ਸੁਖਾਵੇਂ ਹਨ। ਸੋ 15 ਅਕਤੂਬਰ ਦੇ ਲਾਗੇ-ਚਾਗੇ ਇਕ ਫ਼ੌਜੀ ਟਰੱਕ ਵਿਚ ਬਹਿ ਕੇ ਉਹ ਵਾਪਸ ਗੁਜਰਾਂਵਾਲੇ ਆਇਆ, ਤਾਂ ਜੁ ਆਪਣੀ ਮਾਤਾ ਨੂੰ ਤੇ ਕੁਝ ਸਾਮਾਨ ਉਧਰ ਲੈ ਜਾਵੇ। ਉਹ ਦੁਸਹਿਰਾ ਗਰਾਊਂਡ ਵਿਚ ਮਿਲਟਰੀ ਦੇ ਟਰੱਕ ਵਿਚੋਂ ਉਤਰਿਆ ਤੇ ਇਕੱਲਾ ਪੈਦਲ ਹੀ ਸ਼ਹਿਰ

ਵੱਲ ਤੁਰ ਪਿਆ। ਰਾਹ ਵਿਚ ਗੌਰਮਿੰਟ ਹਾਈ ਸਕੂਲ ਦੇ ਕੋਲ ਉਹ ਕਿਸੇ ਹੈਂਸਿਆਰੇ ਦੇ ਛੁਰੇ ਦਾ ਸ਼ਿਕਾਰ ਹੋ ਗਿਆ। ਅਕਤੂਬਰ ਦੇ ਸ਼ੁਰੂ ਵਿਚ ਸਾਡੇ ਕੋਲ ਪੋਠੋਹਾਰ ਦੇ ਵਾਹ ਕੈਂਪ ਵਿਚੋਂ 700 ਰੀਫ਼ੀਊਜੀਆਂ ਨਾਲ ਭਰੀ ਹੋਈ ਇਕ ਗੱਡੀ ਆਈ। ਇਨ੍ਹਾਂ ਨੂੰ ਅਸਾਂ ਖ਼ਾਲਸਾ ਹਾਈ ਸਕੂਲ ਵਿਚ ਠਹਿਰਾਇਆ। ਇਹ ਸ਼ਹਿਰ ਤੋਂ ਅਣਜਾਣ ਬੰਦੇ ਕਈ ਵਾਰੀ ਸਕੂਲ ਤੋਂ ਬਹੁਤ ਦੂਰ ਖੁਲ੍ਹੇ ਮੈਦਾਨ ਵਿਚ ਜੰਗਲ-ਪਾਣੀ ਲਈ ਚਲੇ ਜਾਂਦੇ ਸਨ। ਇਨ੍ਹਾਂ ਵਿਚੋਂ ਵੀ ਸਤ ਬੰਦੇ ਇੱਕਾ-ਦੁੱਕਾ ਘਟਨਾਵਾਂ ਵਿਚ ਮਾਰੇ ਗਏ।

ਪਰ ਅਖ਼ੀਰ ਇਸ ਸ਼ਾਂਤ ਤੇ ਅਮਨ-ਭਰੇ ਵਾਤਾਵਰਨ ਨੂੰ ਇਕ ਵੱਡੀ ਦੁਰਘਟਨਾ ਨੇ ਵਿਗਾੜ ਕੇ ਰਖ ਦਿੱਤਾ। ਰਾਮ ਬਸਤੀ ਵਿਚ ਇਕ ਡਾਕਟਰ ਤੇਜ ਭਾਨ ਰਹਿੰਦੇ ਸਨ। ਉਨ੍ਹਾਂ ਦੇ ਮਕਾਨ ਉੱਤੇ ਕੁਝ ਸ਼ਰਾਰਤੀ ਮੁਸਲਮਾਨਾਂ ਨੇ ਹਮਲਾ ਕੀਤਾ। ਉਨ੍ਹਾਂ ਦਾ ਮਨੋਰਥ ਤਾਂ ਲੁਟ-ਮਾਰ ਕਰਨਾ ਹੀ ਹੋਵੇਗਾ, ਪਰ ਡਾਕਟਰ ਸਾਹਿਬ ਦੇ ਲੜਕੇ ਨੇ ਘਬਰਾ ਕੇ ਗੋਲੀ ਚਲਾ ਦਿੱਤੀ। ਇਸ ਨਾਲ ਕੋਈ ਜ਼ਖ਼ਮੀ ਹੋਇਆ ਜਾਂ ਨਹੀਂ, ਪਰ ਭੀੜ ਭੜਕ ਉੱਠੀ। ਇਸ ਤੋਂ ਪਹਿਲਾਂ ਕਿ ਪੁਲਿਸ ਉੱਥੇ ਪਹੁੰਚਦੀ, ਉਤੇਜਿਤ ਹਜੂਮ ਨੇ ਘਰ ਦੇ ਤੇਰ੍ਹਾਂ ਦੇ ਤੇਰ੍ਹਾਂ ਜੀਅ ਕਤਲ ਕਰ ਦਿੱਤੇ। ਇਸ ਪਰਵਾਰ ਦੀ ਕੇਵਲ ਇਕ ਲੜਕੀ ਬਚੀ, ਜੋ ਕਿਸੇ ਹੋਰ ਘਰ ਗਈ ਹੋਈ ਸੀ।

ਸ਼ਹਿਰ ਗੁਜਰਾਂਵਾਲੇ ਦੇ ਜਿਹੜੇ ਬੰਦੇ ਅੰਮ੍ਰਿਤਸਰ ਜਾਂ ਇਸ ਤੋਂ ਅੱਗੇ ਚਲੇ ਗਏ ਸਨ, ਉਹ ਤਾਂ ਸੁਰੱਖਿਅਤ ਹੋ ਗਏ ਸਨ, ਪਰ ਕੁਝ ਬੰਦੇ ਅਜਿਹੇ ਵੀ ਸਨ, ਜੋ ਗੁਜਰਾਂਵਾਲੇ ਨਾਲੋਂ ਜ਼ਿਲ੍ਹੇ ਦੇ ਪਿੰਡਾਂ ਜਾਂ ਸ਼ੇਖ਼ੂਪੁਰਾ ਆਦਿ ਸ਼ਹਿਰਾਂ ਨੂੰ ਵਧੇਰੇ ਸੁਰੱਖਿਅਤ ਸਮਝ ਕੇ ਉੱਥੇ ਚਲੇ ਗਏ ਸਨ। ਇਨ੍ਹਾਂ ਸਾਰਿਆਂ ਨੂੰ ਹੀ ਬਹੁਤ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਤੇ ਇਨ੍ਹਾਂ ਵਿਚੋਂ ਕੁਝ ਮਾਰੇ ਵੀ ਗਏ। ਘੰਟਾ ਘਰ ਦੇ ਬਿਲਕੁਲ ਨਾਲ ਬਾਬੂ ਰਾਮ ਲਾਲ ਵਕੀਲ ਰਹਿੰਦੇ ਸਨ। ਉਹ ਆਪਣੇ ਪਿੰਡ ਕੋਟ ਭਵਾਨੀ ਦਾਸ ਚਲੇ ਗਏ ਸਨ। ਪਿੰਡ ਵਿਚ ਉਨ੍ਹਾਂ ਦੇ ਘਰ ਉੱਤੇ ਹਮਲਾ ਹੋਇਆ , ਤਾਂ ਉਨ੍ਹਾਂ ਨੇ ਗੋਲੀ ਚਲਾ ਦਿੱਤੀ। ਫਿਰ ਸਿਰ-ਮੂੰਹ ਵਲ੍ਹੇਟ ਤੇ ਲੁਕ-ਛਿਪ ਕੇ ਗੁਜਰਾਂਵਾਲੇ ਪੁੱਜੇ। ਪੁਲਿਸ ਉਨ੍ਹਾਂ ਦਾ ਪਿੱਛਾ ਕਰਦੀ ਗੁਜਰਾਂਵਾਲੇ ਪਹੁੰਚ ਗਈ। ਪਰ ਅਸਾਂ ਉਨ੍ਹਾਂ ਨੂੰ ਉਸੇ ਦਿਨ ਪਰਵਾਰ ਸਮੇਤ ਟਰੱਕ ਵਿਚ ਬਿਠਾ ਕੇ ਹਿੰਦੁਸਤਾਨ ਭੇਜ ਦਿੱਤਾ ਸੀ। ਇੱਸੇ ਤਰ੍ਹਾਂ ਅਮਰ ਸਿੰਘ ਸਰਾਫ਼ ਪਰਵਾਰ ਸਮੇਤ ਐਮਨਾਬਾਦ ਦੇ ਨੇੜੇ ਆਪਣੇ ਪਿੰਡ ਚਲਿਆ ਗਿਆ ਸੀ। ਉੱਥੇ ਉਨ੍ਹਾਂ ਸਭਨਾਂ ਨੂੰ ਮੁਸਲਮਾਨ ਬਣਾ ਲਿਆ ਗਿਆ। ਉਹ ਕੋਈ ਇਕ ਮਹੀਨੇ ਬਾਅਦ ਲੁਕਦਾ ਛਿਪਦਾ ਸ਼ਹਿਰ ਪੁੱਜਾ। ਸਿਰ-ਮੂੰਹ ਮੁਨਿਆ ਹੋਇਆ, ਮੇਰੇ ਕੋਲ ਆ ਕੇ ਰੋਣ ਲਗ ਪਿਆ। ਸਿਵਾਣਿਆ ਹੀ ਨਹੀਂ ਸੀ ਜਾਂਦਾ। ਉਹਦੀ ਦਰਦ-ਭਰੀ ਵਿਥਿਆ ਸੁਣ ਕੇ ਮੈਂ ਫ਼ੌਜੀਆਂ ਨੂੰ ਉਹਦੀ ਮਦਦ ਲਈ ਆਖਿਆ, ਤਾਂ ਦੋ ਬੰਦੂਕ-ਧਾਰੀ ਫ਼ੌਜੀ ਜੀਪ ਉੱਤੇ ਉਹਦੇ ਨਾਲ ਗਏ ਅਤੇ ਉਸ ਦਾ ਪਰਵਾਰ ਤੇ ਕੀਮਤੀ ਸਾਮਾਨ ਜਿਸ ਵਿਚ ਇਕ ਸੌ ਤੋਲਾ ਸੋਨਾ ਵੀ ਸੀ, ਸੁਰੱਖਿਅਤ ਲੈ ਆਏ। ਕੁਝ ਬੰਦੇ ਸ਼ੇਖ਼ੂਪੁਰੇ ਚਲੇ ਗਏ ਸਨ। ਉੱਥੇ 24 ਤੇ 25 ਅਗਸਤ ਨੂੰ ਯੋਜਨਾ-ਬੱਧ ਤਰੀਕੇ ਨਾਲ ਹਿੰਦੂਆਂ-ਸਿੱਖਾਂ ਉੱਤੇ ਹਮਲੇ ਕੀਤੇ ਗਏ। ਪੁਲਿਸ ਵੀ ਧਾੜਵੀਆਂ ਦੇ ਨਾਲ ਸ਼ਾਮਲ ਸੀ। ਇੱਥੇ ਇਕ ਹਜ਼ਾਰ ਤੋਂ ਵਧ ਆਦਮੀ ਮਾਰੇ ਗਏ ਤੇ ਹਜ਼ਾਰਾਂ ਲੁੱਟੇ ਗਏ। ਬਾਹਰੋਂ ਗਿਆਂ ਨੂੰ ਵਿਸ਼ੇਸ਼ ਕਰਕੇ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਸ਼ਹਿਰ ਗੁਜਰਾਂਵਾਲੇ ਤੋਂ ਚਾਰ ਪੰਜ ਮੀਲ ਦੂਰ ਇਕ ਮਸ਼ਹੂਰ ਪਿੰਡ ਕੋਟ ਸ਼ੇਰਾ ਸੀ। ਇੱਥੇ ਆਲੇ-ਦੁਆਲੇ ਦੇ ਪਿੰਡਾਂ ਫਿੱਲੋਕੀ ਆਦਿ ਤੋਂ ਲਗ ਪਗ ਦਸ ਹਜ਼ਾਰ ਆਦਮੀ ਇਕੱਠੇ ਹੋ ਗਏ। ਇਹ ਸਾਰੇ ਬੜੇ ਧਨਵਾਨ ਤੇ ਰਸੂਖ਼ ਵਾਲੇ ਆਦਮੀ ਸਨ ਅਤੇ ਇਨ੍ਹਾਂ ਕੋਲ ਕਾਫ਼ੀ ਗਿਣਤੀ ਵਿਚ ਲਾਇਸੰਸੀ ਹਥਿਆਰ, ਬੰਦੂਕਾਂ ਤੇ ਪਿਸਤੌਲ ਆਦਿ ਸਨ। ਕਿਸੇ ਨਹਿਸ਼ ਘੜੀ ਇਨ੍ਹਾਂ ਨੇ ਫ਼ੈਸਲਾ ਕੀਤਾ ਕਿ ਉਹ ਵਹੀਰ ਦੀ ਸ਼ਕਲ ਵਿਚ ਗੁਰਦੁਆਰਾ

ਖਰਾ ਸੌਦਾ ਚੂਹੜਕਾਨਾ ਵੱਲ ਜਾਣਗੇ। ਆਪਣੀ ਗਿਣਤੀ ਤੇ ਹਥਿਆਰਾਂ ਦੇ ਮਾਣ ਵਿਚ ਉਹ ਭੁਲ ਗਏ ਕਿ ਆਪਣੇ ਤੋਂ ਦਸ ਗੁਣਾ ਵਧ ਧਾੜਵੀਆਂ ਦਾ ਮੁਕਾਬਲਾ ਕਰਨਾ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ, ਜਦ ਕਿ ਜ਼ਿਲ੍ਹੇ ਦੀ ਪੁਲਿਸ ਤੇ ਕਿਤੇ ਕਿਤੇ ਫ਼ੌਜ ਵੀ ਧਾੜਵੀਆਂ ਦੇ ਨਾਲ ਸ਼ਾਮਲ ਹੋ ਜਾਂਦੀ ਸੀ। ਕੋਟ ਸ਼ੇਰਾ ਤੇ ਚੂਹੜ-ਕਾਣੇ ਦੇ ਵਿਚਕਾਰ ਫ਼ਾਸਲਾ ਬਹੁਤ ਜ਼ਿਆਦਾ ਸੀ ਤੇ ਉੱਥੇ ਸੁਰੱਖਿਅਤ ਪਹੁੰਚਣਾ ਅਸੰਭਵ ਸੀ, ਜਦ ਕਿ ਇਸਤ੍ਰੀਆਂ ਤੇ ਬੱਚੇ ਵੀ ਉਨ੍ਹਾਂ ਦੇ ਨਾਲ ਸਨ। ਅਜੇ ਉਹ ਤਿੰਨ ਚਾਰ ਮੀਲ ਹੀ ਤੁਰੇ ਹੋਣਗੇ ਕਿ ਇਕ ਭਾਰੀ ਹਜੂਮ ਨੇ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ। ਕੋਈ ਪੰਜ ਸੌ ਦੇ ਕਰੀਬ ਇਸਤ੍ਰੀਆਂ, ਬੱਚੇ ਤੇ ਆਦਮੀ ਮਾਰੇ ਗਏ ਅਤੇ ਲੱਖਾਂ ਰੁਪਏ ਦਾ ਮਾਲ ਲੁੱਟਿਆ ਗਿਆ। ਜੇ ਇਹ ਵਹੀਰ ਚੂਹੜਕਾਣੇ ਦੀ ਥਾਂ ਗੁਜਰਾਂਵਾਲੇ ਆਉਣ ਦਾ ਫ਼ੈਸਲਾ ਕਰਦਾ ਤਾਂ ਇਸ ਵੱਡੀ ਦੁਰਘਟਨਾ ਤੋਂ ਬੱਚਿਆ ਜਾ ਸਕਦਾ ਸੀ। ਉਹ ਟੈਲੀਫ਼ੋਨ ਕਰ ਕੇ ਜਾਂ ਬੰਦਾ ਭੇਜ ਕੇ ਆਪਣੀ ਰੱਖਿਆ ਲਈ ਫ਼ੌਜ ਨੂੰ ਵੀ ਬੁਲਾ ਸਕਦੇ ਸਨ।

ਗੁਜਰਾਂਵਾਲੇ ਵਿਚ ਦੂਜੇ ਸ਼ਹਿਰਾਂ ਦੇ ਮੁਕਾਬਲੇ ਸ਼ਾਂਤੀ ਰਹਿਣ ਦਾ ਵੱਡਾ ਕਾਰਨ ਤਾਂ ਚੌਧਰੀ ਸੁੰਦਰ ਦਾਸ ਮਿੱਢਾ ਸਨ, ਜੋ 3 ਅਗਸਤ ਤਕ ਉੱਥੇ ਡਿਪਟੀ ਕਮਿਸ਼ਨਰ ਰਹੇ ਸਨ। ਸਾਡਾ ਸਿੱਖਾਂ ਦਾ ਮਨੋ-ਬਲ ਤੇ ਹੌਸਲਾ ਵੀ ਅਖ਼ੀਰ ਤਕ ਕਾਇਮ ਰਿਹਾ ਅਤੇ ਜਦ ਘੰਟਾ ਘਰ ਕੋਲ ਖ਼ਾਲਸਾ ਪ੍ਰਾਇਮਰੀ ਸਕੂਲ ਵਿਚ ਕਾਫ਼ੀ ਗਿਣਤੀ ਵਿਚ ਫ਼ੌਜ ਆ ਗਈ, ਤਾਂ ਸਾਡੇ ਹੌਂਸਲੇ ਹੋਰ ਵੀ ਵਧ ਗਏ। ਪਰ ਇਹ ਅਨਿਆਂ ਵਾਲੀ ਗੱਲ ਹੋਵੇਗੀ, ਜੇ ਇੱਥੇ ਮੈਂ ਇਹ ਜ਼ਿਕਰ ਨਾ ਕਰਾਂ ਕਿ ਸ਼ਹਿਰ ਦੇ ਥਾਣੇਦਾਰ ਦੀ ਚੌਕਸੀ ਤੇ ਹਮਦਰਦੀ ਤੋਂ ਬਿਨਾਂ ਇੰਨਾ ਸ਼ਾਂਤ ਵਾਤਾਵਰਣ ਕਿਸੇ ਤਰ੍ਹਾਂ ਵੀ ਬਣਿਆ ਨਹੀਂ ਰਹਿ ਸਕਦਾ ਸੀ। ਸਹੀ ਗੱਲ ਤਾਂ ਇਹ ਹੈ ਕਿ ਉਸ ਮਜ਼੍ਹਬੀ ਜਨੂੰਨ ਦੇ ਹੜ੍ਹ ਵਿਚ ਦੋਹਾਂ ਪਾਸੇ ਕੁਝ ਅਜਿਹੇ ਨੇਕ, ਸ਼ਰੀਫ਼ ਤੇ ਖ਼ੁਦਾ-ਤਰਸ ਇਨਸਾਨ ਸਨ, ਜਿਨ੍ਹਾਂ ਨੇ ਆਪਣਾ ਸੰਤੁਲਨ ਕਾਇਮ ਰੱਖਿਆ ਤੇ ਆਪਣੀਆਂ ਜਾਨਾਂ ਨੂੰ ਖ਼ਤਰੇ ਵਿਚ ਪਾ ਕੇ ਵੀ ਆਪਣੇ ਬੇਬਸ ਗਵਾਂਢੀਆਂ ਨੂੰ ਆਪਣੇ ਘਰਾਂ ਵਿਚ ਸ਼ਰਨ ਦਿੱਤੀ, ਜਾਂ ਕਿਸੇ ਮਾਸੂਮ ਲੜਕੀ ਦੀ ਇੱਜ਼ਤ ਬਚਾਈ ਜਾਂ ਸਾਰੇ ਦੇ ਸਾਰੇ ਪਿੰਡ ਨੂੰ ਸੁਰੱਖਿਅਤ ਕੈਂਪਾਂ ਵਿਚ ਪਹੁੰਚਾਇਆ। ਮੈਂ ਆਪਣੇ ਸ਼ਹਿਰ ਦੇ ਥਾਣੇਦਾਰ ਨੂੰ ਅਜਿਹੇ ਨੇਕ ਤੇ ਖ਼ੁਦਾ ਦਾ ਖ਼ੌਫ਼ ਰੱਖਣ ਵਾਲੇ ਇਨਸਾਨਾਂ ਵਿਚ ਗਿਣਦਾ ਹਾਂ। ਮਿੱਢਾ ਸਾਹਿਬ ਦੇ ਸ਼ਹਿਰ ਵਿਚੋਂ ਚਲੇ ਜਾਣ ਬਾਅਦ ਵੀ ਸਾਡੇ ਸ਼ਹਿਰ ਵਿਚ ਅਗਵਾ ਜਾਂ ਇਸਤ੍ਰੀਆਂ ਦੀ ਬੇਪਤੀ ਦੀ ਕੋਈ ਘਟਨਾ ਨਹੀਂ ਵਾਪਰੀ। ਪਾਕਿਸਤਾਨ ਦਾ ਐਲਾਨ ਹੋ ਜਾਣ ਤੋਂ ਬਾਅਦ ਅਸੀਂ ਲਗ ਪਗ ਤਿੰਨ ਮਹੀਨੇ ਗੁਜਰਾਂਵਾਲੇ ਰਹੇ। ਇਸ ਸਾਰੇ ਸਮੇਂ ਵਿਚ ਮੈਨੂੰ ਉਨ੍ਹਾਂ ਵੱਲੋਂ ਹਰ ਤਰ੍ਹਾਂ ਦੀ ਮਦਦ ਤੇ ਮਿਲਵਰਤਣ ਮਿਲਦਾ ਰਿਹਾ। ਘੰਟਾ ਘਰ ਦੇ ਕੋਲ ਹੀ ਪੁਲਿਸ ਦੀ ਇਕ ਚੌਂਕੀ ਸੀ, ਜਿੱਥੇ ਟੈਲੀਫ਼ੋਨ ਵੀ ਲੱਗਾ ਹੋਇਆ ਸੀ। ਜਿਸ ਵੇਲੇ ਵੀ ਸਾਨੂੰ ਕੋਈ ਔਕੜ ਪੇਸ਼ ਆਉਂਦੀ, ਮੈਂ ਉਨ੍ਹਾਂ ਨੂੰ ਟੈਲੀਫ਼ੋਨ ਤੇ ਦੱਸ ਦੇਂਦਾ ਅਤੇ ਆਮ ਤੌਰ ਤੇ ਉਹ ਸਾਡੀ ਔਕੜ ਦੂਰ ਕਰ ਦੇਂਦੇ। ਇਸ ਤਰ੍ਹਾਂ ਅਖ਼ੀਰ ਤਕ ਮੇਰਾ ਸੰਪਰਕ ਉਨ੍ਹਾਂ ਨਾਲ ਬਣਿਆ ਰਿਹਾ। ਸਾਡੇ ਜਿਹੜੇ ਬੰਦੇ ਆਬਾਦੀ ਬੂਟਾ ਸਿੰਘ ਜਾਂ ਘੰਟਾ ਘਰ ਦੇ ਆਲੇ-ਦੁਆਲੇ ਵਸਦੇ ਘਰਾਂ ਵਿਚ ਰਹਿ ਰਹੇ ਸਨ, ਉਹ ਆਪਣਾ ਭਾਰਾ ਸਾਮਾਨ ਵੱਡੇ ਸੰਦੂਕ ਜਾਂ ਪਲੰਘ ਤੇ ਫ਼ਰਨੀਚਰ ਆਦਿ ਪੂਰਬੀ ਪੰਜਾਬ ਤੋਂ ਆਏ ਸ਼ਰਨਾਰਥੀਆਂ ਕੋਲ ਕੌਡਾਂ ਦੇ ਭਾਅ ਵੇਚ ਦੇਣਾ ਚਾਹੁੰਦੇ ਸਨ। ਇਸ ਵਿਚ ਦੋਹਾਂ ਧਿਰਾਂ ਦਾ ਫ਼ਾਇਦਾ ਸੀ। ਪਰ ਸਥਾਨਿਕ ਮੁਸਲਮਾਨ ਉਨ੍ਹਾਂ ਦੇ ਰਾਹ ਵਿਚ ਰੁਕਾਵਟ ਪਾਂਦੇ ਸਨ ਤੇ ਕਹਿੰਦੇ ਸਨ ਕਿ ਆਖ਼ਰ ਇਹ ਮਾਲ ਇੱਥੇ ਹੀ ਪਿਆ ਰਹਿਣਾ ਹੈ, ਤੁਸੀਂ ਕਾਫ਼ਰਾਂ ਨੂੰ ਪੈਸੇ ਕਿਉਂ ਖਟਾਂਦੇ ਹੋ ? ਗੁਰਦੁਆਰਾ ਬਾਬਾ ਪਤਾਸਾ ਸਿੰਘ ਦੇ ਹਾਲ ਵਿਚ ਇਕ ਦੁਕਾਨਦਾਰ ਭਾਈ ਵੀਰ ਸਿੰਘ ਦੀਆਂ ਦੋ ਸੌ ਮਣ ਬੁਹਾਰੀਆਂ ਪਈਆਂ ਸਨ। ਇਕ ਸ਼ਰਨਾਰਥੀ ਨਾਲ ਉਨ੍ਹਾਂ ਦਾ ਅਠ ਰੁਪਏ ਮਣ ਦੇ ਹਿਸਾਬ ਸੌਦਾ ਹੋ ਗਿਆ। ਉਸ

ਨੇ ਸਾਰੀ ਰਕਮ ਤਾਰ ਦਿੱਤੀ ਤੇ ਤਿੰਨ ਚਾਰ ਰੇੜ੍ਹੇ ਭਰਾ ਕੇ ਪਹਿਲਾ ਫੇਰਾ ਲੈ ਗਿਆ। ਕੁਝ ਸਥਾਨਿਕ ਮੁਸਲਮਾਨਾਂ ਨੇ ਉਸ ਨੂੰ ਰਾਹ ਵਿਚੋਂ ਹੀ ਮੋੜ ਦਿੱਤਾ ਕਿ ਮਾਲ ਵਾਪਸ ਕਰ ਕੇ ਆਓ। ਜਦ ਉਸ ਨੇ ਵਾਪਸ ਆ ਕੇ ਸਾਰੀ ਗੱਲ ਦੱਸੀ, ਤਾਂ ਮੈਂ ਥਾਣੇਦਾਰ ਸਾਹਿਬ ਨੂੰ ਟੈਲੀਫ਼ੋਨ ਤੇ ਮਦਦ ਕਰਨ ਲਈ ਆਖਿਆ। ਉਨ੍ਹਾਂ ਨੇ ਕਿਹਾ ਕਿ ਉਸ ਬੰਦੇ ਨੂੰ ਮੇਰੇ ਕੋਲ ਭੇਜ ਦਿਓ। ਉਨ੍ਹਾਂ ਨੇ ਉਸ ਸ਼ਰਨਾਰਥੀ ਦੇ ਨਾਲ ਇਕ ਸਿਪਾਹੀ ਭੇਜ ਦਿੱਤਾ ਤੇ ਉਸ ਦਾ ਸਾਰਾ ਮਾਲ ਉਹਦੇ ਘਰ ਪਹੁੰਚ ਗਿਆ। ਇਸ਼ ਨਾਲ ਸਾਰਿਆਂ ਵਾਸਤੇ ਮਾਲ ਵੇਚਣ ਦਾ ਰਾਹ ਖੁਲ੍ਹ ਗਿਆ ਅਤੇ ਗੋਬਿੰਦ ਗੜ੍ਹ ਤੇ ਕੰਵਰ ਗੜ੍ਹ ਵਿਚ ਰਹਿ ਰਹੇ ਸਾਡੇ ਬੰਦਿਆਂ ਨੇ ਇਸ ਦਾ ਪੂਰਾ ਪੂਰਾ ਫ਼ਾਇਦਾ ਉਠਾਇਆ। ਇਸੇ ਤਰ੍ਹਾਂ ਸਿਪਾਹੀ ਨਾਲ ਭੇਜ ਕੇ ਉਨ੍ਹਾਂ ਨੇ ਕਈਆਂ ਦੇ ਘਰੋਂ ਉਨ੍ਹਾਂ ਦਾ ਮਾਲ ਵੀ ਕਢਵਾ ਦਿੱਤਾ। ਪਿੰਡਾਂ ਵਿੱਚੋਂ ਆਏ ਕੁਝ ਅਜਿਹੇ ਸ਼ਾਹੂਕਾਰ ਵੀ ਸਾਡੇ ਕੈਂਪ ਵਿਚ ਰਹਿ ਰਹੇ ਸਨ, ਜਿਨ੍ਹਾਂ ਕੋਲ ਮੁਸਲਮਾਨਾਂ ਨੇ ਸੋਨੇ-ਚਾਂਦੀ ਦੇ ਜ਼ੇਵਰ ਗਹਿਣੇ ਪਾਏ ਹੋਏ ਸਨ। ਜ਼ੇਵਰਾਂ ਦਾ ਮੁੱਲ ਆਮ ਤੌਰ ਤੇ ਦਿੱਤੀ ਰਕਮ ਨਾਲੋਂ ਬਹੁਤ ਜ਼ਿਆਦਾ ਹੁੰਦਾ ਹੈ, ਇਸ ਲਈ ਕਈ ਮੁਸਲਮਾਨ ਆਪਣੇ ਜ਼ੇਵਰ ਵਾਪਸ ਲੈਣ ਲਈ ਆਪਣੇ ਥਾਣੇ ਦੇ ਕਿਸੇ ਸਿਪਾਹੀ ਨੂੰ ਨਾਲ ਲੈ ਕੇ ਸਾਡੇ ਕੈਂਪ ਵਿਚ ਆ ਜਾਂਦੇ ਸਨ। ਉਨ੍ਹਾਂ ਦੀ ਸਾਨੂੰ ਪਰਵਾਹ ਨਹੀਂ ਹੁੰਦੀ ਸੀ ਤੇ ਸ਼ਹਿਰ ਦੀ ਪੁਲਸ ਇਸ ਮਾਮਲੇ ਵਿਚ ਉਨ੍ਹਾਂ ਦੀ ਕੋਈ ਮਦਦ ਨਹੀਂ ਕਰਦੀ ਸੀ। ਅਸੀਂ ਮੁਸਲਮਾਨਾਂ ਦੇ ਕਹਿਣ ਉੱਤੇ ਉੱਚੀ ਉੱਚੀ ਐਲਾਨ ਕਰ ਦੇਂਦੇ ਕਿ ਅਮਕੇ ਪਿੰਡ ਦਾ ਫ਼ਲਾਣਾ ਆਦਮੀ ਕੈਂਪ ਵਿਚ ਹੈ, ਤਾਂ ਬਾਹਰ ਆ ਜਾਏ। ਬਾਅਦ ਵਿਚ ਉਨ੍ਹਾਂ ਨੂੰ ਆਖ ਦੇਂਦੇ ਕਿ ਇੱਥੇ ਪੰਜ ਕੈਂਪ ਹਨ। ਪਤਾ ਨਹੀਂ, ਕੌਣ ਕਿੱਥੇ ਰਹਿ ਰਿਹਾ ਹੈ ਤੇ ਇਹ ਵੀ ਪਤਾ ਨਹੀਂ ਕਿ ਇੱਥੇ ਹੀ ਹੈ ਜਾਂ ਹਿੰਦੁਸਤਾਨ ਚਲਾ ਗਿਆ ਹੈ। ਇਸ ਤਰ੍ਹਾਂ ਸ਼ਹਿਰ ਦੇ ਥਾਣੇ ਵੱਲੋਂ ਅਸਿੱਧੇ ਤੌਰ ਤੇ ਸਾਨੂੰ ਮਿਲਵਰਤਣ ਮਿਲਦੀ ਰਹੀ।

ਹੁਣ ਆਬਾਦੀਆਂ ਦੇ ਤਬਾਦਲੇ ਦਾ ਪੱਕਾ ਫ਼ੈਸਲਾ ਹੋ ਗਿਆ ਸੀ। 28 ਅਗਸਤ ਤੋਂ ਹਿੰਦੂਆਂ-ਸਿੱਖਾਂ ਨੂੰ ਹਿੰਦੁਸਤਾਨ ਭੇਜਣ ਲਈ ਸਾਨੂੰ ਮਿਲਟਰੀ ਦੇ ਟਰੱਕ ਮਿਲਣੇ ਸ਼ੁਰੂ ਹੋ ਗਏ। ਅਸਾਂ ਫ਼ੈਸਲਾ ਕੀਤਾ ਕਿ ਹਰੇਕ ਟਰੱਕ ਵਿਚ ਲਗ ਪਗ 20–25 ਆਦਮੀ ਭੇਜੇ ਜਾਣਗੇ ਤੇ ਹਰੇਕ ਪਰਵਾਰ ਆਪਣੇ ਨਾਲ ਦੋ-ਦੋ, ਤਿੰਨ-ਤਿੰਨ ਨਗ ਲਿਜਾ ਸਕੇਗਾ। ਸੋ ਬਹੁਤੇ ਕਾਹਲਿਆਂ ਨੂੰ ਤੇ ਵਿਸ਼ੇਸ਼ ਕਰਕੇ ਪਿੰਡਾਂ ਵਿੱਚੋਂ ਆਏ ਪਰਵਾਰਾਂ ਨੂੰ, ਜਿਨ੍ਹਾਂ ਦੇ ਕੋਲ ਬਹੁਤਾ ਸਾਮਾਨ ਹੈ ਹੀ ਨਹੀਂ ਸੀ, ਪਹਿਲਾਂ ਭੇਜਣ ਦਾ ਫ਼ੈਸਲਾ ਕੀਤਾ ਗਿਆ। ਲੋਕ ਬਹੁਤ ਘਬਰਾਏ ਹੋਏ ਸਨ ਤੇ ਛੇਤੀ ਤੋਂ ਛੇਤੀ ਨਿਕਲਣਾ ਚਾਹੁੰਦੇ ਸਨ, ਪਰ ਸਮਝਾਉਣ-ਬੁਝਾਉਣ ਨਾਲ ਕਿਸੇ ਵੱਡੇ ਝਗੜੇ ਤੋਂ ਬਚਾਅ ਹੀ ਹੁੰਦਾ ਰਿਹਾ। ਅਖ਼ੀਰ ਵਿਚ ਜਦ ਦੋ ਗੱਡੀਆਂ ਚਲਾਣ ਦਾ ਫ਼ੈਸਲਾ ਹੋ ਗਿਆ, ਤਾਂ ਸਬਰ ਕਰਨ ਵਾਲਿਆਂ ਨੂੰ ਇਹਦਾ ਫਲ ਮਿਲ ਗਿਆ, ਕਿਉਂਕਿ ਪਿੱਛੋਂ ਆਉਣ ਵਾਲੇ ਬਹੁਤ ਜ਼ਿਆਦਾ ਸਾਮਾਨ ਆਪਣੇ ਨਾਲ ਲਿਆ ਸਕੇ। ਇਸ ਸਮੇਂ ਗੁਰਦੁਆਰਾ ਸਿੰਘ ਸਭਾ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬਹੁਤ ਸਾਰੀਆਂ ਬੀੜਾਂ ਇਕੱਠੀਆਂ ਹੋ ਗਈਆਂ ਸਨ। ਸਾਰੇ ਗੁਰਦੁਆਰਿਆਂ ਵਿਚ ਤਾਂ ਬੀੜਾਂ ਹੈ ਹੀ ਸਨ। ਪਰ ਬਥੇਰੇ ਲੋਕ ਘਰਾਂ ਵਿਚ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਸਨ। ਅਸੀਂ ਸਮੇਂ ਸਮੇਂ ਇਹ ਬੀੜਾਂ ਲਿਆ ਕੇ ਸਿੰਘ ਸਭਾ ਵਿਚ ਰਖਦੇ ਰਹੇ ਅਤੇ ਅਖ਼ੀਰ ਤੇ ਇਕ ਟਰੱਕ ਵਿਚ ਚਾਰ ਸੌ ਬੀੜਾਂ ਰਖ ਕੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਅੰਮ੍ਰਿਤਸਰ ਭੇਜ ਦਿੱਤੀਆਂ।

ਸਾਡੇ ਲਈ ਪਹਿਲੀ ਗੱਡੀ ਦਾ ਪ੍ਰਬੰਧ 26 ਅਕਤੂਬਰ ਨੂੰ ਹੋਇਆ ਤੇ ਫ਼ੈਸਲਾ ਕੀਤਾ ਗਿਆ ਕਿ ਪਹਿਲਾਂ ਘੰਟਾ ਘਰ ਵਾਲੇ ਕੈਂਪ ਪੂਰੇ ਤੌਰ ਤੇ ਖ਼ਾਲੀ ਕਰ ਦਿੱਤੇ ਜਾਣ ਤੇ ਨਾਲ ਹੀ ਵਾਹ ਕੈਂਪ ਤੋਂ ਆਏ ਨਿਰਵਾਸਤਾਂ ਨੂੰ, ਜਿਨ੍ਹਾਂ ਦੇ ਕੋਲ ਸਾਮਾਨ ਬਹੁਤ ਘਟ ਸੀ, ਭੇਜ ਦਿੱਤਾ ਜਾਏ। ਗੱਡੀ ਗੁਜਰਾਂਵਾਲੇ ਦੇ ਵੱਡੇ ਸਟੇਸ਼ਨ ਤੋਂ ਚਲਣੀ ਸੀ, ਜੋ ਸ਼ਹਿਰੋਂ ਤਿੰਨ ਚਾਰ ਮੀਲ ਦੂਰ ਸੀ।

ਲੋਕਾਂ ਤੇ ਸਾਮਾਨ ਨੂੰ ਸਟੇਸ਼ਨ ਉੱਤੇ ਟਰੱਕਾਂ ਰਾਹੀਂ ਲਿਜਾਣਾ ਸੀ। ਕੈਂਪ ਨੂੰ ਸਮੇਟਣ ਦੀ ਜ਼ਿੰਮੇਵਾਰੀ ਮੇਰੀ ਸੀ ਤੇ ਮੈਂ ਆਪ ਵੀ ਇੱਸੇ ਗੱਡੀ ਵਿਚ ਆਉਣਾ ਸੀ। ਇਸ ਦੌੜ-ਭੱਜ ਵਿਚ ਮੈਂ ਆਪਣੇ ਪਰਵਾਰ ਨੂੰ ਸਭ ਤੋਂ ਪਿੱਛੋਂ ਭੇਜ ਸਕਿਆ ਅਤੇ ਆਪ ਉਸ ਤੋਂ ਵੀ ਪਿੱਛੋਂ ਇਕ ਬੱਸ ਵਿਚ ਬਹਿ ਕੇ ਗਿਆ। ਜਿਸ ਵਿਚ ਮੇਰੇ ਨਾਲ ਜਥੇਦਾਰ ਕੇਸਰ ਸਿੰਘ ਮੁੰਜ ਵਾਲੇ ਤੇ ਇਕ ਦੋ ਹੋਰ ਸੱਜਣ ਸਨ, ਜੋ ਉਸੇ ਦਿਨ ਜੇਲ੍ਹ ਵਿੱਚੋਂ ਰਿਹਾ ਹੋ ਕੇ ਆਏ ਸਨ। ਇਨ੍ਹਾਂ ਨੇ ਗੁਰਦੁਆਰੇ ਵਿਚ ਬਾਕੀ ਪਈਆਂ ਚੀਜ਼ਾਂ ਵਿਚੋਂ ਦੋ ਦੋ ਤਿੰਨ ਤਿੰਨ ਚੀਜ਼ਾਂ ਲੈ ਲਈਆਂ ਸਨ। ਗੁਰਦੁਆਰਿਆਂ ਵਿਚ ਤਾਂ ਬਹੁਤਾ ਕੁਝ ਨਹੀਂ ਬਚਿਆ ਸੀ, ਪਰ ਆਬਾਦੀ ਬੂਟਾ ਸਿੰਘ ਦੇ ਕਈ ਮਕਾਨਾਂ ਤੇ ਸਾਡੇ ਆਪਣੇ ਮਕਾਨ ਵਿਚ ਅਜੇ ਕਾਫ਼ੀ ਸਾਮਾਨ ਮੇਜ਼ਾਂ-ਕੁਰਸੀਆਂ ਤੇ ਮੰਜੇ ਆਦਿ ਰਹਿ ਗਏ ਸਨ। ਸਾਡੇ ਵੇਖਦਿਆਂ ਵੇਖਦਿਆਂ ਬਹੁਤਾ ਕਰਕੇ ਸ਼ਰਨਾਰਥੀ ਮੁਸਲਮਾਨਾਂ ਨੇ ਇਹ ਸਾਮਾਨ ਸਮੇਟਣਾ ਅਤੇ ਮਕਾਨਾਂ ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਸੀ।

ਸਾਨੂੰ ਹਿੰਦੁਸਤਾਨ ਲਿਜਾਣ ਵਾਲੀ ਗੱਡੀ ਬਹੁਤ ਵੱਡੀ ਸੀ। ਸਵਾਰੀਆਂ ਬਿਠਾਣ ਵਾਲੇ ਵੀਹ ਪੰਝੀ ਡੱਬਿਆਂ ਤੋਂ ਸਿਵਾ ਇਹਦੇ ਵਿਚ ਤਿੰਨ ਡੱਬੇ ਮਾਲ ਗੱਡੀ ਵਾਲੇ ਵੀ ਸਨ, ਜਿਨ੍ਹਾਂ ਵਿਚ ਕਾਫ਼ੀ ਸਾਮਾਨ ਰਖਿਆ ਜਾ ਸਕਦਾ ਸੀ। ਇਸ ਤੋਂ ਛੁਟ ਇਹਦੇ ਨਾਲ ਬਿਨਾਂ ਛੱਤ ਦੇ ਤਿੰਨ ਖੁਲ੍ਹੇ ਡੱਬੇ ਵੀ ਸਨ, ਜੋ ਇੰਜਣ ਦੇ ਨਾਲ, ਗੱਡੀ ਦੇ ਵਿਚਕਾਰ ਅਤੇ ਸਭ ਤੋਂ ਅਖ਼ੀਰ ਲਾਏ ਗਏ ਸਨ। ਇਨ੍ਹਾਂ ਵਿਚ ਰਖਵਾਲੀ ਲਈ ਨਾਲ ਜਾ ਰਹੇ ਫ਼ੌਜੀਆਂ ਨੇ ਬੈਠਣਾ ਸੀ। ਜਦ ਮੈਂ ਸਟੇਸ਼ਨ ਤੇ ਪਹੁੰਚਿਆ ਤਾਂ ਵੇਖਿਆ ਕਿ ਸਾਰੇ ਡੱਬੇ ਮੁਸਾਫ਼ਰਾਂ ਤੇ ਸਾਮਾਨ ਨਾਲ ਤੂੜੇ ਪਏ ਸਨ। ਮੇਰੇ ਘਰ ਦਾ ਸਾਮਾਨ ਸਟੇਸ਼ਨ ਤੋਂ ਬਾਹਰ ਉੱਥੇ ਹੀ ਪਿਆ ਸੀ, ਜਿੱਥੇ ਟਰੱਕ ਵਾਲੇ ਉਤਾਰ ਗਏ ਸਨ। ਛੋਟੇ-ਛੋਟੇ ਬੱਚੇ ਰੋਣਹਾਕੇ ਤੇ ਡੱਡੋਲਿੱਕੇ ਹੋਏ ਮੇਰੀ ਉਡੀਕ ਕਰ ਰਹੇ ਸਨ। ਇਕ ਪਲ ਲਈ ਤਾਂ ਮੈਂ ਵੀ ਸਹਿਮ ਗਿਆ ਕਿ ਜੇ ਗੱਡੀ ਚਲ ਪਈ, ਤਾਂ ਸਾਡਾ ਕੀ ਬਣੇਗਾ! ਫਿਰ ਵਕਤ ਸੰਭਾਲਿਆ। ਵਾਹ ਕੈਂਪ ਵਾਲੇ ਗਰੀਬੜੇ ਜਿਹੇ ਬੰਦੇ ਉੱਥੇ ਬਥੇਰੇ ਸਨ। ਇਕ ਰੁਪਿਆ ਪ੍ਰਤੀ ਨਗ ਦੇ ਕੇ ਸਤ ਭਾਰੇ ਨਗ ਉਨ੍ਹਾਂ ਕੋਲੋਂ ਪਲੇਟਫ਼ਾਰਮ ਤੇ ਰਖਵਾਏ। ਬਾਕੀ ਸਾਮਾਨ ਬੱਚਿਆਂ ਨੇ ਦੋ ਦੋ ਤਿੰਨ ਤਿੰਨ ਫੇਰੇ ਕਰ ਕੇ ਢੋ ਲਿਆ। ਹੁਣ ਮੁਹਿੰਮ ਸ਼ੁਰੂ ਹੋਈ, ਸਾਮਾਨ ਨੂੰ ਗੱਡੀ ਵਿਚ ਰਖਾਣ ਦੀ। ਮਾਲ-ਗੱਡੀ ਵਾਲੇ ਡੱਬੇ ਤਾਂ ਤੂਸੇ ਜਾ ਕੇ ਬੰਦ ਹੋ ਚੁਕੇ ਸਨ। ਪਰ ਗੱਡੀ ਵਿਚ ਕੁਝ ਆਪਣੇ ਨਿਕਟਵਰਤੀ ਵੀ ਸਨ। ਤਕਲੀਫ਼ ਤਾਂ ਸਭ ਨੂੰ ਹੋਈ, ਪਰ ਮਿੰਨਤ-ਤਰਲਾ ਕਰ ਕੇ ਕੁਝ ਸਾਮਾਨ ਮਿੱਤਰਾਂ ਦੇ ਪੈਰਾਂ ਉਦਾਲੇ ਪਈ ਖ਼ਾਲੀ ਥਾਂ ਵਿਚ ਰਖਾਇਆ। ਬਥੇਰਾ ਸਾਮਾਨ ਅਜੇ ਪਲੇਟਫ਼ਾਰਮ ਤੇ ਪਿਆ ਸੀ। ਆਖ਼ਰ ਇਕ ਸੱਜਣ ਨੂੰ ਇਕ ਅਜੀਬ ਵਿਉਂਤ ਸੁੱਝੀ। ਉਸ ਨੇ ਜ਼ੋਰਦਾਰ ਮੁੱਕਾ ਮਾਰ ਕੇ ਇਕ ਟੱਟੀ ਦਾ ਬਾਹਰਲਾ ਰੌਸ਼ਨਦਾਰ ਭੰਨ ਦਿੱਤਾ। ਅੰਦਰ ਪਹਿਲਾਂ ਇਕ ਟਰੰਕ ਰੱਖਿਆ, ਉੱਤੇ ਇਕ ਪੇਟੀ ਤੇ ਇਕ ਬਿਸਤਰਾ। ਇੱਸੇ ਤਰ੍ਹਾਂ ਦੋ ਹੋਰ ਟੱਟੀਆਂ ਦੇ ਰੌਸ਼ਨਦਾਨ ਭੰਨੇ ਗਏ ਤੇ ਬਾਕੀ ਸਾਮਾਨ ਉਨ੍ਹਾਂ ਵਿਚ ਟਿਕਾ ਦਿੱਤਾ। ਟੱਟੀਆਂ ਦੇ ਅੱਗੇ ਕਾਫ਼ੀ ਸਾਮਾਨ ਪਿਆ ਹੋਇਆ ਸੀ, ਸੋ ਉਨ੍ਹਾਂ ਦੇ ਅੰਦਰ ਜਾਣ ਦੇ ਰਾਹ ਪਹਿਲਾਂ ਹੀ ਬੰਦ ਸਨ ਤੇ ਕਿਸੇ ਨੂੰ ਤਕਲੀਫ਼ ਹੋਣ ਦਾ ਕੋਈ ਸੁਆਲ ਨਹੀਂ ਸੀ। ਸਾਡੇ ਕੋਲ ਬਾਹਰ ਦੋ-ਚਾਰ ਲੁੜੀਂਦੇ ਨਗ ਹੀ ਰਹਿ ਗਏ ਸਨ।

ਹੁਣ ਚੰਗਾ ਘੁਸਮੁਸਾ ਹੋ ਚੁੱਕਾ ਸੀ। ਪਤਾ ਲੱਗਾ ਕਿ ਗੱਡੀ ਅੱਜ ਨਹੀਂ, ਕੱਲ੍ਹ ਚੱਲੇਗੀ। ਖਾਣ ਪੀਣ ਦਾ ਕਾਫ਼ੀ ਸਾਮਾਨ—ਦਾਲਾਂ, ਪਰਸ਼ਾਦੇ ਤੇ ਭੁੱਜੇ ਹੋਏ ਛੋਲੇ—ਖ਼ਾਲਸਾ ਬੋਰਡਿੰਗ ਹਾਊਸ ਵਾਲੇ ਕੈਂਪ ਵਿਚ ਰਹਿ ਰਹੇ ਗਿਆਨੀ ਰਘਬੀਰ ਸਿੰਘ ਤੇ ਖ਼ਾਲਸਾ ਜੀ ਆਦਿ ਨੇ ਭਿਜਵਾ ਦਿੱਤਾ ਸੀ। ਖਾ ਪੀ ਕੇ ਪਲੇਟਫ਼ਾਰਮ ਉੱਤੇ ਹੀ ਦਰੀ ਵਿਛਾ ਕੇ ਸੌਂ ਗਏ ਅਤੇ ਕਿਸੇ ਤਰ੍ਹਾਂ ਰਾਤ ਕਟ ਲਈ। ਦੂਜੇ ਦਿਨ ਗੱਡੀ ਚਾਰ ਵਜੇ ਬਾਅਦ ਦੁਪਹਿਰ ਚੱਲੀ। ਦੁਪਹਿਰ ਦਾ ਲੰਗਰ ਵੀ ਪਿੱਛੇ

ਰਹਿ ਗਏ ਮਿੱਤਰਾਂ ਨੇ ਭਿਜਵਾਇਆ। ਰੋਟੀ ਖਾ ਰਿਹਾ ਸਾਂ ਕਿ ਸ਼ਹਿਰ ਦੇ ਥਾਣੇਦਾਰ ਸਾਹਿਬ ਆ ਗਏ। ਬੜੇ ਹਿੱਤ ਨਾਲ ਮਿਲੇ ਤੇ ਕਹਿਣ ਲੱਗੇ, "ਸਾਨੂੰ ਤੁਹਾਡੇ ਜਾਣ ਦਾ ਬਹੁਤ ਅਫ਼ਸੋਸ ਹੈ, ਪਰ ਕੀਤਾ ਵੀ ਕੁਝ ਨਹੀਂ ਜਾ ਸਕਦਾ। ਕੱਲ੍ਹ ਜਦ ਮੈਨੂੰ ਪਤਾ ਲੱਗਾ ਕਿ ਤੁਹਾਡੀ ਗੱਡੀ ਨਹੀਂ ਜਾ ਰਹੀ, ਤਾਂ ਮੈਂ ਰਾਤ ਨੂੰ ਪੁਲਿਸ ਦੀ ਗਾਰਦ ਨਾਲ ਲੈ ਕੇ ਇੱਥੇ ਆ ਗਿਆ ਸਾਂ, ਤਾਂ ਜੁ ਕੋਈ ਅਣਸੁਖਾਵੀਂ ਘਟਨਾ ਨਾ ਹੋ ਜਾਏ। ਉਸ ਵੇਲੇ ਦਾ ਇੱਥੇ ਹੀ ਹਾਂ।" ਫਿਰ ਬੜੀ ਗਰਮਜੋਸ਼ੀ ਨਾਲ ਹੱਥ ਮਿਲਾਇਆ ਤੇ 'ਖ਼ੁਦਾ ਹਾਫ਼ਜ਼' ਆਖ ਕੇ ਵਾਪਸ ਚਲੇ ਗਏ।

ਸਾਮਾਨ ਤਾਂ ਸਮੇਟਿਆ ਗਿਆ ਸੀ, ਪਰ ਹੁਣ ਪਰਵਾਰ ਨੂੰ ਗੱਡੀ ਵਿਚ ਬਿਠਾਣ ਦਾ ਵੀ ਪ੍ਰਬੰਧ ਕਰਨਾ ਸੀ। ਨਾਲ ਜਾ ਰਹੇ ਫ਼ੌਜੀ ਤਿੰਨ ਖੁਲ੍ਹੇ ਡੱਬਿਆਂ ਵਿਚ ਬੈਠੇ ਸਨ। ਉਨ੍ਹਾਂ ਦੀ ਸੰਮਤੀ ਨਾਲ ਪਤਨੀ ਤੇ ਛੋਟੇ ਬੱਚਿਆਂ ਨੂੰ ਵਿਚਕਾਰਲੇ ਡੱਬੇ ਵਿਚ ਬਿਠਾਇਆ ਅਤੇ ਮੈਂ ਆਪ ਤੇ ਵੱਡੇ ਬੱਚੇ ਅਖ਼ੀਰਲੇ ਡੱਬੇ ਵਿਚ ਬੈਠ ਗਏ। ਗੱਡੀ ਚਾਰ ਵਜੇ ਚਲ ਕੇ ਸਤ ਵਜੇ ਸਾਧੋ ਕੀ ਪਹੁੰਚੀ ਤੇ ਉੱਥੇ ਹੀ ਖਲੋ ਗਈ। ਪਤਾ ਲੱਗਾ ਕਿ ਫ਼ੌਜ ਦੀ ਨਫ਼ਰੀ ਘੱਟ ਹੈ ਤੇ ਗੁਜਰਾਂਵਾਲੇ ਤੋਂ ਹੋਰ ਫ਼ੌਜੀ ਜਵਾਨ ਮੰਗਾਏ ਗਏ ਹਨ। ਗੱਡੀ ਕਲ੍ਹ ਸਵੇਰੇ ਚੱਲੇਗੀ। ਇਸ ਰਾਤ ਖਾਣ-ਪੀਣ ਦਾ ਆਪਣਾ ਪ੍ਰਬੰਧ ਕਰਨਾ ਪਿਆ। ਰਾਤ ਔਖੇ-ਸੌਖੇ ਹੋ ਕੇ ਬਾਹਰ ਖੁਲ੍ਹੇ ਮੈਦਾਨ ਵਿਚ ਕੱਟੀ। ਦੂਜੇ ਦਿਨ ਗੱਡੀ ਸਵੇਰੇ ਸਤ ਅਠ ਵਜੇ ਚਲੀ ਅਤੇ ਲਾਹੌਰ ਤੋਂ ਅੱਗੇ ਲੰਘ ਕੇ ਲਗ ਪਗ ਇਕ ਵਜੇ ਮੁਗ਼ਲਪੁਰਾ ਸਟੇਸ਼ਨ ਤੇ ਪਹੁੰਚ ਕੇ ਫਿਰ ਰੁਕ ਗਈ। ਇਸ ਵੇਲੇ ਬੜਾ ਭਿਆਨਕ ਦ੍ਰਿਸ਼ ਸਾਡੇ ਸਾਹਮਣੇ ਸੀ। ਸੈਂਕੜੇ ਮੁਸਲਮਾਨ ਗੁੰਡੇ ਹੱਥਾਂ ਵਿਚ ਛੁਰੇ ਲੈ ਕੇ ਗੱਡੀ ਦੇ ਆਲੇ ਦੁਆਲੇ ਘੁੰਮ ਰਹੇ ਸਨ। ਮੁਸਲਮਾਨਾਂ ਦਾ ਇਕ ਪੈਦਲ ਕਾਫ਼ਲਾ ਅੰਮ੍ਰਿਤਸਰ ਤੇ ਕਰਤਾਰਪੁਰ ਦੇ ਵਿਚਕਾਰ ਰੋਕਿਆ ਗਿਆ ਸੀ। ਮੁਸਲਮਾਨ ਕਹਿੰਦੇ ਸਨ ਕਿ ਉਹ ਇਸ ਗੱਡੀ ਨੂੰ ਓਦੋਂ ਹੀ ਅੱਗੇ ਜਾਣ ਦੇਣਗੇ, ਜਦ ਉਨ੍ਹਾਂ ਦਾ ਕਾਫ਼ਲਾ ਅੱਗੇ ਤੁਰ ਪਏਗਾ। ਇਸ ਵੇਲੇ ਛੋਟੇ ਬੱਚੇ ਧੁੱਪ ਤੇ ਭੁੱਖ-ਤ੍ਰੇਹ ਨਾਲ ਵਿਲਕ ਰਹੇ ਸਨ। ਫ਼ੌਜੀਆਂ ਨੇ ਤਰਸ ਕਰ ਕੇ ਬੱਚਿਆਂ ਨੂੰ ਕੁਝ ਬਿਸਕੁਟ ਦਿੱਤੇ ਤੇ ਪਾਣੀ ਪਿਆਇਆ। ਆਖ਼ਰ ਸਤ ਵਜੇ ਖ਼ਤਰਾ ਟਲ ਗਿਆ। ਗੱਡੀ ਚੱਲੀ ਤੇ ਛੇਤੀ ਹੀ ਵਾਘਾ ਪਾਰ ਕਰ ਕੇ ਹਿੰਦੁਸਤਾਨ ਵਿਚ ਦਾਖ਼ਲ ਹੋ ਗਈ। ਲੋਕਾਂ ਨੇ ਖ਼ੁਸ਼ ਹੋ ਕੇ 'ਹਿੰਦੁਸਤਾਨ ਜ਼ਿੰਦਾਬਾਦ' ਦੇ ਨਾਹਰੇ ਲਾਏ। ਹੁਣ ਮੈਂ ਵੀ ਆਜ਼ਾਦ ਸਾਂ। ਵਾਹਿਗੁਰੂ ਦੀ ਕਿਰਪਾ ਨਾਲ ਸਾਡੇ ਕੈਂਪ ਵਾਲੇ ਸਾਰੇ ਬੰਦੇ ਸਹੀ-ਸਲਾਮਤ ਹਿੰਦੂਸਤਾਨ ਪਹੁੰਚ ਗਏ ਸਨ ਤੇ ਨੇਤਾਗਿਰੀ ਦੀ ਮੁਸੀਬਤ ਮੇਰੇ ਗਲੋਂ ਲਹਿ ਗਈ ਸੀ। ਜਦ ਗੱਡੀ ਨੌਂ ਵਜੇ ਅਟਾਰੀ ਸਟੇਸ਼ਨ ਉੱਤੇ ਪਹੁੰਚੀ, ਤਾਂ ਭੁਖ ਮਿਟਾਣ ਲਈ ਕੁਝ ਸੌਦਾ-ਸੂਦ ਬਾਹਰੋਂ ਲੈ ਆਂਦਾ, ਪਰ ਭੁਖ ਮਿਟਾਣ ਨਾਲੋਂ ਵੀ ਬਹੁਤੀ ਖ਼ੁਸ਼ੀ ਬਚ ਕੇ ਆ ਜਾਣ ਦੀ ਸੀ। ਢੇਰ ਚਿਰ ਬਾਅਦ ਗੱਡੀ ਇੱਥੋਂ ਚਲ ਕੇ ਸਵੇਰੇ ਪੰਜ ਵਜੇ ਛੇਹਰਟੇ ਪੁੱਜੀ, ਜਿੱਥੇ ਇਹ ਖ਼ਾਲੀ ਕਰਨੀ ਸੀ। ਸਾਮਾਨ ਥਾਂ ਥਾਂ ਖਿਲਰਿਆ ਪਿਆ ਸੀ। ਭੱਜ-ਦੌੜ ਕੇ ਇਕੱਠਾ ਕੀਤਾ। ਪਤਾ ਲੱਗਾ ਕਿ ਸਾਡੇ ਵਰਗੇ ਨਿਰਵਾਸਤਾਂ ਵਾਸਤੇ ਖ਼ਾਲਸਾ ਕਾਲਜ ਵਿਚ ਕੈਂਪ ਬਣਿਆ ਹੋਇਆ ਹੈ। ਮੈਂ ਪੰਜ ਸਾਲ ਅੰਮ੍ਰਿਤਸਰ ਰਹਿ ਗਿਆ ਸਾਂ ਤੇ ਕਈ ਪ੍ਰੋਫ਼ੈਸਰਾਂ ਨਾਲ ਸਾਂਝ ਬਣੀ ਹੋਈ ਸੀ। ਇਕ ਹੱਥ-ਰੇੜ੍ਹਾ ਲੈ ਕੇ ਸਾਮਾਨ ਉਹਦੇ ਵਿਚ ਰਖਾਇਆ ਤੇ ਦਿਨ-ਚੜ੍ਹੇ ਖ਼ਾਲਸਾ ਕਾਲਜ ਪਹੁੰਚ ਗਏ। ਪ੍ਰੋਫ਼ੈਸਰ ਗੰਡਾ ਸਿੰਘ ਦੀ ਹਿੰਮਤ ਨਾਲ ਹਿੰਦੂ ਹੋਸਟਲ ਵਿਚ ਸਾਨੂੰ ਇਕ ਨਵੇਕਲਾ ਕਮਰਾ ਮਿਲ ਗਿਆ।

ਇਹ 29 ਅਕਤੂਬਰ 1947 ਦੀ ਗੱਲ ਹੈ। ਗੁਜਰਾਂਵਾਲੇ ਦਾ ਦੂਜਾ ਜਥਾ, ਜਿਸ ਵਿਚ ਬਾਵਾ ਹਰਕ੍ਰਿਸ਼ਨ ਸਿੰਘ, ਖ਼ਾਲਸਾ ਜੀ, ਗਿਆਨੀ ਰਘਬੀਰ ਸਿੰਘ ਆਦਿ ਬਾਕੀ ਦੇ ਸਾਰੇ ਅਕਾਲੀ ਆਗੂ ਤੇ ਵਰਕਰ ਸ਼ਾਮਲ ਸਨ, 11 ਨਵੰਬਰ ਨੂੰ ਟਰੱਕਾਂ ਰਾਹੀਂ ਅੰਮ੍ਰਿਤਸਰ ਪੁੱਜੇ। ਇਸ ਨਾਲ ਗੁਜਰਾਂਵਾਲੇ ਦੇ ਸਾਰੇ ਹਿੰਦੂ ਸਿਖ ਹਿੰਦੁਸਤਾਨ ਪਹੁੰਚ ਗਏ ਸਨ। ਬਾਵਾ ਜੀ 1926 ਤੋਂ ਗੁਰੂ

ਨਾਨਕ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਚਲੇ ਆ ਰਹੇ ਸਨ ਤੇ 21 ਸਾਲ ਉਨ੍ਹਾਂ ਨੇ ਇਹਦੀ ਉੱਨਤੀ ਤੇ ਵਿਕਾਸ ਲਈ ਅਣਥੱਕ ਕੰਮ ਕੀਤਾ ਸੀ। ਇਸ ਲਈ ਕਾਲਜ ਨਾਲ ਉਨ੍ਹਾਂ ਦਾ ਬੇਹਦ ਲਗਾਉ ਸੀ। ਜਦ ਸਪੱਸ਼ਟ ਹੋ ਗਿਆ ਕਿ ਇਥੋਂ ਜਾਣਾ ਹੀ ਚਾਹੀਦਾ ਹੈ, ਤਾਂ ਉਨ੍ਹਾਂ ਨੇ ਇਉਂ ਮਨ ਬਣਾਇਆ, ਜਿਵੇਂ ਸਾਰੇ ਕਾਲਜ ਨੂੰ ਪੁਟ ਕੇ ਨਾਲ ਲੈ ਆਉਣਾ ਹੋਵੇ। ਉਨ੍ਹਾਂ ਨੇ ਸਭ ਲੈਬਾਰੇਟਰੀਆਂ—ਫ਼ਿਜ਼ਿਕਸ, ਕੈਮਿਸਟਰੀ ਤੇ ਬਿਆਲੋਜੀ—ਦਾ ਸਾਮਾਨ ਅਤੇ ਲਾਇਬਰੇਰੀ ਦੀਆਂ ਪੁਸਤਕਾਂ ਪੈਕ ਕਰਾਈਆਂ ਤੇ ਇਨ੍ਹਾਂ ਨੂੰ ਇਧਰ ਭਿਜਵਾਣ ਦਾ ਪ੍ਰਬੰਧ ਕਰ ਲਿਆ। ਪਰ ਐਨ ਵਕਤ ਸਿਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਦਾ ਪਤਾ ਲਗ ਗਿਆ ਤੇ ਉਨ੍ਹਾਂ ਨੇ ਪਾਕਿਸਤਾਨੀ ਪੰਜਾਬ ਸਰਕਾਰ ਦੇ ਹੁਕਮ ਹੇਠ ਇਹ ਚੀਜ਼ਾਂ ਲਿਆਉਣ ਤੇ ਪਾਬੰਦੀ ਲਾ ਦਿੱਤੀ। ਫਿਰ ਵੀ ਬਾਵਾ ਜੀ ਪੰਜਾਬੀ, ਹਿੰਦੀ ਤੇ ਸੰਸਕ੍ਰਿਤ ਦੀਆਂ ਇਕ ਹਜ਼ਾਰ ਤੋਂ ਵਧ ਪੁਸਤਕਾਂ, ਪੰਜਾਬੀ ਦਾ ਟਾਈਪ ਰਾਈਟਰ, ਬਿਜਲੀ ਦੇ ਕੁਝ ਪੱਖੇ, ਪੰਜ ਹਾਰਸ ਪਾਵਰ ਦੀ ਇਕ ਮੋਟਰ, ਹਾਜ਼ਰੀ ਆਦਿ ਦੇ ਖ਼ਾਲੀ ਰਜਿਸਟਰ ਤੇ ਕਈ ਹੋਰ ਫੁਟਕਲ ਚੀਜ਼ਾਂ ਆਪਣੇ ਨਾਲ ਲੈ ਆਏ ਸਨ। ਜਦ 1953 ਵਿਚ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣੇ ਵਿਚ ਕੇ ਮੁੜ ਸਥਾਪਤ ਹੋਇਆ, ਤਾਂ ਇਹ ਸਭ ਚੀਜ਼ਾਂ ਉਸ ਨੂੰ ਸੌਂਪ ਦਿੱਤੀਆਂ ਗਈਆਂ, ਜੋ ਗੁਜਰਾਂਵਾਲੇ ਦੀ ਯਾਦ ਵਜੋਂ ਅਜੇ ਤਕ ਉੱਥੇ ਮੌਜੂਦ ਹਨ।

15-20 ਦਿਨ ਖ਼ਾਲਸਾ ਕਾਲਜ ਵਿਚ ਟਿਕਣ ਤੋਂ ਬਾਅਦ ਅਸੀਂ ਕਿਲ੍ਹਾ ਗੋਬਿੰਦ ਗੜ੍ਹ ਵਾਲੇ ਰੀਫ਼ੀਊਜੀ ਕੈਂਪ ਵਿਚ ਆ ਗਏ। ਇਸ ਕੈਂਪ ਦਾ ਪ੍ਰਬੰਧ ਵਿਦਿਅਕ ਮਹਿਕਮੇ ਦੇ ਇਨਸਪੈਕਟਰ ਤੇ ਅਧਿਆਪਕ ਕਰ ਰਹੇ ਸਨ। ਅਧਿਆਪਕਾਂ ਵਿਚ ਮੇਰੇ ਤਿੰਨ ਚਾਰ ਅਜ਼ੀਜ਼ ਵੀ ਸਨ। ਮੈਨੂੰ ਤੇ ਖ਼ਾਲਸਾ ਜੀ ਨੂੰ ਇਕ ਬਹੁਤ ਵੱਡਾ ਤੰਬੂ ਰਿਹਾਇਸ਼ ਲਈ ਮਿਲ ਗਿਆ ਤੇ ਕੁਝ ਰਾਸ਼ਨ ਵੀ। ਪਰ ਅੰਦਰੋਂ ਅੰਦਰੀ ਭਵਿਖ ਦਾ ਤੌਖਲਾ ਖਾਈ ਜਾ ਰਿਹਾ ਸੀ। ਕਿੱਥੇ ਚੱਲੇਗਾ ਅਧਿਆਪਨ ਦਾ ਕੰਮ ਤੇ ਰੋਜ਼ੀ-ਰੋਟੀ ਦਾ ਕੀ ਪ੍ਰਬੰਧ ਹੋਵੇਗਾ ? ਇਸ ਤੋਂ ਛੁਟ ਮੈਨੂੰ ਹੋਰ ਕੋਈ ਕਾਰ-ਵਿਹਾਰ ਆਉਂਦਾ ਨਹੀਂ ਸੀ ਤੇ ਪਰਵਾਰ ਦੇ 13 ਜੀਆਂ ਦਾ ਭਾਰ ਮੇਰੇ ਸਿਰ ਤੇ ਸੀ। ਉਸ ਵੇਲੇ ਤਕ ਨਵੀਂ ਪੰਜਾਬ ਸਰਕਾਰ ਦਾ ਸਕੱਤਰੇਤ ਜਲੰਧਰ ਵਿਚ ਖੁਲ੍ਹ ਚੁਕਾ ਸੀ। ਸ. ਪ੍ਰਤਾਪ ਸਿੰਘ ਕੈਰੋਂ ਤੇ ਸ. ਈਸ਼ਰ ਸਿੰਘ ਮਝੈਲ ਨੂੰ ਮਿਲ ਕੇ ਮਾੜੀ-ਮੋਟੀ ਆਸ ਹੋ ਗਈ ਸੀ ਕਿ ਸ਼ਾਇਦ 45 ਸਾਲ ਦੀ ਉਮਰ ਵਿਚ ਵੀ ਮੈਨੂੰ ਕੋਈ ਸਰਕਾਰੀ ਨੌਕਰੀ ਮਿਲ ਜਾਏ। ਇਸ ਆਸ ਉੱਤੇ ਜਨਵਰੀ 1948 ਦੇ ਅੱਧ ਵਿਚ ਮੈਂ ਤੇ ਖ਼ਾਲਸਾ ਜੀ ਪਰਵਾਰਾਂ ਸਮੇਤ ਜਲੰਧਰ ਆ ਗਏ। ਗਿਆਨੀ ਰਘਬੀਰ ਸਿੰਘ ਨੇ ਸਾਡੀ ਆਰਜ਼ੀ ਰਿਹਾਇਸ਼ ਦਾ ਮਾੜਾ-ਮੋਟਾ ਪ੍ਰਬੰਧ ਕਰ ਦਿੱਤਾ। ਦੋ ਕੁ ਮਹੀਨੇ ਬਾਅਦ ਆਖ਼ਰ ਮੈਨੂੰ ਉਹ ਨੌਕਰੀ ਮਿਲ ਗਈ, ਜਿਸ ਦੀ ਮਝੈਲ ਹੋਰਾਂ ਨੇ ਆਸ ਦਿਵਾਈ ਸੀ।

ਤੀਜਾ ਕਾਂਡ

ਸ਼ਰਨਾਰਥੀਆਂ ਦੀ ਸੇਵਾ ਵਿਚ

ਗੁਜਰਾਂਵਾਲੇ ਵਿਚ ਆਪਣੀ ਨੇਤਾਗਿਰੀ ਦੇ ਸਮੇਂ ਮੈਂ ਉੱਘੇ ਅਕਾਲੀ ਆਗੂਆਂ ਵਿਚੋਂ ਕਿਸੇ ਨਾਲ ਵੀ ਕਦੇ ਨਿਜੀ ਸੰਬੰਧ ਬਣਾਣ ਦਾ ਜਤਨ ਨਹੀਂ ਕੀਤਾ ਸੀ, ਨਾ ਕਦੇ ਮੈਨੂੰ ਇਹਦੀ ਲੋੜ ਜਾਪੀ ਸੀ। ਸੋ ਇਧਰ ਆ ਕੇ ਮੈਨੂੰ ਖ਼ਿਆਲ ਤਕ ਨਹੀਂ ਸੀ ਕਿ ਕੋਈ ਅਕਾਲੀ ਆਗੂ ਮੈਨੂੰ ਨੇੜਿਓਂ ਵੀ ਜਾਣਦਾ ਹੈ। ਮੈਨੂੰ ਪਤਾ ਸੀ ਕਿ 1946 ਦੀਆਂ ਚੋਣਾਂ ਵਿਚ ਸਾਡੇ ਇਕ ਸਾਥੀ ਸ. ਈਸ਼ਰ ਸਿੰਘ ਮਝੈਲ ਨੂੰ ਉਨ੍ਹਾਂ ਦੀ ਚੋਣ-ਮੁਹਿੰਮ ਲਈ ਤਿੰਨ ਸੌ ਰੁਪਏ ਦੇ ਆਏ ਸਨ। ਉਨ੍ਹਾਂ ਦਿਨਾਂ ਵਿਚ ਇਹ ਬੜੀ ਵੱਡੀ ਰਕਮ ਸਮਝੀ ਜਾਂਦੀ ਸੀ। ਪਰ ਮੈਨੂੰ ਇਸ ਦੀ ਮਹਾਨਤਾ ਦੀ ਸਮਝ ਨਹੀਂ ਆਈ ਸੀ। ਮੇਰੇ ਵਿਚ ਨਾ ਇੰਨੀ ਸਮਰੱਥਾ ਸੀ ਤੇ ਨਾ ਮੈਨੂੰ ਇਸ ਦੀ ਲੋੜ ਦਾ ਪਤਾ ਸੀ। ਢੇਰ ਚਿਰ ਪਿੱਛੋਂ ਮੈਨੂੰ ਪਤਾ ਲੱਗਾ ਕਿ ਉੱਚੀਆਂ ਪਦਵੀਆਂ ਪ੍ਰਾਪਤ ਕਰਨ ਦੀ ਸੰਭਾਵਨਾ ਵਾਲੇ ਆਗੂਆਂ ਦੀ ਚਾਪਲੂਸੀ ਕਰਨੀ ਇਕ ਤਰ੍ਹਾਂ ਨਾਲ ਟਾਟਾ-ਬਿਰਲਾ ਕੰਪਨੀਆਂ ਵਿਚ ਪੂੰਜੀ ਲਾਉਣ ਦੇ ਬਰਾਬਰ ਹੈ, ਜੋ ਲਗਾਤਾਰ ਵਧਦੀ ਰਹਿੰਦੀ ਹੈ। 1957-58 ਦੀ ਗੱਲ ਹੈ ਕਿ ਪ੍ਰਸਿਧ ਅਕਾਲੀ ਆਗੂ ਗਿਆਨੀ ਕਰਤਾਰ ਸਿੰਘ ਕੁਝ ਵਧੇਰੇ ਬੀਮਾਰ ਹੋਣ ਕਰਕੇ ਰਾਜਿੰਦਰਾ ਹਸਪਤਾਲ ਵਿਚ ਦਾਖ਼ਲ ਸਨ ਤੇ ਰਾਜ਼ੀ ਹੋਣ ਵੱਲੋਂ ਨਿਰਾਸ਼ ਹੋ ਗਏ ਸਨ। ਕੋਈ ਇਕ ਮਹੀਨੇ ਬਾਅਦ ਅਕਾਲੀ ਦਲ ਦੀ ਦੂਜੀ ਕਤਾਰ ਦੇ ਇਕ ਆਗੂ ਸ. ਅਮਰ ਸਿੰਘ ਦੁਸਾਂਝ ਉਨ੍ਹਾਂ ਨੂੰ ਮਿਲਣ ਗਏ ਤੇ ਵਾਪਸ ਆਉਣ ਤੋਂ ਪਹਿਲਾਂ ਪੰਜ ਸੌ ਰੁਪਿਆ ਉਨ੍ਹਾਂ ਦੇ ਸਿਰਹਾਣੇ ਰਖ ਆਏ। ਗਿਆਨੀ ਜੀ ਨੇ ਜਦ ਇਹ ਰਕਮ ਵੇਖੀ, ਤਾਂ ਆਪਣੇ ਇਕ ਮਿੱਤਰ ਨੂੰ ਕਹਿਣ ਲੱਗੇ, "ਅੱਜ ਮੈਨੂੰ ਯਕੀਨ ਹੋ ਗਿਆ ਹੈ ਕਿ ਮੈਂ ਜ਼ਰੂਰ ਰਾਜ਼ੀ ਹੋ ਜਾਵਾਂਗਾ, ਕਿਉਂਕਿ ਦੁਸਾਂਝ ਹੋਰੀਂ ਐਵੇਂ ਇੰਨੀ ਰਕਮ ਬਰਬਾਦ ਕਰਨ ਵਾਲੇ ਨਹੀਂ ਹਨ।"

ਮੈਂ ਇਹੋ ਜਿਹੀ ਪੂੰਜੀ ਕਿਤੇ ਲਾਈ ਹੋਈ ਨਹੀਂ ਸੀ, ਇਸ ਲਈ ਇਧਰ ਆ ਕੇ ਸੋਚਾਂ ਵਿਚ ਪਿਆ ਹੋਇਆ ਸਾਂ ਕਿ ਜੀਵਨ-ਨਿਰਬਾਹ ਲਈ ਕਿੱਥੇ ਕੀ ਕੰਮ ਕਰ ਸਕਾਂਗਾ। ਉਸ ਵੇਲੇ ਪ੍ਰਤਾਪ ਸਿੰਘ ਕੈਰੋਂ ਤੇ ਈਸ਼ਰ ਸਿੰਘ ਮਝੈਲ ਪੰਜਾਬ ਵਜ਼ਾਰਤ ਵਿਚ ਸ਼ਾਮਲ ਸਨ। ਅਸੀਂ ਚਾਰ ਸਾਥੀ—ਸ. ਅਵਤਾਰ ਸਿੰਘ 'ਖ਼ਾਲਸਾ', ਗਿਆਨੀ ਰਘਬੀਰ ਸਿੰਘ, ਗਿਆਨੀ ਹਰਜੀਤ ਸਿੰਘ ਤੇ ਮੈਂ—ਕੈਰੋਂ ਸਾਹਿਬ ਨੂੰ ਮਿਲਣ ਵਾਸਤੇ ਪੰਜਾਬ ਸਕੱਤਰੇਤ ਵਿਚ ਚਲੇ ਗਏ। ਮੈਨੂੰ ਤਾਂ ਪਤਾ ਨਹੀਂ ਸੀ ਕਿ ਉਨ੍ਹਾਂ ਪਾਸੋਂ ਕੀ ਕੰਮ ਲਿਆ ਜਾ ਸਕਦਾ ਹੈ, ਪਰ ਕੈਰੋਂ ਸਾਹਿਬ ਟ੍ਰਾਂਸਪੋਰਟ ਮੰਤਰੀ ਸਨ ਤੇ ਸਾਥੀ ਚਾਹੁੰਦੇ ਸਨ ਕਿ ਉਨ੍ਹਾਂ ਪਾਸੋਂ ਟਰੱਕਾਂ ਦੇ ਪਰਮਿਟ ਮੰਗੇ ਜਾਣ। ਮੇਰੇ ਕੋਲ ਨਾ ਟਰੱਕ ਖ਼ਰੀਦਣ ਦੇ ਸਾਧਨ ਸਨ, ਨਾ ਮੈਨੂੰ ਟਰੱਕ ਚਲਾਣ ਦਾ ਤਜਰਬਾ ਸੀ, ਪਰ ਸਾਥੀਆਂ ਦੇ ਨਾਲ ਚਲਿਆ

ਗਿਆ। ਚਪੜਾਸੀ ਨੇ ਦਰਵਾਜ਼ੇ ਉੱਤੇ ਰੋਕਿਆ, ਤਾਂ ਕੈਰੋਂ ਸਾਹਿਬ ਨੇ ਅੰਦਰੋਂ ਹੀ ਉੱਚੀ ਸਾਰੀ ਆਵਾਜ਼ ਦਿੱਤੀ, "ਓਏ! ਇਨ੍ਹਾਂ ਨੂੰ ਆ ਜਾਣ ਦੇ।" ਅਸੀਂ ਅੰਦਰ ਗਏ। ਸਰਦਾਰ ਸਾਹਿਬ ਨੇ ਬੜੀ ਗਰਮਜੋਸ਼ੀ ਨਾਲ ਹੱਥ ਮਿਲਾਇਆ ਤੇ ਸੁਖ-ਸਾਂਦ ਪੁੱਛੀ। ਫਿਰ ਕਹਿਣ ਲੱਗੇ, "ਮੈਨੂੰ ਕੋਈ ਸੇਵਾ ਦੱਸੋ।" ਸਾਥੀਆਂ ਨੇ ਆਖਿਆ, "ਪਤਾ ਲੱਗਾ ਹੈ ਕਿ ਤੁਸੀਂ ਟਰੱਕਾਂ ਦੇ ਪਰਮਿਟ ਦੇ ਰਹੇ ਹੋ, ਸਾਨੂੰ ਵੀ ਦੇ ਦਿਓ।" ਕੈਰੋਂ ਸਾਹਿਬ ਬੋਲੇ, "ਪਰਮਿਟ ਤਾਂ ਤੁਹਾਨੂੰ ਹੁਣੇ ਮਿਲ ਜਾਣਗੇ, ਪਰ ਤੁਹਾਨੂੰ ਇਸ ਗੰਦੇ ਕਿੱਤੇ ਦਾ ਨਾ ਕੋਈ ਤਜਰਬਾ ਹੈ ਤੇ ਨਾ ਤੁਹਾਡੇ ਕੋਲ ਇਸ ਕੰਮ ਲਈ ਸਰਮਾਇਆ ਹੈ। ਫਿਰ ਪਰਮਿਟ ਇੰਨੇ ਦਿੱਤੇ ਜਾ ਚੁਕੇ ਹਨ ਕਿ ਟਰੱਕ ਚਲਾਣ ਵਿਚ ਤੁਹਾਨੂੰ ਕੋਈ ਪ੍ਰਾਪਤੀ ਨਹੀਂ ਹੋਵੇਗੀ।" ਉਨ੍ਹਾਂ ਨੇ ਨਿੱਜੀ ਸਕੱਤਰ ਨੂੰ ਬੁਲਾ ਕੇ ਚਾਰ ਪਰਮਿਟ ਕੱਟਣ ਲਈ ਆਖਿਆ ਤੇ ਫਿਰ ਮੈਨੂੰ ਸੰਬੋਧਨ ਕਰ ਕੇ ਬੋਲੇ, "ਗਿਆਨੀ ਜੀ ! ਇਨ੍ਹਾਂ ਵਿੱਚੋਂ ਪੜ੍ਹੇ-ਲਿਖੇ ਸਿਰਫ਼ ਤੁਸੀਂ ਹੀ ਹੋ; ਤੁਸੀਂ ਸਰਕਾਰੀ ਨੌਕਰੀ ਕਿਉਂ ਨਹੀਂ ਕਰ ਲੈਂਦੇ ?" ਮੈਂ ਉੱਤਰ ਦਿੱਤਾ, "ਸਰਦਾਰ ਸਾਹਿਬ! 45 ਸਾਲ ਦੀ ਉਮਰ ਵਿਚ ਮੈਨੂੰ ਸਰਕਾਰੀ ਨੌਕਰੀ ਕਿਹੜੀ ਤੇ ਕਿਵੇਂ ਮਿਲੇਗੀ?" ਕਹਿਣ ਲੱਗੇ, "ਮਿਲੇਗੀ ਕਿਉਂ ਨਹੀਂ ?" ਇਹ ਠੀਕ ਹੈ ਕਿ ਤੁਹਾਡੇ ਲਾਇਕ ਅਸਾਮੀਆਂ ਬਹੁਤਾ ਕਰਕੇ ਮਝੈਲ ਸਾਹਿਬ ਦੇ 'ਮੁੜ-ਵਸਾਊ ਮਹਿਕਮੇ' ਵਿਚ ਹਨ, ਪਰ ਉਹ ਤੁਹਾਨੂੰ ਚੰਗੀ ਤਰ੍ਹਾਂ ਜਾਣਦੇ ਹਨ ਤੇ ਮੈਂ ਵੀ ਤੁਹਾਡੇ ਬਾਰੇ ਉਨ੍ਹਾਂ ਨੂੰ ਆਖਾਂਗਾ।" ਬੜੀ ਹੈਰਾਨੀ ਹੋਈ ; ਕੈਰੋਂ ਸਾਹਿਬ ਕਿਵੇਂ ਜਾਣਦੇ ਹਨ ਕਿ ਮੈਂ ਕੁਝ ਪੜ੍ਹਿਆ-ਲਿਖਿਆ ਹਾਂ। ਉਹ ਕਾਂਗਰਸੀ ਸਨ ਤੇ ਮੇਰਾ ਕਾਰਜ-ਖੇਤਰ ਅਕਾਲੀ ਦਲ ਸੀ। ਗੱਲ ਕਰਨੀ ਤਾਂ ਕਿਤੇ ਰਹੀ, ਮੈਂ ਤਾਂ ਉਨ੍ਹਾਂ ਨੂੰ ਕਦੀ ਮਿਲਿਆ ਤਕ ਨਹੀਂ ਸਾਂ।

ਖ਼ੈਰ! ਅਸੀਂ ਪਰਮਿਟ ਲੈ ਕੇ ਵਾਪਸ ਆ ਗਏ। ਮੈਂ ਤਾਂ ਆਪਣਾ ਪਰਮਿਟ ਕਦੀ ਵੇਖਿਆ ਹੀ ਨਹੀਂ ਸੀ। ਤੇ ਬਾਅਦ ਵਿਚ ਪਤਾ ਲੱਗਾ ਕਿ ਹੋਰ ਕਿਸੇ ਨੇ ਵੀ ਪਰਮਿਟ ਵਿੱਚੋਂ ਖੱਟਿਆ ਕੁਝ ਨਹੀਂ ਸੀ। ਮੇਰੇ ਲਈ ਮਝੈਲ ਸਾਹਿਬ ਨੂੰ ਮਿਲਣਾ ਜ਼ਰੂਰੀ ਹੋ ਗਿਆ। ਮਿਲ ਕੇ ਨੌਕਰੀ ਬਾਰੇ ਆਖਿਆ, ਤਾਂ ਉਹ ਬੋਲੇ, "ਤੁਸੀਂ ਕਿਹੋ ਜਿਹੀ ਨੌਕਰੀ ਚਾਹੁੰਦੇ ਹੋ ?" ਮੈਂ ਉੱਤਰ ਦਿੱਤਾ, "ਮਝੈਲ ਸਾਹਿਬ! ਮੈਨੂੰ ਕੀ ਪਤਾ, ਪਰ ਸੁਣਿਆ ਹੈ ਕਿ ਸਾਡੇ ਸ਼ਹਿਰ ਦੇ ਦੋ ਸੱਜਣ—ਸ. ਇੰਦਰ ਸਿੰਘ ਵਕੀਲ ਤੇ ਮਾਸਟਰ ਧਿਆਨ ਸਿੰਘ ਜੀ 'ਸ਼ਹਿਰੀ ਮੁੜ-ਵਸਾਊ ਇਨਸਪੈਕਟਰ' ਲੱਗੇ ਹੋਏ ਹਨ। ਕੋਈ ਇਹੋ ਜਿਹੀ ਥਾਂ ਮੈਨੂੰ ਵੀ ਦਿਵਾ ਦਿਓ।" ਮਝੈਲ ਸਾਹਿਬ ਕਹਿਣ ਲੱਗੇ, "ਗਿਆਨੀ ਜੀ! ਇਹ ਅਸਾਮੀਆਂ ਤਾਂ ਛੋਟੇ-ਮੋਟੇ ਆਦਮੀਆਂ ਵਾਲੀਆਂ ਹਨ। ਤੁਸਾਂ ਆਪਣਾ ਮੁੱਲ ਬਹੁਤ ਥੋੜਾ ਪਾਇਆ ਹੈ। ਤੁਸੀਂ ਜਾਣਦੇ ਹੀ ਨਹੀਂ ਕਿ ਮੇਰੇ ਦਿਲ ਵਿਚ ਤੁਹਾਡੀ ਕਿੰਨੀ ਕਦਰ ਹੈ। ਇਨ੍ਹਾਂ ਨੌਕਰੀਆਂ ਵਿਚ ਤਨਖ਼ਾਹ ਹੈ ਪੌਣੇ ਤਿੰਨ ਸੌ ਰੁਪਏ ਮਹੀਨਾ ਤੇ ਇਨ੍ਹਾਂ ਨੇ ਬਹੁਤ ਛੇਤੀ ਖ਼ਤਮ ਹੋ ਜਾਣਾ ਹੈ। ਮੈਂ ਤਾਂ ਤੁਹਾਡੇ ਵਾਸਤੇ ਇਕ ਬੜੀ ਵੱਡੀ ਅਸਾਮੀ ਰਾਖਵੀਂ ਰੱਖੀ ਹੋਈ ਹੈ। ਇਸ ਵੇਲੇ ਸਾਡੇ ਸ਼ਰਨਾਰਥੀ ਕੈਂਪਾਂ ਦਾ ਪ੍ਰਬੰਧ ਵਿਦਿਅਕ ਮਹਿਕਮੇ ਦੇ ਅਫ਼ਸਰ ਤੇ ਅਧਿਆਪਕ ਕਰ ਰਹੇ ਹਨ। ਪਹਿਲੀ ਮਾਰਚ ਤੋਂ ਸਕੂਲ ਖੁਲ੍ਹ ਜਾਣੇ ਹਨ ਤੇ ਅਸਾਂ ਕੈਂਪਾਂ ਲਈ ਨਵਾਂ ਅਮਲਾ ਭਰਤੀ ਕਰਨਾ ਹੈ। ਹਰੇਕ ਕੈਂਪ ਵਿਚ ਕੈਂਪ-ਕਮਾਂਡੈਂਟ ਸਭ ਤੋਂ ਵੱਡਾ ਅਫ਼ਸਰ ਹੋਵੇਗਾ—ਤਨਖ਼ਾਹ ਪੰਜ ਸੌ ਰੁਪਏ ਮਹੀਨਾ, ਤੇ ਹੋ ਸਕਦਾ ਹੈ ਇਹ ਕੈਂਪ ਦੋ ਸਾਲ ਤਕ ਚਲ ਜਾਣ। ਮੈਂ ਤੁਹਾਡੇ ਲਈ ਕੈਂਪ-ਕਮਾਂਡੈਂਟ ਦੀ ਅਸਾਮੀ ਸੋਚੀ ਹੋਈ ਹੈ। ਤੁਸਾਂ ਜਨਵਰੀ ਦੇ ਅੱਧ ਤਕ ਆਪਣੀ ਅਰਜ਼ੀ ਭੇਜ ਦੇਣੀ।"

ਹੈਰਾਨੀ ਤੇ ਹੈਰਾਨੀ ! ਮਝੈਲ ਸਾਹਿਬ ਨੂੰ ਆਪਣੇ ਆਪ ਮੇਰਾ ਇੰਨਾ ਖ਼ਿਆਲ, ਤੇ ਮੈਨੂੰ ਪਤਾ ਤਕ ਨਹੀਂ। ਉਸ ਵੇਲੇ ਜਲੰਧਰ ਦੇ ਡਿਪਟੀ ਕਮਿਸ਼ਨਰ ਚੌਧਰੀ ਸੁੰਦਰ ਦਾਸ ਮਿੱਢਾ ਸਨ,

ਜੋ ਬੜਾ ਚਿਰ ਗੁਜਰਾਂਵਾਲੇ ਡਿਪਟੀ ਕਮਿਸ਼ਨਰ ਰਹੇ ਸਨ ਤੇ ਮੈਨੂੰ ਚੰਗੀ ਤਰ੍ਹਾਂ ਜਾਣਦੇ ਸਨ। ਮੈਂ ਸੋਚਿਆ ਕਿ ਭਾਵੇਂ ਇੰਨੀ ਵੱਡੀ ਨੌਕਰੀ ਮਝੈਲ ਸਾਹਿਬ ਦੀ ਬਦੌਲਤ ਹੀ ਮਿਲਣੀ ਹੈ, ਪਰ ਮੈਨੂੰ ਆਪਣਾ ਕੇਸ ਮਜ਼ਬੂਤ ਕਰਨ ਲਈ ਉਨ੍ਹਾਂ ਕੋਲੋਂ ਸਰਟੀਫ਼ਿਕੇਟ ਲੈ ਲੈਣਾ ਚਾਹੀਦਾ ਹੈ। ਸੋ ਮੈਂ ਉਨ੍ਹਾਂ ਨੂੰ ਮਿਲਣ ਗਿਆ। ਕੋਠੀ ਦੇ ਬਾਹਰ ਮਿਲਣ ਵਾਲਿਆਂ ਦੀ ਭੀੜ ਲੱਗੀ ਹੋਈ ਸੀ। ਪਤਾ ਨਹੀਂ ਕਿਸ ਤਰ੍ਹਾਂ ਅੰਦਰੋਂ ਹੀ ਉਨ੍ਹਾਂ ਨੇ ਮੈਨੂੰ ਵੇਖ ਲਿਆ ਤੇ ਚਪੜਾਸੀ ਭੇਜ ਕੇ ਅੰਦਰ ਬੁਲਾ ਲਿਆ। ਬੜੀ ਗਰਮਜੋਸ਼ੀ ਨਾਲ ਮਿਲੇ ਤੇ ਹਾਲ ਚਾਲ ਪੁੱਛਿਆ। ਜਦ ਮੈਂ ਉਨ੍ਹਾਂ ਨੂੰ ਆਪਣੇ ਕੰਮ ਬਾਰੇ ਦੱਸਿਆ, ਤਾਂ ਉਨ੍ਹਾਂ ਨੇ ਉਸੇ ਵੇਲੇ ਇੰਨਾ ਵਧੀਆ ਸਰਟੀਫ਼ਿਕੇਟ ਲਿਖ ਦਿੱਤਾ, ਜੋ ਮੇਰੇ ਕੀਤੇ ਕੰਮ ਤੋਂ ਵੀ ਵਧ ਕੇ ਸੀ। ਉਹਦੇ ਵਿਚ ਉਨ੍ਹਾਂ ਦੇ ਇਹ ਵਾਕ ਵਿਸ਼ੇਸ਼ ਵਰਣਨ ਯੋਗ ਹਨ, "Giani Lal Singh is a selfless Leader. He served the Hindus and Sikhs of Gujranwala with distinction during disturbances." (ਗਿਆਨੀ ਲਾਲ ਸਿੰਘ ਇਕ ਨਿਸ਼ਕਾਮ ਆਗੂ ਹੈ ; ਇਸ ਨੇ ਗੜਬੜ ਵਿਚ ਹਿੰਦੂਆਂ-ਸਿੱਖਾਂ ਦੀ ਬੜੀ ਧੜੱਲੇ ਨਾਲ ਸੇਵਾ ਕੀਤੀ ਹੈ।) ਮੈਂ ਆਪਣੀ ਅਰਜ਼ੀ ਵਿਚ ਹੋਰ ਗੱਲਾਂ ਤੋਂ ਛੁੱਟ ਲਿਖਿਆ ਕਿ "ਮੈਂ ਗੁਜਰਾਂਵਾਲੇ ਵਿਚ ਚਾਰ ਮਹੀਨੇ ਬੇ-ਘਰੇ ਲੋਕਾਂ ਲਈ ਕੈਂਪ ਚਲਾਂਦਾ ਰਿਹਾ ਹਾਂ।" ਅਤੇ ਮਿੱਢਾ ਸਾਹਿਬ ਦਾ ਸਰਟੀਫ਼ਿਕੇਟ ਨਾਲ ਟਾਂਕ ਕੇ ਅਰਜ਼ੀ ਦਫ਼ਤਰ ਵਿਚ ਭੇਜ ਦਿੱਤੀ।

ਮੈਂ ਜਲੰਧਰ ਆ ਗਿਆ ਸਾਂ, ਕੁਝ ਬੇਫ਼ਿਕਰੀ ਹੋ ਗਈ ਸੀ ਤੇ ਵਿਹਲਾ ਵੀ ਸਾਂ। ਲਗ ਪਗ ਰੋਜ਼ ਹੀ ਮਝੈਲ ਸਾਹਿਬ ਦੀ ਕੋਠੀ ਦਾ ਚੱਕਰ ਲੱਗਦਾ। ਉੱਥੇ ਗ਼ਰਜ਼ਮੰਦਾਂ ਦੀ ਚੋਖੀ ਭੀੜ ਲੱਗੀ ਹੋਈ ਹੁੰਦੀ ਸੀ ਤੇ ਬੜਾ ਕੁਝ ਵੇਖਣ-ਸੁਣਨ ਨੂੰ ਮਿਲਦਾ ਸੀ। ਇਕ ਦਿਨ ਮਝੈਲ ਜੀ ਨੇ ਦੱਸਿਆ ਕਿ ਫ਼ਲਾਣੀ ਥਾਂ ਸ਼ਰਨਾਰਥੀਆਂ ਦਾ ਜਲਸਾ ਹੈ ਤੇ ਉਨ੍ਹਾਂ ਨੇ ਉੱਥੇ ਜਾਣਾ ਹੈ।" ਕਾਰ ਤਿਆਰ ਖੜੀ ਸੀ। ਪੰਜ ਚਾਰ ਬੰਦੇ ਧੁਸ ਦੇ ਕੇ ਪਿਛਲੀਆਂ ਸੀਟਾਂ ਵਿਚ ਘੁਸ ਗਏ। ਮਝੈਲ ਸਾਹਿਬ ਅਗਲੀ ਸੀਟ ਤੇ ਬੈਠੇ ਅਤੇ ਉਨ੍ਹਾਂ ਨੇ ਮੈਨੂੰ ਖਿਚ ਕੇ ਆਪਣੇ ਨਾਲ ਬਿਠਾ ਲਿਆ। ਜਲਸੇ ਵਿਚ ਪਹੁੰਚੇ। ਅਗਲੀ ਕਤਾਰ ਵਿਚ ਕੁਰਸੀਆਂ ਲੱਗੀਆਂ ਹੋਈਆਂ ਸਨ। ਮੈਂ ਉਤਰ ਕੇ ਇਕ ਕੁਰਸੀ ਤੇ ਜਾ ਬੈਠਾ। ਸਟੇਜ ਤੇ ਦੋ ਕੁਰਸੀਆਂ ਸਨ—ਇਕ ਤੇ ਮਝੈਲ ਸਾਹਿਬ ਅਤੇ ਦੂਜੀ ਉੱਤੇ ਡਿਪਟੀ ਕਮਿਸ਼ਨਰ ਮਿੱਢਾ ਸਾਹਿਬ ਉਨ੍ਹਾਂ ਦੇ ਖੱਬੇ ਪਾਸੇ। ਮਝੈਲ ਜੀ ਨੇ ਆਪਣੇ ਸੱਜੇ ਪਾਸੇ ਇਕ ਕੁਰਸੀ ਹੋਰ ਰਖਾਈ। ਇਕ ਚਪੜਾਸੀ ਭੇਜ ਕੇ ਮੈਨੂੰ ਬੁਲਾਇਆ ਤੇ ਉੱਪਰ ਬਿਠਾ ਲਿਆ। ਇਹ ਠੀਕ ਹੈ ਕਿ ਵਜ਼ੀਰ ਤੇ ਅਫ਼ਸਰ ਆਪਣੇ ਚਮਚਿਆਂ, ਖ਼ੁਸ਼ਾਮਦੀਆਂ ਤੇ ਸਹਾਇਕਾਂ ਨੂੰ ਸਮੇਂ ਸਮੇਂ ਨਿਵਾਜਦੇ ਤੇ ਉਨ੍ਹਾਂ ਦੇ ਕੰਮ ਕਰਦੇ ਰਹਿੰਦੇ ਹਨ, ਪਰ ਮੈਂ ਤਾਂ ਇਨ੍ਹਾਂ ਵਿਚੋਂ ਕਿਸੇ ਸ਼੍ਰੇਣੀ ਵਿਚ ਨਹੀਂ ਆਉਂਦਾ ਸਾਂ। ਮੇਰੇ ਜਿਹੇ ਤੁੱਛ ਪੁਰਸ਼ ਨੂੰ ਇਸ ਤਰ੍ਹਾਂ ਵਡਿਆਣਾ ਉਨ੍ਹਾਂ ਦਾ ਆਪਣਾ ਵਡੱਪਣ ਸਮਝਣਾ ਚਾਹੀਦਾ ਹੈ। ਇੱਥੇ ਹੀ ਬੱਸ ਨਹੀਂ, ਮੇਰੀ ਕੈਂਪ-ਕਮਾਂਡੰਟੀ ਦੇ ਸਮੇਂ ਵਿਚ ਮਝੈਲ ਸਾਹਿਬ ਹਮੇਸ਼ਾ ਮੇਰਾ ਖ਼ਿਆਲ ਰਖਦੇ ਰਹੇ। ਉਨ੍ਹਾਂ ਤੋਂ ਪਿਛੋਂ ਕੈਰੋਂ ਸਾਹਿਬ 'ਮੁੜ-ਵਸਾਊ ਮਹਿਕਮੇ' ਦੇ ਵਜ਼ੀਰ ਬਣੇ ਤੇ ਉਨ੍ਹਾਂ ਨੇ ਵੀ ਲੋੜ ਪੈਣ ਤੇ ਮੇਰੀ ਦਿਲੋਂ-ਵਜੋਂ ਮਦਦ ਕੀਤੀ। ਅੱਗੇ ਚਲ ਕੇ ਥਾਂ ਸਿਰ ਇਨ੍ਹਾਂ ਦਾ ਜ਼ਿਕਰ ਆਉਂਦਾ ਰਹੇਗਾ। ਇਸ ਵੇਲੇ ਇਹ ਦੋਵੇਂ ਸੱਜਣ ਇਸ ਸੰਸਾਰ ਵਿਚ ਨਹੀਂ ਹਨ। ਇੱਥੇ ਮੈਂ ਕੁਝ ਵਿਸਥਾਰ ਨਾਲ ਇਨ੍ਹਾਂ ਦੀ ਖੁਲ੍ਹਦਿਲੀ ਤੇ ਸੁਹਿਰਦਤਾ ਵਾਲੇ ਵਤੀਰੇ ਦਾ ਵਰਣਨ ਕੇਵਲ ਆਪਣੀ ਕ੍ਰਿਤਗਯਤਾ ਜਤਾਉਣ ਲਈ ਕੀਤਾ ਹੈ।

ਉਂਜ ਇਹ ਇਕ ਸੁਭਾਵਕ ਗੱਲ ਹੈ ਕਿ ਮੰਤਰੀ-ਗਣ ਆਮ ਤੌਰ ਤੇ ਇਹੋ ਜਿਹੀ ਮਦਦ ਆਪਣੀ ਪਾਰਟੀ ਦੇ ਅਤੇ ਆਪਣੇ ਦ੍ਰਿਸ਼ਟੀਕੋਣ ਵਾਲੇ ਵਿਅਕਤੀਆਂ ਦੀ ਹੀ ਕਰਦੇ ਹਨ ਅਤੇ ਇਹ ਉਮੀਦ ਵੀ ਰਖਦੇ ਹਨ ਕਿ ਉਨ੍ਹਾਂ ਤੋਂ ਵਰੋਸਾਏ ਹੋਏ ਆਦਮੀ ਲੋੜ ਪੈਣ ਤੇ ਉਨ੍ਹਾਂ ਦਾ ਪੱਖ

ਪੂਰਨਗੇ। ਪਰ ਅਗਲੇ ਪੰਦਰ੍ਹਾਂ ਸਾਲਾਂ ਦੇ ਸਮੇਂ ਵਿਚ ਮੈਂ ਵੇਖਿਆ ਕਿ ਇਸ ਸੰਬੰਧ ਵਿਚ ਮਝੈਲ ਹੋਰਾਂ ਤੇ ਕੈਰੋਂ ਸਾਹਿਬ ਵਿਚ ਬੜਾ ਫ਼ਰਕ ਸੀ। ਪ੍ਰਤਾਪ ਸਿੰਘ ਪੱਕੇ ਕਾਂਗਰਸੀ ਸਨ ਤੇ ਲਗ ਪਗ ਹਮੇਸ਼ਾ ਹੀ ਹਕੂਮਤ ਵਿਚ ਰਹੇ। ਮਝੈਲ ਜੀ ਅਕਾਲੀ-ਕਾਂਗਰਸੀ ਸਨ, ਅਰਥਾਤ ਕਾਂਗਰਸ ਨਾਲ ਮਿਲ ਕੇ ਚੱਲਣ ਵਾਲੇ। ਮੈਂ ਕਾਂਗਰਸ ਦੇ ਸਿਖ-ਵਿਰੋਧੀ ਵਤੀਰੇ ਤੋਂ ਬੇਜ਼ਾਰ ਸਾਂ ਤੇ ਇਨ੍ਹਾਂ ਦੇ ਦ੍ਰਿਸ਼ਟੀਕੋਣ ਨਾਲ ਸਹਿਮਤ ਨਹੀਂ ਹੋ ਸਕਦਾ ਸਾਂ। ਮੇਰੇ ਲੱਗਣ ਤੋਂ ਝਟ ਬਾਅਦ ਹੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੇ ਮਾਮਲੇ ਉੱਤੇ ਕਾਂਗਰਸੀ-ਅਕਾਲੀਆਂ ਤੇ ਮਾਸਟਰ ਤਾਰਾ ਸਿੰਘ ਦੇ ਧੜੇ ਵਿਚਕਾਰ ਮੁਕਾਬਲਾ ਹੋ ਗਿਆ। ਗੁਜਰਾਂਵਾਲੇ ਤੋਂ ਸ਼੍ਰੋਮਣੀ ਕਮੇਟੀ ਦੇ ਦੋ ਮੈਂਬਰ ਸਨ—ਸ. ਸੰਤ ਸਿੰਘ ਅਰੂਪ ਤੇ ਸ. ਸ਼ੁਕਰ ਸਿੰਘ। ਮੈਨੂੰ ਮਝੈਲ ਹੋਰਾਂ ਦੇ ਇਕ ਚਮਚੇ ਨੇ ਆਖਿਆ ਕਿ ਮੈਂ ਇਹ ਦੋਵੇਂ ਵੋਟਾਂ ਕਾਂਗਰਸੀ-ਅਕਾਲੀ ਉਮੀਦਵਾਰ (ਜਥੇਦਾਰ ਊਧਮ ਸਿੰਘ ਨਾਗੋਕੇ) ਨੂੰ ਪੁਆਵਾਂ, ਪਰ ਮੈਂ ਨਾਂਹ ਕਰ ਦਿੱਤੀ। ਉਨ੍ਹਾਂ ਨੇ ਜ਼ੋਰ ਦੇ ਕੇ ਆਖਿਆ ਕਿ ਮਝੈਲ ਸਾਹਿਬ ਨੇ ਹੁਣੇ ਹੀ ਤੁਹਾਨੂੰ ਕੈਂਪ-ਕਮਾਂਡੈਂਟ ਲਗਵਾਇਆ ਹੈ ਤੇ ਤੁਸੀਂ ਉਨ੍ਹਾਂ ਲਈ ਇੰਨਾ ਵੀ ਨਹੀਂ ਕਰ ਸਕਦੇ। ਮੇਰਾ ਉੱਤਰ ਸੀ ਕਿ ਮਝੈਲ ਹੋਰਾਂ ਨੇ ਮੈਨੂੰ ਕੈਂਪ-ਕਮਾਂਡੈਂਟ ਲਗਵਾਣ ਵੇਲੇ ਮੇਰੇ ਕੋਲੋਂ ਜ਼ਮੀਰ ਵੇਚਣ ਦਾ ਵਚਨ ਨਹੀਂ ਲਿਆ ਸੀ। ਸਾਡੇ ਦੋਹਾਂ ਮੈਂਬਰਾਂ ਨੇ ਜਥੇਦਾਰ ਨਾਗੋਕੇ ਦੇ ਵਿਰੁੱਧ ਵੋਟ ਦਿੱਤਾ, ਭਾਵੇਂ ਉਹ ਕਾਮਯਾਬ ਹੋ ਗਏ, ਕਿਉਂਕਿ ਬਹੁਤੇ ਮੈਂਬਰਾਂ ਨੇ ਕੈਰੋਂ ਸਾਹਿਬ ਤੇ ਮਝੈਲ ਜੀ ਦੇ ਪ੍ਰਭਾਵ ਹੇਠ ਉਨ੍ਹਾਂ ਨੂੰ ਵੋਟ ਪਾਏ ਸਨ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ 1961 ਦੀ ਚੋਣ ਵੇਲੇ ਵੀ ਮੈਂ ਤੇ ਮਝੈਲ ਸਾਹਿਬ ਆਹਮੋ-ਸਾਹਮਣੇ ਵਖ ਵਖ ਕੈਂਪਾਂ ਵਿਚ ਕੰਮ ਕਰਦੇ ਰਹੇ, ਪਰ ਉਨ੍ਹਾਂ ਕਦੇ ਵੀ ਮੈਨੂੰ ਆਪਣਾ ਦ੍ਰਿਸ਼ਟੀਕੋਣ ਬਦਲਣ ਲਈ ਮਜਬੂਰ ਨਹੀਂ ਕੀਤਾ। ਉਹ ਹਮੇਸ਼ਾ ਹੀ ਮੈਨੂੰ ਖਿੜੇ ਮੱਥੇ ਮਿਲਦੇ ਤੇ ਲੋੜ ਪੈਣ ਤੇ ਮੇਰੀ ਮਦਦ ਵੀ ਕਰਦੇ ਰਹੇ। ਇਸ ਦੇ ਉਲਟ ਕੈਰੋਂ ਸਾਹਿਬ ਆਮ ਕੂਟ-ਨੀਤੱਗਾਂ ਵਾਂਗ ਬੜੇ ਚਤਰ ਸਨ ਤੇ ਆਪਣੇ ਵਿਰੁਧ ਚੱਲਣ ਵਾਲੇ ਮਿੱਤਰਾਂ ਕੋਲੋਂ ਵੀ ਬਦਲਾ ਲੈਣ ਤੋਂ ਸੰਕੋਚ ਨਹੀਂ ਕਰਦੇ ਸਨ। 1961 ਵਿਚ ਪੰਜਾਬੀ ਸੂਬੇ ਦਾ ਦੂਜਾ ਮੋਰਚਾ ਲੱਗਾ ਸੀ। ਉਸ ਵੇਲੇ ਕੈਰੋਂ ਸਾਹਿਬ ਮੁਖ ਮੰਤਰੀ ਸਨ। ਮੈਂ ਓਦੋਂ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੀ ਪ੍ਰਬੰਧਕ ਕਮੇਟੀ ਦਾ ਸਕੱਤਰ ਸਾਂ ਅਤੇ ਮੇਰੇ ਸਾਥੀ ਸ. ਅਵਤਾਰ ਸਿੰਘ ਖ਼ਾਲਸਾ, ਗਿਆਨੀ ਰਘਬੀਰ ਸਿੰਘ ਤੇ ਗਿ. ਹਰਜੀਤ ਸਿੰਘ ਆਦਿ ਇਸ ਦੇ ਮੈਂਬਰ ਸਨ। ਅਸਾਂ ਸਾਰਿਆਂ ਨੇ ਇਸ ਮੋਰਚੇ ਵਿਚ ਭਰਪੂਰ ਹਿੱਸਾ ਲਿਆ ਸੀ ਤੇ ਗ੍ਰਿਫ਼ਤਾਰ ਹੋਏ ਸਾਂ। ਇਸ ਦਾ ਕੁਝ ਪ੍ਰਭਾਵ ਕਾਲਜ ਦੇ ਸਟਾਫ਼ ਅਤੇ ਵਿਦਿਆਰਥੀਆਂ ਤੇ ਵੀ ਪਿਆ ਸੀ, ਪਰ ਅਸਾਂ ਸਿੱਧੇ ਤੌਰ ਤੇ ਉਨ੍ਹਾਂ ਨੂੰ ਸਰਕਾਰ ਦਾ ਵਿਰੋਧ ਕਰਨ ਲਈ ਕਦੀ ਨਹੀਂ ਉਕਸਾਇਆ ਸੀ। ਇਸ ਤੋਂ ਕੁਝ ਚਿਰ ਬਾਅਦ ਕਿਸੇ ਮਾਮਲੇ ਤੇ ਪ੍ਰਬੰਧਕ ਕਮੇਟੀ ਦੀ ਕਾਲਜ ਦੇ ਪ੍ਰਿੰਸੀਪਲ ਨਾਲ ਅਣਬਣ ਹੋ ਗਈ। ਉਨ੍ਹਾਂ ਨੇ ਕੈਰੋਂ ਸਾਹਿਬ ਨੂੰ ਮਿਲ ਕੇ ਆਖਿਆ, "ਕਾਲਜ ਦੀ ਕਮੇਟੀ ਉੱਤੇ ਅਕਾਲੀ ਛਾਏ ਹੋਏ ਹਨ। ਇਨ੍ਹਾਂ ਨੇ ਨਾ-ਕੇਵਲ ਆਪ ਪੰਜਾਬੀ ਸੂਬੇ ਦੇ ਮੋਰਚੇ ਵਿਚ ਹਿੱਸਾ ਲਿਆ ਸੀ, ਸਗੋਂ ਪ੍ਰੋਫ਼ੈਸਰਾਂ ਤੇ ਵਿਦਿਆਰਥੀਆਂ ਨੂੰ ਵੀ ਸਰਕਾਰ ਦਾ ਵਿਰੋਧ ਕਰਨ ਲਈ ਪ੍ਰੇਰਿਆ ਸੀ। ਮੈਂ ਕਾਂਗਰਸੀ ਹਾਂ ਤੇ ਕਮੇਟੀ ਦੇ ਇਨ੍ਹਾਂ ਜਤਨਾਂ ਦਾ ਵਿਰੋਧ ਕੀਤਾ ਸੀ, ਇਸ ਲਈ ਕਮੇਟੀ ਮੇਰੇ ਵਿਰੁੱਧ ਹੋ ਗਈ ਹੈ।" ਕੈਰੋਂ ਸਾਹਿਬ ਨੂੰ ਇੰਨਾ ਤਾਅ ਚੜ੍ਹਿਆ ਕਿ ਬਿਨਾਂ ਸਾਨੂੰ ਪੁੱਛੇ ਵਾਈਸ ਚਾਂਸਲਰ ਨੂੰ ਪ੍ਰਿੰਸੀਪਲ ਸਾਹਿਬ ਦੀ ਹਮਾਇਤ ਕਰਨ ਲਈ ਆਖ ਦਿੱਤਾ। ਜਦੋਂ ਅਸੀਂ ਉਨ੍ਹਾਂ ਨੂੰ ਇਸ ਸੰਬੰਧ ਵਿਚ ਮਿਲੇ, ਤਾਂ ਉਨ੍ਹਾਂ ਦੀਆਂ ਅੱਖਾਂ ਫਿਰੀਆਂ ਹੋਈਆਂ ਸਨ। ਉਨ੍ਹਾਂ ਨੇ ਨਾ-ਕੇਵਲ ਸਾਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ, ਸਗੋਂ ਧਮਕੀ ਦਿੱਤੀ ਕਿ ਉਹ ਕਾਲਜ ਦੀ ਗਰਾਂਟ ਬੰਦ ਕਰਾ ਦੇਣਗੇ। ਇਸ ਸੰਬੰਧ ਵਿਚ ਮੈਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਹਸ਼ਰ ਦਾ ਪਤਾ ਸੀ। ਉੱਥੇ ਕਾਲਜ ਦੇ ਪ੍ਰਿੰਸੀਪਲ ਸ. ਹਰਬੰਤ

ਸਿੰਘ ਨੇ ਇਸ ਮੋਰਚੇ ਵਿਚ ਸਰਗਰਮ ਹਿੱਸਾ ਲਿਆ ਸੀ ਤੇ ਸਰਕਾਰ ਦੇ ਵਿਰੁੱਧ ਬਿਆਨ ਦਿੱਤੇ ਸਨ। ਸਰਕਾਰ ਕੈਰੋਂ ਨੇ ਕਾਲਜ ਦੀ 45000/- ਸਾਲਾਨਾ ਦੀ ਗਰਾਂਟ ਬੰਦ ਕਰਵਾ ਦਿੱਤੀ ਸੀ ਤੇ ਕਾਲਜ ਕੌਂਸਲ ਨੂੰ ਮਜਬੂਰ ਹੋ ਕੇ ਪ੍ਰਿੰਸੀਪਲ ਸਾਹਿਬ ਨੂੰ ਫ਼ਾਰਗ਼ ਕਰਨਾ ਪਿਆ ਸੀ। ਸੋ ਅਸਾਂ ਵੀ ਕਾਲਜ ਦੇ ਹਿਤ ਨੂੰ ਮੁਖ਼ ਰਖਦਿਆਂ ਹੋਇਆਂ ਝੁਕ ਜਾਣ ਵਿਚ ਹੀ ਸਲਾਮਤੀ ਸਮਝੀ ਤੇ ਮੁਅੱਤਲ ਕੀਤੇ ਪ੍ਰਿੰਸੀਪਲ ਨੂੰ ਬਹਾਲ ਕਰ ਦਿੱਤਾ।

ਕੈਂਪ-ਕਮਾਂਡੰਟਾਂ ਦੀਆਂ ਅਸਾਮੀਆਂ ਭਰਨ ਲਈ ਇੰਟਰਵੀਊ ਦਾ ਦਿਨ ਆ ਗਿਆ। ਫ਼ਰਵਰੀ ਦਾ ਆਖ਼ਰੀ ਦਿਨ ਜਾਂ ਪਹਿਲੀ ਮਾਰਚ ਹੋਵੇਗੀ। ਸਕੱਤਰੇਤ ਵਿਚ ਇੰਟਰਵੀਊ-ਕਮਰੇ ਦੇ ਬਾਹਰ ਉਮੀਦਵਾਰਾਂ ਦੀ ਭੀੜ ਲੱਗੀ ਹੋਈ ਸੀ। ਇਨ੍ਹਾਂ ਵਿਚ ਮੇਰੇ ਇਕ ਵਾਕਿਫ਼ ਵੀ ਸਨ—ਸ. ਈਸ਼ਰ ਸਿੰਘ, ਜੋ ਬੜਾ ਚਿਰ ਗੁਰਦੁਆਰਾ ਪੰਜਾ ਸਾਹਿਬ ਦੇ ਮੈਨੇਜਰ ਲੱਗੇ ਰਹੇ ਸਨ। ਅੱਜ ਉਹ ਬੜੇ ਅਨੋਖੇ ਰੂਪ ਵਿਚ ਸਨ—ਨੀਲੀ ਪਗੜੀ ਦੀ ਥਾਂ ਖੱਦਰ ਦੀ ਚਿੱਟੀ ਪੱਗ, ਕਮੀਜ਼ ਪਜਾਮਾ ਵੀ ਖੱਦਰ ਦਾ। ਬੜੇ ਓਪਰੇ ਲਗ ਰਹੇ ਸਨ। ਮੈਂ ਪੁੱਛਿਆ, “ਸ. ਈਸ਼ਰ ਸਿੰਘ ! ਇਹ ਕੀ ਬਹਿਰੂਪ ਬਣਾਇਆ ਹੈ ?” ਬੋਲੇ, “ਕੀ ਕਰੀਏ ! ਸਰਕਾਰੀ ਨੌਕਰੀ ਜੂ ਕਰਨੀ ਹੋਈ !” ਮੈਂ ਆਖਿਆ, “ਸ. ਈਸ਼ਰ ਸਿੰਘ ! ਜਿਨ੍ਹਾਂ ਦੀ ਬਦੌਲਤ ਸਾਨੂੰ ਨੌਕਰੀ ਮਿਲਣੀ ਹੈ, ਉਨ੍ਹਾਂ ਨੇ ਤਾਂ ਆਪ ਨੀਲੀ ਪਗੜੀ ਬੰਨ੍ਹੀ ਹੋਈ ਹੈ।” ਉੱਤਰ ਸੀ, “ਭਈ ! ਉਹ ਤਾਂ ਵੱਡੇ ਆਦਮੀ ਹਨ ਤੇ ਅਸੀਂ ਹੋਏ ਮੁਲਾਜ਼ਮ।” ਗੱਲ ਮੁਕ ਗਈ। ਕੁਝ ਚਿਰ ਬਾਅਦ ਉਨ੍ਹਾਂ ਨੇ ਮੈਨੂੰ ਆਖਿਆ, “ਗਿਆਨੀ ਜੀ ! ਅੰਦਰ ਸਭ ਉਮੀਦਵਾਰਾਂ ਨੂੰ ਦੱਸਿਆ ਜਾਂਦਾ ਹੈ ਕਿ ਕੈਂਪ-ਕਮਾਂਡੰਟਾਂ ਦੀਆਂ ਅਸਾਮੀਆਂ ਬਹੁਤ ਥੋੜੀਆਂ ਹਨ। ਇਸ ਦੇ ਮੁਕਾਬਲੇ ਵਿਚ ਡਿਪਟੀ ਕੈਂਪ-ਕਮਾਂਡੰਟਾਂ ਦੀਆਂ ਤਿਗਣੀਆਂ ਹਨ। ਤਨਖ਼ਾਹਾਂ ਵਿਚ ਕੋਈ ਬਹੁਤਾ ਫ਼ਰਕ ਨਹੀਂ; ਡਿਪਟੀ ਨੂੰ ਵੀ ਚਾਰ ਸੌ ਰੁਪਏ ਮਹੀਨਾ ਮਿਲਣਗੇ। ਫਿਰ ਪੁੱਛਿਆ ਜਾਂਦਾ ਹੈ ਕਿ ਜੇ ਤੁਹਾਨੂੰ ਕੈਂਪ-ਕਮਾਂਡੰਟ ਨਾ ਲਾਇਆ ਜਾ ਸਕੇ, ਤਾਂ ਡਿਪਟੀ ਬਣਨਾ ਮਨਜ਼ੂਰ ਕਰ ਲਓਗੇ ? ਦੱਸੋ ! ਤੁਹਾਡਾ ਕੀ ਵਿਚਾਰ ਹੈ ?” ਮੈਂ ਉੱਤਰ ਦਿੱਤਾ, “ਸ. ਈਸ਼ਰ ਸਿੰਘ ! ਮੈਨੂੰ ਮੇਰੀ ਯੋਗਤਾ ਨਾਲ ਨਾ ਕੈਂਪ-ਕਮਾਂਡੰਟੀ ਮਿਲ ਸਕਦੀ ਹੈ, ਨਾ ਡਿਪਟੀ ਕੈਂਪ-ਕਮਾਂਡੰਟੀ। ਇਹ ਤਾਂ ਮਝੈਲ ਹੋਰਾਂ ਦੀ ਬਦੌਲਤ ਮਿਲਣੀ ਹੈ ਤੇ ਉਨ੍ਹਾਂ ਨੇ ਮੇਰੇ ਨਾਲ ਕੈਂਪ-ਕਮਾਂਡੰਟ ਲਗਵਾਣ ਦੀ ਗੱਲ ਕੀਤੀ ਹੋਈ ਹੈ। ਜੇ ਉਹ ਆਖਣਗੇ ਕਿ ਤੂੰ ਡਿਪਟੀ ਹੀ ਲੱਗ ਜਾ, ਤਾਂ ਜ਼ਰੂਰ ਪ੍ਰਵਾਨ ਕਰ ਲਵਾਂਗਾ।” ਮੇਰੀ ਵਾਰੀ ਆਈ। ਮੁੜ-ਵਸਾਊ ਮਹਿਕਮੇ ਦੇ ਕਮਿਸ਼ਨਰ ਥਾਪਰ ਸਾਹਿਬ ਇੰਟਰਵੀਊ ਕਮੇਟੀ ਦੇ ਮੁਖੀ ਸਨ। ਉਨ੍ਹਾਂ ਨੇ ਆਖਿਆ, “ਅਸੀਂ ਮੰਨਦੇ ਹਾਂ ਕਿ ਤੁਸਾਂ ਸ਼ਰਨਾਰਥੀਆਂ ਦੀ ਬੜੀ ਸੇਵਾ ਕੀਤੀ ਹੈ, ਪਰ ਤੁਹਾਡੇ ਵਾਂਗ ਸੇਵਾ ਕਰਨ ਵਾਲੇ ਹੋਰ ਵੀ ਬਹੁਤ ਹਨ ਤੇ ਸਾਡੇ ਕੋਲ ਕੈਂਪ-ਕਮਾਂਡੰਟ ਦੀਆਂ ਬਹੁਤ ਥੋੜੀਆਂ ਅਸਾਮੀਆਂ ਹਨ। ਸੋ ਜੇ ਤੁਹਾਨੂੰ ਡਿਪਟੀ ਕੈਂਪ-ਕਮਾਂਡੰਟ ਨਿਯੁਕਤ ਕੀਤਾ ਜਾਏ, ਤਾਂ ਮਨਜ਼ੂਰ ਕਰ ਲਓਗੇ ?” ਮੈਂ ਨਾਂਹ ਵਿਚ ਉੱਤਰ ਦਿੱਤਾ ਤੇ ਇੰਟਰਵੀਊ ਖ਼ਤਮ ਹੋ ਗਿਆ। ਸ਼ਾਮ ਨੂੰ ਨਿਯੁਕਤੀਆਂ ਦੀ ਸੂਚੀ ਬਾਹਰ ਲਗ ਗਈ। ਸ. ਈਸ਼ਰ ਸਿੰਘ ਡਿਪਟੀ ਕੈਂਪ-ਕਮਾਂਡੰਟ ਬਣਾ ਦਿੱਤੇ ਗਏ ਸਨ। ਮੇਰਾ ਨਾਂ ਨਾ ਕੈਂਪ-ਕਮਾਂਡੰਟਾਂ ਵਿਚ ਸੀ ਤੇ ਨਾ ਡਿਪਟੀ ਕੈਂਪ-ਕਮਾਂਡੰਟਾਂ ਵਿਚ। ਮੈਂ ਮਝੈਲ ਸਾਹਿਬ ਨੂੰ ਇਹ ਰਿਪੋਰਟ ਦੇ ਦਿੱਤੀ ਤੇ ਉਨ੍ਹਾਂ ਨੇ “ਹੱਛਾ ਵੇਖਾਂਗੇ !” ਆਖ ਕੇ ਮੈਨੂੰ ਵਿਦਾ ਕਰ ਦਿੱਤਾ।

ਬਾਬੂ ਲਾਭ ਸਿੰਘ ਜਲੰਧਰੀ, ਜੋ ਛੇਵੀਂ ਆਲ ਇੰਡੀਆ ਅਕਾਲੀ ਕਾਨਫ਼ਰੰਸ ਗੁਜਰਾਂਵਾਲਾ ਦੇ ਪ੍ਰਧਾਨ ਸਨ, 5 ਮਾਰਚ 1947 ਨੂੰ ਮੁਸਲਮਾਨਾਂ ਦੇ ਹੱਥੋਂ ਕਤਲ ਹੋ ਗਏ ਸਨ ਤੇ 5 ਮਾਰਚ 1948 ਨੂੰ ਉਨ੍ਹਾਂ ਦੀ ਬਰਸੀ ਮਨਾਈ ਜਾ ਰਹੀ ਸੀ। ਸੰਤ ਹਜ਼ਾਰਾ ਸਿੰਘ, ਸ. ਅਵਤਾਰ ਸਿੰਘ 'ਖ਼ਾਲਸਾ', ਗਿਆਨੀ ਰਘਬੀਰ ਸਿੰਘ ਤੇ ਮੈਂ ਇਸ ਦੀਵਾਨ ਵਿਚ ਹਾਜ਼ਰੀ ਭਰਨ ਗਏ। ਮਝੈਲ ਹੋਰੀਂ ਪਹਿਲਾਂ ਹੀ ਦੀਵਾਨ ਵਿਚ ਸਟੇਜ ਦੇ ਕੋਲ ਬੈਠੇ ਸਨ। ਉਨ੍ਹਾਂ ਨੇ ਇਸ਼ਾਰੇ ਨਾਲ ਸੰਤ ਜੀ

ਨੂੰ ਆਪਣੇ ਕੋਲ ਬੁਲਾਇਆ ਤੇ ਉਨ੍ਹਾਂ ਨੂੰ ਆਖਿਆ, "ਗਿਆਨੀ ਲਾਲ ਸਿੰਘ ਨੂੰ ਆਖੋ ਕਿ ਸਕੱਤਰੇਤ ਵਿਚ ਜਾ ਕੇ ਆਪਣਾ ਨਿਯੁਕਤੀ-ਪੱਤਰ ਲੈ ਲੈਣ।" ਕੁਝ ਚਿਰ ਬਾਅਦ ਮੈਂ ਸਕੱਤਰੇਤ ਵਿਚ ਜਾ ਕੇ ਥਾਪਰ ਸਾਹਿਬ ਨੂੰ ਮਿਲਿਆ। ਉਨ੍ਹਾਂ ਨੇ ਮੈਨੂੰ ਡਿਪਟੀ ਸਕੱਤਰ ਸ਼ਰਮਾ ਸਾਹਿਬ ਕੋਲ ਭੇਜ ਦਿੱਤਾ। ਉੱਥੇ ਹੀ ਮੈਨੂੰ ਪਤਾ ਲੱਗਾ ਕਿ ਮੈਨੂੰ ਕੈਂਪ-ਕਮਾਂਡੰਟ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੇ ਮੇਰੇ ਸਾਹਮਣੇ ਰੋਹਤਕ, ਗੁੜਗਾਵਾਂ, ਕਰਨਾਲ ਆਦਿ ਕੁਝ ਨਾਂ ਲੈ ਕੇ ਪੁੱਛਿਆ ਕਿ ਮੈਂ ਕਿੱਥੇ ਜਾਣਾ ਪਸੰਦ ਕਰਾਂਗਾ। ਮੈਨੂੰ ਪਤਾ ਸੀ ਕਿ ਕਰਨਾਲ ਵਿਚ ਮੇਰੇ ਸ਼ਹਿਰ ਗੁਜਰਾਂਵਾਲੇ ਦੇ ਕਈ ਕਾਂਗਰਸੀ ਮਿੱਤਰ ਆਬਾਦ ਹੋਏ ਹੋਏ ਸਨ। ਸੋ ਮੈਂ ਕਰਨਾਲ ਦੀ ਚੋਣ ਕੀਤੀ ਤੇ ਸ਼ਰਮਾ ਸਾਹਿਬ ਨੇ ਕਰਨਾਲ ਦਾ ਨਿਯੁਕਤੀ-ਪੱਤਰ ਬਣਾ ਕੇ ਮੈਨੂੰ ਉੱਥੋਂ ਦੇ ਜ਼ਿਲ੍ਹਾ ਮੁੜ-ਵਸਾਊ ਅਫ਼ਸਰ ਕੋਲ ਜਾਣ ਵਾਸਤੇ ਆਖ ਦਿੱਤਾ।

ਦੋ ਚਾਰ ਦਿਨ ਤਿਆਰੀ ਵਿਚ ਲੱਗੇ। ਮੈਂ 9 ਮਾਰਚ ਨੂੰ ਕਰਨਾਲ ਪਹੁੰਚ ਗਿਆ ਤੇ ਉੱਥੇ ਸਭ ਤੋਂ ਪਹਿਲਾਂ ਆਪਣੇ ਇਕ ਕਾਂਗਰਸੀ ਮਿੱਤਰ ਰੌਸ਼ਨ ਲਾਲ 'ਯਾਸ' ਨੂੰ ਮਿਲਿਆ। ਇਹ ਸੱਜਣ ਗੁਜਰਾਂਵਾਲੇ ਦੇ ਇਕ ਮੰਨੇ-ਪ੍ਰਮੰਨੇ ਕਾਂਗਰਸੀ ਆਗੂ ਸਨ ਤੇ ਇਨ੍ਹਾਂ ਨੇ ਸੁਤੰਤਰਤਾ-ਸੰਗਰਾਮ ਵਿਚ ਭਰਪੂਰ ਹਿੱਸਾ ਲਿਆ ਸੀ। ਗੜਬੜ ਦੇ ਦਿਨਾਂ ਵਿਚ ਉਹ ਤੇ ਮੈਂ ਤਿੰਨ ਮਹੀਨੇ ਇਕੱਠੇ ਰਹੇ ਸਾਂ ਤੇ ਅਖ਼ੀਰ ਇੱਕੋ ਗੱਡੀ ਵਿਚ ਭਾਰਤ ਪਹੁੰਚੇ ਸਾਂ। ਸੋ ਇਨ੍ਹਾਂ ਦਿਨਾਂ ਵਿਚ ਸਾਡੀ ਪ੍ਰਸਪਰ ਗੂੜ੍ਹੀ ਸਾਂਝ ਬਣ ਗਈ ਸੀ। ਉਹ ਤੇ ਮੈਂ ਕਰਨਾਲ ਦੇ ਜ਼ਿਲ੍ਹਾ ਮੁੜ-ਵਸਾਊ ਅਫ਼ਸਰ ਸ੍ਰੀ ਕਿਦਾਰ ਨਾਥ ਸਾਹਨੀ ਨੂੰ ਮਿਲੇ ਤੇ ਉਨ੍ਹਾਂ ਨੇ ਮੈਨੂੰ ਸ਼ਾਹ ਆਬਾਦ ਸ਼ਰਨਾਰਥੀ ਕੈਂਪ ਦਾ ਚਾਰਜ ਲੈਣ ਲਈ ਚਿੱਠੀ ਲਿਖ ਦਿੱਤੀ, ਜਿੱਥੇ ਮਹਿਕਮਾ ਨਹਿਰ ਦੇ ਇਕ ਡਿਪਟੀ ਕਲੈਕਟਰ ਕੈਂਪ-ਕਮਾਂਡੰਟ ਵਜੋਂ ਕੰਮ ਕਰ ਰਹੇ ਸਨ। ਸ਼ਾਮ ਤਕ ਸ਼ਾਹ ਆਬਾਦ ਪਹੁੰਚ ਕੇ ਮੈਂ ਦੂਜੇ ਦਿਨ ਕੈਂਪ ਕਮਾਂਡੰਟ ਵਜੋਂ ਕੰਮ ਸੰਭਾਲ ਲਿਆ। ਚਾਰਜ ਦੇਣ ਵਾਲੇ ਸੱਜਣ ਬੜੇ ਗੁਰਮੁਖ ਸਿਖ ਸਨ। ਸਵੇਰੇ ਉਠਦਿਆਂ ਸਾਰ ਮੈਨੂੰ ਆਪਣੇ ਨਾਲ ਸੈਰ ਕਰਨ ਲਈ ਬਾਹਰ ਲੈ ਗਏ। ਜਾਂਦਿਆਂ-ਆਉਂਦਿਆਂ ਉਨ੍ਹਾਂ ਨੇ ਮੈਨੂੰ ਕੈਂਪ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਇਹ ਬੜਾ ਅਕਾਊ ਕੰਮ ਹੈ। ਸਾਰਾ ਦਿਨ ਸ਼ਰਨਾਰਥੀਆਂ ਦੀਆਂ ਸ਼ਿਕਾਇਤਾਂ ਤੇ ਮੰਗਾਂ ਸੁਣਦਿਆਂ ਸੁਣਦਿਆਂ ਸਿਰ ਖੱਪ ਜਾਂਦਾ ਹੈ। ਫਿਰ ਵੀ ਕੰਮ ਮੁਕਦਾ ਨਹੀਂ।

ਦੂਜੇ ਦਿਨ ਤੋਂ ਇਹ ਸਾਰੀ ਜ਼ਿੰਮੇਵਾਰੀ ਮੇਰੇ ਤੇ ਆ ਪਈ। ਮੈਂ ਵੇਖਿਆ ਕਿ ਨੌਂ ਵਜੇ ਤੋਂ ਹੀ ਸ਼ਰਨਾਰਥੀ ਦਫ਼ਤਰ ਦੇ ਅੱਗੇ ਇਕੱਠੇ ਹੋਣੇ ਸ਼ੁਰੂ ਹੋ ਗਏ। ਇਕ ਸ਼ਰਨਾਰਥੀ ਖ਼ੁਸ਼ੀ ਰਾਮ ਦਰਵਾਜ਼ੇ ਦੇ ਅੱਗੇ ਲੰਮੀ ਸਾਰੀ ਡਾਂਗ ਲੈ ਕੇ ਖੜਾ ਹੋ ਗਿਆ ਤੇ ਵਾਰੀ ਵਾਰੀ ਸ਼ਰਨਾਰਥੀਆਂ ਨੂੰ ਅੰਦਰ ਲੰਘਾਂਦਾ ਰਿਹਾ। ਜਦ ਡੇਢ ਵਜੇ ਤਕ ਵੀ ਸਾਰੇ ਬਿਨੈਕਾਰਾਂ ਦੀ ਸੁਣਵਾਈ ਨਾ ਹੋ ਸਕੀ, ਤਾਂ ਬਾਕੀਆਂ ਨੂੰ ਅਗਲੇ ਦਿਨ ਆਉਣ ਲਈ ਆਖ ਦਿੱਤਾ ਗਿਆ। ਇਸ ਤੋਂ ਵੀ ਵੱਡਾ ਇਕੱਠ ਦਫ਼ਤਰ ਦੇ ਬਾਹਰਲੇ ਵੱਡੇ ਥੜ੍ਹੇ ਉੱਤੇ ਸੀ, ਜਿੱਥੇ ਸ਼ਰਨਾਰਥੀਆਂ ਨੂੰ ਰਾਸ਼ਨ ਦਿੱਤਾ ਜਾ ਰਿਹਾ ਸੀ। ਮੈਨੂੰ ਪਤਾ ਲੱਗਾ ਕਿ ਕੈਂਪ ਵਿਚ ਲਗ ਪਗ ਸਾਢੇ ਨੌਂ ਹਜ਼ਾਰ ਸ਼ਰਨਾਰਥੀ ਜਾਂ ਡੇਢ ਹਜ਼ਾਰ ਪਰਵਾਰ ਹਨ, ਜਿਨ੍ਹਾਂ ਨੂੰ ਹਰ ਰੋਜ਼ ਇਕ ਇਕ ਦਿਨ ਦਾ ਰਾਸ਼ਨ ਦਿੱਤਾ ਜਾਂਦਾ ਹੈ। ਇਸ ਨਾਲ ਜਿੱਥੇ ਕੈਂਪ-ਸਟਾਫ਼ ਦਾ ਕੰਮ ਵਧ ਜਾਂਦਾ ਸੀ, ਉੱਥੇ ਸ਼ਰਨਾਰਥੀ ਵੀ ਸਾਰਾ ਦਿਨ ਰਾਸ਼ਨ ਲੈਣ ਵਿਚ ਹੀ ਲੰਘਾ ਦੇਂਦੇ ਸਨ। ਉਸੇ ਦਿਨ ਮੈਂ ਚਾਰ ਚਾਰ ਦਿਨ ਦਾ ਰਾਸ਼ਨ ਇਕੱਠਾ ਦੇਣ ਦਾ ਫ਼ੈਸਲਾ ਕਰ ਲਿਆ। ਕੁਝ ਚਿਰ ਬਾਅਦ ਸਕੱਤਰੇਤ ਵੱਲੋਂ ਹਦਾਇਤ ਆ ਗਈ ਕਿ ਅਠ ਅਠ ਦਿਨ ਦਾ ਰਾਸ਼ਨ ਇਕੱਠਾ ਦਿੱਤਾ ਜਾਇਆ ਕਰੇ। ਇਸ ਨਾਲ ਜਿੱਥੇ ਸ਼ਰਨਾਰਥੀਆਂ ਨੂੰ ਕਾਫ਼ੀ ਸਹੂਲਤ ਹੋ ਗਈ, ਉੱਥੇ ਕੈਂਪ-ਸਟਾਫ਼ ਦਾ ਕੰਮ ਵੀ ਸੌਖਾ ਹੋ ਗਿਆ।

ਹੁਣ ਰਹਿ ਗਿਆ ਕੰਮ ਸ਼ਰਨਾਰਥੀਆਂ ਦੀਆਂ ਸ਼ਿਕਾਇਤਾਂ ਤੇ ਮੰਗਾਂ ਸੁਣ ਕੇ ਉਨ੍ਹਾਂ ਦਾ ਨਿਪਟਾਰਾ ਕਰਨਾ। ਇਸ ਕੈਂਪ ਵਿਚ ਡਿਪਟੀ ਕੈਂਪ-ਕਮਾਂਡੰਟ ਤਾਂ ਕੋਈ ਨਹੀਂ ਸੀ, ਪਰ ਤਿੰਨ ਅਸਿਸਟੈਂਟ ਕੈਂਪ-ਕਮਾਂਡੰਟ ਸਨ, ਜੋ ਤਿੰਨੋਂ ਹੀ ਬੜੇ ਸਯੋਗ, ਮਿਹਨਤੀ ਤੇ ਇਮਾਨਦਾਰ ਸਨ— ਇਕ ਰਾਵਲਪਿੰਡੀ ਸੋਸ਼ਲਿਸਟ ਪਾਰਟੀ ਦੇ ਕਾਰਜ-ਕਰਤਾ ਪ੍ਰੋਫ਼ੈਸਰ ਜੁਗਿੰਦਰ ਸਿੰਘ ਪੁਰੀ ਐਮ. ਏ., ਦੂਜੇ ਮਾਸਟਰ ਰਾਮ ਚੰਦ ਬੀ. ਏ., ਬੀ.ਟੀ. ਤੇ ਤੀਜੇ ਸ੍ਰੀ ਗੁਰਾਂ ਦਿੱਤਾ ਵਕੀਲ। ਪਿਛਲੇ ਪੰਦਰ੍ਹਾਂ ਵੀਹਾਂ ਦਿਨਾਂ ਵਿਚ ਇਨ੍ਹਾਂ ਨੂੰ ਕੈਂਪ ਦੇ ਮਾਮਲਿਆਂ ਦੀ ਚੋਖੀ ਜਾਣਕਾਰੀ ਹੋ ਗਈ ਸੀ। ਮੈਨੂੰ ਜਾਪਿਆ ਕਿ ਉਹ ਪਹਿਲੇ ਕੈਂਪ-ਕਮਾਂਡੰਟ ਵਾਂਗ ਹੀ ਸੁਤੰਤਰ ਫ਼ੈਸਲੇ ਕਰਨ ਦੇ ਯੋਗ ਹਨ ਤੇ ਸ਼ਰਨਾਰਥੀਆਂ ਦੀਆਂ ਸ਼ਿਕਾਇਤਾਂ ਸੁਣ ਕੇ ਜੋ ਫ਼ੈਸਲੇ ਕਰਨਗੇ, ਉਹ ਵਾਜਬੀ ਹੀ ਹੋਣਗੇ। ਪਰ ਜੇ ਕੋਈ ਜਟਿਲ ਸਮੱਸਿਆ ਹੋਵੇਗੀ ਅਤੇ ਕਿਸੇ ਸ਼ਰਨਾਰਥੀ ਦੀ ਤਸੱਲੀ ਨਹੀਂ ਹੋਵੇਗੀ, ਤਾਂ ਉਹ ਕੇਸ ਮੇਰੇ ਕੋਲ ਲਿਆਇਆ ਜਾ ਸਕਦਾ ਹੈ। ਸੋ ਅਗਲੇ ਦਿਨ ਦਫ਼ਤਰ ਵਿਚ ਵੱਖ ਵੱਖ ਥਾਵਾਂ ਤੇ ਬੈਠ ਕੇ ਇਹ ਸੱਜਣ ਬਿਨੈਕਾਰਾਂ ਦੀਆਂ ਸ਼ਿਕਾਇਤਾਂ ਤੇ ਲੋੜਾਂ ਸੁਣਦੇ ਰਹੇ। ਖ਼ੁਸ਼ੀ ਰਾਮ ਨੂੰ ਦਰਵਾਜ਼ੇ ਅੱਗੋਂ ਹਟਾ ਦਿੱਤਾ ਗਿਆ। ਜੋ ਕੰਮ ਪਹਿਲਾਂ ਪੰਜ ਘੰਟੇ ਵਿਚ ਵੀ ਨਹੀਂ ਮੁਕਦਾ ਸੀ, ਉਹ ਦੋ ਘੰਟੇ ਵਿਚ ਹੀ ਭੁਗਤ ਗਿਆ। ਅਗਲੇ ਦਿਨ ਬਿਨੈਕਾਰਾਂ ਦੀ ਗਿਣਤੀ ਬਹੁਤ ਘਟ ਗਈ ਅਤੇ ਪੰਜ ਚਾਰ ਦਿਨ ਬਾਅਦ ਕੋਈ ਵਿਰਲਾ ਸ਼ਰਨਾਰਥੀ ਹੀ ਸ਼ਿਕਾਇਤ ਲੈ ਕੇ ਆਉਂਦਾ ਸੀ।

ਇਸ ਵੇਲੇ ਕੈਂਪ ਵਿਚ ਉਹੀ ਲੋਕ ਰਹਿ ਰਹੇ ਸਨ, ਜੋ ਕਿਸੇ ਰੁਜ਼ਗਾਰ (ਖੇਤੀਵਾੜੀ ਜਾਂ ਵਣਜ-ਵਿਹਾਰ) ਵਿਚ ਨਹੀਂ ਲੱਗੇ ਸਨ। ਕੁਦਰਤੀ ਸੀ ਕਿ ਇਹ ਲੋਕ ਥੋੜਾ-ਬਹੁਤਾ ਨਜਾਇਜ਼ ਫ਼ਾਇਦਾ ਉਠਾਣ ਦੀ ਕੋਸ਼ਿਸ਼ ਕਰਦੇ। ਉਹ ਪਰਵਾਰ ਦੇ ਮੈਂਬਰਾਂ ਦੀ ਗਿਣਤੀ ਅਸਲ ਨਾਲੋਂ ਵਧ ਲਿਖਾ ਕੇ ਰਾਸ਼ਨ ਤੇ ਕਪੜਾ ਵਧ ਲੈ ਲੈਂਦੇ ਸਨ। ਮੈਂ ਇਸ ਮਾਮਲੇ ਵਿਚ ਛੋਟੀ-ਮੋਟੀ ਢਿਲ ਜਾਂ ਛੋਟ ਦੇਣ ਤੋਂ ਸੰਕੋਚ ਨਹੀਂ ਕਰਦਾ ਸਾਂ। ਸਰਕਾਰ ਵੱਲੋਂ ਬਣਾਏ ਨਿਯਮਾਂ ਤੇ ਹਦਾਇਤਾਂ ਦੀ ਪਾਬੰਦੀ ਤਾਂ ਲਾਜ਼ਮੀ ਸੀ। ਪਰ ਨਿਯਮਾਂ ਦੇ ਅੰਦਰ ਰਹਿੰਦਿਆਂ ਮੈਂ ਆਪਣੀ ਮਰਜ਼ੀ ਹਮੇਸ਼ਾ ਸ਼ਰਨਾਰਥੀਆਂ ਦੇ ਹੱਕ ਵਿਚ ਵਰਤਦਾ ਸਾਂ। ਮੇਰਾ ਖ਼ਿਆਲ ਸੀ ਕਿ ਦਸ ਵੀਹ ਰੁਪਏ ਵਧ ਖ਼ਰਚ ਹੋਣ ਨਾਲ ਸਰਕਾਰ ਭੁੱਖੀ-ਨੰਗੀ ਨਹੀਂ ਹੋ ਜਾਏਗੀ, ਪਰ ਇੰਨੀ ਰਕਮ ਕਿਸੇ ਲੋੜਵੰਦ ਦੇ ਕਈ ਕੰਮ ਸੁਆਰੇਗੀ। ਹਾਂ, ਜਿੱਥੇ ਕਿਸੇ ਸ਼ਰਨਾਰਥੀ ਨੇ ਮੈਂਬਰਾਂ ਦੀ ਗਿਣਤੀ ਲਿਖਾਣ ਵਿਚ ਬਹੁਤੀ ਅਤਿਕਥਨੀ ਤੋਂ ਕੰਮ ਲਿਆ ਹੁੰਦਾ ਸੀ, ਉਸ ਨੂੰ ਪ੍ਰੇਰ ਕੇ ਹੀ ਮੈਂਬਰਾਂ ਦੀ ਗਿਣਤੀ ਘਟ ਕਰਵਾ ਲੈਂਦਾ ਸਾਂ। ਮੇਰੇ ਚਾਰਜ ਲੈਣ ਵੇਲੇ ਸ਼ਰਨਾਰਥੀਆਂ ਦੀ ਗਿਣਤੀ ਸਾਢੇ ਨੌਂ ਹਜ਼ਾਰ ਸੀ, ਜੋ ਪੰਦਰ੍ਹਾਂ ਦਿਨਾਂ ਬਾਅਦ ਘਟ ਕੇ ਸਾਢੇ ਛੇ ਹਜ਼ਾਰ ਹੋ ਗਈ ਸੀ। ਹੋ ਸਕਦਾ ਹੈ ਕਿ ਹਜ਼ਾਰ ਕੁ ਸ਼ਰਨਾਰਥੀ ਕੈਂਪ ਛਡ ਗਏ ਹੋਣ, ਪਰ ਲਗ ਪਗ ਪੰਜ ਸੌ ਪਰਵਾਰਾਂ ਨੇ ਮੇਰੀ ਪ੍ਰੇਰਨਾ ਨਾਲ ਆਪੋ ਆਪਣੇ ਦੋ ਦੋ ਤਿੰਨ ਤਿੰਨ ਮੈਂਬਰਾਂ ਦੀ ਗਿਣਤੀ ਘਟਾਈ ਸੀ।

ਆਪਣੀ ਸਮਝ ਤੇ ਤਜਰਬੇ ਅਨੁਸਾਰ ਸ਼ਰਨਾਰਥੀਆਂ ਨੂੰ ਸੰਤੁਸ਼ਟ ਰੱਖਣ ਲਈ ਜੋ ਗੁਰ ਮੈਂ ਵਰਤੇ, ਉਨ੍ਹਾਂ ਦਾ ਸੰਖੇਪ ਜਿਹਾ ਵਰਣਨ ਕਰ ਦੇਣਾ ਯੋਗ ਜਾਪਦਾ ਹੈ। ਇਹੀ ਗੁਰ ਮੈਂ ਆਪਣੀ ਕੈਂਪ-ਕਮਾਂਡੰਟੀ ਦੇ ਸਾਰੇ ਸਮੇਂ ਵਿਚ ਹਰ ਥਾਂ ਵਰਤਦਾ ਰਿਹਾ। ਪਹਿਲੀ ਗੱਲ ਇਹ ਕਿ ਮੈਂ ਕਦੀ ਵੀ ਆਪਣੇ ਆਪ ਨੂੰ ਅਫ਼ਸਰ ਨਹੀਂ, ਸਗੋਂ ਸ਼ਰਨਾਰਥੀਆਂ ਦਾ ਸੇਵਾਦਾਰ ਹੀ ਸਮਝਦਾ ਸਾਂ ਅਤੇ ਉਨ੍ਹਾਂ ਨੂੰ ਸਪੱਸ਼ਟ ਸ਼ਬਦਾਂ ਵਿਚ ਦੱਸ ਦੇਂਦਾ ਸਾਂ ਕਿ ਮੈਂ ਉਨ੍ਹਾਂ ਵਾਂਗ ਇਕ ਸ਼ਰਨਾਰਥੀ ਹਾਂ। ਮੇਰੀ ਹਮੇਸ਼ਾ ਹੀ ਇਹ ਕੋਸ਼ਿਸ਼ ਹੁੰਦੀ ਸੀ ਕਿ ਮਿਲਣ ਆਏ ਸ਼ਰਨਾਰਥੀ ਨੂੰ ਬੈਂਚ ਜਾਂ ਕੁਰਸੀ ਤੇ ਬਿਠਾ ਕੇ ਉਸ ਦੀ ਗੱਲ ਸੁਣੀ ਜਾਏ, ਤਾਂ ਜੁ ਉਹ ਆਪਣੇ ਆਪ ਨੂੰ ਘਟੀਆ ਨਾ ਸਮਝੇ। ਹਰੇਕ ਛੋਟਾ-ਵੱਡਾ ਸ਼ਰਨਾਰਥੀ ਜਦ ਚਾਹੇ, ਆ ਕੇ ਮੈਨੂੰ ਮਿਲ ਸਕਦਾ ਸੀ। ਤੇ ਮੈਂ ਪੂਰੇ ਧਿਆਨ ਨਾਲ ਉਹਦੀ ਗੱਲ

ਸੁਣਦਾ ਤੇ ਲਗਦੀ ਵਾਹ ਉਸ ਦੀ ਤਸੱਲੀ ਕਰਾ ਕੇ ਹੀ ਵਾਪਸ ਤੋਰਦਾ ਸਾਂ।

ਦੂਜੀ ਗੱਲ ਇਹ ਕਿ ਸ਼ਰਨਾਰਥੀਆਂ ਨਾਲ ਵਰਤਣ ਵਿਚ ਮੈਂ ਕਦੀ ਵੀ ਕਿਸੇ ਭੇਦ-ਭਾਵ ਤੋਂ ਕੰਮ ਨਹੀਂ ਸੀ ਲਿਆ। ਇਕ ਤਾਂ ਸੁਭਾਅ ਹੀ ਅਜਿਹਾ ਸੀ, ਪਰ ਵੱਡੀ ਗੱਲ ਇਹ ਕਿ ਕਿਸੇ ਭੇਦ-ਭਾਵ ਦੀ ਲੋੜ ਹੀ ਨਹੀਂ ਪਈ ਸੀ। ਮੇਰੀ ਦਿਲਚਸਪੀ ਜਾਂ ਸਿੱਖਾਂ ਨਾਲ ਹੋ ਸਕਦੀ ਸੀ, ਜਾਂ ਗੁਜਰਾਂਵਾਲੇ ਦੇ ਸ਼ਰਨਾਰਥੀਆਂ ਨਾਲ, ਜਿਨ੍ਹਾਂ ਨੂੰ ਮੈਂ ਥੋੜਾ ਬਹੁਤ ਜਾਣਦਾ ਸਾਂ। ਸ਼ਾਹ ਆਬਾਦ ਤੇ ਪਲਵਲ ਦੇ ਕੈਂਪਾਂ ਵਿਚ ਨਾ ਕੋਈ ਸਿਖ ਪਰਵਾਰ ਸੀ, ਨਾ ਗੁਜਰਾਂਵਾਲੇ ਦਾ ਵਸਨੀਕ। ਇਸ ਗੱਲੇ ਉਨ੍ਹਾਂ ਦੀ ਪ੍ਰਸੰਸਾ ਹੀ ਕਰਨੀ ਚਾਹੀਦੀ ਹੈ ਕਿ ਉਹ ਹਿੰਮਤ, ਹੌਸਲੇ ਤੇ ਪੁਰਸ਼ਾਰਥ ਤੋਂ ਕੰਮ ਲੈ ਕੇ ਖੇਤੀਵਾੜੀ ਜਾਂ ਵਣਜ-ਵਿਹਾਰ ਵਿਚ ਪੈ ਕੇ ਆਪਣੇ ਪੈਰਾਂ ਤੇ ਖੜੇ ਹੋ ਗਏ ਸਨ ਤੇ ਇਸ ਤਰ੍ਹਾਂ ਸ਼ਰਨਾਰਥੀ ਦੀ ਥਾਂ ਪੁਰਸ਼ਾਰਥੀ ਬਣ ਗਏ ਸਨ। ਸੋ ਮੈਨੂੰ ਨਾ ਕਿਸੇ ਨਾਲ ਵਿਸ਼ੇਸ਼ ਲਗਾਉ ਸੀ ਤੇ ਨਾ ਕਿਸੇ ਨਾਲ ਅਰੁਚੀ, ਜੋ ਮੈਂ ਕਿਸੇ ਦੀ ਨਜਾਇਜ਼ ਰਿਆਇਤ ਤੇ ਕਿਸੇ ਨਾਲ ਅਯੋਗ ਸਖ਼ਤੀ ਕਰ ਕੇ ਸ਼ਰਨਾਰਥੀਆਂ ਦੀਆਂ ਨਜ਼ਰਾਂ ਵਿਚ ਅਨਿਆਈਂ ਬਣਦਾ।

ਤੀਜੀ ਗੱਲ—ਗੁਜਰਾਂਵਾਲੇ ਵਿਚ ਕੀਤੀ ਨੇਤਾਗਿਰੀ ਤੇ ਭਾਸ਼ਨ ਦੇਣ ਦਾ ਅਭਿਆਸ ਮੇਰੇ ਬੜੇ ਕੰਮ ਆਏ। ਜਦੋਂ ਵੀ ਸਰਕਾਰ ਵੱਲੋਂ ਕੋਈ ਨਵੀਆਂ ਹਦਾਇਤਾਂ ਜਾਂ ਫ਼ੈਸਲੇ ਆਉਂਦੇ, ਜਿਨ੍ਹਾਂ ਵਿਚ ਸ਼ਰਨਾਰਥੀਆਂ ਕੋਲੋਂ ਕੋਈ ਕੰਮ ਕਰਾਉਣਾ ਹੁੰਦਾ, ਤਾਂ ਮੈਂ ਇਕ ਆਮ ਜਲਸਾ ਕਰ ਕੇ ਬੜੀ ਮਿੱਠਤ ਤੇ ਨਿਮਰਤਾ ਨਾਲ ਉਨ੍ਹਾਂ ਦੇ ਧਿਆਨ ਵਿਚ ਲਿਆਉਂਦਾ ਤੇ ਮੇਰੀ ਪ੍ਰੇਰਨਾ ਨਾਲ ਆਮ ਤੌਰ ਤੇ ਉਹ ਕੰਮ ਹੋ ਜਾਂਦਾ। ਗੁਜਰਾਂਵਾਲੇ ਦੇ ਲੋਕ-ਜੀਵਨ ਨੇ ਮੈਨੂੰ ਲੋਕਾਂ ਦੇ ਨੇੜੇ ਰਹਿਣ ਤੇ ਉਨ੍ਹਾਂ ਨਾਲ ਇਕ-ਮਿਕ ਹੋਣ ਦੀ ਜਾਚ ਸਿਖਾ ਦਿੱਤੀ ਸੀ ਤੇ ਇਹ ਗੁਣ ਮੇਰੇ ਬਹੁਤ ਕੰਮ ਆਇਆ। ਸ਼ਰਨਾਰਥੀਆਂ ਨਾਲ ਲਗਾਤਾਰ ਸੰਪਰਕ ਰੱਖਣ ਤੇ ਉਨ੍ਹਾਂ ਦੇ ਮਨ-ਪਰਚਾਵੇ ਲਈ ਮੈਂ ਕਦੀ ਕਦੀ ਸਭਿਆਚਾਰਕ ਪ੍ਰੋਗਰਾਮ ਵੀ ਕਰਾਂਦਾ ਰਹਿੰਦਾ ਸਾਂ, ਜਿਨ੍ਹਾਂ ਵਿਚ ਉਹਨਾਂ ਵੱਲੋਂ ਕਵਿਤਾਵਾਂ ਪੜ੍ਹੀਆਂ ਜਾਂਦੀਆਂ ਜਾਂ ਗੀਤ ਸੰਗੀਤ ਹੁੰਦਾ। ਚੰਗਾ ਪ੍ਰੋਗਰਾਮ ਦੇਣ ਵਾਲਿਆਂ ਨੂੰ ਰਜ਼ਾਈ ਜਾਂ ਕੋਈ ਕਪੜਾ ਦੇ ਕੇ ਉਤਸ਼ਾਹਿਤ ਕੀਤਾ ਜਾਂਦਾ ਸੀ। ਸ਼ਾਹ ਆਬਾਦ ਵਿਚ ਚੰਗੀਆਂ ਕਵਿਤਾਵਾਂ ਪੜ੍ਹਨ ਵਾਲਾ ਇਕ ਸੱਜਣ ਗੁਰਮੁਖ ਸਿੰਘ 'ਨਾਜ਼' ਸੀ, ਜੋ ਅੱਜ ਕਲ੍ਹ ਉੱਥੇ ਦੀ ਸੋਸ਼ਲਿਸਟ ਪਾਰਟੀ ਦਾ ਲੋਕਲ ਲੀਡਰ ਹੈ।

ਅਸਿਸਟੈਂਟ ਕੈਂਪ-ਕਮਾਂਡੰਟਾਂ ਵਾਂਗ ਸਾਡਾ ਬਾਕੀ ਸਟਾਫ਼—ਰਾਸ਼ਨਿੰਗ ਅਫ਼ਸਰ ਤੇ ਸੁਪਰਵਾਈਜ਼ਰ ਵੀ ਬੜੇ ਸੁਲੱਗ ਤੇ ਈਮਾਨਦਾਰ ਸਨ ਤੇ ਮੈਨੂੰ ਪੂਰਾ ਮਿਲਵਰਤਣ ਦੇਂਦੇ ਸਨ। ਸ਼ਰਨਾਰਥੀਆਂ ਵੱਲੋਂ ਕਦੇ ਵੀ ਮੇਰੇ ਕੋਲ ਕੋਈ ਅਜਿਹੀ ਸ਼ਿਕਾਇਤ ਨਹੀਂ ਆਈ ਸੀ ਕਿ ਉਨ੍ਹਾਂ ਨੂੰ ਰਾਸ਼ਨ ਘਟ ਜਾਂ ਘਟੀਆ ਮਿਲ ਰਿਹਾ ਹੈ। ਪਰ ਜਿਸ ਗੱਲ ਨੇ ਮੈਨੂੰ ਕੈਂਪ-ਕਮਾਂਡੈਂਟੀ ਦੇ ਸਾਰੇ ਸਮੇਂ ਵਿਚ ਪ੍ਰੇਸ਼ਾਨ ਕਰੀ ਰੱਖਿਆ, ਉਹ ਸੀ ਕਾਂਗਰਸੀ ਨੇਤਾਵਾਂ ਅਤੇ ਮੇਰੇ ਤੋਂ ਉਤਲੇ ਕੁਝ ਸਰਕਾਰੀ ਅਫ਼ਸਰਾਂ ਦਾ ਵਤੀਰਾ। ਮੈਂ ਨਾ ਅਕਾਲੀ ਸਾਂ ਤੇ ਨਾ ਕੱਟੜ ਪੱਖਪਾਤੀ ਸਿਖ, ਪਰ ਮੇਰੀ ਨੀਲੀ ਪਗੜੀ ਹਮੇਸ਼ਾ ਮੇਰੀ ਚੁਗ਼ਲੀ ਕਰਦੀ ਰਹਿੰਦੀ ਸੀ। ਉਨ੍ਹਾਂ ਨੂੰ ਸ਼ਾਇਦ ਮੇਰੀ ਖੁਲ੍ਹੀ ਦਾੜ੍ਹੀ ਤੇ ਸਿਖ ਹੋਣ ਤੋਂ ਹੀ ਚਿੜ੍ਹ ਸੀ। ਅਸਲ ਗੱਲ ਇਹ ਸੀ ਕਿ ਕਾਂਗਰਸੀਆਂ ਨੂੰ ਨਵਾਂ ਨਵਾਂ ਰਾਜ ਮਿਲਿਆ ਸੀ। ਉਹ ਆਪਣੇ ਆਪ ਨੂੰ ਹਾਕਮ ਸਮਝਣ ਲਗ ਪਏ ਸਨ ਤੇ ਚਾਹੁੰਦੇ ਸਨ ਕਿ ਸਰਕਾਰੀ ਮੁਲਾਜ਼ਮ ਉਨ੍ਹਾਂ ਦੀ ਇੱਛਾ ਅਨੁਸਾਰ ਚੱਲਣ ਤੇ ਉਨ੍ਹਾਂ ਦੀ ਹਰੇਕ ਯੋਗ-ਅਯੋਗ ਮੰਗ ਨੂੰ ਬਿਨਾਂ ਕਿਸੇ ਚੂੰ-ਚਰਾਂ ਦੇ ਮੰਨ ਲੈਣ। ਮੈਂ ਆਪਣੀ 45 ਸਾਲ ਦੀ ਉਮਰ ਵਿਚ ਕਦੇ ਸਰਕਾਰੀ ਨੌਕਰੀ ਨਹੀਂ ਕੀਤੀ ਸੀ। ਸੋ ਜਿੱਥੇ ਮੈਨੂੰ ਅਫ਼ਸਰੀ ਕਰਨੀ ਨਹੀਂ ਆਉਂਦੀ ਸੀ, ਉੱਥੇ ਮੈਨੂੰ ਸਰਕਾਰੀ ਅਫ਼ਸਰਾਂ ਅਤੇ ਨੇਤਾਵਾਂ ਦੀ ਚਾਪਲੂਸੀ ਤੇ ਜੀ-ਹਜ਼ੂਰੀ ਦਾ ਗੁਰ ਵੀ ਨਹੀਂ ਆਉਂਦਾ ਸੀ ਤੇ ਨਾ ਮੈਂ ਨੌਕਰਾਂ ਵਾਂਗ

ਰੁਹਬ ਸਹਿ ਸਕਦਾ ਸਾਂ। ਮੇਰਾ ਕੰਮ ਤਾਂ ਈਮਾਨਦਾਰੀ ਨਾਲ ਆਪਣਾ ਫ਼ਰਜ਼ ਪੂਰਾ ਕਰਨਾ ਸੀ। ਸੋ ਜਦ ਨੇਤਾ ਲੋਕਾਂ ਦੀ ਇੱਛਾ ਪੂਰੀ ਨਾ ਹੁੰਦੀ, ਤਾਂ ਉਨ੍ਹਾਂ ਦਾ ਪਾਰਾ ਗਰਮ ਹੋ ਜਾਂਦਾ। ਸ਼ਾਹ ਆਬਾਦ ਵਿਚ ਮੇਰੇ ਉੱਤੇ ਕੋਈ ਵੱਡਾ ਸਰਕਾਰੀ ਅਫ਼ਸਰ ਤਾਂ ਨਹੀਂ ਸੀ, ਪਰ ਸਥਾਨਿਕ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍ਰੀ ਬਾਨੂੰ ਰਾਮ ਗੁਪਤਾ ਮੇਰੇ ਨਾਲ ਇਸ ਗੱਲੋਂ ਵਧੇਰੇ ਹੀ ਨਾਰਾਜ਼ ਸਨ ਕਿ ਮੈਂ ਉਨ੍ਹਾਂ ਦੀ ਇੱਛਾ ਅਨੁਸਾਰ ਨਹੀਂ ਚਲਦਾ ਸਾਂ। ਸਾਡੇ ਕੈਂਪ ਦੇ ਸ਼ਰਨਾਰਥੀ ਤਿੰਨ ਵਖ ਵਖ ਥਾਵਾਂ—ਗੌਰਮਿੰਟ ਹਾਈ ਸਕੂਲ, ਡੀ. ਏ. ਵੀ. ਸਕੂਲ ਤੇ ਈਦਗਾਹ ਵਿਚ ਰਹਿ ਰਹੇ ਸਨ। ਉਂਜ ਕੁਝ ਸ਼ਰਨਾਰਥੀ ਪਰਵਾਰਾਂ ਨੇ ਸ਼ਹਿਰ ਵਿਚ ਮੁਸਲਮਾਨਾਂ ਦੇ ਛੱਡੇ ਹੋਏ ਮਕਾਨ ਵੀ ਮੱਲ ਰੱਖੇ ਸਨ ਤੇ ਰਾਤ ਨੂੰ ਉਹ ਉੱਥੇ ਚਲੇ ਜਾਂਦੇ ਸਨ। ਬਾਕੀ ਦੋ ਥਾਈਂ ਬਹੁਤ ਘਟ, ਪਰ ਡੀ.ਏ.ਵੀ. ਸਕੂਲ ਦਾ ਕੈਂਪ ਤਾਂ ਰਾਤ ਨੂੰ ਲਗ ਪਗ ਸਾਰਾ ਹੀ ਖ਼ਾਲੀ ਹੋ ਜਾਂਦਾ ਸੀ। ਇਕ ਵਾਰੀ ਜ਼ਿਲ੍ਹੇ ਦੇ ਲੋਕ-ਸੰਪਰਕ ਅਫ਼ਸਰ (P.R.O.) ਸ੍ਰੀ ਈਸ਼ਵਰ ਚੰਦਰ ਕੁਝ ਸਿੱਖਿਆਦਾਇਕ ਫ਼ਿਲਮਾਂ ਵਿਖਾਉਣ ਲਈ ਸ਼ਾਹ ਆਬਾਦ ਆਏ। ਇਹ ਸੱਜਣ ਕੱਟੜ ਹਰਿਆਣਵੀ ਸਨ ਤੇ ਇਨ੍ਹਾਂ ਨੂੰ ਅਕਾਲੀਆਂ ਨਾਲ ਹੀ ਨਹੀਂ, ਸਗੋਂ ਸਾਰੇ ਸ਼ਰਨਾਰਥੀਆਂ (ਪੰਜਾਬੀਆਂ) ਨਾਲ ਚਿੜ੍ਹ ਸੀ। ਸਲਾਈਡਾਂ ਦਾ ਵਿਖਾਵਾ ਡੀ.ਏ.ਵੀ. ਸਕੂਲ ਵਿਚ ਸੀ। ਜਦ ਰਾਤ ਦੇ ਸਾਢੇ ਦਸ ਵਜੇ ਇਹ ਵਿਖਾਵਾ ਖ਼ਤਮ ਹੋਇਆ, ਤਾਂ ਸ੍ਰੀ ਬਾਨੂੰ ਰਾਮ ਗੁਪਤਾ ਨੇ ਈਸ਼ਵਰ ਚੰਦਰ ਹੋਰਾਂ ਨੂੰ ਖ਼ਾਲੀ ਛੌਲਦਾਰੀਆਂ ਵਿਖਾ ਕੇ ਆਖਿਆ ਕਿ ਇਨ੍ਹਾਂ ਵਿਚ ਰਹਿਣ ਵਾਲੇ ਸਾਰੇ ਸ਼ਰਨਾਰਥੀ ਸ਼ਹਿਰ ਵਿਚ ਰਹਿ ਰਹੇ ਹਨ ਤੇ ਕੈਂਪ ਵਿਚੋਂ ਰਾਸ਼ਨ ਵੀ ਲੈਂਦੇ ਹਨ। ਸਾਨੂੰ ਸਰਕਾਰ ਵੱਲੋਂ ਹਦਾਇਤਾਂ ਆਈਆਂ ਹੋਈਆਂ ਸਨ ਕਿ ਜਦ ਲੋਕ-ਸੰਪਰਕ ਅਫ਼ਸਰ ਕੈਂਪ ਵਿਚ ਆਉਣ, ਤਾਂ ਉਨ੍ਹਾਂ ਦੇ ਪੁੱਛਣ ਤੇ ਉਨ੍ਹਾਂ ਨੂੰ ਸ਼ਰਨਾਰਥੀਆਂ ਦੀ ਗਿਣਤੀ ਆਦਿ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਏ। ਇਸ ਹਦਾਇਤ ਨੂੰ ਆਧਾਰ ਬਣਾ ਕੇ ਉਹ ਰਾਤ ਨੂੰ ਗਿਆਰਾਂ ਵਜੇ ਦੇ ਲਗ ਪਗ ਸਾਡੇ ਦਫ਼ਤਰ ਦੇ ਬਾਹਰ ਆ ਧਮਕੇ, ਜਿੱਥੇ ਥੜ੍ਹੇ ਉੱਤੇ ਮੈਂ ਤੇ ਤਿੰਨ ਚਾਰ ਹੋਰ ਕਰਮਚਾਰੀ ਸੁੱਤੇ ਪਏ ਸਾਂ। ਉਨ੍ਹਾਂ ਨੇ ਮੈਨੂੰ ਹਲੂਣ ਕੇ ਜਗਾਇਆ, ਆਪਣਾ ਪ੍ਰੀਚੇ ਦਿੱਤਾ ਤੇ ਪੁੱਛਿਆ ਕਿ ਡੀ.ਏ.ਵੀ. ਸਕੂਲ ਕੈਂਪ ਵਿਚ ਕਿੰਨੇ ਸ਼ਰਨਾਰਥੀ ਰਹਿੰਦੇ ਹਨ। ਮੈਂ ਬੜੀ ਨਰਮੀ ਨਾਲ ਉਨ੍ਹਾਂ ਨੂੰ ਸਮਝਾਉਣ ਦਾ ਜਤਨ ਕੀਤਾ ਕਿ ਇਹ ਗੱਲ ਤਾਂ ਰਿਕਾਰਡ ਵੇਖ ਕੇ ਹੀ ਦੱਸੀ ਜਾ ਸਕਦੀ ਹੈ, ਮੈਂ ਤਤਕਾਲ ਇਸ ਦਾ ਉੱਤਰ ਕਿਵੇਂ ਦੇ ਸਕਦਾ ਹਾਂ। ਪਰ ਉਹ ਆਪਣੀ ਸੰਪਰਕ ਅਫ਼ਸਰੀ ਦਾ ਰੁਹਬ ਵਿਖਾਂਦੇ ਹੋਏ ਬੋਲੇ ਕਿ ਤੁਹਾਨੂੰ ਸਭ ਜਾਣਕਾਰੀ ਦੇਣ ਲਈ ਉਪਰੋਂ ਹਦਾਇਤਾਂ ਆਈਆਂ ਹੋਈਆਂ ਹਨ। ਇੰਨੇ ਵਿਚ ਸਾਡੇ ਇਕ ਅਸਿਸਟੈਂਟ ਕੈਂਪ-ਕਮਾਂਡੈਂਟ ਪ੍ਰੋਫ਼ੈਸਰ ਜੁਗਿੰਦਰ ਸਿੰਘ ਪੁਰੀ ਜਾਗ ਪਏ ਸਨ ਤੇ ਇਹ ਸਾਰੀ ਚਰਚਾ ਸੁਣ ਰਹੇ ਸਨ। ਉਹ ਉੱਠੇ ਅਤੇ ਗੁੱਸੇ ਤੇ ਜੋਸ਼ ਨਾਲ ਭੜਕ ਕੇ ਬੋਲੇ, "ਇਹ ਜਾਣਕਾਰੀ ਤੁਸੀਂ ਦਫ਼ਤਰ ਦੇ ਸਮੇਂ ਵਿਚ ਆ ਕੇ ਲੈ ਸਕਦੇ ਹੋ; ਇਸ ਤਰ੍ਹਾਂ ਸਾਡੀ ਨੀਂਦਰ ਵਿਚ ਵਿਘਨ ਪਾਉਣ ਦਾ ਤੁਹਾਨੂੰ ਕੀ ਹੱਕ ਹੈ।" ਇਹ ਝਾੜ ਜਿਹੀ ਸੁਣ ਕੇ ਉਹ ਚੁਪ-ਚਪੀਤੇ ਵਾਪਸ ਚਲੇ ਗਏ ਤੇ ਉਨ੍ਹਾਂ ਨੇ ਜ਼ਿਲ੍ਹਾ ਮੁੜ-ਵਸਾਊ ਅਫ਼ਸਰ ਸ੍ਰੀ ਕੇਦਾਰ ਨਾਥ ਸਾਹਨੀ ਸਾਹਿਬ ਕੋਲ ਇਸ ਬਾਬਤ ਭਰ ਕੇ ਸ਼ਿਕਾਇਤ ਕਰ ਦਿੱਤੀ।

ਦੋ ਚਾਰ ਦਿਨ ਬਾਅਦ ਹੀ ਸਾਹਨੀ ਸਾਹਿਬ ਇਸੇ ਮਾਮਲੇ ਦੀ ਤਫ਼ਤੀਸ਼ ਲਈ ਸ਼ਾਹ ਆਬਾਦ ਆ ਗਏ। ਸ਼ਰਨਾਰਥੀ ਹੋਣ ਦੇ ਨਾਤੇ ਉਨ੍ਹਾਂ ਨੂੰ ਸ਼ਰਨਾਰਥੀਆਂ ਨਾਲ ਪੂਰੀ ਹਮਦਰਦੀ ਸੀ ਅਤੇ ਉਹ ਈਸ਼ਵਰ ਚੰਦਰ ਹੋਰਾਂ ਦੇ ਸ਼ਰਨਾਰਥੀ-ਵਿਰੋਧੀ ਵਤੀਰੇ ਤੋਂ ਵੀ ਜਾਣੂ ਸਨ। ਰਿਪੋਰਟ ਨੂੰ ਫ਼ਜ਼ੂਲ ਤੇ ਬੇਲੋੜੀ ਆਖਣ ਤੋਂ ਹੀ ਪਤਾ ਲਗਦਾ ਸੀ ਕਿ ਉਨ੍ਹਾਂ ਨੂੰ ਇਸ ਵਿਚ ਕੋਈ ਦਮ ਨਹੀਂ ਜਾਪਦਾ। ਸਾਡੀ ਗੱਲ ਬਾਤ ਦੇ ਦੌਰਾਨ ਹੀ ਕੈਂਪ-ਸਟਾਫ਼ ਨੇ ਸ਼ਰਨਾਰਥੀਆਂ ਨੂੰ ਸੁਨੇਹਾ ਭਿਜਵਾ ਦਿੱਤਾ ਕਿ

ਉਹ ਆਪੋ ਆਪਣੀਆਂ ਛੌਲਦਾਰੀਆਂ ਵਿਚ ਹਾਜ਼ਰ ਹੋ ਜਾਣ। ਡੀ.ਏ.ਵੀ. ਸਕੂਲ ਵਾਲੇ ਕੈਂਪ ਵਿਚ ਨਾ-ਕੇਵਲ ਕਾਫ਼ੀ ਇਸਤ੍ਰੀਆਂ ਤੇ ਬੱਚੇ ਪਹੁੰਚ ਗਏ, ਸਗੋਂ ਉਹ ਆਪਣੇ ਨਾਲ ਕੁਝ ਭਾਂਡੇ ਤੇ ਦਰੀਆਂ-ਖੇਸ ਆਦਿ ਵੀ ਲੈ ਆਏ। ਅਸੀਂ ਸਾਹਨੀ ਸਾਹਿਬ ਨੂੰ ਪਹਿਲਾਂ ਗੌਰਮਿੰਟ ਸਕੂਲ ਤੇ ਈਦਗਾਹ ਦੇ ਕੈਂਪਾਂ ਵਿਚ ਲੈ ਗਏ, ਜਿੱਥੇ ਸ਼ਰਨਾਰਥੀਆਂ ਦੀ ਚੋਖੀ ਭੀੜ ਸੀ ਤੇ ਬਾਅਦ ਵਿਚ ਉਨ੍ਹਾਂ ਨੂੰ ਡੀ.ਏ.ਵੀ. ਸਕੂਲ ਦੇ ਕੈਂਪ ਵਿਚ ਲਿਆਏ। ਦਿਨੇ ਮਰਦ ਤਾਂ ਕੰਮ ਕਰਨ ਲਈ ਕਿਤੇ ਤੁਰ ਹੀ ਜਾਂਦੇ ਹਨ, ਪਰ ਛੌਲਦਾਰੀਆਂ ਵਿਚ ਇਸਤ੍ਰੀਆਂ ਤੇ ਬੱਚੇ ਵੇਖ ਕੇ ਸਾਹਨੀ ਸਾਹਿਬ ਦੀ ਤਸੱਲੀ ਹੋ ਗਈ ਤੇ ਇਸ ਤਰ੍ਹਾਂ ਈਸ਼ਵਰ ਚੰਦਰ ਹੋਰਾਂ ਦੀ ਰਿਪੋਰਟ ਦਾਖ਼ਲ-ਦਫ਼ਤਰ ਹੋ ਗਈ।

ਸਾਡੇ ਕੈਂਪ ਵਿਚ ਅਸਿਸਟੈਂਟ ਕੈਂਪ-ਕਮਾਂਡੈਂਟਾਂ, ਰਾਸ਼ਨਿੰਗ ਅਫ਼ਸਰ ਤੇ ਸੁਪਰਵਾਈਜ਼ਰਾਂ ਤੋਂ ਛੁੱਟ ਇਕ ਅਸਿਸਟੈਂਟ ਆਡੀਟਰ ਵੀ ਸਨ। ਇਹ ਸੱਜਣ ਬੜੇ ਹੱਸਮੁਖ ਤੇ ਮਜ਼ਾਕੀਆ ਸੁਭਾਅ ਦੇ ਸਨ। ਪਹਿਲੀ ਅਪ੍ਰੈਲ ਨੂੰ ਉਨ੍ਹਾਂ ਨੇ ਸ੍ਰੀ ਗੁਰਾਂਦਿੱਤਾ ਵਕੀਲ ਨੂੰ ਆਪਣੇ ਮਜ਼ਾਕ ਦਾ ਨਿਸ਼ਾਨਾ ਬਣਾਣ ਦੀ ਸਕੀਮ ਬਣਾਈ ਤੇ ਉਹਦੇ ਵਿਚ ਸਾਨੂੰ ਸਾਰਿਆਂ ਨੂੰ ਸ਼ਾਮਲ ਕਰ ਲਿਆ। ਉਨ੍ਹਾਂ ਨੇ ਡਾਕਖ਼ਾਨੇ ਵਿਚੋਂ ਇਕ ਤਾਰ ਫ਼ਾਰਮ ਲਿਆ ਤੇ ਉਹਦੇ ਉੱਤੇ ਲੋੜੀਂਦੀ ਮੁਹਰ ਵੀ ਲੁਆ ਲਈ। ਤਾਰ ਡਿਪਟੀ ਕਮਿਸ਼ਨਰ ਕਰਨਾਲ ਵੱਲੋਂ ਮੇਰੇ ਨਾਂ ਸੀ ਤੇ ਉਹਦੇ ਵਿਚ ਲਿਖਿਆ ਸੀ ਕਿ "ਸ੍ਰੀ ਗੁਰਾਂਦਿੱਤਾ ਦੀਆਂ ਸੇਵਾਵਾਂ ਦੀ ਲੋੜ ਨਹੀਂ ਰਹੀ, ਸੋ ਉਨ੍ਹਾਂ ਨੂੰ ਫ਼ੌਰਨ ਰੀਲੀਵ ਕਰ ਦਿੱਤਾ ਜਾਏ।" ਵਕੀਲ ਸਾਹਿਬ ਨੂੰ ਜਦ ਇਹ ਇਤਲਾਹ ਦਿੱਤੀ ਗਈ, ਤਾਂ ਉਨ੍ਹਾਂ ਦਾ ਉਦਾਸ ਤੇ ਨਿਰਾਸ਼ ਹੋਣਾ ਕੁਦਰਤੀ ਸੀ। ਮਜ਼ਾਕ ਨੂੰ ਅਸਲੀਅਤ ਦਾ ਰੰਗ ਦੇਣ ਲਈ ਉਨ੍ਹਾਂ ਨੂੰ ਵਿਦਾਇਗੀ ਚਾਹ-ਪਾਰਟੀ ਦੇਣ ਦਾ ਪਹਿਲਾਂ ਹੀ ਫ਼ੈਸਲਾ ਕਰ ਲਿਆ ਗਿਆ ਸੀ। ਸੋ ਝਟ ਪਟ ਚਾਹ ਤੇ ਮਿਠਿਆਈ ਮੰਗਾਈ ਗਈ। ਸਟਾਫ਼ ਵਿਚੋਂ ਮੈਂ ਤੇ ਇਕ ਅਸਿਸਟੈਂਟ ਕੈਂਪ ਕਮਾਂਡੈਂਟ ਨੇ ਵਕੀਲ ਸਾਹਿਬ ਦੀ ਯੋਗਤਾ ਤੇ ਚੰਗੇ ਵਰਤਾਉ ਦੀ ਪ੍ਰਸੰਸਾ ਕੀਤੀ ਤੇ ਉਨ੍ਹਾਂ ਦੇ ਇਸ ਤਰ੍ਹਾਂ ਅਚਾਨਕ ਰੀਲੀਵ ਕੀਤੇ ਜਾਣ ਤੇ ਅਫ਼ਸੋਸ ਪ੍ਰਗਟ ਕੀਤਾ। ਪੰਜ ਮਿੰਟ ਬਾਅਦ ਸਟਾਫ਼ ਨੇ "ਅਪ੍ਰੈਲ ਫ਼ੂਲ, ਅਪ੍ਰੈਲ ਫ਼ੂਲ" ਦੇ ਨਾਹਰੇ ਲਾ ਕੇ ਵਕੀਲ ਸਾਹਿਬ ਦਾ ਚਿਹਰਾ ਮੁੜ ਕੇ ਖਿੜਾ ਦਿੱਤਾ।

ਸਾਰਾ ਕੰਮ ਬੜੀ ਸ਼ਾਂਤੀ ਤੇ ਨਿਰਵਿਘਨਤਾ ਨਾਲ ਚੱਲ ਰਿਹਾ ਸੀ, ਪਰ ਕੈਂਪ ਵਿਚ ਸ਼ਰਨਾਰਥੀਆਂ ਦੀ ਗਿਣਤੀ ਦਿਨੋ ਦਿਨ ਘਟ ਰਹੀ ਸੀ ਤੇ ਮੈਨੂੰ ਚਿੰਤਾ ਸੀ ਕਿ ਪਤਾ ਨਹੀਂ, ਇਹ ਕੈਂਪ ਕਦੋਂ ਅਚਾਨਕ ਤੋੜ ਦਿੱਤਾ ਜਾਏ। ਪਰ ਜਾਪਦਾ ਹੈ ਕਿ ਮੇਰੇ ਕਹਿਣ ਤੋਂ ਬਗ਼ੈਰ ਹੀ ਮਝੈਲ ਸਾਹਿਬ ਨੂੰ ਮੇਰਾ ਖ਼ਿਆਲ ਰਹਿੰਦਾ ਸੀ। ਛੇਤੀ ਹੀ ਉਨ੍ਹਾਂ ਨੂੰ ਮੇਰੀ ਮਦਦ ਕਰਨ ਦਾ ਮੌਕਾ ਮਿਲ ਗਿਆ। ਇਸ ਵੇਲੇ ਪਲਵਲ ਦਾ ਕੈਂਪ ਪੰਜਾਬ ਵਿਚ ਸਭ ਤੋਂ ਵੱਡਾ ਕੈਂਪ ਸੀ ਤੇ ਇਹਦੇ ਵਿਚ ਲਗ ਪਗ ਵੀਹ ਹਜ਼ਾਰ ਸ਼ਰਨਾਰਥੀ ਰਹਿ ਰਹੇ ਸਨ। ਇਸ ਦੇ ਕੈਂਪ-ਕਮਾਂਡੈਂਟ ਲਾਹੌਰ ਦੇ ਇਕ ਪ੍ਰਸਿਧ ਵਕੀਲ ਸਨ, ਜੋ ਰਾਜਨੀਤਿਕ ਕੈਦੀਆਂ ਦੇ ਮੁਕੱਦਮੇ ਲੜਿਆ ਕਰਦੇ ਸਨ। ਉਹ ਮੁੱਖ ਮੰਤਰੀ ਡਾਕਟਰ ਗੋਪੀ ਚੰਦ ਭਾਰਗੋ ਦੇ ਖ਼ਾਸ ਆਦਮੀ ਸਨ। ਉਨ੍ਹਾਂ ਨੇ ਕੈਂਪ-ਕਮਾਂਡੈਂਟੀ ਐਵੇਂ ਸ਼ੌਕੀਆ ਤੇ ਸ਼ੁਗ਼ਲ ਵਜੋਂ ਹੀ ਲਈ ਹੋਈ ਸੀ ਅਤੇ ਪੰਜ ਸੌ ਰੁਪਿਆ ਮਹੀਨਾ ਉਨ੍ਹਾਂ ਦੇ ਭਾਣੇ ਤੁਛ ਜਿਹੀ ਰਕਮ ਸੀ। ਸੋ ਉਹ ਆਪਣੇ ਕੰਮ ਵਿਚ ਕੋਈ ਦਿਲਚਸਪੀ ਨਹੀਂ ਲੈਂਦੇ ਸਨ ਤੇ ਉਨ੍ਹਾਂ ਨੇ ਸਭ ਕੁਝ ਆਪਣੇ ਮਾਤਹਿਤਾਂ ਜਾਂ ਠੇਕੇਦਾਰਾਂ ਉੱਤੇ ਸੁੱਟਿਆ ਹੋਇਆ ਸੀ। ਇਉਂ ਸਮਝੋ ਕਿ ਉਨ੍ਹਾਂ ਦਾ ਸ਼ਰਨਾਰਥੀਆਂ ਨਾਲ ਕੋਈ ਵਾਸਤਾ ਹੀ ਨਹੀਂ ਸੀ। ਜੇ ਉਪਰੋਂ ਕੈਂਪ-ਕਮਾਂਡੈਂਟ ਦਾ ਕੰਟਰੋਲ ਨਾ ਹੋਵੇ, ਤਾਂ ਹੇਠਲੇ ਅਮਲੇ ਤੇ ਠੇਕੇਦਾਰਾਂ ਨੇ ਮਨ-ਮਰਜ਼ੀ ਕਰਨੀ ਹੀ ਸੀ। ਸੋ ਰਾਸ਼ਨ ਵੰਡਣ ਵਿਚ ਬੜੀਆਂ ਬੇਨਿਯਮੀਆਂ ਹੁੰਦੀਆਂ ਸਨ। ਸਟੋਰ ਵਿਚ ਹਜ਼ਾਰਾਂ ਗਜ਼ ਕਪੜਾ ਤੇ ਰਜ਼ਾਈਆਂ ਮੌਜੂਦ ਸਨ, ਪਰ ਇਨ੍ਹਾਂ ਨੂੰ ਸ਼ਰਨਾਰਥੀਆਂ ਵਿਚ ਵੰਡਣ ਦੀ ਕਿਸੇ ਕੋਲ ਵਿਹਲ ਨਹੀਂ ਸੀ। ਇਸ

ਧਾਂਦਲੀ ਤੇ ਅਰੁਚੀ ਤੋਂ ਸ਼ਰਨਾਰਥੀ ਤੰਗ ਆਏ ਹੋਏ ਸਨ। ਉਨ੍ਹਾਂ ਨੇ ਇਕ ਵਾਰੀ ਨਾ-ਕੇਵਲ ਕੈਂਪ-ਕਮਾਂਡੰਟ ਦੀ ਬੇਇੱਜ਼ਤੀ ਕੀਤੀ ਤੇ ਉਨ੍ਹਾਂ ਦੇ ਵਿਰੁੱਧ ਨਾਹਰੇ ਲਾਏ, ਸਗੋਂ ਮਾਰ-ਕੁਟਾਈ ਤੇ ਵੀ ਉਤਰ ਆਏ। ਕੈਂਪ-ਕਮਾਂਡੰਟ ਸਾਹਿਬ ਭਜਦੇ ਭਜਦੇ ਐੱਸ. ਡੀ. ਓ. ਸਾਹਿਬ ਦੀ ਕੋਠੀ ਜਾ ਵੜੇ ਤੇ ਇਸ ਤਰ੍ਹਾਂ ਉਨ੍ਹਾਂ ਨੇ ਸ਼ਰਨਾਰਥੀਆਂ ਦੇ ਕਹਿਰ ਤੋਂ ਆਪਣੀ ਜਾਨ ਬਚਾਈ। ਇਸ ਮਾਰ-ਕੁਟਾਈ ਲਈ ਅੱਧੀ ਦਰਜਨ ਸ਼ਰਨਾਰਥੀਆਂ ਦੇ ਵਿਰੁੱਧ ਕੇਸ ਦਰਜ ਹੋਇਆ ਤੇ ਬਾਅਦ ਵਿਚ ਉਨ੍ਹਾਂ ਨੂੰ ਛੇ ਛੇ ਮਹੀਨੇ ਕੈਦ ਦੀ ਸਜ਼ਾ ਹੋ ਗਈ।

ਪਲਵਲ ਕੈਂਪ ਬਹੁਤ ਵੱਡੇ ਤੇ ਖੁਲ੍ਹੇ ਮੈਦਾਨ ਵਿਚ ਸੀ। ਅਪ੍ਰੈਲ ਦੇ ਅੱਧ ਵਿਚ ਸਰਕਾਰ ਨੇ ਮਹਿਸੂਸ ਕੀਤਾ ਕਿ ਮਈ-ਜੂਨ ਦੀਆਂ ਗਰਮੀਆਂ ਵਿਚ ਸ਼ਰਨਾਰਥੀਆਂ ਨੂੰ ਤਪਸ਼ ਤੋਂ ਬਹੁਤ ਤਕਲੀਫ਼ ਹੋਵੇਗੀ। ਸੋ ਫ਼ੈਸਲਾ ਕੀਤਾ ਗਿਆ ਕਿ 10 ਫ਼ੁੱਟ ਲੰਮੇ, 8 ਫ਼ੁਟ ਚੌੜੇ ਤੇ ਢਾਈ ਫ਼ੁਟ ਡੂੰਘੇ ਟੋਏ ਪੁੱਟ ਕੇ ਉਨ੍ਹਾਂ ਉੱਤੇ ਛੌਲਦਾਰੀਆਂ ਲਾਈਆਂ ਜਾਣ। ਇਹ ਕੰਮ ਲੋਕ-ਨਿਰਮਾਣ ਵਿਭਾਗ (P.W.D.) ਦੇ ਕਰਮਚਾਰੀਆਂ ਨੇ ਕਰਨਾ ਸੀ, ਪਰ ਸ਼ਰਨਾਰਥੀਆਂ ਨੇ ਟੋਏ ਪੁੱਟਣ ਵਿਚ ਉਨ੍ਹਾਂ ਦੀ ਪ੍ਰਭਾਵਕ ਮਦਦ ਕਰਨੀ ਸੀ। ਸ਼ਰਨਾਰਥੀਆਂ ਕੋਲੋਂ ਇਹ ਕੰਮ ਪ੍ਰੇਰਨਾ ਨਾਲ ਹੀ ਕਰਾਇਆ ਜਾ ਸਕਦਾ ਸੀ। ਪਰ ਕਿਉਂਜੁ ਸ਼ਰਨਾਰਥੀਆਂ ਤੇ ਕੈਂਪ-ਕਮਾਂਡੰਟ ਦੇ ਵਿਚਕਾਰ ਮਿਲਵਰਤਨ ਤੇ ਤਾਲ-ਮੇਲ ਦੀ ਘਾਟ ਸੀ, ਇਸ ਲਈ ਇਸ ਕੰਮ ਵਿਚ ਕੋਈ ਪ੍ਰਗਤੀ ਨਾ ਹੋਈ। ਅਧ ਮਈ ਵਿਚ ਜਦ ਲੋਕ-ਨਿਰਮਾਣ ਵਿਭਾਗ ਦੇ ਮੰਤਰੀ ਚੌਧਰੀ ਲਹਿਰੀ ਸਿੰਘ ਪਲਵਲ ਆਏ, ਤਾਂ ਵਿਭਾਗ ਦੇ ਕਰਮਚਾਰੀਆਂ ਨੇ ਸ਼ਿਕਾਇਤ ਕੀਤੀ ਕਿ ਸ਼ਰਨਾਰਥੀਆਂ ਵੱਲੋਂ ਉਨ੍ਹਾਂ ਨੂੰ ਟੋਏ ਪੁੱਟਣ ਦੇ ਕੰਮ ਵਿਚ ਮਿਲਵਰਤਣ ਨਹੀਂ ਮਿਲ ਰਿਹਾ। ਦੂਜੇ ਪਾਸੇ ਸ਼ਰਨਾਰਥੀਆਂ ਨੇ ਵਜ਼ੀਰ ਸਾਹਿਬ ਕੋਲ ਕਈ ਸ਼ਿਕਾਇਤਾਂ ਕੀਤੀਆਂ ਤੇ ਇਹ ਵੀ ਆਖਿਆ ਕਿ ਸਟੋਰ ਕਪੜਿਆਂ ਨਾਲ ਭਰਿਆ ਪਿਆ ਹੈ, ਪਰ ਸਾਨੂੰ ਕਪੜਾ ਨਹੀਂ ਮਿਲ ਰਿਹਾ। ਜਦ ਵਜ਼ੀਰ ਸਾਹਿਬ ਨੇ ਕੈਂਪ ਕਮਾਂਡੰਟ ਕੋਲੋਂ ਇਸ ਬਾਰੇ ਪੁੱਛ-ਗਿੱਛ ਕੀਤੀ, ਤਾਂ ਉਨ੍ਹਾਂ ਨੇ ਸਾਰੀਆਂ ਗੱਲਾਂ ਦੇ ਉਲਟੇ-ਸਿੱਧੇ ਤੇ ਗੁਸਤਾਖ਼ੀ ਭਰੇ ਉੱਤਰ ਦਿੱਤੇ ਤੇ ਇਹ ਵੀ ਆਖਿਆ ਕਿ ਸਟੋਰ ਵਿਚ ਕੋਈ ਕਪੜਾ ਨਹੀਂ ਹੈ। ਪੜਤਾਲ ਕਰਨ ਤੇ ਉਨ੍ਹਾਂ ਦੀ ਇਹ ਗੱਲ ਗ਼ਲਤ ਸਾਬਤ ਹੋ ਗਈ। ਅਸਲ ਵਿਚ ਇਕ ਤਾਂ ਉਨ੍ਹਾਂ ਨੂੰ ਇਸ ਨੌਕਰੀ ਨਾਲ ਕੋਈ ਪਕੜ ਨਹੀਂ ਸੀ; ਦੂਜੇ ਉਹ ਮੁਖ ਮੰਤਰੀ ਨੂੰ ਆਪਣਾ ਪੱਕਾ ਕਿੱਲਾ ਸਮਝਦੇ ਸਨ ਤੇ ਕਿਸੇ ਐਰੇ-ਗ਼ੈਰੇ ਮੰਤਰੀ ਦੀ ਪਰਵਾਹ ਨਹੀਂ ਕਰਦੇ ਸਨ। ਪਰ ਮੰਤਰੀ ਵੀ ਆਖ਼ਰ ਮੰਤਰੀ ਸੀ ਤੇ ਉਸ ਨੇ ਆਪਣੇ ਸ੍ਵੈ-ਮਾਣ ਦੀ ਰੱਖਿਆ ਕਰਨੀ ਸੀ। ਸੋ ਉਨ੍ਹਾਂ ਨੇ ਮਹਿਕਮਾ ਮੁੜ-ਵਸਾਊ ਦੇ ਵਜ਼ੀਰ ਸ. ਈਸ਼ਰ ਸਿੰਘ ਮਝੈਲ ਕੋਲ ਕੈਂਪ-ਕਮਾਂਡੰਟ ਦੇ ਵਤੀਰੇ ਦੀ ਬੜੇ ਕਰੜੇ ਸ਼ਬਦਾਂ ਵਿਚ ਸ਼ਿਕਾਇਤ ਕੀਤੀ ਤੇ ਇੱਥੋਂ ਤਕ ਲਿਖਿਆ, "Camp Commandant is a hard nut to crack. He is an obstructionist and is not fit to be a Camp Commandant" ਅਰਥਾਤ "ਕੈਂਪ ਕਮਾਂਡੰਟ ਤੋਂ ਕੋਈ ਗੱਲ ਮੰਨਵਾਣੀ ਅਸੰਭਵ ਹੈ। ਉਹ ਅੜਿੱਕੇਬਾਜ਼ ਹੈ ਤੇ ਕੈਂਪ ਕਮਾਂਡੰਟੀ ਦੇ ਯੋਗ ਹੀ ਨਹੀਂ।" ਪਲਵਲ ਕੈਂਪ ਦਾ ਚਾਰਜ ਲੈਣ ਤੋਂ ਬਾਅਦ ਇਸ ਰਿਪੋਰਟ ਦੀ ਇੰਨੀ ਨਕਲ ਮੇਰੇ ਕੋਲ ਆਈ ਸੀ।

ਇਸ ਤੋਂ ਬਾਅਦ ਅਗਲੀ ਕਾਰਵਾਈ ਬੜੀ ਤੇਜ਼ੀ ਨਾਲ ਅੱਗੇ ਵਧੀ। ਮੁੜ-ਵਸਾਊ ਮਹਿਕਮੇ ਦੇ ਸਭ ਉੱਚ ਅਧਿਕਾਰੀਆਂ ਤੇ ਉਨ੍ਹਾਂ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੀ, ਜਿਨ੍ਹਾਂ ਵਿਚ ਸ਼ਰਨਾਰਥੀ ਕੈਂਪ ਸਨ, ਇਕ ਫ਼ੌਰੀ ਮੀਟਿੰਗ ਬੁਲਾਈ ਗਈ। ਇਸ ਵਿਚ ਚੌਧਰੀ ਸਾਹਿਬ ਦੀ ਰਿਪੋਰਟ ਉੱਤੇ ਵਿਚਾਰ ਕਰਨ ਤੋਂ ਬਾਅਦ ਫ਼ੈਸਲਾ ਹੋਇਆ ਕਿ ਮੈਂ ਬਿਨਾਂ ਕੋਈ ਛੁੱਟੀ ਬਿਤਾਏ (ਜੋ ਇਕ ਥਾਂ ਤੋਂ ਦੂਜੀ ਥਾਂ ਬਦਲਣ ਵੇਲੇ ਦਿੱਤੀ ਜਾਂਦੀ ਹੈ) ਫ਼ੌਰਨ ਪਲਵਲ ਜਾ ਕੇ ਕੈਂਪ-ਕਮਾਂਡੰਟੀ ਦਾ

ਚਾਰਜ ਲਵਾਂ। ਪਹਿਲੀ ਜਾਂ ਦੂਜੀ ਜੂਨ ਨੂੰ ਮੈਂ ਸਬੱਬ ਨਾਲ ਹੀ ਕਰਨਾਲ ਗਿਆ ਹੋਇਆ ਸਾਂ ਤੇ ਉੱਥੇ ਹੀ ਦਫ਼ਤਰ ਨੇ ਮੈਨੂੰ ਉਸ ਤਾਰ ਦੀ ਨਕਲ ਦੇ ਦਿੱਤੀ, ਜਿਸ ਵਿਚ ਮੇਰੀ ਬਦਲੀ ਦਾ ਹੁਕਮ ਸੀ। ਮੈਂ ਕਰਨਾਲ ਦੇ ਏ.ਡੀ.ਐਮ. ਮਿਸਟਰ ਅਹੂਜਾ ਨੂੰ, ਜੋ ਉਸ ਮੀਟਿੰਗ ਵਿਚ ਗਏ ਹੋਏ ਸਨ, ਨੂੰ ਮਿਲਿਆ ਤੇ ਇਸ ਅਚਾਨਕ ਬਦਲੀ ਦਾ ਕਾਰਨ ਪੁੱਛਿਆ, ਤਾਂ ਉਹ ਕਹਿਣ ਲੱਗੇ, "ਭਾਈ, ਇਹ ਤਾਂ ਤੁਹਾਡੇ ਕਿਸੇ ਸੱਜਣ ਦੀ ਮਿਹਰਬਾਨੀ ਕਰਕੇ ਹੋਈ ਹੈ।" ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਇਹ ਤਬਦੀਲੀ ਮਙੈਲ ਸਾਹਿਬ ਦੀ ਪਹਿਲ-ਕਦਮੀ ਕਰਕੇ ਹੋਈ ਸੀ, ਕਿਉਂਕਿ ਉਨ੍ਹਾਂ ਨੂੰ ਮੇਰੀ ਯੋਗਤਾ ਅਤੇ ਨੇਕ-ਨੀਯਤੀ ਉਤੇ ਵਿਸ਼ਵਾਸ ਸੀ ਤੇ ਉਹ ਇਹ ਵੀ ਜਾਣਦੇ ਸਨ ਕਿ ਸ਼ਾਹ ਆਬਾਦ ਦਾ ਕੈਂਪ ਛੇਤੀ ਹੀ ਟੁੱਟਣ ਵਾਲਾ ਹੈ। ਸੋ, ਮੇਰੇ ਵਲੋਂ ਪਹੁੰਚ ਤੋਂ ਬਿਨਾਂ ਹੀ ਉਨ੍ਹਾਂ ਨੇ ਮੇਰਾ ਕੰਮ ਕਰ ਦਿੱਤਾ ਸੀ।

ਖ਼ੈਰ! ਮੈਂ ਕਰਨਾਲ ਦੇ ਦਫ਼ਤਰ ਨੂੰ ਇੰਨਾ ਆਖ ਦਿੱਤਾ ਕਿ ਮੇਰੇ ਕੋਲੋਂ ਚਾਰਜ ਲੈਣ ਵਾਲਾ ਆਦਮੀ ਦੋ ਦਿਨ ਠਹਿਰ ਕੇ ਭੇਜਿਆ ਜਾਏ, ਤਾਂ ਜੁ ਮੈਂ ਆਪਣੇ ਸ਼ਾਹ ਆਬਾਦ ਦੇ ਸਾਥੀਆਂ ਤੋਂ ਆਰਾਮ ਨਾਲ ਵਿਦਾਇਗੀ ਲੈ ਸਕਾਂ। ਜਦ ਮੈਂ ਵਾਪਸ ਸ਼ਾਹ ਆਬਾਦ ਪਹੁੰਚਿਆ, ਤਾਂ ਮੇਰੇ ਨਾਂ ਮਹਿਕਮਾ ਮੁੜ-ਵਸਾਊ ਦੇ ਸਕੱਤਰ ਸ਼ਰਮਾ ਸਾਹਿਬ ਦੀ ਇਕ ਨੀਮ-ਸਰਕਾਰੀ ਚਿੱਠੀ ਆਈ ਹੋਈ ਸੀ, ਜਿਸ ਵਿਚ ਲਿਖਿਆ ਸੀ, "My dear Giani Lal Singh. The affairs at Palwal are unsatisfactory. You have been selected to go over there and set the things right. I hope, you will bring the Camp to the proper level soon." ਅਰਥਾਤ "ਪਲਵਲ ਵਿਚ ਹਾਲਾਤ ਤਸੱਲੀਬਖ਼ਸ਼ ਨਹੀਂ। ਤੁਹਾਨੂੰ ਉੱਥੇ ਜਾਣ ਤੇ ਹਾਲਾਤ ਸੁਧਾਰਨ ਲਈ ਚੁਣਿਆ ਗਿਆ ਹੈ। ਉਮੀਦ ਹੈ, ਤੁਸੀਂ ਛੇਤੀ ਹੀ ਹਾਲਾਤ ਠੀਕ ਕਰ ਲਓਗੇ।"

ਕੈਂਪ-ਸਟਾਫ਼ ਨੂੰ ਮੇਰੇ ਨਾਲ ਬੜਾ ਹਿੱਤ ਤੇ ਲਗਾਉ ਸੀ, ਇਸ ਲਈ ਉਨ੍ਹਾਂ ਨੂੰ ਮੇਰੀ ਤਬਦੀਲੀ ਦਾ ਅਫ਼ਸੋਸ ਸੀ, ਪਰ ਇਸ ਦੇ ਨਾਲ ਉਨ੍ਹਾਂ ਨੂੰ ਇਸ ਗੱਲ ਦੀ ਖ਼ੁਸ਼ੀ ਵੀ ਸੀ ਕਿ ਮੈਨੂੰ ਯੋਗ ਸਮਝ ਕੇ ਇਕ ਵੱਡੇ ਕੈਂਪ ਦੇ ਸੁਧਾਰ ਲਈ ਚੁਣਿਆ ਗਿਆ ਹੈ। ਉਨ੍ਹਾਂ ਨੇ ਮੇਰੇ ਲਈ ਇਕ ਸ਼ਾਨਦਾਰ ਵਿਦਾਇਗੀ ਪਾਰਟੀ ਦਾ ਪ੍ਰਬੰਧ ਕੀਤਾ, ਜੀਹਦੇ ਵਿਚ ਅਸਿਸਟੈਂਟ ਕੈਂਪ-ਕਮਾਂਡੈਂਟ ਪ੍ਰੋਫ਼ੈਸਰ ਪੁਰੀ ਨੇ ਤਕਰੀਰ ਕਰਦੇ ਹੋਇਆਂ ਹੋਰ ਗੱਲਾਂ ਤੋਂ ਛੁਟ ਇਹ ਵੀ ਆਖਿਆ, "ਜਦ ਤੁਸੀਂ ਇੱਥੇ ਆਏ, ਤਾਂ ਅਸੀਂ ਤੁਹਾਡੀ ਨੀਲੀ ਪਗੜੀ ਵੇਖ ਕੇ ਬਹੁਤ ਡਰ ਗਏ ਕਿ ਇਹ ਅਕਾਲੀ ਕੈਂਪ-ਕਮਾਂਡੈਂਟ ਪਤਾ ਨਹੀਂ ਕਿੰਨਾ ਕੱਟੜ ਸਾਬਤ ਹੋਵੇਗਾ, ਪਰ ਤੁਹਾਡੇ ਢਾਈ ਤਿੰਨ ਮਹੀਨੇ ਦੇ ਪਿਆਰੇ ਤੇ ਸੁਹਿਰਦ ਵਤੀਰੇ ਨੇ ਸਾਡਾ ਮਨ ਮੋਹ ਲਿਆ ਹੈ।" ਮਾਸਟਰ ਰਾਮ ਚੰਦ ਜੀ ਨੇ ਇੱਥੇ ਤਕ ਕਹਿ ਦਿੱਤਾ ਕਿ "ਜੇ ਅਕਾਲੀ ਇਹੋ ਜਿਹੇ ਹੀ ਹੁੰਦੇ ਹਨ, ਤਾਂ ਸਾਰੇ ਸਿਖ ਅਕਾਲੀ ਹੋ ਜਾਣੇ ਚਾਹੀਦੇ ਹਨ।" ਹਾਂ, ਦੂਜੇ ਪਾਸੇ ਸ੍ਰੀ ਬਾਨੂੰ ਰਾਮ ਗੁਪਤਾ ਨੇ ਇਹ ਸਮਝ ਕੇ ਆਪਣੇ ਮਨ ਨੂੰ ਤਸੱਲੀ ਦੇ ਲਈ ਕਿ ਉਨ੍ਹਾਂ ਦੀ ਸ਼ਿਕਾਇਤ ਤੇ ਹੀ ਮੈਨੂੰ ਸ਼ਾਹ ਆਬਾਦ ਤੋਂ ਇੰਨੀ ਛੇਤੀ ਬਦਲ ਦਿੱਤਾ ਗਿਆ ਹੈ। ਸ਼ਾਹ ਆਬਾਦ ਵਿਚ ਮੇਰੀ ਕੈਂਪ-ਕਮਾਂਡੈਂਟੀ ਦਾ ਸਮਾਂ ਸੰਖੇਪ ਜਿਹਾ ਸੀ ਤੇ ਆਮ ਤੌਰ ਤੇ ਸ਼ਾਂਤੀ-ਪੂਰਬਕ ਹੀ ਬੀਤ ਗਿਆ ਸੀ। ਪਰ ਅਗਲੇ ਦੋਹਾਂ ਕੈਂਪਾਂ—ਪਲਵਲ ਤੇ ਕਰਨਾਲ ਵਿਚ ਮੈਂ ਨੌਂ ਨੌਂ ਦਸ ਦਸ ਮਹੀਨੇ ਰਿਹਾ ਤੇ ਇੱਥੇ ਮੈਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਬਹੁਤਾ ਕਰਕੇ ਇਹ ਸਮੱਸਿਆਵਾਂ ਮੇਰੀ ਨੀਲੀ ਪਗੜੀ ਜਾਂ ਸ਼ਾਇਦ ਮੇਰੇ ਸਿਖ ਹੋਣ ਦੇ ਕਾਰਨ ਪੇਸ਼ ਆਈਆਂ। ਇਸ ਲਈ ਮੈਂ ਇੱਥੇ ਕੁਝ ਵਿਸਥਾਰ ਨਾਲ ਹਿੰਦੂਆਂ-ਸਿੱਖਾਂ ਦੇ ਸੰਬੰਧਾਂ ਬਾਰੇ ਆਮ ਚਰਚਾ ਕਰ ਕੇ ਆਪਣੇ ਨਿੱਜੀ ਵਿਚਾਰ ਵੀ ਦੱਸ ਦੇਣਾ ਚਾਹੁੰਦਾ ਹਾਂ। ਮੇਰਾ ਜਨਮ ਇਕ ਅਜਿਹੇ ਪਰਵਾਰ ਵਿਚ ਹੋਇਆ ਸੀ, ਜੀਹਦੇ ਵਿਚ ਸਿਖ

ਜਾਂ ਮੋਨੇ (ਹਿੰਦੂ) ਵਿਚ ਕੋਈ ਭਿੰਨ-ਭੇਦ ਨਹੀਂ ਸੀ। ਮੇਰੇ ਦਾਦਾ ਸ. ਬਿਸ਼ਨ ਸਿੰਘ ਕੇਸਾਧਾਰੀ ਸੀ, ਪਰ ਮੇਰੇ ਪਿਤਾ ਜੀ ਭਾਈ ਨਾਨਕ ਚੰਦ ਮੋਨੇ ਸਨ। ਪੰਜਾਂ ਭਰਾਵਾਂ ਵਿਚੋਂ ਕੇਵਲ ਮੈਂ ਤੇ ਮੇਰਾ ਸਭ ਤੋਂ ਵੱਡਾ ਭਰਾ, ਸ. ਅਮਰ ਸਿੰਘ ਹੀ ਕੇਸਾਧਾਰੀ ਸਾਂ; ਬਾਕੀ ਦੇ ਤਿੰਨੋਂ–ਸਰਦਾਰਾ ਮੱਲ, ਗਣਪਤ ਤੇ ਪੋਲਾ ਮੱਲ ਮੋਨੇ ਸਨ। ਇਸੇ ਤਰ੍ਹਾਂ ਚਾਚੇ-ਤਾਏ ਦੇ ਪੁੱਤਰਾਂ ਤੇ ਹੋਰ ਬਰਾਦਰੀ ਵਿਚ ਵੀ ਕੇਸਾਧਾਰੀ ਤੇ ਮੋਨੇ ਰਲੇ-ਮਿਲੇ ਸਨ ਤੇ ਸਭ ਨੂੰ ਹਿੰਦੂ ਹੀ ਸਮਝਿਆ ਜਾਂਦਾ ਸੀ। ਓਂ ਸਾਡੇ ਪਿੰਡ (ਚੇਲੀਆਂ ਵਾਲਾ ਜ਼ਿਲ੍ਹਾ ਗੁਜਰਾਤ) ਵਿਚ ਮੰਦਰ ਕੋਈ ਨਹੀਂ ਸੀ। ਸਾਰੇ ਲੋਕ, ਇੱਥੋਂ ਤਕ ਕਿ ਬ੍ਰਾਹਮਣ ਤੇ ਝੀਊਰ ਵੀ ਗੁਰਦੁਆਰੇ ਜਾਂਦੇ ਤੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਸਨ। ਦੂਜੇ ਪਾਸੇ ਕੇਸਾਧਾਰੀ ਤੇ ਮੋਨਿਆਂ ਦੋਹਾਂ ਵਿਚ ਸ਼ਰਾਧ, ਵਰਤ, ਸੂਤਕ, ਛੂਤ-ਛਾਤ, ਜੰਡੀ ਪੂਜਣ ਤੇ ਜਨੇਊ ਪਾਉਣ ਆਦਿ ਦੀਆਂ ਰਲੀਆਂ-ਮਿਲੀਆਂ ਜਿਹੀਆਂ ਰਸਮਾਂ ਪ੍ਰਚਲਤ ਸਨ। ਉਂਜ ਕੇਸਾਧਾਰੀ ਬਣਨ ਦੀ ਪਰਵਿਰਤੀ ਵਧ ਰਹੀ ਸੀ ਤੇ ਅੱਗੋਂ ਸੰਤਾਨ ਨੂੰ ਆਮ ਤੌਰ ਤੇ ਕੇਸਾਧਾਰੀ ਹੀ ਰੱਖਿਆ ਜਾਂਦਾ ਸੀ। ਮੇਰੇ ਤਿੰਨੋਂ ਭਰਾ ਹੀ ਇਸ ਪ੍ਰਭਾਵ ਹੇਠ ਸਮਾਂ ਪਾ ਕੇ ਕੇਸਾਧਾਰੀ ਹੋ ਕੇ ਸਰਦਾਰ ਸਿੰਘ, ਗਿਆਨ ਸਿੰਘ ਤੇ ਤੇਜਾ ਸਿੰਘ ਬਣ ਗਏ। ਪਰ ਇਸ ਦੇ ਬਾਵਜੂਦ ਕੇਸਾਧਾਰੀਆਂ ਤੇ ਮੋਨਿਆਂ ਵਿਚ ਰੋਟੀ-ਬੇਟੀ ਦੀ ਸਾਂਝ ਆਮ ਸੀ ਤੇ ਕਿਸੇ ਕੇਸਾਧਾਰੀ ਨੂੰ ਕਿਸੇ ਵੀ ਹਿੰਦੂ ਨਾਲ ਉਹਦੇ ਹਿੰਦੂ ਹੋਣ ਦੇ ਕਾਰਨ ਨਫ਼ਰਤ ਨਹੀਂ ਕੀਤੀ ਜਾਂਦੀ ਸੀ।

ਬਚਪਨ ਵਿਚ ਮੇਰੇ ਉੱਤੇ ਵੀ ਇਹੀ ਪ੍ਰਭਾਵ ਪੈਣਾ ਕੁਦਰਤੀ ਸੀ ਅਤੇ ਵੱਡੇ ਹੋਇਆਂ ਜਦ ਮੈਨੂੰ ਹੌਲੀ ਹੌਲੀ ਗੁਰਮਤਿ ਦੀ ਵਧੇਰੇ ਸੋਝੀ ਹੁੰਦੀ ਗਈ, ਤਾਂ ਵੀ ਮੇਰੇ ਵਿਚ ਹਿੰਦੂਆਂ ਨੂੰ ਗ਼ੈਰ ਸਮਝਣ ਦਾ ਖ਼ਿਆਲ ਕਦੇ ਨਹੀਂ ਆਇਆ। ਜਿੱਥੋਂ ਤਕ ਮੈਨੂੰ ਯਾਦ ਹੈ, ਗੁਜਰਾਂਵਾਲਾ ਖ਼ਾਲਸਾ ਹਾਈ ਸਕੂਲ ਵਿਚ ਪੜ੍ਹਦਿਆਂ ਸਾਡੇ ਧਰਮ-ਵਿਦਿਆ ਦੇ ਕਿਸੇ ਵੀ ਅਧਿਆਪਕ ਨੇ ਸਾਨੂੰ ਇਹ ਨਹੀਂ ਸੀ ਸਿਖਾਇਆ ਕਿ ਸਿਖ ਤੇ ਹਿੰਦੂ ਦੋ ਵਖ ਵਖ ਕੌਮਾਂ ਹਨ ਜਾਂ ਸਿੱਖਾਂ ਨੂੰ ਹਿੰਦੂਆਂ ਨਾਲ ਕਿਸੇ ਤਰ੍ਹਾਂ ਦਾ ਵਿਤਕਰਾ ਕਰਨਾ ਚਾਹੀਦਾ ਹੈ। ਜਦ ਸਿਖ ਧਰਮ ਦੀ ਸਿੱਖਿਆ ਹੀ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਉੱਤੇ ਅਧਾਰਿਤ ਹੈ, ਤਾਂ ਇਹ ਵਿਤਕਰਾ ਹੋ ਹੀ ਕਿਵੇਂ ਸਕਦਾ ਸੀ ? ਇਸ ਦੇ ਬਾਵਜੂਦ ਇਹ ਇਕ ਸਚਿਆਈ ਹੈ ਕਿ ਸਮਾਂ ਪਾ ਕੇ ਹਿੰਦੂ ਤੇ ਸਿਖ ਪ੍ਰਸਪਰ ਦੂਰ ਹੁੰਦੇ ਚਲੇ ਗਏ। ਕੁਝ ਚਲਾਕ ਤੇ ਸੁਆਰਥੀ ਲੋਕਾਂ ਨੇ ਇਹਦੇ ਲਈ ਭਾਈ ਕਾਨ੍ਹ ਸਿੰਘ ਨਾਭਾ ਦੀ ਪੁਸਤਕ 'ਹਮ ਹਿੰਦੂ ਨਹੀ' ਨੂੰ ਜ਼ਿੰਮੇਵਾਰ ਠਹਿਰਾਇਆ ਹੈ ਅਤੇ ਇਸ ਦਾ ਬੜੇ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਈ ਕਾਨ੍ਹ ਸਿੰਘ ਨੇ ਇਹ ਪੁਸਤਕ ਅੰਗਰੇਜ਼ੀ ਸਰਕਾਰ ਦੇ ਇਸ਼ਾਰੇ ਤੇ ਲਿਖੀ ਸੀ, ਜੋ ਸਿੱਖਾਂ ਨੂੰ ਇਕ ਵਖ ਕੌਮ ਬਣਾਉਣਾ ਚਾਹੁੰਦੀ ਸੀ। ਇਹ ਗੱਲ ਉੱਕਾ ਹੀ ਨਿਰਮੂਲ ਹੈ। ਅਸਲ ਗੱਲ ਇਹ ਹੈ ਕਿ ਜਿਵੇਂ ਮੈਂ ਉੱਪਰ ਦੱਸਿਆ ਹੈ, ਆਮ ਸਿਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਭੁੱਲ ਕੇ ਮੁੜ ਮੂਰਤੀ-ਪੂਜਾ, ਕਰਮ-ਕਾਂਡ, ਸੂਤਕ, ਛੂਤ-ਛਾਤ, ਵਰਤ ਤੇ ਜਨੇਊ ਆਦਿ ਰੀਤੀ-ਰਿਵਾਜਾਂ ਵਿਚ ਫਸ ਗਏ ਸਨ। ਇਉਂ ਬਹੁਤਾ ਕਰਕੇ ਇਸ ਲਈ ਹੋਇਆ ਸੀ ਕਿ ਸਿਖ ਹਿੰਦੂਆਂ ਵਿਚ ਅਭੇਦ ਹੁੰਦੇ ਜਾਂਦੇ ਸਨ ਤੇ ਉਨ੍ਹਾਂ ਨੂੰ ਤਕੜਾ ਹਲੂਣਾ ਦੇ ਕੇ ਇਹ ਦੱਸਣ ਦੀ ਲੋੜ ਸੀ ਕਿ ਸਾਡਾ ਧਰਮ ਬਹੁਤੀਆਂ ਗੱਲਾਂ ਵਿਚ ਹਿੰਦੂ ਧਰਮ ਤੋਂ ਵਿਲੱਖਣ ਹੈ, ਇੱਸੇ ਲਈ ਭਾਈ ਕਾਨ੍ਹ ਸਿੰਘ ਨੇ ਆਪਣੀ ਪੁਸਤਕ ਦਾ ਨਾਂ ਅਜਿਹਾ ਰੱਖ ਦਿੱਤਾ। ਪਰ ਪੁਸਤਕ ਦੀ ਭੂਮਿਕਾ ਵਿਚ ਹੀ 'ਇਕ ਜ਼ਰੂਰੀ ਬੇਨਤੀ' ਦੇ ਸਿਰਲੇਖ ਹੇਠ ਉਨ੍ਹਾਂ ਨੇ ਸਿੱਖਾਂ ਨੂੰ ਤਾੜਨਾ ਕੀਤੀ ਸੀ ਕਿ "ਇਹ ਕਦੇ ਨਹੀਂ ਹੋਣਾ ਚਾਹੀਏ ਕਿ ਆਪ ਹਿੰਦੂ ਜਾਂ ਹੋਰ ਧਰਮੀਆਂ ਨਾਲ ਵਿਰੋਧ ਕਰੋ ਅਰ ਉਨ੍ਹਾਂ ਦੇ ਧਰਮਾਂ ਉੱਪਰ ਕੁ-ਤਰਕ ਕਰੋ ਅਥਵਾ ਦੇਸ-ਵਾਸੀਆਂ ਨੂੰ ਆਪਣਾ ਅੰਗ ਨਾ ਮੰਨ ਕੇ ਜਨਮ-ਭੂਮੀ ਤੋਂ ਸਰਾਪ ਲਓ। ਸਗੋਂ ਆਪ ਨੂੰ ਉਚਿਤ ਹੈ ਕਿ

ਸਤਿਗੁਰਾਂ ਦੇ ਇਨ੍ਹਾਂ ਬਚਨਾਂ ਪੁਰ ਭਰੋਸਾ ਔਰ ਅਮਲ ਕਰਦੇ ਹੋਏ:

ਏਕੁ ਪਿਤਾ ਏਕਸ ਕੇ ਹਮ ਬਾਰਿਕ *(ਸੋਰਠਿ ਮ: ੫)*

ਅਤੇ

ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ॥ *(ਧਨਾਸਰੀ ਮ: ੫)*

ਸਭ ਨਾਲ ਪੂਰਨ ਪਿਆਰ ਕਰੋ ਅਰ ਹਰ ਵੇਲੇ ਸਭ ਦਾ ਹਿਤ ਚਾਹੋ।"

ਅੱਗੇ ਚਲ ਕੇ ਉਨ੍ਹਾਂ ਨੇ ਲਿਖਿਆ ਸੀ, "ਜਿਸ ਦੇਸ ਦੇ ਆਦਮੀ ਵਿੱਦਿਆ ਦੇ ਤੱਤ ਅਤੇ ਦੀਰਘ ਵਿਚਾਰ ਤੋਂ ਖ਼ਾਲੀ ਰਹਿ ਕੇ ਧਰਮ, ਨੀਤੀ ਔਰ ਸਮਾਜ ਆਦਿਕ ਦੇ ਮਾਮਲਿਆਂ ਦੀ ਖਿਚੜੀ ਬਣਾ ਕੇ ਪ੍ਰਸਪਰ ਈਰਖਾ, ਦਵੈਤ ਨਾਲ ਸੜਦੇ ਔਰ ਲੜਦੇ ਹਨ, ਉਹ ਲੋਕ-ਪ੍ਰਲੋਕ ਦਾ ਸੁਖ ਖੋ ਬੈਠਦੇ ਹਨ—ਇਸ ਦੇ ਉਲਟ ਜੋ ਭਿੰਨ ਭਿੰਨ ਧਰਮੀ ਹੋਣ ਪਰ ਭੀ ਇਕ ਨੇਸ਼ਨ ਵਾਂਗ ਮਿਲ ਕੇ ਰਹਿੰਦੇ ਹਨ ਅਰ ਇਕ ਦੀ ਹਾਨੀ-ਲਾਭ ਨੂੰ ਦੇਸ ਦੀ ਹਾਨੀ-ਲਾਭ ਸਮਝਦੇ ਹਨ, ਉਹ ਸਭ ਸੁੱਖਾਂ ਦੇ ਪਾਤਰ ਹਨ ਅਰ ਸਭਯ ਕੌਮਾਂ ਤੋਂ ਸਨਮਾਨ ਪਾਉਂਦੇ ਹਨ।" ਸੋ ਭਾਈ ਕਾਨ੍ਹ ਸਿੰਘ ਜੀ ਦਾ ਇੱਕੋ ਇਕ ਮਨੋਰਥ ਸਿੱਖਾਂ ਨੂੰ ਗੁਰਮਤਿ ਦੇ ਸਿਧਾਂਤਾਂ ਤੋਂ ਜਾਣੂ ਕਰਾ ਕੇ ਉਨ੍ਹਾਂ ਨੂੰ ਕਰਮ-ਕਾਂਡ ਦੇ ਬੰਧਨਾਂ ਤੋਂ ਮੁਕਤ ਕਰਾਉਣਾ ਸੀ। ਹਿੰਦੂਆਂ ਤੇ ਸਿੱਖਾਂ ਵਿਚਕਾਰ ਫੁੱਟ ਪਾਉਣ ਦੇ ਉਲਟ ਉਨ੍ਹਾਂ ਨੇ ਸਿੱਖਾਂ ਨੂੰ ਹਿੰਦੂਆਂ ਨਾਲ ਮਿਲ-ਜੁਲ ਕੇ ਪ੍ਰੇਮ-ਪਿਆਰ ਨਾਲ ਰਹਿਣ ਦੀ ਜ਼ੋਰਦਾਰ ਪ੍ਰੇਰਨਾ ਕੀਤੀ ਹੈ ਅਤੇ ਈਰਖਾ ਤੇ ਦਵੈਤ ਦੇ ਵਿਰੁੱਧ ਜ਼ੋਰਦਾਰ ਤਾੜਨਾ। ਇਸ 'ਬੇਨਤੀ' ਨੂੰ ਪੜ੍ਹ ਕੇ ਕੋਈ ਉਂਧੀ ਖੋਪਰੀ ਵਾਲਾ ਹੀ ਇਹ ਕਹਿ ਸਕਦਾ ਹੈ ਕਿ 'ਹਮ ਹਿੰਦੂ ਨਹੀਂ' ਪੁਸਤਕ ਸਿੱਖਾਂ ਨੂੰ ਹਿੰਦੂਆਂ ਤੋਂ ਨਿਖੇੜਨ ਲਈ ਲਿਖੀ ਗਈ ਸੀ। ਹਾਂ, ਜੇ ਪੁਸਤਕ ਦੇ ਨਾਂ ਨਾਲ ਹੀ ਭਾਈ ਕਾਨ੍ਹ ਸਿੰਘ ਜੀ ਇਸ ਗੱਲ ਦੇ ਦੋਸ਼ੀ ਹੋ ਜਾਂਦੇ ਹਨ, ਤਾਂ ਇਹ ਗੱਲ ਵੀ ਵਰਣਨ ਯੋਗ ਹੈ ਕਿ ਇਸ ਤੋਂ ਬਹੁਤ ਚਿਰ ਪਹਿਲਾਂ ਆਰੀਆ ਸਮਾਜ ਅਨਾਰਕਲੀ ਲਾਹੌਰ ਨੇ 'ਹਮ ਹਿੰਦੂ ਨਹੀਂ' ਦੇ ਸਿਰਲੇਖ ਹੇਠ ਇਕ ਇਸ਼ਤਿਹਾਰ ਕਢਿਆ ਸੀ ਤੇ ਉਸ ਵਿਚ ਲਿਖਿਆ ਸੀ, "ਸਾਨੂੰ ਹਿੰਦੂ ਨਾਮ ਮੁਸਲਮਾਨਾਂ ਦਾ ਦਿੱਤਾ ਹੋਇਆ ਹੈ ਤੇ ਇਸ ਦੇ ਅਰਥ 'ਚੋਰ' ਹਨ। ਅਸੀਂ ਆਰੀਆ (ਖ਼ਾਲਸ) ਜਾਂ ਵੇਦਕ ਧਰਮੀ ਹਾਂ ਅਤੇ ਸਾਨੂੰ ਮਰਦੁਮ-ਸ਼ੁਮਾਰੀ ਵਿਚ ਆਪਣਾ ਇਹੀ ਮੱਤ ਲਿਖਾਣਾ ਚਾਹੀਦਾ ਹੈ।"

ਰਹੀ ਇਹ ਗੱਲ ਕਿ ਫਿਰ ਹਿੰਦੂਆਂ ਤੇ ਸਿੱਖਾਂ ਵਿਚਕਾਰ ਪਾੜ ਪਾਣ ਜਾਂ ਵਧਾਣ ਦੀ ਜ਼ਿੰਮੇਵਾਰੀ ਕਿਸ ਦੇ ਸਿਰ ਹੈ? ਇਹਦਾ ਸਪੱਸ਼ਟ ਉੱਤਰ ਇਹ ਹੈ ਕਿ ਇਹਦੀ ਸ਼ੁਰੂਆਤ ਆਰੀਆ ਸਮਾਜ ਨੇ ਕੀਤੀ। ਵੱਡੀ ਤ੍ਰਾਸਦੀ ਤੇ ਵਿਅੰਗਆਤਮਕ ਗੱਲ ਤਾਂ ਇਹ ਹੈ ਕਿ ਜਦ ਆਰੀਆ ਸਮਾਜ ਦੇ ਬਾਨੀ ਸੁਆਮੀ ਦਇਆ ਨੰਦ ਪਹਿਲੀ ਵਾਰੀ ਪੰਜਾਬ ਵਿਚ ਆਏ, ਤਾਂ ਭਾਈ ਜਵਾਹਰ ਸਿੰਘ, ਮਈਆ ਸਿੰਘ ਤੇ ਗਿਆਨੀ ਦਿੱਤ ਸਿੰਘ ਆਦਿ ਸਿਖ ਵਿਦਵਾਨਾਂ ਤੇ ਆਗੂਆਂ ਨੇ ਨਾ-ਕੇਵਲ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ, ਸਗੋਂ ਭਾਈ ਜਵਾਹਰ ਸਿੰਘ ਆਰੀਆ ਸਮਾਜ ਲਾਹੌਰ ਦੇ ਮੀਤ ਪ੍ਰਧਾਨ ਬਣ ਗਏ। ਇਨ੍ਹਾਂ ਦਾ ਖ਼ਿਆਲ ਸੀ ਕਿ ਆਰੀਆ ਸਮਾਜ ਮੂਰਤੀ-ਪੂਜਾ ਅਤੇ ਸਭ ਕਰਮ-ਕਾਂਡਾਂ—ਸੂਤਕ ਪਾਤਕ, ਸ਼ਰਾਧ, ਵਰਤ ਤੇ ਜਨੇਊ ਆਦਿ ਦਾ ਖੰਡਨ ਕਰਦਾ ਹੈ, ਇਸ ਲਈ ਸਮਾਜ ਦੇ ਪ੍ਰਚਾਰ ਨਾਲ ਸਿੱਖੀ ਨੂੰ ਵੀ ਬੜ੍ਹਾਵਾ ਮਿਲੇਗਾ। ਪਰ ਸੁਆਮੀ ਜੀ ਦੇ ਸਿਰ ਉੱਤੇ ਤਾਂ ਸਾਰੇ ਪਹਿਲੇ ਮਤਾਂ-ਮਤਾਂਤਰਾਂ—ਈਸਾਈਆਂ, ਪਾਰਸੀਆਂ, ਇਸਲਾਮ, ਬੁਧ ਮਤ, ਸਨਾਤਨ ਧਰਮ ਤੇ ਸਿਖ ਮਤ ਨੂੰ ਜਿੱਤਣ ਜਾਂ 'ਦਿਗਵਿਜੇ' ਦਾ ਭੂਤ ਸਵਾਰ ਸੀ। ਸੋ ਉਨ੍ਹਾਂ ਨੇ ਆਪਣੀ ਪੁਸਤਕ 'ਸਤਿਆਰਥ ਪ੍ਰਕਾਸ਼' ਵਿਚ ਸਿਖ ਮਤ ਦਾ ਖੰਡਨ ਕਰਨਾ ਵੀ ਜ਼ਰੂਰੀ ਸਮਝਿਆ। ਸਿਖ ਮਤ ਅਤੇ ਸਿਖ ਇਤਿਹਾਸ ਜਾਂ ਗੁਰਬਾਣੀ ਦਾ ਅਧਿਅਨ ਕੀਤੇ ਬਗ਼ੈਰ ਉਨ੍ਹਾਂ ਨੇ

ਸੁਣੀਆਂ-ਸੁਣਾਈਆਂ ਗੱਲਾਂ ਦੇ ਅਧਾਰ ਤੇ ਅਤੇ ਗੁਰਬਾਣੀ ਦੀਆਂ ਤੁਕਾਂ ਨੂੰ ਤੋੜ-ਮਰੋੜ ਕੇ ਪੇਸ਼ ਕਰ ਕੇ ਨਾ-ਕੇਵਲ ਸਿਖ ਧਰਮ ਤੇ ਹਮਲੇ ਕੀਤੇ, ਸਗੋਂ ਗੁਰੂ ਨਾਨਕ ਸਾਹਿਬ ਦੇ ਵਿਰੁੱਧ ਨਿਰਮੂਲ ਤੇ ਗ਼ਲਤ ਦੂਸ਼ਣ ਥਪ ਕੇ ਕਾਟਵੀਂ ਨੁਕਤਾਚੀਨੀ ਕੀਤੀ। ਇਸ ਉੱਤੇ ਸਿਖ ਵਿਦਵਾਨਾਂ ਨੇ ਆਰੀਆ ਸਮਾਜ ਨਾਲੋਂ ਸਾਰੇ ਸੰਬੰਧ ਤੋੜ ਲਏ ਤੇ ਸੁਆਮੀ ਜੀ ਦੀਆਂ ਮਨ-ਘੜਤ ਗੱਲਾਂ ਦਾ ਬਾ-ਦਲੀਲ ਉੱਤਰ ਦਿੱਤਾ।

1925-26 ਵਿਚ ਮੈਂ ਡਾਕਟਰ ਗੰਡਾ ਸਿੰਘ ਲਿਖਤ ਉਰਦੂ ਪੁਸਤਕ 'ਇਨਕਿਸ਼ਾਫ਼-ਏ-ਹਕੀਕਤ' ਪੜ੍ਹੀ। ਜਿਸ ਵਿਚ ਉਨ੍ਹਾਂ ਨੇ 'ਸਤਿਆਰਥ ਪ੍ਰਕਾਸ਼' ਦੀ ਸਿਖ-ਵਿਰੋਧੀ ਇਕ ਇਕ ਸਤਰ ਦਾ ਬੜਾ ਢੁਕਵਾਂ ਉੱਤਰ ਦਿੱਤਾ ਹੋਇਆ ਸੀ ਤੇ ਸੁਆਮੀ ਜੀ ਦੀ ਸਾਰੀ ਲਿਖਤ ਥੋਥੀ ਤੇ ਬੇਥਵ੍ਹੀ ਦਿਸ ਰਹੀ ਸੀ ਤੇ ਉਨ੍ਹਾਂ ਦੀ ਕੁ-ਤਰਕਾਂ ਵਿਚ ਜਾਨ ਨਹੀਂ ਸੀ। ਉਸ ਵੇਲੇ ਹੀ ਕੁਝ ਸੁਹਿਰਦ ਹਿੰਦੂਆਂ ਨੇ ਆਰੀਆ ਸਮਾਜੀਆਂ ਨੂੰ ਸੁਝਾਅ ਦਿੱਤਾ ਸੀ ਕਿ ਸਿਖ ਮਤ ਦੇ ਵਿਰੁੱਧ ਲਿਖਿਆ ਸਾਰੇ ਦਾ ਸਾਰਾ ਕਾਂਡ 'ਸਤਿਆਰਥ ਪ੍ਰਕਾਸ਼' ਵਿੱਚੋਂ ਕਢ ਦੇਣਾ ਚਾਹੀਦਾ ਹੈ ਅਤੇ ਸਮਾਜ ਦੇ ਕੁਝ ਆਗੂਆਂ ਨੇ ਕੱਢਣ ਦਾ ਇਕਰਾਰ ਵੀ ਕੀਤਾ ਸੀ, ਪਰ ਕੁਝ ਸਿਰ-ਫਿਰਿਆਂ ਨੇ ਉਨ੍ਹਾਂ ਦੀ ਪੇਸ਼ ਨਾ ਜਾਣ ਦਿੱਤੀ। ਸਗੋਂ ਉਨ੍ਹਾਂ ਨੇ ਜੂਨ 1900 ਵਿਚ ਸਿਖ ਹਿਰਦਿਆਂ ਨੂੰ ਠੇਸ ਪਹੁੰਚਾਣ ਦਾ ਇਕ ਹੋਰ ਨੀਚ ਕਾਰਾ ਕੀਤਾ। ਲਾਹੌਰ ਦੇ ਆਰੀਆ ਸਮਾਜ ਵੱਛੋ ਵਾਲੀ ਮੰਦਰ ਵਿਚ ਬੜੀ ਧੂਮ ਧਾਮ ਨਾਲ 30 ਰਹਿਤੀਏ ਕੇਸਾਧਾਰੀ ਸਿੱਖਾਂ ਦੇ ਸਿਰ ਮੁੰਨ ਕੇ ਉਨ੍ਹਾਂ ਨੂੰ ਸ਼ੁੱਧ ਕੀਤਾ ਗਿਆ, ਜਿਵੇਂ ਕੇਸ ਰੱਖਣ ਕਰਕੇ ਉਹ ਅਸ਼ੁੱਧ, ਭ੍ਰਸ਼ਟ ਜਾਂ ਅਪਵਿੱਤਰ ਸਨ। ਦੂਜੇ ਅਰਥਾਂ ਵਿਚ ਇਸ ਦਾ ਭਾਵ ਇਹ ਵੀ ਲਿਆ ਜਾ ਸਕਦਾ ਸੀ ਕਿ ਕੇਸਾਧਾਰੀ ਅਸਲੀ ਹਿੰਦੂ ਨਹੀਂ ਹੋ ਸਕਦੇ।

ਸਾਡੇ ਚਤਰ ਤੇ ਸੁਆਰਥੀ ਨੀਤੀਵਾਨ ਆਪਣੇ ਮਤਲਬ ਦੀ ਸਿੱਧੀ ਲਈ ਇਹ ਆਖਣੋਂ ਨਹੀਂ ਥਕਦੇ ਕਿ ਹਿੰਦੂ ਤੇ ਸਿਖ ਇਕ ਹੀ ਹਨ। ਅਜੇ ਹੁਣੇ ਹਿੰਦੂਤਵ ਦੇ ਵੱਡੇ ਮੁਦਈ ਰਾਸ਼ਟਰੀ ਸ੍ਵੈਮ ਸੇਵਕ ਸੰਘ ਨੇ ਆਖਿਆ ਹੈ ਕਿ ਸਿਖ ਹਿੰਦੂ ਸਮਾਜ ਦਾ ਅਨਿੱਖੜਵਾਂ ਅੰਗ ਹਨ। ਪਰ ਉਨ੍ਹਾਂ ਦੀ ਕਹਿਣੀ ਤੇ ਕਰਣੀ ਦਾ ਫ਼ਰਕ ਇਸ ਗੱਲ ਤੋਂ ਪਤਾ ਲਗਦਾ ਹੈ ਕਿ 1951 ਤੇ 1961 ਦੀ ਮਰਦੁਮ-ਸ਼ੁਮਾਰੀ ਵਿਚ ਆਰੀਆ ਸਮਾਜੀਆਂ ਦੀਆਂ ਅਖ਼ਬਾਰਾਂ ਨੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਕਿ ਹਿੰਦੂਆਂ ਦੀ ਬੋਲੀ ਪੰਜਾਬੀ ਨਹੀਂ, ਹਿੰਦੀ ਹੈ। ਜੇ ਇੱਕੋ ਪਿੰਡ, ਇੱਕੋ ਸ਼ਹਿਰ ਅਤੇ ਗਲੀਆਂ-ਮਹੱਲਿਆਂ ਵਿਚ ਨਾਲੋ ਨਾਲ ਰਹਿੰਦੇ ਹੋਇਆਂ ਹਿੰਦੂਆਂ ਤੇ ਸਿੱਖਾਂ ਵਿਚ ਬੋਲੀ ਦੀ ਸਾਂਝ ਵੀ ਨਹੀਂ, ਤਾਂ ਸਿਖ ਹਿੰਦੂ ਸਮਾਜ ਦਾ ਅਨਿੱਖੜਵਾਂ ਅੰਗ ਕਿਵੇਂ ਹੋ ਸਕਦੇ ਹਨ? ਪਰ ਇਹ ਸਭ ਕੁਝ ਜਾਣਦੇ ਹੋਇਆਂ ਵੀ ਇਕ ਤਾਂ ਮੇਰੇ ਉੱਤੇ ਬਚਪਨ ਦਾ ਪ੍ਰਭਾਵ ਬੜਾ ਪੱਕਾ ਸੀ, ਦੂਜੇ ਮੈਂ ਇਹ ਵੀ ਸਮਝਦਾ ਸਾਂ ਕਿ ਇਹ ਵਿਤਕਰੇ ਵਾਲੇ ਖ਼ਿਆਲ ਸੁਆਰਥੀ ਨੀਤੀਵਾਨ ਆਪਣੀ ਸੁਆਰਥ-ਸਿੱਧੀ ਲਈ ਹੀ ਪਾ ਰਹੇ ਹਨ। ਆਮ ਹਿੰਦੂਆਂ ਤੇ ਸਿੱਖਾਂ ਦੇ ਪ੍ਰਸਪਰ ਪਿਆਰ ਦੇ ਵਿਚਾਰ ਬੜੇ ਪ੍ਰਬਲ ਹਨ ਅਤੇ ਤੀਜੇ ਮੇਰੇ ਦਿਲ ਉੱਤੇ ਦਸਮ ਪਿਤਾ ਦੇ ਬਚਨ ਉਕਰੇ ਹੋਏ ਸਨ, "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।" ਇਸ ਲਈ ਮੈਂ ਕਦੇ ਹਿੰਦੂਆਂ ਨੂੰ ਗ਼ੈਰ ਨਹੀਂ ਸਮਝਿਆ ਸੀ। ਮੇਰੀ ਕੈਂਪ-ਕਮਾਂਡੰਟੀ ਦੇ ਸਮੁੱਚੇ ਸਮੇਂ ਵਿਚ ਕਿਸੇ ਇਕ ਸ਼ਰਨਾਰਥੀ ਨੇ ਵੀ ਕਦੇ ਇਹ ਸ਼ਿਕਾਇਤ ਨਹੀਂ ਕੀਤੀ ਕਿ ਉਹਦੇ ਨਾਲ ਹਿੰਦੂ ਹੋਣ ਕਰਕੇ ਕੋਈ ਅਨਿਆਂ ਹੋਇਆ ਹੈ। ਸੋ ਮੈਂ ਚਾਹੁੰਦਾ ਸਾਂ ਕਿ ਕਾਂਗਰਸੀ ਆਗੂ ਮੈਨੂੰ ਮੇਰੇ ਅਮਲਾਂ ਤੋਂ ਪਰਖਣ ਅਤੇ ਕੇਵਲ ਮੇਰੇ ਸਿਖ ਹੋਣ ਕਰਕੇ ਹੀ ਫ਼ਤਵੇ ਨਾ ਦਿਆ ਕਰਨ, ਪਰ ਬਹੁਤੀ ਵਾਰੀ ਮੈਨੂੰ ਇਸ ਸੰਬੰਧ ਵਿਚ ਨਿਰਾਸ਼ ਹੀ ਹੋਣਾ ਪਿਆ।

ਸ਼ਾਹ ਆਬਾਦ ਤੋਂ ਵਿਦਾ ਹੋ ਕੇ ਮੈਂ 7 ਜੂਨ 1948 ਨੂੰ ਪਲਵਲ ਪਹੁੰਚਿਆ ਤੇ ਸਿੱਧਾ ਕੈਂਪ ਕਮਾਂਡੈਂਟ ਸਾਹਿਬ ਦੇ ਦਫ਼ਤਰ ਵਿਚ ਗਿਆ। ਜਦ ਮੈਂ ਉਨ੍ਹਾਂ ਨੂੰ ਆਪਣੀ ਉੱਥੇ ਨਿਯੁਕਤੀ

ਦੇ ਪੱਤਰ ਵਿਖਾਏ, ਤਾਂ ਉਹ ਹੱਕੇ-ਬੱਕੇ ਰਹਿ ਗਏ। ਉਨ੍ਹਾਂ ਨੂੰ ਇਸ ਤਬਦੀਲੀ ਬਾਰੇ ਭਿਣਕ ਤਕ ਨਹੀਂ ਸੀ। ਉਹ ਜ਼ਿਲ੍ਹਾ ਮੁੜ-ਵਸਾਊ ਅਫ਼ਸਰ (ਪਲਵਲ ਦੇ ਐੱਸ.ਡੀ.ਓ. ਸ੍ਰੀ ਕੰਵਲ ਨੈਣ) ਕੋਲ ਗਏ ਤੇ ਇਸ ਬਾਰੇ ਉਨ੍ਹਾਂ ਦੀ ਰਾਇ ਪੁੱਛੀ। ਪਰ ਉਨ੍ਹਾਂ ਨੇ ਕੋਈ ਰਾਇ ਦੇਣ ਤੋਂ ਅਸਮਰੱਥਾ ਪ੍ਰਗਟ ਕੀਤੀ। ਸੋ ਉਹ ਉਸੇ ਦਿਨ ਗੁੜਗਾਵਾਂ ਚਲੇ ਗਏ, ਜਿੱਥੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਨੂੰ ਸ਼ਾਹ ਆਬਾਦ ਬਦਲ ਦਿੱਤਾ ਗਿਆ ਹੈ। ਵਾਪਸ ਆ ਕੇ ਉਨ੍ਹਾਂ ਨੇ ਉਸੇ ਦਿਨ ਮੈਨੂੰ ਚਾਰਜ ਦੇ ਦਿੱਤਾ। ਇਹ ਗੱਲ ਵਰਣਨ ਯੋਗ ਹੈ ਕਿ ਉਨ੍ਹਾਂ ਦੇ ਸ਼ਾਹ ਆਬਾਦ ਪਹੁੰਚਣ ਦੇ ਪੰਦਰ੍ਹਾਂ ਦਿਨਾਂ ਬਾਅਦ ਹੀ ਉਹ ਕੈਂਪ ਤੋੜ ਦਿੱਤਾ ਗਿਆ ਸੀ ਤੇ ਉਹ ਫ਼ਾਰਗ਼ ਕਰ ਦਿੱਤੇ ਗਏ ਸਨ। ਮੇਰੇ ਚਾਰਜ ਲੈਣ ਤੋਂ ਬਾਅਦ ਦੂਜੇ ਦਿਨ ਕੈਂਪ ਦੇ ਠੇਕੇਦਾਰਾਂ ਨੇ ਉਨ੍ਹਾਂ ਨੂੰ ਵਿਦਾਇਗੀ ਦੇਣ ਤੇ ਮੈਨੂੰ ਜੀ ਆਇਆਂ ਆਖਣ ਲਈ ਰਾਤ ਦਾ ਖਾਣਾ ਕੀਤਾ। ਜਦ ਮੈਂ ਪਹੁੰਚਿਆ, ਤਾਂ ਵੇਖਿਆ ਕਿ ਭਿੰਨ ਭਿੰਨ ਖਾਣਿਆਂ ਤੋਂ ਛੁੱਟ ਵਿਚਕਾਰਲੀ ਮੇਜ਼ ਉੱਤੇ ਵਿਸਕੀ ਦੀਆਂ ਬੋਤਲਾਂ ਵੀ ਪਈਆਂ ਸਨ ਤੇ ਉੱਥੇ ਹੀ ਮੇਰੇ ਲਈ ਸੀਟ ਰਾਖਵੀਂ ਸੀ। ਮੈਂ ਆਖਿਆ ਕਿ ਮੈਂ ਤਾਂ ਕਦੇ ਸ਼ਰਾਬ ਦੇ ਨੇੜੇ ਨਹੀਂ ਗਿਆ, ਸੋ ਚੰਗਾ ਹੋਵੇ ਕਿ ਤੁਸੀਂ ਮੈਨੂੰ ਵਖਰੀ ਮੇਜ਼ ਤੇ ਖਾਣਾ ਲਾ ਦਿਓ," ਕੈਂਪ-ਕਮਾਂਡੰਟ ਸਾਹਿਬ ਬੋਲੇ, "ਇਹ ਤਾਂ ਬੜੀ ਅਜੀਬ ਗੱਲ ਹੈ ਕਿ ਤੁਸੀਂ ਸਿਖ ਹੋ ਕੇ ਸ਼ਰਾਬ ਨਹੀਂ ਪੀਂਦੇ।" ਲੰਮੀ ਬਹਿਸ ਕੀ ਕਰਨੀ ਸੀ। ਮੇਰੀ ਖ਼ੁਸ਼ਕਿਸਮਤੀ ਨੂੰ ਉਸੇ ਵੇਲੇ ਸਾਡੇ ਕੈਂਪ ਦੇ ਡਾਕਟਰ ਹਰਚਰਨ ਸਿੰਘ ਉੱਥੇ ਆ ਗਏ। ਉਹ ਸਰਗੋਧੇ ਦੇ ਇਕ ਗੁਰਮੁਖ ਪਰਵਾਰ ਵਿੱਚੋਂ ਡਾਕਟਰ ਸੰਤੋਖ ਸਿੰਘ ਜੀ ਦੇ ਸਪੁੱਤਰ ਹਨ। ਉਨ੍ਹਾਂ ਅਤੇ ਮੇਰੇ ਲਈ ਵਖਰੀ ਮੇਜ਼ ਲਗ ਗਈ, ਪਰ ਪਾਰਟੀ ਦਾ ਸਾਰਾ ਮਜ਼ਾ ਖ਼ਤਮ ਹੋ ਗਿਆ। ਅਸਲ ਵਿਚ ਠੇਕੇਦਾਰਾਂ ਨੇ ਇਸ ਖਾਣੇ ਦਾ ਪ੍ਰਬੰਧ ਮੇਰੇ ਨਾਲ ਪੀਚੇ ਕਰਾਉਣ ਲਈ ਕੀਤਾ ਸੀ, ਪਰ ਜਦ ਉਨ੍ਹਾਂ ਨੂੰ ਮੇਰੇ ਸੂਫ਼ੀ ਹੋਣ ਦਾ ਪਤਾ ਲੱਗਾ, ਤਾਂ ਉਨ੍ਹਾਂ ਨੂੰ ਆਉਣ ਵਾਲੇ ਹਾਲਾਤ ਬਾਰੇ ਵੀ ਕੁਝ ਗਿਆਨ ਹੋ ਗਿਆ। ਸ਼ਰਨਾਰਥੀਆਂ ਦੀ ਤਾਂ ਪਿਛਲੇ ਕੈਂਪ-ਕਮਾਂਡੰਟ ਦੀ ਤਬਦੀਲੀ ਨਾਲ ਹੀ ਕਾਫ਼ੀ ਤਸੱਲੀ ਹੋ ਗਈ ਸੀ, ਕਿਉਂਕਿ ਉਹ ਇਸ ਨੂੰ ਆਪਣੀ ਜਿੱਤ ਸਮਝਦੇ ਸਨ। ਜਦ ਮੈਂ ਇਕ ਆਮ ਜਲਸਾ ਕਰ ਕੇ ਉਨ੍ਹਾਂ ਨੂੰ ਪ੍ਰੇਰਨਾ ਕੀਤੀ ਕਿ ਉਹ ਆਪਣੇ ਤੇ ਪਰਵਾਰ ਦੇ ਫ਼ਾਇਦੇ ਤੇ ਭਲਿਆਈ ਲਈ ਟੋਏ ਪੁੱਟਣ ਵਿਚ ਲੋਕ-ਨਿਰਮਾਣ ਵਿਭਾਗ ਨਾਲ ਮਿਲਵਰਤਣ ਕਰਨ, ਤਾਂ ਉਹ ਦਿਲੋਂ ਵਜੋਂ ਇਸ ਕੰਮ ਵਿਚ ਜੁੱਟ ਗਏ। ਤਿੰਨ ਹਫ਼ਤਿਆਂ ਵਿਚ, ਅਰਥਾਤ 28 ਜੂਨ ਤਕ ਇਹ ਕੰਮ ਮੁਕੰਮਲ ਹੋ ਗਿਆ ਤੇ ਇਕ ਲਿਖਤੀ ਰਿਪੋਰਟ ਵਿਚ ਮੁੜ-ਵਸਾਊ ਅਫ਼ਸਰ ਸ੍ਰੀ ਕੰਵਲ ਨੈਣ ਨੇ ਇਸ ਦੀ ਤਸਦੀਕ ਕਰ ਦਿੱਤੀ।

ਕੈਂਪ ਵਿਚ ਫੈਲੇ ਹੋਏ ਭ੍ਰਿਸ਼ਟਾਚਾਰ ਅਤੇ ਘਾਲੇ-ਮਾਲੇ ਨੂੰ ਇਕ-ਦਮ ਖ਼ਤਮ ਕਰਨਾ ਤਾਂ ਅਸੰਭਵ ਸੀ, ਪਰ ਸਹਿਜੇ ਸਹਿਜੇ ਕੁਝ ਅਸਿਸਟੈਂਟ ਕੈਂਪ-ਕਮਾਂਡੰਟ ਮੇਰੇ ਨਾਲ ਮਿਲਵਰਤਣ ਕਰਨ ਲਗ ਪਏ। ਰਾਸ਼ਨ ਵੰਡਣ ਦਾ ਕੰਮ ਸੁਪਰਵਾਈਜ਼ਰਾਂ ਦੇ ਸਪੁਰਦ ਸੀ ਅਤੇ ਅਸਿਸਟੈਂਟ ਕੈਂਪ-ਕਮਾਂਡੈਂਟ ਇਸ ਦੀ ਨਿਗਰਾਨੀ ਕਰਦੇ ਸਨ। ਹੁਣ ਸ਼ਰਨਾਰਥੀ ਵੀ ਕੁਝ ਦਲੇਰ ਹੋ ਗਏ ਸਨ ਤੇ ਮੇਰੇ ਕੋਲ ਬੇਨਿਯਮੀਆਂ ਦੀਆਂ ਸ਼ਿਕਾਇਤਾਂ ਆਉਣ ਲਗ ਪਈਆਂ ਸਨ। ਜਦ ਵੀ ਮੇਰੇ ਕੋਲ ਕਿਸੇ ਘਾਲੇ-ਮਾਲੇ (ਰਾਸ਼ਨ ਘਟ ਤੋਲਣ ਜਾਂ ਖ਼ਰਾਬ ਹੋਣ) ਦੀ ਸ਼ਿਕਾਇਤ ਆਉਂਦੀ, ਤਾਂ ਮੈਂ ਆਪ ਮੌਕੇ ਤੇ ਪਹੁੰਚ ਕੇ ਉਸ ਦੀ ਪੜਤਾਲ ਕਰਦਾ ਤੇ ਸਖ਼ਤ ਬੇਨਿਯਮੀ ਕਰਨ ਵਾਲੇ ਦੀ ਰਿਪੋਰਟ ਮੁੜ-ਵਸਾਊ ਅਫ਼ਸਰ ਕੋਲ ਕਰ ਦੇਂਦਾ। ਆਮ ਤੌਰ ਤੇ ਮੇਰੀ ਰਿਪੋਰਟ ਉੱਤੇ ਤੁਰੰਤ ਅਮਲ ਹੁੰਦਾ ਅਤੇ ਸੁਪਰਵਾਈਜ਼ਰ ਨੂੰ ਫ਼ੌਰਨ ਬਰਖ਼ਾਸਤ ਕਰ ਦਿੱਤਾ ਜਾਂਦਾ। ਇਕ ਸੁਪਰਵਾਈਜ਼ਰ ਸ. ਮੋਹਨ ਸਿੰਘ ਤਾਂ ਮੇਰੀ ਰਿਪੋਰਟ ਜਾਣ ਤੋਂ ਪਹਿਲਾਂ ਹੀ ਚੁਪ ਚੁਪੀਤੇ ਤੇ ਬਿਨਾਂ ਖ਼ਬਰ ਜਾਂ ਆਪਣਾ ਪਤਾ ਦਿੱਤੇ ਖਿਸਕ ਗਿਆ। ਦੋ ਹੋਰ ਨੂੰ ਮੌਕੂਫ਼ ਕਰ ਦਿੱਤਾ ਗਿਆ। ਇਸ ਨਾਲ ਠੇਕੇਦਾਰਾਂ ਨੂੰ ਵੀ

ਕੰਨ ਹੋ ਗਏ। ਉਨ੍ਹਾਂ ਨੇ ਆਪਣੇ ਆਪ ਰਾਸ਼ਨ ਦੀ ਕੁਆਲਿਟੀ ਤੇ ਤੋਲ ਵਿਚ ਬਹੁਤ ਹਦ ਤਕ ਸੁਧਾਰ ਕਰ ਲਿਆ। ਬਾਕੀ ਦੇ ਸੁਪਰਵਾਈਜ਼ਰ ਇਕੱਠੇ ਹੋ ਕੇ ਮੇਰੇ ਕੋਲ ਆਏ। ਉਨ੍ਹਾਂ ਨੇ ਮੰਨਿਆ ਕਿ ਇਸ ਭ੍ਰਿਸ਼ਟਾਚਾਰ ਵਿਚ ਉਨ੍ਹਾਂ ਦਾ ਵੀ ਕੁਝ ਹੱਥ ਹੈ। ਕਹਿਣ ਲੱਗੇ, "ਸੱਚੀ ਗੱਲ ਇਹ ਹੈ ਕਿ ਅਸੀਂ ਆਪਣੀ ਤਨਖ਼ਾਹ ਇਕ ਸੌ ਰੁਪਏ ਮਹੀਨਾ ਬੱਧੀ-ਬਧਾਈ ਘਰ ਭੇਜਦੇ ਰਹੇ ਹਾਂ ਅਤੇ ਆਪਣਾ ਖਾਣ-ਪੀਣ, ਪਹਿਨਣ ਆਦਿ ਦਾ ਖ਼ਰਚ ਇੱਥੋਂ ਪੂਰਾ ਕਰਦੇ ਰਹੇ ਹਾਂ। ਪਰ ਤੁਸੀਂ ਵਿਸ਼ਵਾਸ ਕਰੋ ਕਿ ਅਸੀਂ ਅੱਗੋਂ ਤੋਂ ਇਹ ਬੇਨਿਯਮੀਆਂ ਛਡ ਦਿਆਂਗੇ। ਤੁਸੀਂ ਕਿਰਪਾ ਕਰਕੇ ਇਹ ਰਿਪੋਰਟਾ-ਰਪਾਟੀ ਵਾਲਾ ਸਿਲਸਿਲਾ ਬੰਦ ਕਰ ਦਿਓ।" ਪੂਰਾ ਸੁਧਾਰ ਤਾਂ ਕਿੱਥੇ ਹੋਣਾ ਸੀ, ਪਰ ਕਾਫ਼ੀ ਫ਼ਰਕ ਪੈ ਗਿਆ। ਰਾਸ਼ਨ ਦੇ ਵੰਡਾਰੇ ਅਤੇ ਸਟਾਫ਼ ਦੇ ਸ਼ਰਨਾਰਥੀਆਂ ਨਾਲ ਵਤੀਰੇ ਵਿਚ ਵੀ ਕੁਝ ਸੁਧਾਰ ਹੋ ਗਿਆ। ਸਟੋਰ ਵਿਚ ਪਈਆਂ ਰਜ਼ਾਈਆਂ ਤੇ ਕਪੜਾ ਵੰਡਣ ਨਾਲ ਵੀ ਸ਼ਰਨਾਰਥੀ ਬਹੁਤ ਹਦ ਤਕ ਸੰਤੁਸ਼ਟ ਹੋ ਗਏ। ਵੱਡੀ ਗੱਲ ਇਹ ਹੋਈ ਕਿ ਸਟਾਫ਼ ਵਿਚ ਮੇਰੇ ਨੇੜੇ ਹੋਣ ਲਈ ਇਕ ਤਰ੍ਹਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।

ਪਲਵਲ ਵਿਚ ਜਾਂਦਿਆਂ ਹੀ ਮੈਨੂੰ ਆਪਣੇ ਮਨ ਤੇ ਆਤਮਾ ਦੀ ਤਸੱਲੀ ਲਈ ਇਕ ਆਹਰ ਮਿਲ ਗਿਆ ਸੀ। ਗੱਲ ਐਉਂ ਹੋਈ ਕਿ ਮੇਰੇ ਚਾਰਜ ਲੈਣ ਦੇ ਪੰਜ ਚਾਰ ਦਿਨ ਬਾਅਦ ਹੀ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਪੁਰਬ ਆ ਗਿਆ। ਗੁਜਰਾਂਵਾਲੇ ਤੋਂ ਮੈਨੂੰ ਜਾਣਨ ਵਾਲੇ ਇਕ ਸਹਿਜਧਾਰੀ ਸੱਜਣ ਉੱਥੋਂ ਦੇ ਗੌਰਮਿੰਟ ਹਾਈ ਸਕੂਲ ਵਿਚ ਟੀਚਰ ਲੱਗੇ ਹੋਏ ਸਨ। ਉਨ੍ਹਾਂ ਨੇ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਦੱਸਿਆ ਕਿ ਮੈਂ ਲੈਕਚਰ ਵੀ ਕਰ ਲੈਂਦਾ ਹਾਂ। ਸੋ ਉਨ੍ਹਾਂ ਨੇ ਮੈਨੂੰ ਦੀਵਾਨ ਵਿਚ ਬੋਲਣ ਲਈ ਸੱਦਾ ਦਿੱਤਾ। ਪਲਵਲ ਵਿਚ ਪੱਕੇ ਤੌਰ ਤੇ ਜਾਂ ਪਹਿਲਾਂ ਤੋਂ ਰਹਿਣ ਵਾਲੇ ਸਿਖ ਪਰਵਾਰ ਬਹੁਤ ਥੋੜੇ ਸਨ। ਕੈਂਪ ਵਿਚ ਚਹੁੰ ਜੀਆਂ ਦਾ ਇਕ ਪਰਵਾਰ ਹੀ ਸਿਖ ਸੀ। ਪਰ ਉਸ ਵੇਲੇ ਕੈਂਪ ਦੇ ਨਾਲ ਲਗਦੇ ਖੁਲ੍ਹੇ ਮੈਦਾਨ ਵਿਚ ਦੋ ਸੌ ਮਕਾਨਾਂ ਦਾ ਮਾਡਲ ਟਾਊਨ ਬਣ ਰਿਹਾ ਸੀ ਅਤੇ ਠੇਕੇਦਾਰ ਨੇ ਉੱਥੇ ਸੈਂਕੜੇ ਸਿਖ ਮਿਸਤਰੀ-ਰਾਜ ਤੇ ਤਰਖਾਣ ਲਾਏ ਹੋਏ ਸਨ। ਕੈਂਪ ਵਿਚ ਰਹਿਣ ਵਾਲਾ ਸਿਖ ਰਾਮ ਸਿੰਘ ਠੇਕੇਦਾਰ ਕੋਲ ਮੁਨਸ਼ੀ ਲਗ ਗਿਆ ਸੀ, ਇਸ ਲਈ ਉਹਨੂੰ ਕੈਂਪ ਵਿਚੋਂ ਰਾਸ਼ਨ ਨਹੀਂ ਮਿਲਦਾ ਸੀ। ਇਨ੍ਹਾਂ ਸਭਨਾਂ ਦੀ ਹਾਜ਼ਰੀ ਨਾਲ ਗੁਰਦੁਆਰੇ ਵਿਚ ਕਾਫ਼ੀ ਰੌਣਕ ਹੋ ਗਈ। ਮੇਰੇ ਲੈਕਚਰ ਦਾ ਮੁਖ ਵਿਸ਼ਾ ਤਾਂ ਪੰਚਮ ਪਾਤਸ਼ਾਹ ਦੀ ਸ਼ਹੀਦੀ ਤੇ ਕੁਰਬਾਨੀ ਸੀ, ਪਰ ਇਹਦੇ ਨਾਲ ਹੀ ਮੈਂ ਇਹ ਗੱਲ ਜੋੜ ਲਈ ਕਿ ਸਿਖ ਹਰ ਕਿਸਮ ਦੀਆਂ ਔਕੜਾਂ ਤੇ ਮੁਸੀਬਤਾਂ ਝੱਲਣ ਦੇ ਆਦੀ ਹਨ। ਮੌਜੂਦਾ ਪਾਕਿਸਤਾਨੀ ਘੱਲੂਘਾਰੇ ਵਿਚ ਉਹ ਹੌਸਲੇ ਤੇ ਹਿੰਮਤ ਤੋਂ ਕੰਮ ਲੈ ਕੇ ਬਹੁਤ ਥੋੜੇ ਸਮੇਂ ਵਿਚ ਆਪਣੇ ਪੈਰਾਂ ਤੇ ਖੜੇ ਹੋ ਗਏ ਹਨ ਅਤੇ ਸ਼ਰਨਾਰਥੀ ਕੈਂਪਾਂ ਵਿਚ ਘਟ-ਵਧ ਹੀ ਕੋਈ ਸਿਖ ਵਿਖਾਈ ਦੇਂਦਾ ਹੈ। ਲੈਕਚਰ ਦੀ ਪ੍ਰਸ਼ੰਸਾ ਤਾਂ ਸਧਾਰਨ ਜਿਹੀ ਗੱਲ ਸੀ; ਵੱਡੀ ਗੱਲ ਇਹ ਹੋਈ ਕਿ ਮਾਡਲ ਟਾਊਨ ਬਣਾਉਣ ਵਿਚ ਲੱਗੇ ਪੰਜ ਚਾਰ ਮਿਸਤਰੀ ਦੂਜੇ ਦਿਨ ਹੀ ਮੇਰੇ ਕੋਲ ਆਏ ਤੇ ਕਹਿਣ ਲੱਗੇ, "ਅਸੀਂ ਐਤਵਾਰ ਦੇ ਐਤਵਾਰ ਇਕ ਵੱਡੇ ਤੰਬੂ ਵਿਚ ਦੀਵਾਨ ਲਾ ਕੇ ਸ਼ਬਦ-ਕੀਰਤਨ ਕਰਦੇ ਹਾਂ। ਜੇ ਤੁਸੀਂ ਉਹਦੇ ਵਿਚ ਲੈਕਚਰ ਦੇਣ ਦੀ ਖੇਚਲ ਕਰਿਆ ਕਰੋ ਤਾਂ ਬਹੁਤ ਕਿਰਪਾ ਹੋਵੇਗੀ।" ਇਹ ਆਹਰ ਮੇਰੇ ਪਸੰਦ ਦਾ ਸੀ ਤੇ ਜਿੰਨਾ ਚਿਰ ਮੈਂ ਪਲਵਲ ਰਿਹਾ, ਦੀਵਾਨ ਵਿਚ ਹਾਜ਼ਰੀ ਭਰ ਕੇ ਵੱਖ ਵੱਖ ਵਿਸ਼ਿਆਂ ਉੱਤੇ ਲੈਕਚਰ ਦੇਂਦਾ ਰਿਹਾ। ਉੱਥੋਂ ਵਿਦਾ ਹੋਣ ਵੇਲੇ ਮਿਸਤਰੀਆਂ ਨੇ ਇਕ ਫ਼ੋਲਡਿੰਗ ਮੇਜ਼ ਮੇਰੀ ਭੇਟ ਕੀਤੀ ਅਤੇ ਦੀਵਾਨ ਵਿਚ ਸਿਰੋਪਾ ਦੇ ਕੇ ਨਿਵਾਜਿਆ।

ਪਲਵਲ ਕੈਂਪ ਵਿਚ ਇਕ ਕੱਟੜ ਰਾਸ਼ਟਰੀ ਸ੍ਵੈਮ ਸੇਵਕ ਸੰਘੀ ਸੁਪਰਵਾਈਜ਼ਰ ਲੱਗਾ ਹੋਇਆ ਸੀ। ਜਿੱਥੋਂ ਤਕ ਮੈਨੂੰ ਯਾਦ ਹੈ, ਕੇਵਲ ਉਹੀ ਆਪਣੇ ਪਰਵਾਰ ਸਮੇਤ ਸ਼ਹਿਰ ਵਿਚ ਰਹਿੰਦਾ

ਸੀ, ਬਾਕੀ ਦੇ ਸਾਰੇ ਸਟਾਫ਼ ਦੀ ਰਿਹਾਇਸ਼ ਕੈਂਪ ਵਿਚ ਹੀ ਸੀ। ਬੇਨਿਯਮੀਆਂ ਤਾਂ ਉਹ ਹੋਰ ਸੁਪਰਵਾਈਜ਼ਰਾਂ ਵਾਂਗ ਹੀ ਕਰਦਾ ਸੀ, ਪਰ ਉਹ ਬਹੁਤ ਲਾਪਰਵਾਹ ਤੇ ਕੰਮ-ਚੋਰ ਵੀ ਸੀ। ਲਗਾਤਾਰ ਦੋ ਦੋ ਘੰਟੇ ਦੇਰ ਨਾਲ ਆਉਂਦਾ ਤੇ ਫਿਰ ਬਿਨਾਂ ਦੱਸੇ-ਪੁੱਛੇ ਵਿਚੋਂ ਹੀ ਖਿਸਕ ਜਾਂਦਾ। ਲਗਦੀ ਵਾਹ ਉਹ ਮੇਰੇ ਸਾਹਮਣੇ ਹੋਣ ਤੋਂ ਕਤਰਾਂਦਾ ਸੀ। ਸੋ ਉਹਦੀ ਰਿਪੋਰਟ ਕਰਨੀ ਪਈ ਤੇ ਉਹ ਮੌਕੂਫ਼ ਕਰ ਦਿੱਤਾ ਗਿਆ। ਉਹਦੀ ਪਤਨੀ ਤੇ ਮਾਤਾ ਮੁੜ-ਵਸਾਊ ਅਫ਼ਸਰ ਸ੍ਰੀ ਕੰਵਲ ਨੈਣ ਦੀ ਪਤਨੀ ਪਾਸ ਜਾ ਕੇ ਰੋਈਆਂ ਕਿ ਸਾਡੇ ਆਦਮੀ ਨੂੰ ਸਿਰਫ਼ ਇਸ ਕਰਕੇ ਕੱਢਿਆ ਗਿਆ ਹੈ ਕਿ ਉਹ ਰਾਸ਼ਟਰ ਸੰਘੀ ਹੈ ਤੇ ਕੈਂਪ-ਕਮਾਂਡੰਟ ਅਕਾਲੀ ਹੋਣ ਕਰਕੇ ਉਹਦੇ ਨਾਲ ਲਗਦਾ ਹੈ। ਇਸ ਸ਼ਿਕਾਇਤ ਦਾ ਨਾ ਕੋਈ ਨਤੀਜਾ ਨਿਕਲਣਾ ਸੀ ਤੇ ਨਾ ਨਿਕਲਿਆ, ਪਰ ਸ੍ਰੀ ਕੰਵਲ ਨੈਣ ਬਿਨਾਂ ਮੇਰੇ ਕੋਲੋਂ ਪੁੱਛ-ਗਿੱਛ ਕੀਤੇ ਮੇਰੇ ਵਿਰੁੱਧ ਹੋ ਗਏ ਅਤੇ ਉਨ੍ਹਾਂ ਨੂੰ ਛੇਤੀ ਹੀ ਇਕ ਨਗੂਣੇ ਜਿਹੇ ਮਾਮਲੇ ਵਿਚ ਮੇਰੀ ਰਿਪੋਰਟ ਕਰਨ ਦਾ ਮੌਕਾ ਮਿਲ ਗਿਆ।

ਜੁਲਾਈ ਦੇ ਸ਼ੁਰੂ ਵਿਚ ਮੈਂ ਟਾਈਫ਼ਾਈਡ ਨਾਲ ਬੀਮਾਰ ਹੋ ਗਿਆ, ਪਰ ਮੈਂ ਛੁੱਟੀ ਲਈ ਕੋਈ ਦਰਖ਼ਾਸਤ ਨਾ ਦਿੱਤੀ ਤੇ ਜਿਵੇਂ ਕਿਵੇਂ ਕੈਂਪ ਦਾ ਕੰਮ ਚਲਾਂਦਾ ਰਿਹਾ। ਪੰਦਰ੍ਹਾਂ ਦਿਨਾਂ ਬਾਅਦ ਸ੍ਰੀ ਕੰਵਲ ਨੈਣ ਨੂੰ ਮੇਰੇ ਬੀਮਾਰ ਹੋਣ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਡਿਪਟੀ ਕਮਿਸ਼ਨਰ ਕੋਲ ਰਿਪੋਰਟ ਕੀਤੀ ਕਿ "ਕੈਂਪ-ਕਮਾਂਡੰਟ ਕਾਫ਼ੀ ਚਿਰ ਬੀਮਾਰ ਰਿਹਾ ਹੈ ਅਤੇ ਆਪਣੇ ਬੀਮਾਰੀ ਦੇ ਬਿਸਤਰੇ ਤੋਂ ਹੀ ਦਫ਼ਤਰ ਦਾ ਕੰਮ ਕਰਦਾ ਰਿਹਾ ਹੈ। ਪਰ ਕੈਂਪ-ਕਮਾਂਡੰਟ ਦਾ ਕੰਮ ਦਫ਼ਤਰ ਵਿਚ ਬਹਿ ਕੇ ਨਿਰੀ ਕਾਗ਼ਜ਼ੀ ਕਾਰਵਾਈ ਕਰਨਾ ਹੀ ਨਹੀਂ, ਸਗੋਂ ਕੈਂਪ ਦਾ ਚੱਕਰ ਲਾ ਕੇ ਰਾਸ਼ਨ ਦੇ ਵੰਡਾਰੇ ਤੇ ਹੋਰ ਕੰਮਾਂ ਦੀ ਨਿਗਰਾਨੀ ਕਰਨਾ ਵੀ ਹੈ। ਨਾ ਉਹ ਇਹ ਫ਼ਰਜ਼ ਅਦਾ ਕਰਦੇ ਹਨ ਤੇ ਨਾ ਉਨ੍ਹਾਂ ਨੇ ਛੁੱਟੀ ਲਈ ਦਰਖ਼ਾਸਤ ਦਿੱਤੀ ਹੈ।" ਮੇਰੀ ਜਵਾਬ-ਤਲਬੀ ਹੋਣੀ ਹੀ ਸੀ। ਉੱਤਰ ਦੇਣ ਤੋਂ ਪਹਿਲਾਂ ਮੈਂ ਗੁੜਗਾਵਾਂ ਜਾ ਕੇ ਮੁੜ-ਵਸਾਊ ਮਹਿਕਮੇ ਦੇ ਸੁਪ੍ਰੰਟੰਡੰਟ ਨੂੰ ਮਿਲਿਆ ਤੇ ਉਨ੍ਹਾਂ ਨੂੰ ਸਾਰੇ ਤੱਥ ਦੱਸ ਕੇ ਉਨ੍ਹਾਂ ਦੀ ਰਾਏ ਮੰਗੀ। ਇਹ ਸੱਜਣ ਪਿੱਛੋਂ ਐਮਨਾਬਾਦ ਦੇ ਦੀਵਾਨਾਂ ਦੇ ਪਰਵਾਰ ਵਿਚੋਂ ਸਨ। ਕਹਿਣ ਲੱਗੇ, "ਤੁਹਾਡੀ ਸਫ਼ਾਈ ਬਿਲਕੁਲ ਠੀਕ ਹੈ, ਡਰਨ ਵਾਲੀ ਕੋਈ ਗੱਲ ਨਹੀਂ। ਤੁਸੀਂ ਇਹੀ ਤੱਥ ਲਿਖ ਕੇ ਜਵਾਬ ਭੇਜ ਦਿਓ। ਮੈਂ ਆਪੇ ਵੇਖ ਲਵਾਂਗਾ।" ਮੈਂ ਆਪਣੇ ਚਾਰ ਸਫ਼ੇ ਦੇ ਉੱਤਰ ਵਿਚ ਵਿਸਥਾਰ ਨਾਲ ਜੋ ਕੁਝ ਲਿਖਿਆ, ਉਸ ਦਾ ਸੰਖੇਪ ਇਸ ਪ੍ਰਕਾਰ ਹੈ:

"ਕੈਂਪ ਵਿਚ ਟੋਏ ਪੁਟਵਾਣ ਦਾ ਜੋ ਮਹੱਤਵਪੂਰਨ ਕੰਮ ਪਿਛਲੇ ਕੈਂਪ-ਕਮਾਂਡੰਟ ਸਾਹਿਬ ਦੋ ਮਹੀਨੇ ਵਿਚ ਵੀ ਸ਼ੁਰੂ ਨਹੀਂ ਕਰਵਾ ਸਕੇ ਸਨ, ਉਹ ਮੈਂ ਚਾਰਜ ਲੈਣ ਤੋਂ ਬਾਅਦ ਤਿੰਨ ਹਫ਼ਤੇ ਵਿਚ, ਅਰਥਾਤ, 28 ਜੂਨ ਤਕ ਮੁਕੰਮਲ ਕਰਾ ਲਿਆ ਸੀ। ਮੁੜ-ਵਸਾਊ ਅਫ਼ਸਰ ਸਾਹਿਬ ਨੇ ਖ਼ੁਦ ਇਸ ਦੀ ਪ੍ਰਸੰਸਾ ਲਿਖਤੀ ਰੂਪ ਵਿਚ ਕੀਤੀ ਹੈ। ਇਹਦੇ ਲਈ ਮੈਂ ਦਿਨ-ਰਾਤ ਇਕ ਕਰ ਦਿੱਤਾ ਸੀ। ਤੇ ਇਹਦਾ ਪ੍ਰਤਿਕੂਲ ਅਸਰ ਮੇਰੀ ਸਿਹਤ ਉੱਤੇ ਪੈਣਾ ਹੀ ਸੀ ਤੇ ਮੈਂ ਬੀਮਾਰ ਹੋ ਗਿਆ। ਪਰ ਮੈਂ ਛੁੱਟੀ ਇਸ ਕਰਕੇ ਨਾ ਲਈ ਕਿਉਂਕਿ ਸਟਾਫ਼ ਦੀ ਨਫ਼ਰੀ ਲੋੜ ਨਾਲੋਂ ਅੱਧੀ ਤੋਂ ਵੀ ਘਟ ਸੀ। ਇੱਥੇ ਨਾ ਕੋਈ ਡਿਪਟੀ ਕੈਂਪ-ਕਮਾਂਡੰਟ ਸੀ, ਨਾ ਲੇਡੀ ਡਿਪਟੀ ਕੈਂਪ-ਕਮਾਂਡੰਟ। ਸੱਤਾਂ ਦੀ ਥਾਂ ਚਾਰ ਅਸਿਸਟੈਂਟ ਕੈਂਪ-ਕਮਾਂਡੰਟ ਸਨ ਤੇ 18 ਦੀ ਥਾਂ ਕੇਵਲ 10 ਸੁਪਰਵਾਈਜ਼ਰ। ਮੈਂ ਮਸਾਂ ਮਸਾਂ ਕੈਂਪ ਦੇ ਵਿਗੜੇ ਹੋਏ ਹਾਲਾਤ ਨੂੰ ਨਾਰਮਲ ਕੀਤਾ ਸੀ। ਜੇ ਮੈਂ ਵੀ ਛੁੱਟੀ ਤੇ ਚਲਾ ਜਾਂਦਾ ਤਾਂ ਇਸ ਸਥਿਤੀ ਨੇ ਫਿਰ ਅਸਤ-ਵਿਅਸਤ ਹੋ ਜਾਣਾ ਸੀ। ਸੋ ਮੈਂ ਔਖਾ ਹੋ ਕੇ ਵੀ ਕੈਂਪ ਦਾ ਕੰਮ ਚਲਾਂਦਾ ਰਿਹਾ—ਨਾ-ਕੇਵਲ ਆਪਣੇ ਬੀਮਾਰੀ ਦੇ ਬਿਸਤਰੇ ਤੋਂ, ਸਗੋਂ ਆਪਣੇ ਦਫ਼ਤਰ ਵਿੱਚੋਂ ਵੀ ਤੇ ਫਿਰ-ਟੁਰ ਕੇ ਵੀ। 8 ਜੁਲਾਈ ਤੋ 10 ਜੁਲਾਈ ਤਕ ਤਿੰਨ ਦਿਨ ਆਡਿਟ

ਪਾਰਟੀ ਸਾਡੇ ਕੈਂਪ ਦਾ ਹਿਸਾਬ-ਕਿਤਾਬ ਚੈੱਕ ਕਰਦੀ ਰਹੀ ਸੀ ਤੇ ਮੈਂ ਆਪ ਉਨ੍ਹਾਂ ਨੂੰ ਲੋੜੀਂਦਾ ਰਿਕਾਰਡ ਵਿਖਾਂਦਾ ਤੇ ਸਪੱਸ਼ਟੀਕਰਨ ਦੇਂਦਾ ਰਿਹਾ ਹਾਂ। 12 ਜੁਲਾਈ ਨੂੰ ਗੁੜਗਾਵਾਂ ਤੋਂ ਸ. ਗੁਰਦੇਵ ਸਿੰਘ ਸਟੋਰ-ਕੀਪਰ ਸਾਡਾ ਸਟਾਕ ਚੈੱਕ ਕਰਨ ਲਈ ਆਏ ਸਨ। ਮੈਂ ਆਪ ਉਨ੍ਹਾਂ ਦੇ ਨਾਲ ਜਾ ਕੇ ਪੜਤਾਲ ਕਰਾਈ ਸੀ। ਸਾਡੇ ਕੈਂਪ ਵਿਚ ਹਰ ਤਿੰਨ ਹਫ਼ਤੇ ਬਾਅਦ ਰਾਸ਼ਨ ਰੀਵੀਊ ਕਮੇਟੀ ਦੀ ਮੀਟਿੰਗ ਹੁੰਦੀ ਹੈ, ਜਿਸ ਦਾ ਲਿਖਤੀ ਰਿਕਾਰਡ ਰੱਖਿਆ ਜਾਂਦਾ ਹੈ। ਮੈਂ 2 ਜੁਲਾਈ ਤੇ ਫਿਰ 23 ਜੁਲਾਈ ਨੂੰ ਮੀਟਿੰਗਾਂ ਸੱਦੀਆਂ ਸਨ ਤੇ ਮੁੜ-ਵਸਾਊ ਅਫ਼ਸਰ ਸਾਹਿਬ ਆਪ ਇਨ੍ਹਾਂ ਮੀਟਿੰਗਾਂ ਵਿਚ ਮੌਜੂਦ ਸਨ। ਇਹ ਹੈਰਾਨੀ ਦੀ ਗੱਲ ਹੈ ਕਿ ਮੇਰੇ ਕੰਮ ਦੀ ਪ੍ਰਸੰਸਾ ਕਰਨ ਦੀ ਥਾਂ ਮੇਰੇ ਕੋਲੋਂ ਜਵਾਬ-ਤਲਬੀ ਕੀਤੀ ਜਾ ਰਹੀ ਹੈ।"

ਮੇਰਾ ਉੱਤਰ ਜਾਣ ਤੋਂ ਬਾਅਦ ਸੁਪ੍ਰੰਟੈਂਡੰਟ ਵਾਰੀ ਵਾਰੀ ਆਡਿਟ ਪਾਰਟੀ, ਸਟੋਰ-ਕੀਪਰ ਤੇ ਮੁੜ-ਵਸਾਊ ਅਫ਼ਸਰ (ਸ੍ਰੀ ਕੰਵਲ ਨੈਣ) ਸਾਹਿਬ ਨੂੰ ਇਨ੍ਹਾਂ ਤੱਥਾਂ ਦੀ ਤਸਦੀਕ ਲਈ ਚਿੱਠੀਆਂ ਲਿਖਦੇ ਰਹੇ। ਗੱਲਾਂ ਸਾਰੀਆਂ ਠੀਕ ਸਨ ਤੇ ਇਨ੍ਹਾਂ ਦੀ ਤਸਦੀਕ ਹੋ ਜਾਣੀ ਸੀ। ਪਰ ਇਸ ਤਸਦੀਕ ਵਿਚ ਹੀ ਲਗ ਪਗ ਚਾਰ ਮਹੀਨੇ ਲੰਘ ਗਏ। ਦਸੰਬਰ ਦੇ ਸ਼ੁਰੂ ਵਿਚ ਮੈਂ ਗੁੜਗਾਵਾਂ ਜਾ ਕੇ ਸ. ਦਲਜੀਤ ਸਿੰਘ ਏ.ਡੀ.ਐਮ. ਨੂੰ ਮਿਲਿਆ ਤੇ ਇਸ ਮਾਮਲੇ ਬਾਰੇ ਗੱਲ-ਬਾਤ ਕੀਤੀ। ਉਹ ਕਹਿਣ ਲੱਗੇ, "12 ਦਸੰਬਰ ਨੂੰ ਗਵਰਨਰ ਸਾਹਿਬ ਤੁਹਾਡੇ ਕੈਂਪ ਦੇ ਮੁਆਇਨੇ ਲਈ ਆ ਰਹੇ ਹਨ। ਜੇ ਸਾਰਾ ਕੰਮ ਠੀਕ ਠਾਕ ਭੁਗਤ ਜਾਏ, ਤਾਂ ਇਹ ਮਾਮਲਾ ਆਪਣੇ ਆਪ ਦਾਖ਼ਲ-ਦਫ਼ਤਰ ਹੋ ਜਾਏਗਾ।" ਸਾਡੇ ਕੈਂਪ ਤੋਂ ਪਹਿਲਾਂ ਗਵਰਨਰ ਸਾਹਿਬ ਨੇ ਗੁੜਗਾਵਾਂ ਕੈਂਪ ਦਾ ਮੁਆਇਨਾ ਕਰਨਾ ਸੀ। ਮੈਂ ਉੱਥੋਂ ਉਨ੍ਹਾਂ ਸਾਰੀਆਂ ਗੱਲਾਂ ਦੀ ਜਾਣਕਾਰੀ ਮੰਗਵਾ ਲਈ, ਜਿਨ੍ਹਾਂ ਵਿਚ ਗਵਰਨਰ ਨੇ ਦਿਲਚਸਪੀ ਵਿਖਾਈ ਸੀ ਤੇ ਉਹਦੇ ਅਨੁਸਾਰ ਹੀ ਪੂਰੀ ਤਿਆਰੀ ਕਰ ਲਈ। ਸੋ ਉਨ੍ਹਾਂ ਦਾ ਦੌਰਾ ਸੁਖ-ਸਾਂਦ ਨਾਲ ਗੁਜ਼ਰ ਗਿਆ। ਇਸ ਤੋਂ ਬਾਅਦ ਇਸ ਮਾਮਲੇ ਬਾਰੇ ਮੇਰੇ ਕੋਲੋਂ ਕੋਈ ਪੁਛ ਗਿੱਛ ਨਹੀਂ ਹੋਈ। ਅਗਸਤ ਦੇ ਮਹੀਨੇ ਸਾਡੇ ਕੈਂਪ ਵਿਚ ਇਕ ਲੇਡੀ ਡਿਪਟੀ ਕੈਂਪ-ਕਮਾਂਡੰਟ ਸ੍ਰੀਮਤੀ ਅਹੂਜਾ ਦੀ ਨਿਯੁਕਤੀ ਹੋਈ ਸੀ। ਇਹ ਇਕ ਵੱਡੇ ਪ੍ਰਤਿਸ਼ਟ ਘਰਾਣੇ ਨਾਲ ਸੰਬੰਧ ਰਖਦੇ ਸਨ ਤੇ ਇਨ੍ਹਾਂ ਦੇ ਪੁੱਤਰ ਵੱਡੇ ਵੱਡੇ ਅਹੁਦਿਆਂ ਤੇ ਨਿਯੁਕਤ ਸਨ, ਜਿਨ੍ਹਾਂ ਵਿੱਚੋਂ ਇਕ ਲਾਹੌਰ ਵਿਚ ਸਾਡੇ ਡਿਪਟੀ ਹਾਈ ਕਮਿਸ਼ਨਰ ਸਨ। ਡਿਪਟੀ ਕੈਂਪ-ਕਮਾਂਡੰਟ ਲੱਗਣ ਤੋਂ ਪਹਿਲਾਂ ਇਹ ਪਾਕਿਸਤਾਨ ਵਿਚ ਅਗ਼ਵਾ ਹੋਈਆਂ ਇਸਤ੍ਰੀਆਂ ਨੂੰ ਬਰਾਮਦ ਕਰਨ ਉੱਤੇ ਲੱਗੇ ਹੋਏ ਸਨ ਤੇ ਮਾਤਾ ਅਹੂਜਾ ਦੇ ਨਾਂ ਨਾਲ ਮਸ਼ਹੂਰ ਸਨ। ਇਨ੍ਹਾਂ ਦਾ ਪੰਜਾਬ ਦੇ ਗਵਰਨਰ ਤੇ ਯੂਨੀਵਰਸਿਟੀ ਦੇ ਚਾਂਸਲਰ ਸਰ ਚੰਦੂ ਲਾਲ ਤ੍ਰਿਵੇਦੀ ਦੀ ਧਰਮ ਪਤਨੀ ਸ੍ਰੀਮਤੀ ਕੁਸਮ ਤ੍ਰਿਵੇਦੀ ਨਾਲ ਗੂੜ੍ਹਾ ਸਹੇਲਪੁਣਾ ਸੀ। ਇੱਥੋਂ ਤਕ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦਾ ਮੈਂਬਰ ਵੀ ਨਾਮਜ਼ਦ ਕਰਾਇਆ ਹੋਇਆ ਸੀ। ਸੋ ਇਨ੍ਹਾਂ ਸੰਬੰਧਾਂ ਕਰਕੇ ਮਾਤਾ ਅਹੂਜਾ ਆਪਣੇ ਆਪ ਨੂੰ ਸੁਪਰ ਕੈਂਪ ਕਮਾਂਡੰਟ ਸਮਝਦੇ ਸਨ ਅਤੇ ਸੁਤੰਤਰ ਤੌਰ ਤੇ ਸਭ ਕੰਮ ਕਰਨਾ ਚਾਹੁੰਦੇ ਸਨ। ਕੁਝ ਚਿਰ ਤਾਂ ਮੈਂ ਉਨ੍ਹਾਂ ਨੂੰ ਕਾਫ਼ੀ ਢਿੱਲ ਦਿੱਤੀ ਰੱਖੀ, ਪਰ ਜਦ ਪਾਣੀ ਸਿਰ ਤੋਂ ਲੰਘ ਗਿਆ ਤੇ ਉਨ੍ਹਾਂ ਦੀਆਂ ਮੰਗਾਂ ਵਧਦੀਆਂ ਗਈਆਂ, ਤਾਂ ਮੈਂ ਉਨ੍ਹਾਂ ਦੀ ਮਰਜ਼ੀ ਅੱਗੇ ਝੁਕਣੋਂ ਇਨਕਾਰ ਕਰ ਦਿੱਤਾ। ਇਸ ਉੱਤੇ ਉਨ੍ਹਾਂ ਨੇ ਫੱਟ ਇਕ ਚਿੱਠੀ ਸਿੱਧੀ ਲੇਡੀ ਤ੍ਰਿਵੇਦੀ ਨੂੰ ਲਿਖ ਕੇ ਮੇਰੀ ਸ਼ਿਕਾਇਤ ਕਰ ਦਿੱਤੀ ਕਿ ਕੈਂਪ ਕਮਾਂਡੰਟ ਮੈਨੂੰ ਤੇ ਮੇਰੀਆਂ ਸਮਾਜ-ਸੇਵਕਾਵਾਂ ਨੂੰ ਲੋੜੀਂਦੀਆਂ ਸਹੂਲਤਾਂ ਨਹੀਂ ਦੇ ਰਿਹਾ। ਇਸ ਚਿੱਠੀ ਵਿਚ ਉਨ੍ਹਾਂ ਨੇ ਸਮਾਜ-ਸੇਵਕਾਵਾਂ ਲਈ ਦੂਣੇ ਰਾਸ਼ਨ ਤੇ ਜੁੱਤੀਆਂ ਦੀ ਮੰਗ ਕੀਤੀ ਹੋਈ ਸੀ। ਵੱਡੇ ਤੋਂ ਛੋਟੇ ਅਫ਼ਸਰਾਂ ਤਕ ਹੁੰਦੀ ਹੋਈ ਇਹ ਚਿੱਠੀ ਮੁੜ-ਵਸਾਊ ਅਫ਼ਸਰ ਨੂੰ ਮੇਰੀ ਟਿਪਣੀ ਲਈ ਭੇਜੀ ਗਈ। ਉਨ੍ਹਾਂ ਨੇ ਮੈਨੂੰ ਬੁਲਾ ਕੇ ਉਹ ਚਿੱਠੀ

ਵਿਖਾਈ ਤੇ ਮੈਂ ਉਨ੍ਹਾਂ ਦੇ ਦਫ਼ਤਰ ਵਿਚ ਬੈਠਿਆਂ ਹੀ ਇਸ ਦੇ ਉੱਤਰ ਵਿਚ ਲਿਖ ਦਿੱਤਾ, "ਪਹਿਲਾਂ ਤਾਂ ਮੈਨੂੰ ਇਤਰਾਜ਼ ਹੈ ਕਿ ਲੇਡੀ ਡਿਪਟੀ ਕੈਂਪ ਕਮਾਂਡੰਟ ਨੇ ਮੈਨੂੰ ਦੱਸੇ ਬਗ਼ੈਰ ਸਿੱਧੀ ਉੱਪਰ ਸ਼ਿਕਾਇਤ ਕਰ ਦਿੱਤੀ ਹੈ। ਦੂਜੇ ਸਮਾਜ-ਸੇਵਕਾਵਾਂ ਨੂੰ ਡਬਲ ਰਾਸ਼ਨ ਤੇ ਜੁੱਤੀਆਂ ਦੇਣ ਦਾ ਮੈਨੂੰ ਕੋਈ ਅਧਿਕਾਰ ਨਹੀਂ ਹੈ।" ਇਸ ਉੱਤਰ ਨਾਲ ਸ੍ਰੀ ਕੰਵਲ ਨੈਣ ਦੀ ਤਸੱਲੀ ਜਾਪਦੀ ਸੀ ਤੇ ਮੇਰਾ ਖ਼ਿਆਲ ਹੈ ਕਿ ਉਨ੍ਹਾਂ ਦੀ ਟਿਪਣੀ ਵੀ ਮੇਰੇ ਹੱਕ ਵਿਚ ਗਈ ਹੋਵੇਗੀ, ਕਿਉਂਕਿ ਇਸ ਤੋਂ ਬਾਅਦ ਇਸ ਮਾਮਲੇ ਬਾਰੇ ਨਾ ਮੈਨੂੰ ਕੋਈ ਹਦਾਇਤ ਆਈ ਤੇ ਨਾ ਕੋਈ ਪੁੱਛ ਗਿੱਛ ਹੋਈ।

ਪਲਵਲ ਕੈਂਪ ਵਿਚ ਹੀ ਇਕ ਹੋਰ ਅਜਿਹੀ ਘਟਨਾ ਵਾਪਰੀ। ਬਰਸਾਤ ਦੇ ਦਿਨਾਂ ਵਿਚ ਇਕ ਠੇਕੇਦਾਰ ਨੇ ਸਾਡੇ ਕੈਂਪ ਲਈ ਇਕ ਟਰੱਕ ਵਿਚ 20-25 ਬੋਰੀਆਂ ਖੰਡ ਲਿਆਂਦੀ। ਰਾਹ ਵਿਚ ਜ਼ੋਰ ਦੀ ਬਾਰਸ਼ ਹੋਣ ਨਾਲ ਉਪਰਲੀਆਂ ਪੰਜ ਸਤ ਬੋਰੀਆਂ ਬੁਰੀ ਤਰ੍ਹਾਂ ਭਿਜ ਗਈਆਂ ਤੇ ਮੈਂ ਉਨ੍ਹਾਂ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ। ਠੇਕੇਦਾਰ ਸ਼ਹਿਰ ਦੇ ਇਕ ਵੱਡੇ ਕਾਂਗਰਸੀ ਨੇਤਾ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਮਹਿਤਾ ਰੂਪ ਲਾਲ ਕੋਲ ਗਏ ਕਿ ਉਹ ਉਸ ਦੀ ਖੰਡ ਦਿਵਾ ਦੇਣ। ਮਹਿਤਾ ਸਾਹਿਬ ਇਸ ਤੋਂ ਪਹਿਲਾਂ ਮੈਨੂੰ ਕਦੀ ਨਹੀਂ ਮਿਲੇ ਸਨ। ਉਹ ਆਏ ਤੇ ਪਹਿਲਾਂ ਕੁਝ ਚਿਰ ਕੈਂਪ ਵਿਚ ਘੁੰਮਦੇ ਫਿਰਦੇ ਰਹੇ। ਫਿਰ ਮੇਰੇ ਦਫ਼ਤਰ ਵਿਚ ਆਏ ਤੇ ਕੁਝ ਚਿਰ ਇੱਧਰ-ਉਧਰ ਦੀਆਂ ਗੱਲਾਂ ਮਾਰਨ ਤੋਂ ਬਾਅਦ ਉਨ੍ਹਾਂ ਨੇ ਠੇਕੇਦਾਰ ਦੀ ਸਿਫ਼ਾਰਸ਼ ਕੀਤੀ। ਮੈਂ ਮਹਿਤਾ ਸਾਹਿਬ ਨੂੰ ਜਾਣਦਾ ਨਹੀਂ ਸਾਂ, ਇਸ ਲਈ ਉਨ੍ਹਾਂ ਦੀ ਕੋਈ ਉਚੇਚੀ ਆਉ-ਭਗਤ ਨਹੀਂ ਕੀਤੀ ਸੀ ਅਤੇ ਜਦ ਉਨ੍ਹਾਂ ਨੇ ਭਿੱਜੀ ਹੋਈ ਖੰਡ ਲੈ ਲੈਣ ਦੀ ਮੰਗ ਕੀਤੀ, ਤਾਂ ਮੈਂ ਸਾਫ਼ ਆਖ ਦਿੱਤਾ ਕਿ ਮੈਂ ਸ਼ਰਨਾਰਥੀਆਂ ਲਈ ਭਿੱਜੀ ਹੋਈ ਖੰਡ ਨਹੀਂ ਲੈ ਸਕਦਾ। ਇਸ ਉੱਤੇ ਉਹ ਮੇਰੇ ਪ੍ਰਬੰਧ ਬਾਰੇ ਜਲੀਆਂ-ਕਟੀਆਂ ਸੁਣਾਂਦੇ ਬਾਹਰ ਨਿਕਲ ਗਏ ਤੇ ਡੀ.ਸੀ. ਸਾਹਿਬ ਕੋਲ ਮੇਰੀ ਸ਼ਿਕਾਇਤ ਕਰ ਦਿੱਤੀ। ਇਸ ਚਿੱਠੀ ਵਿਚ ਉਨ੍ਹਾਂ ਨੇ ਮੇਰੇ ਖੰਡ ਨਾ ਲੈਣ ਦਾ ਕੋਈ ਜ਼ਿਕਰ ਨਹੀਂ ਕੀਤਾ ਸੀ, ਐਵੇਂ ਕੁਝ ਅਸੰਬੰਧਤ ਗੱਲਾਂ ਜੋੜ ਕੇ ਉਰਦੂ ਵਿਚ ਚਾਰ ਸਫ਼ੇ ਕਾਲੇ ਕੀਤੇ ਹੋਏ ਸਨ। ਜਦ ਇਹ ਚਿੱਠੀ ਮੇਰੇ ਕੋਲ ਟਿੱਪਣੀ ਲਈ ਆਈ, ਤਾਂ ਮੈਂ ਉਨ੍ਹਾਂ ਦੀਆਂ ਬੇਤੁਕੀਆਂ ਗੱਲਾਂ ਦਾ ਉੱਤਰ ਦੇਣ ਤੋਂ ਛੁੱਟ ਵਿਚਲੀ ਗੱਲ (ਅਰਥਾਤ ਭਿੱਜੀ ਹੋਈ ਖੰਡ ਲੈਣ ਲਈ ਉਨ੍ਹਾਂ ਦੀ ਸਿਫ਼ਾਰਸ਼ ਨਾ ਮੰਨਣ) ਦਾ ਵੀ ਜ਼ਿਕਰ ਕਰ ਦਿੱਤਾ ਤੇ ਇਸ ਤਰ੍ਹਾਂ ਉਨ੍ਹਾਂ ਦੀ ਸ਼ਿਕਾਇਤ ਵੀ ਫ਼ਾਈਲ ਹੋ ਗਈ।

ਗਵਰਨਰ ਸਾਹਿਬ ਦਾ ਦੌਰਾ ਠੀਕ-ਠਾਕ ਭੁਗਤ ਗਿਆ ਸੀ। ਹੁਣ ਦਸੰਬਰ 1948 ਦਾ ਅੱਧ ਸੀ। ਮੈਨੂੰ ਖ਼ਿਆਲ ਆਇਆ ਕਿ ਹੁਣ ਮੈਨੂੰ ਉੱਥੇ ਹੋਣਾ ਚਾਹੀਦਾ ਹੈ, ਜਿੱਥੇ ਮੈਂ ਪੱਕੇ ਤੌਰ ਤੇ ਆਬਾਦ ਹੋ ਸਕਾਂ। ਪਲਵਲ ਤਾਂ ਮੇਰੇ ਲਈ ਇਕ ਓਪਰੀ ਥਾਂ ਸੀ, ਜਿੱਥੇ ਕੋਈ ਸਿਖ ਤਾਂ ਕੀ, ਗੁਜਰਾਂਵਾਲੇ ਦਾ ਕੋਈ ਹੋਰ ਵਸਨੀਕ ਵੀ ਨਹੀਂ ਸੀ। ਇਸ ਵੇਲੇ ਮਝੈਲ ਸਾਹਿਬ ਦੀ ਥਾਂ ਕੈਰੋਂ ਸਾਹਿਬ ਮੁੜ-ਵਸਾਊ ਮਹਿਕਮੇ ਦੇ ਮੰਤਰੀ ਸਨ। ਦਸੰਬਰ ਦੀ 20 ਤਰੀਕ ਦੇ ਨੇੜੇ-ਤੇੜੇ ਅਖ਼ਬਾਰ ਵਿਚ ਪੜ੍ਹਿਆ ਕਿ ਉਹ ਦਿੱਲੀ ਆਏ ਹੋਏ ਹਨ ਤੇ ਸਰਦਾਰ ਬਹਾਦਰ ਰਣਜੀਤ ਸਿੰਘ ਦੀ ਕੋਠੀ ਵਿਚ ਠਹਿਰੇ ਹੋਏ ਹਨ। ਮੈਂ ਦਿੱਲੀ ਜਾ ਕੇ ਉਨ੍ਹਾਂ ਨੂੰ ਮਿਲਿਆ ਤੇ ਬੇਨਤੀ ਕੀਤੀ ਕਿ ਕੈਂਪ ਤਾਂ ਆਖ਼ਰ ਟੁੱਟ ਜਾਣੇ ਹਨ; ਤੁਸੀਂ ਮੈਨੂੰ ਹੁਣੇ ਕਿਸੇ ਅਜਿਹੀ ਥਾਂ ਤਬਦੀਲ ਕਰ ਦਿਓ, ਜਿੱਥੇ ਮੈਂ ਆਪਣੇ ਸੱਜਣਾਂ-ਮਿੱਤਰਾਂ ਵਿਚ ਆਬਾਦ ਹੋਣ ਦਾ ਨਾਲੋ ਨਾਲ ਪ੍ਰਬੰਧ ਕਰਦਾ ਰਹਾਂ। ਉਨ੍ਹਾਂ ਨੇ ਆਖਿਆ, "ਅੰਮ੍ਰਿਤਸਰ, ਜਲੰਧਰ ਤੇ ਲੁਧਿਆਣੇ ਵਿਚ, ਜਿੱਥੇ ਤੁਹਾਡੇ ਬਹੁਤੇ ਸਾਥੀ ਵੱਸੇ ਹੋਏ ਹਨ, ਕੋਈ ਕੈਂਪ ਹੈ ਹੀ ਨਹੀਂ। ਜੇ ਚਾਹੋ, ਤਾਂ ਮੈਂ ਤੁਹਾਨੂੰ ਕਰਨਾਲ ਤਬਦੀਲ ਕਰ ਸਕਦਾ ਹਾਂ।" ਮੈਂ ਆਪਣੀ ਸੰਮਤੀ ਦੇ ਦਿੱਤੀ। ਪਤਾ ਨਹੀਂ, ਕੋਈ ਸਬੱਬ ਆਪਣੇ ਆਪ ਬਣ

ਜਾਂਦਾ ਹੈ ਜਾਂ ਨੀਤੀਵਾਨ ਬਣਾ ਲੈਂਦੇ ਹਨ, ਪਰ ਹੋਇਆ ਇਹ ਕਿ ਕੈਰੋਂ ਸਾਹਿਬ ਦਿੱਲੀ ਤੋਂ ਸਿੱਧੇ ਕਰਨਾਲ ਗਏ ਤੇ ਸਭ ਤੋਂ ਪਹਿਲਾਂ ਕੈਂਪ ਵਿਚ ਹੀ ਗਏ। ਇਸ ਕੈਂਪ ਵਿਚ ਲਗ ਪਗ 80 ਪ੍ਰਤੀਸ਼ਤ ਸ਼ਰਨਾਰਥੀ ਮੁਲਤਾਨ ਤੇ ਮੁਜ਼ੱਫ਼ਰਗੜ੍ਹ ਦੇ ਸਨ ਤੇ ਬਾਕੀ ਗੁਜਰਾਂਵਾਲੇ ਤੇ ਸ਼ੇਖ਼ੂਪੁਰੇ ਦੇ। ਕੈਂਪ ਦਾ ਬਹੁਤਾ ਅਮਲਾ ਮੁਲਤਾਨ ਵੱਲ ਦਾ ਸੀ, ਇਸ ਲਈ ਸ਼ੇਖ਼ੂਪੁਰੇ ਤੇ ਗੁਜਰਾਂਵਾਲਾ ਦੇ ਸ਼ਰਨਾਰਥੀਆਂ ਨਾਲ ਕਾਫ਼ੀ ਵਿਤਕਰਾ ਹੁੰਦਾ ਸੀ। ਜਦ ਕੈਰੋਂ ਸਾਹਿਬ ਕੈਂਪ ਵਿਚ ਗਏ, ਤਾਂ ਇਨ੍ਹਾਂ ਅਸੰਤੁਸ਼ਟ ਸ਼ਰਨਾਰਥੀਆਂ ਨੇ "ਕੈਂਪ-ਕਮਾਂਡੰਟ ਮੁਰਦਾਬਾਦ' ਦੇ ਨਾਹਰੇ ਲਾਏ। ਜਦ ਕੈਂਪ-ਕਮਾਂਡੰਟ ਪ੍ਰੋਫ਼ੈਸਰ ਗੰਗਾ ਰਾਮ ਕੋਹਲੀ ਨੇ ਸਾਰੀਆਂ ਸ਼ਿਕਾਇਤਾਂ ਨੂੰ ਨਿਰਮੂਲ ਦੱਸਿਆ, ਤਾਂ ਕੈਰੋਂ ਸਾਹਿਬ ਨੇ ਕਿਹਾ, "ਤੁਸੀਂ ਦੋਵੇਂ ਧਿਰਾਂ ਕਲ੍ਹ ਸਵੇਰੇ ਮੇਰੇ ਕੋਲ ਰੈੱਸਟ ਹਾਊਸ ਵਿਚ ਆ ਕੇ ਆਪੋ ਆਪਣੇ ਪੱਖ ਪੇਸ਼ ਕਰੋ।" ਇੱਥੇ ਕੋਹਲੀ ਸਾਹਿਬ ਕੋਲੋਂ ਸਹਿਜ-ਸੁਭਾਅ ਹੀ ਦਾਅ-ਪੇਚ ਦੀ ਇਕ ਭਾਰੀ ਗ਼ਲਤੀ ਹੋ ਗਈ। ਉਹ 20-22 ਮੁਲਤਾਨੀ ਚੌਧਰੀਆਂ ਨੂੰ ਕੈਂਪ ਵਿਚੋਂ ਮਿਲੀਆਂ ਬਰਾਂਡੀਆਂ ਪੁਆ ਕੇ ਤੇ ਖ਼ੂਬ ਸਜਾ-ਫਬਾ ਕੇ ਨਾਲ ਲੈ ਗਏ। ਦਸੰਬਰ ਦੀ ਕਹਿਰਾਂ ਦੀ ਸਰਦੀ ਸੀ ਤੇ ਦੂਜੇ ਪਾਸੇ ਗੁਜਰਾਂਵਾਲੇ ਤੇ ਸ਼ੇਖ਼ੂਪੁਰੇ ਦੇ ਸ਼ਰਨਾਰਥੀ ਆਗੂ ਸੂਤੀ ਕਪੜਿਆਂ ਵਿਚ ਠੁਰ ਠੁਰ ਕਰਦੇ ਹਾਜ਼ਰ ਸਨ। ਜਦ ਮੁਲਤਾਨੀਆਂ ਨੇ ਕੋਹਲੀ ਸਾਹਿਬ ਦੀ ਪ੍ਰਸੰਸਾ ਦੇ ਪੁੱਲ ਬੰਨ੍ਹਣੇ ਸ਼ੁਰੂ ਕੀਤੇ, ਤਾਂ ਦੂਜੀ ਧਿਰ ਨੇ ਵਿੱਚੋਂ ਹੀ ਟੋਕ ਕੇ ਜਵਾਬੀ ਹਮਲਾ ਕਰ ਦਿੱਤਾ ਤੇ ਆਖਿਆ, "ਸਰਦਾਰ ਸਾਹਿਬ! ਤੁਸੀਂ ਸਾਡੀਆਂ ਤੇ ਮੁਲਤਾਨੀਆਂ ਦੀਆਂ ਪੁਸ਼ਾਕਾਂ ਤੋਂ ਹੀ ਵਿਤਕਰੇ ਦਾ ਅੰਦਾਜ਼ਾ ਲਾ ਸਕਦੇ ਹੋ। ਜੇ ਸਾਨੂੰ ਵੀ ਬਰਾਂਡੀਆਂ ਮਿਲ ਜਾਂਦੀਆਂ, ਤਾਂ ਸਾਨੂੰ ਕੋਈ ਸ਼ਿਕਾਇਤ ਨਹੀਂ ਹੋਣੀ ਸੀ। ਇੱਸੇ ਤਰ੍ਹਾਂ ਹੀ ਹਰੇਕ ਗੱਲ ਵਿਚ ਸਾਡੇ ਨਾਲ ਵਿਤਕਰਾ ਕੀਤਾ ਜਾਂਦਾ ਹੈ। ਰਾਸ਼ਨ ਵੀ ਇਕ ਸੇਰ ਦੀ ਥਾਂ ਪੰਦਰ੍ਹਾਂ ਛਟਾਂਕ ਹੀ ਮਿਲਦਾ ਹੈ।" ਕੋਹਲੀ ਸਾਹਿਬ ਨੇ ਇਹ ਗੱਲ ਮੰਨ ਲਈ ਤੇ ਸਫ਼ਾਈ ਵਿਚ ਆਖਿਆ ਕਿ ਇਕ ਛਟਾਂਕ ਦੀ ਕਟੌਤੀ ਤੋਲਿਆਂ ਨੂੰ ਮਜ਼ਦੂਰੀ ਦੇਣ ਲਈ ਕੀਤੀ ਜਾਂਦੀ ਹੈ। ਪਰ ਸ਼ਿਕਾਇਤਾਂ ਦੇ ਅੰਬਾਰ ਤੋਂ ਖਿਝ ਕੇ ਨਾਲ ਹੀ ਕਹਿ ਦਿੱਤਾ, "ਸਰਦਾਰ ਸਾਹਿਬ! ਵਜ਼ੀਰੀ ਕਰ ਲੈਣੀ ਸੌਖੀ ਹੈ, ਪਰ ਕੈਂਪ-ਕਮਾਂਡੰਟੀ ਬੜੀ ਜਟਿਲ ਸਮੱਸਿਆ ਹੈ। ਤੁਸੀਂ ਕੈਂਪ-ਕਮਾਂਡੰਟ ਹੋਵੋ, ਤਾਂ ਵੀ ਇਹੋ ਜਿਹੀਆਂ ਸ਼ਿਕਾਇਤਾਂ ਹੋਣੀਆਂ ਹੀ ਹਨ।" ਕੈਰੋਂ ਸਾਹਿਬ ਵੀ ਕੁਝ ਖਿਝ ਗਏ ਤੇ ਡਿਪਟੀ ਕਮਿਸ਼ਨਰ ਸ੍ਰੀ ਮੰਗਤ ਰਾਏ ਨੂੰ ਸੰਬੋਧਨ ਕਰ ਕੇ ਬੋਲੇ, "ਮੈਂ ਇੱਥੇ ਗਿਆਨੀ ਲਾਲ ਸਿੰਘ ਨੂੰ ਭੇਜ ਰਿਹਾ ਹਾਂ। ਉਹ ਬੜੇ ਸਯੋਗ ਪ੍ਰਬੰਧਕ ਹਨ ਤੇ ਮੇਰੇ ਖ਼ਾਸ ਆਦਮੀ ਹਨ। ਕੋਹਲੀ ਸਾਹਿਬ ਨੂੰ ਪਤਾ ਲਗ ਜਾਏਗਾ ਕਿ ਸਫ਼ਲ ਕੈਂਪ-ਕਮਾਂਡੰਟੀ ਕਿਵੇਂ ਕਰੀਦੀ ਹੈ।" ਰੈੱਸਟ ਹਾਊਸ ਵਿਚ ਕੈਂਪ ਸਟਾਫ਼ ਦੇ ਕਈ ਮੈਂਬਰ ਵੀ ਗਏ ਹੋਏ ਸਨ ਤੇ ਇਹ ਖ਼ਬਰ ਮੈਨੂੰ ਦਸੰਬਰ ਦੇ ਅਖ਼ੀਰ ਵਿਚ ਹੀ ਉਸ ਹਸਮੁਖ ਆਡੀਟਰ ਕੋਲੋਂ ਮਿਲ ਗਈ, ਜਿਸ ਨੇ ਸ਼ਾਹ ਆਬਾਦ ਵਿਚ ਮੇਰੇ ਨਾਲ ਕੰਮ ਕੀਤਾ ਸੀ। ਉਸ ਨੇ ਨਾਲ ਹੀ ਲਿਖਿਆ ਸੀ ਕਿ "ਮੈਨੂੰ ਖ਼ੁਸ਼ੀ ਹੈ ਕਿ ਹੁਣ ਫਿਰ ਤੁਹਾਡੇ ਅਧੀਨ ਕੰਮ ਕਰਨ ਦਾ ਮੌਕਾ ਮਿਲੇਗਾ।"

ਕੋਹਲੀ ਸਾਹਿਬ ਦੀ ਰਿਹਾਇਸ਼ ਪਾਨੀਪਤ ਸੀ ਤੇ ਉਨ੍ਹਾਂ ਦੀ ਤਬਦੀਲੀ ਬਟਾਲੇ ਕੀਤੀ ਗਈ ਸੀ। ਉਹ ਉੱਥੇ ਜਾਣਾ ਨਹੀਂ ਚਾਹੁੰਦੇ ਸਨ ਤੇ ਦੋ ਮਹੀਨੇ ਤਬਦੀਲੀ ਮਨਸੂਖ਼ ਕਰਾਉਣ ਲਈ ਭਜ ਦੌੜ ਕਰਦੇ ਰਹੇ। ਅਖ਼ੀਰ ਮੇਰੇ ਕੋਲੋਂ ਚਾਰਜ ਲੈਣ ਵਾਲੇ ਕੈਂਪ-ਕਮਾਂਡੰਟ ਸਾਹਿਬ ਪਹਿਲੀ ਮਾਰਚ ਨੂੰ ਪਲਵਲ ਪਹੁੰਚੇ ਤੇ ਮੈਂ ਫ਼ਾਰਗ਼ ਹੋਇਆ। ਐਤਕੀਂ ਠੇਕੇਦਾਰਾਂ ਦੀ ਥਾਂ ਕੈਂਪ ਸਟਾਫ਼ ਨੇ ਮੈਨੂੰ ਵਿਦਾਇਗੀ ਪਾਰਟੀ ਦਿੱਤੀ ਤੇ ਨਵੇਂ ਕੈਂਪ-ਕਮਾਂਡੰਟ ਦਾ ਸੁਆਗਤ ਕੀਤਾ। ਇਸ ਮੌਕੇ ਤੇ ਨਵੇਂ ਕੈਂਪ-ਕਮਾਂਡੰਟ ਸਮੇਤ ਸਾਰੇ ਸਟਾਫ਼ ਦੀ ਤਸਵੀਰ ਵੀ ਖਿੱਚੀ ਗਈ, ਜੋ ਮੈਂ ਯਾਦਗਾਰ ਵਜੋਂ ਸੰਭਾਲ ਕੇ ਰੱਖੀ ਹੋਈ ਹੈ।

7 ਮਾਰਚ 1949 ਨੂੰ ਮੈਂ ਕਰਨਾਲ ਕੈਂਪ ਦਾ ਚਾਰਜ ਲਿਆ। ਪਹਿਲੇ ਦਿਨ ਹੀ ਮੈਂ ਡਿਪਟੀ ਕਮਿਸ਼ਨਰ ਸਾਹਿਬ ਨੂੰ ਮਿਲਣ ਗਿਆ ਤੇ ਆਪਣਾ ਪਰਿਚੈ ਦਿੱਤਾ। ਕਹਿਣ ਲੱਗੇ, "ਤੁਸੀਂ ਆ ਗਏ ਹੋ; ਮੈਨੂੰ ਤੁਹਾਡੇ ਤੇ ਕੈਰੋਂ ਸਾਹਿਬ ਦੇ ਸੰਬੰਧਾਂ ਦੀ ਪੂਰੀ ਜਾਣਕਾਰੀ ਹੈ। ਉਨ੍ਹਾਂ ਨੇ ਤੁਹਾਡੀ ਬੜੀ ਪ੍ਰਸੰਸਾ ਕੀਤੀ ਹੈ। ਮੈਂ ਤੁਹਾਨੂੰ ਪੂਰਾ ਮਿਲਵਰਤਣ ਦਿਆਂਗਾ। ਤੁਹਾਨੂੰ ਜਦ ਵੀ ਕੋਈ ਸਮੱਸਿਆ ਪੇਸ਼ ਆਵੇ, ਨਿਰਸੰਕੋਚ ਮੇਰੇ ਕੋਲ ਆ ਸਕਦੇ ਹੋ।" ਮੈਂ ਆਖਿਆ, "ਕੈਰੋਂ ਸਾਹਿਬ ਵਜ਼ੀਰ ਹਨ ਤੇ ਮੈਂ ਇਕ ਤੁੱਛ ਵਰਕਰ। ਇਹ ਉਨ੍ਹਾਂ ਦੀ ਵਡਿਆਈ ਹੈ ਕਿ ਉਹ ਵਰਕਰਾਂ ਨੂੰ ਇੰਨਾ ਸਨਮਾਨ ਦੇਂਦੇ ਹਨ।" ਕਰਨਾਲ ਆ ਕੇ ਮੈਨੂੰ ਕਾਂਗਰਸੀ ਨੇਤਾਵਾਂ ਵੱਲੋਂ ਕਦੇ ਕੋਈ ਔਕੜ ਪੇਸ਼ ਨਾ ਆਈ, ਕਿਉਂਕਿ ਇੱਥੇ ਦੀ ਕਾਂਗਰਸ ਕਮੇਟੀ ਉੱਤੇ ਗੁਜਰਾਂਵਾਲੇ ਦੇ ਕਾਂਗਰਸੀ ਛਾਏ ਹੋਏ ਸਨ, ਜਿਨ੍ਹਾਂ ਨਾਲ ਮੇਰੀ ਚੰਗੀ ਸਾਂਝ ਤੇ ਗੂੜ੍ਹੀ ਮਿੱਤਰਤਾ ਸੀ। ਪਰ ਕੈਂਪ-ਸਟਾਫ਼ ਵਿਚ ਦੋ ਤੋਂ ਬਿਨਾਂ ਸਾਰੇ ਵੱਡੇ-ਛੋਟੇ ਕਰਮਚਾਰੀ ਮੁਲਤਾਨ ਵੱਲ ਦੇ ਸਨ ਤੇ ਉਹ ਕੋਹਲੀ ਸਾਹਿਬ ਦੀ ਤਬਦੀਲੀ ਤੇ ਬਹੁਤ ਨਾਖ਼ੁਸ਼ ਸਨ। ਉਹ ਸ਼ਾਇਦ ਇਹ ਵੀ ਸਮਝਦੇ ਸਨ ਕਿ ਹੁਣ ਮੁਲਤਾਨੀ ਤੇ ਮੁਜ਼ੱਫ਼ਰਗੜ੍ਹੀ ਸ਼ਰਨਾਰਥੀਆਂ ਨਾਲ ਤਰਜੀਹੀ ਸਲੂਕ ਨਹੀਂ ਹੋ ਸਕੇਗਾ। ਸੋ ਉਹ ਮੈਨੂੰ ਦਿਲੀ ਮਿਲਵਰਤਣ ਨਹੀਂ ਦੇ ਰਹੇ ਸਨ। ਸਟਾਫ਼ ਵਿਚ ਮੁਲਤਾਨੀਆਂ ਤੋਂ ਬਿਨਾਂ ਜੋ ਦੋ ਮੈਂਬਰ ਸਨ, ਉਨ੍ਹਾਂ ਵਿਚੋਂ ਇਕ ਸਨ, ਲੈਫ਼ਟੀਨੈਂਟ ਪ੍ਰੀਤਮ ਸਿੰਘ ਸਟੋਰ ਅਫ਼ਸਰ ਤੇ ਦੂਜੇ ਅਸਿਸਟੈਂਟ ਕੈਂਪ-ਕਮਾਂਡੈਂਟ ਡਾਕਟਰ ਰਣਜੀਤ, ਜੋ ਪਿੱਛੋਂ ਨੌਸ਼ਹਿਰਾ ਵਿਰਕਾਂ ਜ਼ਿਲ੍ਹਾ ਗੁਜਰਾਂਵਾਲਾ ਦੇ ਵਸਨੀਕ ਸਨ। ਬਾਕੀਆਂ ਨੇ ਕੈਂਪ ਦੇ ਰਾਸ਼ਨਿੰਗ ਅਫ਼ਸਰ ਸ੍ਰੀ ਸ਼ਿਵਦਤ ਰੰਗਾ ਦੀ ਅਗਵਾਈ ਹੇਠ ਇਕ ਜੁੱਟ ਬਣਾਇਆ ਹੋਇਆ ਸੀ। ਰੰਗਾ ਸਾਹਿਬ ਬੜੇ ਬਾ-ਰਸੂਖ਼ ਵਿਅਕਤੀ ਸਨ। ਉਹ ਮਿਊਂਸਪਲ ਕਮਿਸ਼ਨਰ ਵੀ ਸਨ ਤੇ ਜੇਲ੍ਹ ਦੇ ਗ਼ੈਰ-ਸਰਕਾਰੀ ਵਿਜ਼ਿਟਰ ਵੀ। ਇਸ ਤੋਂ ਛੁਟ ਉਹ ਆਪਣੇ ਆਪ ਨੂੰ ਸੱਤਰ ਹਜ਼ਾਰ ਮੁਲਤਾਨੀਆਂ ਦੇ ਵਾਹਿਦ ਨੇਤਾ ਵੀ ਸਮਝਦੇ ਸਨ। ਕੋਹਲੀ ਸਾਹਿਬ ਦੇ ਵਕਤ ਵਿਚ ਅਸਲੀ ਕੈਂਪ-ਕਮਾਂਡੈਂਟ ਉਹੀ ਸਮਝੇ ਜਾਂਦੇ ਸਨ। ਹੁਣ ਉਹ ਜਾਣ ਗਏ ਸਨ ਕਿ ਉਹ ਮੈਨੂੰ ਆਪਣਾ ਹੱਥ-ਠੋਕਾ ਨਹੀਂ ਬਣਾ ਸਕਣਗੇ; ਇਸ ਲਈ ਕੁਝ ਖਿਚੇ ਖਿਚੇ ਰਹਿੰਦੇ ਸਨ। ਹਾਂ, ਮੁਲਤਾਨੀਆਂ ਵਿਚੋਂ ਵੀ ਇਕ ਅਸਿਸਟੈਂਟ ਕੈਂਪ-ਕਮਾਂਡੈਂਟ ਸਨ, ਡਾਕਟਰ ਪ੍ਰੇਮ ਪ੍ਰਕਾਸ਼, ਜਿਨ੍ਹਾਂ ਨੇ ਇਸ ਜੁੱਟ ਦਾ ਸਾਥ ਦੇਣ ਤੋਂ ਇਨਕਾਰ ਕਰ ਦਿੱਤਾ, ਭਾਵੇਂ ਰੰਗਾ ਸਾਹਿਬ ਨੇ ਉਨ੍ਹਾਂ ਨੂੰ ਮੜ੍ਹੀਆਂ ਸਾਂਝੀਆਂ ਹੋਣ ਦੇ ਵਾਸਤੇ ਵੀ ਪਾਏ। ਉਨ੍ਹਾਂ ਨੇ ਆਖਿਆ, "ਮੈਂ ਤੁਹਾਡਾ ਸਾਥ ਸਿਰਫ਼ ਉਸ ਵੇਲੇ ਦਿਆਂਗਾ, ਜਦ ਕੈਂਪ-ਕਮਾਂਡੈਂਟ ਕੋਈ ਗ਼ਲਤ ਜਾਂ ਅਯੋਗ ਗੱਲ ਕਰੇਗਾ; ਇਸ ਲਈ ਨਹੀਂ ਕਿ ਉਹ ਅਕਾਲੀ ਹੈ ਜਾਂ ਸਾਡੇ ਜ਼ਿਲ੍ਹੇ ਦਾ ਨਹੀਂ।"

ਮੇਰੇ ਚਾਰਜ ਲੈਣ ਤੋਂ ਇਕ ਹਫ਼ਤਾ ਬਾਅਦ ਹੀ ਇਕ ਛੋਟੀ ਜਿਹੀ ਘਟਨਾ ਹੋ ਗਈ। ਕੈਂਪ ਵਿਚ ਲੱਕੜਾਂ ਸਪਲਾਈ ਕਰਨ ਵਾਲੇ ਠੇਕੇਦਾਰ ਨੇ ਜੋ ਲੱਕੜਾਂ ਲਿਆਂਦੀਆਂ, ਉਹ ਕਾਫ਼ੀ ਗਿੱਲੀਆਂ ਸਨ। ਸਟੋਰ-ਅਫ਼ਸਰ ਲੈਫ਼ਟੀਨੈਂਟ ਪ੍ਰੀਤਮ ਸਿੰਘ ਨੇ ਉਹ ਲੈਣ ਤੋਂ ਇਨਕਾਰ ਕਰ ਦਿੱਤਾ। ਠੇਕੇਦਾਰ ਨੇ ਇਹ ਗੱਲ ਮੇਰੇ ਧਿਆਨ ਵਿਚ ਲਿਆਂਦੀ। ਮੈਂ ਆਪ ਜਾ ਕੇ ਲੱਕੜਾਂ ਵੇਖੀਆਂ, ਜੋ ਕਾਫ਼ੀ ਗਿੱਲੀਆਂ ਸਨ। ਲੱਕੜਾਂ ਤਾਂ ਉਹ ਪਹਿਲਾਂ ਵੀ ਗਿੱਲੀਆਂ ਲਿਆਉਂਦਾ ਸੀ, ਪਰ ਕੋਹਲੀ ਸਾਹਿਬ ਆਪਣੇ ਹੁਕਮ ਨਾਲ ਉਹ ਵੰਡਵਾ ਦੇਂਦੇ ਸਨ। ਮੇਰੇ ਕੋਲ ਪੇਸ਼ ਨਾ ਜਾਂਦੀ ਵੇਖ ਕੇ ਠੇਕੇਦਾਰ ਜ਼ਿਲ੍ਹਾ ਮੁੜ-ਵਸਾਊ ਅਫ਼ਸਰ ਕੋਲ ਗਿਆ ਕਿ ਉਹ ਉਸ ਦੀਆਂ ਲੱਕੜਾਂ ਦੁਆ ਦੇਣ। ਸਾਡੇ ਪਿਛਲੇ ਮੁੜ-ਵਸਾਊ ਅਫ਼ਸਰ ਸ੍ਰੀ ਕਿਦਾਰ ਨਾਥ ਸਾਹਨੀ ਰੀਟਾਇਰ ਹੋ ਕੇ ਕਰਨਾਲ ਵਿਚ ਹੀ ਵਕਾਲਤ ਕਰਨ ਲਗ ਪਏ ਸਨ ਤੇ ਨਵੇਂ ਲੱਗੇ ਸਨ, ਸ੍ਰੀ ਮਨੋਹਰ ਲਾਲ ਗੁਪਤਾ, ਜੋ ਸੈਕਸ਼ਨ 30 ਦੇ ਮੈਜਿਸਟ੍ਰੇਟ ਵੀ ਸਨ। ਉਨ੍ਹਾਂ ਨੇ ਕੈਂਪ ਵਿਚ ਆ ਕੇ ਮੈਨੂੰ ਪੁੱਛਿਆ ਕਿ ਇਹ ਲੱਕੜਾਂ

ਕਿਉਂ ਨਹੀਂ ਲਈਆਂ ਜਾ ਰਹੀਆਂ। ਜਦ ਮੈਂ ਆਖਿਆ ਕਿ ਲੱਕੜਾਂ ਗਿੱਲੀਆਂ ਹਨ, ਤਾਂ ਉਹ ਕਹਿਣ ਲੱਗੇ, "ਸਾਰੀਆਂ ਤਾਂ ਗਿੱਲੀਆਂ ਨਹੀਂ, ਤੁਸੀਂ ਗਿੱਲੀਆਂ ਬਾਹਰ ਕੱਢ ਦਿਓ।" ਮੈਂ ਉੱਤਰ ਦਿੱਤਾ ਕਿ ਇਹ ਠੇਕੇਦਾਰ ਦਾ ਕੰਮ ਹੈ ਕਿ ਗਿੱਲੀਆਂ ਲੱਕੜਾਂ ਕਢ ਲੈਣ, ਬਾਕੀ ਸੁੱਕੀਆਂ ਅਸੀਂ ਲੈ ਲਵਾਂਗੇ।" ਜਦ ਸ੍ਰੀ ਗੁਪਤਾ ਨੇ ਵੇਖਿਆ ਕਿ ਇੱਥੇ ਉਨ੍ਹਾਂ ਦੀ ਦਾਲ ਨਹੀਂ ਗਲਦੀ, ਤਾਂ ਉਹ ਸਾਰਾ ਮਾਮਲਾ ਮੇਰੇ ਉੱਤੇ ਛਡ ਕੇ ਵਾਪਸ ਚਲੇ ਗਏ। ਠੇਕੇਦਾਰ ਨੇ ਬਹੁਤੀਆਂ ਗਿੱਲੀਆਂ ਲੱਕੜਾਂ ਆਪੇ ਵਖ ਕਰ ਲਈਆਂ ਤੇ ਇਉਂ ਇਕ ਤਰ੍ਹਾਂ ਦੇ ਸਮਝੌਤੇ ਨਾਲ ਹੀ ਮਾਮਲਾ ਨਿੱਬੜ ਗਿਆ, ਪਰ ਮੈਜਿਸਟ੍ਰੇਟ ਸਾਹਿਬ ਨੂੰ ਆਪਣੀ ਗੱਲ ਨਾ ਮੰਨੇ ਜਾਣ ਦਾ ਰੰਜ ਜ਼ਰੂਰ ਹੋ ਗਿਆ।

ਅਪ੍ਰੈਲ 1949 ਦੇ ਸ਼ੁਰੂ ਵਿਚ ਮੈਂ ਚਾਰ ਦਿਨ ਦੀ ਛੁੱਟੀ ਲੈ ਕੇ ਅੰਮ੍ਰਿਤਸਰ ਗਿਆ। ਵੱਡਾ ਕੰਮ ਸ਼੍ਰੋਮਣੀ ਕਮੇਟੀ ਨੂੰ ਸਥਾਨਕ ਗੁਰਦੁਆਰਾ ਕਮੇਟੀ ਗੁਜਰਾਂਵਾਲਾ ਦਾ ਹਿਸਾਬ-ਕਿਤਾਬ ਦੇਣਾ ਸੀ। ਇਸ ਤੋਂ ਛੁੱਟ ਅਸਾਂ ਕਮੇਟੀ ਨੂੰ ਗੁਜਰਾਂਵਾਲੇ ਤੋਂ ਜੋ ਦਰੀਆਂ, ਬਿਜਲੀ ਦੇ ਪੱਖੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਭਿਜਵਾਈਆਂ ਸਨ, ਉਨ੍ਹਾਂ ਵਿਚ ਇਕ ਬੀੜ ਮੇਰੇ ਘਰ ਦੀ ਵੀ ਸੀ ਤੇ ਮੈਂ ਉਹ ਲਿਆਉਣਾ ਚਾਹੁੰਦਾ ਸੀ। ਮੇਰੀ ਗ਼ੈਰ-ਹਾਜ਼ਰੀ ਵਿਚ ਰੰਗਾ ਸਾਹਿਬ ਨੇ ਇਕ ਖੜ-ਯੰਤਰ ਰਚਿਆ। ਮੈਨੂੰ ਕਰਨਾਲ ਆਇਆਂ ਅਜੇ ਇਕ ਮਹੀਨਾ ਵੀ ਨਹੀਂ ਹੋਇਆ ਸੀ ਤੇ ਅਜੇ ਤਕ ਮੈਨੂੰ ਰਿਹਾਇਸ਼ ਲਈ ਕੋਈ ਮਕਾਨ ਨਹੀਂ ਮਿਲਿਆ ਸੀ। ਸੋ ਕਰਨਾਲ ਦੇ ਇਕ ਉੱਘੇ ਕਾਂਗਰਸੀ ਸ੍ਰੀ ਰੌਸ਼ਨ ਲਾਲ ਯਾਸ ਨੇ ਮੈਨੂੰ ਆਰਜ਼ੀ ਰਿਹਾਇਸ਼ ਲਈ ਗੁਜਰਾਂਵਾਲੇ ਦੇ ਇਕ ਸੱਜਣ ਦੀਵਾਨ ਚੰਦ ਤੋਂ ਦੋ ਕਮਰੇ ਲੈ ਦਿੱਤੇ ਸਨ। ਉਨ੍ਹਾਂ ਦੇ ਘਰ ਦੇ 14 ਜੀਅ ਸਨ ਤੇ ਉਹ ਕੈਂਪ ਵਿਚੋਂ ਰਾਸ਼ਨ ਵੀ ਲੈ ਰਹੇ ਸਨ। ਰੰਗਾ ਸਾਹਿਬ ਤੇ ਹੋਰ ਕਰਮਚਾਰੀਆਂ ਨੂੰ ਇਸ ਗੱਲ ਦਾ ਪਤਾ ਸੀ ਤੇ ਉਹ ਇਹ ਵੀ ਜਾਣਦੇ ਸਨ ਕਿ ਮੈਂ ਉਨ੍ਹਾਂ ਦੇ ਮਕਾਨ ਵਿਚ ਰਹਿ ਰਿਹਾ ਹਾਂ। ਉਨ੍ਹਾਂ ਨੇ ਗੁਪਤਾ ਸਾਹਿਬ ਨੂੰ ਮਿਲ ਕੇ ਆਖਿਆ ਕਿ ਕੈਂਪ ਕਮਾਂਡੰਟ ਨੂੰ ਫਸਾਣ ਦਾ ਇਹ ਚੰਗਾ ਮੌਕਾ ਹੈ। ਸ੍ਰੀ ਗੁਪਤਾ ਨੇ ਕੈਂਪ-ਕਮਾਂਡੰਟ ਨੂੰ ਸੰਬੋਧਨ ਕਰ ਕੇ ਇਕ ਸੰਖੇਪ ਜਿਹੀ ਚਿੱਠੀ ਲਿਖੀ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ "ਇਕ ਵਿਅਕਤੀ ਦੀਵਾਨ ਚੰਦ ਸ਼ਹਿਰ ਵਿਚ ਰਹਿ ਰਿਹਾ ਹੈ, ਪਰ ਕੈਂਪ ਵਿਚੋਂ 14 ਬੰਦਿਆਂ ਦਾ ਰਾਸ਼ਨ ਲੈ ਰਿਹਾ ਹੈ। ਕਿਰਪਾ ਕਰਕੇ ਇਸ ਬਾਰੇ ਤੱਥ ਦੱਸਣ ਦੀ ਖੇਚਲ ਕਰੋ।" ਇਹ ਚਿੱਠੀ ਰੰਗਾ ਸਾਹਿਬ ਨੂੰ ਦਸਤੀ ਦੇ ਦਿੱਤੀ ਗਈ। ਉਨ੍ਹਾਂ ਨੇ ਲੇਡੀ ਡਿਪਟੀ ਕੈਂਪ-ਕਮਾਂਡੰਟ ਕੋਲੋਂ ਸੰਬੰਧਤ ਅਸਿਸਟੈਂਟ ਕੈਂਪ-ਕਮਾਂਡੰਟ ਨੂੰ ਟਿਪਣੀ ਲਈ ਭਿਜਵਾ ਦਿੱਤੀ, ਜਿਨ੍ਹਾਂ ਨੇ ਸੁਪਰਵਾਈਜ਼ਰ ਕੋਲੋਂ ਰਿਪੋਰਟ ਮੰਗੀ। ਰੰਗਾ ਸਾਹਿਬ ਨੇ ਸੁਪਰਵਾਈਜ਼ਰ ਪਾਸੋਂ ਆਪਣੇ ਮਤਲਬ ਦੀ ਰਿਪੋਰਟ ਕਰਾ ਲਈ ਕਿ "ਮੈਂ ਕੈਂਪ ਕਮਾਂਡੰਟ ਸਾਹਿਬ ਦੇ ਧਿਆਨ ਵਿਚ ਇਹ ਗੱਲ ਲਿਆਂਦੀ ਸੀ ਕਿ ਦੀਵਾਨ ਚੰਦ ਕੈਂਪ ਵਿੱਚੋਂ ਨਜਾਇਜ਼ ਰਾਸ਼ਨ ਲੈ ਰਿਹਾ ਹੈ, ਪਰ ਉਨ੍ਹਾਂ ਨੇ ਕਹਿ ਦਿੱਤਾ ਕਿ ਕੋਈ ਗੱਲ ਨਹੀਂ, ਚਲਦਾ ਰਹਿਣ ਦਿਓ।" ਇਸ ਤਰ੍ਹਾਂ ਇਹ ਰਿਪੋਰਟ ਮੁਕੰਮਲ ਹੋ ਕੇ ਸ੍ਰੀ ਗੁਪਤਾ ਹੋਰਾਂ ਕੋਲ ਵਾਪਸ ਜਾਣ ਵਾਲੀ ਸੀ, ਪਰ ਸਬੱਬ ਨਾਲ ਮੈਂ ਦੋ ਦਿਨ ਦੀ ਛੁੱਟੀ ਕੱਟ ਕੇ ਹੀ ਵਾਪਸ ਆ ਗਿਆ। ਹੁਣ ਇਹ ਸਾਰੀ ਕਾਰਵਾਈ ਮੇਰੇ ਰਾਹੀਂ ਹੀ ਉਨ੍ਹਾਂ ਕੋਲ ਜਾਣੀ ਸੀ। ਸਭ ਤੋਂ ਪਹਿਲਾਂ ਮੈਂ ਡਿਪਟੀ ਕਮਿਸ਼ਨਰ ਸਾਹਿਬ ਨੂੰ ਮਿਲਿਆ ਤੇ ਉਨ੍ਹਾਂ ਨੂੰ ਸਾਰੀਆਂ ਗੱਲਾਂ ਤੋਂ ਜਾਣੂ ਕਰਾ ਕੇ ਆਖਿਆ ਕਿ "ਬੇਨਿਯਮੀਆਂ ਤਾਂ ਤੁਹਾਡੇ ਕੈਂਪ ਦੇ ਕਰਮਚਾਰੀ ਕਰਦੇ ਹਨ, ਜੋ ਪਿਛਲੇ ਡੇਢ ਵਰ੍ਹੇ ਤੋਂ ਦੀਵਾਨ ਚੰਦ ਨੂੰ ਰਾਸ਼ਨ ਦੇ ਰਹੇ ਹਨ ਜਾਂ ਵੱਡੇ ਕਾਂਗਰਸੀ ਆਗੂ ਕਰਾਂਦੇ ਹਨ, ਪਰ ਜਵਾਬ-ਤਲਬੀ ਮੇਰੀ ਹੋ ਰਹੀ ਹੈ, ਜਿਸ ਨੂੰ ਇੱਥੇ ਆਇਆਂ ਅਜੇ ਇਕ ਮਹੀਨਾ ਵੀ ਨਹੀਂ ਹੋਇਆ।" ਡਿਪਟੀ ਕਮਿਸ਼ਨਰ ਸਾਹਿਬ ਨੇ ਪਹਿਲਾਂ ਤਾਂ ਸ਼ਹਿਰ ਵਿਚ ਇਕ ਵੱਡੇ ਮਕਾਨ ਦੇ ਚਾਰ ਕਮਰੇ ਮੈਨੂੰ ਅਲਾਟ ਕਰ ਦਿੱਤੇ, ਜਿੱਥੇ ਮੈਂ ਉਸੇ ਦਿਨ ਆਪਣੀ ਰਿਹਾਇਸ਼ ਬਦਲ ਲਈ

ਤੇ ਦੂਜੇ ਮੈਨੂੰ ਆਖਿਆ ਕਿ ਤੁਸੀਂ ਦੀਵਾਨ ਚੰਦ ਦਾ ਰਾਸ਼ਨ ਬੰਦ ਕਰ ਦਿਓ ਤੇ ਆਪਣੇ ਉੱਤਰ ਵਿਚ ਸਾਰੇ ਤੱਥ ਇੰਨ ਬਿੰਨ ਲਿਖ ਦਿਓ।" ਮੈਂ ਸਾਰੀਆਂ ਟਿਪਣੀਆਂ ਨੂੰ ਅੱਖੋਂ ਉਹਲੇ ਕਰ ਕੇ ਗੁਪਤਾ ਸਾਹਿਬ ਨੂੰ ਰਿਪੋਰਟ ਭੇਜੀ ਕਿ "ਮੈਂ ਇਸ ਮਾਮਲੇ ਦੀ ਵਿਸਥਾਰ-ਪੂਰਬਕ ਪੜਤਾਲ ਕੀਤੀ ਹੈ ਅਤੇ ਮੈਨੂੰ ਪਤਾ ਲੱਗਾ ਹੈ ਕਿ ਦੀਵਾਨ ਚੰਦ ਪਿਛਲੇ ਡੇਢ ਸਾਲ ਤੋਂ ਸ਼ਹਿਰ ਵਿਚ ਰਹਿੰਦਾ ਹੋਇਆ ਕੈਂਪ ਵਿਚੋਂ ਰਾਸ਼ਨ ਲੈਂਦਾ ਰਿਹਾ ਹੈ, ਪਰ ਕਿਸੇ ਸੁਪਰਵਾਈਜ਼ਰ, ਅਸਿਸਟੈਂਟ ਕੈਂਪ-ਕਮਾਂਡੈਂਟ ਜਾਂ ਕੈਂਪ-ਕਮਾਂਡੈਂਟ ਨੇ ਰਾਸ਼ਨ ਬੰਦ ਕਰਨ ਬਾਰੇ ਕੋਈ ਕਾਰਵਾਈ ਨਹੀਂ ਕੀਤੀ। ਮੈਨੂੰ ਇਥੇ ਆਇਆਂ ਅਜੇ ਇਕ ਮਹੀਨਾ ਵੀ ਨਹੀਂ ਹੋਇਆ ਤੇ ਜਦ ਦਾ ਮੈਨੂੰ ਪਤਾ ਲੱਗਾ ਹੈ, ਮੈਂ ਉਸਦਾ ਰਾਸ਼ਨ ਬੰਦ ਕਰ ਦਿੱਤਾ ਹੈ। ਮੇਰੇ ਖ਼ਿਆਲ ਵਿਚ ਇਸ ਬਾਰੇ ਹੋਰ ਛਾਣ-ਬੀਣ ਕਰ ਕੇ ਬੇਨਿਯਮੀ ਕਰਨ ਵਾਲੇ ਸੁਪਰਵਾਈਜ਼ਰਾਂ ਤੇ ਅਸਿਸਟੈਂਟ ਕੈਂਪ-ਕਮਾਂਡੈਂਟਾਂ ਦੇ ਵਿਰੁੱਧ ਵਿਭਾਗੀ ਕਾਰਵਾਈ ਹੋਣੀ ਚਾਹੀਦੀ ਹੈ।" ਮੇਰੇ ਵਿਰੁੱਧ ਰੰਗਾ ਸਾਹਿਬ ਤੇ ਗੁਪਤਾ ਸਾਹਿਬ ਦਾ ਵਾਰ ਖ਼ਾਲੀ ਗਿਆ ਸੀ। ਮਾਮਲਾ ਡਿਪਟੀ ਕਮਿਸ਼ਨਰ ਸਾਹਿਬ ਕੋਲ ਗਿਆ ਤੇ ਬੜਾ ਚਿਰ ਇਸ ਦੀ ਪੜਤਾਲ ਹੁੰਦੀ ਰਹੀ, ਇੱਥੋਂ ਤਕ ਕਿ ਸ੍ਰੀ ਮੰਗਤ ਰਾਏ ਦੀ ਕਰਨਾਲ ਤੋਂ ਬਦਲੀ ਦੇ ਹੁਕਮ ਆ ਗਏ। ਜਿਸ ਦਿਨ ਉਨ੍ਹਾਂ ਨੇ ਸਵੇਰ ਦੀ ਗੱਡੀ ਕਰਨਾਲ ਤੋਂ ਜਾਣਾ ਸੀ, ਉਸ ਤੋਂ ਪਹਿਲੀ ਸ਼ਾਮ ਮੈਂ ਮਿਲਣ ਲਈ ਉਨ੍ਹਾਂ ਦੀ ਕੋਠੀ ਗਿਆ। ਬਹੁਤਾ ਇਸ ਵਾਸਤੇ ਕਿ ਪਤਾ ਕਰ ਆਵਾਂ ਕਿ ਦੀਵਾਨ ਚੰਦ ਦੇ ਮਾਮਲੇ ਵਿਚ ਕੀ ਫ਼ੈਸਲਾ ਹੋਇਆ ਹੈ। ਚਪੜਾਸੀ ਨੇ ਦੱਸਿਆ ਕਿ ਸਾਹਿਬ ਬਹੁਤ ਰੁੱਝੇ ਹੋਏ ਹਨ ਤੇ ਇਸ ਵੇਲੇ ਨਹੀਂ ਮਿਲ ਸਕਦੇ। ਦੂਜੇ ਦਿਨ ਸਵੇਰੇ ਹੀ ਮੈਂ ਫਿਰ ਚਲਿਆ ਗਿਆ। ਡਿਪਟੀ ਕਮਿਸ਼ਨਰ ਸਾਹਿਬ ਨੇ ਫ਼ੌਰਨ ਮੈਨੂੰ ਅੰਦਰ ਬੁਲਾ ਲਿਆ ਤੇ ਕਹਿਣ ਲੱਗੇ, "ਮੈਨੂੰ ਅਫ਼ਸੋਸ ਹੈ ਕਿ ਕਲ੍ਹ ਤੁਹਾਨੂੰ ਮਿਲਣ ਲਈ ਵਕਤ ਨਹੀਂ ਦੇ ਸਕਿਆ, ਪਰ ਮੈਂ ਬਕਾਇਆ ਫ਼ਾਈਲਾਂ ਭੁਗਤਾਣ ਦੇ ਜ਼ਰੂਰੀ ਮਾਮਲੇ ਵਿਚ ਰੁੱਝਾ ਹੋਇਆ ਸਾਂ। ਉਸ ਮਾਮਲੇ ਵਿਚ ਤੁਹਾਡੇ ਉੱਤੇ ਕੋਈ ਹਰਫ਼ ਨਹੀਂ ਆ ਸਕਦਾ।" ਜਦ ਮੈਂ ਆਖਿਆ ਕਿ ਤੁਹਾਨੂੰ ਵਿਦਾਇਗੀ ਦੇਣ ਲਈ ਦਸ ਵਜੇ ਸਟੇਸ਼ਨ ਤੇ ਆਵਾਂਗਾ, ਤਾਂ ਕਹਿਣ ਲੱਗੇ, "ਇਸ ਰਸਮੀ ਕਾਰਵਾਈ ਦੀ ਕੀ ਲੋੜ ਹੈ, ਹੁਣ ਜੋ ਮਿਲ ਚੱਲੇ ਹੋ।" ਬਾਅਦ ਵਿਚ ਜੋ ਫ਼ੈਸਲਾ ਮੈਨੂੰ ਭੇਜਿਆ ਗਿਆ, ਉਹ ਇਸ ਪ੍ਰਕਾਰ ਸੀ, "ਇਹ ਗੱਲ ਸਾਬਤ ਹੋ ਗਈ ਹੈ ਕਿ ਦੀਵਾਨ ਚੰਦ ਬੜੇ ਚਿਰ ਤੋਂ ਸ਼ਹਿਰ ਵਿਚ ਰਹਿੰਦਾ ਹੋਇਆ ਕੈਂਪ ਵਿੱਚੋਂ ਰਾਸ਼ਨ ਲੈਂਦਾ ਰਿਹਾ ਹੈ, ਸੋ ਜਿਹੜੇ ਜਿਹੜੇ ਸੁਪਰਵਾਈਜ਼ਰ ਤੇ ਅਸਿਸਟੈਂਟ ਕੈਂਪ-ਕਮਾਂਡੈਂਟ ਉਸ ਨੂੰ ਰਾਸ਼ਨ ਦੇਣ ਦੇ ਜ਼ਿੰਮੇਵਾਰ ਹਨ, ਉਨ੍ਹਾਂ ਤੋਂ ਜਵਾਬ-ਤਲਬੀ ਕੀਤੀ ਜਾਏ ਅਤੇ ਦੀਵਾਨ ਚੰਦ ਉਤੇ ਨਜਾਇਜ਼ ਰਾਸ਼ਨ ਲੈਣ ਲਈ ਮੁਕੱਦਮਾ ਚਲਾਇਆ ਜਾਏ।"

ਰੰਗਾ ਸਾਹਿਬ ਕਾਫ਼ੀ ਠੰਢੇ ਪੈ ਗਏ ਸਨ। ਉਹ ਮੇਰੇ ਘਰ ਆ ਕੇ ਮੈਨੂੰ ਮਿਲੇ ਅਤੇ ਇਕ ਤਰ੍ਹਾਂ ਨਾਲ ਸੁਲ੍ਹਾ ਦਾ ਹੱਥ ਵਧਾ ਕੇ ਕੁਝ ਰਿਆਇਤਾਂ ਦੀ ਮੰਗ ਕੀਤੀ। ਉਨ੍ਹਾਂ ਨੇ ਆਪਣੇ ਮਿਊਂਸਪਲ ਕਮਿਸ਼ਨਰ, ਜੇਲ੍ਹ ਦੇ ਵਿਜ਼ਿਟਰ ਤੇ ਸੱਤਰ ਹਜ਼ਾਰ ਮੁਲਤਾਨੀਆਂ ਦੇ ਆਗੂ ਹੋਣ ਦੀ ਗੱਲ ਵੀ ਕੀਤੀ। ਮੈਂ ਉਨ੍ਹਾਂ ਨੂੰ ਆਖਿਆ ਕਿ "ਰੰਗਾ ਸਾਹਿਬ! ਤੁਸੀਂ ਵਾਕਈ ਬਹੁਤ ਵੱਡੇ ਆਦਮੀ ਹੋ, ਪਰ ਮੈਂ ਤਾਂ ਤੁਹਾਨੂੰ ਕੈਂਪ ਦਾ ਇਕ ਵੱਡਾ ਕਰਮਚਾਰੀ ਹੀ ਸਮਝ ਸਕਦਾ ਹਾਂ ਤੇ ਉਸ ਵਜੋਂ ਤੁਹਾਨੂੰ ਪੂਰਾ ਸਤਿਕਾਰ ਦਿਆਂਗਾ। ਪਰ ਕੋਹਲੀ ਸਾਹਿਬ ਵਾਂਗ ਨਜਾਇਜ਼ ਜਾਂ ਉਚੇਚੀਆਂ ਰਿਆਇਤਾਂ ਦੇਣਾ ਮੇਰੇ ਵੱਸ ਦੀ ਗੱਲ ਨਹੀਂ।" ਇਸ ਤੋਂ ਬਾਅਦ ਇਸ ਜੁੱਟ ਵੱਲੋਂ ਛੇੜ-ਛਾੜ ਬੰਦ ਹੋ ਗਈ। ਪਰ ਪਤਾ ਨਹੀਂ, ਕਿਸ ਸ਼ਰਾਰਤੀ ਨੇ ਮੈਨੂੰ ਬਦਨਾਮ ਕਰਨ ਤੇ ਕੱਟੜ ਪੱਖਪਾਤੀ ਸਿਖ ਸਾਬਤ ਕਰਨ ਲਈ ਇਕ ਸਥਾਨਕ ਅਖ਼ਬਾਰ ਵਿਚ ਇਕ ਨਿਰਮੂਲ ਖ਼ਬਰ ਛਪਵਾ ਦਿੱਤੀ। ਸਾਡੇ ਕੈਂਪ ਵਿਚ ਰਹਿੰਦੇ ਸਿਖ ਸ਼ਰਨਾਰਥੀਆਂ ਨੇ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਪੁਰਬ ਕੈਂਪ ਵਿਚ

ਮਨਾਉਣ ਦਾ ਫ਼ੈਸਲਾ ਕੀਤਾ ਤੇ ਉਹਦੇ ਵਿਚ ਲੈਕਚਰ ਦੇਣ ਲਈ ਗਿਆਨੀ ਮਾਨ ਸਿੰਘ ਝ਼ਾਂਵਰਾਂ ਵਾਲੇ ਨੂੰ ਸੱਦਿਆ ਸੀ। ਉਨ੍ਹਾਂ ਨੇ ਗੁਰੂ ਸਾਹਿਬ ਦੀ ਸ਼ਹੀਦੀ ਦਾ ਜ਼ਿਕਰ ਕਰਦਿਆਂ ਇਹਦਾ ਮੁਕਾਬਲਾ ਹਜ਼ਰਤ ਇਬਰਾਹੀਮ ਤੇ ਸ੍ਰੀ ਰਾਮ ਚੰਦਰ ਆਦਿ ਨਾਲ ਕੀਤਾ ਤੇ ਦੱਸਿਆ ਕਿ ਕਿਵੇਂ ਇਹ ਅਵਤਾਰ ਤੇ ਪੈਗੰਬਰ ਦੁੱਖਾਂ ਵਿਚ ਥਿੜਕ ਗਏ ਸਨ। ਅਖ਼ਬਾਰ ਵਿਚ ਇਸ ਲੈਕਚਰ ਦਾ ਵਕਤਾ ਗਿਆਨੀ ਮਾਨ ਸਿੰਘ ਦੀ ਥਾਂ ਮੈਨੂੰ ਦੱਸ ਕੇ ਲਿਖਿਆ ਗਿਆ ਸੀ ਕਿ ਮੈਂ ਹਿੰਦੂ ਅਵਤਾਰਾਂ ਦੀ ਨਿੰਦਿਆ ਕੀਤੀ ਹੈ, ਜਦ ਕਿ ਮੈਂ ਇਸ ਦੀਵਾਨ ਵਿਚ ਮੌਜੂਦ ਹੀ ਨਹੀਂ ਸਾਂ ਤੇ ਉਸ ਦਿਨ ਗੁਰਦੁਆਰਾ ਮੰਜੀ ਸਾਹਿਬ ਵਿਚ ਹਾਜ਼ਰੀ ਭਰੀ ਸੀ।

ਆਖ਼ਰੀ ਤਿੰਨ ਚਾਰ ਮਹੀਨਿਆਂ ਵਿਚ ਸਾਡੇ ਕੈਂਪ ਦੇ ਹਸਪਤਾਲ ਵਿਚ ਇਕ ਰੀਟਾਇਰਡ ਸਿਵਲ ਸਰਜਨ ਇੰਚਾਰਜ ਲੱਗੇ ਸਨ। ਉਹ ਬਹੁਤ ਸ਼ਰੀਫ਼, ਮਿਲਣਸਾਰ ਤੇ ਮਿਠਬੋਲੇ ਸਨ ਅਤੇ ਮਰੀਜ਼ਾਂ ਨੂੰ ਬੜੇ ਧਿਆਨ ਤੇ ਹਮਦਰਦੀ ਨਾਲ ਵੇਖਦੇ ਸਨ। ਉਹ ਵਿਹਲੇ ਵਕਤ ਵਿਚ ਮੇਰੇ ਕੋਲ ਆ ਬਹਿੰਦੇ ਤੇ ਪੁਰਾਣੀਆਂ ਹੋਈਆਂ-ਬੀਤੀਆਂ ਦਸਦੇ ਤੇ ਪੁਛਦੇ ਰਹਿੰਦੇ। ਇਸ ਤਰ੍ਹਾਂ ਉਨ੍ਹਾਂ ਦਾ ਮੇਰੇ ਨਾਲ ਚੋਖਾ ਪ੍ਰੇਮ ਤੇ ਸਾਂਝ ਬਣ ਗਈ ਸੀ। ਸ੍ਰੀ ਮੰਗਤ ਰਾਏ ਦੇ ਜਾਣ ਤੋਂ ਦੋ ਦਿਨ ਬਾਅਦ ਮੇਰੇ ਵੱਡੇ ਭਰਾ ਦੇ ਅਕਾਲ-ਚਲਾਣੇ ਕਾਰਨ ਮੈਨੂੰ ਦਸ ਦਿਨ ਦੀ ਛੁੱਟੀ ਲੈ ਕੇ ਮੱਧ-ਪ੍ਰਦੇਸ਼ ਜਾਣਾ ਪਿਆ। ਮੇਰੇ ਪਿੱਛੋਂ ਹੀ ਨਵੇਂ ਲੱਗੇ ਡਿਪਟੀ ਕਮਿਸ਼ਨਰ ਸ੍ਰੀ ਏ. ਐੱਲ. ਫ਼ਲੈਚਰ ਨੇ ਚਾਰਜ ਲਿਆ। ਉਹ ਤੇ ਡਾਕਟਰ ਸਾਹਿਬ ਦੇਸ ਦੀ ਵੰਡ ਤੋਂ ਪਹਿਲਾਂ ਕਈ ਵਰ੍ਹੇ ਝੰਗ ਵਿਚ ਇਕੱਠੇ ਰਹੇ ਸਨ। ਛੁੱਟੀ ਤੋਂ ਵਾਪਸ ਆਉਣ ਬਾਅਦ ਮੈਨੂੰ ਡਾਕਟਰ ਸਾਹਿਬ ਨੇ ਦੱਸਿਆ ਕਿ "ਸ੍ਰੀ ਫ਼ਲੈਚਰ ਤਿੰਨ ਚਾਰ ਵਾਰੀ ਰਾਤ ਨੂੰ ਕੈਂਪ ਦਾ ਚੱਕਰ ਲਾ ਕੇ ਸ਼ਰਨਾਰਥੀਆਂ ਪਾਸੋਂ ਤੁਹਾਡੇ ਬਾਰੇ ਪੁਛ-ਪੜਤਾਲ ਕਰਦੇ ਰਹੇ ਸਨ। ਆਮ ਤੌਰ ਤੇ ਉਨ੍ਹਾਂ ਨੂੰ ਚੰਗੀਆਂ ਰਿਪੋਰਟਾਂ ਮਿਲੀਆਂ ਸਨ। ਤੇ ਮੈਂ ਵੀ ਤੁਹਾਡੀ ਬਹੁਤ ਪ੍ਰਸੰਸਾ ਕੀਤੀ ਸੀ।" ਸੋ ਸਬੱਬ ਨਾਲ ਮੇਰੇ ਆਉਣ ਤੋਂ ਪਹਿਲਾਂ ਵੀ ਫ਼ਲੈਚਰ ਸਾਹਿਬ ਨੇ ਮੇਰੇ ਬਾਰੇ ਚੰਗੀ ਰਾਏ ਬਣਾ ਲਈ ਹੋਈ ਸੀ।

ਅਗਲੇ ਮਹੀਨੇ ਜਦ ਮੈਂ ਉਨ੍ਹਾਂ ਨੂੰ ਮਿਲਣ ਗਿਆ, ਤਾਂ ਉਨ੍ਹਾਂ ਨੇ ਆਖਿਆ ਕਿ ਉਹ ਕਲ੍ਹ ਸਵੇਰੇ ਹੀ ਸਾਡੇ ਕੈਂਪ ਦਾ ਮੁਆਇਨਾ ਕਰਨਗੇ। ਨਾਲ ਹੀ ਮੈਨੂੰ ਜ਼ਿਲ੍ਹਾ ਮੁੜ-ਵਸਾਊ ਅਫ਼ਸਰ ਗੁਪਤਾ ਸਾਹਿਬ ਨੂੰ ਇਤਲਾਹ ਦੇਣ ਲਈ ਵੀ ਆਖ ਦਿੱਤਾ। ਦੂਜੇ ਦਿਨ ਮੈਂ ਸਵੇਰੇ ਹੀ ਦਫ਼ਤਰ ਵਿਚ ਪਹੁੰਚ ਗਿਆ। ਗੁਪਤਾ ਸਾਹਿਬ ਪਹਿਲਾਂ ਹੀ ਆਏ ਬੈਠੇ ਸਨ। ਪਰ ਡਿਪਟੀ ਕਮਿਸ਼ਨਰ ਸਾਹਿਬ ਦਸ ਵਜੇ ਤੋਂ ਵੀ ਕੁਝ ਮਿੰਟ ਪਿੱਛੋਂ ਆਏ। ਆਉਂਦਿਆਂ ਹੀ ਉਹ ਗੁਪਤਾ ਸਾਹਿਬ ਨੂੰ ਕਹਿਣ ਲੱਗੇ, "ਮਿਸਟਰ ਗੁਪਤਾ! ਤੁਹਾਨੂੰ ਦੇਰ ਹੋ ਰਹੀ ਹੈ, ਤੁਸੀਂ ਜਾ ਸਕਦੇ ਹੋ।" ਜਦ ਮੈਂ ਆਖਿਆ, "ਤੁਸਾਂ ਕੈਂਪਾਂ ਬਾਰੇ ਇਨ੍ਹਾਂ ਕੋਲੋਂ ਵੀ ਕੁਝ ਪੁਛਣਾ ਹੋਵੇਗਾ", ਤਾਂ ਕਹਿਣ ਲੱਗੇ, "ਮੈਂ ਸਭ ਕੁਝ ਤੁਹਾਡੇ ਕੋਲੋਂ ਹੀ ਪੁਛ ਲਵਾਂਗਾ।" ਫ਼ਲੈਚਰ ਸਾਹਿਬ ਨੇ ਮੈਨੂੰ ਨਾਲ ਲੈ ਕੇ ਕੈਂਪ ਦਾ ਚੱਕਰ ਲਾਇਆ ਤੇ ਸ਼ਰਨਾਰਥੀਆਂ ਪਾਸੋਂ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਪੁਛ-ਗਿਛ ਕਰਦੇ ਰਹੇ। ਕੁਝ ਇਕ ਨੇ ਆਖਿਆ ਕਿ ਉਨ੍ਹਾਂ ਨੂੰ ਅਜੇ ਤਕ ਉਸ ਭੁਇੰ ਦੇ ਬਦਲੇ ਕੋਈ ਜ਼ਮੀਨ ਅਲਾਟ ਨਹੀਂ ਹੋਈ, ਜੋ ਉਹ ਪਾਕਿਸਤਾਨ ਵਿਚ ਛਡ ਆਏ ਹਨ। ਘੰਟਾ ਡੇਢ ਘੰਟਾ ਚੱਕਰ ਲਾ ਕੇ ਉਹ ਵਾਪਸ ਦਫ਼ਤਰ ਵਿਚ ਆਏ ਤੇ ਅੱਧਾ ਪੌਣਾ ਘੰਟਾ ਮੇਰੇ ਨਾਲ ਕੈਂਪ ਦੇ ਮਾਮਲਿਆਂ ਬਾਰੇ ਵਿਚਾਰ ਕਰਦੇ ਰਹੇ। ਉਨ੍ਹਾਂ ਨੇ ਮੈਨੂੰ ਆਖਿਆ ਕਿ ਮੈਂ ਜਲੰਧਰ ਜਾ ਕੇ ਮੁੜ-ਵਸਾਊ ਮਹਿਕਮੇ ਤੋਂ ਸ਼ਰਨਾਰਥੀਆਂ ਨੂੰ ਭੁਇੰ ਨਾ ਮਿਲਣ ਦਾ ਕਾਰਨ ਪਤਾ ਕਰਾਂ ਤੇ ਉਨ੍ਹਾਂ ਦੇ ਮਾਮਲੇ ਛੇਤੀ ਨਿਪਟਵਾਣ ਲਈ ਜਤਨ ਕਰਾਂ। ਕੈਂਪ ਦੇ ਮੁਆਇਨੇ ਬਾਰੇ ਪੰਜ ਚਾਰ ਦਿਨ ਬਾਅਦ ਛੇ ਸਫ਼ਿਆਂ ਦੀ ਜੋ ਰਿਪੋਰਟ ਮੇਰੇ ਕੋਲ ਆਈ, ਉਹ ਸਾਰੀ ਮੇਰੇ ਕੰਮ ਦੀ ਪ੍ਰਸੰਸਾ ਨਾਲ ਭਰੀ ਪਈ ਸੀ। ਕੈਂਪ ਦੀ ਸਫ਼ਾਈ,

ਜ਼ਬਤ ਤੇ ਸ਼ਰਨਾਰਥੀਆਂ ਨਾਲ ਮੇਰੇ ਵਰਤਾਉ ਦੀ ਵਿਸ਼ੇਸ਼ ਕਰਕੇ ਤਾਰੀਫ਼ ਕੀਤੀ ਗਈ ਸੀ। ਮੈਨੂੰ ਆਖਿਆ ਗਿਆ ਸੀ ਕਿ ਜਲੰਧਰ ਜਾ ਕੇ ਮੈਂ ਸ਼ਰਨਾਰਥੀਆਂ ਨੂੰ ਭੁਇੰ ਛੇਤੀ ਅਲਾਟ ਕਰਾਉਣ ਲਈ ਜਤਨ ਕਰਾਂ। ਇਹ ਰਿਪੋਰਟ ਇੰਨੀ ਚੰਗੀ ਸੀ ਕਿ ਦਫ਼ਤਰ ਵਾਲਿਆਂ ਨੇ ਮੈਨੂੰ ਆਖ ਹੀ ਦਿੱਤਾ ਕਿ ਪਤਾ ਨਹੀਂ ਤੁਸਾਂ ਫ਼ਲੈਚਰ ਸਾਹਿਬ ਨੂੰ ਕੀ ਖ਼ੁਆ ਦਿੱਤਾ ਹੈ? ਜਿੰਨਾ ਚਿਰ ਮੈਂ ਕੈਂਪ-ਕਮਾਂਡੰਟ ਰਿਹਾ, ਫ਼ਲੈਚਰ ਸਾਹਿਬ ਨੇ ਕਦੀ ਵੀ ਮੇਰੇ ਫ਼ੈਸਲੇ ਨੂੰ ਰੱਦ ਨਹੀਂ ਕੀਤਾ। ਇਕ ਵਾਰੀ ਮੈਨੂੰ ਚਿੱਠੀ ਆਈ ਕਿ ਇਕ ਅਸਿਸਟੈਂਟ ਕੈਂਪ-ਕਮਾਂਡੰਟ ਨੂੰ ਪਾਨੀਪਤ ਕੈਂਪ ਵਿਚ ਭੇਜ ਦਿੱਤਾ ਜਾਏ। ਇਹਦੇ ਲਈ ਮੈਂ ਚੌਧਰੀ ਸ੍ਰੀ ਕ੍ਰਿਸ਼ਨ ਜ਼ਿਲੇਦਾਰ ਨੂੰ ਉੱਥੇ ਤਬਦੀਲ ਕਰ ਦਿੱਤਾ। ਉਨ੍ਹਾਂ ਦੇ ਪਿਤਾ ਕਰਨਾਲ ਵਿਚ ਵਕੀਲ ਸਨ। ਉਹ ਪੰਜ ਚਾਰ ਹੋਰ ਵਕੀਲਾਂ ਨੂੰ ਨਾਲ ਲੈ ਕੇ ਆਪਣੇ ਪੁੱਤਰ ਦਾ ਤਬਾਦਲਾ ਮਨਸੂਖ਼ ਕਰਾਉਣ ਲਈ ਡਿਪਟੀ ਕਮਿਸ਼ਨਰ ਸਾਹਿਬ ਕੋਲ ਗਏ, ਪਰ ਉਨ੍ਹਾਂ ਨੇ ਸਾਫ਼ ਕਹਿ ਦਿੱਤਾ ਕਿ ਉਹ ਕੈਂਪ-ਕਮਾਂਡੰਟ ਦੇ ਫ਼ੈਸਲੇ ਵਿਚ ਕੋਈ ਦਖ਼ਲ ਨਹੀਂ ਦੇਣਗੇ। ਇਹੋ ਜਿਹੀਆਂ ਗੱਲਾਂ ਨਾਲ ਬਾਕੀ ਕਰਮਚਾਰੀਆਂ ਉੱਤੇ ਪ੍ਰਭਾਵ ਪੈਣਾ ਹੀ ਸੀ, ਸੋ ਹੌਲੀ ਹੌਲੀ ਹਾਲਾਤ ਨਾਰਮਲ ਹੁੰਦੇ ਗਏ।

1949 ਵਿਚ ਸੁਤੰਤਰਤਾ-ਦਿਵਸ ਦੇ ਮੌਕੇ ਤੇ 'ਟ੍ਰੀਬਿਊਨ' ਅਖ਼ਬਾਰ ਨੇ ਕੁਰਖਸ਼ੇਤਰ ਸਮੇਤ ਪੰਜਾਬ ਦੇ ਸਭ ਸ਼ਰਨਾਰਥੀ ਕੈਂਪਾਂ ਬਾਰੇ ਇਕ ਵਿਸਥਾਰ-ਪੂਰਬਕ ਰਿਪੋਰਟ ਛਾਪੀ ਸੀ। ਇਹ ਰਿਪੋਰਟ ਸ੍ਰੀ ਦੁਰਗਾ ਦਾਸ ਨੇ ਆਪ ਸਭ ਕੈਂਪਾਂ ਦਾ ਦੌਰਾ ਕਰ ਕੇ ਤਿਆਰ ਕੀਤੀ ਸੀ। ਇਹਦੇ ਵਿਚ ਉਨ੍ਹਾਂ ਨੇ ਮੇਰਾ ਨਾਂ ਦੇ ਕੇ ਲਿਖਿਆ ਸੀ ਕਿ ਇਸ ਕੈਂਪ ਦਾ ਕੰਮ ਪੰਜਾਬ ਦੇ ਸਭ ਕੈਂਪਾਂ ਨਾਲੋਂ ਵਧੀਆ ਹੈ ਤੇ ਇਹਦੇ ਨਾਲ ਲਗਦਾ ਕੁਰਖਸ਼ੇਤਰ ਕੈਂਪ ਸਭ ਤੋਂ ਰੱਦੀ ਹੈ। ਇਹਦੇ ਨਾਲ ਜਾਂ ਕੁਝ ਹੋਰ ਗੱਲਾਂ ਕਰਕੇ ਸਾਡੇ ਕੈਂਪ ਦੀ ਇੰਨੀ ਮਸ਼ਹੂਰੀ ਹੋ ਗਈ ਕਿ ਜਦ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਨੇ ਕਿਸੇ ਸ਼ਰਨਾਰਥੀ ਕੈਂਪ ਨੂੰ ਵੇਖਣ ਦੀ ਇੱਛਾ ਪ੍ਰਗਟ ਕੀਤੀ, ਤਾਂ ਮੁੜ-ਵਸਾਊ ਮਹਿਕਮੇ ਨੇ ਇਹਦੇ ਲਈ ਸਾਡੇ ਕੈਂਪ ਦੀ ਚੋਣ ਕੀਤੀ। ਮਹਿਕਮੇ ਦੇ ਉੱਚ ਅਧਿਕਾਰੀ ਕਰਨਾਲ ਆਏ ਤੇ ਉਨ੍ਹਾਂ ਨੇ ਕੈਂਪ ਨੂੰ ਸਜਾਣ ਸੁਆਰਨ ਤੇ ਵੇਖਣ ਯੋਗ ਬਣਾਉਣ ਲਈ ਕੁਝ ਹਦਾਇਤਾਂ ਦਿੱਤੀਆਂ। ਪ੍ਰਧਾਨ ਮੰਤਰੀ ਦੇ ਆਉਣ ਤੋਂ ਪੰਜ ਚਾਰ ਦਿਨ ਪਹਿਲਾਂ ਦਰਜਨਾਂ ਵਾਧੂ ਸਫ਼ਾਈ-ਕਰਮਚਾਰੀ ਲਾ ਕੇ ਕੈਂਪ ਦੀ ਝਾੜ-ਪੂੰਝ ਤੇ ਸਫ਼ਾਈ ਦਾ ਪੂਰਾ ਪ੍ਰਬੰਧ ਕੀਤਾ ਗਿਆ। ਇਹਦੇ ਵਿਚ ਸ਼ਰਨਾਰਥੀਆਂ ਨੇ ਵੀ ਬੜੇ ਉਤਸ਼ਾਹ ਨਾਲ ਸਾਡਾ ਹੱਥ ਵਟਾਇਆ। ਕੈਂਪ ਵਿਚ ਵਿਖਾਣ ਵਾਲੀ ਕੋਈ ਵਿਸ਼ੇਸ਼ ਚੀਜ਼ ਤਾਂ ਹੈ ਨਹੀਂ ਸੀ, ਪਰ ਕੁਝ ਚਿਰ ਤੋਂ ਸਾਡੇ ਕੈਂਪ ਵਿਚ United Council for Relief and Welfare ਨੇ ਇਕ ਦਸਤਕਾਰੀ-ਸਿੱਖਿਆ-ਕੇਂਦਰ ਖੋਲ੍ਹ ਦਿੱਤਾ ਸੀ, ਜੋ ਜ਼ਿਲ੍ਹੇ ਦੀ ਪ੍ਰਬੰਧਕ ਅਫ਼ਸਰ ਕੁਮਾਰੀ ਨਿਰਮਲ ਅਨੰਦ ਦੀ ਨਿਗਰਾਨੀ ਹੇਠ ਬਹੁਤ ਵਧੀਆ ਕੰਮ ਕਰ ਰਿਹਾ ਸੀ। ਇਹ ਕੇਂਦਰ ਸਾਰੇ ਪੰਜਾਬ ਵਿਚ ਪਹਿਲੇ ਨੰਬਰ ਦਾ ਸੀ। ਇਹਦੇ ਵਿਚ ਲਗ ਪਗ ਇਕ ਹਜ਼ਾਰ ਇਸਤ੍ਰੀਆਂ ਕੰਮ ਕਰਦੀਆਂ ਸਨ ਤੇ ਉਨ੍ਹਾਂ ਨੂੰ ਕਤਾਈ, ਸਿਲਾਈ, ਬੁਣਾਈ, ਕਸੀਦਾਕਾਰੀ ਆਦਿ ਤੋਂ ਛੁੱਟ ਨਿਵਾਰ, ਦਰੀਆਂ ਤੇ ਖੇਸ ਉਣਨ ਦੀ ਸਿੱਖਿਆ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਕੇਂਦਰ ਵਿਚ ਲਗ ਪਗ ਚਾਰ ਮਣ ਧਾਗਾ ਹਰ ਰੋਜ਼ ਵਰਤਿਆ ਜਾਂਦਾ ਸੀ। ਸਾਡੀ ਲੇਡੀ ਡਿਪਟੀ ਕੈਂਪ-ਕਮਾਂਡੰਟ ਨੂੰ ਵੀ ਦਸਤਕਾਰੀ ਵਿਚ ਕਾਫ਼ੀ ਦਿਲਚਸਪੀ ਸੀ। ਸੋ ਦੌਹਾਂ ਦੇ ਰਲਵੇਂ ਉੱਦਮ ਨਾਲ ਸ਼ਰਨਾਰਥੀਆਂ ਦੇ ਹੱਥਾਂ ਦੀਆਂ ਬਣੀਆਂ ਰੰਗ-ਬਰੰਗੀਆਂ ਦਰੀਆਂ, ਵਖ ਵਖ ਡੀਜ਼ਾਈਨਾਂ ਦੇ ਖੇਸ, ਫੁਲਕਾਰੀਆਂ, ਬਾਗ਼ ਆਦਿ ਇਕੱਠੇ ਕਰ ਲਏ ਗਏ। ਸ਼ਰਨਾਰਥੀ ਕਈ ਕਿਸਮ ਦੀਆਂ ਟੋਕਰੀਆਂ ਵੀ ਹੱਥੀਂ ਬਣਾਂਦੇ ਸਨ। ਲੇਡੀ ਡਿਪਟੀ ਕੈਂਪ-ਕਮਾਂਡੰਟ ਦੇ ਜਤਨਾਂ ਨਾਲ ਕੁਝ ਨਵੀਆਂ ਚੀਜ਼ਾਂ ਵੀ ਤਿਆਰ ਹੋ ਗਈਆਂ। ਇਸ ਤਰ੍ਹਾਂ ਅਸਾਂ ਪੰਡਿਤ ਜੀ ਨੂੰ ਵਿਖਾਣ ਲਈ ਇਕ ਛੋਟੀ

ਜਿਹੀ ਨੁਮਾਇਸ਼ ਲਾ ਦਿੱਤੀ।

ਪ੍ਰਧਾਨ ਮੰਤਰੀ ਦੇ ਆਉਣ ਵਾਲੇ ਦਿਨ ਮਹਿਕਮੇ ਦੇ ਸਭ ਵੱਡੇ ਵੱਡੇ ਅਫ਼ਸਰ, ਸ਼ਰਵ ਸ੍ਰੀ ਥਾਪਰ, ਸ਼ੋਰੀ, ਸ਼ਰਮਾ ਅਤੇ ਸਾਡੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਕਪਤਾਨ ਆਦਿ ਆਏ ਹੋਏ ਸਨ। ਪਰ ਸ਼ਿਸ਼ਟਾਚਾਰ ਦੇ ਨਿਯਮਾਂ ਅਨੁਸਾਰ ਮੁਖ ਮੇਜ਼ਬਾਨ ਮੈਂ ਹੀ ਸਾਂ ਤੇ ਮੈਂ ਹੀ 'ਜੀ ਆਇਆਂ' ਆਖ ਕੇ ਉਨ੍ਹਾਂ ਦਾ ਸੁਆਗਤ ਕਰਨਾ ਸੀ। ਡਰ ਤਾਂ ਬੜਾ ਲਗਦਾ ਸੀ, ਪਰ ਆਖ਼ਰ ਹੱਥ ਮਿਲਾ ਕੇ ਚਾਰ ਸ਼ਬਦ ਹੀ ਤਾਂ ਆਖਣੇ ਸਨ, Hearty welcome to you from our Camp. (ਸਾਡੇ ਕੈਂਪ ਵੱਲੋਂ ਹਾਰਦਿਕ ਜੀ-ਆਇਆਂ) ਇਹ ਸ਼ਬਦ ਆਖੇ ਗਏ ਤੇ ਕੰਮ ਸਰ ਗਿਆ। ਪੰਡਿਤ ਜੀ ਨੇ ਫਿਰ ਤੁਰ ਕੇ ਕੁਝ ਮਿੰਟ ਕੈਂਪ ਦਾ ਮੁਆਇਨਾ ਕੀਤਾ ਤੇ ਫਿਰ ਅਸੀਂ ਉਨ੍ਹਾਂ ਨੂੰ ਨੁਮਾਇਸ਼ ਵਿਚ ਲੈ ਆਏ। ਉਨ੍ਹਾਂ ਦੇ ਨਾਲ ਲੇਡੀ ਮਾਊਂਟਬੇਟਨ ਵੀ ਆਏ ਸਨ। ਜਦ ਨਹਿਰੂ ਜੀ ਨੂੰ ਦੱਸਿਆ ਗਿਆ ਕਿ ਇਹ ਸਾਰੀਆਂ ਚੀਜ਼ਾਂ ਸ਼ਰਨਾਰਥੀਆਂ ਨੇ ਹੱਥੀਂ ਬਣਾਈਆਂ ਹਨ, ਤਾਂ ਬਹੁਤ ਖ਼ੁਸ਼ ਹੋਏ। ਪਸੰਦ ਕਰ ਕੇ ਜਾਂ ਰਿਵਾਜਨ ਉਨ੍ਹਾਂ ਨੇ ਦੋ ਤਿੰਨ ਚੀਜ਼ਾਂ ਆਪਣੇ ਲਈ ਤੇ ਦੋ ਤਿੰਨ ਲੇਡੀ ਮਾਊਂਟਬੇਟਨ ਲਈ ਖ਼ਰੀਦ ਲਈਆਂ ਤੇ ਇਸ ਤਰ੍ਹਾਂ ਸਾਡੀ ਪ੍ਰਦਰਸ਼ਨੀ ਦੀ ਲਾਜ ਰਹਿ ਗਈ।

ਹੁਣ ਕੈਂਪ ਖ਼ਤਮ ਹੋਣ ਦੇ ਦਿਨ ਨੇੜੇ ਆ ਰਹੇ ਸਨ, ਇਹਦੇ ਬਾਰੇ ਸਾਨੂੰ ਜਾਣਕਾਰੀ ਦਸੰਬਰ ਦੇ ਸ਼ੁਰੂ ਵਿਚ ਮਿਲੀ, ਪਰ ਤਿਆਰੀ ਅਕਤੂਬਰ ਵਿਚ ਹੀ ਸ਼ੁਰੂ ਹੋ ਗਈ ਸੀ। ਮਹਿਕਮੇ ਨੇ ਦੋ ਮਹੱਤਵਪੂਰਨ ਫ਼ੈਸਲੇ ਕੀਤੇ ਸਨ: ਇਕ ਇਹ ਕਿ ਛੌਲਦਾਰੀਆਂ ਦੀ ਥਾਂ ਸ਼ਰਨਾਰਥੀਆਂ ਲਈ ਕੱਚੀਆਂ-ਪੱਕੀਆਂ ਕੋਠੜੀਆਂ ਬਣਾਈਆਂ ਜਾਣ ਤੇ ਉਨ੍ਹਾਂ ਦੇ ਅੱਗੇ ਵਿਹੜੇ ਲਈ ਕੁਝ ਹੋਰ ਥਾਂ ਰਖ ਕੇ ਸ਼ਰਨਾਰਥੀਆਂ ਨੂੰ ਪੱਕੇ ਤੌਰ ਤੇ ਮੁਫ਼ਤ ਦੇ ਦਿੱਤੀਆਂ ਜਾਣ। ਦੂਜੇ ਇਹ ਕਿ ਨਿਆਸਰੀਆਂ ਵਿਧਵਾਵਾਂ ਤੇ ਉਨ੍ਹਾਂ ਦੇ ਨਬਾਲਗ ਬੱਚਿਆਂ ਲਈ 1200 ਵਿਅਕਤੀਆਂ ਦਾ ਇਕ 'ਵਿਧਵਾ ਆਸ਼ਰਮ' ਬਣਾਇਆ ਜਾਏ, ਜਿੱਥੇ ਉਨ੍ਹਾਂ ਨੂੰ ਓਦੋਂ ਤਕ ਰੱਖਿਆ ਜਾਏ, ਜਦ ਤਕ ਉਨ੍ਹਾਂ ਦੇ ਬੱਚੇ ਕਮਾਈ-ਯੋਗ ਨਹੀਂ ਹੋ ਜਾਂਦੇ। ਉਨ੍ਹਾਂ ਦੇ ਰੋਟੀ-ਕਪੜੇ ਤੇ ਪੜ੍ਹਾਈ ਦਾ ਸਾਰਾ ਖ਼ਰਚ ਸਰਕਾਰ ਨੇ ਕਰਨਾ ਸੀ। ਇਸੇ ਤਰ੍ਹਾਂ ਸੌ ਕੁ ਵਿਅਕਤੀਆਂ ਦਾ ਇਕ ਬਿਰਧ ਆਸ਼ਰਮ ਬਣਾਉਣ ਦੀ ਤਜਵੀਜ਼ ਵੀ ਸੀ, ਪਰ ਉਹ ਸਿਰੇ ਨਹੀਂ ਚੜ੍ਹੀ ਸੀ। ਬਾਕੀ ਕੰਮ ਬੜੀ ਤੇਜ਼ੀ ਨਾਲ ਮੁਕੰਮਲ ਹੋ ਰਹੇ ਸਨ। ਤੇ ਸਾਡੇ ਵਿਧਵਾ-ਆਸ਼ਰਮ ਦੀ ਇਨਚਾਰਜ ਇਕ ਬੀਬੀ ਸੰਧਾਂਵਾਲੀਆ ਨੇ ਆਸ਼ਰਮ ਦਾ ਚਾਰਜ ਵੀ ਲੈ ਲਿਆ ਸੀ।

ਦਸੰਬਰ ਦੇ ਸ਼ੁਰੂ ਵਿਚ ਮੈਨੂੰ ਚਿੱਠੀ ਆਈ ਕਿ ਹੋਰ ਤਿੰਨ ਮਹੀਨੇ ਤਕ ਕੈਂਪ ਬੰਦ ਕਰ ਦਿੱਤੇ ਜਾਣਗੇ, ਪਰ ਜਨਵਰੀ 1950 ਤੋਂ ਕੈਂਪ-ਕਮਾਂਡੈਂਟ ਦੀ ਤਨਖ਼ਾਹ ਪੰਜ ਸੌ ਦੀ ਥਾਂ ਤਿੰਨ ਸੌ ਰੁਪਏ ਮਹੀਨਾ ਹੋ ਜਾਏਗੀ। ਜਿਹੜੇ ਵਿਅਕਤੀ ਰਹਿਣਾ ਚਾਹੁੰਦੇ ਹਨ, ਉਹ ਆਪਣੀ ਸੰਮਤੀ ਭੇਜ ਦੇਣ ਅਤੇ ਜੋ ਨਹੀਂ ਰਹਿਣਾ ਚਾਹੁੰਦੇ, ਉਹ ਆਪਣੇ ਤੋਂ ਹੇਠਲੇ ਕਰਮਚਾਰੀ ਨੂੰ ਚਾਰਜ ਦੇ ਕੇ ਰੀਲੀਵ ਹੋ ਜਾਣ। ਮੈਂ ਸੋਚਿਆ ਕਿ 22 ਮਹੀਨੇ ਪੰਜ ਸੌ ਰੁਪਏ ਮਹੀਨਾ ਲੈ ਕੇ ਹੁਣ ਤਿੰਨ ਮਹੀਨੇ ਲਈ ਤਿੰਨ ਸੌ ਰੁਪਏ ਮਹੀਨੇ ਤੇ ਕੰਮ ਕਰਨਾ ਸੋਭਾ ਨਹੀਂ ਦੇਂਦਾ। ਸੋ ਮੈਂ 31 ਦਸੰਬਰ 1949 ਤੋਂ ਰੀਲੀਵ ਹੋ ਗਿਆ ਤੇ ਇਸ ਤਰ੍ਹਾਂ ਲੋਕਾਂ ਨਾਲ ਮੇਰੇ ਗੂੜ੍ਹੇ ਤੇ ਨੇੜਲੇ ਸੰਬੰਧਾਂ ਦਾ ਵੀ ਅੰਤ ਹੋ ਗਿਆ, ਕਿਉਂਕਿ ਪਾਕਿਸਤਾਨ ਬਣਨ ਤੋਂ ਬਾਅਦ ਇੱਧਰ ਆ ਕੇ ਮੈਂ ਕਿਸੇ ਸਭਾ-ਸੁਸਾਇਟੀ—ਅਕਾਲੀ ਦਲ, ਸਿੰਘ ਸਭਾ ਆਦਿ ਦਾ ਮੈਂਬਰ ਨਹੀਂ ਬਣਿਆ ਸਾਂ।

ਸਭ ਪਾਸਿਓਂ ਸੁਤੰਤਰ ਹੋ ਕੇ ਮੈਂ ਪੂਰੀ ਲਗਨ ਨਾਲ ਆਪਣੇ ਪਰਵਾਰ ਦੀ ਸਾਂਭ-ਸੰਭਾਲ ਤੇ ਸਿੱਖਿਆ ਵੱਲ ਧਿਆਨ ਦੇਣ ਵਿਚ ਜੁੱਟ ਗਿਆ। ਬੱਚੇ ਕਾਲਜ ਵਿਚ ਪੜ੍ਹਨ-ਯੋਗ ਹੋ ਰਹੇ ਸਨ ਤੇ ਕੁਦਰਤੀ ਹੀ ਘਰ ਦਾ ਖ਼ਰਚ ਵਧ ਰਿਹਾ ਸੀ। ਸਭ ਗੱਲਾਂ ਤੇ ਵਿਚਾਰ ਕਰ ਕੇ ਆਖ਼ਰੀ

ਫ਼ੈਸਲਾ ਇਹ ਹੀ ਹੋਇਆ ਕਿ ਮੈਂ ਲੇਖਣ ਦੇ ਕੰਮ ਤੋਂ ਹੀ ਘਰ ਦਾ ਗੁਜ਼ਾਰਾ ਚਲਾ ਸਕਾਂਗਾ। ਪੰਜਾਬ ਵਿਚ ਤੇ ਵਿਸ਼ੇਸ਼ ਕਰਕੇ ਇਸ ਦੇ ਪੰਜਾਬੀ-ਬੋਲਦੇ ਇਲਾਕੇ ਵਿਚ ਪੰਜਾਬੀ ਦੀ ਮਹਾਨਤਾ ਬਹੁਤ-ਵਧ ਗਈ ਸੀ ਤੇ ਸੱਚਰ ਫ਼ਾਰਮੂਲੇ ਅਨੁਸਾਰ ਇਹ ਚੌਥੀ ਜਮਾਤ ਤੋਂ ਪੜ੍ਹਨੀ ਹਰੇਕ ਲਈ ਲਾਜ਼ਮੀ ਹੋ ਗਈ ਸੀ। ਸੋ ਮੈਂ ਕੈਂਪ ਤੋਂ ਫ਼ਾਰਗ਼ ਹੁੰਦਿਆਂ ਸਾਰ ਕੁਝ ਚਿਰ ਲਈ ਅੰਮ੍ਰਿਤਸਰ ਨੂੰ ਆਪਣਾ ਕੇਂਦਰੀ ਅਸਥਾਨ ਬਣਾ ਲਿਆ ਤੇ ਦੋ ਢਾਈ ਮਹੀਨੇ ਉਥੇ ਬਹਿ ਕੇ 'ਮੈਟ੍ਰਿਕ ਪੰਜਾਬੀ ਵਿਆਕਰਣ ਤੇ ਲੇਖ-ਰਚਨਾ' ਅਤੇ 'ਮਿਡਲ ਪੰਜਾਬੀ ਵਿਆਕਰਣ ਤੇ ਲੇਖ-ਰਚਨਾ' ਨਾਂ ਦੀਆਂ ਦੋ ਪੁਸਤਕਾਂ ਲਿਖ ਲਈਆਂ। ਇਨ੍ਹਾਂ ਪੁਸਤਕਾਂ ਦੀ ਛਪਾਈ ਤੇ ਵਿਤਰਣ ਦਾ ਕੰਮ ਮੇਰੇ ਪੁਰਾਣੇ ਸਨੇਹੀਆਂ 'ਸਿੰਘ ਬ੍ਰਦਰਜ਼' ਦੇ ਜ਼ਿੰਮੇ ਸੀ ਤੇ ਉਨ੍ਹਾਂ ਨੇ ਪੂਰੀ ਤਨਦੇਹੀ ਨਾਲ ਕੰਮ ਕਰ ਕੇ ਅਪ੍ਰੈਲ 1950 ਵਿਚ ਨਵਾਂ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਕਿਤਾਬਾਂ ਛਪਵਾ ਦਿੱਤੀਆਂ। ਪੰਜਾਬੀ ਦੇ ਅਧਿਆਪਕਾਂ ਨੇ ਇਨ੍ਹਾਂ ਕਿਤਾਬਾਂ ਦਾ ਚੰਗਾ ਸੁਆਗਤ ਕੀਤਾ ਤੇ ਪਹਿਲੇ ਸਾਲ ਇਹ ਤਿੰਨ ਤਿੰਨ ਵਾਰੀ ਛਾਪਣੀਆਂ ਪਈਆਂ। ਗਿਆਨੀ ਦੀਆਂ ਜਮਾਤਾਂ ਲਈ ਉਚੇਚੇ ਲੇਖਾਂ ਦੀ ਮੇਰੀ ਇਕ ਪੁਸਤਕ 'ਯੂਨੀਵਰਸਿਟੀ ਪੰਜਾਬੀ ਲੇਖ' 1945 ਵਿਚ ਹੀ ਛਪ ਗਈ ਸੀ। ਲੋੜੀਂਦੀ ਸੋਧ-ਸੁਧਾਈ ਕਰ ਕੇ ਇਹਦੀ ਵੀ ਨਵੀਂ ਐਡੀਸ਼ਨ ਛਾਪੀ ਗਈ ਤੇ ਇਸ ਤਰ੍ਹਾਂ ਇਹ ਤਿੰਨ ਪੁਸਤਕਾਂ ਮੇਰੇ ਸੌਖੇ ਗੁਜ਼ਾਰੇ ਦਾ ਵਸੀਲਾ ਬਣ ਗਈਆਂ। ਸਭਾ-ਸੁਸਾਇਟੀਆਂ ਦੇ ਖਲਜਗਣ ਵਿਚ ਮੈਂ ਫਿਰ ਨਹੀਂ ਪਿਆ, ਪਰ ਵਿਦਿਅਕ ਸੰਸਥਾਵਾਂ ਵਿਚ ਆਪਣੇ ਵਿੱਤ ਅਨੁਸਾਰ ਸੇਵਾ ਕਰਨ ਦੀ ਇੱਛਾ ਬਣੀ ਰਹੀ। ਕਰਨਾਲ ਵਿਚ ਰਹਿੰਦਿਆਂ ਦੋ ਸਾਲ ਤੋਂ ਵਧ ਸਮਾਂ ਹੋ ਗਿਆ ਸੀ। ਜਿਵੇਂ ਮੈਂ ਪਹਿਲਾਂ ਦੱਸਿਆ ਹੈ, ਇੱਥੇ ਗੁਜਰਾਂਵਾਲੇ ਦੇ ਪੁਰਾਣੇ ਸਾਥੀ ਵੀ ਕਾਫ਼ੀ ਵੱਸੇ ਹੋਏ ਸਨ ਅਤੇ ਕਿਉਂਜੁ ਗੁਰਪੁਰਬ ਆਦਿ ਮੌਕਿਆਂ ਉੱਤੇ ਕਦੀ ਕਦੀ ਬੋਲਣ ਦਾ ਮੌਕਾ ਵੀ ਮਿਲਦਾ ਸੀ, ਇਸ ਲਈ ਹੋਰ ਥਾਵਾਂ ਤੋਂ ਆਏ ਹੋਏ ਕਈ ਸੱਜਣਾਂ ਨਾਲ ਵੀ ਸਾਂਝ ਬਣ ਗਈ ਸੀ। 1951 ਦੇ ਅਪ੍ਰੈਲ ਵਿਚ ਕਰਨਾਲ ਦੇ ਕੁਝ ਸਿਰਕੱਢ ਸਿੱਖਾਂ ਨੇ ਇੱਥੇ ਸ਼ੇਖ਼ੂਪੁਰੇ ਦਾ ਖ਼ਾਲਸਾ ਹਾਈ ਸਕੂਲ ਮੁੜ ਕੇ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਤੇ ਮੇਰੇ ਕੋਲੋਂ ਸਰਗਰਮ ਮਿਲਵਰਤਣ ਦੀ ਮੰਗ ਕੀਤੀ। ਇਹ ਸੇਵਾ ਮੇਰੀ ਰੁਚੀ ਦੇ ਅਨੁਕੂਲ ਸੀ, ਇਸ ਲਈ ਅਗਲਾ ਇਕ ਸਾਲ ਸਕੂਲ ਵਿਚ ਪ੍ਰਿੰਸੀਪਲ ਤੇ ਮੈਨੇਜਰ ਵਜੋਂ ਕੰਮ ਕੀਤਾ ਅਤੇ ਨਾਲ ਹੀ ਪੰਜਾਬੀ ਤੇ ਗਣਿਤ ਦੇ ਕੁਝ ਪੀਰੀਅਡ ਵੀ ਲੈਂਦਾ ਰਿਹਾ, ਜੀਹਦੇ ਲਈ ਕਮੇਟੀ ਨੇ ਮੈਨੂੰ ਕੁਝ ਆਨਰੇਰੀਅਮ ਵੀ ਦੇ ਦਿੱਤਾ। ਪਰੰਤੂ ਇਹ ਵੇਖ ਕੇ ਕਿ ਇਸ ਤਰ੍ਹਾਂ ਸੰਸਥਾ ਲਈ ਬੱਝਵਾਂ ਵਕਤ ਦੇਣਾ ਮੇਰੇ ਵਿਹਾਰਕ ਕੰਮ ਵਿਚ ਬਾਧਕ ਸੀ, ਅਗਲੇ ਸਾਲ ਤੋਂ ਪੜ੍ਹਾਉਣਾ ਤੇ ਆਨਰੇਰੀਅਮ ਲੈਣਾ ਬੰਦ ਕਰ ਦਿੱਤਾ ਅਤੇ ਆਮ ਮੈਂਬਰ ਵਜੋਂ ਹੀ ਸੇਵਾ ਕਰਦਾ ਰਿਹਾ।

1953 ਵਿਚ ਸਾਡੀ ਗੁਜਰਾਂਵਾਲੇ ਦੀ ਸਿਖ ਵਿਦਿਅਕ ਕੌਂਸਲ ਨੇ ਫ਼ੈਸਲਾ ਕੀਤਾ ਕਿ ਗੁਜਰਾਂਵਾਲੇ ਦਾ 'ਗੁਰੂ ਨਾਨਕ ਖ਼ਾਲਸਾ ਕਾਲਜ' ਲੁਧਿਆਣੇ ਵਿਚ ਮੁੜ ਕੇ ਸਥਾਪਤ ਕੀਤਾ ਜਾਏ। ਮੈਂ 1941 ਤੋਂ ਇਸ ਸੰਸਥਾ ਦਾ ਸਰਗਰਮ ਮੈਂਬਰ ਤੇ ਖ਼ਾਲਸਾ ਹਾਈ ਸਕੂਲ ਦਾ ਮੈਨੇਜਰ ਰਿਹਾ ਸਾਂ, ਇਸ ਲਈ ਕਮੇਟੀ ਨੇ ਫ਼ੈਸਲਾ ਕੀਤਾ ਕਿ ਮੈਂ ਸਰਦਾਰ ਜੀਤ ਸਿੰਘ ਚਾਵਲਾ ਸਕੱਤਰ ਨਾਲ ਮਿਲ ਕੇ "ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ" ਸਥਾਪਤ ਕਰਨ ਵਿਚ ਪ੍ਰਭਾਵਿਕ ਹਿੱਸਾ ਲਵਾਂ। ਇਹਦੇ ਲਈ ਕਮੇਟੀ ਨੇ ਕੁਝ ਆਨਰੇਰੀਅਮ ਦੇਣਾ ਵੀ ਪ੍ਰਵਾਨ ਕਰ ਲਿਆ। ਇਨ੍ਹਾਂ ਵਿਦਿਅਕ ਰੁਝੇਵਿਆਂ ਤੇ ਵਿਹਾਰਕ ਕੰਮਾਂ ਦੇ ਵਿਚਕਾਰ ਹੀ ਮੈਂ 1954 ਵਿਚ ਪੰਜਾਬੀ ਦੀ ਐਮ. ਏ. ਪ੍ਰੀਖਿਆ ਪਾਸ ਕਰ ਲਈ ਤੇ ਅਗਲਾ ਇਕ ਸਾਲ ਆਪਣੇ ਕਾਲਜ ਵਿਚ ਹੀ ਪੰਜਾਬੀ ਦੇ ਪ੍ਰੋਫ਼ੈਸਰ ਵਜੋਂ ਕੰਮ ਕੀਤਾ। ਪਰ ਦੂਜੇ ਪਾਸੇ ਆਪਣੇ ਪ੍ਰਕਾਸ਼ਨ ਦੇ ਕੰਮ ਨੂੰ ਵਧਾਉਣ ਦਾ ਵਿਚਾਰ

ਵੀ ਪ੍ਰਬਲ ਹੋ ਰਿਹਾ ਸੀ, ਇਸ ਲਈ ਮੈਂ ਫ਼ੈਸਲਾ ਕੀਤਾ ਕਿ ਉਪਰੋਕਤ ਦੋਹਾਂ ਸੰਸਥਾਵਾਂ ਵਿਚ ਮੈਂ ਬਿਨਾਂ ਕਿਸੇ ਆਨਰੇਰੀਅਮ ਦੇ ਉਨਾ ਹੀ ਕੰਮ ਕਰਾਂਗਾ, ਜੋ ਆਪਣੇ ਵਿਹਾਰ-ਕਾਰ ਤੇ ਲੇਖਣ ਦੇ ਕੰਮ ਤੋਂ ਸਹਿਜੇ ਹੀ ਬਚਾ ਸਕਦਾ ਸਾਂ। 1962 ਵਿਚ ਮੈਂ ਆਪਣੀ ਰਿਹਾਇਸ਼ ਕਰਨਾਲ ਤੋਂ ਚੰਡੀਗੜ੍ਹ ਬਦਲ ਲਈ ਤੇ ਇਸ ਤਰ੍ਹਾਂ ਕਰਨਾਲ ਦੇ ਸ਼ੇਖ਼ੂਪੁਰਾ ਖ਼ਾਲਸਾ ਹਾਈ ਸਕੂਲ ਨਾਲ ਮੇਰਾ ਸੰਬੰਧ ਬਹੁਤ ਹਦ ਤਕ ਟੁਟ ਗਿਆ, ਪਰ ਦੂਜੇ ਪਾਸੇ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਸਕੱਤਰ ਸਰਦਾਰ ਜੀਤ ਸਿੰਘ ਦੇ ਅਕਾਲ-ਚਲਾਣੇ ਤੋਂ ਬਾਅਦ ਪਹਿਲਾਂ ਇਸ ਕਾਲਜ ਦੀ ਸਕੱਤਰੀ, ਫਿਰ ਮੀਤ-ਪ੍ਰਧਾਨਗੀ ਤੇ ਆਖ਼ਰੀ ਪ੍ਰਧਾਨਗੀ ਦੀ ਸੇਵਾ ਮੇਰੇ ਜ਼ਿੰਮੇ ਲਾ ਦਿੱਤੀ ਗਈ, ਜਿਸ ਨੂੰ ਅਗਲੇ 16-17 ਸਾਲ ਮੈਂ ਆਪਣੀ ਸਮਝ ਤੇ ਵਿਤ ਅਨੁਸਾਰ ਨਿਭਾਉਂਦਾ ਰਿਹਾ।

1955 ਦੇ ਸਾਲ ਨੇ ਮੈਨੂੰ ਫਿਰ ਇਕ ਵੇਰਾਂ 1921 ਦੇ ਸਾਲ ਦੀ ਯਾਦ ਤਾਜ਼ਾ ਕਰਾ ਦਿੱਤੀ, ਜਦ ਅੰਗਰੇਜ਼ੀ ਸਰਕਾਰ ਨੇ ਗੁਰਦੁਆਰਾ-ਸੁਧਾਰ ਦੇ ਰਾਹ ਵਿਚ ਅੜਿੱਚਣਾਂ ਖੜੀਆਂ ਕਰ ਕੇ ਅਤੇ ਮਹੰਤਾਂ ਦਾ ਪੱਖ ਪੂਰ ਕੇ ਸਿਖ ਕੌਮ ਨੂੰ ਸ਼ਾਂਤਮਈ ਮੋਰਚੇ ਲਾਣ ਲਈ ਮਜਬੂਰ ਕਰ ਦਿੱਤਾ ਸੀ। ਸਿੱਖਾਂ ਨੇ ਜੇਲ੍ਹਾਂ ਵਿਚ ਬੇਪਨਾਹ ਸਖ਼ਤੀਆਂ ਬਰਦਾਸ਼ਤ ਕਰ ਕੇ ਤੇ ਬੇਅੰਤ ਕੁਰਬਾਨੀਆਂ ਦੇ ਕੇ ਬਦੇਸ਼ੀ ਸਰਕਾਰ ਦੇ ਗੋਡੇ ਲੁਆ ਦਿੱਤੇ ਸਨ ਤੇ ਆਖ਼ਰ ਸਰਕਾਰ ਨੂੰ ਸਿੱਖਾਂ ਦੀ ਮਰਜ਼ੀ ਅਨੁਸਾਰ ਗੁਰਦੁਆਰਾ ਕਾਨੂੰਨ ਪਾਸ ਕਰ ਕੇ ਗੁਰਦੁਆਰੇ ਸਿਖ ਕੌਮ ਦੇ ਹਵਾਲੇ ਕਰਨੇ ਪਏ ਸਨ। ਇਸ ਵੇਲੇ ਦੇਸ ਵਿਚ ਆਪਣੀ ਸਰਕਾਰ ਸੀ, ਪਰ ਇਸ ਨੇ ਸੁਤੰਤਰਤਾ ਤੋਂ ਅਠ ਸਾਲ ਬਾਅਦ ਵੀ ਸਿੱਖਾਂ ਦੇ ਵਿਰੁੱਧ ਅਨਿਆਂ ਤੇ ਵਿਤਕਰੇ ਵਾਲੀ ਨੀਤੀ ਅਪਣਾਈ ਹੋਈ ਸੀ। ਜਿੱਥੇ ਬਾਕੀ ਦੇ ਸਾਰੇ ਦੇਸ ਵਿਚ ਭਾਸ਼ਾ ਦੇ ਆਧਾਰ ਤੇ ਸੂਬੇ ਬਣਾ ਦਿੱਤੇ ਗਏ ਸਨ, ਉੱਥੇ ਪੰਜਾਬੀ ਬੋਲੀ ਦਾ ਵਖਰਾ ਸੂਬਾ ਕੇਵਲ ਇਸ ਲਈ ਨਹੀਂ ਬਣਾਇਆ ਜਾ ਰਿਹਾ ਸੀ ਕਿਉਂਕਿ ਇਸ ਨਾਲ ਪੰਜਾਬ ਰਾਜ ਵਿਚ ਸਿੱਖਾਂ ਦੀ ਰਾਜਨੀਤਿਕ ਸਥਿਤੀ ਕੁਝ ਬਿਹਤਰ ਬਣ ਜਾਂਦੀ ਸੀ। ਸੋ ਜਦ ਹੋਰ ਸਾਰੇ ਹੀਲੇ ਬੇਕਾਰ ਹੋ ਗਏ, ਤਾਂ ਸ਼੍ਰੋਮਣੀ ਅਕਾਲੀ ਦਲ ਨੇ ਇਸ ਧੱਕੇ ਦੇ ਵਿਰੁੱਧ ਸ਼ਾਂਤਮਈ ਸੰਘਰਸ਼ ਕਰਨ ਦਾ ਫ਼ੈਸਲਾ ਕਰ ਲਿਆ। ਮੇਰੀ ਨੀਲੀ ਪਗੜੀ ਨੇ ਮੈਨੂੰ ਵੰਗਾਰਿਆ ਕਿ ਧਰਮ, ਸਚਿਆਈ ਤੇ ਨਿਆਂ ਦੀ ਖ਼ਾਤਰ ਲੱਗੇ ਇਸ ਮੋਰਚੇ ਵਿਚ ਆਪਣਾ ਬਣਦਾ-ਸਰਦਾ ਹਿੱਸਾ ਪਾਵਾਂ। ਫਿਰ ਇਹ ਕੰਮ ਮੈਂ ਬਿਨਾਂ ਅਕਾਲੀ ਦਲ ਦਾ ਮੈਂਬਰ ਬਣਿਆਂ ਜਾਂ ਚੌਧਰ ਦੇ ਬਖੇੜੇ ਵਿਚ ਪਿਆਂ ਵੀ ਕਰ ਸਕਦਾ ਸਾਂ। ਮੋਰਚੇ ਦੇ ਉਦੇਸ਼ ਨਾਲ ਮੇਰੀ ਪੂਰੀ ਸੰਮਤੀ ਸੀ, ਸੋ ਮੈਂ ਭਾਸ਼ਨਾਂ ਦੁਆਰਾ ਇਸ ਦੀ ਸਚਿਆਈ ਬਾਰੇ ਸੰਗਤਾਂ ਨੂੰ ਵਿਸਥਾਰ ਨਾਲ ਜਾਣੂ ਕਰਾ ਸਕਦਾ ਸਾਂ। ਗੁਰਦੁਆਰਾ-ਸੁਧਾਰ ਲਹਿਰ ਵੇਲੇ ਮੈਂ ਵਿੱਦਿਆ ਪ੍ਰਾਪਤ ਕਰ ਰਿਹਾ ਸਾਂ, ਇਸ ਲਈ ਉਹਦੇ ਵਿਚ ਕੋਈ ਸਰਗਰਮ ਹਿੱਸਾ ਨਹੀਂ ਪਾ ਸਕਦਾ ਸਾਂ, ਪਰ ਇਸ ਵੇਲੇ ਇਹੋ ਜਿਹੀ ਕੋਈ ਅੜਿਚਣ ਮੇਰੇ ਸਾਹਮਣੇ ਨਹੀਂ ਸੀ, ਇਸ ਲਈ ਮੈਂ ਪੰਜਾਬੀ ਸੂਬੇ ਦੇ ਮੋਰਚੇ ਵਿਚ ਭਰਪੂਰ ਹਿੱਸਾ ਪਾਣ ਦਾ ਫ਼ੈਸਲਾ ਕਰ ਲਿਆ। ਮੋਰਚੇ ਦਾ ਵਿਸਥਾਰ-ਪੂਰਬਕ ਹਾਲ ਲਿਖਣ ਤੋਂ ਪਹਿਲਾਂ ਅਗਲੇ ਕਾਂਡ ਵਿਚ ਇਹਦੇ ਪਿਛੋਕੜ ਬਾਰੇ ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾ ਰਹੀ ਹੈ।

ਕਾਂਡ ਚੌਥਾ

ਪੰਜਾਬੀ ਸੂਬੇ ਦੇ ਸੰਘਰਸ਼ ਵਿਚ

ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਕੀਤੇ ਗਏ ਸੰਘਰਸ਼ ਦਾ ਬਿਆਨ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਜਾਪਦਾ ਹੈ ਕਿ ਸਿਖ ਕੌਮ ਦੇ ਇਤਿਹਾਸ ਅਤੇ ਇਸ ਦੀਆਂ ਪ੍ਰੰਪਰਾਵਾਂ ਉੱਤੇ ਇਕ ਸੰਖੇਪ ਤੇ ਸਰਸਰੀ ਜਿਹੀ ਝਾਤ ਮਾਰੀ ਜਾਏ, ਤਾਂ ਜੁ ਪਾਠਕਾਂ ਨੂੰ ਪਤਾ ਲਗ ਜਾਏ ਕਿ ਸਿਖ ਕੌਮ ਨੇ ਜਿੱਥੇ ਸੁਤੰਤਰਤਾ-ਸੰਗਰਾਮ ਵਿਚ ਵਧ ਚੜ੍ਹ ਕੇ ਹਿੱਸਾ ਲਿਆ, ਉੱਥੇ ਕੇਵਲ ਉਨ੍ਹਾਂ ਨੇ ਹੀ ਦੇਸ ਨੂੰ ਮੁਗ਼ਲਾਂ ਦੀ ਗ਼ੁਲਾਮੀ ਤੇ ਉਨ੍ਹਾਂ ਦੇ ਅਤਿਆਚਾਰਾਂ ਤੋਂ ਆਜ਼ਾਦ ਕਰਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਸਿਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਜਨਮ ਤੋਂ ਢੇਰ ਚਿਰ ਪਹਿਲਾਂ ਹਿੰਦੁਸਤਾਨ ਤੇ ਵਿਸ਼ੇਸ਼ ਕਰਕੇ ਪੰਜਾਬ ਧਾਰਮਿਕ, ਸਦਾਚਾਰਿਕ, ਸਮਾਜਿਕ ਤੇ ਰਾਜਨੀਤਿਕ ਗਿਰਾਵਟ ਦੇ ਡੂੰਘੇ ਟੋਏ ਵਿਚ ਡਿਗਿਆ ਪਿਆ ਸੀ। ਇਕ ਪਾਸੇ ਉਹ ਫੋਕੇ ਕਰਮ-ਕਾਂਡਾਂ, ਵਹਿਮਾਂ-ਭਰਮਾਂ, ਜਾਤ-ਪਾਤ ਤੇ ਛੂਤ-ਛਾਤ ਦੇ ਬੰਧਨਾਂ ਵਿਚ ਪੈ ਕੇ ਧਰਮ ਦਾ ਅਸਲੀ ਰਾਹ ਭੁੱਲ ਗਿਆ ਸੀ, ਤੇ ਦੂਜੇ ਪਾਸੇ ਮੁਸਲਮਾਨ ਜਰਵਾਣਿਆਂ ਦਾ ਗ਼ੁਲਾਮ ਬਣ ਕੇ ਆਪਣੀ ਅਣਖ ਤੇ ਸ੍ਵੈ-ਮਾਣ ਗੁਆ ਬੈਠਾ ਸੀ। ਅਲਾਮਾ ਇਕਬਾਲ ਨੇ ਬੜੇ ਸੰਖੇਪ ਪਰ ਅਰਥ-ਭਰਪੂਰ ਸ਼ਬਦਾਂ ਵਿਚ ਉਨ੍ਹਾਂ ਦੇ ਆਗਮਨ ਨੂੰ ਇਉਂ ਬਿਆਨ ਕੀਤਾ ਹੈ:

ਫਿਰ ਉਠੀ ਆਖ਼ਰ ਸਦਾਅ, ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦ-ਇ-ਕਾਮਲ ਨੇ ਜਗਾਇਆ ਖ਼ਾਬ ਸੇ।

ਸੋ ਪੂਰਨ ਪੁਰਸ਼ ਗੁਰੂ ਨਾਨਕ ਨੇ ਹਿੰਦੁਸਤਾਨ ਦੀ ਅਧੋਗਤੀ ਦੇ ਕਾਰਨਾਂ ਨੂੰ ਵੇਖਿਆ-ਪਰਖਿਆ ਤੇ ਚੜ੍ਹਦੀ ਜਵਾਨੀ ਵਿਚ ਹੀ ਇਸ ਨੂੰ ਸੁਧਾਰਨ ਦਾ ਜਤਨ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਆਪਣੀ ਬਾਣੀ ਦੁਆਰਾ ਲੋਕਾਂ ਵਿਚ ਸਹੀ ਧਰਮ—ਇਕ ਨਿਰੰਕਾਰ ਦੀ ਪੂਜਾ—ਦਾ ਪ੍ਰਚਾਰ ਕੀਤਾ ਤੇ ਉਨ੍ਹਾਂ ਦੇ ਸ੍ਵੈ-ਮਾਣ ਤੇ ਅਣਖ ਨੂੰ ਜਗਾ ਕੇ ਗ਼ੁਲਾਮੀ ਤੋਂ ਨਫ਼ਰਤ ਦਿਵਾਈ। ਗੁਰੂ ਸਾਹਿਬ ਨੇ ਨਿਰਭੈ ਤੇ ਨਿਧੜਕ ਹੋ ਕੇ ਜ਼ਾਲਮ ਬਾਦਸ਼ਾਹਾਂ ਤੇ ਉਨ੍ਹਾਂ ਦੀ ਅਨਿਆਈਂ ਹਕੂਮਤ ਦੇ ਵਿਰੁੱਧ ਆਵਾਜ਼ ਉਠਾਈ। ਰਾਜਿਆਂ ਤੇ ਉਨ੍ਹਾਂ ਦੇ ਅਹਿਲਕਾਰਾਂ ਨੂੰ ਕਸਾਈ, ਆਦਮਖ਼ੋਰ, ਬਘਿਆੜ, ਕੁੱਤੇ ਤੇ ਨਾ-ਮਰਦ ਵਰਗੇ ਕਰੜੇ ਸ਼ਬਦਾਂ ਨਾਲ ਫਿਟਕਾਰਿਆ ਤੇ ਉਨ੍ਹਾਂ ਦੇ ਅਤਿਆਚਾਰਾਂ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਬਾਬਰ ਵਰਗੇ ਬਾਦਸ਼ਾਹ ਦੇ ਮੂੰਹ ਉੱਤੇ ਉਸ ਨੂੰ ਖਰੀਆਂ-ਖਰੀਆਂ ਸੁਣਾਈਆਂ ਤੇ ਉਸ ਦੀ ਫ਼ੌਜ ਨੂੰ 'ਪਾਪ ਦੀ ਜੰਞ' ਆਖ ਕੇ ਨਿੰਦਿਆ। ਬਾਬਰਵਾਣੀ ਵਾਲੇ ਸ਼ਬਦਾਂ ਵਿਚ ਉਨ੍ਹਾਂ ਨੇ ਇਕ ਪਾਸੇ ਪਠਾਣ ਬਾਦਸ਼ਾਹਾਂ ਦੀ ਕਾਇਰਤਾ ਉੱਤੇ

ਲਾਹਨਤਾਂ ਪਾਈਆਂ ਕਿ ਉਹ ਅੱਯਾਸ਼ੀ ਵਿਚ ਪੈ ਕੇ ਬਾਬਰ ਦੇ ਜ਼ੁਲਮਾਂ ਤੋਂ ਪਰਜਾ ਨੂੰ ਨਾ ਬਚਾਅ ਸਕੇ ਅਤੇ ਦੂਜੇ ਪਾਸੇ ਬਾਬਰ ਦੇ ਹਮਲੇ ਵੇਲੇ ਹਿੰਦੂ ਤੇ ਮੁਸਲਮਾਨ ਇਸਤ੍ਰੀਆਂ, ਬੱਚਿਆਂ ਤੇ ਰਾਜਕੁਮਾਰਾਂ ਨੂੰ ਜਿਸ ਬੇਦਰਦੀ ਨਾਲ ਕੋਹਿਆ ਤੇ ਜ਼ਲੀਲ ਕੀਤਾ ਗਿਆ, ਉਸ ਦਾ ਬਿਆਨ ਉਨ੍ਹਾਂ ਦੇ ਕੋਮਲ ਹਿਰਦੇ ਵਿੱਚੋਂ ਅਜਿਹੇ ਕਰੁਣਾਮਈ ਸ਼ਬਦਾਂ ਵਿਚ ਨਿਕਲਿਆ ਹੈ ਕਿ ਪੜ੍ਹ-ਸੁਣ ਕੇ ਰੌਂਗਟੇ ਖੜੇ ਹੁੰਦੇ ਹਨ। ਇਹ ਬਿਆਨ ਅੱਜ-ਕਲ੍ਹ ਦੇ ਕਿਸੇ ਕ੍ਰਾਂਤੀਕਾਰੀ ਦੀ ਲੇਖਣੀ ਤੋਂ ਘਟ ਨਹੀਂ ਹੈ। ਡਾਕਟਰ ਗੋਕਲ ਚੰਦ ਨਾਰੰਗ ਨੇ ਠੀਕ ਹੀ ਲਿਖਿਆ ਹੈ ਕਿ, "ਇਹੋ ਜਿਹੀ ਖਰੀ-ਖਰੀ ਨੁਕਤਾਚੀਨੀ ਨੂੰ ਆਧੁਨਿਕ ਭਾਸ਼ਾ ਵਿਚ ਬਗ਼ਾਵਤ ਜਾਂ ਵਿਦ੍ਰੋਹ ਆਖਿਆ ਜਾਂਦਾ ਹੈ।"

ਉਪਰੋਕਤ ਬਿਆਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਵੇਂ ਗੁਰੂ ਨਾਨਕ ਦੇਵ ਜੀ ਨੇ ਹਕੂਮਤ ਦੇ ਵਿਰੁੱਧ ਹੱਥਿਆਰ-ਬੰਦ ਟੱਕਰ ਨਹੀਂ ਲਈ, ਪਰ ਉਨ੍ਹਾਂ ਨੇ ਆਪਣੇ ਪ੍ਰਚਾਰ ਨਾਲ ਸੁੱਤੀ ਤੇ ਮੁਰਦਾ ਹੋ ਚੁਕੀ ਕੌਮ ਨੂੰ ਜਗਾ ਦਿੱਤਾ, ਉਨ੍ਹਾਂ ਦੇ ਅੰਦਰੋਂ ਹੀਣਤਾ ਤੇ ਦਾਸ-ਭਾਵਨਾ ਦਾ ਅਹਿਸਾਸ ਕਢਿਆ ਅਤੇ ਹਕੂਮਤ ਦਾ ਡਰ ਤੇ ਰੁਹਬ ਖ਼ਤਮ ਕਰ ਕੇ ਉਨ੍ਹਾਂ ਨੂੰ ਧੱਕੇਸ਼ਾਹੀ ਤੇ ਅਨਿਆਂ ਦੇ ਵਿਰੁੱਧ ਡਟ ਜਾਣ ਲਈ ਤਿਆਰ ਕੀਤਾ। ਉਨ੍ਹਾਂ ਤੋਂ ਪਿੱਛੋਂ ਉਨ੍ਹਾਂ ਦੇ ਜਾ-ਨਸ਼ੀਨਾਂ ਨੇ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚਲਣਾ ਜਾਰੀ ਰੱਖਿਆ। ਜਦ ਹੈਂਕੜ ਵਿਚ ਆਏ ਹੁਮਾਯੂੰ ਨੇ ਗੁਰੂ ਅੰਗਦ ਦੇਵ ਜੀ ਉੱਤੇ ਤਲਵਾਰ ਚਲਾਣੀ ਚਾਹੀ, ਤਾਂ ਉਨ੍ਹਾਂ ਨੇ ਨਿਝੱਕ ਹੋ ਕੇ ਉਸ ਨੂੰ ਆਖਿਆ ਕਿ "ਜਿਹੜੀ ਤਲਵਾਰ ਤੂੰ ਇਸ ਵੇਲੇ ਇਕ ਨਿਹੱਥੇ ਪੁਰਸ਼ ਉੱਤੇ ਵਾਰ ਕਰਨ ਲਈ ਕੱਢੀ ਹੈ, ਇਹ ਸ਼ੇਰ ਸ਼ਾਹ ਸੂਰੀ ਦੇ ਟਾਕਰੇ ਵੇਲੇ ਕਿੱਥੇ ਲੁੱਕੀ ਪਈ ਸੀ ?" ਗੁਰੂ ਅਰਜਨ ਸਾਹਿਬ ਨੇ ਹਕੂਮਤ ਦੀ ਕ੍ਰੋਪੀ ਦੀ ਪ੍ਰਵਾਹ ਨਾ ਕਰਦੇ ਹੋਇਆਂ ਜਹਾਂਗੀਰ ਦੇ ਬਾਗ਼ੀ ਪੁੱਤਰ ਸ਼ਹਿਜ਼ਾਦਾ ਖ਼ੁਸਰੋ ਨੂੰ ਦੁਖੀ ਸਮਝ ਕੇ ਉਸ ਦੀ ਸਹਾਇਤਾ ਕੀਤੀ। ਇਸ ਜੁਰਅਤ ਲਈ ਹਕੂਮਤ ਵੱਲੋਂ ਉਨ੍ਹਾਂ ਨੂੰ ਅਤਿ ਦੇ ਤਸੀਹੇ ਦਿੱਤੇ ਗਏ। ਪਰ ਉਨ੍ਹਾਂ ਨੇ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਮੰਨਦਿਆਂ, ਸਬਰ, ਸ਼ੁਕਰ ਤੇ ਹੌਸਲੇ ਨਾਲ ਇਹ ਤਸੀਹੇ ਬਰਦਾਸ਼ਤ ਕੀਤੇ ਤੇ ਆਪਣੇ ਸਰੀਰ ਦਾ ਸਭ ਤੋਂ ਪਹਿਲਾਂ ਬਲੀਦਾਨ ਦੇ ਕੇ ਆਪਣੇ ਸਿੱਖਾਂ ਲਈ ਪੂਰਨੇ ਪਾਏ। ਗੁਰੂ ਸਾਹਿਬ ਦੀ ਸ਼ਹਾਦਤ ਨੇ ਸਿੱਖਾਂ ਦੇ ਅੰਦਰ ਨਵੀਂ ਰੂਹ ਫੂਕੀ ਤੇ ਉਨ੍ਹਾਂ ਨੂੰ ਜਥੇਬੰਦ ਤੇ ਸ਼ਸਤਰਧਾਰੀ ਹੋ ਕੇ ਮੁਗ਼ਲ ਹਕੂਮਤ ਦਾ ਟਾਕਰਾ ਕਰਨ ਲਈ ਤਿਆਰ ਕੀਤਾ।

ਗੁਰੂ ਅਰਜਨ ਦੇਵ ਜੀ ਦੇ ਜਾ-ਨਸ਼ੀਨ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਕੇ ਭਗਤੀ ਤੇ ਸ਼ਕਤੀ ਦਾ ਸੁਮੇਲ ਕਰ ਦਿੱਤਾ ਤੇ ਇਸ ਤਰ੍ਹਾਂ ਸੰਤ-ਸਿਪਾਹੀਆਂ ਦੀ ਇਕ ਨਵੀਂ ਕੌਮ ਦੀ ਨੀਂਹ ਰੱਖੀ। ਸੇਵਾ ਤੇ ਸਿਮਰਨ ਦੇ ਨਾਲ ਨਾਲ ਸਿੱਖ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਜਾਬਰ ਤੇ ਅਨਿਆਈਂ ਹਕੂਮਤ ਨਾਲ ਲੜਨ ਵਾਸਤੇ ਵੀ ਤਿਆਰ ਹੋ ਗਏ। ਉਨ੍ਹਾਂ ਨੂੰ ਕੈਦ ਕਰ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ ਗਿਆ, ਜਿਥੇ ਉਹ ਦੋ ਸਾਲ ਨਜ਼ਰਬੰਦ ਰਹੇ। ਪਰ ਇਸ ਤੋਂ ਬਾਅਦ ਸ਼ਾਹ ਜਹਾਨ ਦੇ ਵੇਲੇ ਉਨ੍ਹਾਂ ਨੂੰ ਮੁਗ਼ਲ ਫ਼ੌਜਾਂ ਨਾਲ ਚਾਰ ਵਾਰੀ ਲੜਾਈਆਂ ਲੜਨੀਆਂ ਪਈਆਂ।

ਔਰੰਗਜ਼ੇਬ ਵਰਗੇ ਕੱਟੜ ਸ਼ਰਈ ਬਾਦਸ਼ਾਹ ਨੇ ਵੱਡੇ ਪੈਮਾਨੇ ਉੱਤੇ ਹਿੰਦੂਆਂ ਨੂੰ ਧਿੰਗੋਜ਼ੋਰੀ ਮੁਸਲਮਾਨ ਬਣਾਣ ਦੀ ਨੀਤੀ ਅਪਣਾਈ। ਉਸ ਵੇਲੇ ਗੁਰੂ ਅਰਜਨ ਸਾਹਿਬ ਦੇ ਪੋਤਰੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਗੁਰੂ ਤੇਗ਼ ਬਹਾਦਰ ਸਾਹਿਬ ਸਿੱਖ ਕੌਮ ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਦੇ ਅੰਦਰ ਆਪਣੇ ਦਾਦੇ ਦੀ ਕੁਰਬਾਨੀ ਵਾਲੀ ਭਾਵਨਾ ਤੇ ਆਪਣੇ ਪਿਤਾ ਦੀ ਸੂਰਬੀਰਤਾ ਤੇ ਨਿਰਭੈਤਾ ਵਾਲੇ ਗੁਣ ਕੁੱਟ ਕੁੱਟ ਕੇ ਭਰੇ ਹੋਏ ਸਨ। ਉਹ ਹਰੇਕ ਮਨੁੱਖ ਲਈ ਧਰਮ ਤੇ ਵਿਚਾਰਾਂ ਦੀ ਆਜ਼ਾਦੀ ਦੇ ਸਮਰਥਕ ਸਨ ਅਤੇ ਥਾਂ ਥਾਂ ਫਿਰ ਕੇ ਪ੍ਰਚਾਰ ਕਰ ਰਹੇ

ਸਨ ਕਿ ਕਿਸੇ ਵੀ ਮਨੁੱਖ ਨੂੰ ਹਕੂਮਤ ਦੀਆਂ ਸਖ਼ਤੀਆਂ ਤੋਂ ਡਰ ਕੇ ਜਾਂ ਕਿਸੇ ਲਾਲਚ ਤੇ ਦਬਾਅ ਹੇਠ ਆ ਕੇ ਆਪਣਾ ਧਰਮ ਨਹੀਂ ਬਦਲਣਾ ਚਾਹੀਦਾ। ਇਸ ਵੇਲੇ ਕਸ਼ਮੀਰੀ ਪੰਡਿਤ ਵਿਸ਼ੇਸ਼ ਕਰਕੇ ਮੁਸਲਮਾਨੀ ਅੱਤਿਆਚਾਰਾਂ ਦਾ ਸ਼ਿਕਾਰ ਹੋ ਰਹੇ ਸਨ। ਅਖ਼ੀਰ ਉਨ੍ਹਾਂ ਦੇ ਇਕ ਪ੍ਰਤਿਨਿਧ ਮੰਡਲ ਨੇ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਉਨ੍ਹਾਂ ਨੂੰ ਆਪਣੀ ਵਿੱਥਿਆ ਸੁਣਾਈ। ਗੁਰੂ ਜੀ ਨੇ ਪੰਡਿਤਾਂ ਨੂੰ ਆਖਿਆ ਕਿ ਤੁਸੀਂ ਔਰੰਗਜ਼ੇਬ ਨੂੰ ਆਖ ਦਿਓ ਕਿ "ਇਸ ਵੇਲੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਤੇ ਗੁਰੂ ਤੇਗ਼ ਬਹਾਦਰ ਬੈਠੇ ਹਨ; ਜੇ ਤੁਸੀਂ ਉਨ੍ਹਾਂ ਨੂੰ ਮੁਸਲਮਾਨ ਬਣਾ ਲਓ, ਤਾਂ ਅਸੀਂ ਸਾਰੇ ਮੁਸਲਮਾਨ ਹੋ ਜਾਵਾਂਗੇ।" ਇਹ ਸੁਨੇਹਾ ਮਿਲਣ ਉੱਤੇ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਤਲਬ ਕਰ ਲਿਆ। ਉਨ੍ਹਾਂ ਨੂੰ ਉਨ੍ਹਾਂ ਦੇ ਪੰਜ ਚੋਣਵੇਂ ਸਿੱਖਾਂ ਸਮੇਤ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਂਦਾ ਗਿਆ, ਜਿੱਥੇ ਉਨ੍ਹਾਂ ਨੂੰ ਬੰਦੀਖ਼ਾਨੇ ਵਿਚ ਡੱਕ ਦਿੱਤਾ ਗਿਆ। ਗੁਰੂ ਜੀ ਦੇ ਸਾਹਮਣੇ ਦੋ ਵਿਕੱਲਪ ਰੱਖੇ ਗਏ ਕਿ ਜਾਂ ਮੁਸਲਮਾਨ ਹੋ ਜਾਓ, ਨਹੀਂ ਤਾਂ ਮਰਨ ਲਈ ਤਿਆਰ ਹੋ ਜਾਓ। ਗੁਰੂ ਸਾਹਿਬ ਤਾਂ ਪਹਿਲਾਂ ਹੀ ਸ਼ਹਾਦਤ ਲਈ ਤਿਆਰ ਹੋ ਕੇ ਆਏ ਸਨ। ਉਨ੍ਹਾਂ ਦੇ ਇਨਕਾਰ ਕਰਨ ਉੱਤੇ ਪਹਿਲਾਂ ਉਨ੍ਹਾਂ ਦੇ ਸਿੱਖਾਂ ਵਿੱਚੋਂ ਭਾਈ ਦਿਆਲੇ ਨੂੰ ਉਬਲਦੀ ਦੇਗ਼ ਵਿਚ ਬਿਠਾ ਕੇ, ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਅਤੇ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਅੱਗ ਲਗਾ ਕੇ ਸ਼ਹੀਦ ਕਰਨ ਉਪਰੰਤ, ਗੁਰੂ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਲਿਆ ਕੇ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਵਿਸ਼ਵ ਇਤਿਹਾਸ ਵਿਚ ਪਹਿਲੀ ਸ਼ਹਾਦਤ ਹੈ, ਜੋ ਕਿਸੇ ਮਹਾਂ ਪੁਰਸ਼ ਨੇ ਕਿਸੇ ਹੋਰ ਧਰਮ ਦੀ ਰੱਖਿਆ ਲਈ ਦਿੱਤੀ ਹੋਵੇ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਾਰੇ ਆਪਣੀ ਬਾਣੀ ਵਿਚ ਲਿਖਿਆ ਹੈ ਕਿ "ਗੁਰੂ ਜੀ ਨੇ ਹਿੰਦੂਆਂ ਦਾ ਤਿਲਕ ਤੇ ਜੰਞੂ (ਧਰਮ) ਬਚਾਣ ਲਈ ਇਹ ਦਰਦਨਾਕ ਸਾਕਾ ਵਰਤਾਇਆ। ਉਨ੍ਹਾਂ ਨੇ ਜਾਨ ਵਾਰ ਦਿੱਤੀ, ਪਰ ਦ੍ਰਿੜ੍ਹਤਾ ਨਹੀਂ ਛੱਡੀ, ਸਗੋਂ ਸੀਸ ਦੇਣ ਲੱਗਿਆਂ ਜ਼ਰਾ ਵੀ ਦੁਖ ਨਹੀਂ ਮੰਨਿਆ।" ਗੁਰੂ ਸਾਹਿਬ ਦੀ ਸ਼ਹਾਦਤ ਜਿੰਨੀ ਮਹੱਤਵਪੂਰਨ ਸੀ, ਉਨੇ ਹੀ ਮਹੱਤਵਪੂਰਨ ਇਸ ਦੇ ਸਿੱਟੇ ਨਿਕਲੇ। ਇਸ ਸ਼ਹੀਦੀ ਨੇ ਨਾ-ਕੇਵਲ ਸਿੱਖਾਂ ਨੂੰ, ਸਗੋਂ ਸਾਰੇ ਪੰਜਾਬ ਨੂੰ ਹਲੂਣ ਕੇ ਰੱਖ ਦਿੱਤਾ। ਇਸ ਸੰਬੰਧ ਵਿਚ ਡਾਕਟਰ ਗੋਕਲ ਚੰਦ ਨਾਰੰਗ ਲਿਖਦਾ ਹੈ, "ਗੁਰੂ ਤੇਗ਼ ਬਹਾਦਰ ਵਰਗੇ ਧਰਮਾਤਮਾ ਤੇ ਨਿਰਦੋਸ਼ ਮਹਾਂ ਪੁਰਸ਼ ਦੀ ਸ਼ਹਾਦਤ ਨੂੰ ਸਾਰੇ ਹਿੰਦੂਆਂ ਨੇ ਆਪਣੇ ਧਰਮ ਦੀ ਖ਼ਾਤਰ ਕੁਰਬਾਨੀ ਸਮਝਿਆ। ਸਾਰਾ ਪੰਜਾਬ ਨਫ਼ਰਤ ਤੇ ਬਦਲੇ ਦੀ ਅੱਗ ਨਾਲ ਭੜਕ ਉੱਠਿਆ। ਉਹ ਆਪਣੇ ਧਰਮ, ਇੱਜ਼ਤ ਤੇ ਅਣਖ ਦੀ ਰੱਖਿਆ ਲਈ ਅਤੇ ਮੁਗ਼ਲ ਹਕੂਮਤ ਦੇ ਅੱਤਿਆਚਾਰਾਂ ਦਾ ਟਾਕਰਾ ਕਰਨ ਲਈ ਡੱਟ ਖਲੋਤੇ। 24 ਸਾਲ ਬਾਅਦ (1699 ਵਿਚ) ਖ਼ਾਲਸੇ ਦਾ ਜਨਮ ਉਨ੍ਹਾਂ ਦੀ ਸ਼ਹਾਦਤ ਦਾ ਸਿੱਧਾ ਸਿੱਟਾ ਸੀ।" ਇਸ ਤੱਥ ਦੀ ਪ੍ਰੋੜ੍ਹਤਾ ਕਰਦਾ ਹੋਇਆ ਗਾਰਡਨ ਲਿਖਦਾ ਹੈ, "ਗੁਰੂ ਤੇਗ਼ ਬਹਾਦਰ ਦੇ ਖ਼ੂਨ ਨਾਲ ਜੋ ਤਿੱਖੀਆਂ ਸੂਲਾਂ ਬੀਜੀਆਂ ਗਈਆਂ ਸਨ, ਉਨ੍ਹਾਂ ਨੇ ਖ਼ਾਲਸੇ ਦੇ ਰੂਪ ਵਿਚ ਭਰਵੀਂ ਫ਼ਸਲ ਦਿੱਤੀ।"

'ਖ਼ਾਲਸੇ' ਦੇ ਜਨਮ ਤੋਂ ਬਾਅਦ ਸਿੱਖਾਂ ਨੇ ਮੁਗ਼ਲ ਹਕੂਮਤ ਨੂੰ ਖ਼ਤਮ ਕਰਨ ਦਾ ਪੱਕਾ ਨਿਸਚਾ ਧਾਰ ਲਿਆ ਤੇ ਸਰਕਾਰ ਨਾਲ ਉਨ੍ਹਾਂ ਦੀ ਸਿੱਧੀ ਟੱਕਰ ਹੋ ਗਈ। ਦੂਜੇ ਪਾਸੇ ਮੁਗ਼ਲ ਸਰਕਾਰ ਨੇ ਵੀ ਉਨ੍ਹਾਂ ਦਾ ਬੀਜ ਨਾਸ ਕਰਨ ਲਈ ਉਨ੍ਹਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਤੇ ਜੰਗਲੀ ਜਾਨਵਰਾਂ ਵਾਂਗ ਉਨ੍ਹਾਂ ਦਾ ਸ਼ਿਕਾਰ ਸ਼ੁਰੂ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੇ ਯੁੱਧ ਵਿਚ ਲੜਦੇ ਹੋਏ ਸ਼ਹੀਦ ਹੋ ਗਏ ਤੇ ਦੋ ਛੋਟਿਆਂ ਨੂੰ ਜੀਊਂਦੇ ਨੀਹਾਂ ਵਿਚ ਚਿਣ ਦਿੱਤਾ ਗਿਆ। ਬਾਬਾ ਬੰਦਾ ਬਹਾਦਰ ਸਿੰਘ ਨੂੰ ਉਸ ਦੇ ਸਤ ਸੌ ਸਾਥੀਆਂ ਸਮੇਤ ਬੇਦਰਦੀ

ਨਾਲ ਕਤਲ ਕੀਤਾ ਗਿਆ। ਭਾਈ ਮਨੀ ਸਿੰਘ ਦੇ ਬੰਦ ਬੰਦ ਕਟ ਕੇ, ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰ ਕੇ ਅਤੇ ਭਾਈ ਸੁਬੇਗ ਸਿੰਘ, ਸ਼ਾਬਾਜ ਸਿੰਘ ਨੂੰ ਚਰਖੜੀਆਂ ਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ। ਮਾਸੂਮ ਬੱਚਿਆਂ ਦੇ ਟੋਟੇ ਟੋਟੇ ਕਰ ਕੇ ਉਨ੍ਹਾਂ ਦੀਆਂ ਮਾਵਾਂ ਦੀਆਂ ਝੋਲੀਆਂ ਵਿਚ ਪਾਏ ਗਏ। ਪਰ ਇਹ ਇਕ ਕਰਾਮਾਤ ਹੀ ਸਮਝਣੀ ਚਾਹੀਦੀ ਹੈ ਕਿ ਇੰਨੇ ਕਸ਼ਟਾਂ ਦੇ ਬਾਵਜੂਦ ਕਿਸੇ ਇਕ ਸਿਖ ਨੇ ਵੀ ਆਪਣਾ ਧਰਮ ਨਹੀਂ ਛੱਡਿਆ, ਸਗੋਂ ਉਹ ਹੋਰ ਦ੍ਰਿੜ੍ਹਤਾ ਨਾਲ ਜਬਰ ਦਾ ਟਾਕਰਾ ਕਰਨ ਲਗ ਪਏ। ਸਿੱਖਾਂ ਨੇ ਛੋਟੇ ਛੋਟੇ ਗੁਰੀਲਾ ਦਸਤੇ ਬਣਾ ਕੇ ਸਰਕਾਰੀ ਫ਼ੌਜ ਅਤੇ ਸ਼ਾਹੀ ਖ਼ਜ਼ਾਨੇ ਉੱਤੇ ਛਾਪੇ ਮਾਰ ਮਾਰ ਕੇ ਹਕੂਮਤ ਦਾ ਨੱਕ ਵਿਚ ਦਮ ਕਰ ਦਿੱਤਾ। ਨਾਦਰ ਸ਼ਾਹ ਦੁਰਾਨੀ ਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਵੀ ਕਾਮਯਾਬੀ ਨਾਲ ਟਾਕਰਾ ਕੀਤਾ ਗਿਆ। ਮੀਰ ਮਨੂੰ ਤੇ ਜ਼ਕਰੀਆ ਖ਼ਾਨ ਵੇਲੇ ਛੋਟੇ ਘੱਲੂਘਾਰੇ ਵਿਚ ਲਗ ਪਗ ਸਤ ਹਜ਼ਾਰ ਤੇ ਵੱਡੇ ਵਿਚ ਤੀਹ ਹਜ਼ਾਰ ਸਿੱਖਾਂ ਨੇ ਆਪਣਾ ਬਲੀਦਾਲ ਦਿੱਤਾ। ਅਠਾਰ੍ਹਵੀਂ ਸਦੀ ਦੇ ਪਹਿਲੇ ਸੱਤਰ ਸਾਲ ਉਨ੍ਹਾਂ ਲਈ ਅਸਹਿ ਤੇ ਅਕਹਿ ਅਤਿਆਚਾਰਾਂ ਦੇ ਸਾਲ ਸਨ। ਪਰ ਪੰਜਾਬ ਨੂੰ ਬਦੇਸ਼ੀ ਜਰਵਾਣਿਆਂ ਤੋਂ ਸੁਤੰਤਰ ਕਰਾਉਣ ਲਈ ਉਨ੍ਹਾਂ ਦੇ ਇਰਾਦੇ ਵਿਚ ਜ਼ਰਾ ਫ਼ਰਕ ਨਾ ਆਇਆ। ਅੰਤ ਖ਼ਾਲਸੇ ਦੇ ਜਨਮ ਤੋਂ ਪੂਰੇ ਇਕ ਸੌ ਸਾਲ ਬਾਅਦ 1799 ਤਕ ਨਾ-ਕੇਵਲ ਪੰਜਾਬ ਉੱਤੇ ਪੰਜਾਬੀਆਂ ਦਾ ਆਪਣਾ ਰਾਜ ਕਾਇਮ ਹੋ ਗਿਆ, ਸਗੋਂ ਸਿੱਖਾਂ ਨੇ ਉੱਤਰ-ਪੱਛਮੀ ਸਰਹੱਦ ਵੱਲੋਂ ਹਿੰਦੁਸਤਾਨ ਉੱਤੇ ਪਿਛਲੇ ਸੌ ਸਾਲ ਤੋਂ ਹੁੰਦੇ ਆ ਰਹੇ ਹਮਲਿਆਂ ਦਾ ਮੂੰਹ ਮੋੜ ਕੇ ਰੱਖ ਦਿੱਤਾ। ਸੂਰਬੀਰ ਜਰਨੈਲ ਹਰੀ ਸਿੰਘ ਨਲਵੇ ਨੇ ਪਿਸ਼ਾਵਰ ਤੋਂ ਪਰੇ ਜਮਰੌਦ, ਲੰਡੀ ਕੋਤਲ ਤੇ ਖ਼ੈਬਰ ਦੱਰੇ ਤਕ ਖ਼ਾਲਸਈ ਫ਼ੌਜ ਦੀਆਂ ਚੌਕੀਆਂ ਕਾਇਮ ਕਰ ਲਈਆਂ।

ਇਸ ਸੰਖੇਪ ਬਿਰਤਾਂਤ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਿੱਖਾਂ ਨੂੰ ਧਰਮ, ਸਚਿਆਈ ਤੇ ਨਿਆਂ ਦੀ ਖ਼ਾਤਰ ਕੁਰਬਾਨੀਆਂ ਕਰਨ ਅਤੇ ਜਬਰ ਦਾ ਟਾਕਰਾ ਕਰਨ ਦੀ ਸਿੱਖਿਆ ਗੁੜ੍ਹਤੀ ਵਿਚ ਹੀ ਮਿਲੀ ਹੋਈ ਸੀ, ਸੋ ਜਦ ਹਿੰਦੁਸਤਾਨ ਦੀ ਆਜ਼ਾਦੀ ਦਾ ਸੰਗਰਾਮ ਸ਼ੁਰੂ ਹੋਇਆ, ਤਾਂ ਇਸ ਵਿਚ ਸਿੱਖਾਂ ਨੇ ਮੋਢੀਆਂ ਵਾਲੀ ਭੂਮਿਕਾ ਨਿਭਾਈ। ਦੇਸ ਦੀ ਆਬਾਦੀ ਦਾ ਦੋ ਪ੍ਰਤੀਸ਼ਤ ਹੋਣ ਦੇ ਬਾਵਜੂਦ ਹਿੰਦੁਸਤਾਨ ਦੀ ਆਜ਼ਾਦੀ ਦੀ ਖ਼ਾਤਰ ਗੋਲੀਆਂ ਨਾਲ ਸ਼ਹੀਦ ਹੋਣ ਵਾਲਿਆਂ, ਫਾਂਸੀ ਦੇ ਤਖ਼ਤੇ 'ਤੇ ਲਟਕਣ ਵਾਲਿਆਂ ਅਤੇ ਕਾਲੇ ਪਾਣੀ (ਅੰਡੇਮਾਨ ਟਾਪੂ) ਵਿਚ ਉਮਰ-ਕੈਦ ਕੱਟਣ ਵਾਲਿਆਂ ਵਿਚ ਸਿੱਖਾਂ ਦਾ ਹਿੱਸਾ 80 ਪ੍ਰਤੀਸ਼ਤ ਤੋਂ ਵੀ ਵੱਧ ਸੀ। ਅਜੇ ਇੰਡੀਅਨ ਨੈਸ਼ਨਲ ਕਾਂਗਰਸ ਦਾ ਜਨਮ ਵੀ ਨਹੀਂ ਹੋਇਆ ਸੀ ਤੇ ਨਰਮ-ਖ਼ਿਆਲੀਏ ਭਾਰਤੀ ਆਗੂ ਅਰਜ਼ਦਾਸ਼ਤਾਂ ਤੇ ਬੇਨੰਤੀਆਂ ਦੇ ਦੌਰ ਵਿਚੋਂ ਹੀ ਲੰਘ ਰਹੇ ਸਨ ਕਿ ਨਾਮਧਾਰੀ ਲਹਿਰ ਦੇ ਰੂਪ ਵਿਚ ਸਿੱਖਾਂ ਨੇ ਇਕੱਲਿਆਂ ਹੀ ਗੋਰਿਆਂ (ਅੰਗਰੇਜ਼ਾਂ) ਨੂੰ ਦੇਸੋਂ ਬਾਹਰ ਕੱਢਣ ਦੇ ਜਤਨ ਸ਼ੁਰੂ ਕਰ ਦਿੱਤੇ ਸਨ। ਹਿੰਦੁਸਤਾਨ ਦੇ ਪਹਿਲੇ ਰਾਸ਼ਟਰਪਤੀ ਡਾਕਟਰ ਰਾਜਿੰਦਰਾ ਪ੍ਰਸ਼ਾਦ ਨੇ ਠੀਕ ਹੀ ਲਿਖਿਆ ਹੈ, "ਬਾਬਾ ਰਾਮ ਸਿੰਘ ਸੁਤੰਤਰਤਾ ਨੂੰ ਧਰਮ ਦਾ ਜ਼ਰੂਰੀ ਅੰਗ ਸਮੁਝਦੇ ਸਨ। ਇਸ ਦੀ ਪ੍ਰਾਪਤੀ ਲਈ ਨਾਮਧਾਰੀਆਂ ਦਾ ਸੰਗਠਨ ਬਹੁਤ ਮਜ਼ਬੂਤ ਹੋ ਗਿਆ ਸੀ। ਸਾਡੇ ਦੇਸ ਵਿਚ ਗਾਂਧੀ ਜੀ ਨੇ ਨਾ-ਮਿਲਵਰਤਣ ਦੀ ਜੋ ਲਹਿਰ ਬੜੇ ਜ਼ੋਰ ਨਾਲ ਚਲਾਈ, ਉਹ ਪੰਜਾਹ ਵਰ੍ਹੇ ਪਹਿਲਾਂ ਹੀ ਬਾਬਾ ਰਾਮ ਸਿੰਘ ਨੇ ਪ੍ਰਚਲਤ ਕਰ ਦਿੱਤੀ ਸੀ। ਉਨ੍ਹਾਂ ਦੇ ਸਿਧਾਂਤਾਂ ਵਿਚ ਪੰਜ ਮੁਖ ਚੀਜ਼ਾਂ ਸਨ—ਸਰਕਾਰੀ ਨੌਕਰੀ ਦਾ ਬਾਈਕਾਟ, ਸਰਕਾਰੀ ਸਕੂਲਾਂ ਦਾ ਬਾਈਕਾਟ, ਅਦਾਲਤਾਂ ਦਾ ਬਾਈਕਾਟ, ਬਦੇਸ਼ੀ ਕਪੜੇ ਦਾ ਬਾਈਕਾਟ ਅਤੇ ਅਜਿਹੇ ਕਾਨੂੰਨ ਮੰਨਣ ਤੋਂ ਇਨਕਾਰ, ਜੋ ਆਪਣੀ ਆਤਮਾ ਦੇ ਵਿਰੁੱਧ ਹੋਣ।"

ਬਾਬਾ ਰਾਮ ਸਿੰਘ ਜੀ ਦਾ ਅੰਤਮ ਨਿਸ਼ਾਨਾ ਅੰਗਰੇਜ਼ਾਂ ਦੇ ਵਿਰੁੱਧ ਹਥਿਆਰਬੰਦ ਬਗ਼ਾਵਤ

ਸੀ, ਪਰੰਤੂ ਇਸ ਨੂੰ ਅਮਲੀ ਸ਼ਕਲ ਦੇਣ ਲਈ ਅਜੇ ਬਹੁਤ ਕੁਝ ਕਰਨਾ ਬਾਕੀ ਸੀ ਕਿ ਉਨ੍ਹਾਂ ਦੇ ਜੋਸ਼ੀਲੇ ਅਨੁਆਈਆਂ ਨੇ ਕਾਹਲ ਕਰ ਕੇ ਬਣੀ-ਬਣਾਈ ਖੇਡ ਵਿਗਾੜ ਦਿੱਤੀ। ਇਸ ਅੰਦੋਲਨ ਵਿਚ ਲਗ ਪਗ ਇਕ ਸੌ ਨਾਮਧਾਰੀ ਸਿੱਖਾਂ ਨੂੰ ਫਾਂਸੀ ਦੇ ਤਖ਼ਤੇ ਤੇ ਚੜ੍ਹਾ ਕੇ ਜਾਂ ਤੋਪਾਂ ਅੱਗੇ ਰੱਖ ਕੇ ਸ਼ਹੀਦ ਕੀਤਾ ਗਿਆ ਅਤੇ ਬਾਬਾ ਜੀ ਨੂੰ ਬਰਮਾ ਵਿਚ ਜਲਾਵਤਨ ਕਰ ਦਿੱਤਾ ਗਿਆ, ਜਿੱਥੇ ਥੋੜ੍ਹੇ ਚਿਰ ਪਿੱਛੋਂ ਉਹ ਅਕਾਲ ਚਲਾਣਾ ਕਰ ਗਏ।

1907 ਵਿਚ ਕਿਸਾਨ ਲਹਿਰ ਪੰਜਾਬ ਵਿਚ ਸ਼ੁਰੂ ਹੋ ਕੇ ਇੱਥੇ ਤਕ ਹੀ ਸੀਮਤ ਰਹੀ। ਇਹਦੇ ਵਿਚ ਵੀ ਬਹੁਤ ਵੱਡਾ ਹਿੱਸਾ ਲਾਇਲਪੁਰ ਦੀ ਬਾਰ ਵਿਚ ਵੱਸੇ ਸਿੱਖ ਕਿਸਾਨਾਂ ਦਾ ਸੀ। ਇਸੇ ਲਹਿਰ ਨੇ ਬਾਅਦ ਵਿਚ ਸਿੱਖਾਂ ਨੂੰ ਸੁਤੰਤਰਤਾ-ਸੰਗਰਾਮ ਵਿਚ ਹਿੱਸਾ ਲੈਣ ਲਈ ਵਿਸ਼ੇਸ਼ ਉਤਸ਼ਾਹ ਦਿੱਤਾ। ਇੱਸੇ ਤਰ੍ਹਾਂ ਪਹਿਲੇ ਵਿਸ਼ਵ ਯੁੱਧ ਦੇ ਸਮੇਂ 1914 ਤੋਂ ਜੋ ਗ਼ਦਰ ਲਹਿਰ ਅਮਰੀਕਾ ਤੇ ਕੈਨੇਡਾ ਤੋਂ ਸ਼ੁਰੂ ਹੋ ਕੇ ਪੰਜਾਬ ਵਿਚ ਫੈਲੀ, ਉਹਦੇ ਸੰਚਾਲਕ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ, ਬਾਬਾ ਵਿਸਾਖਾ ਸਿੰਘ ਤੇ ਕਰਤਾਰ ਸਿੰਘ ਸਰਾਭਾ ਆਦਿ ਸਿਖ ਹੀ ਸਨ। ਵੱਖ ਵੱਖ ਟੋਲੀਆਂ ਵਿਚ ਪੰਜਾਬ ਪਹੁੰਚ ਕੇ ਉਨ੍ਹਾਂ ਨੇ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਹਥਿਆਰਬੰਦ ਬਗਾਵਤ ਕਰਨ ਦਾ ਜਤਨ ਕੀਤਾ। ਇਸ ਅੰਦੋਲਨ ਵਿਚ 145 ਗ਼ਦਰੀ ਪੁਲਿਸ ਨਾਲ ਮੁਕਾਬਲਿਆਂ ਵਿਚ ਮਾਰੇ ਗਏ ਜਾਂ ਫਾਂਸੀ ਤੇ ਚੜ੍ਹਾਏ ਗਏ ਅਤੇ 306 ਨੂੰ ਕਾਲੇ ਪਾਣੀ ਵਿਚ ਉਮਰ-ਕੈਦ ਭੋਗਣੀ ਪਈ।

1920 ਤੋਂ 1925 ਤਕ ਜੋ ਗੁਰਦੁਆਰਾ-ਸੁਧਾਰ ਲਹਿਰ ਚੱਲੀ, ਉਸ ਦਾ ਮੁਖ ਨਿਸ਼ਾਨਾ ਭਾਵੇਂ ਗੁਰਦੁਆਰਿਆਂ ਨੂੰ ਦੁਰਾਚਾਰੀ ਮਹੰਤਾਂ ਤੋਂ ਮੁਕਤ ਕਰਾਣਾ ਸੀ, ਪਰ ਅਸਿੱਧੇ ਤੌਰ ਤੇ ਇਹ ਅੰਦੋਲਨ ਵੀ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਬਣ ਗਿਆ। ਇਸ ਦੇ ਸਿੱਟੇ ਵਜੋਂ ਸਿੱਖਾਂ ਦੀ ਇਕ ਨਵੀਂ ਜਮਾਤ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਈ, ਜਿਸ ਨੇ ਕਾਂਗਰਸ ਦੇ ਮੋਢੇ ਨਾਲ ਮੋਢਾ ਜੋੜ ਕੇ ਅਖ਼ੀਰ ਤਕ ਸੁਤੰਤਰਤਾ-ਸੰਗਰਾਮ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ।

ਇੱਸੇ ਸਮੇਂ ਗ਼ਦਰ ਲਹਿਰ ਦੇ ਬਚੇ-ਖੁਚੇ ਗ਼ਦਰੀਆਂ ਨੇ, ਜੋ ਅਹਿੰਸਾ ਵਿਚ ਯਕੀਨ ਨਹੀਂ ਰਖਦੇ ਸਨ, ਦੁਆਬੇ (ਜਲੰਧਰ ਤੇ ਹੁਸ਼ਿਆਰਪੁਰ ਦੇ ਜ਼ਿਲ੍ਹਿਆਂ) ਵਿਚ ਇਕੱਲਿਆਂ ਹੀ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਸੰਘਰਸ਼ ਸ਼ੁਰੂ ਕਰ ਦਿੱਤਾ। ਇਸ ਬੱਬਰ ਅਕਾਲੀ ਲਹਿਰ ਵਿਚ ਇਕ ਦਰਜਨ ਤੋਂ ਵੱਧ ਬੱਬਰ ਪੁਲਿਸ ਨਾਲ ਮੁਕਾਬਲਿਆਂ ਵਿਚ ਗੋਲੀਆਂ ਦਾ ਸ਼ਿਕਾਰ ਹੋਏ ਤੇ ਲਗ ਪਗ ਇਕ ਸੌ ਗ੍ਰਿਫ਼ਤਾਰ ਕੀਤੇ ਗਏ। ਮੁਢਲੀ ਕਾਰਵਾਈ ਤੋਂ ਬਾਅਦ ਇਨ੍ਹਾਂ ਵਿਚੋਂ 91 ਨੂੰ ਸੈਸ਼ਨ ਸਪੁਰਦ ਕੀਤਾ ਗਿਆ। ਸੈਸ਼ਨ ਜੱਜ ਨੇ 6 ਨੂੰ ਫਾਂਸੀ ਦੀ ਸਜ਼ਾ ਦਿੱਤੀ, 10 ਨੂੰ ਉਮਰ-ਕੈਦ ਅਤੇ 38 ਨੂੰ 4 ਤੋਂ 7 ਸਾਲ ਤਕ ਸਖ਼ਤ ਕੈਦ ਦੀਆਂ ਸਜ਼ਾਵਾਂ ਸੁਣਾਈਆਂ। ਉਸ ਨੇ ਆਪਣੇ ਫ਼ੈਸਲੇ ਵਿਚ ਬੱਬਰਾਂ ਬਾਰੇ ਜੋ ਕੁਝ ਲਿਖਿਆ, ਉਸ ਤੋਂ ਉਨ੍ਹਾਂ ਦੇ ਉਦੇਸ਼ਾਂ ਤੇ ਰਣ-ਨੀਤੀ ਬਾਰੇ ਸਪੱਸ਼ਟ ਪਤਾ ਲਗ ਜਾਂਦਾ ਹੈ। ਉਸ ਨੇ ਲਿਖਿਆ ਸੀ, "ਬੱਬਰ ਜਥੇ ਦਾ ਮਨੋਰਥ ਇਹ ਸੀ ਕਿ ਪੈਸਾ ਤੇ ਹਥਿਆਰ ਇਕੱਠੇ ਕੀਤੇ ਜਾਣ। ਹਿੰਦੁਸਤਾਨੀ ਫ਼ੌਜ ਤੇ ਵਿਸ਼ੇਸ਼ ਕਰਕੇ ਸਿਖ ਰਜਮੰਟਾਂ ਵਿਚ ਹਕੂਮਤ ਦੇ ਵਿਰੁੱਧ ਗ਼ੈਰ-ਵਫ਼ਾਦਾਰੀ ਦੀ ਭਾਵਨਾ ਭਰੀ ਜਾਏ ਅਤੇ ਜਦੋਂ ਹਾਲਾਤ ਅਨੁਕੂਲ ਹੋਣ ਤੇ ਲੋਕ ਤਿਆਰ ਹੋ ਜਾਣ, ਤਾਂ 1857 ਦੇ ਗ਼ਦਰ ਵਾਂਗ ਇਨਕਲਾਬ ਲਿਆਂਦਾ ਜਾਏ। ਇਸ ਮਨੋਰਥ ਦੀ ਪ੍ਰਾਪਤੀ ਲਈ ਭੜਕਾਊ ਤਕਰੀਰਾਂ ਕਰ ਕੇ ਤੇ ਇਨਕਲਾਬੀ ਪਰਚੇ ਛਾਪ ਕੇ ਤੇ ਵੰਡ ਕੇ ਹਕੂਮਤ ਦੇ ਵਿਰੁਧ ਇਕ ਭਾਰੀ ਮੁਹਿੰਮ ਚਲਾਈ ਗਈ। ਉਹ ਆਪਣਾ ਅਜਿਹਾ ਦਬਦਬਾ ਬਿਠਾਣਾ ਚਾਹੁੰਦੇ ਸਨ ਜਿਸ ਨਾਲ ਸਰਕਾਰ ਦੇ ਵਫ਼ਾਦਾਰਾਂ ਤੇ ਸਹਾਇਕਾਂ ਦੇ ਸਾਹ ਸੁਕ ਜਾਣ, ਤਾਂ ਜੁ ਇਸ ਲਹਿਰ ਨੂੰ ਦਬਾਉਣ ਜਾਂ ਰੋਕਣ ਦੀਆਂ ਸਰਕਾਰੀ ਕੋਸ਼ਿਸ਼ਾਂ ਨਕਾਰਾ ਹੋ ਜਾਣ।"

1921 ਵਿਚ ਕਾਂਗਰਸ ਨੇ ਨਾ-ਮਿਲਵਰਤਣ ਤੇ ਸ਼ਾਂਤਮਈ ਸਤਿਆਗ੍ਰਹਿ ਦੀ ਜੋ ਲਹਿਰ ਚਲਾਈ, ਉਹਦੇ ਵਿਚ ਵੀ ਸਿੱਖਾਂ ਨੇ ਵੱਧ ਚੜ੍ਹ ਕੇ ਸਰਗਰਮ ਹਿੱਸਾ ਲਿਆ ਤੇ ਹਜ਼ਾਰਾਂ ਸਿਖ ਕਾਂਗਰਸ ਦੇ ਮੈਂਬਰ ਬਣੇ। ਅਕਾਲੀ ਦਲ ਕਾਂਗਰਸ ਨਾਲ ਇੰਨਾ ਇਕ-ਮਿਕ ਹੋ ਗਿਆ ਕਿ ਉਸ ਨੇ 1937 ਵਿਚ ਪੰਜਾਬ ਕੌਂਸਲ ਦੀਆਂ ਚੋਣਾਂ ਵਿਚ ਆਪਣੇ ਉਮੀਦਵਾਰ ਕਾਂਗਰਸ ਦੇ ਟਿਕਟ ਤੇ ਖੜੇ ਕੀਤੇ ਤੇ ਕਾਮਯਾਬ ਉਮੀਦਵਾਰਾਂ ਨੇ ਕਾਂਗਰਸ ਦਾ ਸਾਥ ਦਿੱਤਾ। ਪਰੰਤੂ ਸਿੱਖਾਂ ਨੂੰ ਇਹ ਵੇਖ ਕੇ ਬੜੀ ਨਿਰਾਸਤਾ ਹੋਈ ਕਿ ਜਿੱਥੇ ਕਾਂਗਰਸ ਮੁਸਲਮਾਨਾਂ ਦੀਆਂ ਮੰਗਾਂ ਅੱਗੇ ਕਦਮ ਕਦਮ ਤੇ ਝੁਕੀ ਜਾਂਦੀ ਸੀ, ਉੱਥੇ ਉਸ ਨੇ ਸਿੱਖਾਂ ਦੇ ਹਿੱਤਾਂ ਨੂੰ ਉੱਕਾ ਹੀ ਅੱਖੋਂ ਉਹਲੇ ਕਰ ਦਿੱਤਾ ਸੀ। 1928 ਦੀ ਨਹਿਰੂ ਰਿਪੋਰਟ ਵਿਚ ਕਾਂਗਰਸ ਨੇ ਆਜ਼ਾਦ ਹਿੰਦੁਸਤਾਨ ਦੇ ਬਣਨ ਵਾਲੇ ਸੰਵਿਧਾਨ ਦੀ ਜੋ ਰੂਪ-ਰੇਖਾ ਤਿਆਰ ਕੀਤੀ, ਉਸ ਵਿਚ ਵੀ ਉਸ ਨੇ ਮੁਸਲਮਾਨਾਂ ਲਈ ਨਾ-ਕੇਵਲ ਵਖਰੇ ਚੋਣਕਾਰ ਹਲਕੇ ਮੰਨ ਲਏ, ਸਗੋਂ ਪੰਜਾਬ ਵਿਧਾਨ ਸਭਾ ਵਿਚ ਉਨ੍ਹਾਂ ਨੂੰ ਬਹੁ-ਸੰਮਤੀ ਦੇਣੀ ਵੀ ਪ੍ਰਵਾਨ ਕਰ ਲਈ। ਪਰ ਇਸ ਰਿਪੋਰਟ ਵਿਚ ਵੀ ਸਿੱਖਾਂ ਬਾਰੇ ਕਿਸੇ ਕਿਸਮ ਦਾ ਕੋਈ ਜ਼ਿਕਰ ਨਾ ਕੀਤਾ ਗਿਆ। ਹਾਂ, ਜਦ ਸਿਖ ਆਗੂਆਂ ਨੇ 1929 ਵਿਚ ਕਾਂਗਰਸ ਦੇ ਲਾਹੌਰ ਸਮਾਗਮ ਦੇ ਸਮੇਂ ਰੋਸ ਪ੍ਰਗਟ ਕੀਤਾ, ਤਾਂ ਮੋਤੀ ਲਾਲ ਨਹਿਰੂ, ਮਹਾਤਮਾ ਗਾਂਧੀ ਤੇ ਡਾਕਟਰ ਅਨਸਾਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ "ਸਿੱਖਾਂ ਦੀ ਸੰਮਤੀ ਤੋਂ ਬਗ਼ੈਰ ਭਾਰਤ ਦਾ ਕੋਈ ਸੰਵਿਧਾਨ ਨਹੀਂ ਬਣਾਇਆ ਜਾਏਗਾ।" ਸਿੱਖਾਂ ਦਾ ਪੱਖ ਇਹ ਸੀ ਕਿ ਉਹ ਫ਼ਿਰਕੂ ਪ੍ਰਤਿਨਿਧਤਾ ਅਤੇ ਵਖਰੇ ਚੋਣ-ਹਲਕਿਆਂ ਦੇ ਵਿਰੁੱਧ ਸਨ, ਪਰ ਜੇ ਮੁਸਲਮਾਨਾਂ ਨੂੰ ਵਖਰੀ ਪ੍ਰਤਿਨਿਧਤਾ ਮਿਲਣੀ ਹੈ, ਤਾਂ ਉਨ੍ਹਾਂ ਲਈ ਵੀ ਵਖਰੇ ਚੋਣ-ਹਲਕੇ ਹੋਣੇ ਚਾਹੀਦੇ ਹਨ ਤੇ ਮੁਸਲਮਾਨਾਂ ਵਾਂਗ ਹੀ ਉਨ੍ਹਾਂ ਨੂੰ ਆਪਣੀ ਵੱਸੋਂ ਤੋਂ ਵੱਧ ਪਾਸਕੂੰ ਜਾਂ ਪ੍ਰਤਿਨਿਧਤਾ ਮਿਲਣੀ ਚਾਹੀਦੀ ਹੈ।

ਇਸ ਤੋਂ ਬਾਅਦ ਜਦ ਅੰਗਰੇਜ਼ੀ ਸਰਕਾਰ ਨੇ 1931 ਵਿਚ ਫ਼ਿਰਕੇਦਾਰਾਨਾ ਐਵਾਰਡ ਦਿੱਤਾ, ਤਾਂ ਸਿੱਖਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ, ਪਰ ਕਾਂਗਰਸ ਨੇ 'ਨਾ ਰੱਦ, ਨਾ ਕਬੂਲ' ਦਾ ਮਤਾ ਪਾਸ ਕਰ ਕੇ ਦੋਗਲੀ ਨੀਤੀ ਧਾਰਨ ਕੀਤੀ ਅਤੇ 1937 ਵਿਚ ਇਸੇ ਐਵਾਰਡ ਦੇ ਅਧਾਰ ਤੇ ਚੋਣਾਂ ਲੜ ਕੇ ਅਮਲੀ ਤੌਰ ਤੇ ਇਸ ਨੂੰ ਪ੍ਰਵਾਨ ਕਰ ਲਿਆ। 1940 ਵਿਚ ਮੁਸਲਿਮ ਲੀਗ ਵੱਲੋਂ ਪਾਕਿਸਤਾਨ ਦੀ ਮੰਗ ਜ਼ੋਰ ਫੜ ਗਈ, ਤਾਂ ਵੀ ਕਾਂਗਰਸ ਚੁੱਪ ਰਹੀ। ਸਿੱਖਾਂ ਨੇ ਵੇਖਿਆ ਕਿ ਜੇ ਉਹ ਇਸੇ ਤਰ੍ਹਾਂ ਕਾਂਗਰਸ ਦੇ ਪਿਛਲੱਗ ਬਣੇ ਰਹੇ, ਤਾਂ ਉਨ੍ਹਾਂ ਦੀ ਸੁਤੰਤਰ ਸਿਆਸੀ ਹਸਤੀ ਬਿਲਕੁਲ ਖ਼ਤਮ ਹੋ ਜਾਏਗੀ। ਸੋ ਉਨ੍ਹਾਂ ਨੇ ਆਪਣੇ ਬਚਾਅ ਲਈ ਸੁਤੰਤਰ ਨੀਤੀ ਅਪਣਾਉਣ ਦਾ ਫ਼ੈਸਲਾ ਕਰ ਲਿਆ। 1941 ਵਿਚ ਉਨ੍ਹਾਂ ਨੇ ਕਿਲ੍ਹਾ ਦੀਦਾਰ ਸਿੰਘ (ਜ਼ਿਲ੍ਹਾ ਗੁਜਰਾਂਵਾਲਾ ਪਾਕਿਸਤਾਨ) ਵਿਚ "ਸ਼ਹੀਦ ਸ. ਅਵਤਾਰ ਸਿੰਘ ਅਕਾਲੀ ਕਾਨਫ਼ਰੰਸ" ਕਰ ਕੇ ਪਾਕਿਸਤਾਨ ਦੇ ਵਿਰੋਧ ਵਿਚ ਜ਼ੋਰਦਾਰ ਮਤਾ ਪਾਸ ਕੀਤਾ। ਜੁਲਾਈ 1946 ਵਿਚ ਪੰਜਾਬ ਅਸੈਂਬਲੀ ਦੀਆਂ ਜੋ ਚੋਣਾਂ ਹੋਈਆਂ, ਉਹ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਟਿਕਟ ਉੱਤੇ ਲੜੀਆਂ ਅਤੇ 33 ਵਿੱਚੋਂ 23 ਉੱਤੇ ਜਿੱਤ ਪ੍ਰਾਪਤ ਕੀਤੀ। 1946-47 ਦਾ ਸਾਲ ਹਿੰਦੁਸਤਾਨ ਦੇ ਇਤਿਹਾਸ ਵਿਚ ਬੜਾ ਨਾਜ਼ਕ ਸੀ, ਕਿਉਂਕਿ ਇਸ ਨੂੰ ਆਜ਼ਾਦ ਕਰਨ ਅਤੇ ਇਸ ਦੇ ਦੋ ਟੁਕੜੇ ਕਰਨ ਬਾਰੇ ਹਿੰਦੁਸਤਾਨੀ ਆਗੂ ਸਰਕਾਰ ਨਾਲ ਗੱਲ-ਬਾਤ ਕਰ ਰਹੇ ਸਨ। ਇਸ ਵੇਲੇ ਵੀ ਸਿਖ ਮੈਂਬਰਾਂ ਨੇ ਮੁਸਲਿਮ ਲੀਗ ਦਾ ਵਿਰੋਧ ਕਰਨ ਲਈ ਕਾਂਗਰਸ ਅਤੇ ਮਲਕ ਖ਼ਿਜ਼ਰ ਹਯਾਤ ਖ਼ਾਂ ਦੀ ਯੂਨੀਅਨਨਿਸਟ ਪਾਰਟੀ ਦਾ ਸਾਥ ਦਿੱਤਾ।

ਮਾਰਚ 1947 ਵਿਚ ਮੁਸਲਿਮ ਲੀਗ ਨੇ ਪੋਠੋਹਾਰ ਵਿਚ ਹਿੰਦੂਆਂ ਤੇ ਸਿੱਖਾਂ ਉੱਤੇ ਹਮਲੇ ਸ਼ੁਰੂ ਕਰ ਦਿੱਤੇ ਅਤੇ ਸਾੜ-ਫੂਕ ਤੇ ਕੱਟ-ਵੱਢ ਕਰ ਕੇ ਤਬਾਹੀ ਮਚਾਈ। ਜਦ ਉਨ੍ਹਾਂ ਨੇ ਭੜਕਾਊ

ਨਾਹਰੇ ਲਾਂਦਿਆਂ ਹੋਇਆਂ ਲਾਹੌਰ ਵਿਚ ਵੀ ਜਲੂਸ ਕਢਣੇ ਸ਼ੁਰੂ ਕੀਤੇ, ਤਾਂ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੇ ਅਸੈਂਬਲੀ ਦੇ ਬਾਹਰ 'ਪਾਕਿਸਤਾਨ ਮੁਰਦਾਬਾਦ' ਦਾ ਨਾਹਰਾ ਲਾ ਕੇ ਇਸ ਦੀ ਜ਼ੋਰਦਾਰ ਵਿਰੋਧਤਾ ਕੀਤੀ। ਨਤੀਜੇ ਵਜੋਂ ਹਿੰਦੂ ਲੀਡਰਾਂ ਨੇ ਲਾਹੌਰ ਵਿਚ ਇਕ ਮੀਟਿੰਗ ਕਰ ਕੇ ਮਾਸਟਰ ਜੀ ਨੂੰ ਹਿੰਦੂਆਂ ਤੇ ਸਿੱਖਾਂ ਦਾ ਸਾਂਝਾ ਲੀਡਰ ਚੁਣ ਲਿਆ।

ਜਦ ਤੋਂ ਦੇਸ ਨੂੰ ਦੋ ਹਿੱਸਿਆਂ—ਹਿੰਦੁਸਤਾਨ ਤੇ ਪਾਕਿਸਤਾਨ, ਵਿਚ ਵੰਡਣ ਦਾ ਮਸਲਾ ਸ਼ੁਰੂ ਹੋਇਆ ਸੀ, ਸਿਖ ਆਗੂ ਬੜੀ ਦੁਚਿੱਤੀ ਵਿਚ ਸਨ ਕਿ ਅਜਿਹੀ ਹਾਲਤ ਵਿਚ ਉਨ੍ਹਾਂ ਦੀ ਸੁਰੱਖਿਆ ਦਾ ਕੀ ਬਣੇਗਾ। ਇਹਦਾ ਅਸਲ ਇਲਾਜ ਤਾਂ ਇਹ ਸੀ ਕਿ ਪਾਕਿਸਤਾਨ ਵਾਂਗ ਉਹ ਵੀ ਵਖਰੀ ਸਿਖ ਸਟੇਟ ਦੀ ਮੰਗ ਕਰਦੇ, ਪਰ ਲਗ ਪਗ 80 ਲੱਖ ਹੁੰਦੇ ਹੋਏ ਵੀ ਉਨ੍ਹਾਂ ਦੀ ਵੱਸੋਂ ਸਾਰੇ ਪੰਜਾਬ, ਸਗੋਂ ਹਿੰਦੁਸਤਾਨ ਵਿਚ ਖਿਲਰੀ-ਪੁਲਰੀ ਸੀ। ਕਿਸੇ ਇਲਾਕੇ ਵਿਚ ਬਹੁ-ਸੰਮਤੀ ਵਿਚ ਹੋਣਾ ਤਾਂ ਕਿਤੇ ਰਿਹਾ, ਉਹ ਕਿਸੇ ਥਾਂ ਵੀ 20 ਪ੍ਰਤੀਸ਼ਤ ਤੋਂ ਵੱਧ ਨਹੀਂ ਸਨ। ਅਖ਼ੀਰ ਉਨ੍ਹਾਂ ਨੇ ਉਹ ਸਕੀਮ ਪੇਸ਼ ਕੀਤੀ, ਜਿਸ ਨੂੰ 'ਆਜ਼ਾਦ ਪੰਜਾਬ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪੰਜਾਬ ਵਿਚ ਰਾਵਲਪਿੰਡੀ ਤੇ ਮੁਲਤਾਨ ਕਮਿਸ਼ਨਰੀ ਦੇ ਦਸ ਜ਼ਿਲ੍ਹਿਆਂ ਵਿਚ ਮੁਸਲਮਾਨਾਂ ਦੀ ਵੱਸੋਂ 80 ਪ੍ਰਤੀਸ਼ਤ ਤੋਂ ਵੀ ਵਧ ਸੀ। ਵਿਚਾਰ ਇਹ ਦਿੱਤਾ ਗਿਆ ਕਿ ਇਨ੍ਹਾਂ ਜ਼ਿਲ੍ਹਿਆਂ ਨੂੰ ਪੰਜਾਬ ਤੋਂ ਵਖ ਕਰ ਕੇ ਸਰਹੱਦੀ ਸੂਬੇ ਨਾਲ ਜੋੜ ਦਿੱਤਾ ਜਾਏ ਤੇ ਬਾਕੀ ਰਹਿੰਦੇ ਲਾਹੌਰ, ਜਲੰਧਰ ਤੇ ਅੰਬਾਲਾ ਡਵੀਜਨਾਂ ਦਾ ਵਖਰਾ ਸੂਬਾ 'ਆਜ਼ਾਦ ਪੰਜਾਬ' ਬਣਾ ਦਿੱਤਾ ਜਾਏ। ਇਸ ਪ੍ਰਾਂਤ ਵਿਚ ਸਿਖ ਸਾਰੀ ਵੱਸੋਂ ਦਾ 30 ਪ੍ਰਤੀਸ਼ਤ ਬਣ ਜਾਂਦੇ ਸਨ ਤੇ ਕਿਸੇ ਵੀ ਕੌਮ ਦੀ ਬਹੁ-ਸੰਮਤੀ ਨਹੀਂ ਰਹਿ ਜਾਂਦੀ ਸੀ। ਖ਼ਿਆਲ ਇਹ ਸੀ ਕਿ ਮੁਸਲਮਾਨ ਇਹ ਤਜਵੀਜ਼ ਪ੍ਰਵਾਨ ਕਰ ਲੈਣਗੇ, ਪਰ ਉਹ ਪਹਿਲਾਂ ਕਾਂਗਰਸ ਦਾ ਪ੍ਰਤੀਕਰਮ ਵੇਖਣਾ ਚਾਹੁੰਦੇ ਸਨ। ਜਦ ਕਾਂਗਰਸ ਨੇ ਇਸ ਸੁਝਾਅ ਨੂੰ ਰੱਦ ਕਰ ਦਿੱਤਾ, ਤਾਂ ਸਿੱਖਾਂ ਨੇ ਸੋਚਿਆ ਕਿ ਜਦ ਕਾਂਗਰਸ ਦੇ ਆਗੂ ਸਿੱਖਾਂ ਨੂੰ ਸਮੇਂ ਸਮੇਂ ਵਿਸ਼ਵਾਸ ਦੇਂਦੇ ਰਹੇ ਹਨ ਕਿ ਸੁਤੰਤਰ ਭਾਰਤ ਵਿਚ ਉਨ੍ਹਾਂ ਦੇ ਅਧਿਕਾਰਾਂ ਦੀ ਪੂਰੀ ਰੱਖਿਆ ਕੀਤੀ ਜਾਏਗੀ ਅਤੇ ਉਨ੍ਹਾਂ ਨੂੰ ਵਧਣ-ਫੂਲਣ ਦੇ ਪੂਰੇ ਮੌਕੇ ਦਿੱਤੇ ਜਾਣਗੇ, ਤਾਂ ਉਨ੍ਹਾਂ ਨੂੰ ਆਪਣੀ ਕਿਸਮਤ ਹਿੰਦੁਸਤਾਨ ਨਾਲ ਜੋੜਨੀ ਹੀ ਠੀਕ ਰਹੇਗੀ। ਜਿਵੇਂ ਪਹਿਲਾਂ ਦੱਸਿਆ ਗਿਆ ਹੈ, 1930 ਵਿਚ ਕਾਂਗਰਸੀ ਆਗੂਆਂ ਨੇ ਸਿੱਖਾਂ ਨੂੰ ਭਰੋਸਾ ਦਿੱਤਾ ਸੀ ਕਿ ਹਿੰਦੁਸਤਾਨ ਦਾ ਕੋਈ ਸੰਵਿਧਾਨ ਅਜਿਹਾ ਨਹੀਂ ਬਣਾਇਆ ਜਾਏਗਾ, ਜੋ ਸਿੱਖਾਂ ਨੂੰ ਮਨਜ਼ੂਰ ਨਾ ਹੋਵੇ। ਅਗਲੇ ਸਾਲ ਕਾਂਗਰਸ ਨੇ ਆਪਣੇ ਕਰਾਚੀ ਸਮਾਗਮ ਵਿਚ ਇਹ ਵੀ ਪਾਸ ਕਰ ਦਿੱਤਾ ਕਿ ਸੁਤੰਤਰ ਭਾਰਤ ਵਿਚ ਬੋਲੀ ਦੇ ਅਧਾਰ ਤੇ ਪ੍ਰਾਂਤਾਂ ਦੀ ਨਵੇਂ ਸਿਰੇ ਹੱਦਬੰਦੀ ਕੀਤੀ ਜਾਏਗੀ। 1945 ਵਿਚ ਫਿਰ ਇੱਸੇ ਗੱਲ ਨੂੰ ਦੁਹਰਾਂਦਿਆਂ ਨਹਿਰੂ ਜੀ ਨੇ ਆਖਿਆ ਸੀ, "ਪ੍ਰਾਂਤਾਂ ਦੀ ਨਵੇਂ ਸਿਰੇ ਹੱਦਬੰਦੀ ਹੋਣੀ ਲਾਜ਼ਮੀ ਤੇ ਜ਼ਰੂਰੀ ਹੈ। ਜੇ ਸਿਖ ਇਹੋ ਜਿਹੇ ਪ੍ਰਾਂਤ ਵਿਚ ਅਰਧ-ਖ਼ੁਦਮੁਖ਼ਤਾਰੀ ਵੀ ਮੰਗਣਗੇ, ਤਾਂ ਮੈਂ ਇਹ ਵੀ ਮੰਨਣ ਨੂੰ ਤਿਆਰ ਹਾਂ, ਤਾਂ ਜੁ ਸਿਖ ਵੀ ਸੁਤੰਤਰਤਾ ਦਾ ਨਿੱਘ ਮਾਣ ਸਕਣ ਤੇ ਉਨ੍ਹਾਂ ਨੂੰ ਆਜ਼ਾਦੀ ਦਾ ਅਹਿਸਾਸ ਹੋ ਜਾਏ।" ਸੋ ਅਜਿਹੇ ਆਸ਼ਵਾਸਨਾਂ ਦੇ ਸਾਹਮਣੇ ਆਖ਼ਰ ਸਿੱਖ ਹਿੰਦੁਸਤਾਨ ਨਾਲ ਜੁੜ ਗਏ।

15 ਅਗਸਤ 1947 ਨੂੰ ਪਾਕਿਸਤਾਨ ਬਣਨ ਦਾ ਐਲਾਨ ਹੋ ਗਿਆ। ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਮੁਸਲਮਾਨਾਂ ਨੇ ਪੋਠੋਹਾਰ ਵਿਚ ਜਨਵਰੀ 1947 ਤੋਂ ਹੀ ਲੁੱਟ-ਮਾਰ, ਸਾੜ-ਫੂਕ ਤੇ ਹਿੰਦੂਆਂ ਸਿੱਖਾਂ ਦੀ ਕਟ-ਵੱਢ ਸ਼ੁਰੂ ਕਰ ਦਿੱਤੀ ਸੀ। 15 ਅਗਸਤ ਤੋਂ ਬਾਅਦ ਪਾਕਿਸਤਾਨੀ ਪੰਜਾਬ ਵਿਚ ਸਭ ਥਾਈਂ ਯੋਜਨਾ-ਬਧ ਢੰਗ ਨਾਲ ਹਿੰਦੂਆਂ ਤੇ ਸਿੱਖਾਂ ਉੱਤੇ ਹਮਲੇ ਸ਼ੁਰੂ ਹੋ ਗਏ। ਵੱਡੇ ਵੱਡੇ ਸ਼ਹਿਰਾਂ ਵਿਚ ਉਨ੍ਹਾਂ ਦੀਆਂ ਜਾਇਦਾਦਾਂ ਲੁੱਟੀਆਂ ਤੇ ਸਾੜੀਆਂ-ਫੂਕੀਆਂ ਗਈਆਂ।

ਹਜ਼ਾਰਾਂ ਦੀ ਗਿਣਤੀ ਵਿਚ ਇਸਤ੍ਰੀਆਂ ਉਧਾਲੀਆਂ ਗਈਆਂ। ਨਤੀਜੇ ਵਜੋਂ ਪੱਛਮੀ ਪੰਜਾਬ ਦੇ ਹਿੰਦੂ ਤੇ ਸਿਖ ਵੱਡੇ ਪੈਮਾਨੇ ਉੱਤੇ ਪੂਰਬੀ ਪੰਜਾਬ ਵੱਲ ਆਉਣੇ ਸ਼ੁਰੂ ਹੋ ਗਏ। ਇਸ ਦਾ ਪ੍ਰਤੀਕਰਮ ਪੂਰਬੀ ਪੰਜਾਬ ਵਿਚ ਹੋਣਾ ਹੀ ਸੀ। ਸਿੱਖਾਂ ਨੇ ਮਹਿਸੂਸ ਕੀਤਾ ਕਿ ਜੇ ਪੱਛਮੀ ਪੰਜਾਬ ਦੀ ਸਾਰੀ ਹਿੰਦੂ-ਸਿਖ ਵੱਸੋਂ ਪੂਰਬੀ ਪੰਜਾਬ (ਹਿੰਦੁਸਤਾਨ) ਵਿਚ ਆ ਗਈ ਅਤੇ ਮੁਸਲਮਾਨਾਂ ਨੂੰ ਇੱਥੋਂ ਨਾ ਕਢਿਆ ਗਿਆ, ਤਾਂ ਉਧਰੋਂ ਆਏ ਹਿੰਦੂਆਂ-ਸਿੱਖਾਂ ਦਾ ਵਸੇਬਾ ਅਸੰਭਵ ਹੋ ਜਾਏਗਾ। ਸੋ ਜਵਾਬੀ ਕਾਰਵਾਈ ਵਜੋਂ ਮਾਰ-ਧਾੜ ਕਰ ਕੇ ਜਾਂ ਡਰਾ-ਧਮਕਾ ਕੇ ਮੁਸਲਮਾਨਾਂ ਨੂੰ ਇਧਰੋਂ ਕਢਣਾ ਜ਼ਰੂਰੀ ਹੋ ਗਿਆ। ਨਤੀਜੇ ਵਜੋਂ ਇਕ ਤਾਂ ਮੁਸਲਮਾਨ ਇਧਰੋਂ ਪਾਕਿਸਤਾਨ ਵੱਲ ਨਸਣੇ ਸ਼ੁਰੂ ਹੋ ਗਏ ਤੇ ਦੂਜੇ ਪਾਸੇ ਪੱਛਮੀ ਪੰਜਾਬ ਵਿਚ ਹਿੰਦੂਆਂ-ਸਿੱਖਾਂ ਉੱਤੇ ਮੁਸਲਮਾਨੀ ਹਮਲਿਆਂ ਨੂੰ ਵੀ ਕੁਝ ਠਲ੍ਹ ਪੈ ਗਈ। ਪਰ ਇਸ ਅਦਲਾ-ਬਦਲੀ ਵਿਚ ਸਿਖ ਬਹੁਤ ਘਾਟੇ ਵਿਚ ਰਹੇ। ਇਕ ਤਾਂ ਵੱਸੋਂ ਦੇ ਅਨੁਪਾਤ ਵਿਚ ਉਨ੍ਹਾਂ ਦਾ ਜਾਨੀ ਨੁਕਸਾਨ ਸਭ ਤੋਂ ਜ਼ਿਆਦਾ ਸੀ; ਦੂਜੇ ਪੱਛਮੀ ਪੰਜਾਬ ਵਿਚ ਜਿੰਨੀ ਨਹਿਰੀ ਪਾਣੀ ਵਾਲੀ ਭੁਇੰ ਉਹ ਲਾਇਲਪੁਰ, ਮਿੰਟਗੁਮਰੀ ਤੇ ਸਰਗੋਧੇ ਦੀਆਂ ਬਾਰਾਂ ਵਿਚ ਛੱਡ ਆਏ ਸਨ, ਉਹਦੇ ਮੁਕਾਬਲੇ ਵਿਚ ਪੂਰਬੀ ਪੰਜਾਬ ਵਿਚ ਮੁਸਲਮਾਨਾਂ ਦੀ ਛੱਡੀ ਹੋਈ ਨਹਿਰੀ ਭੁਇੰ ਬਹੁਤ ਘਟ ਸੀ। ਇਸ ਲਈ ਕਿਸਾਨਾਂ ਨੂੰ ਭਾਰੀ ਕਟੌਤੀ ਲਾ ਕੇ ਇਧਰ ਜ਼ਮੀਨਾਂ ਅਲਾਟ ਹੋਈਆਂ।

ਇਸ ਵੇਲੇ ਸਿੱਖ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਨੇ ਭਾਰਤ ਦੇ ਸੁਤੰਤਰਤਾ-ਸੰਗਰਾਮ ਵਿਚ ਵੱਧ-ਚੜ੍ਹ ਕੇ ਕੁਰਬਾਨੀਆਂ ਦਿੱਤੀਆਂ ਹਨ ਤੇ ਹੁਣ ਭਾਰੀ ਜਾਨੀ ਤੇ ਮਾਲੀ ਨੁਕਸਾਨ ਉਠਾ ਕੇ ਉਨ੍ਹਾਂ ਦੀ ਲਗ ਪਗ ਅੱਧੀ ਵੱਸੋਂ ਉੱਜੜ-ਪੁੱਜੜ ਕੇ ਭਾਰਤ ਵਿਚ ਆਈ ਹੈ, ਇਸ ਲਈ ਉਹ ਆਸ ਰਖਦੇ ਸਨ ਕਿ ਉਨ੍ਹਾਂ ਦੀ ਆਪਣੀ ਸਰਕਾਰ ਉਨ੍ਹਾਂ ਦਾ ਵਿਸ਼ੇਸ਼ ਖ਼ਿਆਲ ਰੱਖੇਗੀ। ਪਰ ਇਸ ਦੇ ਉਲਟ ਕਾਂਗਰਸ ਸਰਕਾਰ ਨੇ ਉਨ੍ਹਾਂ ਨੂੰ ਸ਼ੁਰੂ ਵਿਚ ਹੀ ਦਬਾਣਾ ਸ਼ੁਰੂ ਕਰ ਦਿੱਤਾ। ਗ੍ਰਹਿ-ਮੰਤਰੀ ਸਰਦਾਰ ਪਟੇਲ ਦੇ ਇਸ਼ਾਰੇ ਉੱਤੇ ਪੰਜਾਬ ਦੇ ਗਵਰਨਰ ਸਰ ਚੰਦੂ ਲਾਲ ਤ੍ਰਿਵੇਦੀ ਨੇ ਪੰਜਾਬ ਦੇ ਸਭ ਡਿਪਟੀ-ਕਮਿਸ਼ਨਰਾਂ ਨੂੰ ਲਿਖਤੀ ਹਦਾਇਤਾਂ ਭੇਜੀਆਂ ਕਿ 'ਸਿਖ ਜੰਗ-ਬਾਜ਼, ਲੜਾਕੇ ਤੇ ਜਰਾਇਮ-ਪੇਸ਼ਾ ਲੋਕ ਹਨ, ਇਸ ਲਈ ਉਨ੍ਹਾਂ ਉੱਤੇ ਕੜੀ ਨਜ਼ਰ ਰੱਖੀ ਜਾਏ।" ਇਸ ਵਾਤਾਵਰਨ ਵਿਚ ਫ਼ਿਰਕੂ ਹਿੰਦੂਆਂ ਤੇ ਉਨ੍ਹਾਂ ਦੀਆਂ ਅਖ਼ਬਾਰਾਂ ਨੇ ਸਿੱਖਾਂ ਦੀ ਮਹਾਨਤਾ ਘਟਾਣ ਤੇ ਉਨ੍ਹਾਂ ਨੂੰ ਦਬਾਅ ਕੇ ਰੱਖਣ ਲਈ ਗਿਣ-ਮਿੱਥ ਕੇ ਉਨ੍ਹਾਂ ਦੇ ਵਿਰੁੱਧ ਝੂਠਾ, ਬੇਬੁਨਿਆਦ ਤੇ ਜ਼ਹਿਰੀਲਾ ਪ੍ਰਚਾਰ ਸ਼ੁਰੂ ਕਰ ਦਿੱਤਾ। ਦੇਸ ਦੇ ਬਟਵਾਰੇ ਤੋਂ ਪਹਿਲਾਂ ਪਾਕਿਸਤਾਨੀ ਗ਼ਲਬੇ ਤੋਂ ਬਚਣ ਲਈ ਸਿਖ ਸਟੇਟ ਜਾਂ ਆਜ਼ਾਦ ਪੰਜਾਬ ਦੀ ਮੰਗ ਨੂੰ ਆਧਾਰ ਬਣਾ ਕੇ ਉਨ੍ਹਾਂ ਨੂੰ ਫ਼ਿਰਕੂ ਤੇ ਵਖਵਾਦੀ ਗਰਦਾਨਿਆ ਗਿਆ। ਉਨ੍ਹਾਂ ਨੇ ਇਸ ਤੱਥ ਨੂੰ ਅੱਖੋਂ ਉਹਲੇ ਕਰ ਦਿੱਤਾ ਕਿ ਇਹ ਸਭ ਕੁਝ ਪਾਕਿਸਤਾਨ ਬਣਨ ਦੇ ਰਾਹ ਵਿਚ ਰੁਕਾਵਟ ਪਾਣ ਲਈ ਕੀਤਾ ਗਿਆ ਸੀ ਤੇ ਉਸ ਵੇਲੇ ਹਿੰਦੂ ਵੀ ਇਸ ਗੱਲ ਦੀ ਹਮਾਇਤ ਕਰਦੇ ਹਨ।

ਇਸ ਤੋਂ ਛੁਟ ਫ਼ਿਰਕੂ ਹਿੰਦੂਆਂ ਨੇ ਪੰਜਾਬੀ ਭਾਸ਼ਾ ਦਾ ਵਖਰਾ ਸੂਬਾ ਬਣਨ ਅਤੇ ਪੰਜਾਬੀ ਦੀ ਉੱਨਤੀ, ਵਿਕਾਸ ਤੇ ਪ੍ਰਚਲਨ ਦੇ ਰਾਹ ਵਿਚ ਕਈ ਢੰਗਾਂ ਨਾਲ ਰੁਕਾਵਟਾਂ ਪਾਣੀਆਂ ਸ਼ੁਰੂ ਕਰ ਦਿੱਤੀਆਂ। ਪੰਜਾਬ ਯੂਨੀਵਰਸਿਟੀ ਵਿਚ ਆਰੀਆ ਸਮਾਜੀਆਂ ਦਾ ਗ਼ਲਬਾ ਸੀ। ਉੱਥੇ ਪੰਜਾਬੀ ਨੂੰ ਯੋਗ ਮਹਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਪੰਜਾਬੀ-ਭਾਸ਼ੀ ਇਲਾਕੇ ਦੀ ਧੁੰਨੀ ਜਲੰਧਰ ਸ਼ਹਿਰ ਦੀ ਮਿਊਂਸਪਲ ਕਮੇਟੀ ਨੇ ਇਕ ਮਤਾ ਪਾਸ ਕਰ ਕੇ ਹਿੰਦੀ ਨੂੰ ਆਪਣੀ ਦਫ਼ਤਰੀ ਭਾਸ਼ਾ ਬਣਾ ਲਿਆ। 1951 ਦੀ ਮਰਦੁਮ-ਸ਼ੁਮਾਰੀ ਵੇਲੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਗਿਆ ਕਿ ਹਿੰਦੂ ਤੇ ਅਛੂਤ ਜਾਤੀਆਂ ਆਪਣੀ ਮਾਤ-ਭਾਸ਼ਾ ਹਿੰਦੀ ਲਿਖਾਣ। ਇਸ ਦੇ ਨਤੀਜੇ

ਵਜੋਂ ਕਈ ਥਾਈਂ ਝਗੜੇ ਵੀ ਹੋਏ। ਨਤੀਜੇ ਵਜੋਂ ਕੇਂਦਰੀ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਮਾਤਰੀ ਭਾਸ਼ਾ ਦੇ ਅੰਕੜੇ ਝੂਠੇ ਤੇ ਜਾਹਲੀ ਹੋਣ ਕਰਕੇ ਮੰਨਣ-ਯੋਗ ਨਹੀਂ ਹਨ, ਇਸ ਲਈ ਇਹ ਰੀਕਾਰਡ ਨਾ ਕੀਤੇ ਜਾਣ।

ਇਸ ਵੇਲੇ ਅਸੈਂਬਲੀ ਦੇ ਸਿੱਖ ਮੈਂਬਰ ਕਾਂਗਰਸ ਪਾਰਟੀ ਵਿਚ ਸ਼ਾਮਲ ਸਨ। ਉਹ ਲਗਾਤਾਰ ਯਤਨ ਕਰ ਰਹੇ ਸਨ ਕਿ ਪੰਜਾਬ ਵਿਚ ਪੰਜਾਬੀ ਨੂੰ ਇਸ ਦਾ ਯੋਗ ਅਸਥਾਨ ਪ੍ਰਾਪਤ ਹੋ ਜਾਏ। ਅੰਤ ਸ੍ਰੀ ਭੀਮ ਸੈਨ ਸੱਚਰ ਨੇ, ਜੋ 1949 ਵਿਚ ਮੁਖ ਮੰਤਰੀ ਬਣ ਗਏ ਸਨ, 'ਸੱਚਰ ਫ਼ਾਰਮੂਲਾ' ਦੇ ਨਾਂ ਹੇਠ ਇਕ ਸਕੀਮ ਤਿਆਰ ਕੀਤੀ, ਜਿਹਦੇ ਅਨੁਸਾਰ ਪੰਜਾਬੀ-ਭਾਸ਼ੀ ਇਲਾਕਿਆਂ ਵਿਚ ਪੰਜਾਬੀ ਨੂੰ ਪਹਿਲੀ ਭਾਸ਼ਾ ਵਜੋਂ ਪਹਿਲੀ ਜਮਾਤ ਤੋਂ ਅਤੇ ਹਿੰਦੀ ਨੂੰ ਦੂਜੀ ਭਾਸ਼ਾ ਵਜੋਂ ਚੌਥੀ ਜਮਾਤ ਤੋਂ ਪੜ੍ਹਾਇਆ ਜਾਣਾ ਨਿਸਚਿਤ ਹੋਇਆ। ਇੱਸੇ ਤਰ੍ਹਾਂ ਹਿੰਦੀ-ਭਾਸ਼ੀ ਇਲਾਕਿਆਂ ਵਿਚ ਹਿੰਦੀ ਪਹਿਲੀ ਭਾਸ਼ਾ ਤੇ ਪੰਜਾਬੀ ਦੂਜੀ ਭਾਸ਼ਾ ਕਰਾਰ ਦਿੱਤੀ ਗਈ। ਪੰਜਾਬੀ ਤੇ ਹਿੰਦੀ-ਭਾਸ਼ੀ ਇਲਾਕਿਆਂ ਦੀ ਹੱਦਬੰਦੀ ਵੀ ਕਰ ਦਿੱਤੀ ਗਈ। ਪਰ ਆਰੀਆ ਸਮਾਜੀਆਂ ਤੇ ਫ਼ਿਰਕੂ ਹਿੰਦੂਆਂ ਨੇ ਇਸ ਫ਼ਾਰਮੂਲੇ ਉੱਤੇ ਵੀ ਅਮਲ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਜਲੰਧਰ ਆਦਿ ਕਈ ਸ਼ਹਿਰਾਂ ਵਿਚ ਜਲੂਸ ਕਢ ਕੇ ਨਾਹਰੇ ਲਾਏ ਕਿ "ਊੜਾ ਐੜਾ ਨਹੀਂ ਪੜ੍ਹਾਂਗੇ।" ਉਨ੍ਹਾਂ ਦਾ ਕਹਿਣਾ ਇਹ ਸੀ ਕਿ ਕਿਸੇ ਬੱਚੇ ਦੀ ਮਾਤਰੀ ਭਾਸ਼ਾ ਉਹੀ ਮੰਨਣੀ ਚਾਹੀਦੀ ਹੈ, ਜੋ ਉਸ ਦੇ ਮਾਪੇ ਕਹਿਣ। ਸੋ ਸੱਚਰ ਫ਼ਾਰਮੂਲੇ ਤੇ ਵੀ ਪੂਰੀ ਤਰ੍ਹਾਂ ਅਮਲ ਨਾ ਕੀਤਾ ਗਿਆ। ਇਸ ਤੋਂ ਬਿਨਾਂ ਸਿੱਖਾਂ ਨਾਲ ਹਰੇਕ ਮਾਮਲੇ ਵਿਚ ਵਿਤਕਰੇ ਸ਼ੁਰੂ ਹੋ ਗਏ। ਕਾਂਗਰਸੀ ਨੇਤਾ ਸਮਝਦੇ ਸਨ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਹੀ ਦੇਸ ਆਜ਼ਾਦ ਹੋਇਆ ਹੈ, ਇਸ ਲਈ ਰਾਜ-ਪ੍ਰਬੰਧ ਵਿਚ ਉਨ੍ਹਾਂ ਦੀ ਪ੍ਰਧਾਨਤਾ ਹੋਣੀ ਚਾਹੀਦੀ ਹੈ। ਵੱਡੇ ਹਿੰਦੂ ਅਫ਼ਸਰਾਂ ਉੱਤੇ ਇਸ ਵਿਚਾਰ ਦਾ ਸੁਭਾਵਕ ਹੀ ਪ੍ਰਭਾਵ ਪੈਣਾ ਸੀ, ਇਸ ਲਈ ਸਿਖ ਅਫ਼ਸਰਾਂ ਨਾਲ ਵੀ ਅਨਿਆਂ-ਪੂਰਨ ਸਲੂਕ ਹੋਣ ਲੱਗਾ। ਪਿਛਲੇ ਕਾਂਡ ਵਿਚ ਪਾਠਕ ਪੜ੍ਹ ਚੁਕੇ ਹਨ ਕਿ ਆਪਣੀ ਕੈਂਪ-ਕਮਾਂਡੈਂਟੀ ਦੇ ਸਮੇਂ ਵਿਚ ਇਸ ਤਰ੍ਹਾਂ ਦੀਆਂ ਕਈ ਉਦਾਹਰਣਾਂ ਮੇਰੇ ਵੇਖਣ ਵਿਚ ਆਈਆਂ ਸਨ। ਬਾਅਦ ਵਿਚ ਇਹ ਵਿਤਕਰਾ ਇੱਥੋਂ ਤਕ ਵਧ ਗਿਆ ਕਿ ਜਿੱਥੇ ਹਿੰਦੂਆਂ ਦੀਆਂ ਅਛੂਤ ਜਾਤੀਆਂ ਨੂੰ ਪਛੜੀਆਂ ਜਾਤਾਂ ਕਰਾਰ ਦੇ ਕੇ ਕਈ ਰਿਆਇਤਾਂ ਦਿੱਤੀਆਂ ਗਈਆਂ, ਉੱਥੇ ਸਿੱਖਾਂ ਵਿਚਲੀਆਂ ਪਛੜੀਆਂ ਸ਼੍ਰੇਣੀਆਂ ਨੂੰ ਇਹ ਰਿਆਇਤਾਂ ਦੇਣ ਤੋਂ ਇਹ ਆਖ ਕੇ ਇਨਕਾਰ ਕਰ ਦਿੱਤਾ ਗਿਆ ਕਿ ਸਿਖ ਧਰਮ ਜਾਤ-ਪਾਤ ਤੇ ਛੂਤ-ਛਾਤ ਨੂੰ ਨਹੀਂ ਮੰਨਦਾ। ਅਸਲੀਅਤ ਇਹ ਸੀ ਕਿ ਅਛੂਤਾਂ ਨੂੰ ਇਹ ਰਿਆਇਤਾਂ ਉਨ੍ਹਾਂ ਦੇ ਆਰਥਿਕ ਤੌਰ ਤੇ ਕਮਜ਼ੋਰ ਤੇ ਪਛੜੇ ਹੋਏ ਹੋਣ ਕਰਕੇ ਦਿੱਤੀਆਂ ਜਾ ਰਹੀਆਂ ਸਨ ਅਤੇ ਸਿਖ ਅਛੂਤ ਵੀ ਉਨ੍ਹਾਂ ਵਾਂਗ ਹੀ ਗ਼ਰੀਬ ਤੇ ਪਛੜੇ ਹੋਏ ਸਨ। ਅਸਲ ਵਿਚ ਕਾਂਗਰਸ ਸਰਕਾਰ ਦਾ ਆਸ਼ਾ ਇਹ ਸੀ ਕਿ ਆਰਥਿਕ ਰਿਆਇਤਾਂ ਦੇ ਲਾਲਚ ਵਿਚ ਸਿਖ ਅਛੂਤ ਮੁੜ ਕੇ ਹਿੰਦੂ ਧਰਮ ਧਾਰਨ ਕਰ ਲੈਣ ਤੇ ਅੱਗੋਂ ਕੋਈ ਹਿੰਦੂ ਅਛੂਤ ਸਿਖ ਧਰਮ ਵਿਚ ਪ੍ਰਵੇਸ਼ ਨਾ ਕਰੇ।

ਇਸ ਵੇਲੇ ਹਿੰਦੁਸਤਾਨ ਦਾ ਸੰਵਿਧਾਨ ਬਣ ਰਿਹਾ ਸੀ। ਪੰਜਾਬ ਅਸੈਂਬਲੀ ਅਤੇ ਸੰਵਿਧਾਨ ਸਭਾ ਦੇ ਅਕਾਲੀ ਮੈਂਬਰਾਂ ਨੇ ਸਰਕਾਰ ਨੂੰ ਇਕ ਯਾਦ-ਪੱਤਰ ਦੇ ਕੇ ਮੰਗ ਕੀਤੀ ਕਿ ਸਰਕਾਰ ਸਿੱਖਾਂ ਨਾਲ ਆਜ਼ਾਦੀ ਤੋਂ ਪਹਿਲਾਂ ਦੇ ਕੀਤੇ ਵਚਨ ਪੂਰੇ ਕਰੇ, ਸਿਖ ਕੌਮ ਦੀ ਮਹਾਨਤਾ ਅਨੁਸਾਰ ਸੰਵਿਧਾਨ ਵਿਚ ਉਨ੍ਹਾਂ ਦੀ ਸੁਰੱਖਿਆ ਦਾ ਪੂਰਾ ਪ੍ਰਬੰਧ ਕੀਤਾ ਜਾਏ ਅਤੇ ਸੰਵਿਧਾਨ ਅਸਲੀ ਫ਼ੈਡਰਲ ਲੀਹਾਂ ਤੇ ਉਲੀਕਿਆ ਜਾਏ। ਪਰ ਉਨ੍ਹਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਾ ਦਿੱਤਾ ਗਿਆ। ਜਦ ਅਕਾਲੀ ਦਲ ਨੇ ਆਪਣੀਆਂ ਮੰਗਾਂ ਦੀ ਸਚਿਆਈ ਪ੍ਰਗਟ ਕਰਨ ਲਈ ਦਿੱਲੀ

ਵਿਚ ਮੁਜ਼ਾਹਿਰਾ ਕਰਨ ਦਾ ਫ਼ੈਸਲਾ ਕੀਤਾ ਤਾਂ ਸਰਕਾਰ ਨੇ ਪਹਿਲਾਂ ਮਾਸਟਰ ਤਾਰਾ ਸਿੰਘ ਨੂੰ ਤੇ ਫਿਰ ਹੋਰ ਕਈ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਨਤੀਜਾ ਇਹ ਹੋਇਆ ਕਿ ਸੰਵਿਧਾਨ ਸਭਾ ਦੇ ਦੋਹਾਂ ਸਿਖ ਮੈਂਬਰਾਂ—ਸ. ਹੁਕਮ ਸਿੰਘ ਤੇ ਸ. ਭੂਪਿੰਦਰ ਸਿੰਘ ਮਾਨ ਨੇ ਸੰਵਿਧਾਨ ਉੱਤੇ ਦਸਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ। ਸੋ ਸਾਰੇ ਇਕਰਾਰਾਂ ਨੂੰ ਅੱਖੋਂ ਉਹਲੇ ਕਰ ਕੇ ਹਿੰਦੁਸਤਾਨ ਦਾ ਸੰਵਿਧਾਨ ਸਿੱਖਾਂ ਦੀ ਸਹਿਮਤੀ ਤੋਂ ਬਗ਼ੈਰ ਹੀ ਪਾਸ ਕਰ ਦਿੱਤਾ ਗਿਆ। ਅਸਲ ਮਨਸ਼ਾ ਸੀ ਸਿੱਖਾਂ ਨੂੰ ਆਪਣੇ ਦਬੇਲ ਬਣਾ ਕੇ ਰਖਣਾ ਤੇ ਉੱਠਣ ਨਾ ਦੇਣਾ। ਜਦ ਪੰਜਾਬੀ ਸੂਬੇ ਦਾ ਮੋਰਚਾ ਲੱਗਣ ਤੋਂ ਪਹਿਲਾਂ ਮਾਸਟਰ ਜੀ ਨੇ ਪੰਡਿਤ ਨਹਿਰੂ ਨੂੰ ਆਖਿਆ ਕਿ ਕਾਂਗਰਸ ਨੇ ਸਿੱਖਾਂ ਨਾਲ ਕੀਤੇ ਬਚਨ ਪੂਰੇ ਨਹੀਂ ਕੀਤੇ, ਤਾਂ ਉਨ੍ਹਾਂ ਬੜੀ ਢੀਠਤਾ ਨਾਲ ਉੱਤਰ ਦਿੱਤਾ, "ਹੁਣ ਸਮਾਂ ਬਦਲ ਗਿਆ ਹੈ।"

ਇਸ ਵੇਲੇ ਪੰਜਾਬ ਵਿਚ ਹਿੰਦੂਆਂ ਦੀ ਵੱਸੋਂ 65 ਪ੍ਰਤੀਸ਼ਤ ਤੋਂ ਵੀ ਵੱਧ ਸੀ, ਇਸ ਲਈ ਹਕੂਮਤ ਵਿਚ ਉਨ੍ਹਾਂ ਦਾ ਭਾਰੀ ਗ਼ਲਬਾ ਸੀ ਅਤੇ ਫ਼ਿਰਕੂ ਹਿੰਦੂ ਆਗੂ ਇਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦਾ ਗ਼ਲਬਾ ਘਟੇ। ਸੋ ਅਕਾਲੀ ਦਲ ਨੇ ਸਭ ਹੀਲੇ ਬੇਕਾਰ ਹੁੰਦੇ ਵੇਖ ਕੇ ਫ਼ੈਸਲਾ ਕੀਤਾ ਕਿ ਪੰਜਾਬੀ-ਭਾਸ਼ੀ ਇਲਾਕਿਆਂ ਦਾ ਵਖਰਾ ਪੰਜਾਬੀ ਸੂਬਾ ਬਣਾਣ ਦੀ ਮੰਗ ਕੀਤੀ ਜਾਏ। ਇਹ ਮੰਗ ਹਰੇਕ ਪੱਖ ਤੋਂ ਵਾਜਬ, ਹੱਕੀ, ਵਿਧਾਨਿਕ ਤੇ ਗ਼ੈਰ-ਫ਼ਿਰਕੂ ਸੀ ਅਤੇ ਕਾਂਗਰਸ ਦੇ ਆਪਣੇ ਬਣਾਏ ਹੋਏ ਇਸ ਸਿਧਾਂਤ ਦੇ ਅਨੁਕੂਲ ਸੀ ਕਿ ਭਾਸ਼ਾ ਦੇ ਅਧਾਰ ਤੇ ਪ੍ਰਾਂਤਾਂ ਦੀ ਨਵੇਂ ਸਿਰੇ ਹੱਦਬੰਦੀ ਹੋਣੀ ਚਾਹੀਦੀ ਹੈ। ਇੱਸੇ ਅਸੂਲ ਅਨੁਸਾਰ ਆਂਧਰਾ-ਪ੍ਰਦੇਸ਼, ਕਰਨਾਟਕ ਤੇ ਕੇਰਲ ਦੇ ਨਵੇਂ ਸੂਬੇ ਬਣਾਏ ਵੀ ਗਏ ਸਨ। ਪੰਜਾਬੀ ਸੂਬੇ ਵਿਚ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਫ਼ੀਰੋਜ਼ਪੁਰ ਤੇ ਅੰਬਾਲਾ ਅਤੇ ਪਾਨੀਪਤ ਦੀ ਤਹਿਸੀਲ ਛਡ ਕੇ ਕਰਨਾਲ ਦਾ ਜ਼ਿਲ੍ਹਾ ਅਤੇ ਹਿਸਾਰ ਵਿੱਚੋਂ ਸਰਸਾ, ਫ਼ਤਿਹਾਬਾਦ ਦੀਆਂ ਤਹਿਸੀਲਾਂ ਤੇ ਗੂਹਲਾ ਸਬ ਤਹਿਸੀਲ ਸ਼ਾਮਲ ਕਰਨ ਦੀ ਮੰਗ ਕੀਤੀ ਗਈ। ਇਸ ਨਵੇਂ ਪੰਜਾਬ ਵਿਚ ਸਿੱਖਾਂ ਦੀ ਆਬਾਦੀ 35 ਪ੍ਰਤੀਸ਼ਤ ਤੋਂ ਵਧ ਕੇ 42 ਪ੍ਰਤੀਸ਼ਤ ਹੋ ਜਾਂਦੀ ਸੀ ਤੇ ਇਸ ਤਰ੍ਹਾਂ ਉਹ ਹਿੰਦੂਆਂ ਦੇ ਭਾਰੀ ਗ਼ਲਬੇ ਤੋਂ ਬਹੁਤ ਹੱਦ ਤਕ ਸੁਰੱਖਿਅਤ ਹੋ ਜਾਂਦੇ ਸਨ, ਪਰ ਆਰੀਆ ਸਮਾਜੀਆਂ ਤੇ ਫ਼ਿਰਕੂ ਹਿੰਦੂਆਂ ਨੇ ਰੌਲਾ ਪਾਇਆ ਕਿ ਪੰਜਾਬੀ ਸੂਬੇ ਦੇ ਪਰਦੇ ਹੇਠ ਇਹ ਸਿਖ ਸੂਬੇ ਦੀ ਮੰਗ ਹੈ ਅਤੇ ਕੇਂਦਰੀ ਸਰਕਾਰ ਨੇ ਹਿੰਦੂਆਂ ਦੇ ਦਬਾਅ ਹੇਠ ਇਹ ਹੱਕੀ ਮੰਗ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ। ਪ੍ਰਧਾਨ ਮੰਤਰੀ ਪੰਡਿਤ ਨਹਿਰੂ ਹਰ ਵਾਰੀ ਇਹ ਗੋਲ ਮੋਲ ਬਿਆਨ ਜ਼ਰੂਰ ਦੇ ਦੇਂਦੇ ਸਨ ਕਿ ਮੋਟੇ ਤੌਰ ਤੇ ਮੌਜੂਦਾ ਪੰਜਾਬ ਵੀ ਪੰਜਾਬੀ ਸੂਬਾ ਹੀ ਹੈ, ਕਿਉਂਕਿ ਇਸ ਦੀ ਪ੍ਰਮੁਖ ਭਾਸ਼ਾ ਪੰਜਾਬੀ ਹੈ, ਪਰ ਪੰਜਾਬੀ ਨੂੰ ਸਰਕਾਰੀ ਜਾਂ ਦਫ਼ਤਰੀ ਭਾਸ਼ਾ ਬਣਾਣ ਲਈ ਉਹ ਕੋਈ ਕਦਮ ਚੁੱਕਣ ਲਈ ਤਿਆਰ ਨਹੀਂ ਸਨ।

ਇਨ੍ਹਾਂ ਹਾਲਾਤ ਹੇਠ ਅਕਾਲੀ ਦਲ ਨੇ ਪੰਜਾਬੀ ਸੂਬਾ ਬਣਵਾਣ ਲਈ ਅੰਦੋਲਨ ਸ਼ੁਰੂ ਕਰਨ ਦਾ ਫ਼ੈਸਲਾ ਕਰ ਲਿਆ। ਸ਼੍ਰੋਮਣੀ ਕਮੇਟੀ ਦੀਆਂ ਜੋ ਚੋਣਾਂ 1955 ਦੇ ਸ਼ੁਰੂ ਵਿਚ ਹੋਈਆਂ, ਉਹ ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਮੁੱਦੇ ਉੱਤੇ ਲੜੀਆਂ। ਦੂਜੇ ਪਾਸੇ ਕਾਂਗਰਸੀ ਸਿੱਖਾਂ ਨੇ, ਜੋ ਪੰਜਾਬ ਵਜ਼ਾਰਤ ਵਿਚ ਸ਼ਾਮਲ ਸਨ, 'ਖ਼ਾਲਸਾ ਦਲ' ਦੇ ਨਾਂ ਦੀ ਇਕ ਸੰਸਥਾ ਬਣਾ ਕੇ ਆਪਣੇ 132 ਉਮੀਦਵਾਰ ਖੜੇ ਕਰ ਦਿੱਤੇ ਅਤੇ ਇਨ੍ਹਾਂ ਨੂੰ ਜਿਤਾਣ ਲਈ ਸਰਕਾਰੀ ਅਸਰ-ਰਸੂਖ਼ ਦੀ ਭਰਪੂਰ ਵਰਤੋਂ ਕੀਤੀ, ਫਿਰ ਵੀ ਇਨ੍ਹਾਂ ਵਿੱਚੋਂ ਕੇਵਲ ਤਿੰਨ ਉਮੀਦਵਾਰ ਕਾਮਯਾਬ ਹੋ ਸਕੇ। ਦੂਜੇ ਪਾਸੇ ਅਕਾਲੀ ਦਲ ਨੇ 112 ਉਮੀਦਵਾਰ ਖੜੇ ਕੀਤੇ ਸਨ, ਜੋ ਸਾਰੇ ਦੇ ਸਾਰੇ ਸਫ਼ਲ ਹੋ ਗਏ। ਇਸ ਤਰ੍ਹਾਂ ਇਹ ਸਾਬਤ ਹੋ ਗਿਆ ਕਿ ਪੰਜਾਬੀ ਸੂਬੇ ਦੇ ਸੁਆਲ ਉੱਤੇ ਸਮੁੱਚੀ ਸਿਖ ਕੌਮ

ਅਕਾਲੀ ਦਲ ਦੇ ਨਾਲ ਹੈ। ਇਸ ਸਪੱਸ਼ਟ ਆਦੇਸ਼ ਤੋਂ ਬਾਅਦ ਥਾਂ ਥਾਂ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਹਰੇ ਲਗਣੇ ਸ਼ੁਰੂ ਹੋ ਗਏ।

(ੳ) ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਪਹਿਲਾ ਮੋਰਚਾ—ਮਈ 1955

ਅਜੇ ਕੋਈ ਅੰਦੋਲਨ ਬਾਕਾਇਦਾ ਸ਼ੁਰੂ ਨਹੀਂ ਹੋਇਆ ਸੀ ਕਿ ਪੰਜਾਬ ਦੀ ਸੱਚਰ ਸਰਕਾਰ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਹਰੇ ਉੱਤੇ ਪਾਬੰਦੀ ਲਾ ਦਿੱਤੀ। ਇਹ ਕਿੰਨੀ ਹਾਸੋਹੀਣੀ ਗੱਲ ਸੀ ਕਿ ਜਿੱਥੇ ਭਾਰਤ ਵਿਚ ਭਾਸ਼ਾ ਦੇ ਆਧਾਰ ਉੱਤੇ ਕਈ ਪ੍ਰਾਂਤਾਂ ਦੀ ਨਵੇਂ ਸਿਰੇ ਹੱਦਬੰਦੀ ਹੋ ਰਹੀ ਸੀ, ਉੱਥੇ ਪੰਜਾਬ ਵਿਚ ਸਿੱਖਾਂ ਨੂੰ ਇੰਨੀ ਖੁਲ੍ਹ ਵੀ ਨਹੀਂ ਸੀ ਕਿ ਉਹ ਨਿਰੋਲ ਭਾਸ਼ਾ ਦੇ ਅਧਾਰ ਤੇ ਪੰਜਾਬੀ ਸੂਬਾ ਬਣਾਨ ਦੀ ਮੰਗ ਕਰ ਸਕਣ। ਮਾਸਟਰ ਤਾਰਾ ਸਿੰਘ ਤਾਂ ਚਾਹੁੰਦੇ ਹੀ ਇਹ ਸਨ ਕਿ ਸਰਕਾਰ ਕੋਈ ਇਹੋ ਜਿਹਾ ਗ਼ੈਰ-ਲੋਕ-ਰਾਜੀ ਤੇ ਅਨਿਆਈਂ ਕਦਮ ਚੁੱਕੇ, ਜਿਸ ਦਾ ਵਿਰੋਧ ਕਰਨਾ ਨਿਆਂਪੂਰਨ ਹੋਵੇ ਤੇ ਸਰਕਾਰ ਆਪਣਾ ਕਦਮ ਵਾਪਸ ਲੈਣ ਲਈ ਮਜਬੂਰ ਹੋ ਜਾਏ। ਸੋ ਉਨ੍ਹਾਂ ਨੇ ਐਲਾਨ ਕਰ ਦਿੱਤਾ ਕਿ ਜੇ 10 ਮਈ 1955 ਤਕ ਸਰਕਾਰ ਨੇ ਇਸ ਨਾਹਰੇ ਤੋਂ ਪਾਬੰਦੀ ਨਾ ਹਟਾਈ, ਤਾਂ ਉਹ ਸ਼ਾਂਤਮਈ ਸਤਿਆਗ੍ਰਹਿ ਸ਼ੁਰੂ ਕਰ ਦੇਣਗੇ। ਇਹ ਵੀ ਫ਼ੈਸਲਾ ਹੋਇਆ ਕਿ ਜੋ ਜਥੇ ਸਤਿਆਗ੍ਰਹਿ ਲਈ ਜਾਣ, ਉਹ ਕੇਵਲ ਚਾਰ ਨਾਹਰੇ ਲਾਣ : ਪੰਜਾਬੀ ਸੂਬਾ ਜ਼ਿੰਦਾਬਾਦ, ਹਰਿਆਣਾ ਪ੍ਰਾਂਤ ਜ਼ਿੰਦਾਬਾਦ, ਹਿੰਦੂ-ਸਿੱਖ ਏਕਤਾ ਜ਼ਿੰਦਾਬਾਦ ਤੇ ਸਤਿ ਸ੍ਰੀ ਅਕਾਲ।

ਜਦ 10 ਮਈ ਤਕ ਇਹ ਪਾਬੰਦੀ ਨਾ ਹਟਾਈ ਗਈ, ਤਾਂ ਮਾਸਟਰ ਜੀ ਨੇ 10 ਹੋਰ ਅਕਾਲੀਆਂ ਸਮੇਤ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਬਾਹਰ ਨਿਕਲ ਕੇ ਇਹ ਨਾਹਰੇ ਲਾਏ। ਇਸ ਉੱਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ। ਮੋਰਚਾ ਸ਼ੁਰੂ ਹੋ ਗਿਆ। 15 ਮਈ ਤਕ ਸਰਕਾਰ ਨੇ ਲਗ ਪਗ ਇਕ ਹਜ਼ਾਰ ਸਤਿਆਗ੍ਰਹੀਆਂ, ਉੱਘੇ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਫ਼ੈਸਲਾ ਕੀਤਾ ਕਿ 6 ਜੂਨ ਨੂੰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਉੱਤੇ ਥਾਂ ਥਾਂ ਇਹ ਨਾਹਰੇ ਲਾ ਕੇ ਗ੍ਰਿਫ਼ਤਾਰੀਆਂ ਦਿੱਤੀਆਂ ਜਾਣ। ਕਰਨਾਲ ਦੇ ਜ਼ਿਲ੍ਹੇ ਵਿਚ ਸ਼ੇਖ਼ੂਪੁਰਾ ਤੇ ਗੁਜਰਾਂਵਾਲਾ ਤੋਂ ਆਏ ਹੋਏ ਸਿਖ ਭਾਰੀ ਗਿਣਤੀ ਵਿਚ ਆਬਾਦ ਸਨ। ਸੁਤੰਤਰਤਾ ਤੋਂ ਪਹਿਲਾਂ ਉਹ ਹਰੇਕ ਸਿਖ ਅੰਦੋਲਨ ਵਿਚ ਭਰਪੂਰ ਹਿੱਸਾ ਲੈਂਦੇ ਰਹੇ ਸਨ ਤੇ ਭਾਵੁਕ ਤੌਰ ਤੇ ਅਕਾਲੀ ਦਲ ਨਾਲ ਜੁੜੇ ਹੋਏ ਸਨ। ਉਂਜ ਬਹੁਤ ਹੱਦ ਤਕ ਉਨ੍ਹਾਂ ਨੂੰ ਇਹ ਵੀ ਖ਼ਿਆਲ ਸੀ ਕਿ ਕਰਨਾਲ ਦਾ ਜ਼ਿਲ੍ਹਾ ਪੰਜਾਬੀ ਸੂਬੇ ਦਾ ਹਿੱਸਾ ਬਣੇਗਾ। ਸੋ ਕਰਨਾਲ ਵਿਚ ਇਹ ਦਿਨ ਮਨਾਣ ਲਈ ਜ਼ਿਲ੍ਹੇ ਤੇ ਸ਼ਹਿਰ ਦੇ ਅਕਾਲੀ ਆਗੂਆਂ ਨੇ ਫ਼ੈਸਲਾ ਕੀਤਾ ਕਿ ਇਸ ਦਿਨ ਗੁਰਦੁਆਰਾ ਮੰਜੀ ਸਾਹਿਬ ਵਿਚ ਇਕ ਉਚੇਚਾ ਦੀਵਾਨ ਲਾਇਆ ਜਾਏ, ਜਿਸ ਵਿਚ ਕੇਵਲ ਮੇਰੀ (ਗਿਆਨੀ ਲਾਲ ਸਿੰਘ ਦੀ) ਤਕਰੀਰ ਹੋਵੇ ਤੇ ਉਸ ਤੋਂ ਬਾਅਦ ਉੱਘੇ ਅਕਾਲੀ ਆਗੂ ਤੇ ਵਰਕਰ ਨਾਹਰੇ ਲਾਂਦੇ ਹੋਏ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰਨ। ਮੈਂ ਕਦੀ ਕਦੀ ਗੁਰਪੁਰਬਾਂ ਉੱਤੇ ਥੋੜਾ ਬਹੁਤ ਬੋਲਦਾ ਹੁੰਦਾ ਸਾਂ, ਪਰ ਨਿਰੋਲ ਰਾਜਨੀਤੀ ਬਾਰੇ ਮੇਰੀ ਇਹ ਪਹਿਲੀ ਤਕਰੀਰ ਸੀ। ਮੇਰੇ ਬੱਚੇ ਮੇਰੇ ਨਰਮ ਸੁਭਾਅ ਤੋਂ ਵਾਕਫ਼ ਸਨ। ਘਰੋਂ ਟੁਰਨ ਤੋਂ ਪਹਿਲਾਂ ਮੇਰੇ ਇਕ ਲੜਕੇ ਨੇ ਮੈਨੂੰ ਆਖਿਆ ਕਿ, "ਪਿਤਾ ਜੀ! ਤੁਸੀਂ ਹਮੇਸ਼ਾ ਨਰਮ ਤੇ ਢਿੱਲੀ ਜਿਹੀ ਤਕਰੀਰ ਕਰਦੇ ਹੋ; ਅੱਜ ਜ਼ਰਾ ਗਰਮਾ ਗਰਮ ਤੇ ਜੋਸ਼ੀਲਾ ਭਾਸ਼ਣ ਦੇਣਾ।" ਪਰ ਮੈਂ ਤਾਂ ਆਪਣਾ ਮਨ ਪਹਿਲਾਂ ਹੀ ਬਣਾ ਚੁਕਾ ਸਾਂ। ਸੋ ਮੈਂ ਆਪਣੀ ਤਕਰੀਰ ਸ਼ੁਰੂ ਹੀ ਇਨ੍ਹਾਂ ਸ਼ਬਦਾਂ ਤੋਂ ਕੀਤੀ ਕਿ ਅੱਜ ਜੋਸ਼ ਬਹੁਤ ਜ਼ਿਆਦਾ ਹੈ, ਪਰ ਇਸ ਜੋਸ਼ ਵਿਚ ਅਸਾਂ ਆਪਣੀ

ਹੋਸ਼ ਤੇ ਸੋਚ-ਵਿਚਾਰ ਨੂੰ ਵੀ ਕਾਇਮ ਰਖਣਾ ਹੈ। ਮੇਰੀ ਤਕਰੀਰ ਦਾ ਸਾਰ ਇਹ ਸੀ ਕਿ "ਸਾਡੀ ਪੰਜਾਬੀ ਸੂਬੇ ਦੀ ਮੰਗ ਨਿਰੋਲ ਸੰਵਿਧਾਨਕ, ਹੱਕੀ, ਨਿਆਂਪੂਰਨ ਤੇ ਲੋਕ-ਰਾਜੀ ਕਦਰਾਂ-ਕੀਮਤਾਂ ਦੇ ਅਨੁਕੂਲ ਹੈ। ਸਾਡਾ ਇਤਿਹਾਸ ਦਸਦਾ ਹੈ ਕਿ ਅਸੀਂ ਹੋਰ ਧਰਮਾਂ ਦੇ ਬੁਨਿਆਦੀ ਹੱਕਾਂ ਤੇ ਵਿਚਾਰਾਂ ਦੀ ਆਜ਼ਾਦੀ ਲਈ ਆਪਣਾ ਬਲੀਦਾਨ ਦੇਂਦੇ ਆ ਰਹੇ ਹਾਂ। ਹੁਣ ਜਦ ਸਾਨੂੰ ਸਾਡੇ ਆਪਣੇ ਅਧਿਕਾਰਾਂ ਤੋਂ ਵਾਂਝਿਆਂ ਰੱਖਿਆ ਜਾ ਰਿਹਾ ਹੈ ਤੇ ਸਾਡੇ ਨਾਲ ਸਰਾਸਰ ਵਿਤਕਰਾ ਹੋ ਰਿਹਾ ਹੈ, ਤਾਂ ਸਾਨੂੰ ਹਰੇਕ ਨੂੰ ਹਰੇਕ ਕੁਰਬਾਨੀ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਪਰ ਇਸ ਹੱਕ ਦੀ ਬਹਾਲੀ ਲਈ ਜਤਨ ਕਰਦਿਆਂ ਸਾਨੂੰ ਪੂਰਨ ਤੌਰ ਤੇ ਸ਼ਾਂਤਮਈ ਰਹਿਣਾ ਹੋਵੇਗਾ...।" ਮੇਰੀ ਤਕਰੀਰ ਤੋਂ ਬਾਅਦ ਸ. ਬੂਟਾ ਸਿੰਘ ਵਕੀਲ, ਸ. ਅਵਤਾਰ ਸਿੰਘ ਖ਼ਾਲਸਾ, ਸ. ਪਿਆਰਾ ਸਿੰਘ ਆਦਿ ਲਗ ਪਗ 25 ਪ੍ਰਮੁੱਖ ਆਗੂਆਂ ਨੇ ਆਪਣੀਆਂ ਗ੍ਰਿਫ਼ਤਾਰੀਆਂ ਦਿੱਤੀਆਂ। ਦੀਵਾਨ ਦੀ ਸਮਾਪਤੀ ਤੋਂ ਬਾਅਦ ਬਾਹਰ ਨਿਕਲ ਕੇ ਮੈਂ ਥਾਣੇਦਾਰ ਸਾਹਿਬ ਨੂੰ ਪੁੱਛਿਆ ਕਿ ਕੀ ਮੇਰੇ ਵੀ ਵਾਰੰਟ ਹਨ, ਤਾਂ ਉਨ੍ਹਾਂ ਨੇ ਨਾਂਹ ਵਿਚ ਜਵਾਬ ਦਿੱਤਾ। ਅਸਲ ਗੱਲ ਇਹ ਸੀ ਕਿ ਉੱਘਾ ਲੀਡਰ ਹੋਣਾ ਤਾਂ ਕਿਤੇ ਰਿਹਾ, ਮੈਂ ਤਾਂ ਅਕਾਲੀ ਦਲ ਦਾ ਸਧਾਰਨ ਮੈਂਬਰ ਵੀ ਨਹੀਂ ਸਾਂ ਤੇ ਨਾ ਪੁਲਿਸ ਦੇ ਰਜਿਸਟਰਾਂ ਵਿਚ ਕਿਤੇ ਮੇਰਾ ਨਾਂ ਸੀ ਕਿ ਮੈਨੂੰ ਗ੍ਰਿਫ਼ਤਾਰ ਕਰਨਾ ਜ਼ਰੂਰੀ ਸਮਝਿਆ ਜਾਂਦਾ। ਇਸ ਤੋਂ ਬਾਅਦ ਤਿੰਨ-ਤਿੰਨ ਚਾਰ-ਚਾਰ ਦਿਨਾਂ ਦੇ ਵਕਫ਼ੇ ਬਾਅਦ ਪਿੰਡਾਂ ਵਿਚੋਂ ਛੋਟੇ ਛੋਟੇ ਜਥੇ ਗ੍ਰਿਫ਼ਤਾਰੀ ਲਈ ਆਉਂਦੇ ਰਹੇ ਤੇ ਗੁਰਦੁਆਰਾ ਮੰਜੀ ਸਾਹਿਬ ਵਿਚ ਮੇਰੀ ਸੰਖੇਪ ਜਿਹੀ ਤਕਰੀਰ ਤੋਂ ਬਾਅਦ ਗ੍ਰਿਫ਼ਤਾਰ ਹੁੰਦੇ ਰਹੇ। 21 ਜੂਨ ਨੂੰ ਪ੍ਰਸਿਧ ਅਕਾਲੀ ਆਗੂ ਜਥੇਦਾਰ ਕਰਤਾਰ ਸਿੰਘ ਝੱਬਰ ਆਪਣੇ ਅੱਧੀ ਦਰਜਨ ਸਾਥੀਆਂ ਸਮੇਤ ਗ੍ਰਿਫ਼ਤਾਰ ਹੋਏ। ਜਦ ਮੈਂ ਤਕਰੀਰ ਕਰ ਕੇ ਉਨ੍ਹਾਂ ਨੂੰ ਭੇਜ ਚੁਕਾ, ਤਾਂ ਇਕ ਚਿੱਟ-ਕਪੜੀਏ ਪੁਲਸੀਏ ਨੇ ਮੈਨੂੰ ਆਖਿਆ ਕਿ ਅੱਜ ਤੁਹਾਨੂੰ ਵੀ ਗ੍ਰਿਫ਼ਤਾਰ ਕਰਨਾ ਹੈ। ਮੈਂ ਤਾਂ ਹਰ ਵੇਲੇ ਇਹਦੇ ਲਈ ਤਿਆਰ ਰਹਿੰਦਾ ਸਾਂ। ਝਟ ਪਟ ਘਰ ਸੁਨੇਹਾ ਭੇਜ ਕੇ ਬਿਸਤਰਾ ਤੇ ਕਪੜੇ ਮੰਗਾ ਲਏ। ਉਸ ਵੇਲੇ ਗਿਆਨੀ ਪ੍ਰੀਖਿਆ ਦੇ ਪਰਚੇ ਵੇਖਣ ਲਈ ਮੇਰੇ ਕੋਲ ਆਏ ਹੋਏ ਸਨ ਤੇ ਕੁਝ ਪਰਚਿਆਂ ਦੇ ਨੰਬਰ ਲਗਾਣੇ ਬਾਕੀ ਸਨ। ਉਹ ਪਰਚੇ ਵੀ ਮੰਗਾਏ ਤੇ ਮੈਂ ਜਥੇ ਦੇ ਨਾਲ ਹੀ ਗ੍ਰਿਫ਼ਤਾਰ ਹੋ ਗਿਆ। ਉਸ ਰਾਤ ਸਾਨੂੰ ਸ਼ਹਿਰ ਦੀ ਹਵਾਲਾਤ ਵਿਚ ਹੀ ਰਖਿਆ ਗਿਆ, ਜਿੱਥੇ ਮੈਨੂੰ ਪਹਿਲੀ ਵਾਰੀ ਇਹ ਪਤਾ ਲੱਗਾ ਕਿ ਸਾਡੇ ਕਾਂਗਰਸੀ ਹਾਕਮ ਆਪਣੇ ਰਾਜਨੀਤਿਕ ਵਿਰੋਧੀਆਂ ਨਾਲ ਅਜੇ ਵੀ ਚੋਰਾਂ ਤੇ ਬਦਮਾਸ਼ਾਂ ਵਾਲਾ ਵਰਤਾਉ ਕਰ ਰਹੇ ਸਨ। ਖ਼ੈਰ! ਦੂਜੇ ਦਿਨ ਅਦਾਲਤ ਵਿਚ ਪੇਸ਼ ਕਰ ਕੇ ਸਾਨੂੰ ਜੇਲ੍ਹ ਭੇਜ ਦਿੱਤਾ ਗਿਆ। ਉੱਥੇ ਜਾਂਦਿਆਂ ਹੀ ਖ਼ਬਰ ਮਿਲੀ ਕਿ ਇਸ ਜੇਲ੍ਹ ਵਿਚ ਹੋਰ ਅਕਾਲੀ ਕੈਦੀਆਂ ਨੂੰ ਰੱਖਣ ਦੀ ਗੁੰਜਾਇਸ਼ ਨਹੀਂ, ਇਸ ਲਈ ਸਾਨੂੰ ਸਭ ਨੂੰ ਕਲ੍ਹ ਸਵੇਰੇ ਹਿਸਾਰ ਜੇਲ੍ਹ ਵਿਚ ਭੇਜ ਦਿੱਤਾ ਜਾਇਗਾ। ਮੈਂ ਦਿਨ-ਰਾਤ ਇਕ ਕਰ ਕੇ ਰਹਿੰਦੇ ਪਰਚੇ ਵੇਖ ਲਏ ਤੇ ਐਵਾਰਡ-ਸ਼ੀਟਾਂ ਵੀ ਤਿਆਰ ਕਰ ਲਈਆਂ।

ਦੂਜੇ ਦਿਨ ਸਵੇਰੇ ਹੀ ਸਾਡੀ ਹਿਸਾਰ-ਬਦਲੀ ਦੀ ਖ਼ਬਰ ਸ਼ਹਿਰ ਵਿਚ ਫੈਲ ਚੁਕੀ ਸੀ ਅਤੇ ਹੋਰਨਾਂ ਤੋਂ ਛੁੱਟ ਮੇਰੇ ਘਰ ਦੇ ਕਈ ਬੰਦੇ ਤੇ ਰਿਸ਼ਤੇਦਾਰ ਮੈਨੂੰ ਮਿਲਣ ਲਈ ਜੇਲ੍ਹ ਦੇ ਦਰਵਾਜ਼ੇ ਦੇ ਬਾਹਰ ਖੜੇ ਸਨ। ਮੈਂ ਪਰਚੇ ਆਪਣੇ ਵੱਡੇ ਪੁੱਤਰ ਦੇ ਹਵਾਲੇ ਕੀਤੇ ਕਿ ਮੁਹਰ-ਬੰਦ ਕਰ ਕੇ ਯੂਨੀਵਰਸਿਟੀ ਨੂੰ ਭੇਜ ਦੇਵੇ। ਹੁਣ ਸੁਆਲ ਸੀ, ਸਾਨੂੰ ਸਟੇਸ਼ਨ ਤੇ ਪਹੁੰਚਾਣ ਦਾ। ਜੇਲ੍ਹ ਤੋਂ ਬਾਹਰ ਕਢ ਕੇ ਸਾਨੂੰ ਸਭ ਨੂੰ ਹੱਥਕੜੀਆਂ ਲਾ ਦਿੱਤੀਆਂ ਗਈਆਂ ਤੇ ਹੁਕਮ ਹੋਇਆ ਕਿ ਅਸੀਂ ਆਪੋ ਆਪਣੇ ਬਿਸਤਰੇ ਤੇ ਹੋਰ ਸਾਮਾਨ ਚੁਕ ਕੇ ਪੈਦਲ ਸਟੇਸ਼ਨ ਵੱਲ ਮਾਰਚ ਕਰੀਏ। ਮੈਂ ਇਤਰਾਜ਼ ਕੀਤਾ ਕਿ ਇਹ ਗੱਲ ਤਾਂ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਕਿ ਅਸੀਂ ਹੱਥਕੜੀਆਂ ਸਮੇਤ ਸਾਮਾਨ

ਚੁਕ ਕੇ ਪੈਦਲ ਤੁਰੀਏ। ਸੋ ਜਾਂ ਤਾਂ ਹੱਥਕੜੀਆਂ ਉਤਾਰ ਦਿਓ ਜਾਂ ਸਾਨੂੰ ਸਟੇਸ਼ਨ ਤਕ ਲਿਜਾਣ ਲਈ ਬੱਸਾਂ ਦਾ ਪ੍ਰਬੰਧ ਕਰੋ। ਗੱਲ ਜਾਇਜ਼ ਸੀ ਤੇ ਕੁਝ ਜੱਕੋ-ਤੱਕੋ ਬਾਅਦ ਪੁਲਿਸ ਨੂੰ ਮੰਨਣੀ ਪਈ। ਬੜੀ ਤੇਜ਼ੀ ਨਾਲ ਟਰੱਕਾਂ ਦਾ ਪ੍ਰਬੰਧ ਕਰ ਕੇ ਸਾਨੂੰ ਸਟੇਸ਼ਨ ਤੇ ਪਹੁੰਚਾਇਆ ਗਿਆ। ਪਰ ਅਜੇ ਅਸੀਂ ਸਾਰੇ ਟਰੱਕਾਂ ਤੋਂ ਉਤਰੇ ਵੀ ਨਹੀਂ ਸਾਂ ਕਿ ਹਿਸਾਰ ਵਾਲੀ ਗੱਡੀ ਰਵਾਨਾ ਹੋ ਗਈ। ਉਨ੍ਹਾਂ ਹੀ ਟਰੱਕਾਂ ਉੱਤੇ ਸਾਨੂੰ ਫਿਰ ਵਾਪਸ ਜੇਲ੍ਹ ਲਿਆਂਦਾ ਗਿਆ। ਛੇਤੀ ਨਾਲ ਦੁਪਹਿਰ ਦੀ ਰੋਟੀ ਤਿਆਰ ਕਰ ਕੇ ਖੁਆਈ ਗਈ ਤੇ ਬੱਸਾਂ ਉੱਤੇ ਪਾਨੀਪਤ ਲਿਆਂਦਾ ਗਿਆ। ਹਿਸਾਰ ਜਾਣ ਵਾਲੀ ਗੱਡੀ ਦੇ ਦੋ ਤਿੰਨ ਡੱਬੇ ਖ਼ਾਲੀ ਕਰਾ ਕੇ ਸਾਨੂੰ ਉਨ੍ਹਾਂ ਵਿਚ ਬਿਠਾਇਆ ਗਿਆ। ਸ਼ਾਮ ਨੂੰ ਚਿਰਾਕੇ ਜਿਹੇ ਅਸੀਂ ਹਿਸਾਰ ਜੇਲ੍ਹ ਪਹੁੰਚ ਗਏ।

ਇਹ ਜੇਲ੍ਹ ਪਹਿਲਾਂ ਹੀ ਅਕਾਲੀ ਸਤਿਆਗ੍ਰਹੀਆਂ ਨਾਲ ਭਰੀ ਪਈ ਸੀ ਤੇ ਇਸ ਵਿਚ ਬਹੁਤਾ ਕਰਕੇ ਗੁਰਦਾਸਪੁਰ, ਜਲੰਧਰ ਤੇ ਲੁਧਿਆਣੇ ਤੋਂ ਗ੍ਰਿਫ਼ਤਾਰ ਹੋ ਕੇ ਆਏ ਅਕਾਲੀ ਰਹਿ ਰਹੇ ਸਨ। ਸੋ ਸਾਡੀ ਰਿਹਾਇਸ਼ ਲਈ ਜੇਲ੍ਹ ਦੇ ਖੁਲ੍ਹੇ ਅਹਾਤੇ ਵਿਚ ਛੌਲਦਾਰੀਆਂ ਲਾਈਆਂ ਗਈਆਂ ਸਨ। ਸੁਤੰਤਰ ਭਾਰਤ ਵਿਚ ਮੇਰੀ ਇਹ ਪਹਿਲੀ ਜੇਲ੍ਹ-ਯਾਤਰਾ ਸੀ, ਜੋ ਮੈਂ ਆਪਣੀ ਖ਼ੁਸ਼ੀ ਨਾਲ ਤੇ ਮਨ ਦੀ ਤਸੱਲੀ ਲਈ ਵਿਹਾਜੀ ਸੀ। ਮੇਰੀ ਨੀਲੀ ਪੱਗ ਦੀ ਵੰਗਾਰ ਸੀ ਕਿ ਆਪਣੇ ਵਿੱਤ ਅਨੁਸਾਰ ਇਸ ਜਬਰ ਤੇ ਅਨਿਆਂ ਦੇ ਵਿਰੁੱਧ ਸੰਘਰਸ਼ ਵਿਚ ਹਿੱਸਾ ਲਵਾਂ। ਮੇਰੀ ਖ਼ੁਸ਼ਕਿਸਮਤੀ ਸੀ ਕਿ ਇਹ ਜੇਲ੍ਹ-ਯਾਤਰਾ ਮੈਨੂੰ ਹਰੇਕ ਪੱਖ ਤੋਂ ਸੰਤੋਸ਼-ਜਨਕ ਸਾਬਤ ਹੋਈ। 1953 ਵਿਚ ਅਸਾਂ ਆਪਣਾ ਗੁਜਰਾਂਵਾਲੇ ਦਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣੇ ਵਿਚ ਪੁਨਰ-ਸਥਾਪਤ ਕੀਤਾ ਸੀ। ਇਸ ਵਿਚ ਮੇਰਾ ਹਿੱਸਾ ਮੋਢੀਆਂ ਵਾਲਾ ਸੀ। ਮੈਂ ਕਾਲਜ-ਕੌਂਸਲ ਦਾ ਜਾਇੰਟ ਸਕੱਤਰ ਵੀ ਸਾਂ ਤੇ ਇਹਦੇ ਨਵ-ਨਿਰਮਾਣ ਲਈ ਮੈਨੂੰ ਲਗਾਤਾਰ ਲੁਧਿਆਣੇ ਰਹਿਣਾ ਪੈਂਦਾ ਸੀ, ਜਿਸ ਕਰਕੇ ਲੁਧਿਆਣੇ ਦੇ ਕੁਝ ਪ੍ਰਮੁਖ ਅਕਾਲੀ ਆਗੂ—ਸ. ਸੁਰਜਨ ਸਿੰਘ ਠੇਕੇਦਾਰ, ਸ. ਕੁਲਵੰਤ ਸਿੰਘ ਦੁਖੀਆ ਆਦਿ—ਮੈਨੂੰ ਨੇੜਿਓਂ ਜਾਣਦੇ ਸਨ ਤੇ ਮੇਰੀ ਭਾਸ਼ਨ-ਯੋਗਤਾ ਤੋਂ ਵੀ ਵਾਕਫ਼ ਸਨ। ਇਸ ਵੇਲੇ ਉਹ ਇੱਸੇ ਜੇਲ੍ਹ ਵਿਚ ਸਨ। ਜੇਲ੍ਹ ਦੇ ਖੁਲ੍ਹੇ ਮੈਦਾਨ ਵਿਚ ਹਰ ਰੋਜ਼ ਦੀਵਾਨ ਲਗਦਾ ਸੀ, ਜਿਸ ਵਿਚ ਆਮ ਤੌਰ ਤੇ ਸ਼ਬਦ-ਕੀਰਤਨ ਹੁੰਦਾ ਸੀ ਜਾਂ ਕਵਿਤਾਵਾਂ ਪੜ੍ਹੀਆਂ ਜਾਂਦੀਆਂ ਸਨ। ਇਨ੍ਹਾਂ ਸੱਜਣਾਂ ਨੇ ਮੈਨੂੰ ਆਖਿਆ ਕਿ ਮੈਂ ਹਰ ਰੋਜ਼ ਦੀਵਾਨ ਵਿਚ ਲੈਕਚਰ ਦਿਆ ਕਰਾਂ ਤੇ ਮੈਂ ਉਨ੍ਹਾਂ ਦਾ ਇਹ ਸੁਝਾਅ ਪ੍ਰਵਾਨ ਕਰ ਲਿਆ। ਹਰ ਰੋਜ਼ ਪੰਜਾਬੀ ਸੂਬੇ ਜਾਂ ਪੰਜਾਬੀ ਬੋਲੀ ਨਾਲ ਸੰਬੰਧਤ ਕਿਸੇ ਵਿਸ਼ੇ ਉੱਤੇ 20-25 ਮਿੰਟ ਦਾ ਲੈਕਚਰ ਹੋ ਜਾਂਦਾ। ਵਿਸ਼ੇ ਕਈ ਸਨ, ਜਿਹਾ ਕਿ ਪੰਜਾਬੀ ਹਿੰਦੂ ਕੋਰਾ ਝੂਠ ਬੋਲ ਕੇ ਆਪਣੀ ਮਾਤਰੀ ਭਾਸ਼ਾ ਹਿੰਦੀ ਦੱਸ ਰਹੇ ਹਨ, ਜਦ ਕਿ ਪੰਜਾਬ ਵਿਚ ਹਿੰਦੀ ਦਾ ਕੋਈ ਵਰਣਨ ਯੋਗ ਲੇਖਕ ਨਹੀਂ ਹੋਇਆ, ਪਰ ਪੰਜਾਬੀ ਵਿਚ ਉੱਚਤਮ ਸਾਹਿਤ ਰਚਣ ਵਾਲੇ ਦਰਜਨਾਂ ਹਿੰਦੂ ਲੇਖਕ—ਧਨੀ ਰਾਮ 'ਚਾਤ੍ਰਿਕ', ਬ੍ਰਿਜ ਲਾਲ ਸ਼ਾਸਤਰੀ, ਕਿਰਪਾ ਸਾਗਰ, ਈਸ਼ਵਰ ਚੰਦਰ ਨੰਦਾ, ਅਮਰ ਨਾਥ ਆਦਿ ਮੌਜੂਦ ਹਨ। ਇਸੇ ਤਰ੍ਹਾਂ ਕਾਂਗਰਸੀ ਆਗੂਆਂ ਦੇ ਸਮੇਂ ਸਮੇਂ ਕੀਤੇ ਵਾਅਦਿਆਂ ਤੇ ਉਨ੍ਹਾਂ ਨੂੰ ਪੂਰਾ ਨਾ ਕਰਨ ਦੀ ਕਲਈ ਖੋਲ੍ਹੀ ਗਈ। ਇਹ ਵੀ ਦੱਸਿਆ ਗਿਆ ਕਿ ਸਾਰੇ ਦੇਸ ਵਿਚ ਭਾਸ਼ਾ ਦੇ ਅਧਾਰ ਉੱਤੇ ਸੂਬਿਆਂ ਦਾ ਪੁਨਰ-ਗਠਨ ਕੀਤਾ ਜਾ ਰਿਹਾ ਹੈ, ਪਰ ਪੰਜਾਬੀ ਸੂਬਾ ਬਣਾਨ ਤੋਂ ਕੇਵਲ ਇਸ ਲਈ ਇਨਕਾਰ ਕੀਤਾ ਜਾਂਦਾ ਹੈ, ਕਿਉਂਕਿ ਇਸ ਨਾਲ ਸਿਖ, ਹਿੰਦੂ ਗ਼ਲਬੇ ਤੋਂ ਕੁਝ ਹੱਦ ਤਕ ਆਜ਼ਾਦ ਹੋ ਜਾਂਦੇ ਹਨ ਤੇ ਰਾਜ-ਪ੍ਰਬੰਧ ਵਿਚ ਉਨ੍ਹਾਂ ਨੂੰ ਉਨ੍ਹਾਂ ਦਾ ਯੋਗ ਹਿੱਸਾ ਮਿਲ ਜਾਂਦਾ ਹੈ। ਸਹਿਜੇ ਸਹਿਜੇ ਦੀਵਾਨਾਂ ਵਿਚ ਹਾਜ਼ਰੀ ਵਧਦੀ ਗਈ ਤੇ ਬਹੁਤੇ ਸਤਿਆਗ੍ਰਹੀ ਲੈਕਚਰਾਂ ਵਿਚ ਚੋਖੀ ਦਿਲਚਸਪੀ ਲੈਣ ਲਗ ਪਏ। ਸਪੱਸ਼ਟ ਜਾਪਦਾ ਸੀ ਕਿ ਉਨ੍ਹਾਂ ਦੇ ਗਿਆਨ ਵਿਚ ਖ਼ਾਸਾ ਵਾਧਾ ਹੋ ਰਿਹਾ ਹੈ।

ਕੁਝ ਚਿਰ ਬਾਅਦ ਮੈਨੂੰ ਇਕ ਹੋਰ ਉਸਾਰੂ ਕੰਮ ਸੁਝ ਪਿਆ। ਬੜੇ ਚਿਰ ਤੋਂ ਮੇਰੀ ਇਹ ਪ੍ਰਬਲ ਇੱਛਾ ਸੀ ਕਿ ਬਾਲਗਾਂ ਨੂੰ ਗੁਰਮੁਖੀ ਪੜ੍ਹਾਉਣ ਦਾ ਕੰਮ ਸ਼ੁਰੂ ਕੀਤਾ ਜਾਏ। ਪਰ ਬਾਹਰ ਨਾ ਮੈਨੂੰ ਵਿਹਲ ਸੀ ਤੇ ਨਾ ਹੀ ਪੜ੍ਹਨ ਵਾਲੇ ਮਿਲਦੇ ਸਨ। ਜੇਲ੍ਹ ਵਿਚ ਮਿਲੀ ਕੁਦਰਤੀ ਵਿਹਲ ਨੂੰ ਮੈਂ ਆਪਣੀ ਇਹ ਇੱਛਾ ਪੂਰੀ ਕਰਨ ਲਈ ਵਰਤਣ ਦਾ ਫ਼ੈਸਲਾ ਕਰ ਲਿਆ। ਬਹੁਤ ਸਾਰੇ ਸਤਿਆਗ੍ਰਹੀਆਂ ਨੇ ਮੇਰੇ ਇਸ ਉੱਦਮ ਦਾ ਸੁਆਗਤ ਕੀਤਾ ਤੇ ਮੈਨੂੰ 25-30 ਵਿਦਿਆਰਥੀ ਅਜਿਹੇ ਮਿਲ ਗਏ ਜੋ ਗੰਭੀਰਤਾ ਨਾਲ ਗੁਰਮੁਖੀ ਸਿੱਖਣ ਦੇ ਚਾਹਵਾਨ ਸਨ। ਜੇਲ੍ਹ ਦੇ ਸੁਪ੍ਰੰਟੈਂਡੰਟ ਨੇ ਮੈਨੂੰ ਇਸ ਕੰਮ ਵਿਚ ਦਿਲੀ ਮਿਲਵਰਤਣ ਦਿੱਤੀ। ਉਨ੍ਹਾਂ ਨੇ ਪੜ੍ਹਾਈ ਲਈ ਇਕ ਵਖਰਾ ਕਮਰਾ ਦੇ ਦਿੱਤਾ ਤੇ ਬਲੈਕ ਬੋਰਡ ਤੇ ਚਾਕ ਦਾ ਵੀ ਪ੍ਰਬੰਧ ਕਰ ਦਿੱਤਾ। ਸਲੇਟਾਂ ਤੇ ਸਲੇਟੀ ਪੈਨਸਿਲਾਂ ਮੈਂ ਬਜ਼ਾਰੋਂ ਮੰਗਾ ਲਈਆਂ। ਅੰਮ੍ਰਿਤਸਰ ਦੇ ਪ੍ਰਕਾਸ਼ਕ 'ਸਿੰਘ ਬ੍ਰਦਰਜ਼' ਨੂੰ ਚਿੱਠੀ ਲਿਖ ਕੇ ਮਾਸਟਰ ਕਰਮ ਸਿੰਘ ਗੰਗਾਵਾਲਾ ਦੇ ਦੋ ਦਰਜਨ ਬਾਲ ਬੋਧ ਵੀ ਮੰਗਾ ਲਏ। ਗੁਰਮੁਖੀ ਸਿਖਾਉਣ ਦਾ ਢੰਗ ਤਾਂ ਨਿਰੋਲ ਮੇਰਾ ਆਪਣਾ ਤੇ ਆਮ ਨਾਲੋਂ ਵਖਰਾ ਜਿਹਾ ਸੀ। ਇਹਦੇ ਲਈ ਮੈਂ ਬਹੁਤਾ ਕੰਮ ਬਲੈਕ ਬੋਰਡ ਤੋਂ ਲੈਂਦਾ ਸਾਂ। 'ੳ, ਅ, ੲ...' ਆਦਿ ਅੱਖਰ ਸਿਖਾਣ ਦੀ ਥਾਂ ਮੈਂ ਪਹਿਲੇ ਦਿਨ ਹੀ ਉਚਾਰਣ-ਢੰਗ ਦੀ ਵਰਤੋਂ ਕਰ ਕੇ ਸਿਰਫ਼ ਛੇ ਚਿੰਨ੍ਹ 'ਆ, ਸਾ, ਮਾ ਤੇ ਈ, ਸੀ, ਮੀ' ਸਿਖਾਏ, ਜਿਨ੍ਹਾਂ ਨਾਲ ਨਾ-ਕੇਵਲ ਆਈ, ਮਾਈ, ਮਾਸੀ ਆਦਿ ਸ਼ਬਦ ਬਣਾਏ ਜਾ ਸਕਦੇ ਸਨ, ਸਗੋਂ, 'ਮਾਸੀ ਆਈ, ਮਾਮੀ ਆਈ ਸੀ, ਆਦਿ' ਵਾਕ ਵੀ ਬਣ ਸਕਦੇ ਸਨ। ਇਸ ਤਰ੍ਹਾਂ ਵਿਦਿਆਰਥੀ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਉਸ ਨੂੰ ਪਹਿਲੇ ਦਿਨ ਹੀ ਵਾਕ ਪੜ੍ਹਨੇ ਆ ਗਏ ਹਨ। ਬਾਅਦ ਵਿਚ ਮਾਸਟਰ ਕਰਮ ਸਿੰਘ ਦੇ ਬਾਲ-ਬੋਧ ਤੋਂ ਵੀ ਲੁੜੀਂਦੀ ਮਦਦ ਲਈ ਗਈ। ਬਲੈਕ ਬੋਰਡ ਦੁਆਰਾ ਹੀ ਲਿਖਣ-ਢੰਗ ਪੰਦਰ੍ਹਾਂ ਦਿਨਾਂ ਬਾਅਦ ਸਿਖਾਣਾ ਸ਼ੁਰੂ ਕੀਤਾ ਗਿਆ। ਪਾਠਕਾਂ ਨੂੰ ਹੈਰਾਨੀ ਤਾਂ ਹੋਵੇਗੀ, ਪਰ ਇਹ ਸਚਾਈ ਹੈ ਕਿ ਦੋ ਮਹੀਨਿਆਂ ਵਿਚ ਮੇਰੇ ਵਿਦਿਆਰਥੀ ਸਧਾਰਨ ਗੁਰਮੁਖੀ ਪੜ੍ਹਨੀ ਸਿਖ ਗਏ। ਇਸ ਦਾ ਵੱਡਾ ਕਾਰਨ ਇਹ ਸੀ ਕਿ ਉਨ੍ਹਾਂ ਵਿਚ ਸਿੱਖਣ ਲਈ ਉਤਸ਼ਾਹ ਸੀ ਤੇ ਪੜ੍ਹਾਈ ਤੋਂ ਬਾਅਦ ਅਭਿਆਸ ਲਈ ਉਨ੍ਹਾਂ ਕੋਲ ਕਾਫ਼ੀ ਵਿਹਲਾ ਵਕਤ ਵੀ ਹੁੰਦਾ ਸੀ ਤੇ ਇਸ ਵਿਹਲੇ ਵਕਤ ਦੀ ਉਹ ਸ਼ੌਕ ਨਾਲ ਵਰਤੋਂ ਕਰਦੇ ਸਨ।

ਜੇਲ੍ਹ ਦੀ ਦੁਨੀਆ ਤੇ ਵਿਸ਼ੇਸ਼ ਕਰਕੇ ਰਾਜਨੀਤਿਕ ਕੈਦੀਆਂ ਦਾ ਜੀਵਨ ਬੜਾ ਦਿਲਚਸਪ ਤੇ ਰੰਗ-ਬਰੰਗਾ ਹੁੰਦਾ ਹੈ। ਕਿਸੇ ਉਦੇਸ਼ ਦੀ ਪ੍ਰਾਪਤੀ ਲਈ ਜੇਲ੍ਹ ਆਉਣ ਵਾਲੇ ਵਿਅਕਤੀ ਵਖ ਵਖ ਉਮਰਾਂ, ਸੁਭਾਵਾਂ ਤੇ ਮਨੋ-ਬਿਰਤੀਆਂ ਦੇ ਹੁੰਦੇ ਹਨ। ਗੁਰਮੁਖ ਤੇ ਧਾਰਮਿਕ ਬਿਰਤੀ ਦੇ ਨੇਮੀ-ਪ੍ਰੇਮੀ ਬਜ਼ੁਰਗ ਤਾਂ ਆਪਣਾ ਵਿਹਲਾ ਸਮਾਂ ਗੁਰਬਾਣੀ ਦੇ ਪਾਠ ਤੇ ਧਾਰਮਿਕ ਪੁਸਤਕਾਂ ਦੇ ਅਧਿਅਨ ਵਿਚ ਗੁਜ਼ਾਰ ਲੈਂਦੇ ਹਨ। ਪਰ ਨੌਜਵਾਨਾਂ ਤੇ 18-20 ਸਾਲ ਦੀ ਕੱਚੀ ਉਮਰ ਦੇ ਬੱਚਿਆਂ ਨੂੰ ਵਿਹਲ ਬਹੁਤ ਹੁੰਦੀ ਹੈ ਤੇ ਸਮਾਂ ਪਾ ਕੇ ਇਹ ਵਿਹਲ ਅਕੇਵਾਂ ਬਣ ਜਾਂਦੀ ਹੈ। ਕੁਝ ਸਮਾਂ ਤਾਂ ਭੰਗੜਾ ਪਾ ਕੇ ਜਾਂ ਕਬੱਡੀ ਆਦਿ ਖੇਡਾਂ ਖੇਡ ਕੇ ਬਿਤਾਇਆ ਜਾ ਸਕਦਾ ਹੈ, ਪਰ ਬਹੁਤਾ ਚਿਰ ਨਹੀਂ। ਅਖ਼ੀਰ ਉਨ੍ਹਾਂ ਵਿੱਚੋਂ ਕਈ ਖਰੂਦ ਕਰਨ ਤੇ ਉਤਰ ਆਉਂਦੇ ਹਨ। ਇਹ ਵਿਹਲ ਕਈ ਵਾਰੀ ਜੇਲ੍ਹ-ਕਰਮਚਾਰੀਆਂ ਨੂੰ ਅਕਾਰਨ ਹੀ ਪ੍ਰੇਸ਼ਾਨ ਤੇ ਜਿੱਚ ਕਰਨ ਦਾ ਕਾਰਨ ਬਣ ਜਾਂਦੀ ਹੈ। ਹਰੇਕ ਸਤਿਆਗ੍ਰਹੀ ਨੂੰ ਇਹ ਅਹਿਸਾਸ ਤਾਂ ਹੁੰਦਾ ਹੀ ਹੈ ਕਿ ਉਹ ਕੋਈ ਜੁਰਮ—ਚੋਰੀ, ਲੁੱਟ-ਮਾਰ ਆਦਿ—ਕਰ ਕੇ ਜੇਲ੍ਹ ਵਿਚ ਨਹੀਂ ਆਇਆ, ਇਸ ਲਈ ਉਹ ਜੇਲ੍ਹ ਦੇ ਨਿਯਮਾਂ ਤੋਂ ਆਪਣੇ ਆਪ ਨੂੰ ਉਪਰ ਸਮਝਦਾ ਹੈ। ਕਈ ਨੇਤਾਗਣ ਚੌਧਰ ਦੀ ਪੰਡ ਵੀ ਜੇਲ੍ਹ ਵਿਚ ਆਪਣੇ ਨਾਲ ਲੈ ਆਉਂਦੇ ਹਨ ਅਤੇ ਆਪਣੀ ਲੀਡਰੀ ਵਿਖਾਣ ਤੇ ਚਮਕਾਣ ਲਈ ਵਾਰਡਰਾਂ ਨਾਲ ਛੇੜਖ਼ਾਨੀ ਕਰਦੇ ਰਹਿੰਦੇ ਹਨ। ਇਸ ਬਾਰੇ ਮੁੱਢ ਤੋਂ ਹੀ ਮੇਰਾ ਵਿਚਾਰ ਸੀ ਕਿ ਜਦ ਅਸੀਂ

ਸਤਿਆਗ੍ਰਹਿ ਕਰ ਕੇ ਆਪਣੀ ਖ਼ੁਸ਼ੀ ਨਾਲ ਜੇਲ੍ਹ ਆਏ ਹਾਂ, ਤਾਂ ਸਾਨੂੰ ਜੇਲ੍ਹ ਦੇ ਜ਼ਬਤ ਵਿਚ ਵੀ ਰਹਿਣਾ ਚਾਹੀਦਾ ਹੈ, ਕਿਉਂਕਿ ਸਾਡੀ ਲੜਾਈ ਸਰਕਾਰ ਨਾਲ ਹੈ, ਜੇਲ੍ਹ ਦੇ ਕਰਮਚਾਰੀਆਂ ਨਾਲ ਨਹੀਂ।

ਹਾਂ, ਕਿਸੇ ਹੱਦ ਤਕ ਇਹ ਗੱਲ ਵੀ ਠੀਕ ਹੈ ਕਿ ਜੇਲ੍ਹ ਦਾ ਅਮਲਾ ਵੀ ਕਈ ਵਾਰੀ ਬੇਨਿਯਮੀਆਂ ਤੇ ਵਧੀਕੀਆਂ ਉੱਤੇ ਉਤਰ ਆਉਂਦਾ ਹੈ: ਆਟੇ, ਦਾਲ, ਸਬਜ਼ੀ ਵਿਚ ਮਿਲਾਵਟ ਹੁੰਦੀ ਹੈ, ਰੋਟੀਆਂ ਕੱਚੀਆਂ-ਪੱਕੀਆਂ ਜਾਂ ਸੜੀਆਂ। ਦਵਾਈਆਂ ਦਾ ਪੂਰਾ ਪ੍ਰਬੰਧ ਨਹੀਂ ਹੁੰਦਾ ਤੇ ਰੋਗੀਆਂ ਦੇ ਇਲਾਜ ਵੱਲ ਬੇਪਰਵਾਹੀ ਵਰਤੀ ਜਾਂਦੀ ਹੈ। ਇਨ੍ਹਾਂ ਵਧੀਕੀਆਂ ਦੇ ਵਿਰੁੱਧ ਰੋਸ ਪ੍ਰਗਟ ਕਰਨਾ ਜ਼ਰੂਰੀ ਹੋ ਜਾਂਦਾ ਹੈ। ਭੁੱਖ-ਹੜਤਾਲ ਕਰ ਕੇ, ਧਰਨੇ ਦੇ ਕੇ ਜਾਂ ਵਿਚਾਰ-ਵਟਾਂਦਰੇ ਨਾਲ ਇਹ ਬੇਨਿਯਮੀਆਂ ਦੂਰ ਕਰਾਈਆਂ ਜਾ ਸਕਦੀਆਂ ਹਨ। ਇਕ ਮਾਮਲੇ ਵਿਚ ਮੈਂ ਇਹ ਵੀ ਵੇਖਿਆ ਕਿ ਕਈ ਵਾਰੀ ਸਿਆਣੇ ਬਿਆਣੇ ਤੇ ਜ਼ਿੰਮੇਵਾਰ ਵਿਅਕਤੀਆਂ ਨੂੰ ਵੀ ਜੇਲ੍ਹ-ਕਰਮਚਾਰੀਆਂ ਲਈ ਸਮੱਸਿਆਵਾਂ ਪੈਦਾ ਕਰਨ ਵਿਚ ਮਜ਼ਾ ਆਉਂਦਾ ਹੈ। ਇਕ ਰਾਤ ਦਸ ਗਿਆਰਾਂ ਵਜੇ ਸਾਡੇ ਤੰਬੂਆਂ ਉੱਤੇ ਇੱਕਾ-ਦੁੱਕਾ ਛੋਟੇ-ਵੱਡੇ ਰੋੜੇ ਪੈਣੇ ਸ਼ੁਰੂ ਹੋ ਗਏ। ਪਤਾ ਕੁਝ ਨਾ ਲੱਗੇ ਕਿ ਰੋੜੇ ਕਿਧਰੋਂ ਆਉਂਦੇ ਹਨ। ਆਖ਼ਰ ਜੇਲ੍ਹ ਦੇ ਸੁਪ੍ਰੰਟੈਂਡੈਂਟ ਨੂੰ ਬੁਲਾਇਆ ਗਿਆ। ਅੰਦਰੋਂ-ਬਾਹਰੋਂ ਚੰਗੀ ਤਰ੍ਹਾਂ ਘੋਖ ਤੇ ਤਸੱਲੀ ਕਰਨ ਤੋਂ ਬਾਅਦ ਉਨ੍ਹਾਂ ਨੇ ਆਖਿਆ ਕਿ "ਇਹ ਰੋੜੇ ਨਾ ਬਾਹਰੋਂ ਆਏ ਹਨ, ਨਾ ਸਾਡੇ ਕਿਸੇ ਕਰਮਚਾਰੀ ਨੇ ਮਾਰੇ ਹਨ।" ਉਨ੍ਹਾਂ ਨੇ ਇਹ ਵੀ ਆਖਿਆ ਕਿ "ਅਸਾਂ ਪਹਿਰੇ ਹੋਰ ਵੀ ਪੱਕੇ ਕਰ ਦਿੱਤੇ ਹਨ ਤੇ ਪਤਾ ਕਰ ਰਹੇ ਹਾਂ ਕਿ ਰੋੜੇ ਕਿਧਰੋਂ ਆਉਂਦੇ ਹਨ।" ਉਨ੍ਹਾਂ ਦੇ ਜਾਣ ਤੋਂ ਕੁਝ ਚਿਰ ਬਾਅਦ ਰੋੜੇ ਬੰਦ ਹੋ ਗਏ। ਦੂਜੇ ਦਿਨ ਮੈਨੂੰ ਉਨ੍ਹਾਂ ਨੇ ਦੱਸਿਆ ਕਿ ਤੰਬੂਆਂ ਦੀ ਪਿਛਲੀ ਕਤਾਰ ਵਿਚੋਂ ਇਕ ਤੰਬੂ ਵਾਲੇ ਸਾਡੇ ਬੰਦੇ ਹੀ ਇਹ ਰੋੜੇ ਸੁੱਟ ਰਹੇ ਸਨ। ਇਸ ਤੰਬੂ ਵਿਚ ਕੁਝ ਲੀਡਰ-ਟਾਈਪ ਬੰਦੇ ਰਹਿ ਰਹੇ ਸਨ, ਜਿਨ੍ਹਾਂ ਵਿਚੋਂ ਇਕ ਸੱਜਣ ਇੱਕ ਇਤਿਹਾਸਕ ਗੁਰਦੁਆਰੇ ਦੇ ਪ੍ਰਧਾਨ ਸਨ।

ਉਂਜ ਵਧੇਰੇ ਖਰੂਦ ਕਰਨ ਵਾਲੇ ਤਾਂ ਕੱਚੀ ਉਮਰ ਦੇ ਬੱਚੇ ਸਨ, ਜੋ ਡਿਉਢੀ ਦੇ ਆਲੇ-ਦੁਆਲੇ ਘੁੰਮਦੇ ਜਾਂ ਵਰਜਿਤ ਥਾਵਾਂ ਤੇ ਜਾ ਕੇ ਨਾਹਰੇ ਮਾਰਦੇ ਸਨ। ਇਨ੍ਹਾਂ ਨੂੰ ਜਦੋਂ ਵੀ ਕੋਈ ਵਾਰਡਰ ਫੜਦਾ ਜਾਂ ਸੁਪ੍ਰੰਟੈਂਡੈਂਟ ਕੋਈ ਸਜ਼ਾ ਦੇਂਦਾ, ਤਾਂ ਮੈਂ ਵਿਚ ਪੈ ਕੇ ਉਨ੍ਹਾਂ ਨੂੰ ਛੁਡਾ ਲਿਆਉਂਦਾ ਜਾਂ ਸਜ਼ਾ ਬਹੁਤ ਨਰਮ ਕਰਾ ਦੇਂਦਾ। ਸਬੱਬ ਨਾਲ ਲੁਧਿਆਣੇ ਦੇ ਪ੍ਰਮੁਖ ਆਗੂਆਂ, ਸ. ਸੁਰਜਨ ਸਿੰਘ ਠੇਕੇਦਾਰ ਤੇ ਸ. ਕੁਲਵੰਤ ਸਿੰਘ ਦੁਖੀਆ ਦੀ ਹਿਸਾਰ ਜੇਲ੍ਹ ਤੋਂ ਬਦਲੀ ਹੋ ਗਈ। ਉਨ੍ਹਾਂ ਨੇ ਜਾਂਦੀ ਵਾਰੀ ਲੁਧਿਆਣੇ ਦੇ ਸਭ ਬੱਚਿਆਂ ਨੂੰ ਇਕੱਠਿਆਂ ਕਰ ਕੇ ਇਕ ਸਮਾਗਮ ਕੀਤਾ ਤੇ ਉਸ ਵਿਚ ਮੈਨੂੰ ਵੀ ਬੁਲਾ ਭੇਜਿਆ। ਸ. ਸੁਰਜਨ ਸਿੰਘ ਨੇ ਆਪਣੀ ਤਕਰੀਰ ਵਿਚ ਉਨ੍ਹਾਂ ਨੂੰ ਹਦਾਇਤ ਕੀਤੀ ਕਿ "ਸਾਡੇ ਜਾਣ ਤੋਂ ਬਾਅਦ ਤੁਸਾਂ ਗਿਆਨੀ ਜੀ ਦੀ ਆਗਿਆ ਵਿਚ ਰਹਿਣਾ ਹੈ।" ਆਪਣੀ ਤਕਰੀਰ ਵਿਚ ਮੈਂ ਆਖਿਆ ਕਿ "ਮਾੜੀ-ਮੋਟੀ ਸ਼ਰਾਰਤ ਦਾ ਮਾਦਾ ਤਾਂ ਹਰੇਕ ਬੱਚੇ ਵਿਚ ਹੁੰਦਾ ਹੈ, ਪਰ ਮੈਨੂੰ ਵਿਸ਼ਵਾਸ ਹੈ ਕਿ ਇਹ ਸਭ ਬੱਚੇ ਆਮ ਕਰਕੇ ਜ਼ਬਤ ਵਿਚ ਰਹਿਣ ਵਾਲੇ ਹਨ।" ਮੈਨੂੰ ਇਸ ਗੱਲ ਨਾਲ ਤਸੱਲੀ ਹੋਈ ਕਿ ਇਹ ਪ੍ਰਮੁਖ ਆਗੂ ਮੇਰੇ ਨਰਮ ਵਤੀਰੇ ਨੂੰ ਉਚਤ ਸਮਝਦੇ ਸਨ। ਮੇਰੀ ਕੈਦ ਦੇ ਸਾਰੇ ਸਮੇਂ ਵਿਚ ਸਾਡੀ ਜੇਲ੍ਹ ਕਿਸੇ ਗੰਭੀਰ ਸਮੱਸਿਆ ਤੋਂ ਬਚੀ ਹੀ ਰਹੀ ਸੀ, ਪਰ ਰੋਸ ਪ੍ਰਗਟ ਕਰਨ ਦੀ ਸੂਰਤ ਵਿਚ ਮੈਂ ਹਮੇਸ਼ਾ ਹੀ ਹੋਰ ਆਗੂਆਂ ਦਾ ਸਾਥ ਦੇਂਦਾ ਰਿਹਾ ਸਾਂ।

ਇਸ ਪਹਿਲੀ ਜੇਲ੍ਹ-ਯਾਤਰਾ ਵਿਚ ਮੈਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਸਾਡੇ ਜੇਲ੍ਹਾਂ ਵਿਚ ਅਜੇ ਵੀ ਅੰਗਰੇਜ਼ਾਂ ਦੇ ਵੇਲੇ ਦੇ ਬਣਾਏ ਹੋਏ ਨਿਯਮਾਂ ਉੱਤੇ ਅਮਲ ਹੋ ਰਿਹਾ ਸੀ। ਸੁਤੰਤਰਤਾ-

ਸੰਗਰਾਮ ਵਿਚ ਹਿੱਸਾ ਲੈ ਕੇ ਜੇਲ੍ਹਾਂ ਕੱਟਣ ਤੇ ਉਨ੍ਹਾਂ ਵਿਚ ਰਾਜਸੀ ਕੈਦੀਆਂ ਨਾਲ ਹੁੰਦੇ ਅਣ-ਮਨੁੱਖੀ ਵਰਤਾਉ ਨੂੰ ਬਦਲਣ ਦਾ ਕਿਸੇ ਆਗੂ ਨੂੰ ਖ਼ਿਆਲ ਨਹੀਂ ਆਇਆ ਸੀ। ਜਿਵੇਂ ਮੈਂ ਪਹਿਲਾਂ ਦੱਸਿਆ ਹੈ, ਗ੍ਰਿਫ਼ਤਾਰੀ ਦੀ ਪਹਿਲੀ ਰਾਤ ਮੈਨੂੰ ਕਰਨਾਲ ਸ਼ਹਿਰ ਦੇ ਥਾਣੇ ਦੀ ਹਵਾਲਾਤ ਵਿਚ ਰੱਖਿਆ ਗਿਆ ਸੀ। ਮੈਂ ਵੇਖਿਆ ਕਿ ਉੱਥੇ ਪਿਸ਼ਾਬ ਕਰਨ ਜਾਂ ਪਖ਼ਾਨਾ ਫਿਰਨ ਲਈ ਕਿਸੇ ਵਖਰੀ ਥਾਂ ਜਾਂ ਪਰਦੇ ਦਾ ਪ੍ਰਬੰਧ ਨਹੀਂ ਸੀ। ਇਕ ਕੋਨੇ ਵਿਚ ਇਕ ਛੋਟਾ ਜਿਹਾ ਖੁਰਾ ਬਣਿਆ ਹੋਇਆ ਸੀ, ਜਿੱਥੇ ਸਭ ਦੇ ਸਾਹਮਣੇ ਪਿਸ਼ਾਬ ਕਰਨ ਲਈ ਬਹਿਣਾ ਪੈਂਦਾ ਸੀ। ਜਦ ਕਿਸੇ ਨੂੰ ਪਖ਼ਾਨੇ ਜਾਣ ਦੀ ਹਾਜਤ ਹੁੰਦੀ, ਤਾਂ ਦੋ ਆਦਮੀ ਪਰਦਾ ਕਰਨ ਲਈ ਵੱਡੀ ਸਾਰੀ ਚਾਦਰ ਤਾਣ ਕੇ ਤੇ ਮੂੰਹ ਪਿਛਲੇ ਪਾਸੇ ਕਰ ਕੇ ਖਲੋ ਜਾਂਦੇ। ਸਾਰੀ ਰਾਤ ਹਵਾਲਾਤੀਆਂ ਨੂੰ ਸਖ਼ਤ ਬਦਬੂ ਦਾ ਸਾਹਮਣਾ ਕਰਨਾ ਪੈਂਦਾ ਸੀ। ਮੇਰੀ ਤੀਜੀ ਗ੍ਰਿਫ਼ਤਾਰੀ ਦੇ ਵੇਲੇ ਇਸ ਤਰ੍ਹਾਂ ਦੀ ਇਕ ਹੋਰ ਘਟਨਾ ਵਾਪਰੀ। ਸਾਡੀ ਗ੍ਰਿਫ਼ਤਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਵਾਲੇ ਦਿਨ 24 ਦਸੰਬਰ 1960 ਨੂੰ ਹੋਈ ਸੀ। ਉਸ ਦਿਨ ਛੁੱਟੀ ਹੋਣ ਕਰਕੇ ਪੁਲਿਸ ਨੂੰ ਕੋਈ ਮੈਜਿਸਟ੍ਰੇਟ ਨਾ ਮਿਲ ਸਕਿਆ, ਜਿਸ ਕੋਲੋਂ ਰੀਮਾਂਡ ਲੈ ਕੇ ਸਾਨੂੰ ਜੇਲ੍ਹ ਵਿਚ ਭੇਜਿਆ ਜਾਂਦਾ। ਸੋ ਸਾਨੂੰ ਰਾਤ ਭਰ ਹਵਾਲਾਤ ਵਿਚ ਰਹਿਣਾ ਪੈਣਾ ਸੀ। ਪਰ ਸਾਰੇ 25-30 ਸਤਿਆਗ੍ਰਹੀਆਂ ਲਈ ਸ਼ਹਿਰ ਦੀ ਹਵਾਲਾਤ ਵਿਚ ਪੂਰੀ ਥਾਂ ਨਹੀਂ ਸੀ, ਸੋ ਸਾਨੂੰ ਇਕ ਬਸ ਵਿਚ ਬਿਠਾ ਕੇ ਸਦਰ ਥਾਣੇ ਲਿਜਾਇਆ ਗਿਆ। ਹਵਾਲਾਤ ਖੁਲ੍ਹਵਾਈ ਗਈ। ਜਦ ਅਸੀਂ ਅੰਦਰ ਦਾਖ਼ਲ ਹੋਣ ਲੱਗੇ, ਤਾਂ ਸਦਰ ਥਾਣੇ ਦੇ ਥਾਣੇਦਾਰ ਨੇ ਆਖਿਆ ਕਿ ਪੱਗਾਂ ਤੇ ਜੁੱਤੀਆਂ ਬਾਹਰ ਹੀ ਉਤਾਰ ਦਿਓ। ਜਦ ਮੈਂ ਇਸ ਅਨੋਖੇ ਹੁਕਮ ਦਾ ਕਾਰਨ ਪੁੱਛਿਆ, ਤਾਂ ਕਹਿਣ ਲੱਗਾ ਕਿ "ਅੰਦਰ ਕੋਈ ਹਵਾਲਾਤੀ ਪੱਗ ਨਾਲ ਫਾਹ ਵੀ ਲੈ ਸਕਦਾ ਹੈ ਅਤੇ ਉਹ ਆਪੋ ਵਿਚ ਜੁੱਤੀਓ-ਜੁੱਤੀ ਵੀ ਹੋ ਸਕਦੇ ਹਨ।" ਉਸ ਭਲੇ-ਮਾਣਸ ਨੂੰ ਕੌਣ ਸਮਝਾਂਦਾ ਕਿ ਇਖ਼ਲਾਕੀ ਕੈਦੀਆਂ ਦੀ ਸੂਰਤ ਵਿਚ ਤਾਂ ਕਦੇ-ਕਦਾਈਂ ਇਹੋ ਜਿਹੀ ਘਟਨਾ ਹੋ ਸਕਦੀ ਹੈ, ਪਰ ਆਪਣੀ ਖ਼ੁਸ਼ੀ ਨਾਲ ਸਤਿਆਗ੍ਰਹਿ ਕਰ ਕੇ ਆਏ ਰਾਜਨੀਤਿਕ ਵਿਅਕਤੀ ਇਹ ਹਰਕਤ ਕਿਉਂ ਕਰਨਗੇ। ਅਸਾਂ ਇਹ ਹੁਕਮ ਨਾ ਮੰਨਣਾ ਸੀ ਤੇ ਨਾ ਮੰਨਿਆ। ਅੜਿੱਕਾ ਪਿਆ ਵੇਖ ਕੇ ਸ਼ਹਿਰ ਦਾ ਥਾਣੇਦਾਰ ਬੋਲਿਆ, "ਗਿਆਨੀ ਜੀ। ਇੱਥੇ ਤੁਹਾਡਾ ਗੁਜ਼ਾਰਾ ਨਹੀਂ ਹੋਣਾ। ਤੁਹਾਡੇ ਵਿੱਚੋਂ ਕਿਸੇ ਨੇ ਨੱਸ ਤਾਂ ਜਾਣਾ ਨਹੀਂ, ਅਸੀਂ ਤੁਹਾਨੂੰ ਬਰਾਂਡੇ ਜਾਂ ਕਿਸੇ ਖੁਲ੍ਹੇ ਕਮਰੇ ਵਿਚ ਸੁਆ ਕੇ ਸ਼ਹਿਰ ਦੇ ਥਾਣੇ ਵਿਚ ਹੀ ਰਾਤ ਕਟ ਲਵਾਂਗੇ।" ਸੋ ਉਸੇ ਬੱਸ ਵਿਚ ਬਿਠਾ ਕੇ ਸਾਨੂੰ ਸ਼ਹਿਰ ਦੇ ਥਾਣੇ ਵਿਚ ਵਾਪਸ ਲੈ ਆਂਦਾ ਗਿਆ।

ਹਿਸਾਰ ਜੇਲ੍ਹ ਦੇ ਆਖ਼ਰੀ ਦਿਨਾਂ ਵਿਚ ਉੱਥੇ ਇਕ ਹੋਰ ਇਹੋ ਜਿਹੀ ਘਟਨਾ ਹੋ ਗਈ, ਜਿਸ ਤੋਂ ਪਤਾ ਲਗਦਾ ਹੈ ਕਿ ਕਿਵੇਂ ਬਦਲੇ ਹੋਏ ਹਾਲਾਤ ਦਾ ਖ਼ਿਆਲ ਨਾ ਕਰ ਕੇ ਪੁਰਾਣੇ ਬਣੇ ਨਿਯਮਾਂ ਉੱਤੇ ਅੰਨ੍ਹੇਵਾਹ ਅਮਲ ਕੀਤਾ ਜਾਂਦਾ ਹੈ। ਮੋਰਚਾ ਖ਼ਤਮ ਹੋਣ ਤੋਂ ਕਿੰਨਾ ਚਿਰ ਬਾਅਦ ਲੁਧਿਆਣੇ ਦੇ ਇਕ ਸੱਜਣ ਜ਼ਮਾਨਤ ਉੱਤੇ ਰਿਹਾ ਹੋ ਰਹੇ ਸਨ। ਕੁਝ ਸੱਜਣਾਂ ਨੇ ਰਲ ਕੇ ਥੋੜੀ ਜਿਹੀ ਰਕਮ ਇਕੱਠੀ ਕੀਤੀ ਤੇ ਉਸ ਨੂੰ ਆਖਿਆ ਕਿ ਜਾਣ ਤੋਂ ਪਹਿਲਾਂ ਉਹ ਉਨ੍ਹਾਂ ਵਾਸਤੇ ਮੀਟ ਬਣਵਾ ਕੇ ਦੇ ਜਾਏ। ਜਦ ਉਸ ਨੇ ਮੀਟ ਲਿਆਂਦਾ, ਤਾਂ ਸੁਪ੍ਰੰਟੰਡੰਟ ਨੇ ਇਹ ਆਖ ਕੇ ਉਸ ਨੂੰ ਅੰਦਰ ਭੇਜਣ ਤੋਂ ਇਨਕਾਰ ਕਰ ਦਿੱਤਾ ਕਿ ਇਸ ਜੇਲ੍ਹ ਦੇ ਅੰਦਰ ਝਟਕਾ ਮਾਸ ਲਿਜਾਣ ਦੀ ਮਨਾਹੀ ਹੈ। ਉਸ ਨੂੰ ਕੌਣ ਸਮਝਾਂਦਾ ਕਿ ਇਹ ਨਿਯਮ ਤਾਂ ਅੰਗਰੇਜ਼ੀ ਰਾਜ ਵੇਲੇ ਇਸ ਲਈ ਬਣਿਆ ਹੋਵੇਗਾ ਕਿ ਹਿਸਾਰ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਹੋਵੇਗੀ। ਹੁਣ ਜਦ ਸਾਰੇ ਮੁਸਲਮਾਨ ਪਾਕਿਸਤਾਨ ਵਿਚ ਚਲੇ ਗਏ ਹਨ, ਤਾਂ ਇਸ ਨਿਯਮ ਦੇ ਕੀ ਅਰਥ ਰਹਿ ਜਾਂਦੇ ਹਨ। ਪਰ ਕਿਉਂਜੁ ਹੁਣ ਛੇਤੀ ਹੀ ਆਮ ਰਿਹਾਈਆਂ ਹੋਣ ਦੀ ਸੰਭਾਵਨਾ ਸੀ, ਇਸ ਲਈ

ਅਸਾਂ ਇਸ ਮਾਮਲੇ ਨੂੰ ਹੋਰ ਵਧਾਣਾ ਠੀਕ ਨਾ ਸਮਝਿਆ।

ਜੂਨ ਦੇ ਅਖ਼ੀਰ ਤਕ ਮੋਰਚੇ ਵਿਚ ਕਾਫ਼ੀ ਤੇਜ਼ੀ ਆ ਗਈ ਸੀ। ਨਾ-ਕੇਵਲ ਪੰਜਾਬ ਤੇ ਪੈਪਸੂ ਤੋਂ, ਸਗੋਂ ਭਾਰਤ ਦੇ ਹੋਰ ਪ੍ਰਾਂਤਾ ਤੋਂ ਵੀ ਸਿਖ ਧੜਾ-ਧੜ ਅੰਮ੍ਰਿਤਸਰ ਆ ਰਹੇ ਸਨ। ਸੋ ਪ੍ਰਬੰਧਕਾਂ ਨੇ ਹਰ ਰੋਜ਼ ਪੰਜਾਹ ਪੰਜਾਹ ਦੀ ਥਾਂ ਇਕ ਇਕ ਸੌ ਦੇ ਜਥੇ ਗ੍ਰਿਫ਼ਤਾਰ ਕਰਾਣੇ ਸ਼ੁਰੂ ਕਰ ਦਿੱਤੇ। ਸਰਕਾਰ ਬੌਖ਼ਲਾ ਉੱਠੀ ਤੇ ਖਿੱਝ ਕੇ ਹੋਛੇ ਹੱਥਿਆਰਾਂ ਤੇ ਉਤਰ ਆਈ। ਲੋਕਾਂ ਵਿਚ ਦਹਿਸ਼ਤ ਫੈਲਾਉਣ ਲਈ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀਆਂ ਗਲੀਆਂ ਵਿਚ ਫ਼ੌਜ ਦੀ ਗਸ਼ਤ ਸ਼ੁਰੂ ਹੋ ਗਈ। ਸਰਕਾਰ ਨੇ ਫ਼ੈਸਲਾ ਕੀਤਾ ਕਿ ਦੀਵਾਨ-ਅਸਥਾਨ ਮੰਜੀ ਸਾਹਿਬ ਉੱਤੇ, ਜਿੱਥੋਂ ਤਿਆਰ ਹੋ ਕੇ ਜਥੇ ਗ੍ਰਿਫ਼ਤਾਰੀ ਲਈ ਬਾਹਰ ਨਿਕਲਦੇ ਸਨ, ਕਬਜ਼ਾ ਕਰ ਲਿਆ ਜਾਏ। ਸੋ 4 ਜੁਲਾਈ 1955 ਨੂੰ ਇਸ ਥਾਂ ਉੱਤੇ ਦਫ਼ਾ 144 ਲਾ ਦਿੱਤੀ ਗਈ ਤੇ ਸੈਂਕੜੇ ਹਥਿਆਰ-ਬੰਦ ਸਿਪਾਹੀ ਮੰਜੀ ਸਾਹਿਬ ਵਿਚ ਦਾਖ਼ਲ ਹੋ ਗਏ। ਲੰਗਰ ਬੰਦ ਕਰ ਦਿੱਤਾ ਗਿਆ ਤੇ ਉੱਥੋਂ ਬਰਤਨ ਵੀ ਚੁਕਵਾ ਲਏ ਗਏ। ਫਿਰ ਵੀ ਕਾਫ਼ੀ ਸੰਗਤਾਂ ਇੱਥੇ ਪਹੁੰਚ ਗਈਆਂ ਤੇ ਸੈਂਕੜੇ ਸ਼ਰਧਾਲੂ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਇਕੱਠੇ ਹੋ ਗਏ। ਪੁਲਿਸ ਨੇ ਲਾਠੀ-ਚਾਰਜ ਕੀਤਾ ਤੇ ਅਥਰੂ ਗੈਸ ਦੇ ਸੈਂਕੜੇ ਗੋਲੇ ਅੰਦਰ ਪਰਕਰਮਾ ਵਿਚ ਸੁੱਟੇ। ਇਸ ਦਿਨ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਭੂਪਿੰਦਰ ਸਿੰਘ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅੱਛਰ ਸਿੰਘ ਅਤੇ ਦਰਬਾਰ ਸਾਹਿਬ ਦੇ ਮੈਨੇਜਰ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਸਰਕਾਰ ਚਾਹੁੰਦੀ ਸੀ ਕਿ ਇਸ ਦਿਨ ਕੋਈ ਜਥਾ ਸਤਿਆਗ੍ਰਹਿ ਲਈ ਬਾਹਰ ਨਾ ਨਿਕਲ ਸਕੇ, ਪਰ ਫਿਰ ਵੀ 110 ਸਿੰਘਾਂ ਦਾ ਇਕ ਜਥਾ ਰਸਤਾ ਬਦਲ ਕੇ ਬਾਹਰ ਨਿਕਲਿਆ ਤੇ ਗ੍ਰਿਫ਼ਤਾਰ ਹੋਇਆ।

ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਇਕ ਤਰ੍ਹਾਂ ਨਾਲ ਮੋਰਚੇ ਦੇ ਡਿਕਟੇਟਰ ਬਾਵਾ ਹਰਕ੍ਰਿਸ਼ਨ ਸਿੰਘ ਜੀ ਸਨ। ਪੁਲਿਸ ਦੀ ਇਹ ਧਾਂਦਲੀ ਤੇ ਤਸ਼ੱਦਦ ਅਤੇ ਦਰਬਾਰ ਸਾਹਿਬ ਦੀ ਬੇਅਦਬੀ ਹੁੰਦੀ ਵੇਖ ਕੇ ਉਹ ਗੁੱਸੇ ਤੇ ਜੋਸ਼ ਨਾਲ ਭੜਕ ਉੱਠੇ। ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਵਿਹੜੇ ਵਿੱਚੋਂ ਨਿਕਲ ਕੇ ਉਹ ਜੰਗਲੇ ਵਿਚ ਆਣ ਖਲੋਤੇ ਤੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾ ਕਿ ਲਲਕਾਰਾ ਮਾਰਿਆ ਕਿ ਜੇ ਹਿੰਮਤ ਹੈ, ਤਾਂ ਮੈਨੂੰ ਗੋਲੀ ਮਾਰੋ ਜਾਂ ਗ੍ਰਿਫ਼ਤਾਰ ਕਰੋ। ਇਹ ਲਲਕਾਰ ਸਰਕਾਰ ਨੂੰ ਕੰਬਾ ਗਈ। ਗ੍ਰਿਫ਼ਤਾਰੀਆਂ ਕਰ ਕਰ ਕੇ ਉਹ ਪਹਿਲਾਂ ਹੀ ਥੱਕੀ ਹੋਈ ਸੀ। ਹੁਣ ਬਾਵਾ ਜੀ ਵਰਗੇ ਠੰਢੇ ਦਿਲ-ਦਿਮਾਗ਼ ਤੇ ਨਰਮ ਸੁਭਾਅ ਵਾਲੇ ਆਗੂ ਦੀ ਲਲਕਾਰ ਨੇ ਸੱਚਰ ਸਾਹਿਬ ਨੂੰ ਯਕੀਨ ਦਿਵਾ ਦਿੱਤਾ ਕਿ ਕੋਈ ਵੀ ਸਿਖ ਇਸ ਮੋਰਚੇ ਤੋਂ ਪਿੱਛੇ ਨਹੀਂ ਹਟੇਗਾ। ਉਹ ਹੁਣ ਆਪਣੀ ਸਾਖ਼ ਬਚਾਉਣ ਤੇ ਮੋਰਚੇ ਤੋਂ ਖਹਿੜਾ ਛੁਡਾਉਣ ਦਾ ਰਾਹ ਲਭ ਰਹੇ ਸਨ। ਓਦੋਂ ਪ੍ਰਧਾਨ ਮੰਤਰੀ ਨਹਿਰੂ ਵਿਸ਼ਵ-ਅਮਨ ਦੀ ਸਮੱਸਿਆ ਸੁਲਝਾਣ ਲਈ ਬਦੇਸ਼ਾਂ ਦੇ ਦੌਰੇ ਉੱਤੇ ਗਏ ਹੋਏ ਸਨ। ਉਹ 8 ਜੁਲਾਈ ਨੂੰ ਵਾਪਸ ਪਰਤੇ, ਤਾਂ 12 ਜੁਲਾਈ ਨੂੰ ਸੱਚਰ ਸਾਹਿਬ ਨੇ ਐਲਾਨ ਕੀਤਾ ਕਿ "ਨਹਿਰੂ ਜੀ ਸਫ਼ਲਤਾ-ਪੂਰਬਕ ਆਪਣਾ ਮਿਸ਼ਨ ਪੂਰਾ ਕਰ ਕੇ ਵਾਪਸ ਪਰਤੇ ਹਨ। ਇਹ ਬੜੀ ਮਾੜੀ ਗੱਲ ਹੈ ਕਿ ਅਸੀਂ ਪੰਜਾਬੀ ਆਪੋ ਵਿਚ ਲੜਦੇ ਰਹੀਏ। ਸੋ ਮੈਂ ਸਦਭਾਵਨਾ ਦੀ ਖ਼ਾਤਰ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਹਰੇ ਤੋਂ ਪਾਬੰਦੀ ਹਟਾ ਰਿਹਾ ਹਾਂ।" ਓਂ ਗ੍ਰਿਫ਼ਤਾਰੀਆਂ ਤਾਂ 8 ਜੁਲਾਈ ਤੋਂ ਹੀ ਬੰਦ ਹੋ ਗਈਆਂ ਸਨ। ਜਥੇ ਬਾਹਰ ਨਿਕਲਦੇ, ਨਾਹਰੇ ਮਾਰਦੇ ਹੋਏ ਬਜ਼ਾਰਾਂ ਦਾ ਚੱਕਰ ਲਾਂਦੇ ਤੇ ਵਾਪਸ ਆ ਜਾਂਦੇ; ਕੋਈ ਗ੍ਰਿਫ਼ਤਾਰੀ ਨਾ ਹੁੰਦੀ। ਪਰ 12 ਜੁਲਾਈ ਸ਼ਾਮ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਮੰਜੀ ਸਾਹਿਬ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਐਲਾਨ ਕਰ ਦਿੱਤਾ ਕਿ ਨਾਹਰੇ ਤੋਂ ਪਾਬੰਦੀ ਹਟਾ ਲਈ ਗਈ ਹੈ , ਇਸ ਲਈ ਕੋਈ ਜਥਾ ਗ੍ਰਿਫ਼ਤਾਰੀ ਲਈ ਬਾਹਰ ਨਾ ਜਾਏ। ਇਸ ਤਰ੍ਹਾਂ 64 ਦਿਨਾਂ ਪਿੱਛੋਂ ਇਹ ਮੋਰਚਾ

ਸ਼ਾਨਦਾਰ ਜਿੱਤ ਨਾਲ ਸਮਾਪਤ ਹੋਇਆ। ਇਹ ਕਿੱਡੀ ਦੁਖਦਾਈ ਗੱਲ ਹੈ ਕਿ ਸੰਵਿਧਾਨ ਵਿਚ ਦਰਜ ਆਪਣੇ ਵਿਚਾਰਾਂ ਦੇ ਪ੍ਰਗਟਾਅ ਦਾ ਬੁਨਿਆਦੀ ਹੱਕ ਬਹਾਲ ਕਰਾਉਣ ਲਈ ਸਿੱਖਾਂ ਨੂੰ ਇੰਨੀ ਕੁਰਬਾਨੀ ਦੇਣੀ ਪਈ ਸੀ।

ਇਸ ਸੰਪੂਰਨ ਜਿੱਤ ਨਾਲ ਸਾਰੇ ਸਿੱਖ-ਜਗਤ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਜੇਲ੍ਹਾਂ ਵਿਚ ਬੰਦ ਕੈਦੀਆਂ ਨੂੰ ਆਪਣੀਆਂ ਰਿਹਾਈਆਂ ਨਾਲੋਂ ਵੀ ਵਧੇਰੇ ਖ਼ੁਸ਼ੀ ਇਸ ਗੱਲ ਦੀ ਸੀ ਕਿ ਉਨ੍ਹਾਂ ਦੀ ਤਪੱਸਿਆ ਸਫ਼ਲ ਹੋਈ ਸੀ। ਪਰ ਮੋਰਚਾ ਖ਼ਤਮ ਹੋਣ ਤੋਂ ਬਾਅਦ ਵੀ ਰਿਹਾਈਆਂ ਹੋਣ ਵਿਚ ਬੜੀ ਅਸਾਧਾਰਨ ਦੇਰੀ ਹੋ ਰਹੀ ਸੀ। ਮਾਸਟਰ ਤਾਰਾ ਸਿੰਘ ਨੂੰ ਦੋ ਮਹੀਨੇ ਬਾਅਦ 8 ਸਤੰਬਰ ਨੂੰ ਰਿਹਾ ਕੀਤਾ ਗਿਆ। ਸਾਡੀ ਜੇਲ੍ਹ ਵਿਚ ਉਸ ਵੇਲੇ ਤਕ ਵੀ ਰਿਹਾਈਆਂ ਬਾਰੇ ਕੋਈ ਸੰਕੇਤ ਨਹੀਂ ਸੀ। ਮੈਨੂੰ ਠੀਕ ਤਰੀਕ ਤਾਂ ਯਾਦ ਨਹੀਂ, ਪਰ ਮੇਰਾ ਅਨੁਮਾਨ ਹੈ ਕਿ ਸਾਡੀਆਂ ਰਿਹਾਈਆਂ ਅਕਤੂਬਰ ਦੇ ਆਖ਼ਰੀ ਹਫ਼ਤੇ ਵਿਚ ਹੋਈਆਂ ਸਨ। ਮੋਰਚਾ ਖ਼ਤਮ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਸਰਕਾਰ ਦੇ ਫ਼ੈਸਲੇ ਤੇ ਤਸੱਲੀ ਪ੍ਰਗਟ ਕੀਤੀ, ਪਰ ਨਾਲ ਹੀ ਆਖਿਆ ਕਿ 4 ਜੁਲਾਈ ਨੂੰ ਪੁਲਿਸ ਵੱਲੋਂ ਹੋਈ ਦਰਬਾਰ ਸਾਹਿਬ ਦੀ ਬੇਅਦਬੀ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਤੇ ਸਰਕਾਰ ਨੂੰ ਇਹਦੀ ਤਲਾਫ਼ੀ ਕਰਨੀ ਪਏਗੀ। ਆਖ਼ਰ ਸਤੰਬਰ ਦੇ ਅਖ਼ੀਰ ਵਿਚ ਮੁਖ ਮੰਤਰੀ ਸੱਚਰ ਨੇ ਦਲੇਰੀ ਤੇ ਸ਼ਰਾਫ਼ਤ ਦਾ ਪ੍ਰਗਟਾਅ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਹਾਜ਼ਰ ਹੋ ਕੇ ਭਰੇ ਦੀਵਾਨ ਵਿਚ ਪੁਲਿਸ ਵੱਲੋਂ ਕੀਤੀ ਬੇਅਦਬੀ ਦੀ ਮਾਫ਼ੀ ਮੰਗ ਲਈ। ਇਸ ਤੋਂ ਬਾਅਦ ਉਨ੍ਹਾਂ ਨੇ ਇਕ ਬਿਆਨ ਵਿਚ ਇਹ ਵੀ ਆਖਿਆ ਕਿ ਭਾਸ਼ਾ ਸੰਬੰਧੀ ਸਿੱਖਾਂ ਦਾ ਪੱਖ ਜਾਇਜ਼ ਹੈ। ਫ਼ਿਰਕੂ ਹਿੰਦੂਆਂ ਦੇ ਵਤੀਰੇ ਉੱਤੇ ਅਫ਼ਸੋਸ ਪ੍ਰਗਟ ਕਰਦਿਆਂ ਉਨ੍ਹਾਂ ਨੇ ਇੱਥੋਂ ਤਕ ਆਖ ਦਿੱਤਾ ਕਿ ਅਜਿਹੇ ਕਾਂਗਰਸੀਆਂ ਨੂੰ ਕਾਂਗਰਸ ਛਡ ਕੇ ਜਨ-ਸੰਘ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਇਹ ਮਾਮਲਾ ਖ਼ਤਮ ਹੋ ਗਿਆ। ਪਰ ਇਹ ਬਿਆਨ ਦੇਣ ਤੇ ਅਕਾਲ ਤਖ਼ਤ ਸਾਹਿਬ ਉੱਤੇ ਮਾਫ਼ੀ ਮੰਗਣ ਲਈ ਉਨ੍ਹਾਂ ਨੂੰ ਮੁਖ ਮੰਤਰੀ ਦੀ ਪਦਵੀ ਦੀ ਕੁਰਬਾਨੀ ਦੇਣੀ ਪਈ।

ਇਸ ਅਪੂਰਵ ਸਫ਼ਲਤਾ ਤੋਂ ਬਾਅਦ ਅਕਾਲੀ ਦਲ ਨੂੰ ਛੇਤੀ ਹੀ ਆਪਣਾ ਪੱਖ ਮਜ਼ਬੂਤ ਕਰਨ ਦਾ ਇਕ ਹੋਰ ਮੌਕਾ ਮਿਲ ਗਿਆ। ਸਬੱਬ ਨਾਲ ਕਾਂਗਰਸ ਨੇ ਆਪਣਾ ਵਾਰਸ਼ਿਕ ਸਮਾਗਮ 10-11 ਫ਼ਰਵਰੀ 1956 ਨੂੰ ਅੰਮ੍ਰਿਤਸਰ ਵਿਚ ਰੱਖ ਲਿਆ। ਕੁਦਰਤੀ ਹੀ ਆਲੇ-ਦੁਆਲੇ ਦੇ ਪਿੰਡਾਂ ਵਿੱਚੋਂ ਹਜ਼ਾਰਾਂ ਸਿੱਖਾਂ ਨੇ ਇਹ ਸਮਾਗਮ ਵੇਖਣ ਲਈ ਆ ਜਾਣਾ ਸੀ। ਅਕਾਲੀ ਦਲ ਨੇ ਇਸ ਮੌਕੇ ਤੋਂ ਫ਼ਾਇਦਾ ਉਠਾਣ ਲਈ ਸਰਬ-ਹਿੰਦ ਅਕਾਲੀ ਕਾਨਫ਼ਰੰਸ ਦਾ ਸਮਾਗਮ ਵੀ ਇਨ੍ਹਾਂ ਤਰੀਕਾਂ ਉੱਤੇ ਅੰਮ੍ਰਿਤਸਰ ਵਿਚ ਰੱਖ ਲਿਆ ਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਹੁਮ-ਹੁਮਾ ਕੇ ਇਸ ਕਾਨਫ਼ਰੰਸ ਵਿਚ ਸ਼ਾਮਲ ਹੋਣ। ਇਸ ਕਾਨਫ਼ਰੰਸ ਦਾ ਜੋ ਜਲੂਸ ਨਿਕਲਿਆ, ਉਹ ਪੰਜ ਮੀਲ ਲੰਮਾ ਸੀ ਤੇ ਬੁਰਜ ਅਕਾਲੀ ਫੂਲਾ ਸਿੰਘ ਤੋਂ ਸ਼ੁਰੂ ਹੋ ਕੇ ਪੰਜ ਘੰਟੇ ਵਿਚ ਕਾਨਫ਼ਰੰਸ-ਪੰਡਾਲ ਵਿਚ ਪੁੱਜਾ। ਜਲੂਸ ਇੰਨਾ ਸ਼ਾਨਦਾਰ ਸੀ ਕਿ ਇਸ ਦੇ ਸਾਹਮਣੇ ਕਾਂਗਰਸ ਦਾ ਜਲੂਸ ਫਿੱਕਾ ਜਾਪਣ ਲਗ ਪਿਆ। ਇਹ ਜਲੂਸ ਪੰਡਿਤ ਨਹਿਰੂ ਤੇ ਕੁਝ ਹੋਰ ਕਾਂਗਰਸੀ ਆਗੂਆਂ ਨੇ ਵੀ ਵੇਖਿਆ ਤੇ ਸ਼ਾਮ ਨੂੰ ਕਾਂਗਰਸ ਦੇ ਸਮਾਗਮ ਵਿਚ ਹੀ ਆਖਿਆ ਕਿ ਕੁਝ ਪਾਰਟੀਆਂ ਇੰਨੇ ਲੰਮੇ ਲੰਮੇ ਜਲੂਸ ਕਢਦੀਆਂ ਹਨ, ਜੋ ਮੁੱਕਣ ਵਿਚ ਹੀ ਨਹੀਂ ਆਉਂਦੇ। ਹਾਜ਼ਰੀ, ਜੋਸ਼ ਖ਼ਰੋਸ਼ ਤੇ ਉਤਸ਼ਾਹ ਦੇ ਪੱਖੋਂ ਵੀ ਅਕਾਲੀ ਕਾਨਫ਼ਰੰਸ ਕਾਂਗਰਸ ਦੇ ਸਮਾਗਮ ਤੋਂ ਬਾਜ਼ੀ ਲੈ ਗਈ। ਮਾਸਟਰ ਜੀ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਸਪੱਸ਼ਟ ਆਖ ਦਿੱਤਾ ਕਿ ਪੰਜਾਬੀ ਸੂਬੇ ਦਾ ਗਠਨ ਹੀ ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਇਹਦੇ ਨਾਲ ਸਾਡੇ ਉੱਤੇ ਫ਼ਿਰਕੂ

ਗ਼ਲਬਾ ਵੀ ਨਹੀਂ ਰਹੇਗਾ ਅਤੇ ਪੰਜਾਬੀ ਭਾਸ਼ਾ ਦੀ ਉੱਨਤੀ ਤੇ ਵਿਕਾਸ ਦਾ ਰਾਹ ਵੀ ਖੁਲ੍ਹ ਜਾਏਗਾ। ਉਨ੍ਹਾਂ ਨੇ ਇਹ ਵੀ ਆਖਿਆ ਕਿ ਸਾਡੇ ਕੁਝ ਸ਼ੁਭ-ਚਿੰਤਕ ਪੰਜਾਬੀ ਸੂਬੇ ਦਾ ਬਦਲਵਾਂ ਹੱਲ ਲਭ ਰਹੇ ਹਨ, ਪਰ ਇਹ ਹੱਲ ਆਰਜ਼ੀ ਸਾਬਤ ਹੋਵੇਗਾ ਤੇ ਇਸ ਨਾਲ ਸਦੀਵੀ ਤੇ ਪੱਕਾ ਅਮਨ ਕਾਇਮ ਨਹੀਂ ਹੋ ਸਕੇਗਾ। ਬਾਅਦ ਦੀਆਂ ਘਟਨਾਵਾਂ ਤੋਂ ਉਨ੍ਹਾਂ ਦੇ ਇਹ ਸ਼ਬਦ ਭਵਿੱਖ-ਬਾਣੀ ਸਾਬਤ ਹੋਏ। ਸ਼ਾਮ ਨੂੰ ਕੁਝ ਅਕਾਲੀ ਆਗੂ ਕਾਂਗਰਸ ਦੇ ਪੰਡਾਲ ਵਿਚ ਵੀ ਗਏ। ਪਰ ਕਾਂਗਰਸ ਉੱਤੇ ਨਾ ਇਸ ਸ਼ਾਨਦਾਰ ਸਫ਼ਲਤਾ ਦਾ ਤੇ ਨਾ ਇਸ ਸਦਭਾਵਨਾ ਦੇ ਕੋਈ ਅਸਰ ਪਿਆ।

ਮਾਸਟਰ ਜੀ ਦੇ ਪਿਛਲੇ ਕਥਨ ਤੋਂ ਜਾਪਦਾ ਸੀ ਕਿ ਪੰਜਾਬੀ ਸੂਬੇ ਦੀ ਮੰਗ ਬਾਰੇ ਕੋਈ ਗੱਲ-ਬਾਤ ਸ਼ੁਰੂ ਹੋ ਚੁਕੀ ਸੀ। ਇੱਸੇ ਦੌਰਾਨ ਮਾਸਟਰ ਜੀ ਨੇ ਇਕ ਹੋਰ ਵੱਡੀ ਬੇਇਨਸਾਫ਼ੀ ਦੂਰ ਕਰਾਉਣ ਲਈ ਸੰਘਰਸ਼ ਕਰਨ ਦਾ ਫ਼ੈਸਲਾ ਕਰ ਲਿਆ। ਅਨੰਦਪੁਰ ਸਾਹਿਬ ਵਿਚ ਇਕ ਸਮਾਗਮ ਕਰ ਕੇ ਫ਼ੈਸਲਾ ਕੀਤਾ ਗਿਆ ਕਿ ਪਛੜੀਆਂ ਜਾਤੀਆਂ ਦੇ ਸਿੱਖਾਂ ਨੂੰ ਹਿੰਦੂ ਹਰੀਜਨਾਂ ਦੇ ਬਰਾਬਰ ਹੱਕ ਦਿਵਾਣ ਲਈ ਮਾਸਟਰ ਜੀ ਇਕ ਸ਼ਹੀਦੀ ਜਥਾ ਲੈ ਕੇ ਦਿੱਲੀ ਜਾਣ। ਇਸ ਫ਼ੈਸਲੇ ਅਨੁਸਾਰ ਮਾਸਟਰ ਜੀ ਅਜੇ ਦਿੱਲੀ ਪਹੁੰਚੇ ਨਹੀਂ ਸਨ ਕਿ ਭਾਰਤ ਦੇ ਗ੍ਰਿਹ ਮੰਤਰੀ ਡਾਕਟਰ ਕਾਟਜੂ ਨੇ ਸਿੱਖਾਂ ਦੀਆਂ ਚਾਰ ਪਛੜੀਆਂ ਜਾਤੀਆਂ—ਮਜ਼ਬੀ ਸਿੱਖਾਂ, ਰਾਮਦਾਸੀਆਂ, ਕਬੀਰ-ਪੰਥੀਆਂ ਤੇ ਸਿਕਲੀਗਰਾਂ ਨੂੰ ਹਿੰਦੂ ਹਰੀਜਨਾਂ ਦੇ ਬਰਾਬਰ ਹੱਕ ਦੇਣੇ ਪ੍ਰਵਾਨ ਕਰ ਲਏ।

(ਅ) ਰਿਜਨਲ (ਇਲਾਕਾਈ) ਫ਼ਾਰਮੂਲਾ

ਪੰਜਾਬੀ ਸੂਬੇ ਦੇ ਬਦਲ ਵਜੋਂ ਜੋ ਨਵੀਂ ਸਕੀਮ ਪੇਸ਼ ਕੀਤੀ ਗਈ ਸੀ ਤੇ ਜਿਸ ਨੂੰ ਅਕਾਲੀ ਦਲ ਦੇ ਪ੍ਰਤਿਨਿਧਾਂ—ਭਾਈ ਜੋਧ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ, ਗਿਆਨੀ ਕਰਤਾਰ ਸਿੰਘ ਤੇ ਸ. ਹੁਕਮ ਸਿੰਘ ਨਾਲ ਵਿਚਾਰ ਤੋਂ ਬਾਅਦ ਅੰਤਮ ਰੂਪ ਦਿੱਤਾ ਗਿਆ ਸੀ, ਰਿਜਨਲ ਫ਼ਾਰਮੂਲਾ ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਸ ਅਨੁਸਾਰ ਪੰਜਾਬ ਅਸੈਂਬਲੀ ਦੀਆਂ ਦੋ ਰਿਜਨਲ ਕਮੇਟੀਆਂ ਬਣਾਈਆਂ ਗਈਆਂ—ਇਕ ਪੰਜਾਬੀ ਬੋਲੀ ਦੇ ਇਲਾਕਿਆਂ ਵਾਸਤੇ ਤੇ ਦੂਜੀ ਹਿੰਦੀ-ਭਾਸ਼ਾਈ ਇਲਾਕਿਆਂ ਲਈ। ਹਰੇਕ ਰਿਜਨਲ ਕਮੇਟੀ ਵਿਚ ਉਨ੍ਹਾਂ ਇਲਾਕਿਆਂ ਵਿੱਚੋਂ ਚੁਣ ਕੇ ਆਏ ਹੋਏ ਮੈਂਬਰ ਸ਼ਾਮਲ ਕੀਤੇ ਗਏ। ਇਨ੍ਹਾਂ ਕਮੇਟੀਆਂ ਨੂੰ ਅਮਨ-ਕਾਨੂੰਨ, ਵਿੱਤ ਅਤੇ ਟੈਕਸ ਵਿਭਾਗ ਤੋਂ ਬਿਨਾਂ ਹੋਰ ਸਭ ਮੱਦਾਂ ਬਾਰੇ ਕਾਨੂੰਨ ਬਣਾਨ ਦੇ ਅਧਿਕਾਰ ਦਿੱਤੇ ਗਏ। ਮੰਤਰੀ ਮੰਡਲ ਲਈ ਇਨ੍ਹਾਂ ਫ਼ੈਸਲਿਆਂ ਨੂੰ ਮੰਨਣਾ ਲਾਜ਼ਮੀ ਸੀ, ਪਰ ਵਿਰੋਧ ਦੀ ਸੂਰਤ ਵਿਚ ਆਖ਼ਰੀ ਫ਼ੈਸਲਾ ਗਵਰਨਰ ਦੇ ਹੱਥ ਵਿਚ ਸੀ। ਗੁਰਮੁਖੀ ਲਿੱਪੀ ਵਿਚ ਲਿਖੀ ਪੰਜਾਬੀ, ਪੰਜਾਬੀ ਖੇਤਰ ਵਿਚ ਕਚਹਿਰੀਆਂ ਤੇ ਦਫ਼ਤਰਾਂ ਦੀ ਭਾਸ਼ਾ ਬਣਾਈ ਗਈ। ਇਸ ਫ਼ਾਰਮੂਲੇ ਵਿਚ ਕਈ ਊਣਤਾਈਆਂ ਸਨ, ਵਿਸ਼ੇਸ਼ ਕਰਕੇ ਰਿਜਨਲ ਕਮੇਟੀਆਂ ਵੱਲੋਂ ਪਾਸ ਕੀਤੇ ਗਏ ਕਾਨੂੰਨਾਂ ਬਾਰੇ ਆਖ਼ਰੀ ਫ਼ੈਸਲਾ ਗਵਰਨਰ ਦੇ ਹੱਥ ਹੋਣਾ, ਪਰ ਮੁਸ਼ਕਲ ਇਹ ਬਣੀ ਕਿ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਉੱਘੇ ਆਗੂ, ਜਿਹਾ ਕਿ ਸ. ਹੁਕਮ ਸਿੰਘ ਤੇ ਗਿਆਨੀ ਕਰਤਾਰ ਸਿੰਘ ਇਸ ਨੂੰ ਮੰਨ ਲੈਣ ਦੀ ਜ਼ੋਰਦਾਰ ਹਮਾਇਤ ਕਰ ਰਹੇ ਸਨ, ਸੋ ਪੰਥਕ ਏਕਤਾ ਕਾਇਮ ਰੱਖਣ ਲਈ ਇਸ ਨੂੰ ਮੰਨਣਾ ਜ਼ਰੂਰੀ ਹੋ ਗਿਆ। ਮਾਸਟਰ ਤਾਰਾ ਸਿੰਘ ਦਾ ਖ਼ਿਆਲ ਸੀ ਕਿ ਇਸ ਨਾਲ ਪੰਜਾਬੀ ਸੂਬਾ ਤਾਂ ਨਹੀਂ ਬਣਿਆ, ਪਰ ਪੰਜਾਬੀ ਸੂਬੇ ਦਾ ਬੀਜ ਜ਼ਰੂਰ ਬੀਜਿਆ ਗਿਆ ਹੈ। ਇਸ ਫ਼ੈਸਲੇ ਦੇ ਵੱਡੇ ਸਮਰਥਕ ਗਿਆਨੀ ਕਰਤਾਰ ਸਿੰਘ ਦਾ ਕਹਿਣਾ ਸੀ ਕਿ "ਇਸ ਨੂੰ ਪੰਜਾਬੀ ਸੂਬੇ ਦਾ ਸ਼ਗਨ ਸਮਝ ਕੇ ਪ੍ਰਵਾਨ ਕਰ ਲਓ; ਸਮੇਂ ਸਿਰ ਪੰਜਾਬੀ ਸੂਬਾ ਵੀ ਬਣ ਜਾਏਗਾ।" ਬਹੁਤਿਆਂ ਦਾ ਖ਼ਿਆਲ ਇਹ ਸੀ ਕਿ ਇਸ ਵੇਲੇ

ਫਿਰ ਮੋਰਚਾ ਸ਼ੁਰੂ ਕਰਨ ਨਾਲੋਂ ਬਿਹਤਰ ਹੈ ਕਿ ਇਹਦਾ ਤਜਰਬਾ ਕਰ ਲਿਆ ਜਾਏ। ਜੇ ਇਹ ਸਾਡੀਆਂ ਆਸਾਂ ਤੇ ਪੂਰਾ ਨਾ ਉਤਰਿਆ, ਤਾਂ ਇਸ ਨੂੰ ਕਿਸੇ ਵੇਲੇ ਵੀ ਰੱਦ ਕੀਤਾ ਜਾ ਸਕਦਾ ਹੈ। ਸੋ ਅਕਾਲੀ ਦਲ ਨੇ ਇਹਦੇ ਉੱਤੇ ਪ੍ਰਵਾਨਗੀ ਦੀ ਮੁਹਰ ਲਾ ਦਿੱਤੀ।

ਜੇ ਇਸ ਫ਼ਾਰਮੂਲੇ ਉੱਤੇ ਕਾਂਗਰਸ ਈਮਾਨਦਾਰੀ ਨਾਲ ਅਮਲ ਕਰਦੀ, ਤਾਂ ਸੰਭਵ ਸੀ ਕਿ ਸਿੱਖਾਂ ਦੀ ਤਸੱਲੀ ਹੋ ਜਾਂਦੀ, ਪਰ ਸਮੱਸਿਆ ਇਹ ਬਣੀ ਕਿ ਇਸ ਵੇਲੇ ਪੰਜਾਬ ਦੇ ਮੁਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਬਣ ਗਏ ਸਨ, ਜੋ ਬੜੇ ਚਾਤਰ, ਜਾਬਰ ਤੇ ਬੇਅਸੂਲੇ ਨੀਤੀਵਾਨ ਸਨ। ਉਨ੍ਹਾਂ ਨੂੰ ਸਿੱਖਾਂ ਦੀ ਸੰਤੁਸ਼ਟਤਾ ਨਾਲੋਂ ਆਪਣੀ ਮੁਖ ਮੰਤਰੀ ਦੀ ਗੱਦੀ ਵਧੇਰੇ ਪਿਆਰੀ ਸੀ ਤੇ ਇਹ ਤਾਂ ਹੀ ਬਣੀ ਰਹਿ ਸਕਦੀ ਸੀ, ਜੇ ਸਿੱਖਾਂ ਤੇ ਕਾਂਗਰਸ ਦੇ ਵਿਚਕਾਰ ਖਟਪਟੀ ਚਲਦੀ ਰਹੇ ਤੇ ਸਿੱਖਾਂ ਨੂੰ ਦਬਾਉਣ ਲਈ ਕਾਂਗਰਸ ਨੂੰ ਉਨ੍ਹਾਂ ਦੀ ਲੋੜ ਬਣੀ ਰਹੇ। ਉਨ੍ਹਾਂ ਦੇ ਕਠੋਰ ਤੇ ਆਪ-ਹੁਦਰੇ ਵਤੀਰੇ ਦੇ ਕਾਰਨ ਬਹੁਤ ਸਾਰੇ ਕਾਂਗਰਸੀ ਮੈਂਬਰ ਵੀ ਉਨ੍ਹਾਂ ਦੇ ਵਿਰੁੱਧ ਹੋ ਗਏ ਸਨ ਤੇ ਉਹ ਕਿਸੇ ਵੇਲੇ ਵੀ ਗੱਦੀਓਂ ਲਾਹੇ ਜਾ ਸਕਦੇ ਸਨ। ਸੋ ਉਨ੍ਹਾਂ ਨੇ ਸ਼ੁਰੂ ਤੋਂ ਹੀ ਇਨ੍ਹਾਂ ਕਮੇਟੀਆਂ ਨੂੰ ਮਹੱਤਵਹੀਨ ਤੇ ਬੇਅਸਰ ਬਣਾਉਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ। ਸਭ ਤੋਂ ਵੱਡੀ ਗੱਲ ਇਹ ਕਿ ਰਿਜਨਲ ਫ਼ਾਰਮੂਲੇ ਦੀਆਂ ਭਾਸ਼ਾ ਸੰਬੰਧੀ ਮੱਦਾਂ ਉੱਤੇ ਕੋਈ ਅਮਲ ਨਾ ਕੀਤਾ ਗਿਆ। ਆਰੀਆ ਸਮਾਜੀਆਂ ਦੀ ਬਣਾਈ 'ਹਿੰਦੀ ਰਖਸ਼ਾ ਸੰਮਤੀ' ਵੱਲੋਂ ਕੀਤੇ ਜਾ ਰਹੇ ਅੰਦੋਲਨ ਦੇ ਦਬਾਅ ਹੇਠ ਪੰਜਾਬ ਸਰਕਾਰ ਨੇ ਜ਼ਿਲ੍ਹਾ-ਪੱਧਰ ਉੱਤੇ ਹਿੰਦੀ ਨੂੰ ਕਈ ਰਿਆਇਤਾਂ ਦੇਣੀਆਂ ਮੰਨ ਲਈਆਂ, ਜਿਹਾ ਕਿ ਸਰਕਾਰੀ ਐਲਾਨ ਹਿੰਦੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਹੋਣੇ, ਦਰਖ਼ਾਸਤਾਂ ਵੀ ਆਪਣੀ ਮਰਜ਼ੀ ਦੀ ਭਾਸ਼ਾ ਵਿਚ ਦੇ ਸਕਣਾ ਅਤੇ ਜਿਸ ਭਾਸ਼ਾ ਵਿਚ ਕੋਈ ਵਿਅਕਤੀ ਦਰਖ਼ਾਸਤ ਦੇਵੇ, ਉਸੇ ਭਾਸ਼ਾ ਵਿਚ ਉਸ ਨੂੰ ਉਹਦਾ ਉੱਤਰ ਦੇਣਾ ਅਤੇ ਜ਼ਿਲ੍ਹਾ ਪੱਧਰ ਤਕ ਸਾਰੇ ਰੀਕਾਰਡ ਦੋਹਾਂ ਭਾਸ਼ਾਵਾਂ ਵਿਚ ਹੋਣੇ।

ਦੂਜੀ ਵੱਡੀ ਗੱਲ ਇਹ ਹੋਈ ਕਿ ਪੰਜਾਬ ਸਰਕਾਰ ਵੱਲੋਂ ਮੁਖ ਮੰਤਰੀ ਨੇ ਐਲਾਨ ਕਰ ਦਿੱਤਾ ਤੇ ਅਸੈਂਬਲੀ ਦੇ ਸਪੀਕਰ ਸ. ਗੁਰਦਿਆਲ ਸਿੰਘ ਢਿੱਲੋਂ ਨੇ ਇਸ ਦੀ ਤਸਦੀਕ ਕਰ ਦਿੱਤੀ ਕਿ ਰਿਜਨਲ ਕਮੇਟੀਆਂ ਦਾ (ਜਿਨ੍ਹਾਂ ਨੂੰ ਪਹਿਲੇ ਖਰੜੇ ਵਿਚ ਰਿਜਨਲ ਕੌਂਸਲਾਂ ਦਾ ਨਾਂ ਦਿੱਤਾ ਗਿਆ ਸੀ, ਦਰਜਾ ਅਸੈਂਬਲੀ ਦੀਆਂ ਹੋਰ ਸਭ ਕਮੇਟੀਆਂ ਤੋਂ ਵੱਧ ਨਹੀਂ ਹੋਵੇਗਾ। ਇਨ੍ਹਾਂ ਦੇ ਚੇਅਰਮੈਨਾਂ ਨੂੰ ਨਾ ਵਿਧਾਨ ਸਭਾ ਦੀ ਇਮਾਰਤ ਵਿਚ ਕੋਈ ਵਖਰਾ ਕਮਰਾ ਦਿੱਤਾ ਜਾਇਗਾ ਤੇ ਨਾ ਹੀ ਕੋਈ ਅਮਲਾ। ਇਸ ਤਰ੍ਹਾਂ ਉਹ ਯੋਜਨਾ-ਬਧ ਤਰੀਕੇ ਨਾਲ ਰਿਜਨਲ ਫ਼ਾਰਮੂਲੇ ਵਿੱਚੋਂ ਜਾਨ ਕਢ ਰਹੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਸੇਠ ਰਾਮ ਨਾਥ ਨੇ, ਜੋ ਸਰਬ-ਸੰਮਤੀ ਨਾਲ ਪੰਜਾਬੀ ਰਿਜਨਲ ਕਮੇਟੀ ਦੇ ਪ੍ਰਧਾਨ ਚੁਣੇ ਗਏ ਸਨ, ਅਸਤੀਫ਼ਾ ਦੇ ਦਿੱਤਾ।

ਰਿਜਨਲ ਫ਼ਾਰਮੂਲਾ ਬਣਨ ਵੇਲੇ ਇਕ ਫ਼ੈਸਲਾ ਇਹ ਵੀ ਹੋਇਆ ਸੀ ਕਿ 1957 ਵਿਚ ਲੋਕ ਸਭਾ ਤੇ ਪੰਜਾਬ ਅਸੈਂਬਲੀ ਦੀਆਂ ਹੋਣ ਵਾਲੀਆਂ ਚੋਣਾਂ ਵਿਚ ਕਾਂਗਰਸ ਅਕਾਲੀ ਦਲ ਦੀ ਮਹਾਨਤਾ ਅਨੁਸਾਰ ਉਹਦੇ ਮੈਂਬਰਾਂ ਨੂੰ ਆਪਣੇ ਟਿਕਟ ਤੇ ਖੜਾ ਕਰੇਗੀ। ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ 75 ਪ੍ਰਤੀਸ਼ਤ ਤੋਂ ਵਧ ਵੋਟਾਂ ਲਈਆਂ ਸਨ, ਪਰ ਜਦ ਉਮੀਦਵਾਰ ਖੜੇ ਕਰਨ ਦਾ ਵਕਤ ਆਇਆ, ਤਾਂ ਉਸਦੇ ਉਮੀਦਵਾਰਾਂ ਨੂੰ ਕੇਵਲ 24 ਸੀਟਾਂ ਤੇ ਖੜਾ ਕੀਤਾ ਗਿਆ ਅਤੇ ਇਸ ਸੰਬੰਧ ਵਿਚ ਮਾਸਟਰ ਤਾਰਾ ਸਿੰਘ ਵੱਲੋਂ ਕੀਤੇ ਗਏ ਰੋਸ ਦੀ ਵੀ ਅਣਦੇਖੀ ਕਰ ਦਿੱਤੀ ਗਈ।

ਕਾਂਗਰਸ ਨਾਲ ਗਠਜੋੜ ਦਾ ਇਕ ਨਤੀਜਾ ਇਹ ਹੋਇਆ ਕਿ ਕਾਂਗਰਸ ਦੇ ਟਿਕਟ ਉੱਤੇ ਕਾਮਯਾਬ ਹੋਏ ਮੈਂਬਰ ਕਾਂਗਰਸ ਵਿਚ ਜਜ਼ਬ ਹੋ ਗਏ। ਗਿਆਨੀ ਕਰਤਾਰ ਸਿੰਘ ਨੂੰ ਕੈਰੋਂ ਨੇ

ਆਪਣੀ ਵਜ਼ਾਰਤ ਵਿਚ ਲੈ ਲਿਆ ਸੀ। ਗਿਆਨੀ ਜੀ ਨੇ ਉਹਦੇ ਨਾਲ ਮਿਲ ਕੇ ਮਾਸਟਰ ਤਾਰਾ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਹਟਾਉਣ ਦੀ ਵਿਉਂਤ ਬਣਾਈ। ਉਨ੍ਹਾਂ ਨੇ 22 ਕਮਿਊਨਿਸਟ ਤੇ ਕੁਝ ਆਜ਼ਾਦ ਮੈਂਬਰਾਂ ਨੂੰ ਅਹੁਦਿਆਂ ਦਾ ਲਾਲਚ ਦੇ ਕੇ ਆਪਣੇ ਨਾਲ ਮਿਲਾ ਲਿਆ ਅਤੇ ਇਸ ਤਰ੍ਹਾਂ ਆਪਣੇ ਮਨੋਰਥ ਵਿਚ ਕਾਮਯਾਬੀ ਪ੍ਰਾਪਤ ਕਰ ਲਈ। ਇਸ ਤੋਂ ਬਾਅਦ ਉਹ ਗੁਰਦੁਆਰਾ ਕਾਨੂੰਨ ਵਿਚ ਅਜਿਹੀਆਂ ਤਰਮੀਮਾਂ ਕਰਨ ਦੀ ਯੋਜਨਾ ਬਣਾਉਣ ਲੱਗੇ, ਜਿਨ੍ਹਾਂ ਨਾਲ ਅਕਾਲੀਆਂ ਨੂੰ ਗੁਰਦੁਆਰਾ ਪ੍ਰਬੰਧ ਤੋਂ ਪਰੇ ਰਖਿਆ ਜਾ ਸਕੇ। ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਇਸ ਤਰ੍ਹਾਂ ਦੇ ਦਖ਼ਲ ਵਿਰੁੱਧ ਰੋਸ ਪ੍ਰਗਟ ਕਰਨ ਲਈ ਅਕਾਲੀ ਦਲ ਨੇ 15 ਮਾਰਚ 1959 ਨੂੰ ਦਿੱਲੀ ਵਿਚ ਇਕ ਚੁੱਪ-ਧਾਰਮਿਕ ਜਲੂਸ ਕੱਢਣ ਦਾ ਫ਼ੈਸਲਾ ਕੀਤਾ। ਇਸ ਜਲੂਸ ਦੀ ਅਗਵਾਈ ਮਾਸਟਰ ਤਾਰਾ ਸਿੰਘ ਨੇ ਕਰਨੀ ਸੀ, ਪਰ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਇਕ ਦਿਨ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ। ਦਿੱਲੀ ਜਾਣ ਵਾਲੀਆਂ ਵਿਸ਼ੇਸ਼ ਗੱਡੀਆਂ ਰੱਦ ਕਰ ਦਿੱਤੀਆਂ ਗਈਆਂ ਤੇ ਉਨ੍ਹਾਂ ਬੱਸਾਂ ਦੇ ਪਰਮਿਟ ਵੀ ਮਨਸੂਖ਼ ਕਰ ਦਿੱਤੇ ਗਏ, ਜਿਨ੍ਹਾਂ ਵਿਚ ਸੰਗਤਾਂ ਨੇ ਦਿੱਲੀ ਜਾਣਾ ਸੀ। ਇਸ ਦੇ ਬਾਵਜੂਦ ਲਗ ਪਗ ਡੇਢ ਲੱਖ ਸਿਖ ਜਲੂਸ ਵਿਚ ਸ਼ਾਮਲ ਹੋਣ ਲਈ ਦਿੱਲੀ ਪਹੁੰਚ ਗਏ ਤੇ ਮਾਸਟਰ ਤਾਰਾ ਸਿੰਘ ਦੀ ਤਸਵੀਰ ਦੀ ਅਗਵਾਈ ਵਿਚ 11 ਵਜੇ ਜਲੂਸ ਗੁਰਦੁਆਰਾ ਸੀਸ ਗੰਜ ਤੋਂ ਸ਼ੁਰੂ ਹੋ ਕੇ ਪੰਜ ਵਜੇ ਸ਼ਾਮ ਗੁਰਦੁਆਰਾ ਰਕਾਬ ਗੰਜ ਪੁੱਜਾ। ਉੱਥੇ ਇਕ ਭਾਰੀ ਧਾਰਮਿਕ ਕਾਨਫ਼ਰੰਸ ਵਿਚ ਹੋਰ ਗੱਲਾਂ ਤੋਂ ਛੁੱਟ ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਵਿਰੁੱਧ ਰੋਸ ਪ੍ਰਗਟ ਕੀਤਾ ਗਿਆ। ਕੇਂਦਰੀ ਸਰਕਾਰ ਦੇ ਦਖ਼ਲ ਦੇਣ ਤੇ ਮਾਸਟਰ ਜੀ ਨੂੰ ਇਕ ਹਫ਼ਤੇ ਬਾਅਦ ਰਿਹਾ ਕਰ ਦਿੱਤਾ ਗਿਆ।

ਜਨਵਰੀ 1960 ਵਿਚ ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ ਹੋਣੀਆਂ ਸਨ। ਅਕਾਲੀ ਦਲ ਨੇ ਇਹ ਚੋਣਾਂ ਵੀ ਪੰਜਾਬੀ ਸੂਬੇ ਦੇ ਮੁੱਦੇ ਉੱਤੇ ਲੜਨ ਦਾ ਫ਼ੈਸਲਾ ਕੀਤਾ। ਇਸ ਵੇਲੇ ਤਕ ਆਂਧਰਾ ਪ੍ਰਦੇਸ਼, ਕਰਨਾਟਕ ਤੇ ਕੇਰਲ ਦੇ ਤਿੰਨ ਨਵੇਂ ਪ੍ਰਾਂਤ ਭਾਸ਼ਾ ਦੇ ਅਧਾਰ ਤੇ ਬਣ ਚੁਕੇ ਸਨ। ਪਰ ਕਾਂਗਰਸ ਸਰਕਾਰ ਬੰਬਈ ਨੂੰ ਮਹਾਰਾਸ਼ਟਰ ਤੇ ਗੁਜਰਾਤ ਪ੍ਰਾਂਤਾਂ ਵਿਚ ਵੰਡਣ ਤੋਂ ਟਾਲ-ਮਟੋਲ ਕਰ ਰਹੀ ਸੀ। ਆਖ਼ਰ ਮਹਾਰਾਸ਼ਟਰੀਆਂ ਦੇ ਦਬਾਅ ਥੱਲੇ ਦਸੰਬਰ 1959 ਵਿਚ ਬੰਬਈ ਨੂੰ ਵੀ ਦੋ ਪ੍ਰਾਂਤਾਂ ਵਿਚ ਵੰਡ ਦਿੱਤਾ ਗਿਆ। ਪਰ ਕੇਂਦਰ ਨੇ ਬੰਬਈ ਸ਼ਹਿਰ ਨੂੰ ਆਪਣੇ ਅਧੀਨ ਰੱਖਣ ਦਾ ਫ਼ੈਸਲਾ ਕਰ ਦਿੱਤਾ। ਇਸ ਉੱਤੇ ਕਾਂਗਰਸ ਦੇ ਇਕ ਉੱਘੇ ਆਗੂ ਮੈਡਗਿਲ ਨੇ ਲਲਕਾਰਾ ਮਾਰਿਆ ਕਿ "ਬੰਬਈ ਸ਼ਹਿਰ ਨੂੰ ਮਹਾਰਾਸ਼ਟਰ ਵਿਚ ਮਿਲਾਉਣ ਦੀ ਲੜਾਈ ਬੰਬਈ ਦੇ ਬਜ਼ਾਰਾਂ ਤੇ ਸੜਕਾਂ ਉੱਪਰ ਲੜੀ ਜਾਏਗੀ।" ਇਸ ਧਮਕੀ ਦੇ ਥੱਲੇ ਸਰਕਾਰ ਦਬਕ ਗਈ ਤੇ ਬੰਬਈ ਨੂੰ ਮਹਾਰਾਸ਼ਟਰ ਵਿਚ ਮਿਲਾ ਦਿੱਤਾ ਗਿਆ। ਇਸ ਕਾਰਵਾਈ ਨਾਲ ਇਹ ਗੱਲ ਇਕ ਵਾਰੀ ਫਿਰ ਸਪੱਸ਼ਟ ਹੋ ਗਈ ਕਿ ਪੰਜਾਬੀ ਸੂਬਾ ਨਾ ਬਣਾਣਾ ਸਿੱਖਾਂ ਨਾਲ ਨਿਪਟ ਵਿਤਕਰਾ ਹੈ।

ਗੁਰਦੁਆਰਾ ਚੋਣਾਂ ਵਿਚ ਅਕਾਲੀ ਦਲ ਦਾ ਮੁਕਾਬਲਾ ਕਰਨ ਲਈ ਕਾਂਗਰਸੀ ਸਿੱਖਾਂ ਦੇ ਸਭ ਧੜਿਆਂ—ਪ੍ਰਤਾਪ ਸਿੰਘ ਕੈਰੋਂ, ਗਿਆਨੀ ਕਰਤਾਰ ਸਿੰਘ ਤੇ ਗਿਆਨ ਸਿੰਘ ਰਾੜੇਵਾਲਾ ਆਦਿ—ਨੇ ਮਿਲ ਕੇ 'ਸਾਧ-ਸੰਗਤ ਬੋਰਡ' ਨਾਂ ਦੀ ਇਕ ਸੰਸਥਾ ਬਣਾਈ, ਪਰ ਇਹਦੇ ਵਿਚ 'ਸਾਧ-ਸੰਗਤ' ਤਾਂ ਕਿਤੇ ਨਹੀਂ ਸੀ, ਕੇਵਲ ਬੋਰਡ ਹੀ ਬੋਰਡ ਸੀ। ਸਰਕਾਰੀ ਅਸਰ-ਰਸੂਖ਼ ਦੀ ਵੱਧ ਤੋਂ ਵੱਧ ਵਰਤੋਂ ਕਰਨ ਤੇ ਅੱਡੀ-ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਉਨ੍ਹਾਂ ਦੇ ਕੇਵਲ ਚਾਰ ਉਮੀਦਵਾਰ ਕਾਮਯਾਬ ਹੋ ਸਕੇ ਤੇ ਉਨ੍ਹਾਂ ਦੇ ਹਮਾਇਤੀ ਕਮਿਊਨਿਸਟ ਬੁਰੀ ਤਰ੍ਹਾਂ ਹਾਰ ਗਏ। ਅਕਾਲੀ ਦਲ ਨੂੰ ਸ਼ਾਨਦਾਰ ਸਫ਼ਲਤਾ ਪ੍ਰਾਪਤ ਹੋਈ ਤੇ 140 ਵਿਚੋਂ ਉਸ ਦੇ 132 ਉਮੀਦਵਾਰ ਕਾਮਯਾਬ ਹੋ ਗਏ। ਮਾਰਚ 1960 ਵਿਚ ਮਾਸਟਰ ਤਾਰਾ ਸਿੰਘ ਸਰਬ-ਸੰਮਤੀ ਨਾਲ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ਪਰ ਉਹ ਮਹਿਸੂਸ ਕਰਦੇ ਸਨ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੁੰਦੇ ਹੋਏ ਉਹ ਪੰਜਾਬੀ ਸੂਬੇ ਦੇ ਮੋਰਚੇ ਲਈ ਪੂਰਾ ਤੇ ਲੋੜੀਂਦਾ ਵਕਤ ਨਹੀਂ ਦੇ ਸਕਣਗੇ। ਸੋ ਛੇਤੀ ਪਿੱਛੋਂ ਉਨ੍ਹਾਂ ਨੇ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਮੋਰਚੇ ਦੀ ਕਾਮਯਾਬੀ ਲਈ ਤਿਆਰੀ ਸ਼ੁਰੂ ਕਰ ਦਿੱਤੀ। ਅਕਾਲੀ ਦਲ ਨੇ ਇਕ ਮਤਾ ਪਾਸ ਕਰ ਕੇ ਕਾਂਗਰਸ ਦੇ ਟਿਕਟ ਉੱਤੇ ਕਾਮਯਾਬ ਹੋਏ ਪੰਜਾਬ ਅਸੈਂਬਲੀ ਦੇ ਅਕਾਲੀ ਮੈਂਬਰਾਂ ਨੂੰ ਆਦੇਸ਼ ਦਿੱਤਾ ਕਿ ਉਹ ਕਾਂਗਰਸ ਪਾਰਟੀ ਤੋਂ ਵਖ ਹੋ ਜਾਣ। ਪਰੰਤੂ ਸੁਆਰਥ, ਅਹੁਦਿਆਂ ਦਾ ਲਾਲਚ ਤੇ ਚੌਧਰ ਦੀ ਭੁੱਖ ਬੜੀ ਬੁਰੀ ਬਲਾ ਹੈ। ਸੋ 24 ਵਿਚੋਂ ਕੇਵਲ ਪੰਜ ਮੈਂਬਰਾਂ ਨੇ ਅਸਤੀਫ਼ੇ ਦਿੱਤੇ। ਕਾਂਗਰਸ ਨਾ ਛੱਡਣ ਵਾਲਿਆਂ ਦਾ ਕਹਿਣਾ ਸੀ ਕਿ ਜਦ ਅਸਾਂ ਆਪ ਰਿਜਨਲ ਫ਼ਾਰਮੂਲਾ ਬਣਵਾਇਆ ਸੀ, ਤਾਂ ਹੁਣ ਅਸੀਂ ਇਸ ਤੋਂ ਪਿੱਛੇ ਕਿਵੇਂ ਹੋਈਏ। ਉਹ ਇਹ ਭੁੱਲ ਗਏ ਕਿ ਉਸ ਵੇਲੇ ਵੀ ਇਸ ਨੂੰ ਤਜਰਬੇ ਵਜੋਂ ਹੀ ਪ੍ਰਵਾਨ ਕੀਤਾ ਗਿਆ ਸੀ ਤੇ ਜਦ ਸਰਕਾਰ ਕੈਰੋਂ ਨੇ ਇਹਦੇ ਵਿਚੋਂ ਜਾਨ ਕਢ ਲਈ ਸੀ, ਤਾਂ ਇਸ ਦੀ ਲੋਥ ਨਾਲ ਚੰਬੜੇ ਰਹਿਣਾ ਕਿਵੇਂ ਉਚਿਤ ਸੀ। ਸ਼ੁਰੂ ਹੋਣ ਵਾਲੇ ਦੂਜੇ ਮੋਰਚੇ ਵਿਚ ਅਕਾਲੀ ਦਲ ਨੂੰ ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਕਿ ਦਲ ਦੇ ਕਈ ਉੱਘੇ ਆਗੂ, ਜੋ ਪਹਿਲੇ ਮੋਰਚੇ ਵਿਚ ਅਕਾਲੀ ਦਲ ਦੇ ਨਾਲ ਸਨ, ਕਾਂਗਰਸ ਦੇ ਨਾਲ ਰਲ ਗਏ ਤੇ ਉਨ੍ਹਾਂ ਨੇ ਪੱਕੇ ਕਾਂਗਰਸੀਆਂ ਨਾਲੋਂ ਵੀ ਮੋਰਚੇ ਦੇ ਵਿਰੁੱਧ ਵਧੇਰੇ ਜ਼ੋਰਦਾਰ ਬਿਆਨ ਦੇਣੇ ਸ਼ੁਰੂ ਕਰ ਦਿੱਤੇ।

(ਅ) ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਦੂਜਾ ਮੋਰਚਾ—1960

ਅਕਾਲੀ ਦਲ ਨੇ ਫ਼ੈਸਲਾ ਕੀਤਾ ਕਿ ਨਵਾਂ ਮੋਰਚਾ 12 ਜੂਨ 1960 ਨੂੰ ਦਿੱਲੀ ਵਿਚ ਇਕ ਭਾਰੀ ਜਲੂਸ ਕਢ ਕੇ ਤੇ ਵਿਖਾਵਾ ਕਰ ਕੇ ਸ਼ੁਰੂ ਕੀਤਾ ਜਾਏ। ਇਹ ਐਲਾਨ ਹੁੰਦੇ ਸਾਰ ਸਰਕਾਰ ਨੇ 24 ਮਈ ਨੂੰ ਮਾਸਟਰ ਤਾਰਾ ਸਿੰਘ, ਅਸੈਂਬਲੀ ਦੇ ਸਿਖ ਮੈਂਬਰਾਂ ਤੇ ਲਗ ਪਗ ਦੋ ਸੌ ਉੱਘੇ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਮਾਸਟਰ ਤਾਰਾ ਜੀ ਧਰਮਸਾਲਾ ਜੇਲ੍ਹ ਵਿਚ ਤੇ ਬਾਕੀ ਦੇ ਆਗੂ ਵਖ ਵਖ ਜੇਲ੍ਹਾਂ ਵਿਚ ਨਜ਼ਰਬੰਦ ਕਰ ਦਿੱਤੇ ਗਏ। ਮਾਸਟਰ ਜੀ ਨੇ ਸੰਤ ਫ਼ਤਿਹ ਸਿੰਘ ਨੂੰ,ਜੋ ਉਸ ਸਮੇਂ ਅਕਾਲੀ ਦਲ ਦੇ ਮੀਤ ਪ੍ਰਧਾਨ ਸਨ, ਮੋਰਚੇ ਦਾ ਡਿਕਟੇਟਰ ਥਾਪ ਦਿੱਤਾ ਤੇ ਉਨ੍ਹਾਂ ਨੇ 29 ਮਈ ਤੋਂ ਹੀ ਹਰ ਰੋਜ਼ ਗਿਆਰਾਂ-ਗਿਆਰਾਂ ਦੇ ਸਤਿਆਗ੍ਰਹੀ ਜਥੇ ਦਿੱਲੀ ਨੂੰ ਭੇਜਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਨੂੰ ਰਾਹ ਵਿਚ ਹੀ ਗ੍ਰਿਫ਼ਤਾਰ ਕਰ ਲਿਆ ਜਾਂਦਾ ਰਿਹਾ।

ਇਸ ਵਾਰੀ ਇਹ ਗੱਲ ਲਗ ਪਗ ਨਿਸਚਿਤ ਸੀ ਕਿ ਮੈਨੂੰ ਵੀ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਜਾਏਗਾ। ਪਰ ਮੇਰੇ ਸਾਹਮਣੇ ਇਕ ਵੱਡੀ ਸਮੱਸਿਆ ਸੀ। ਮੈਂ ਕੁਝ ਚਿਰ ਪਹਿਲਾਂ ਆਪਣੇ ਇਕ ਜਮਾਤੀ ਤੇ ਪਰਮ ਮਿੱਤਰ ਸ. ਪ੍ਰੇਮ ਸਿੰਘ ਪ੍ਰਿੰਸੀਪਲ ਇੰਟਰ ਕਾਲਜ ਕਾਨਪੁਰ ਦੀ ਸਪੁੱਤਰੀ ਦਾ ਰਿਸ਼ਤਾ ਆਪਣੀ ਭਣੇਵੀਂ ਦੇ ਇੰਜੀਨੀਅਰ ਪੁੱਤਰ ਨਾਲ ਕਰਾ ਚੁਕਾ ਸਾਂ। ਸ਼ਾਦੀ ਦੀ ਤਰੀਕ 20 ਜੂਨ 1960 ਨਿਯਤ ਹੋ ਚੁਕੀ ਸੀ ਤੇ ਦੋਵੇਂ ਧਿਰਾਂ ਚਾਹੁੰਦੀਆਂ ਸਨ ਕਿ ਮੈਂ ਇਸ ਸ਼ਾਦੀ ਵਿਚ ਜ਼ਰੂਰ ਸ਼ਾਮਲ ਹੋਵਾਂ। ਫਿਰ ਗਿਆਨੀ ਪ੍ਰੀਖਿਆ ਦੇ ਪਰਚੇ ਵੀ ਆ ਗਏ ਸਨ। ਸੋ ਮੈਂ ਪਰਚੇ ਨਾਲ ਲੈ ਕੇ ਚਾਰ ਦਿਨ ਪਹਿਲਾਂ ਹੀ ਦਿੱਲੀ ਪਹੁੰਚ ਗਿਆ। ਉੱਥੇ ਹੀ ਪਰਚੇ ਵੇਖਦਾ ਰਿਹਾ। 12 ਜੂਨ ਨੂੰ ਮੋਰਚੇ ਦਾ ਅਰੰਭ ਵੇਖਣ ਦਾ ਵਿਚਾਰ ਸੀ। ਮੈਂ ਗਿਆਰਾਂ ਵਜੇ ਹੀ ਗੁਰਦੁਆਰਾ ਸੀਸ ਗੰਜ ਪਹੁੰਚ ਗਿਆ। ਸਰਸਾ, ਹਿਸਾਰ, ਕਰਨਾਲ ਤੇ ਆਲੇ-ਦੁਆਲੇ ਵਿਚੋਂ ਹਜ਼ਾਰਾਂ ਸਿਖ ਦਿੱਲੀ ਆ ਰਹੇ ਸਨ। ਪੁਲਿਸ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਅਤੇ ਬੱਸ-ਅੱਡਿਆਂ ਉੱਤੇ ਰੋਕਦੀ ਸੀ, ਪਰ ਇਸ ਦੇ ਬਾਵਜੂਦ ਗਿਆਰਾਂ ਵਜੇ ਤਕ ਗੁਰਦੁਆਰਾ ਸੀਸ ਗੰਜ ਖਚਾ-ਖਚ ਭਰ ਗਿਆ

ਸੀ ਤੇ ਬਾਹਰ ਸੜਕਾਂ ਅਤੇ ਖੁਲ੍ਹੇ ਮੈਦਾਨ ਵਿਚ ਵੀ ਸਿਖ ਨਜ਼ਰ ਆਉਂਦੇ ਸਨ। ਦੋ ਵਜੇ ਦੇ ਕਰੀਬ ਗੁਰਦੁਆਰੇ ਵਿੱਚੋਂ ਸ਼ਾਂਤਮਈ ਦਾ ਪ੍ਰਣ ਲੈ ਕੇ ਗਿਆਰਾਂ ਸਤਿਆਗ੍ਰਹੀ ਬਾਹਰ ਨਿਕਲੇ ਤੇ ਘੰਟਾ ਘਰ ਵੱਲ ਟੁਰ ਪਏ। ਇਸ ਵੇਲੇ ਪੁਲਿਸ ਨੇ ਅੰਧਾ-ਧੁੰਦ ਅਥਰੂ ਗੈਸ ਦੇ ਗੋਲੇ ਗੁਰਦੁਆਰੇ ਅਤੇ ਬਾਹਰ ਖਲੋਤੀਆਂ ਸੰਗਤਾਂ ਉੱਤੇ ਵਰਸਾਏ। ਜਥੇ ਦੇ ਚਾਂਦਨੀ ਚੌਕ ਪਹੁੰਚਣ ਉੱਤੇ ਨਾ-ਕੇਵਲ ਜਥੇ ਉੱਪਰ, ਸਗੋਂ ਨਾਲ ਜਾ ਰਹੇ ਸਿੱਖਾਂ ਉੱਪਰ ਵੀ ਲਾਠੀ-ਚਾਰਜ ਕੀਤਾ ਗਿਆ। ਮੈਂ ਆਪ ਇਸ ਜਲੂਸ ਦੇ ਨਾਲ ਸਾਂ ਤੇ ਸਤ ਵਜੇ ਤਕ ਉੱਥੇ ਹੀ ਰਿਹਾ ਸਾਂ। ਦਰਸ਼ਕ ਸਿੱਖਾਂ ਨੂੰ ਹੋਟਲਾਂ ਤੇ ਦੁਕਾਨਾਂ ਵਿੱਚੋਂ ਖਿਚ ਕੇ ਬਾਹਰ ਕਢਿਆ ਤੇ ਮਾਰਿਆ-ਕੁੱਟਿਆ ਗਿਆ। ਸਤ ਵਜੇ ਤਕ ਮਾਰ-ਕੁਟਾਈ ਤੇ ਫੜੋ-ਫੜਾਈ ਜਾਰੀ ਰਹੀ। ਅਨੁਮਾਨ ਹੈ ਕਿ ਇਸ ਦਿਨ ਲਗ ਪਗ ਇਕ ਹਜ਼ਾਰ ਸਿੱਖ ਗ੍ਰਿਫ਼ਤਾਰ ਕੀਤੇ ਗਏ ਸਨ। ਇਸ ਤੋਂ ਬਾਅਦ ਜਥੇਦਾਰ ਰਛਪਾਲ ਸਿੰਘ ਨੇ ਹਰ ਰੋਜ਼ ਗ੍ਰਿਫ਼ਤਾਰੀ ਲਈ ਜਥੇ ਭੇਜਣੇ ਸ਼ੁਰੂ ਕਰ ਦਿੱਤੇ।

ਮੈਂ ਸ਼ਾਦੀ ਤੋਂ ਦੋ ਦਿਨ ਪਹਿਲਾਂ ਕਾਨਪੁਰ ਪਹੁੰਚ ਗਿਆ। ਉੱਥੇ ਹੀ ਰਹਿ ਕੇ ਪਰਚੇ ਵੇਖੇ ਤੇ ਐਵਾਰਡ-ਸ਼ੀਟਾਂ ਤਿਆਰ ਕੀਤੀਆਂ। 12 ਜੁਲਾਈ ਨੂੰ ਮੈਂ ਕਾਨਪੁਰ ਤੋਂ ਸਿੱਧਾ ਹੁਸ਼ਿਆਰਪੁਰ ਪੁੱਜਾ, ਤੇ ਪਰਚੇ ਆਪਣੇ ਮੁਖ-ਪ੍ਰੀਖਿਅਕ ਦੇ ਹਵਾਲੇ ਕਰ ਕੇ ਲੁਧਿਆਣੇ ਆ ਗਿਆ। ਸਾਡੇ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਸਕੱਤਰ ਸ. ਜੀਤ ਸਿੰਘ ਚਾਵਲਾ ਕੁਝ ਵਧੇਰੇ ਹੀ ਬੀਮਾਰ ਰਹਿਣ ਲਗ ਪਏ ਸਨ ਤੇ ਉਨ੍ਹਾਂ ਦੀ ਇੱਛਾ ਸੀ ਕਿ ਮੈਂ ਕਾਲਜ ਦਾ ਕੰਮ ਸੰਭਾਲ ਲਵਾਂ। ਪਰ ਉਧਰ ਕਰਨਾਲ ਨਾਲ ਵੀ ਮੇਰਾ ਸੰਪਰਕ ਬਣਿਆ ਹੋਇਆ ਸੀ ਤੇ ਕਾਲਜ ਵਿਚ ਹੀ ਉਨ੍ਹਾਂ ਦੀ ਚਿੱਠੀ ਆ ਗਈ ਕਿ "ਹਾਲੀ ਤੁਹਾਡੇ ਵਾਰੰਟ ਮਨਸੂਖ਼ ਹੋ ਗਏ ਹਨ; ਤੁਸੀਂ ਛੇਤੀ ਕਰਨਾਲ ਪਹੁੰਚ ਕੇ ਮੋਰਚੇ ਦਾ ਚਾਰਜ ਲੈ ਲਓ।" ਮੈਂ ਤਿੰਨਾਂ ਚਹੁੰ ਦਿਨਾਂ ਵਿਚ ਕਾਲਜ ਦੇ ਉਹ ਸਾਰੇ ਕੰਮ ਨਿਪਟਾ ਲਏ, ਜੋ ਸਕੱਤਰ ਸਾਹਿਬ ਨੇ ਮੇਰੇ ਜ਼ਿੰਮੇ ਲਾਏ ਸਨ। 17 ਜੁਲਾਈ ਸ਼ਾਮ ਨੂੰ ਮੈਂ ਕਰਨਾਲ ਪਹੁੰਚ ਗਿਆ। ਗ੍ਰਿਫ਼ਤਾਰੀ ਦਾ ਕੋਈ ਬਹੁਤਾ ਡਰ ਤਾਂ ਨਹੀਂ ਸੀ, ਪਰ ਫਿਰ ਵੀ ਮੈਂ ਮੂੰਹ-ਸਿਰ ਤੌਲੀਏ ਵਿਚ ਛੁਪਾ ਕੇ ਘਰ ਪਹੁੰਚਿਆ ਤੇ ਸ਼ਾਮ ਨੂੰ ਗੁਰਦੁਆਰਾ ਮੰਜੀ ਸਾਹਿਬ ਵਿਚ ਜਾ ਕੇ ਮੋਰਚੇ ਦਾ ਕੰਮ ਸੰਭਾਲ ਲਿਆ। ਉਸ ਵੇਲੇ ਤਕ ਇੱਥੇ ਜਥੇਦਾਰ ਮਾਨ ਸਿੰਘ ਹੰਭੋ ਦੇ ਸਪੁੱਤਰ ਮੋਰਚਾ ਚਲਾ ਰਹੇ ਸਨ।

ਗੁਰਦੁਆਰਾ ਮੰਜੀ ਸਾਹਿਬ ਵਿਚ ਹਰ ਰੋਜ਼ ਭਾਰੀ ਦੀਵਾਨ ਸਜਦਾ ਸੀ। ਸ਼ਬਦ-ਕੀਰਤਨ ਤੋਂ ਬਾਅਦ ਕੁਝ ਤੁਕ-ਬੰਦ ਕਵੀ ਗਰਮਾ ਗਰਮ ਕਵਿਤਾਵਾਂ ਪੜ੍ਹਦੇ ਸਨ। ਅਖ਼ੀਰ ਉੱਤੇ ਦੂਜੇ-ਤੀਜੇ ਦਿਨ ਗ੍ਰਿਫ਼ਤਾਰੀ ਲਈ ਜਥਾ ਭੇਜਿਆ ਜਾਂਦਾ ਸੀ। ਮੈਂ ਵੇਖਿਆ ਕਿ ਬਹੁਤੇ ਕਵੀ ਪੰਜਾਬ ਸਰਕਾਰ ਤੇ ਵਿਸ਼ੇਸ਼ ਕਰਕੇ ਮੁਖ ਮੰਤਰੀ ਕੈਰੋਂ ਨੂੰ ਗੰਦੀਆਂ ਗਾਲ੍ਹਾਂ ਕਢਣ ਤੇ ਹੀ ਜ਼ੋਰ ਦੇਂਦੇ ਸਨ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਦੁਆਰੇ ਦੀ ਸਟੇਜ ਤੋਂ ਮੈਨੂੰ ਇਹੋ ਜਿਹੀ ਅਸ਼ਲੀਲ ਤੁਕ-ਬੰਦੀ ਬਹੁਤ ਮਾੜੀ ਲਗਦੀ ਸੀ ਤੇ ਮੈਂ ਕਵੀ ਸੱਜਣਾਂ ਨੂੰ ਅਜਿਹਾ ਨਾ ਕਰਨ ਲਈ ਬੇਨਤੀ ਵੀ ਕਰਦਾ ਰਹਿੰਦਾ ਸਾਂ। ਮੈਂ ਨੇਮ ਨਾਲ ਹਰ ਰੋਜ਼ 25-30 ਮਿੰਟ ਲਈ ਲੈਕਚਰ ਦੇਣਾ ਸ਼ੁਰੂ ਕੀਤਾ ਤੇ ਮੈਨੂੰ ਮਹਿਸੂਸ ਹੋਇਆ ਕਿ ਗੁਰਦੁਆਰੇ ਵਿਚ ਗੰਦ ਬਕਣਾ ਕਿਸੇ ਨੂੰ ਵੀ ਚੰਗਾ ਨਹੀਂ ਲਗਦਾ, ਪਰ ਤੁਕ-ਬੰਦਾਂ ਨੂੰ ਵਰਜਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ। ਇਕ ਦਿਨ ਦੀਵਾਨ ਦੀ ਸਮਾਪਤੀ ਤੋਂ ਬਾਅਦ ਛੋਟੇ ਛੋਟੇ ਕੁਝ ਬੱਚਿਆਂ ਨੇ ਨਾਹਰੇ ਮਾਰਨੇ ਸ਼ੁਰੂ ਕਰ ਦਿੱਤੇ, "ਇਹ ਕੀ ਹੋਇਆ ? ਕੈਰੋਂ ਮੋਇਆ" ਤੇ ਫਿਰ ਵਧੇਰੇ ਹੀ ਅਨੁਚਿਤ ਨਾਹਰੇ ਲੱਗੇ। ਮੈਂ ਉਨ੍ਹਾਂ ਦੇ ਆਗੂ ਨੂੰ ਹੌਲੇ ਜਿਹੇ ਥੱਪੜ ਮਾਰ ਕੇ ਰੋਕ ਦਿੱਤਾ, ਤਾਂ ਇਕ ਤੇਜ਼ ਸੁਭਾਅ ਦੇ ਆਦਮੀ ਨੇ ਉਸ ਦੀ ਮਾਤਾ ਨੂੰ ਉਕਸਾ ਕੇ ਮੇਰੇ ਗਲ ਪੁਆਣਾ ਚਾਹਿਆ। ਪਰ ਉਹ ਠਰ੍ਹੰਮੇ ਨਾਲ ਕਹਿਣ ਲੱਗੀ, "ਫਿਰ ਕੀ ਹੋਇਆ ?

ਗਿਆਨੀ ਜੀ ਉਹਦੇ ਪਿਤਾ ਸਮਾਨ ਹਨ। ਜੇ ਉਹ ਬੱਚੇ ਨੂੰ ਮਾੜੀ ਗੱਲ ਕਰਨ ਤੋਂ ਰੋਕਦੇ ਹਨ, ਤਾਂ ਇਹਦੇ ਵਿਚ ਰੋਸ ਵਾਲੀ ਕਿਹੜੀ ਗੱਲ ਹੈ।" ਸੋ ਮੈਨੂੰ ਤਸੱਲੀ ਹੋ ਗਈ ਕਿ ਸੂਝ-ਬੂਝ ਵਾਲੇ ਪੁਰਸ਼ ਤੇ ਵਿਸ਼ੇਸ਼ ਕਰਕੇ ਇਸਤ੍ਰੀਆਂ ਗੁਰਦੁਆਰੇ ਵਿਚ ਗੰਦ ਬਕਣ ਨੂੰ ਚੰਗਾ ਨਹੀਂ ਸਮਝਦੇ। ਦੂਜੇ ਦਿਨ ਮੈਂ ਅਜਿਹੇ ਕਵੀਆਂ ਨੂੰ ਸਖ਼ਤੀ ਨਾਲ ਗਾਲ੍ਹਾਂ ਕਢਣ ਤੋਂ ਰੋਕ ਦਿੱਤਾ। ਕੁਝ ਤਾਂ ਸੁਧਰ ਗਏ ਤੇ ਕੁਝ ਨੇ ਨਾਰਾਜ਼ ਹੋ ਕੇ ਬੋਲਣਾ ਛਡ ਦਿੱਤਾ।

ਮੋਰਚਾ ਨੇਮ ਨਾਲ ਚਲ ਰਿਹਾ ਸੀ। ਕਰਨਾਲ ਦੀ ਇਸਤ੍ਰੀ ਸਤਸੰਗ ਸਭਾ ਬੜੀ ਕ੍ਰਿਆਸ਼ੀਲ ਸੰਸਥਾ ਸੀ। ਮਹੀਨੇ ਦੇ ਮਹੀਨੇ ਗੁਰਦੁਆਰੇ ਵਿਚ ਉਨ੍ਹਾਂ ਦਾ ਸਤਸੰਗ ਹੁੰਦਾ ਸੀ। ਮੇਰੀ ਪਤਨੀ ਤੇ ਵੱਡੇ ਭੈਣ ਜੀ ਵੀ ਇਸ ਸੰਸਥਾ ਦੇ ਮੈਂਬਰ ਸਨ। ਮੇਰੇ ਚਾਰਜ ਲੈਣ ਤੋਂ ਬਾਅਦ ਸਭਾ ਦੇ ਕੁਝ ਮੈਂਬਰਾਂ ਨੇ ਫ਼ੈਸਲਾ ਕੀਤਾ ਕਿ ਉਹ ਨਿਰੋਲ ਇਸਤ੍ਰੀਆਂ ਦਾ ਇਕ ਵੱਡਾ ਜਥਾ ਬਣਾ ਕੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰਨਗੇ। ਥੋੜ੍ਹੇ ਚਿਰ ਵਿਚ ਹੀ 35-40 ਬੀਬੀਆਂ ਜੇਲ੍ਹ ਜਾਣ ਲਈ ਤਿਆਰ ਹੋ ਗਈਆਂ। ਮੇਰੇ ਭੈਣ ਜੀ ਵੀ ਇਨ੍ਹਾਂ ਵਿਚ ਸ਼ਾਮਲ ਸਨ। ਇਹ ਜਥਾ ਅਗਸਤ ਦੇ ਸ਼ੁਰੂ ਵਿਚ ਗ੍ਰਿਫ਼ਤਾਰ ਹੋਇਆ ਤੇ ਦੋ ਮਹੀਨੇ ਪਿੱਛੋਂ ਸੰਗਰੂਰ ਜੇਲ੍ਹ ਤੋਂ ਰਿਹਾ ਕੀਤਾ ਗਿਆ।

ਮੋਰਚਾ ਕਾਫ਼ੀ ਲੰਮਾ ਹੋ ਗਿਆ ਸੀ ਤੇ ਇਸ ਵੇਲੇ ਤਕ ਸਰਕਾਰ ਦੇ ਝੁਕਣ ਦੇ ਕੋਈ ਆਸਾਰ ਨਹੀਂ ਸਨ। ਮੁੱਖ ਮੰਤਰੀ ਕੈਰੋਂ ਚਾਤਰ ਹੋਣ ਤੋਂ ਛੁਟ ਆਪ-ਹੁਦਰੇ ਸੁਭਾਅ ਦੇ ਸਨ। ਉਹ ਆਪਣੇ ਸਾਥੀ ਕਾਂਗਰਸੀਆਂ ਦੀ ਵੀ ਘਟ-ਵਧ ਹੀ ਸੁਣਦੇ ਸਨ, ਇਸ ਲਈ ਕਾਂਗਰਸ ਵਿਚ ਵੀ ਉਹਨਾਂ ਦੇ ਵਿਰੋਧੀਆਂ ਦੀ ਗਿਣਤੀ ਵਧਦੀ ਜਾਂਦੀ ਸੀ। ਪ੍ਰਧਾਨ ਮੰਤਰੀ ਨਹਿਰੂ ਕੋਲ ਉਹਦੇ ਭ੍ਰਿਸ਼ਟਾਚਾਰ ਬਾਰੇ ਸ਼ਿਕਾਇਤਾਂ ਪਹੁੰਚਣ ਲਗ ਪਈਆਂ ਸਨ। ਪਰ ਉਹ ਜਾਣਦਾ ਸੀ ਕਿ ਜਦ ਤਕ ਉਹ ਪੰਜਾਬੀ ਸੂਬੇ ਦੀ ਐਜੀਟੇਸ਼ਨ ਦਾ ਸਫ਼ਲਤਾ ਨਾਲ ਮੁਕਾਬਲਾ ਕਰ ਰਿਹਾ ਹੈ, ਉਹਨੂੰ ਆਰੀਆ ਸਮਾਜੀਆਂ ਤੇ ਫ਼ਿਰਕੂ ਹਿੰਦੂਆਂ ਦੀ ਹਮਾਇਤ ਪ੍ਰਾਪਤ ਰਹੇਗੀ ਤੇ ਉਹਦੇ ਵਿਰੁੱਧ ਕੋਈ ਕਾਰਵਾਈ ਨਹੀਂ ਹੋਵੇਗੀ। ਸੋ ਮੋਰਚੇ ਨੂੰ ਫ਼ੇਲ੍ਹ ਕਰਨ ਲਈ ਉਹ ਕਈ ਹੱਥਕੰਡੇ ਵਰਤ ਰਿਹਾ ਸੀ। ਗ੍ਰਿਫ਼ਤਾਰੀਆਂ ਦੀ ਗਿਣਤੀ ਤੀਹ ਹਜ਼ਾਰ ਤੋਂ ਵਧ ਚੁਕੀ ਸੀ ਤੇ ਅੱਗੋਂ ਗ੍ਰਿਫ਼ਤਾਰ ਹੋਣ ਵਾਲਿਆਂ ਦੀ ਕੋਈ ਥੁੜ ਨਹੀਂ ਸੀ। ਜੇਲ੍ਹਾਂ ਨੱਕੋ ਨੱਕ ਭਰੀਆਂ ਗਈਆਂ ਸਨ। ਸੋ ਸਰਕਾਰ ਨੇ ਇਕ ਜਾਂ ਦੂਜੇ ਬਹਾਨੇ ਸਤਿਆਗ੍ਰਹੀ ਰਿਹਾ ਕਰਨੇ ਸ਼ੁਰੂ ਕਰ ਦਿੱਤੇ। ਵੀਹ ਬਾਈ ਸਾਲ ਦੇ ਜਵਾਨਾਂ ਨੂੰ ਬੱਚੇ ਆਖ ਕੇ ਰਿਹਾ ਕਰ ਦਿੱਤਾ ਗਿਆ ਅਤੇ ਪੰਜਾਹ ਪੰਜਾਹ ਸਾਲ ਦੇ ਜਵਾਨ ਬੁੱਢੇ ਮਿੱਥ ਕੇ ਛਡ ਦਿੱਤੇ ਗਏ। ਇਸਤ੍ਰੀਆਂ ਨੂੰ ਵੀ ਰਿਹਾ ਕਰਨ ਦੇ ਆਦੇਸ਼ ਜਾਰੀ ਹੋ ਗਏ। ਇਕ ਹੋਰ ਹਦਾਇਤ ਇਹ ਦਿੱਤੀ ਗਈ ਕਿ ਜਿਹੜੇ ਸਤਿਆਗ੍ਰਹੀ ਮੋਰਚੇ ਨਾਲ ਲਾ-ਤਅਲਕੀ ਪ੍ਰਗਟ ਕਰ ਦੇਣ, ਉਨ੍ਹਾਂ ਨੂੰ ਛੱਡ ਦਿੱਤਾ ਜਾਏ। ਇਸ ਦੇ ਨਾਲ ਹੀ ਜੇਲ੍ਹ ਦੇ ਕਰਮਚਾਰੀਆਂ ਨੂੰ ਗੁਪਤ ਹਦਾਇਤਾਂ ਭੇਜੀਆਂ ਗਈਆਂ ਕਿ ਲਾ-ਤਅਲਕੀ ਦੇ ਜਾਹਲੀ ਕਾਗ਼ਜ਼ ਬਣਾ ਕੇ ਰਿਹਾਈਆਂ ਕੀਤੀਆਂ ਜਾਣ। ਜਦ ਇਸ ਤਰ੍ਹਾਂ ਦੇ ਕੇਸ ਬਣਾ ਕੇ ਬਠਿੰਡਾ ਜੇਲ੍ਹ ਤੋਂ ਸਤਿਆਗ੍ਰਹੀਆਂ ਨੂੰ ਰਿਹਾ ਕੀਤਾ ਜਾ ਰਿਹਾ ਸੀ, ਤਾਂ ਉਨ੍ਹਾਂ ਨੇ ਬਾਹਰ ਨਿਕਲਣ ਤੋਂ ਇਨਕਾਰ ਕਰ ਦਿੱਤਾ ਤੇ ਮੰਗ ਕੀਤੀ ਕਿ ਜੇਲ੍ਹ ਵਾਲੇ ਲਿਖ ਕੇ ਦੇਣ ਕਿ ਉਨ੍ਹਾਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾ ਰਿਹਾ ਹੈ। ਇਸ ਉੱਤੇ ਪੁਲਿਸ ਤੇ ਸਤਿਆਗ੍ਰਹੀਆਂ ਦੇ ਵਿਚਕਾਰ ਟੱਕਰ ਹੋ ਗਈ। ਪੁਲਿਸ ਨੇ ਪਹਿਲਾਂ ਲਾਠੀ-ਚਾਰਜ ਕੀਤਾ ਤੇ ਫਿਰ ਗੋਲੀ ਚਲਾ ਦਿੱਤੀ, ਜਿਸ ਨਾਲ ਚਾਰ ਸਤਿਆਗ੍ਰਹੀ ਸ਼ਹੀਦ ਹੋ ਗਏ। ਇਸ ਅਣ-ਮਨੁੱਖੀ ਵਤੀਰੇ ਤੇ ਜਬਰ ਦੇ ਬਾਵਜੂਦ ਮੋਰਚੇ ਦੀ ਤੇਜ਼ੀ ਵਿਚ ਕੋਈ ਫ਼ਰਕ ਨਾ ਆਇਆ।

ਮੇਰੇ ਵਿਰੁੱਧ ਪੁਲਿਸ ਨੇ ਲਗ ਪਗ ਦੋ ਮਹੀਨੇ ਬਾਅਦ 10 ਸਤੰਬਰ ਨੂੰ ਮੁਕੱਦਮਾ ਦਰਜ

ਕੀਤਾ। ਜਦ ਗ੍ਰਿਫ਼ਤਾਰੀ ਨਾ ਹੋ ਸਕੀ, ਤਾਂ 3 ਅਕਤੂਬਰ ਨੂੰ ਮੈਜਿਸਟ੍ਰੇਟ ਕੋਲੋਂ ਜਾਇਦਾਦ-ਜ਼ਬਤੀ ਦੇ ਹੁਕਮ ਜਾਰੀ ਕਰਾਏ ਗਏ। ਮੈਨੂੰ ਇਸ ਦੀ ਇਤਲਾਹ ਪਹਿਲਾਂ ਹੀ ਮਿਲ ਚੁਕੀ ਸੀ। ਥਾਣੇ ਵਾਲਿਆਂ ਨੇ ਇਕ ਕਮਰੇ ਵਿਚ ਆਟਾ, ਦਾਲਾਂ, ਬਰਤਨ ਤੇ ਕਪੜੇ, ਖੇਸ ਆਦਿ ਰਖਵਾ ਕੇ ਅਤੇ ਤਾਲਾ ਲਾ ਕੇ ਕਮਰਾ ਮੁਹਰ-ਬੰਦ ਕਰ ਦਿੱਤਾ। ਜਦ ਮੈਂ ਸ਼ਾਮ ਦੇ ਲੈਕਚਰ ਵਿਚ ਇਸ ਗੱਲ ਦਾ ਜ਼ਿਕਰ ਕੀਤਾ, ਤਾਂ ਕਈ ਸੱਜਣਾਂ ਨੇ ਲੋੜੀਂਦੀਆਂ ਵਸਤਾਂ ਭੇਜਣ ਦੀ ਪੇਸ਼ਕਸ਼ ਕੀਤੀ। ਪਰ ਇਸ ਜ਼ਬਤੀ ਤੋਂ ਸਾਨੂੰ ਕੋਈ ਵਿਗੋਚਾ ਨਹੀਂ ਆਇਆ ਸੀ, ਇਸ ਲਈ ਮੈਂ ਆਪਣੇ ਸਨੇਹੀਆਂ ਦਾ ਧੰਨਵਾਦ ਕਰ ਕੇ ਆਖ ਦਿੱਤਾ ਕਿ ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਹਾਂ, ਮੈਂ ਇਹ ਯੋਗ ਸਮਝਿਆ ਕਿ ਹੁਣ ਮੈਨੂੰ ਗ੍ਰਿਫ਼ਤਾਰ ਹੋ ਹੀ ਜਾਣਾ ਚਾਹੀਦਾ ਹੈ। ਸੋ 10 ਅਕਤੂਬਰ ਨੂੰ ਮੈਂ ਇਕ ਜਥਾ ਨਾਲ ਲੈ ਕੇ ਗ੍ਰਿਫ਼ਤਾਰ ਹੋ ਗਿਆ।

ਕਰਨਾਲ ਜੇਲ੍ਹ ਵਿਚ ਇਸ ਵੇਲੇ ਤਕ ਡੇਢ ਸੌ ਤੋਂ ਵਧ ਕੈਦੀ ਹੋ ਗਏ ਸਨ ਤੇ ਜੇਲ੍ਹ ਵਿਚ ਇਸ ਤੋਂ ਵਧ ਕੈਦੀ ਰੱਖਣ ਦੀ ਗੁੰਜਾਇਸ਼ ਨਹੀਂ ਸੀ। ਇਸ ਲਈ 19 ਅਕਤੂਬਰ ਨੂੰ ਸਾਨੂੰ ਤਿੰਨ ਬੱਸਾਂ ਵਿਚ ਬਿਠਾ ਕੇ ਰੋਹਤਕ ਜੇਲ੍ਹ ਭੇਜ ਦਿੱਤਾ ਗਿਆ। ਇਸ ਵਾਰੀ ਨਾ ਤਾਂ ਕਿਸੇ ਨੂੰ ਹੱਥਕੜੀ ਲਾਈ ਗਈ ਤੇ ਨਾ ਹੀ ਸੁਰੱਖਿਆ ਦਾ ਕੋਈ ਵਿਸ਼ੇਸ਼ ਪ੍ਰਬੰਧ ਸੀ। ਦੋ ਘੰਟੇ ਦੇ ਸਫ਼ਰ ਤੋਂ ਬਾਅਦ ਸਾਨੂੰ ਖੁਲ੍ਹੀ ਛੁੱਟੀ ਦਿੱਤੀ ਗਈ ਕਿ ਲੋੜ ਅਨੁਸਾਰ ਅਸੀਂ ਸਰੀਰਕ ਕਿਰਿਆ ਤੋਂ ਫ਼ਾਰਗ ਹੋ ਜਾਈਏ। ਸ਼ਾਇਦ ਪੁਲਿਸ ਚਾਹੁੰਦੀ ਸੀ ਕਿ ਜੇ ਕੋਈ ਨੱਸਣਾ ਚਾਹੁੰਦਾ ਹੈ, ਤਾਂ ਖਿਸਕ ਜਾਏ। ਰੋਹਤਕ ਜੇਲ੍ਹ ਵਿਚ ਸਭ ਦੀ ਹਾਜ਼ਰੀ ਲਗਵਾ ਕੇ ਭਗੌੜਿਆਂ ਬਾਰੇ ਦੱਸਿਆ ਜਾ ਸਕਦਾ ਸੀ ਕਿ ਉਹ ਮੋਰਚੇ ਤੋਂ ਲਾ-ਤਅਲਕੀ ਪ੍ਰਗਟ ਕਰ ਗਏ ਹਨ। ਇਸ ਜੇਲ੍ਹ ਵਿਚ ਅਸੀਂ ਕੇਵਲ ਕਰਨਾਲ ਤੋਂ ਆਏ ਹੋਏ ਕੈਦੀ ਹੀ ਸਾਂ ਤੇ ਇੱਥੇ ਕੋਈ ਵਿਸ਼ੇਸ਼ ਘਟਨਾ ਨਹੀਂ ਵਾਪਰੀ। ਦਸੰਬਰ ਦੇ ਪਹਿਲੇ ਹਫ਼ਤੇ ਸਾਨੂੰ ਸਭ ਨੂੰ ਅਚਾਨਕ ਰਿਹਾ ਕਰ ਦਿੱਤਾ ਗਿਆ।

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਸਕੱਤਰ ਸਾਹਿਬ ਦੀ ਸਿਹਤ ਦਿਨੋ ਦਿਨ ਵਧੇਰੇ ਗਿਰ ਰਹੀ ਸੀ। ਮੇਰੀ ਰਿਹਾਈ ਦੀ ਖ਼ਬਰ ਸੁਣ ਕੇ ਉਨ੍ਹਾਂ ਨੇ ਦਿੱਲੀ ਵਿਚ ਹੀ ਕਾਲਜ-ਕੌਂਸਲ ਦੀ ਮੀਟਿੰਗ ਸੱਦ ਲਈ, ਤਾਂ ਜੁ ਮੈਨੂੰ ਕਾਰਜਕਾਰੀ ਸਕੱਤਰ ਥਾਪ ਕੇ ਉਹ ਫ਼ਾਰਗ ਹੋ ਜਾਣ। ਦੂਜੇ ਪਾਸੇ ਸੰਤ ਫ਼ਤਿਹ ਸਿੰਘ ਨੇ 18 ਦਸੰਬਰ ਤੋਂ ਮਰਨ-ਵਰਤ ਰੱਖਣ ਦਾ ਐਲਾਨ ਕਰ ਦਿੱਤਾ ਸੀ ਤੇ ਮੈਂ ਛੇਤੀ ਹੀ ਫਿਰ ਗ੍ਰਿਫ਼ਤਾਰ ਹੋਣ ਦਾ ਮਨ ਬਣਾ ਲਿਆ ਸੀ। ਸੋ ਮੈਂ ਜਾਣ-ਬੁਝ ਕੇ ਇਸ ਮੀਟਿੰਗ ਵਿਚ ਕਾਫ਼ੀ ਚਿਰਕਾ ਪੁੱਜਾ। ਪਰ ਕਾਲਜ-ਕੌਂਸਲ ਨੇ ਮੇਰੀ ਗ਼ੈਰ-ਹਾਜ਼ਰੀ ਵਿਚ ਹੀ ਮੈਨੂੰ ਕਾਰਜਕਾਰੀ ਸਕੱਤਰ ਥਾਪ ਦਿੱਤਾ। ਹਾਜ਼ਰ ਹੋ ਕੇ ਮੈਂ ਮੈਂਬਰਾਂ ਨੂੰ ਦੱਸ ਦਿੱਤਾ ਕਿ ਮੈਂ ਪਰਸੋਂ ਦਸਮੇਸ਼ ਪਿਤਾ ਦੇ ਪ੍ਰਕਾਸ਼-ਉਤਸਵ ਵਾਲੇ ਦਿਨ ਗ੍ਰਿਫ਼ਤਾਰ ਹੋਣ ਦਾ ਮਨ ਬਣਾਇਆ ਹੋਇਆ ਹੈ। ਉਸ ਦਿਨ ਕਾਫ਼ੀ ਦੇਰ ਹੋ ਗਈ ਸੀ ਤੇ ਮੇਰਾ ਕਰਨਾਲ ਪਹੁੰਚਣਾ ਮੁਸ਼ਕਲ ਸੀ। ਸੋ ਮੈਂ ਫ਼ੈਸਲਾ ਕੀਤਾ ਕਿ ਰਾਤ ਗੁਰਦੁਆਰਾ ਸੀਸ ਗੰਜ ਵਿਚ ਗੁਜ਼ਾਰ ਕੇ ਸਵੇਰੇ ਸਵੇਰੇ ਕਰਨਾਲ ਚਲਿਆ ਜਾਵਾਂਗਾ।

ਗੁਰਦੁਆਰੇ ਪਹੁੰਚ ਕੇ ਮੈਨੂੰ ਪਤਾ ਲੱਗਾ ਕਿ ਉਸ ਦਿਨ ਦਾ ਦੀਵਾਨ ਬੜਾ ਮਹੱਤਵਪੂਰਨ ਸੀ। ਜਿਹਾ ਕਿ ਮੈਂ ਪਹਿਲਾਂ ਦੱਸ ਚੁਕਾ ਹਾਂ, ਦਿੱਲੀ ਵਿਚ ਮੋਰਚੇ ਦੇ ਇਨਚਾਰਜ ਅਕਾਲੀ ਜਥਾ ਦਿੱਲੀ ਦੇ ਪ੍ਰਧਾਨ ਜਥੇਦਾਰ ਰਛਪਾਲ ਸਿੰਘ ਸਨ। ਪਤਾ ਲੱਗਾ ਕਿ ਮੋਰਚੇ ਦੇ ਡਿਕਟੇਟਰ ਸੰਤ ਫ਼ਤਿਹ ਸਿੰਘ ਨੂੰ ਉਨ੍ਹਾਂ ਦੇ ਵਿਰੁੱਧ ਸੰਗਤਾਂ ਵੱਲੋਂ ਆ ਰਹੀ ਮਾਇਆ ਤੇ ਜ਼ੇਵਰਾਂ ਆਦਿ ਦੇ ਗ਼ਬਨ ਬਾਰੇ ਕਈ ਸ਼ਿਕਾਇਤਾਂ ਪੁੱਜੀਆਂ ਸਨ ਤੇ ਉਨ੍ਹਾਂ ਨੇ ਮਾਸਟਰ ਜੀ ਦੇ ਕੁੜਮ ਸ. ਬਖ਼ਸ਼ੀਸ਼ ਸਿੰਘ ਨੂੰ ਉਚੇਚਾ ਦਿੱਲੀ ਭੇਜ ਕੇ ਜਥੇਦਾਰ ਸਾਹਿਬ ਨੂੰ ਹਦਾਇਤ ਕੀਤੀ ਸੀ ਕਿ ਉਹ ਤੁਰੰਤ ਗ੍ਰਿਫ਼ਤਾਰ ਹੋ ਜਾਣ। ਜਥੇਦਾਰ ਸਾਹਿਬ ਦਾ ਪ੍ਰਤੀਕਰਮ ਇੰਹ ਸੀ ਕਿ ਉਹ ਇਸ ਬਾਰੇ ਸੰਗਤਾਂ ਦੀ ਰਾਏ

ਪੁੱਛਣਗੇ ਤੇ ਉਹਦੇ ਅਨੁਸਾਰ ਹੀ ਅਮਲ ਕਰਨਗੇ। ਸੋ ਇਸ ਦੀਵਾਨ ਵਿਚ ਇਸ਼ ਮਾਮਲੇ ਦਾ ਫ਼ੈਸਲਾ ਹੋਣਾ ਸੀ। ਗੁਰਦੁਆਰੇ ਦਾ ਹਾਲ ਖਚਾ-ਖਚ ਭਰਿਆ ਹੋਇਆ ਸੀ। ਜਥੇਦਾਰ ਜੀ ਨੇ ਆਪਣੀ ਮਰਜ਼ੀ ਅਨੁਸਾਰ ਫ਼ੈਸਲਾ ਲੈਣ ਲਈ ਪੂਰਨ ਤੇ ਅਚੂਕ ਪ੍ਰਬੰਧ ਕੀਤੇ ਹੋਏ ਸਨ। ਪੰਜ ਸੱਜਣਾਂ ਨੇ ਵਾਰੋ ਵਾਰੀ ਤਕਰੀਰਾਂ ਕਰ ਕੇ ਆਖਿਆ ਕਿ ਇਸ ਵੇਲੇ ਜਥੇਦਾਰ ਸਾਹਿਬ ਦਾ ਗ੍ਰਿਫ਼ਤਾਰ ਹੋਣਾ ਉਚਿਤ ਨਹੀਂ। ਇਨ੍ਹਾਂ ਵਿੱਚੋਂ ਦੋ ਸੱਜਣਾਂ ਨੂੰ ਮੈਂ ਜਾਣਦਾ ਸਾਂ—ਇਕ ਸ. ਕੁਲਵੰਤ ਸਿੰਘ 'ਦੁਖੀਆ', ਜੋ ਹਿਸਾਰ ਜੇਲ੍ਹ ਵਿਚ ਮੇਰੇ ਨਾਲ ਰਹੇ ਸਨ ਤੇ ਦੂਜੇ ਗੁਜਰਾਂਵਾਲਾ ਦੇ ਰਾਗੀ ਭਾਈ ਇੰਦਰ ਸਿੰਘ। ਇਸ ਗਰਮ ਵਾਤਾਵਰਨ ਵਿਚ ਕਿਸੇ ਨੂੰ ਵਿਰੋਧਤਾ ਕਰਨ ਦਾ ਹੀਆ ਕਿਵੇਂ ਪੈ ਸਕਦਾ ਸੀ। ਮੇਰਾ ਖ਼ਿਆਲ ਸੀ ਕਿ ਸਥਾਨਿਕ ਆਗੂਆਂ ਨੂੰ ਹਾਈ ਕਮਾਨ ਦਾ ਆਦੇਸ਼ ਮੰਨਣਾ ਤੇ ਜਥੇਬੰਦੀ ਦੇ ਜ਼ਬਤ ਵਿਚ ਰਹਿਣਾ ਚਾਹੀਦਾ ਹੈ। ਬੜਾ ਦਿਲ ਕਰਦਾ ਸੀ ਕਿ ਕੁਝ ਬੋਲਾਂ, ਪਰ ਫਿਰ ਖ਼ਿਆਲ ਆਇਆ ਕਿ ਨਗਾਰਖ਼ਾਨੇ ਵਿਚ ਤੂਤੀ ਦੀ ਆਵਾਜ਼ ਕੌਣ ਸੁਣਦਾ ਹੈ। ਦੂਜਾ ਵਿਚਾਰ ਇਹ ਵੀ ਸੀ ਕਿ ਆਪਣਾ ਆਪ ਜਤਾ ਕੇ ਕਿਤੇ ਸਵੇਰੇ ਸਵੇਰੇ ਦਿੱਲੀ ਵਿਚ ਹੀ ਗ੍ਰਿਫ਼ਤਾਰ ਨਾ ਕਰ ਲਿਆ ਜਾਵਾਂ। ਸੋ ਚੁਪ ਹੀ ਰਿਹਾ। ਤਕਰੀਰਾਂ ਤੋਂ ਬਾਅਦ ਜਦ ਸੰਗਤਾਂ ਕੋਲੋਂ ਪੁੱਛਿਆ ਗਿਆ ਕਿ ਜਥੇਦਾਰ ਜੀ ਗ੍ਰਿਫ਼ਤਾਰ ਹੋਣ ਕਿ ਨਾ, ਤਾਂ ਸਭ ਪਾਸਿਆਂ ਤੋਂ 'ਨਹੀਂ, ਨਹੀਂ" ਦੀਆਂ ਜ਼ੋਰਦਾਰ ਆਵਾਜ਼ਾਂ ਆਈਆਂ, ਅਤੇ ਐਲਾਨ ਕਰ ਦਿੱਤਾ ਗਿਆ ਕਿ ਸੰਗਤਾਂ ਦੇ ਹੁਕਮ ਦਾ ਸਤਿਕਾਰ ਕਰਦਿਆਂ ਹੋਇਆਂ ਜਥੇਦਾਰ ਜੀ ਗ੍ਰਿਫ਼ਤਾਰ ਨਹੀਂ ਹੋਣਗੇ। ਸਭ ਕੁਝ ਪਹਿਲਾਂ ਮਿੱਥੇ ਅਨੁਸਾਰ ਹੋ ਰਿਹਾ ਸੀ। ਦੀਵਾਨ ਦੀ ਸਮਾਪਤੀ ਤੋਂ ਬਾਅਦ ਦੁਖੀਆ ਜੀ ਨਾਲ ਮੈਂ ਇਸ ਮਾਮਲੇ ਤੇ ਵਿਸਥਾਰ-ਪੂਰਬਕ ਵਿਚਾਰ ਕੀਤੀ, ਪਰ ਉਨ੍ਹਾਂ ਦੀਆਂ ਦਲੀਲਾਂ ਵਿਚ ਕੋਈ ਵਜ਼ਨ ਨਹੀਂ ਸੀ। ਸਪੱਸ਼ਟ ਸੀ ਕਿ ਮੋਰਚੇ ਦੇ ਆਗੂਆਂ ਵਿਚ ਸੁਆਰਥ ਕੰਮ ਕਰ ਰਿਹਾ ਸੀ ਤੇ ਬੋਲਣ ਵਾਲੇ ਪੰਜੇ ਮਹਾਂਰਥੀ ਜਥੇਦਾਰ ਜੀ ਦੇ ਭਾਈਵਾਲ ਸਨ।

ਮੈਂ ਸਵੇਰੇ ਸਵੇਰੇ ਕਰਨਾਲ ਪਹੁੰਚ ਗਿਆ। ਗੁਰਪੁਰਬ ਵਾਲੇ ਦਿਨ 24 ਦਸੰਬਰ ਨੂੰ ਸਟੇਜ ਤੋਂ ਐਲਾਨ ਕਰ ਦਿੱਤਾ ਕਿ ਮੈਂ ਅੱਜ ਗ੍ਰਿਫ਼ਤਾਰ ਹੋਵਾਂਗਾ ਤੇ ਜਿਹੜੇ ਸੱਜਣ ਮੇਰੇ ਨਾਲ ਗ੍ਰਿਫ਼ਤਾਰ ਹੋਣਾ ਚਾਹੁੰਦੇ ਹਨ, ਉਹ ਆਪੋ ਆਪਣੇ ਨਾਂ ਲਿਖਾ ਦੇਣ। ਇਸ ਉੱਤੇ 25-30 ਸੱਜਣ ਤਿਆਰ ਹੋ ਗਏ, ਜਿਨ੍ਹਾਂ ਵਿਚ ਤਿੰਨ ਮੇਰੇ ਦਸ ਸਾਲ ਪਹਿਲਾਂ ਦੇ ਪੜ੍ਹਾਏ ਹੋਏ ਵਿਦਿਆਰਥੀ ਵੀ ਸਨ। ਦੀਵਾਨ ਦੀ ਸਮਾਪਤੀ ਤੋਂ ਬਾਅਦ ਜਦ ਅਸਾਂ ਨਾਹਰੇ ਮਾਰਨੇ ਸ਼ੁਰੂ ਕੀਤੇ, ਤਾਂ ਖ਼ਾਲਸਾ ਹਾਈ ਸਕੂਲ ਦੇ ਲਗ ਪਗ ਇਕ ਦਰਜਨ ਵਿਦਿਆਰਥੀ, ਜਿਨ੍ਹਾਂ ਵਿਚ ਮੇਰਾ ਸਭ ਤੋਂ ਛੋਟਾ ਨੌਵੀਂ ਜਮਾਤ ਵਿਚ ਪੜ੍ਹਦਾ ਪੁੱਤਰ ਚਰਨਜੀਤ ਸਿੰਘ ਵੀ ਸ਼ਾਮਲ ਸੀ, ਸਾਡੇ ਨਾਲ ਮਿਲ ਗਏ ਤੇ ਪੁਲਿਸ ਸਾਨੂੰ ਸਭ ਨੂੰ ਗ੍ਰਿਫ਼ਤਾਰ ਕਰ ਕੇ ਇਕ ਬੱਸ ਵਿਚ ਬਿਠਾ ਕੇ ਸ਼ਹਿਰ ਦੇ ਥਾਣੇ ਲੈ ਆਈ। ਪ੍ਰਬੰਧਕਾਂ ਨੇ ਸਾਡੇ ਲਈ ਲੰਗਰ ਵੀ ਥਾਣੇ ਵਿਚ ਹੀ ਭੇਜ ਦਿੱਤਾ। ਗ੍ਰਿਫ਼ਤਾਰ ਹੋਣ ਵਾਲਿਆਂ ਦੇ ਨਾਂ ਲਿਖਣ ਲਗਿਆਂ ਥਾਣੇਦਾਰ ਨੇ ਮੈਨੂੰ ਆਖਿਆ, "ਗਿਆਨੀ ਜੀ! ਇਨ੍ਹਾਂ ਛੋਟੇ ਛੋਟੇ ਬੱਚਿਆਂ ਨੂੰ ਕਿਉਂ ਗ੍ਰਿਫ਼ਤਾਰ ਕਰਾਂਦੇ ਹੋ ?" ਮੈਂ ਉੱਤਰ ਦਿੱਤਾ ਕਿ "ਮੈਂ ਇਨ੍ਹਾਂ ਨੂੰ ਸਮਝਾ-ਬੁਝਾ ਕੇ ਵਾਪਸ ਭੇਜ ਦੇਂਦਾ ਹਾਂ, ਪਰ ਮੇਰਾ ਪੁੱਤਰ ਆਪਣੀ ਖ਼ੁਸ਼ੀ ਨਾਲ ਗ੍ਰਿਫ਼ਤਾਰ ਹੋਣ ਲਈ ਆਇਆ ਹੈ, ਇਸ ਲਈ ਇਹ ਸਾਡੇ ਨਾਲ ਹੀ ਜਾਏਗਾ।" ਬਾਕੀ ਬੱਚਿਆਂ ਨੂੰ ਮੈਂ ਪ੍ਰੇਰ ਕੇ ਵਾਪਸ ਭੇਜ ਦਿੱਤਾ।

ਮੈਂ ਪਹਿਲੇ ਮੋਰਚੇ ਦੇ ਹਾਲਾਤ ਵਿਚ ਬਿਆਨ ਕਰ ਚੁਕਾ ਹਾਂ ਕਿ ਉਸ ਰਾਤ ਸਾਨੂੰ ਹਵਾਲਾਤ ਵਿਚ ਹੀ ਰਹਿਣਾ ਪੈਣਾ ਸੀ, ਪਰ ਸ਼ਹਿਰ ਦੀ ਹਵਾਲਾਤ ਵਿਚ ਇੰਨੇ ਸਤਿਆਗ੍ਰਹੀਆਂ ਲਈ ਥਾਂ ਨਹੀਂ ਸੀ, ਇਸ ਲਈ ਬੱਸ ਵਿਚ ਬਿਠਾ ਕੇ ਸਾਨੂੰ ਸਦਰ ਥਾਣੇ ਦੀ ਹਵਾਲਾਤ ਵਿਚ ਰੱਖਣ ਲਈ ਲਿਆਂਦਾ ਗਿਆ। ਪਰ ਜਦ ਉੱਥੋਂ ਦੇ ਥਾਣੇਦਾਰ ਨੇ ਸਾਨੂੰ ਜੁੱਤੀਆਂ ਤੇ ਪੱਗਾਂ ਬਾਹਰ ਉਤਾਰਨ

ਲਈ ਆਖਿਆ ਤੇ ਅਸਾਂ ਇਹ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ, ਤਾਂ ਜਿਸ ਬੱਸ ਵਿਚ ਅਸੀਂ ਆਏ ਸਾਂ, ਉਸੇ ਵਿਚ ਬਿਠਾ ਕੇ ਸਾਨੂੰ ਸ਼ਹਿਰ ਦੇ ਥਾਣੇ ਵਿਚ ਵਾਪਸ ਲੈ ਆਂਦਾ ਗਿਆ। ਦੂਜੇ ਦਿਨ ਮੈਜਿਸਟ੍ਰੇਟ ਦੇ ਪੇਸ਼ ਕਰ ਕੇ ਸਾਨੂੰ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿਚ ਸਾਡੇ ਤੋਂ ਪਹਿਲਾਂ ਕੇਵਲ ਸ. ਗੁਰਦਿਆਲ ਸਿੰਘ ਵਕੀਲ ਨਜ਼ਰਬੰਦ ਸਨ, ਜੋ ਕੈਂਥਲ ਤੋਂ ਗ੍ਰਿਫ਼ਤਾਰ ਕਰ ਕੇ ਲਿਆਂਦੇ ਗਏ ਸਨ। ਉਨ੍ਹਾਂ ਨੂੰ 'ਬੀ' ਕਲਾਸ ਮਿਲੀ ਹੋਈ ਸੀ ਤੇ ਉਹ ਇਕ ਛੋਟੇ ਜਿਹੇ ਕਮਰੇ ਵਿਚ ਰਹਿ ਰਹੇ ਸਨ। ਸਾਨੂੰ ਸਭ ਨੂੰ ਇਕ ਵੱਡੀ ਬੈਰਕ ਵਿਚ ਰੱਖਿਆ ਗਿਆ। ਐਮ.ਏ. ਪਾਸ ਹੋਣ ਕਰਕੇ ਮੈਨੂੰ ਹਰ ਵਾਰੀ 'ਬੀ' ਕਲਾਸ ਮਿਲ ਜਾਂਦੀ ਸੀ, ਪਰ ਮੈਂ ਹਮੇਸ਼ਾ ਹੀ ਆਪਣੇ ਹੋਰ ਸਾਥੀਆਂ ਵਿਚ ਰਹਿਣ ਨੂੰ ਤਰਜੀਹ ਦੇਂਦਾ ਸੀ। ਐਤਕੀ ਆਪਣੇ ਹੀ ਸ਼ਹਿਰ ਵਿਚ ਹੋਣ ਕਰਕੇ ਸਾਨੂੰ ਹਰ ਤਰ੍ਹਾਂ ਦੀ ਸਹੂਲਤ ਸੀ, ਕਿਉਂਕਿ ਸ਼ਹਿਰ ਵਿੱਚੋਂ ਹਰੇਕ ਦੇ ਸੰਬੰਧੀ ਖਾਣ-ਪੀਣ ਲਈ ਚੋਖਾ ਕੁਝ ਭੇਜਦੇ ਰਹਿੰਦੇ ਸਨ—ਬਣਿਆ-ਬਣਾਤਾ ਵੀ ਤੇ ਕੱਚਾ ਰਾਸ਼ਨ ਘਿਉ ਆਦਿ ਵੀ। ਸੋ ਸਟੋਵ ਦੇ ਉੱਤੇ ਕੁਝ ਨਾ ਕੁਝ ਬਣਦਾ ਹੀ ਰਹਿੰਦਾ ਸੀ। ਮੈਂ ਸੋਚਿਆ ਕਿ 'ਬੀ' ਕਲਾਸ ਦਾ ਰਾਸ਼ਨ—ਘਿਉ, ਦੁੱਧ ਤੇ ਖੰਡ ਤਾਂ ਲੈ ਹੀ ਲੈਣਾ ਚਾਹੀਦਾ ਹੈ, ਸਭ ਦੇ ਕੰਮ ਆਵੇਗਾ। ਸੋ ਰਾਸ਼ਨ ਲੈਣਾ ਸ਼ੁਰੂ ਕਰ ਦਿੱਤਾ। ਸਾਥੀਆਂ ਵਿਚ ਤਾਸ਼ ਖੇਡਣ ਤੇ ਗੱਪ-ਸ਼ੱਪ ਤੋਂ ਬਿਨਾਂ ਮੈਂ ਬਹੁਤਾ ਵਕਤ ਸ. ਗੁਰਦਿਆਲ ਸਿੰਘ ਦੇ ਕਮਰੇ ਵਿਚ ਹੀ ਗੁਜ਼ਾਰਦਾ ਸਾਂ, ਜਿੱਥੇ ਮੇਰਾ ਲੜਕਾ ਕੁਝ ਚਿਰ ਪੜ੍ਹ ਵੀ ਲੈਂਦਾ ਸੀ। ਕੁਝ ਦਿਨਾਂ ਪਿਛੋਂ ਦੋ ਹੋਰ ਉੱਘੇ ਅਕਾਲੀ ਆਗੂ ਜਥੇਦਾਰ ਮਾਨ ਸਿੰਘ ਹੰਬੋ ਤੇ ਜਥੇਦਾਰ ਉਜਾਗਰ ਸਿੰਘ 'ਉਲਫ਼ਤ' ਵੀ ਇਸ ਜੇਲ੍ਹ ਵਿਚ ਲਿਆਂਦੇ ਗਏ। ਉਨ੍ਹਾਂ ਨੂੰ ਵੀ 'ਬੀ' ਕਲਾਸ ਮਿਲੀ ਹੋਈ ਸੀ। ਹੁਣ ਸਾਡਾ ਕਾਫ਼ੀ ਵਕਤ ਅਕਾਲੀ ਰਾਜਨੀਤੀ ਬਾਰੇ ਵਿਚਾਰ-ਵਟਾਂਦਰਾ ਕਰਨ ਵਿਚ ਬੀਤਣ ਲਗ ਪਿਆ। ਇਸ ਜੇਲ੍ਹ ਵਿਚ ਬਿਤਾਏ ਸੋਲ੍ਹਾਂ ਕੁ ਦਿਨ ਕਾਫ਼ੀ ਰਮਣੀਕ ਰਹੇ। ਜਾਪਦਾ ਸੀ, ਜਿਵੇਂ ਆਪਣੇ ਘਰ ਵਿਚ ਹੀ ਰਹਿ ਰਹੇ ਸਾਂ। ਘਰ ਦੇ ਬੰਦੇ ਮੁਲਾਕਾਤ ਲਈ ਵੀ ਆਉਂਦੇ ਰਹਿੰਦੇ ਸਨ।

ਮੋਰਚਾ ਸ਼ੁਰੂ ਹੋਇਆਂ ਅੱਠ ਮਹੀਨੇ ਹੋ ਗਏ ਸਨ ਤੇ ਇਸ ਵੇਲੇ ਤਕ ਪੰਜਾਹ ਹਜ਼ਾਰ ਤੋਂ ਵੱਧ ਗ੍ਰਿਫ਼ਤਾਰੀਆਂ ਹੋ ਚੁਕੀਆਂ ਸਨ, ਭਾਵੇਂ ਆਪੇ ਕੀਤੀਆਂ ਰਿਹਾਈਆਂ ਨੂੰ ਮੁਖ ਰਖ ਕੇ ਸਰਕਾਰ ਇਹ ਗਿਣਤੀ ਤੀਹ ਹਜ਼ਾਰ ਹੀ ਦਸਦੀ ਸੀ। ਪਰ ਸੰਤ ਫ਼ਤਿਹ ਸਿੰਘ ਜੀ ਦੇ ਮਰਨ-ਵਰਤ ਨਾਲ ਹਾਲਤ ਨਾਜ਼ਕ ਹੁੰਦੀ ਜਾ ਰਹੀ ਸੀ। ਪ੍ਰਧਾਨ ਮੰਤਰੀ ਨਹਿਰੂ ਨੇ ਸੰਤ ਜੀ ਨੂੰ ਮਰਨ-ਵਰਤ ਤਿਆਗ ਕੇ ਗੱਲ-ਬਾਤ ਕਰਨ ਦਾ ਸੱਦਾ ਦਿੱਤਾ ਸੀ ਤੇ ਨਾਲ ਹੀ ਆਖਿਆ ਸੀ ਕਿ ਪੰਜਾਬ ਤਾਂ ਪਹਿਲਾਂ ਹੀ ਪੰਜਾਬੀ ਸੂਬਾ ਹੈ, ਕਿਉਂਕਿ ਇਸ ਦੀ ਪ੍ਰਮੁੱਖ ਭਾਸ਼ਾ ਪੰਜਾਬੀ ਹੈ। ਨਹਿਰੂ ਜੀ ਦੇ ਇਨ੍ਹਾਂ ਬਿਆਨਾਂ ਤੋਂ ਸੰਤ ਜੀ ਦੇ ਕੁਝ ਸਲਾਹਕਾਰਾਂ ਨੇ ਇਹ ਨਤੀਜਾ ਕਢਿਆ ਕਿ ਉਹ ਪੰਜਾਬ ਨੂੰ ਇਕ ਰਖ ਕੇ ਪੰਜਾਬੀ ਨੂੰ ਇਸ ਦੀ ਭਾਸ਼ਾ ਬਣਾਨ ਦਾ ਵਿਚਾਰ ਕਰ ਰਹੇ ਹਨ। ਪਰ ਦੂਜੇ ਪਾਸੇ ਸਰਦਾਰ ਕੈਰੋਂ ਵੀ ਅਵੇਸਲੇ ਨਹੀਂ ਸਨ। ਉਨ੍ਹਾਂ ਨੇ ਅਜਿਹਾ ਪ੍ਰਬੰਧ ਕੀਤਾ ਹੋਇਆ ਸੀ ਕਿ ਉਨ੍ਹਾਂ ਨੂੰ ਅੰਦਰ ਦੇ ਹਾਲਾਤ ਦੀਆਂ ਖ਼ਬਰਾਂ ਮਿਲਦੀਆਂ ਰਹਿਣ। ਇੱਥੋਂ ਤਕ ਕਿ ਅਕਾਲੀ ਦਲ ਵੱਲੋਂ ਨਿਕਲਣ ਵਾਲੇ ਇਸ਼ਤਿਹਾਰਾਂ ਦੇ ਪਰੂਫ਼ ਵੀ ਉਨ੍ਹਾਂ ਦੇ ਕੋਲ ਪਹੁੰਚ ਜਾਂਦੇ ਸਨ। ਸੋ ਜਦ ਉਨ੍ਹਾਂ ਨੂੰ ਇਹ ਖ਼ਬਰ ਮਿਲੀ ਕਿ ਨਹਿਰੂ ਜੀ ਦਾ ਝੁਕਾਅ ਪੰਜਾਬ ਨੂੰ ਇਕ-ਭਾਸ਼ਾਈ (ਪੰਜਾਬੀ) ਸੂਬਾ ਬਣਾਣ ਦਾ ਹੁੰਦਾ ਜਾਂਦਾ ਹੈ, ਤਾਂ ਉਨ੍ਹਾਂ ਨੇ ਆਪਣੇ ਹਿੱਤਾਂ ਦੀ ਰੱਖਿਆ ਲਈ ਇਹਦੇ ਵਿਚ ਰੁਕਾਵਟ ਪਾਣੀ ਜ਼ਰੂਰੀ ਸਮਝੀ। ਉਹ ਜਾਣਦੇ ਸਨ ਕਿ ਜੇ ਸਾਰੇ ਪੰਜਾਬ ਦੀ ਭਾਸ਼ਾ ਪੰਜਾਬੀ ਮੰਨ ਲਈ ਗਈ, ਤਾਂ ਆਰੀਆ ਸਮਾਜੀ ਤੇ ਫ਼ਿਰਕੂ ਹਿੰਦੂ ਉਨ੍ਹਾਂ ਦੇ ਵਿਰੁੱਧ ਹੋ ਜਾਣਗੇ ਤੇ ਉਨ੍ਹਾਂ ਦੀ ਗੱਦੀ ਖ਼ਤਰੇ ਵਿਚ ਪੈ ਜਾਏਗੀ। ਸੋ ਜੇ ਨਹਿਰੂ ਜੀ ਦੇ ਮਨ ਵਿਚ ਕਦੀ ਪੰਜਾਬੀ ਨੂੰ ਸਾਰੇ ਪੰਜਾਬ ਦੀ ਭਾਸ਼ਾ

ਬਣਾਨ ਦਾ ਵਿਚਾਰ ਆਇਆ ਵੀ ਸੀ, ਤਾਂ ਸਰਦਾਰ ਕੈਰੋਂ ਦੇ ਪ੍ਰਭਾਵ ਹੇਠ ਉਨ੍ਹਾਂ ਨੇ ਆਪਣਾ ਵਿਚਾਰ ਬਦਲ ਲਿਆ।

ਹਾਂ, ਇਸ ਵੇਲੇ ਕੈਰੋਂ ਨੇ ਇਹ ਯੋਗ ਸਮਝਿਆ ਕਿ ਮਾਸਟਰ ਤਾਰਾ ਸਿੰਘ ਨੂੰ ਰਿਹਾ ਕਰ ਦਿੱਤਾ ਜਾਏ। ਉਨ੍ਹਾਂ ਨੇ ਐਲਾਨ ਕੀਤਾ ਕਿ ਪ੍ਰਧਾਨ ਮੰਤਰੀ ਨੇ ਸੰਤ ਜੀ ਨੂੰ ਮਰਨ-ਵਰਤ ਤਿਆਗ ਕੇ ਗੱਲ-ਬਾਤ ਲਈ ਸੱਦਾ ਦਿੱਤਾ ਹੈ, ਇਸ ਲਈ ਅਸੀਂ ਮਾਸਟਰ ਜੀ ਨੂੰ ਰਿਹਾ ਕਰ ਰਹੇ ਹਾਂ, ਤਾਂ ਜੁ ਦੋਵੇਂ ਪ੍ਰਮੁਖ ਆਗੂ ਇਸ ਪੇਸ਼ਕਸ਼ ਉੱਤੇ ਵਿਚਾਰ ਕਰ ਸਕਣ। ਸੋ 4 ਜਨਵਰੀ 1961 ਨੂੰ ਮਾਸਟਰ ਜੀ ਨੂੰ ਰਿਹਾ ਕਰ ਦਿੱਤਾ ਗਿਆ। ਇਸ ਵੇਲੇ ਭਾਵ ਨਗਰ ਵਿਚ ਕਾਂਗਰਸ ਦਾ ਵਾਰਸ਼ਿਕ ਸਮਾਗਮ ਹੋ ਰਿਹਾ ਸੀ। ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਫ਼ੈਸਲਾ ਕੀਤਾ ਕਿ ਮਾਸਟਰ ਜੀ ਭਾਵ ਨਗਰ ਜਾ ਕੇ ਨਹਿਰੂ ਜੀ ਕੋਲੋਂ ਉਨ੍ਹਾਂ ਦੇ ਬਿਆਨ ਦਾ ਸਪੱਸ਼ਟੀਕਰਨ ਕਰਾਣ। ਮਾਸਟਰ ਜੀ ਉੱਥੇ ਜਾ ਕੇ ਪ੍ਰਧਾਨ ਮੰਤਰੀ ਨੂੰ ਮਿਲੇ, ਪਰ ਉਨ੍ਹਾਂ ਨੇ ਪਹਿਲੇ ਵਾਲਾ ਗੋਲ ਮੋਲ ਬਿਆਨ ਹੀ ਦੁਹਰਾਇਆ ਕਿ ਮੋਟੇ ਤੌਰ ਤੇ ਪੰਜਾਬ ਦੀ ਪ੍ਰਮੁੱਖ ਭਾਸ਼ਾ ਪੰਜਾਬੀ ਹੈ। ਨਾਲ ਹੀ ਇਹ ਵੀ ਆਖਿਆ ਕਿ 'ਜੋ ਕੁਝ ਮੈਂ ਹੁਣ ਆਖ ਰਿਹਾ ਹਾਂ, ਇਸ ਨਾਲ ਸੰਤ ਜੀ ਦੀ ਸਹੁੰ ਦਾ ਮੂਲ-ਮੁੱਦਾ ਪੂਰਾ ਹੋ ਜਾਂਦਾ ਹੈ। ਸੋ ਸੰਤ ਜੀ ਮਰਨ-ਵਰਤ ਤਿਆਗ ਕੇ ਮੈਨੂੰ ਮਿਲਣ, ਤਾਂ ਜੁ ਅਸੀਂ ਇਸ ਬਾਰੇ ਹੋਰ ਵਿਚਾਰ ਕਰ ਸਕੀਏ। ਸਾਨੂੰ ਨਾ ਹੀ ਸਿੱਖਾਂ ਉੱਤੇ ਬੇਇਤਬਾਰੀ ਹੈ ਤੇ ਨਾ ਹੀ ਅਸੀਂ ਕਿਸੇ ਵਿਤਕਰੇ ਕਰਕੇ ਪੰਜਾਬੀ ਸੂਬਾ ਬਣਾਨ ਤੋਂ ਇਨਕਾਰ ਕਰ ਰਹੇ ਹਾਂ। ਪੰਜਾਬੀ ਦੀ ਉੱਨਤੀ ਲਈ ਅਸੀਂ ਹਰ ਸੰਭਵ ਜਤਨ ਕਰਾਂਗੇ।"

ਇਸ ਬਿਆਨ ਨਾਲ ਕੋਈ ਗੱਲ ਸਪੱਸ਼ਟ ਨਹੀਂ ਹੋਈ ਸੀ ਤੇ ਇਸ ਦੇ ਕਈ ਅਰਥ ਕੱਢੇ ਜਾ ਸਕਦੇ ਸਨ। ਮੇਰੇ ਨਾਲ ਰਹਿੰਦੇ ਜਥੇਦਾਰ ਮਾਨ ਸਿੰਘ ਹੰਬੋ ਤੇ ਜਥੇਦਾਰ ਉਜਾਗਰ ਸਿੰਘ ਉਲਫ਼ਤ ਨੇ ਆਖਿਆ ਕਿ ਅਸੀਂ ਮਾਸਟਰ ਜੀ ਨੂੰ ਅਖਵਾ ਭੇਜੀਏ ਕਿ ਸੰਤ ਜੀ ਦਾ ਵਰਤ ਨਾ ਤੁੜਾਇਆ ਜਾਏ। ਮੇਰਾ ਉੱਤਰ ਸੀ ਕਿ ਮੈਂ ਤਾਂ ਛੋਟਾ-ਮੋਟਾ ਲੀਡਰ ਵੀ ਨਹੀਂ, ਨਾ ਤਿੰਨਾਂ ਵਿਚ, ਨਾ ਤੇਰ੍ਹਾਂ ਵਿਚ, ਇਸ ਲਈ ਮੇਰੇ ਵੱਲੋਂ ਕੋਈ ਰਾਏ ਦੇਣ ਦਾ ਸੁਆਲ ਹੀ ਨਹੀਂ ਉਠਦਾ। ਉਂ ਮੇਰਾ ਵਿਚਾਰ ਹੈ ਕਿ ਸਾਨੂੰ ਅੰਦਰਲੇ ਹਾਲਾਤ ਦਾ ਕੋਈ ਪਤਾ ਨਹੀਂ, ਇਸ ਲਈ ਇਸ ਦਾ ਫ਼ੈਸਲਾ ਦੋਹਾਂ ਆਗੂਆਂ ਅਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੇ ਹੀ ਛੱਡ ਦੇਣਾ ਚਾਹੀਦਾ ਹੈ। ਮੇਰੇ ਨਾਲ ਸਹਿਮਤ ਹੋ ਕੇ ਉਨ੍ਹਾਂ ਨੇ ਵੀ ਆਪਣਾ ਵਿਚਾਰ ਛੱਡ ਦਿੱਤਾ। ਸੰਤ ਜੀ ਨੇ 9 ਜਨਵਰੀ ਨੂੰ ਵਰਤ ਤਿਆਗ ਦਿੱਤਾ ਤੇ 10 ਜਨਵਰੀ ਨੂੰ ਸਾਰੇ ਸਤਿਆਗ੍ਰਹੀ ਰਿਹਾਅ ਕਰ ਦਿੱਤੇ ਗਏ। ਅਸੀਂ ਵੀ ਘਰੋਂ ਘਰੀਂ ਵਾਪਸ ਆ ਗਏ।

ਮੇਰੀ ਰਿਹਾਈ ਦੀ ਖ਼ਬਰ ਸੁਣ ਕੇ ਸਾਡੀ ਕਾਲਜ-ਕੌਂਸਲ ਦੇ ਸਕੱਤਰ ਸ. ਜੀਤ ਸਿੰਘ ਨੇ ਮੈਨੂੰ ਦਿੱਲੀ ਬੁਲਾ ਕੇ ਆਖਿਆ ਕਿ ਮੈਂ ਛੇਤੀ ਹੀ ਕਾਲਜ-ਕੌਂਸਲ ਦੀ ਮੀਟਿੰਗ ਸੱਦ ਲਵਾਂ, ਤੇ ਉਸ ਵਿਚ ਉਨ੍ਹਾਂ ਦਾ ਅਸਤੀਫ਼ਾ ਵੀ ਰੱਖ ਦਿੱਤਾ ਜਾਏ, ਤਾਂ ਜੁ ਨਵਾਂ ਪੱਕਾ ਸਕੱਤਰ ਚੁਣਿਆ ਜਾ ਸਕੇ। ਕੁਝ ਚਿਰ ਬਾਅਦ ਮੈਂ 7 ਮਾਰਚ 1961 ਲਈ ਕੌਂਸਲ ਦੀ ਮੀਟਿੰਗ ਰੱਖ ਦਿੱਤੀ, ਪਰੰਤੂ ਅਫ਼ਸੋਸ ਕਿ ਮੀਟਿੰਗ ਤੋਂ ਇਕ ਦਿਨ ਪਹਿਲਾਂ ਹੀ ਉਹ ਅਕਾਲ ਚਲਾਣਾ ਕਰ ਗਏ। ਕਿਉਂਜੁ ਇਹ ਬਿਰਤਾਂਤ ਬਹੁਤ ਹੱਦ ਤਕ ਮੇਰੇ ਜੀਵਨ ਨਾਲ ਸੰਬੰਧ ਰਖਦਾ ਹੈ, ਇਸ ਲਈ ਉਚਿਤ ਜਾਪਦਾ ਹੈ ਕਿ ਪੰਜਾਬੀ ਸੂਬੇ ਲਈ ਸੰਘਰਸ਼ ਤੋਂ ਕੁਝ ਲਾਂਭੇ ਜਾ ਕੇ ਵੀ ਕਾਲਜ ਪ੍ਰਤੀ ਸ. ਜੀਤ ਸਿੰਘ ਦੀ ਸੇਵਾ ਦਾ ਸੰਖੇਪ ਜਿਹਾ ਵਰਣਨ ਕਰ ਦਿੱਤਾ ਜਾਏ।

ਸ. ਜੀਤ ਸਿੰਘ ਜੀ 1941 ਤੋਂ 1961 ਤਕ ਪੂਰੇ ਵੀਹ ਸਾਲ ਸਾਡੀ ਕਾਲਜ-ਕੌਂਸਲ ਦੇ ਸਕੱਤਰ ਰਹੇ ਤੇ ਇਹ ਸਾਰਾ ਸਮਾਂ ਮੈਂ ਉਨ੍ਹਾਂ ਦਾ ਨਿਕਟਵਰਤੀ ਰਿਹਾ, ਭਾਵੇਂ ਸ਼ੁਰੂ ਵਿਚ ਸਾਡੇ

ਕੰਮ ਦੇ ਖੇਤਰ ਵਖ ਵਖ ਸਨ। ਉਹ ਘਰੋਂ ਬਹੁਤ ਸੌਖੇ ਸਨ। ਗੁਜਰਾਂਵਾਲੇ ਵਿਚ ਉਨ੍ਹਾਂ ਦਾ ਭੱਠੇ ਦਾ ਕਾਰੋਬਾਰ ਸੀ ਤੇ ਨਾਲ ਉਹ ਆਰੀਆ ਬੀਮਾ ਕੰਪਨੀ ਦੇ ਰਿਜਨਲ ਮੈਨੇਜਰ ਵੀ ਸਨ, ਜਿਸ ਦਾ ਦਫ਼ਤਰ ਲਾਹੌਰ ਵਿਚ ਸੀ। ਇਸ ਤਰ੍ਹਾਂ ਗੁਜਰਾਂਵਾਲੇ ਤੇ ਲਾਹੌਰ ਦੇ ਵਿਚਕਾਰ ਉਨ੍ਹਾਂ ਦੇ ਚੱਕਰ ਲਗਦੇ ਹੀ ਰਹਿੰਦੇ ਸਨ। ਜਦ ਪਾਕਿਸਤਾਨ ਬਣਿਆ, ਤਾਂ ਇਨ੍ਹਾਂ ਚੱਕਰਾਂ ਦੇ ਫੇਰ ਵਿਚ ਉਹ ਅਵੇਸਲੇ ਹੀ ਫੜੇ ਗਏ ਤੇ ਆਪਣਾ ਜ਼ਰੂਰੀ ਸਾਮਾਨ ਵੀ ਇਧਰ ਨਾ ਲਿਆ ਸਕੇ। ਭੱਠੇ ਦਾ ਕੰਮ, ਲੈਣ-ਦੇਣ ਆਦਿ ਤਾਂ ਉੱਧਰ ਰਹਿ ਹੀ ਜਾਣਾ ਸੀ, ਪਰ ਉਹ ਇੰਨੇ ਸੂਝਵਾਨ ਤੇ ਦੂਰ-ਦਰਸ਼ੀ ਸਨ ਕਿ ਉਨ੍ਹਾਂ ਨੇ ਕਾਲਜ ਦਾ ਲਗ ਪਗ ਸਵਾ ਲੱਖ ਰੁਪਿਆ, ਜੋ ਪੰਜਾਬ ਐਂਡ ਸਿੰਧ ਬੈਂਕ ਵਿਚ ਜਮ੍ਹਾ ਸੀ, ਸਮੇਂ ਸਿਰ ਬੈਂਕ ਦੀ ਅੰਮ੍ਰਿਤਸਰ ਬਰਾਂਚ ਵਿਚ ਤਬਦੀਲ ਕਰਾ ਲਿਆ। ਇਸ ਤੋਂ ਛੁਟ ਉਹ ਕਾਲਜ ਦੀ ਅਚੁਕ ਜਾਇਦਾਦ, ਜ਼ਮੀਨਾਂ, ਗਰਾਊਂਡਾਂ ਤੇ ਇਮਾਰਤਾਂ ਸੰਬੰਧੀ ਸਾਰੇ ਕਾਗਜ਼-ਪੱਤਰ (ਜਮ੍ਹਾ-ਬੰਦੀਆਂ, ਖਸਰਾ-ਗਿਰਦਾਵਰੀ ਆਦਿ) ਸੰਭਾਲ ਕੇ ਨਾਲ ਲੈ ਆਏ ਸਨ। ਹੋਰਨਾਂ ਲੱਖਾਂ ਸ਼ਰਨਾਰਥੀਆਂ ਵਾਂਗ ਉਹ ਵੀ ਲੁੱਟੇ-ਪੁੱਟੇ ਆਏ ਸਨ, ਤੇ ਉਨ੍ਹਾਂ ਦੇ ਦੋਵੇਂ ਕੰਮ ਖ਼ਤਮ ਹੋ ਗਏ ਸਨ, ਇਸ ਲਈ ਉਨ੍ਹਾਂ ਦੇ ਤਿੰਨ ਚਾਰ ਸਾਲ ਬੜੀ ਤੰਗੀ ਵਿਚ ਲੰਘੇ। ਇਹ ਸਾਰਾ ਸਮਾਂ ਉਹ ਡੇਹਰਾਦੂਨ ਵਿਚ ਰਹੇ। ਲੇਖਕ ਨੂੰ ਇਕ ਵਾਰੀ ਡੇਹਰਾਦੂਨ ਜਾਣ ਤੇ ਇਕ ਰਾਤ ਉਨ੍ਹਾਂ ਦੇ ਘਰ ਰਹਿਣ ਦਾ ਅਵਸਰ ਮਿਲਿਆ। ਉਹ ਅੰਮ੍ਰਿਤ ਵੇਲੇ ਉੱਠੇ ਤੇ ਨਿਤਨੇਮ ਦਾ ਪਾਠ ਕਰ ਕੇ ਦਿਲ ਨੂੰ ਧਰਵਾਸ ਦੇਣ ਵਾਲੇ ਕੁਝ ਸ਼ਬਦ ਬੜੇ ਪਿਆਰ ਤੇ ਸ਼ਰਧਾ ਨਾਲ ਸੁਰ-ਬੱਧ ਕਰ ਕੇ ਗਾਇਨ ਕੀਤੇ, ਵਿਸ਼ੇਸ਼ ਕਰਕੇ "ਅਉਖੀ ਘੜੀ ਨ ਦੇਖਣ ਦੇਈ, ਅਪਨਾ ਬਿਰਦੁ ਸਮਾਲੇ" ਅਤੇ "ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ" ਵਾਲਾ ਪੂਰਾ ਸ਼ਬਦ। ਵਾਹਿਗੁਰੂ ਉੱਤੇ ਇੰਨੇ ਵਿਸ਼ਵਾਸ ਨੇ ਉਨ੍ਹਾਂ ਨੂੰ ਡੋਲਣ ਤੋਂ ਬਚਾਈ ਰੱਖਿਆ। ਅੰਤ ਗੁਰੂ ਮਹਾਰਾਜ ਨੇ ਮਿਹਰ ਕੀਤੀ ਤੇ ਉਨ੍ਹਾਂ ਦੀ ਬੀਮਾ ਕੰਪਨੀ ਦਾ ਦਫ਼ਤਰ ਦਿੱਲੀ ਵਿਚ ਖੁਲ੍ਹ ਗਿਆ। ਕੁਝ ਸੌਖੇ ਹੋ ਕੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਕਾਲਜ ਦੀ ਜਾਇਦਾਦ ਦਾ ਕਲੇਮ ਸੰਬੰਧਤ ਦਫ਼ਤਰ ਵਿਚ ਪੇਸ਼ ਕੀਤਾ। ਨਿਯਤ ਤਾਰੀਖ਼ ਉੱਤੇ ਅਸੀਂ ਦੋਵੇਂ ਕਲੇਮ-ਅਫ਼ਸਰ ਕੋਲ ਪੇਸ਼ ਹੋਏ ਤੇ ਦਸਤਾਵੇਜ਼ੀ ਸਬੂਤਾਂ ਦੇ ਅਧਾਰ ਤੇ ਸਾਡਾ 35,90,000 ਦਾ ਕਲੇਮ ਮਨਜ਼ੂਰ ਹੋ ਗਿਆ। ਇਸ ਦੇ ਬਦਲੇ ਸਾਨੂੰ 2,44,000 ਰੁਪਏ ਦੀ ਮੁੜ-ਵਸਾਊ ਗਰਾਂਟ ਮਿਲ ਗਈ।

ਇਸ ਤੋਂ ਬਾਅਦ ਉਨ੍ਹਾਂ ਨੇ ਦਿੱਲੀ ਵਿਚ ਕਾਲਜ-ਕੌਂਸਲ ਦੇ ਪ੍ਰਧਾਨ ਸ. ਸ਼ਾਮ ਸਿੰਘ ਹੋਰਾਂ ਦੀ ਕੋਠੀ ਵਿਚ ਕੌਂਸਲ ਦੀ ਮੀਟਿੰਗ ਸੱਦ ਕੇ ਕਾਲਜ ਨੂੰ ਨਵੇਂ ਸਿਰੇ ਲੁਧਿਆਣੇ ਵਿਚ ਸਥਾਪਤ ਕਰਨ ਦਾ ਫ਼ੈਸਲਾ ਕਰਾ ਲਿਆ। ਕੰਮ ਬੜਾ ਮੁਸ਼ਕਲ ਸੀ; ਸਭ ਕੁਝ ਮੁੱਢੋਂ-ਸੁੱਢੋਂ ਸ਼ੁਰੂ ਕਰਨਾ, ਇਮਾਰਤ, ਫ਼ਰਨੀਚਰ ਤੇ ਸਾਇੰਸ ਦੇ ਸਾਮਾਨ ਦਾ ਪ੍ਰਬੰਧ ਕਰਨਾ। ਮੈਂ ਉਸ ਵੇਲੇ ਕਰਨਾਲ ਸਾਂ। ਦੋ ਸਾਲ ਪਹਿਲਾਂ 1951 ਵਿਚ ਅਸਾਂ ਉੱਥੇ ਸ਼ੇਖ਼ੂਪੁਰੇ ਖ਼ਾਲਸਾ ਹਾਈ ਸਕੂਲ ਜਾਰੀ ਕੀਤਾ ਸੀ। ਮੈਂ ਇਸ ਸੰਸਥਾ ਦਾ ਪ੍ਰਿੰਸੀਪਲ ਤੇ ਮੈਨੇਜਰ ਸਾਂ। ਸ. ਜੀਤ ਸਿੰਘ ਦਾ ਹੁਕਮ ਸੀ ਕਿ ਮੈਂ ਉਹ ਸੰਸਥਾ ਛੱਡ ਕੇ ਆਪਣਾ ਪੂਰਾ ਵਕਤ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪੁਨਰ-ਨਿਰਮਾਣ ਲਈ ਦਿਆਂ। ਉਨ੍ਹਾਂ ਦਾ ਹੁਕਮ ਮੰਨਣਾ ਪਿਆ ਤੇ ਅਸਾਂ ਮਈ 1953 ਵਿਚ ਕਾਲਜ ਸਥਾਪਤ ਕਰ ਦਿੱਤਾ। ਜੋ ਇਮਾਰਤ ਕਰਾਏ ਤੇ ਲਈ ਸੀ, ਉਹਦੇ ਨਾਲ ਖ਼ਾਲੀ ਥਾਂ ਉੱਤੇ ਤਿੰਨ ਕਮਰੇ ਹੋਰ ਬਣਵਾ ਕੇ ਲੋੜ ਪੂਰੀ ਹੁੰਦੀ ਸੀ। ਸ. ਜੀਤ ਸਿੰਘ ਦੀ ਸਿਹਤ ਉਸ ਵੇਲੇ ਵੀ ਬਹੁਤ ਖ਼ਰਾਬ ਸੀ। ਉਨ੍ਹਾਂ ਨੂੰ ਬਲੱਡ-ਪ੍ਰੈਸ਼ਰ ਸੀ, ਉਹ ਦਿਲ ਦੇ ਰੋਗੀ ਸਨ ਤੇ ਉਨ੍ਹਾਂ ਨੂੰ ਸ਼ੱਕਰ ਰੋਗ ਵੀ ਸੀ। ਡਾਕਟਰਾਂ ਨੇ ਉਨ੍ਹਾਂ ਨੂੰ ਕਹਿ ਦਿੱਤਾ ਸੀ ਕਿ ਉਹ ਤੁਰਦੀ-ਫਿਰਦੀ ਲਾਸ਼ ਹਨ ਤੇ ਕਿਸੇ ਵੇਲੇ ਵੀ ਅਚਾਨਕ ਉਨ੍ਹਾਂ ਦੀ ਮੌਤ ਹੋ ਸਕਦੀ ਹੈ। ਪਰ ਉਹ ਅਣਥੱਕ ਕਾਮੇ ਸਨ; ਜਿਸ ਕੰਮ ਨੂੰ ਹੱਥ ਪਾਂਦੇ, ਮੁਕਾਅ

ਕੇ ਹੀ ਸਾਹ ਲੈਂਦੇ। ਮੈਂ ਵੇਖਿਆ ਕਿ ਸਖ਼ਤ ਗਰਮੀ ਦੇ ਦਿਨਾਂ ਵਿਚ ਉਹ ਬਨੈਨ ਤੇ ਕਛਹਿਰੇ ਵਿਚ ਇਧਰੋਂ ਉਧਰ ਤੇ ਉੱਧਰੋਂ ਇੱਧਰ ਘੁੰਮਦੇ ਫਿਰਦੇ। ਅੰਤ ਦੋ ਮਹੀਨੇ ਦੀਆਂ ਗਰਮੀ ਦੀਆਂ ਛੁੱਟੀਆਂ ਵਿਚ ਉਨ੍ਹਾਂ ਨੇ ਤਿੰਨੇ ਕਮਰੇ ਮੁਕੰਮਲ ਕਰਾ ਲਏ। ਉਨ੍ਹਾਂ ਦੀ ਹਮੇਸ਼ਾ ਇਹ ਇੱਛਾ ਹੁੰਦੀ ਸੀ ਕਿ ਕਾਲਜ ਦਾ ਸਾਰਾ ਕੰਮ ਮੈਂਬਰਾਂ ਦੀ ਸਰਬ-ਸੰਮਤੀ ਨਾਲ ਹੋਵੇ। ਇਸ ਵੇਲੇ ਕੌਂਸਲ ਦੇ ਮੈਂਬਰ ਦਿੱਲੀ, ਡੇਹਰਾਦੂਨ, ਲੁਧਿਆਣੇ, ਜਲੰਧਰ ਤੇ ਅੰਮ੍ਰਿਤਸਰ ਆਦਿ ਕਈ ਥਾਈਂ ਆਬਾਦ ਸਨ। ਮੀਟਿੰਗ ਤੋਂ ਪਹਿਲਾਂ ਉਹ ਸਭ ਮੈਂਬਰਾਂ ਨੂੰ ਮਿਲ ਕੇ ਹਰੇਕ ਮਾਮਲੇ ਦਾ ਸਰਬ-ਪ੍ਰਵਾਨ ਹੱਲ ਲੱਭਣ ਦਾ ਜਤਨ ਕਰਦੇ। ਉਨ੍ਹਾਂ ਦੇ ਜੀਵਨ-ਕਾਲ ਵਿਚ ਕਦੇ ਵੀ ਕੋਈ ਮਾਮਲਾ ਵਿਵਾਦ-ਗ੍ਰਸਤ ਨਹੀਂ ਸੀ ਹੋਇਆ ਤੇ ਅਖ਼ੀਰ ਉਨ੍ਹਾਂ ਦੇ ਅਕਾਲ-ਚਲਾਣੇ ਤੋਂ ਪਹਿਲਾਂ ਕਾਲਜ ਪੱਕੇ ਪੈਰਾਂ ਤੇ ਖੜ੍ਹਾ ਹੋ ਗਿਆ ਸੀ, ਇੱਥੋਂ ਤਕ ਕਿ ਕਰਾਏ ਵਾਲੀ ਇਮਾਰਤ ਤੇ ਨਾਲ ਲਗਦੀ ਬਹੁਤ ਸਾਰੀ ਜ਼ਮੀਨ ਵੀ ਖ਼ਰੀਦ ਲਈ ਗਈ ਸੀ। ਉਨ੍ਹਾਂ ਤੋਂ ਬਾਅਦ ਕਾਲਜ ਨੂੰ ਚਲਾਣ ਦੀ ਜ਼ਿੰਮੇਵਾਰੀ ਬਹੁਤਾ ਕਰਕੇ ਮੇਰੇ ਉੱਤੇ ਪਾ ਦਿੱਤੀ ਗਈ ਸੀ, ਪਰ ਪੰਜਾਬੀ ਸੂਬੇ ਦੀ ਪ੍ਰਾਪਤੀ ਦੇ ਸੰਘਰਸ਼ ਵਿਚ ਰੁਝਾ ਹੋਣ ਕਰਕੇ ਮੈਂ ਇਸ ਪਾਸੇ ਪੂਰਾ ਧਿਆਨ ਨਹੀਂ ਦੇ ਸਕਦਾ ਸਾਂ।

ਸੰਤ ਜੀ ਦਾ ਵਰਤ ਛੁਡਾਣ ਬਾਰੇ ਆਮ ਸੰਗਤਾਂ ਦੀ ਤਸੱਲੀ ਨਹੀਂ ਹੋਈ ਸੀ ਤੇ ਕਈਆਂ ਨੂੰ ਤਾਂ ਇਹ ਜਾਪਦਾ ਸੀ ਕਿ ਇਸ ਨਾਲ ਇਸ ਸੰਘਰਸ਼ ਦੀ ਨਾਕਾਮੀ ਦਾ ਮੁੱਢ ਬੱਝ ਗਿਆ ਹੈ। ਅਗਲੇ ਦੋ ਤਿੰਨ ਦਿਨ ਮਾਸਟਰ ਤਾਰਾ ਸਿੰਘ ਦੇ ਵਿਰੁੱਧ ਮੁਜ਼ਾਹਿਰੇ ਹੁੰਦੇ ਤੇ ਨਾਹਰੇ ਲਗਦੇ ਰਹੇ। ਆਖ਼ਰ ਮਾਸਟਰ ਜੀ ਨੇ ਐਲਾਨ ਕਰ ਦਿੱਤਾ ਕਿ, "ਅਸਾਂ ਆਪਣਾ ਸੰਘਰਸ਼ ਕੇਵਲ ਮੁਲਤਵੀ ਕੀਤਾ ਹੈ, ਤਾਂ ਜੁ ਅਗਲੀ ਗੱਲ-ਬਾਤ ਸ਼ਾਂਤ ਵਾਤਾਵਰਨ ਵਿਚ ਹੋ ਸਕੇ। ਜੇ ਇਹ ਗੱਲ-ਬਾਤ ਕਾਮਯਾਬ ਨਾ ਹੋਈ, ਤਾਂ ਅਗਲੀ ਵਾਰੀ ਮੈਂ ਆਪ ਮਰਨ-ਵਰਤ ਰੱਖਾਂਗਾ।" ਇਹ ਗੱਲ ਵਿਵਾਦਆਤਮਕ ਹੈ ਕਿ ਵਰਤ ਛੱਡਣ ਵਿਚ ਸੰਤ ਜੀ ਦੀ ਆਪਣੀ ਇੱਛਾ ਤੇ ਸੰਮਤੀ ਵੀ ਸੀ ਤੇ ਉਨ੍ਹਾਂ ਨੇ ਮਾਸਟਰ ਜੀ ਦੀ ਰਾਏ ਦਾ ਸਹਾਰਾ ਹੀ ਲਿਆ ਸੀ ਜਾਂ ਮਾਸਟਰ ਜੀ ਨੇ ਜ਼ੋਰ ਪਾ ਕੇ ਉਨ੍ਹਾਂ ਦਾ ਵਰਤ ਤੁੜਾਇਆ ਸੀ। ਇਹ ਗੱਲ ਜ਼ਰੂਰ ਹੈ ਕਿ ਪ੍ਰਧਾਨ ਮੰਤਰੀ ਨੇ ਗੱਲ-ਬਾਤ ਲਈ ਸੰਤ ਜੀ ਨੂੰ ਇਕੱਲਿਆਂ ਸੱਦ ਕੇ ਉਨ੍ਹਾਂ ਦੀ 'ਹਉ' ਨੂੰ ਤ੍ਰਿਪਤ ਕੀਤਾ ਸੀ ਤੇ ਮਾਸਟਰ ਤਾਰਾ ਸਿੰਘ ਦੇ ਮੁਕਾਬਲੇ ਦਾ ਇਕ ਲੀਡਰ ਖੜਾ ਕਰ ਦਿੱਤਾ ਸੀ। ਇਹੀ ਗੱਲ ਪਿੱਛੋਂ ਜਾ ਕੇ ਸਿਖ ਕੌਮ ਲਈ ਘਾਤਕ ਸਿੱਧ ਹੋਈ।

ਫ਼ਰਵਰੀ 1961 ਵਿਚ ਸੰਤ ਜੀ ਤੇ ਪ੍ਰਧਾਨ ਮੰਤਰੀ ਦੇ ਵਿਚਕਾਰ ਪਹਿਲੀ ਮੁਲਾਕਾਤ ਹੋਈ। ਜਦ ਸੰਤ ਜੀ ਕਾਰ ਦੁਆਰਾ ਦਿੱਲੀ ਜਾਂਦੇ ਹੋਏ ਕਰਨਾਲ ਤੋਂ ਲੰਘੇ, ਤਾਂ ਅਸਾਂ ਉਨ੍ਹਾਂ ਨੂੰ ਸਬਜ਼ੀ ਮੰਡੀ ਕੋਲ ਖਲ੍ਹਾਰ ਕੇ ਮਾਨ-ਪੱਤਰ ਪੇਸ਼ ਕੀਤਾ, ਜਿਸ ਵਿਚ ਉਨ੍ਹਾਂ ਦੀ ਕੁਰਬਾਨੀ ਤੇ ਸੂਝ-ਬੂਝ ਦੀ ਪ੍ਰਸੰਸਾ ਕਰਦਿਆਂ ਆਸ ਪ੍ਰਗਟ ਕੀਤੀ ਕਿ ਉਹ ਆਪਣੇ ਉਦੇਸ਼ ਵਿਚ ਕਾਮਯਾਬ ਹੋਣਗੇ। ਮੁਲਾਕਾਤ ਤੋਂ ਬਾਅਦ ਸੰਤ ਜੀ ਨੇ ਬਿਆਨ ਦਿੱਤਾ ਕਿ "ਪ੍ਰਧਾਨ ਮੰਤਰੀ ਦੇ ਸਾਹਮਣੇ ਕਈ ਵੱਡੀਆਂ ਵੱਡੀਆਂ ਸਮੱਸਿਆਵਾਂ ਹਨ, ਇਸ ਲਈ ਸਾਨੂੰ ਛੇਤੀ ਛੇਤੀ ਕਿਸੇ ਫ਼ੈਸਲੇ ਦੀ ਉਮੀਦ ਨਹੀਂ ਰਖਣੀ ਚਾਹੀਦੀ।" ਪਰੰਤੂ ਜਦ ਅਗਲੇ ਤਿੰਨ ਮਹੀਨਿਆਂ ਵਿਚ ਦੂਜੀ ਤੇ ਤੀਜੀ ਮੁਲਾਕਾਤ ਵਿਚ ਵੀ ਕੋਈ ਪ੍ਰਗਤੀ ਨਾ ਹੋ ਸਕੀ, ਤਾਂ ਮਾਸਟਰ ਜੀ ਨੇ 15 ਅਗਸਤ ਤੋਂ ਮਰਨ-ਵਰਤ ਰੱਖਣ ਦਾ ਐਲਾਨ ਕਰ ਦਿੱਤਾ। ਅਗਸਤ ਦੇ ਸ਼ੁਰੂ ਵਿਚ ਸੰਤ ਜੀ ਤੇ ਜਸਟਿਸ ਗੁਰਨਾਮ ਸਿੰਘ ਨਹਿਰੂ ਜੀ ਨੂੰ ਮਿਲੇ ਤੇ ਉਨ੍ਹਾਂ ਦੇ ਸਾਹਮਣੇ ਤਜਵੀਜ਼ ਪੇਸ਼ ਕੀਤੀ ਕਿ ਜੇ ਹਾਲੀ ਪੰਜਾਬੀ ਸੂਬਾ ਨਹੀਂ ਬਣਾਇਆ ਜਾ ਸਕਦਾ, ਤਾਂ ਮੌਜੂਦਾ ਰਿਜਨਲ ਕਮੇਟੀਆਂ ਦੇ ਅਧਿਕਾਰ ਵਧਾ ਕੇ ਇਨ੍ਹਾਂ ਨੂੰ ਇਕ ਕਿਸਮ ਦੀਆਂ ਛੋਟੀਆਂ ਵਿਧਾਨ ਸਭਾਵਾਂ ਬਣਾ ਦਿੱਤਾ ਜਾਏ। ਪਰੰਤੂ ਨਹਿਰੂ ਜੀ ਨੇ

ਇਹ ਗੱਲ ਮੰਨਣ ਤੋਂ ਵੀ ਇਨਕਾਰ ਕਰ ਦਿੱਤਾ। ਉਹ ਸੱਤਾ ਵਿਚ ਸਨ ਤੇ ਕੋਈ ਨਿਆਇਸ਼ੀਲ ਗੱਲ ਮੰਨਣ ਲਈ ਤਿਆਰ ਨਹੀਂ ਸੁਨ। ਇਸ ਉੱਤੇ ਮਾਸਟਰ ਤਾਰਾ ਸਿੰਘ ਨੇ 15 ਅਗਸਤ 1961 ਤੋਂ ਮਰਨ-ਵਰਤ ਸ਼ੁਰੂ ਕਰ ਦਿੱਤਾ।

ਇਸ ਵਾਰੀ ਅਕਾਲੀ ਦਲ ਨੇ ਫ਼ੈਸਲਾ ਕਰ ਦਿੱਤਾ ਸੀ ਕਿ ਕੋਈ ਅਕਾਲੀ ਵਰਕਰ ਗ੍ਰਿਫ਼ਤਾਰੀ ਨਹੀਂ ਦੇਵੇਗਾ, ਕਿਉਂਕਿ ਆਗੂਆਂ ਨੇ ਵਾਰੋਵਾਰੀ ਮਰਨ-ਵਰਤ ਰੱਖ ਕੇ ਸ਼ਹੀਦੀਆਂ ਪਾਣ ਦਾ ਫ਼ੈਸਲਾ ਕਰ ਲਿਆ ਸੀ। ਇਸ ਦੇ ਬਾਵਜੂਦ ਮਾਸਟਰ ਜੀ ਦੇ ਵਰਤ ਰਖਦਿਆਂ ਹੀ ਉੱਘੇ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਪੁਲਿਸ ਹੁਣ ਮੈਨੂੰ ਉੱਘਾ ਅਕਾਲੀ ਸਮਝਣ ਲਗ ਪਈ ਸੀ। ਸੋ ਪ੍ਰਹਿਲੀ ਸਤੰਬਰ ਨੂੰ ਮੈਨੂੰ ਤੇ ਇਕ ਹੋਰ ਸੱਜਣ ਸ. ਪਿਆਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ 4 ਸਤੰਬਰ ਨੂੰ ਸੈਂਟਰਲ ਜੇਲ੍ਹ ਅੰਬਾਲਾ ਵਿਚ ਭੇਜ ਦਿੱਤਾ ਗਿਆ। ਸਾਡੇ ਤੋਂ ਪਹਿਲਾਂ ਇੱਥੇ ਜਮਨਾ ਨਗਰ ਤੇ ਜਗਾਧਰੀ ਤੋਂ ਗ੍ਰਿਫ਼ਤਾਰ ਕਰ ਕੇ ਲਿਆਂਦੇ ਹੋਏ ਕੁਝ ਅਕਾਲੀ ਵਰਕਰ ਰਹਿ ਰਹੇ ਸਨ, ਜਿਨ੍ਹਾਂ ਵਿਚ ਇਕ ਉੱਘੇ ਅਕਾਲੀ ਭਾਈ ਸਰਦਾਰ ਸਿੰਘ ਵੀ ਸਨ। ਕੁਝ ਦਿਨਾਂ ਬਾਅਦ ਕਰਨਾਲ ਦੇ ਹੋਰ ਅਠ ਦਸ ਅਕਾਲੀ—ਸ. ਦਿਆਲ ਸਿੰਘ ਆੜ੍ਹਤੀ, ਸ. ਬਲਬੀਰ ਸਿੰਘ ਖ਼ਾਨੇਵਾਲ ਜੀਊਲਰ ਆਦਿ ਵੀ ਗ੍ਰਿਫ਼ਤਾਰ ਕਰ ਕੇ ਇੱਥੇ ਭੇਜ ਦਿੱਤੇ ਗਏ। ਹਿਸਾਰ ਤੇ ਰੋਹਤਕ ਜੇਲ੍ਹ ਦੇ ਮੁਕਾਬਲੇ ਵਿਚ ਇੱਥੇ ਦਾ ਵਾਤਾਵਰਨ ਬੜਾ ਸ਼ਾਂਤ ਤੇ ਸੁਖਾਵਾਂ ਸੀ। ਜਿੱਥੇ ਹਿਸਾਰ ਵਿਚ ਛੇ ਸਤ ਸੌ ਤੋਂ ਵੀ ਵੱਧ ਕੈਦੀ ਸਨ ਤੇ ਰੋਹਤਕ ਵ੍ਰਿਚ ਲਗ ਪਗ ਡੇਢ ਸੌ, ਉੱਥੇ ਇਸ ਜੇਲ੍ਹ ਵਿਚ ਸਾਡੀ ਗਿਣਤੀ 40 ਦੇ ਕਰੀਬ ਸੀ। ਰਿਹਾਇਸ਼ ਲਈ ਸਾਨੂੰ ਇੱਕੋ ਵੱਡੀ ਬੈਰਕ ਮਿਲੀ ਹੋਈ ਸੀ। ਜਗਾਧਰੀ ਤੋਂ ਆਏ ਸਾਰੇ ਸੱਜਣ ਨੇਮੀ-ਪ੍ਰੇਮੀ ਸਨ। ਸਵੇਰ-ਸ਼ਾਮ ਮਿਲ ਕੇ ਨਿਤਨੇਮ ਕਰਨ ਦਾ ਪ੍ਰਚਲਨ ਸ਼ੁਰੂ ਸੀ। ਸ਼ਾਮ ਦਾ ਦੀਵਾਨ ਬੈਰਕ ਦੇ ਨਾਲ ਬਣੇ ਪੱਕੇ ਥੜ੍ਹੇ ਉੱਤੇ ਲਗਦਾ ਤੇ ਸੋਦਰ-ਰਹਿਰਾਸ ਦੇ ਪਾਠ ਤੋਂ ਪਿਛੋਂ ਕੁਝ ਸ਼ਬਦ ਪੜ੍ਹੇ ਜਾਂਦੇ। ਨਜ਼ਰਬੰਦਾਂ ਵਿਚ ਆਪਸੀ ਪ੍ਰੇਮ-ਪਿਆਰ ਤੇ ਮੇਲ-ਜੋਲ ਵੀ ਗੂੜ੍ਹਾ ਸੀ। ਦੁਪਹਿਰਾਂ ਤਾਸ਼ ਖੇਡਣ ਤੇ ਵਿਚਾਰ-ਵਟਾਂਦਰੇ ਵਿਚ ਬੀਤ ਜਾਂਦੀਆਂ। ਹਿਸਾਰ ਤੇ ਰੋਹਤਕ, ਕਰਨਾਲ ਤੋਂ ਕਾਫ਼ੀ ਦੂਰੀ ਤੇ ਸਨ, ਇਸ ਲਈ ਸਾਨੂੰ ਕਦੇ-ਕਦਾਈਂ ਹੀ ਕੋਈ ਮਿਲਣ ਆਉਂਦਾ ਸੀ, ਪਰ ਜਗਾਧਰੀ ਤੇ ਕਰਨਾਲ ਦੋਵੇਂ ਹੀ ਅੰਬਾਲਾ ਛਾਉਣੀ ਦੇ ਕਾਫ਼ੀ ਨੇੜੇ ਸਨ, ਇਸ ਲਈ ਕੋਈ ਨਾ ਕੋਈ ਮਿਲਣ ਆਇਆ ਹੀ ਰਹਿੰਦਾ ਸੀ। ਸੁਭਾਵਕ ਹੀ ਹਰ ਕੋਈ ਖਾਣ-ਪੀਣ ਦੀ ਕੋਈ ਨਾ ਕੋਈ ਵਸਤ ਦੇ ਜਾਂਦਾ ਸੀ। ਬਹੁਤੇ ਸੱਜਣ ਹੱਸਮੁਖ ਤੇ ਮੌਜੀ ਸੁਭਾਅ ਦੇ ਸਨ ਅਤੇ ਲੋੜ ਪੈਣ ਤੇ ਛੇੜਖ਼ਾਨੀਆਂ ਤੋਂ ਵੀ ਬਾਜ਼ ਨਹੀਂ ਆਉਂਦੇ ਸਨ। ਉਹ ਵੰਡ-ਵੰਡਾ ਕੇ ਖਾਣ ਦੇ ਆਦੀ ਸਨ, ਪਰ ਜੇ ਕੋਈ ਸੱਜਣ ਆਪਣੇ ਲਈ ਕੁਝ ਬਚਾ ਕੇ ਰੱਖਣਾ ਵੀ ਚਾਹੁੰਦਾ, ਤਾਂ ਦੋ ਤਿੰਨ ਜਣੇ ਉਸ ਦੀ ਕੋਸ਼ਿਸ਼ ਨਾਕਾਮ ਬਣਾ ਦੇਂਦੇ। ਪਿਛੇਤੇ ਝਾਤ ਮਾਰਿਆਂ ਮੈਨੂੰ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਇਹ ਜੇਲ੍ਹ-ਯਾਤਰਾ ਨਹੀਂ, ਕਿਸੇ ਧਰਮ-ਅਸਥਾਨ ਦੀ ਯਾਤਰਾ ਸੀ। ਸ. ਜੀਤ ਸਿੰਘ ਹੋਰਾਂ ਦੇ ਅਕਾਲ-ਚਲਾਣੇ ਤੋਂ ਬਾਅਦ ਮੈਨੂੰ ਕਾਲਜ-ਕੌਂਸਲ ਨੇ ਸਕੱਤਰ ਥਾਪ ਦਿੱਤਾ ਸੀ। ਪਰ ਐਤਕੀ ਮੇਰੀ ਗ੍ਰਿਫ਼ਤਾਰੀ ਇੰਨੀ ਅਚਾਨਕ ਹੋਈ ਸੀ ਕਿ ਕੋਈ ਬਦਲਵਾਂ ਪ੍ਰਬੰਧ ਵੀ ਨਹੀਂ ਹੋ ਸਕਿਆ ਸੀ। ਸੋ ਚੈੱਕਾਂ 'ਤੇ ਹੋਰ ਜ਼ਰੂਰੀ ਕਾਗਜ਼ਾਂ ਉੱਤੇ ਮੇਰੇ ਦਸਖ਼ਤ ਕਰਾਉਣ ਲਈ ਉਚੇਚਾ ਆਦਮੀ ਜੇਲ੍ਹ ਵਿਚ ਭੇਜਿਆ ਜਾਂਦਾ ਸੀ। ਸ਼ੁਕਰ ਦੀ ਗੱਲ ਇਹ ਹੋਈ ਕਿ ਸਾਨੂੰ ਬਹੁਤਾ ਚਿਰ ਜੇਲ੍ਹ ਵਿਚ ਨਹੀਂ ਰਹਿਣਾ ਪਿਆ। ਪਹਿਲੀ ਅਕਤੂਬਰ ਨੂੰ ਮਾਸਟਰ ਜੀ ਨੇ ਵਰਤ ਤਿਆਗ ਦਿੱਤਾ ਤੇ ਦੋ ਤਿੰਨ ਦਿਨਾਂ ਬਾਅਦ ਸਾਡੀਆਂ ਰਿਹਾਈਆਂ ਹੋ ਗਈਆਂ।

ਇਸ ਸੰਕਟ ਵਿਚ ਸੂਝ ਬੂਝ ਵਾਲੇ ਕੁਝ ਪੰਥ-ਹਿਤੈਸ਼ੀ ਅਜਿਹੇ ਵੀ ਸਨ, ਜਿਨ੍ਹਾਂ ਦਾ ਖ਼ਿਆਲ

ਸੀ ਕਿ ਜੇ ਮਰਨ-ਵਰਤ ਨਾਲ ਮਾਸਟਰ ਜੀ ਸ਼ਹੀਦੀ ਪਾ ਗਏ, ਤਾਂ ਹਿੰਦੂਆਂ ਤੇ ਸਿੱਖਾਂ ਦੇ ਵਿਚਕਾਰ ਅਜਿਹਾ ਪਾੜ ਪੈ ਜਾਏਗਾ, ਜੋ ਕਦੇ ਵੀ ਮੇਲਿਆ ਨਹੀਂ ਜਾ ਸਕੇਗਾ। ਤੇ ਇਹ ਗੱਲ ਸਭ ਲਈ ਹਾਨੀਕਾਰਕ ਹੋਵੇਗੀ। ਉਹ ਇਸ ਯਤਨ ਵਿਚ ਸਨ ਕਿ ਇਸ ਵੇਲੇ ਜਿਸ ਤਰ੍ਹਾਂ ਵੀ ਹੋ ਸਕੇ, ਮਾਸਟਰ ਜੀ ਦੀ ਜਾਨ ਬਚਾਈ ਜਾਏ। ਇਹਨਾਂ ਸੱਜਣਾਂ ਵਿਚ ਮਲਕ ਹਰਦਿਤ ਸਿੰਘ ਤੇ ਮਹਾਰਾਜਾ ਪਟਿਆਲਾ ਪੇਸ਼ ਪੇਸ਼ ਸਨ ਤੇ ਕੋਈ ਹੱਲ ਕੱਢਣ ਲਈ ਉਹ ਨਹਿਰੂ ਜੀ ਤੇ ਲਾਲ ਬਹਾਦਰ ਸ਼ਾਸਤਰੀ ਨਾਲ ਲਗਾਤਾਰ ਮੁਲਾਕਾਤਾਂ ਕਰ ਰਹੇ ਸਨ। ਅਖ਼ੀਰ ਪ੍ਰਧਾਨ ਮੰਤਰੀ ਨੇ ਇਹ ਗੱਲ ਮੰਨ ਲਈ ਕਿ ਉਚ ਅਧਿਕਾਰਾਂ ਵਾਲਾ ਇਕ ਕਮਿਸ਼ਨ ਨਿਯਤ ਕੀਤਾ ਜਾਏਗਾ, ਜੋ ਸਿੱਖਾਂ ਦੇ ਵਿਰੁੱਧ ਵਿਤਕਰਿਆਂ ਦੀ ਪੜਤਾਲ ਕਰੇਗਾ। ਇਸ ਨੂੰ ਸੌਂਪੇ ਜਾਣ ਵਾਲੇ ਮਾਮਲਿਆਂ ਵਿਚ ਪੰਜਾਬੀ ਸੂਬੇ ਦਾ ਵਿਸ਼ੇਸ਼ ਉਲੇਖ ਨਹੀਂ ਹੋਵੇਗਾ, ਪਰ ਜੇ ਕਮਿਸ਼ਨ ਚਾਹੇ, ਤਾਂ ਇਸ ਉੱਤੇ ਵਿਚਾਰ ਕਰ ਸਕੇਗਾ। ਇਸ ਪੇਸ਼ਕਸ਼ ਉੱਤੇ ਵਿਚੋਲੇ ਸੱਜਣਾਂ ਅਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਵਿਚਕਾਰ ਡੇਢ ਘੰਟਾ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਇਸ ਕਮੇਟੀ ਵਿਚ ਸੰਤ ਫ਼ਤਿਹ ਸਿੰਘ ਵੀ ਹਾਜ਼ਰ ਸਨ। ਵਿਚੋਲੇ ਸੱਜਣਾਂ ਨੇ ਕਮੇਟੀ ਨੂੰ ਭਰੋਸਾ ਦਿਵਾਇਆ ਕਿ ਕਮਿਸ਼ਨ ਦੇ ਮੈਂਬਰ ਨਿਰਪੱਖ ਹੋਣਗੇ ਤੇ ਕਮਿਸ਼ਨ ਨੂੰ ਸੌਂਪੇ ਜਾਣ ਵਾਲੇ ਮਾਮਲੇ ਵੀ ਅਕਾਲੀ ਦਲ ਦੀਆਂ ਮੰਗਾਂ ਦੇ ਅਨੁਕੂਲ। ਸੋ ਅਕਾਲੀ ਦਲ ਨੇ ਮਾਸਟਰ ਜੀ ਦਾ ਵਰਤ ਤੁੜਾਣ ਦਾ ਫ਼ੈਸਲਾ ਕਰ ਦਿੱਤਾ ਤੇ ਉਨ੍ਹਾਂ ਨੇ ਪਹਿਲੀ ਅਕਤੂਬਰ ਨੂੰ ਆਪਣਾ ਵਰਤ ਸਮਾਪਤ ਕਰ ਦਿੱਤਾ।

ਉੱਚ-ਅਧਿਕਾਰਾਂ ਵਾਲਾ ਕਮਿਸ਼ਨ ਬਣ ਗਿਆ, ਪਰ ਨਾ ਇਸ ਦੇ ਮੈਂਬਰ ਨਿਰਪੱਖ ਸਨ ਤੇ ਨਾ ਇਨ੍ਹਾਂ ਵਿਚ ਕੋਈ ਉਹ ਮੈਂਬਰ ਸੀ, ਜਿਨ੍ਹਾਂ ਦੇ ਨਾਂ ਵਰਕਿੰਗ ਕਮੇਟੀ ਜਾਂ ਮਾਸਟਰ ਜੀ ਨੂੰ ਦੱਸੇ ਗਏ ਸਨ। ਇਨ੍ਹਾਂ ਨੂੰ ਸੌਂਪੇ ਗਏ ਮਾਮਲੇ ਵੀ ਅਕਾਲੀ ਦਲ ਦੇ ਅਨੁਕੂਲ ਨਹੀਂ ਸਨ। ਸੋ ਦਲ ਨੇ ਇਸ ਕਮਿਸ਼ਨ ਦਾ ਬਾਈਕਾਟ ਕਰ ਦਿੱਤਾ। ਕੁਦਰਤੀ ਸੀ ਕਿ ਕਮਿਸ਼ਨ ਦਾ ਫ਼ੈਸਲਾ ਅਕਾਲੀ ਦਲ ਦੇ ਵਿਰੁੱਧ ਜਾਂਦਾ। ਇਸ ਸਮੇਂ ਤੋਂ ਸਿਖ ਕੌਮ ਲਈ ਇਕ ਵੱਡਾ ਦੁਖਾਂਤ ਸ਼ੁਰੂ ਹੁੰਦਾ ਹੈ। ਦੋਵੇਂ ਵਰਤ ਬੁਰੀ ਤਰ੍ਹਾਂ ਅਸਫ਼ਲ ਹੋਏ ਸਨ ਤੇ ਕੌਮ ਦਾ ਵਕਾਰ ਗਿਰਿਆ ਸੀ। ਅੱਗੋਂ ਲਈ ਕੌਮ ਦੇ ਸਾਹਮਣੇ ਕੋਈ ਪ੍ਰੋਗਰਾਮ ਨਹੀਂ ਰੱਖਿਆ ਜਾ ਰਿਹਾ ਸੀ। ਇਉਂ ਇਕ ਕਿਸਮ ਦਾ ਗਤੀਰੋਧ ਪੈਦਾ ਹੋ ਗਿਆ ਸੀ। ਸੰਗਤਾਂ ਨਿਰਾਸ਼ ਸਨ ਕਿ ਇੰਨੀਆਂ ਕੁਰਬਾਨੀਆਂ ਦੇ ਬਾਵਜੂਦ ਸਾਡੇ ਆਗੂ ਕੁਝ ਪ੍ਰਾਪਤ ਨਹੀਂ ਕਰ ਸਕੇ।

ਇਸ ਨਾਕਾਮੀ ਦਾ ਮੁਖ ਕਾਰਨ ਤਾਂ ਸਾਡੇ ਕੁਝ ਆਗੂਆਂ ਦਾ ਸੁਆਰਥ ਤੇ ਕਮਜ਼ੋਰੀ ਸੀ। 1956 ਵਿਚ ਰਿਜਨਲ ਫ਼ਾਰਮੂਲੇ ਦੇ ਅਧਾਰ ਤੇ ਸਰਕਾਰ ਨਾਲ ਜੋ ਸਮਝੌਤਾ ਹੋਇਆ ਸੀ, ਉਹਦੇ ਅਨੁਸਾਰ 25-30 ਉੱਘੇ ਅਕਾਲੀ ਆਗੂ ਪੰਜਾਬ ਅਸੈਂਬਲੀ ਜਾਂ ਲੋਕ ਸਭਾ ਦੇ ਮੈਂਬਰ ਬਣ ਗਏ ਸਨ। ਕਈਆਂ ਨੂੰ ਵਜ਼ੀਰੀਆਂ ਜਾਂ ਹੋਰ ਉਚ ਪਦਵੀਆਂ ਵੀ ਮਿਲੀਆਂ ਸਨ। ਬਾਕੀਆਂ ਨੂੰ ਚੌਧਰ ਤੋਂ ਹੋਰ ਕਈ ਤਰ੍ਹਾਂ ਦੇ ਜ਼ਾਤੀ ਲਾਭ ਪ੍ਰਾਪਤ ਹੋਏ ਸਨ। ਜਿੱਥੇ ਪਹਿਲੇ ਮੋਰਚੇ ਵੇਲੇ ਇਹ ਸਾਰੇ ਪੰਜਾਬੀ ਸੂਬੇ ਦੇ ਪੱਕੇ ਹਮਾਇਤੀ ਤੇ ਮੁਦਈ ਸਨ, ਉੱਥੇ ਦੂਜੇ ਮੋਰਚੇ ਵਿਚ ਸਾਰੇ ਕਾਂਗਰਸ ਸਰਕਾਰ ਦੀ ਹਮਾਇਤ ਉੱਤੇ ਖੜੇ ਹੋ ਗਏ ਸਨ। ਸ਼ਾਇਦ ਉਹ ਇਹ ਪ੍ਰਤੀਤ ਕਰ ਕੇ ਕਮਜ਼ੋਰ ਪੈ ਗਏ ਸਨ ਕਿ ਇਸ ਵੇਲੇ ਭਾਵੇਂ ਕਿੰਨਾ ਜ਼ੋਰ ਲਾਇਆ ਜਾਏ, ਸਰਕਾਰ ਝੁਕੇਗੀ ਨਹੀਂ। ਹਰ ਸੂਰਤ ਉਨ੍ਹਾਂ ਦੇ ਵਤੀਰੇ ਨੇ ਪ੍ਰਧਾਨ ਮੰਤਰੀ ਨੂੰ ਸ਼ਹਿ ਦਿੱਤੀ ਸੀ ਕਿ ਉਹ ਇੰਨੇ ਲੰਮੇ ਅੰਦੋਲਨ, ਕੁਰਬਾਨੀਆਂ ਤੇ ਮਰਨ-ਵਰਤਾਂ ਨੂੰ ਅਣਡਿੱਠ ਕਰ ਦੇਣ।

ਪ੍ਰਮੁਖ ਨੇਤਾ ਹੋਣ ਦੇ ਕਾਰਨ ਇਸ ਅਸਫ਼ਲਤਾ ਦੀ ਬਹੁਤੀ ਜ਼ਿੰਮੇਵਾਰੀ ਮਾਸਟਰ ਤਾਰਾ ਸਿੰਘ ਦੇ ਸਿਰ ਆਉਂਦੀ ਸੀ ਅਤੇ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਨਾਇਬ ਸੰਤ ਫ਼ਤਿਹ ਸਿੰਘ ਉੱਤੇ।

ਉਨ੍ਹਾਂ ਦੋਹਾਂ ਦਾ ਫ਼ਰਜ਼ ਸੀ ਕਿ ਇਸ ਵੇਲੇ ਸਿਰ ਜੋੜ ਕੇ ਬਹਿੰਦੇ ਤੇ ਸੋਚ-ਵਿਚਾਰ ਤੋਂ ਪਿਛੋਂ ਕੌਮ ਨੂੰ ਕੋਈ ਉਸਾਰੂ ਪ੍ਰੋਗਰਾਮ ਦੇਂਦੇ। ਇਸ ਦੇ ਉਲਟ ਇਨ੍ਹਾਂ ਦਾ ਆਪਸ ਵਿਚ ਹੀ ਝਗੜਾ ਸ਼ੁਰੂ ਹੋ ਗਿਆ। ਇਸ ਲਈ ਮੁਖ ਰੂਪ ਵਿਚ ਜ਼ਿੰਮੇਵਾਰ ਸਨ ਸ. ਲਛਮਣ ਸਿੰਘ ਗਿੱਲ। ਇਹ ਸੱਜਣ ਪਿਛਲੇ ਤਿੰਨ ਚਾਰ ਸਾਲ ਤੋਂ ਹੀ ਅਕਾਲੀ ਦਲ ਵਿਚ ਸ਼ਾਮਲ ਹੋਏ ਸਨ। ਇਹ ਦਾਅ-ਪੇਚਾਂ ਦੇ ਵੱਡੇ ਮਾਹਿਰ ਤੇ ਅੱਗੇ ਵਧਣ ਦੇ ਚਾਹਵਾਨ ਸਨ ਤੇ ਆਪਣੀ ਚਤਰਾਈ ਦੇ ਸਦਕੇ ਥੋੜੇ ਚਿਰ ਵਿਚ ਹੀ ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਅਤੇ ਅਕਾਲੀ ਅਸੈਂਬਲੀ ਪਾਰਟੀ ਦੇ ਡਿਪਟੀ ਲੀਡਰ ਚੁਣੇ ਗਏ ਸਨ। ਕੁਝ ਉੱਘੇ ਅਕਾਲੀ ਆਗੂ ਸ. ਜੀਵਨ ਸਿੰਘ ਉਮਰਾਨੰਗਲ, ਸ. ਹਜ਼ਾਰਾ ਸਿੰਘ ਗਿੱਲ ਤੇ ਸ. ਹਰਚਰਨ ਸਿੰਘ ਹੁਡਿਆਰਾ ਆਦਿ ਇਨ੍ਹਾਂ ਦੇ ਸਮਰਥਕ ਸਨ। ਸੋ ਸ. ਲਛਮਣ ਸਿੰਘ ਦੀ ਅਗਵਾਈ ਵਿਚ ਇਨ੍ਹਾਂ ਸੱਜਣਾਂ ਨੇ ਮਾਸਟਰ ਜੀ ਦੇ ਵਿਰੁੱਧ ਬਗ਼ਾਵਤ ਦਾ ਝੰਡਾ ਖੜਾ ਕਰ ਦਿੱਤਾ ਅਤੇ ਮੰਗ ਕੀਤੀ ਕਿ ਮਾਸਟਰ ਜੀ ਨੂੰ ਇਸ ਸਾਲ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਨਾ ਬਣਾਇਆ ਜਾਏ, ਕਿਉਂਕਿ ਉਨ੍ਹਾਂ ਨੇ ਮਰਨ-ਵਰਤ ਸਮਾਪਤ ਕਰ ਕੇ ਪ੍ਰਣ ਤੋੜਿਆ ਹੈ। ਮਾਸਟਰ ਜੀ ਦੀ ਥਾਂ ਲੈਣ ਲਈ ਇਹ ਸੰਤ ਫ਼ਤਿਹ ਸਿੰਘ ਨੂੰ ਤਿਆਰ ਕਰ ਰਹੇ ਸਨ। ਇਸ ਉੱਤੇ ਇਹ ਨਿਰਣਾ ਕਰਨ ਲਈ ਕਿ ਮਾਸਟਰ ਜੀ ਤੇ ਸੰਤ ਫ਼ਤਿਹ ਸਿੰਘ ਦੋਹਾਂ ਨੇ ਆਪੋ ਆਪਣੇ ਮਰਨ- ਵਰਤ ਤਿਆਗ ਕੇ ਪ੍ਰਣ ਤੋੜਿਆ ਹੈ ਕਿ ਨਹੀਂ, ਪੰਜ ਪਿਆਰੇ ਨਿਯੁਕਤ ਕੀਤੇ ਗਏ ਤੇ ਉਨ੍ਹਾਂ ਨੇ ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਸੋਚ-ਵਿਚਾਰ ਕੇ ਫ਼ੈਸਲਾ ਦਿੱਤਾ ਕਿ ਦੋਵੇਂ ਨੇਤਾ ਪ੍ਰਣ ਤੋੜਨ ਦੇ ਅਪਰਾਧੀ ਹਨ। ਸੋ ਦੋਹਾਂ ਨੂੰ ਪਾਠ ਕਰਨ, ਸੰਗਤਾਂ ਦੇ ਜੋੜੇ ਝਾੜਨ ਤੇ ਜੂਠੇ ਬਰਤਨ ਮਾਂਜਣ ਦੀ ਤਨਖ਼ਾਹ ਲਾਈ ਗਈ, ਜੋ ਦੋਹਾਂ ਨੇ ਪ੍ਰਵਾਨ ਕਰ ਕੇ ਪ੍ਰਾਸਚਿਤ ਕਰ ਦਿੱਤਾ। ਇਸ ਦੇ ਬਾਵਜੂਦ ਸ. ਲਛਮਣ ਸਿੰਘ ਦਾ ਧੜਾ ਬਜ਼ਿੱਦ ਸੀ ਕਿ ਮਾਸਟਰ ਜੀ ਨੂੰ ਪ੍ਰਧਾਨ ਨਾ ਬਣਾਇਆ ਜਾਏ, ਕਿਉਂਜੁ ਪੰਜ ਪਿਆਰਿਆਂ ਨੇ ਉਨ੍ਹਾਂ ਨੂੰ ਪ੍ਰਣ ਤੋੜਨ ਦਾ ਦੋਸ਼ੀ ਕਰਾਰ ਦਿੱਤਾ ਹੈ। ਉਨ੍ਹਾਂ ਨੇ ਉਸ ਮੀਟਿੰਗ ਦਾ ਬਾਈਕਾਟ ਕਰ ਦਿੱਤਾ, ਜੋ ਪ੍ਰਧਾਨ ਦੀ ਚੋਣ ਲਈ ਸੱਦੀ ਗਈ ਸੀ। ਇਸ ਮੀਟਿੰਗ ਵਿਚ 155 ਵਿੱਚੋਂ ਕੇਵਲ 74 ਮੈਂਬਰ ਹਾਜ਼ਰ ਹੋਏ ਤੇ ਉਨ੍ਹਾਂ ਨੇ ਸਰਬ-ਸੰਮਤੀ ਨਾਲ ਮਾਸਟਰ ਜੀ ਨੂੰ ਪ੍ਰਧਾਨ ਚੁਣ ਲਿਆ।

ਸੰਕਟ ਵਧਦਾ ਜਾ ਰਿਹਾ ਸੀ। ਗਿੱਲ ਸਾਹਿਬ ਵੀ ਆਪਣੀ ਧੁੰਨ ਦੇ ਪੱਕੇ ਸਨ। ਉਨ੍ਹਾਂ ਨੇ ਜੋੜ-ਤੋੜ ਕਰ ਕੇ ਆਪਣੇ ਧੜੇ ਦੀ ਗਿਣਤੀ ਵਧਾਣ ਅਤੇ ਮਾਸਟਰ ਜੀ ਦੇ ਵਿਰੋਧ ਦੀ ਮੁਹਿੰਮ ਜਾਰੀ ਰੱਖੀ। ਮਾਸਟਰ ਜੀ ਪਿਛਲੇ ਚਾਲੀ ਸਾਲਾਂ ਤੋਂ ਅਕਾਲੀ ਦਲ ਦੇ ਪ੍ਰਮੁਖ ਨੇਤਾ ਚਲੇ ਆ ਰਹੇ ਸਨ ਤੇ ਉਹ ਅਕਾਲੀ ਦਲ ਦੇ ਵਖ ਵਖ ਵਿਚਾਰਾਂ ਤੇ ਹਿੱਤਾਂ ਵਾਲੇ ਗਰੁੱਪਾਂ ਦੇ ਵਿਚਕਾਰ ਸੰਤੁਲਨ ਵੀ ਕਾਇਮ ਰਖਦੇ ਸਨ। ਉਨ੍ਹਾਂ ਨੇ ਅਤਿ ਕਠਨ ਪ੍ਰਸਥਿਤੀਆਂ ਵਿਚ ਕੌਮ ਦੀ ਅਗਵਾਈ ਕੀਤੀ ਸੀ। ਇਹ ਕੁਦਰਤੀ ਸੀ ਕਿ ਉਨ੍ਹਾਂ ਪਾਸੋਂ ਕਦੀ ਕਦੀ ਗ਼ਲਤੀਆਂ ਵੀ ਹੋਈਆਂ ਹੋਣ ਜਾਂ ਉਹ ਆਪਣੇ ਉਦੇਸ਼ ਵਿਚ ਸਫ਼ਲਤਾ ਪ੍ਰਾਪਤ ਨਾ ਕਰ ਸਕੇ ਹੋਣ, ਪਰ ਉਨ੍ਹਾਂ ਦੀ ਨੀਅਤ ਸਾਫ਼ ਸੀ ਤੇ ਉਹ ਸੁਆਰਥ ਰਹਿਤ ਸਨ। ਉਹ ਹਮੇਸ਼ਾ ਪੰਥਕ ਹਿੱਤਾਂ ਨੂੰ ਸਾਹਮਣੇ ਰਖਦੇ ਸਨ। ਇਸ ਵੇਲੇ ਉਹ ਕਾਫ਼ੀ ਬਿਰਧ ਹੋ ਗਏ ਸਨ ਤੇ ਜੇ ਉਹ ਲੀਡਰੀ ਤੋਂ ਹਟ ਕੇ ਕੌਮ ਦੀ ਵਾਗ-ਡੋਰ ਸੰਤ ਜੀ ਦੇ ਸਪੁਰਦ ਕਰ ਦੇਂਦੇ, ਤਾਂ ਸ਼ਾਇਦ ਫੁੱਟ ਦਾ ਸੰਕਟ ਟਲ ਜਾਂਦਾ। ਪਰ ਜਾਪਦਾ ਹੈ ਕਿ ਇਕ ਤਾਂ ਉਨ੍ਹਾਂ ਨੂੰ ਸ. ਲਛਮਣ ਸਿੰਘ ਦੇ ਧੜੇ ਦੀ ਨੀਅਤ ਉੱਤੇ ਭਰੋਸਾ ਨਹੀਂ ਸੀ ਤੇ ਦੂਜੇ 'ਹਉਮੈ' ਉਨ੍ਹਾਂ ਦੇ ਰਾਹ ਦੀ ਰੁਕਾਵਟ ਬਣ ਬੈਠੀ ਸੀ। ਸੋ ਉਹ ਵੀ ਹੱਠ ਤੇ ਅੜ ਗਏ। ਉਨ੍ਹਾਂ ਨੇ ਵਰਕਿੰਗ ਕਮੇਟੀ ਦੀ ਮੀਟਿੰਗ ਸੱਦ ਕੇ ਲਛਮਣ ਸਿੰਘ ਗਿੱਲ ਤੇ ਸ. ਜੀਵਨ ਸਿੰਘ ਉਮਰਾਨੰਗਲ ਨੂੰ ਦਲ ਵਿਚੋਂ ਬਾਹਰ ਕੱਢ ਦਿੱਤਾ। ਸੰਤ ਫ਼ਤਿਹ ਸਿੰਘ ਇਸ ਮੀਟਿੰਗ ਵਿੱਚੋਂ ਅਧ-ਵਿਚਾਲੇ ਉਠ ਗਏ

ਸਨ ਤੇ ਬਾਅਦ ਵਿਚ ਉਨ੍ਹਾਂ ਨੇ ਬਿਆਨ ਦੇ ਦਿੱਤਾ ਕਿ ਮਾਸਟਰ ਜੀ ਉਨ੍ਹਾਂ ਦੇ ਖੰਭ (ਹਮਾਇਤੀ) ਤੋੜ ਰਹੇ ਹਨ। ਇਸ ਬਿਆਨ ਤੋਂ ਇਹ ਸਪੱਸ਼ਟ ਜਾਪਦਾ ਹੈ ਕਿ ਗਿੱਲ ਸਾਹਿਬ ਮਾਸਟਰ ਜੀ ਦੇ ਵਿਰੁੱਧ ਮੁਹਿੰਮ ਸੰਤ ਜੀ ਦੀ ਸੰਮਤੀ ਨਾਲ ਚਲਾ ਰਹੇ ਸਨ।

ਨਗਾਰੇ ਉੱਤੇ ਡੰਕੇ ਦੀ ਚੋਟ ਲਗ ਗਈ ਸੀ ਤੇ ਹਾਲਾਤ ਤੇਜ਼ੀ ਨਾਲ ਬਦਲ ਰਹੇ ਸਨ। ਸੰਤ ਜੀ ਤੇ ਗਿੱਲ ਸਾਹਿਬ ਨੇ ਆਪਣੇ ਧੜੇ ਦਾ ਇਕ ਵਖਰਾ ਸੰਮੇਲਨ ਬੁਲਾ ਲਿਆ। ਉਨ੍ਹਾਂ ਦਾ ਦਾਅਵਾ ਸੀ ਕਿ ਇਸ ਸੰਮੇਲਨ ਵਿਚ ਸ਼੍ਰੋਮਣੀ ਕਮੇਟੀ ਦੇ 155 ਵਿੱਚੋਂ 78 ਤੇ ਅਕਾਲੀ ਵਿਧਾਇਕ ਪਾਰਟੀ ਦੇ 19 ਵਿੱਚੋਂ 8 ਮੈਂਬਰ ਹਾਜ਼ਰ ਸਨ। ਇਸ ਸੰਮੇਲਨ ਨੇ ਪਾਸ ਕੀਤਾ ਕਿ ਮਾਸਟਰ ਤਾਰਾ ਸਿੰਘ ਨੇ ਆਪਣਾ ਪ੍ਰਣ ਤੋੜ ਕੇ ਕੌਮ ਦਾ ਸਿਰ ਨੀਵਾਂ ਕੀਤਾ ਹੈ, ਇਸ ਲਈ ਉਹ ਲੀਡਰੀ ਦੇ ਯੋਗ ਨਹੀਂ। ਨਾਲ ਹੀ ਸੰਤ ਫ਼ਤਿਹ ਸਿੰਘ ਨੂੰ ਬੇਨਤੀ ਕੀਤੀ ਗਈ ਕਿ ਉਹ ਇਸ ਨਾਜ਼ਕ ਸਮੇਂ ਕੌਮ ਦੀ ਵਾਗ-ਡੋਰ ਸੰਭਾਲਣ। ਪੰਜ ਪਿਆਰਿਆਂ ਨੇ ਮਾਸਟਰ ਜੀ ਤੇ ਸੰਤ ਜੀ ਦੋਹਾਂ ਨੂੰ ਪ੍ਰਣ ਤੋੜਨ ਦਾ ਦੋਸ਼ੀ ਕਰਾਰ ਦਿੱਤਾ ਸੀ। ਇਹ ਅਜੀਬ ਮੰਤਕ ਸੀ ਕਿ ਇਹ ਸੰਮੇਲਨ ਪ੍ਰਣ ਤੋੜਨ ਵਾਲੇ ਇਕ ਨੇਤਾ ਨੂੰ ਨੇਤਾਗਿਰੀ ਤੋਂ ਹਟਾ ਰਿਹਾ ਸੀ ਤੇ ਦੂਜੇ ਨੂੰ ਨੇਤਾ ਚੁਣ ਰਿਹਾ ਸੀ। ਪਰ ਜਾਪਦਾ ਹੈ ਕਿ ਭ੍ਰਿਸ਼ਟਾਚਾਰ ਤੇ ਦੁਬਾਜਰਾਪਨ ਸਿੱਖ ਰਾਜਨੀਤੀ ਦਾ ਅਨਿੱਖੜਵਾਂ ਅੰਗ ਬਣਨ ਵਾਲੇ ਸਨ।

ਅਕਾਲੀ ਦਲ ਤੇਜ਼ੀ ਨਾਲ ਦੋਫਾੜ ਹੋਣ ਵੱਲ ਵੱਧ ਰਿਹਾ ਸੀ। ਜਦ ਅਗਸਤ 1962 ਵਿਚ ਅਕਾਲੀ ਦਲ ਦੀ ਜਨਰਲ ਕੌਂਸਲ ਦੀ ਮੀਟਿੰਗ ਸੱਦੀ ਗਈ, ਤਾਂ ਸਰਦਾਰ ਗਿੱਲ ਨੇ ਐਲਾਨ ਕਰ ਦਿੱਤਾ ਕਿ ਉਹ ਆਪਣੇ ਗਰੁੱਪ ਦੀ ਵਖਰੀ ਮੀਟਿੰਗ ਗੁਰੂ ਰਾਮਦਾਸ ਿਨਵਾਸ ਵਿਚ ਕਰਨਗੇ, ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਕਿਰਪਾਲ ਸਿੰਘ ਚਕ ਸ਼ੇਰਾ ਨੇ ਉਨ੍ਹਾਂ ਨੂੰ ਨਿਵਾਸ ਵਿਚ ਮੀਟਿੰਗ ਕਰਨ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਦੇ ਵਿਰੁੱਧ ਪੁਲਿਸ ਵਿਚ ਰਿਪੋਰਟ ਕਰ ਦਿੱਤੀ। ਸਰਕਾਰ ਨੇ ਅਮਨ ਭੰਗ ਹੋਣ ਦੇ ਖ਼ਤਰੇ ਨੂੰ ਮੁਖ ਰਖ ਕੇ ਦੋਹਾਂ ਧਿਰਾਂ ਦੇ ਦਸ ਦਸ ਉੱਘੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਬਾਅਦ ਵਿਚ ਜ਼ਮਾਨਤ ਦੇ ਕੇ ਰਿਹਾ ਹੋ ਗਏ। ਦੋਹਾਂ ਧੜਿਆਂ ਨੇ ਵਖ ਵਖ ਥਾਈਂ ਆਪੋ ਆਪਣੀਆਂ ਮੀਟਿੰਗਾਂ ਕੀਤੀਆਂ ਤੇ ਹਰੇਕ ਨੇ ਦਾਅਵਾ ਕੀਤਾ ਕਿ ਉਸ ਦੀ ਮੀਟਿੰਗ ਵਿਚ ਜਨਰਲ ਕੌਂਸਲ ਦੇ ਮੈਂਬਰਾਂ ਦੀ ਬਹੁ-ਸੰਮਤੀ ਸੀ ਅਤੇ ਬਹੁਤ ਜ਼ਿਲਿਆਂ ਦੇ ਜਥੇਦਾਰ ਸ਼ਾਮਲ ਸਨ। ਸੰਤ ਫ਼ਤਿਹ ਸਿੰਘ ਦੇ ਧੜੇ ਨੇ ਉਨ੍ਹਾਂ ਨੂੰ ਆਪਣਾ ਜਥੇਦਾਰ ਚੁਣ ਲਿਆ ਤੇ ਮਾਸਟਰ ਜੀ ਦੇ ਧੜੇ ਨੇ ਉਨ੍ਹਾਂ ਦੀ ਅਗਵਾਈ ਵਿਚ ਵਿਸ਼ਵਾਸ ਦਾ ਮਤਾ ਪਾਸ ਕਰ ਦਿੱਤਾ।

ਸ਼੍ਰੋਮਣੀ ਅਕਾਲੀ ਦਲ ਦੇ ਪਿਛਲੇ ਚਾਲੀ ਸਾਲਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਸੀ ਕਿ ਦਲ ਇਸ ਤਰ੍ਹਾਂ ਦੋ-ਫਾੜ ਹੋਇਆ ਹੋਵੇ। ਇਹ ਠੀਕ ਹੈ ਕਿ ਇਸ ਤੋਂ ਪਹਿਲਾਂ ਮਾਲਵਾ ਅਕਾਲੀ ਦਲ ਤੇ ਸੈਂਟਰਲ ਅਕਾਲੀ ਦਲ ਬਣੇ ਸਨ, ਪਰ ਕਿਸੇ ਨੇ ਆਪਣੇ ਨਾਂ ਨਾਲ 'ਸ਼੍ਰੋਮਣੀ' ਸ਼ਬਦ ਨਹੀਂ ਜੋੜਿਆ ਸੀ। ਸ. ਈਸ਼ਰ ਸਿੰਘ ਮਝੈਲ, ਜਥੇਦਾਰ ਊਧਮ ਸਿੰਘ ਨਾਗੋਕੇ, ਜਥੇਦਾਰ ਸੋਹਣ ਸਿੰਘ ਜਲਾਲ ਉਸਮਾ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ, ਸ. ਹੁਕਮ ਸਿੰਘ ਤੇ ਗਿਆਨੀ ਕਰਤਾਰ ਸਿੰਘ ਆਦਿ ਕਈ ਪ੍ਰਮੁਖ ਆਗੂ ਸਮੇਂ ਸਮੇਂ ਦਲ ਤੋਂ ਵਖ ਹੋਏ ਸਨ, ਪਰ ਕਿਸੇ ਨੇ ਮੁਕਾਬਲੇ ਦਾ ਅਕਾਲੀ ਦਲ ਨਹੀਂ ਬਣਾਇਆ ਸੀ। ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ (ਸੰਤ) ਤੇ ਸ਼੍ਰੋਮਣੀ ਅਕਾਲੀ ਦਲ (ਮਾਸਟਰ) ਦੋ ਸਮਾਨਾਂਤਰ ਜਥੇਬੰਦੀਆਂ ਹੋਂਦ ਵਿਚ ਆਈਆਂ। ਤੇ ਜਿਵੇਂ ਬਜ਼ਾਰ ਮਾਈ ਸੇਵਾਂ ਵਿਚ ਹੀਰ ਵਾਰਸ ਸ਼ਾਹ ਦੇ ਸਾਰੇ ਪ੍ਰਕਾਸ਼ਕ ਆਪੋ ਆਪਣੀ ਹੀਰ ਨੂੰ ਸਭ ਤੋਂ ਵੱਡੀ ਤੇ ਅਸਲੀ ਹੀਰ ਲਿਖਦੇ ਸਨ, ਤਿਵੇਂ ਦੋਵੇਂ ਦਲ ਆਪੋ ਆਪਣੇ ਦਲ ਨੂੰ ਸਭ ਤੋਂ ਵੱਡਾ ਤੇ ਅਸਲੀ

ਸ਼੍ਰੋਮਣੀ ਅਕਾਲੀ ਦਲ ਆਖ ਕੇ ਆਪੋ ਆਪਣੀ ਪ੍ਰਮੁਖਤਾ ਦਾ ਇਸ਼ਤਿਹਾਰ ਦੇ ਰਹੇ ਸਨ।

ਇਸ ਤੋਂ ਬਾਅਦ ਸੰਤ ਜੀ ਦੇ ਧੜੇ ਨੇ ਮਾਸਟਰ ਦਲ ਦੇ ਬਣਾਏ ਪ੍ਰਧਾਨ ਸ. ਕਿਰਪਾਲ ਸਿੰਘ ਚਕ ਸ਼ੇਰਾ ਦੇ ਵਿਰੁੱਧ ਬੇਪਰਤੀਤੀ ਦਾ ਮਤਾ ਪੇਸ਼ ਕਰ ਦਿੱਤਾ ਤੇ ਇਹਦੇ ਉੱਤੇ ਵਿਚਾਰ ਕਰਨ ਲਈ ਸ਼੍ਰੋਮਣੀ ਕਮੇਟੀ ਦੀ ਉਚੇਚੀ ਮੀਟਿੰਗ ਸੱਦਣ ਦੀ ਮੰਗ ਕੀਤੀ। ਮੀਟਿੰਗ ਰੱਖ ਦਿੱਤੀ ਗਈ ਤੇ ਦੋਹਾਂ ਗਰੁਪਾਂ ਵੱਲੋਂ ਦੌੜ-ਭੱਜ ਸ਼ੁਰੂ ਹੋ ਗਈ। ਮੁਖ ਮੰਤਰੀ ਕੈਰੋਂ ਸੰਤ ਜੀ ਦੀ ਸਰਗਰਮ ਹਮਾਇਤ ਕਰ ਰਹੇ ਸਨ ਤੇ ਉਨ੍ਹਾਂ ਨੇ ਮੈਂਬਰਾਂ ਨੂੰ ਸੰਤ ਜੀ ਦੇ ਹੱਕ ਵਿਚ ਵੋਟ ਦੇਣ ਲਈ ਸਰਕਾਰੀ ਅਸਰ-ਰਸੂਖ਼ ਦੀ ਰੱਜ ਕੇ ਵਰਤੋਂ ਕੀਤੀ। ਇਸੇ ਤਰ੍ਹਾਂ ਹਿੰਦੂ ਪ੍ਰੈੱਸ ਵੀ ਸੰਤ ਜੀ ਦੀ ਹਮਾਇਤ ਕਰ ਰਿਹਾ ਸੀ। ਉਂਜ ਨਾ ਕੈਰੋਂ ਨੂੰ ਤੇ ਨਾ ਹਿੰਦੂ ਪ੍ਰੈੱਸ ਨੂੰ ਸੰਤਾਂ ਨਾਲ ਕੋਈ ਹਿੱਤ ਸੀ। ਕੈਰੋਂ ਚਾਹੁੰਦਾ ਸੀ ਕਿ ਇਸ ਵੇਲੇ ਮਾਸਟਰ ਜੀ ਦੀ ਸਥਾਪਤ ਲੀਡਰੀ ਨੂੰ ਖ਼ਤਮ ਕਰ ਦਿੱਤਾ ਜਾਏ; ਸੰਤਾਂ ਨਾਲ ਫਿਰ ਨਿੱਬੜ ਲਿਆ ਜਾਏਗਾ ਤੇ ਇੱਸੇ ਤਰ੍ਹਾਂ ਹਿੰਦੂ ਪ੍ਰੈੱਸ ਵੀ ਮਾਸਟਰ ਤਾਰਾ ਸਿੰਘ ਨੂੰ ਖ਼ਤਮ ਕਰਨਾ ਚਾਹੁੰਦਾ ਸੀ। ਨਾਲੇ ਇਸ ਤਰ੍ਹਾਂ ਸਿੱਖਾਂ ਵਿਚ ਫੁੱਟ ਹੋਰ ਪੱਕੀ ਹੁੰਦੀ ਸੀ। ਸੋ ਬੇਪਰਤੀਤੀ ਦਾ ਮਤਾ 72 ਦੇ ਮੁਕਾਬਲੇ 76 ਵੋਟਾਂ ਨਾਲ ਪਾਸ ਹੋ ਗਿਆ।

ਮਾਸਟਰ ਜੀ ਦੀ ਲੀਡਰੀ ਦਾ ਉਤਾਰ ਸ਼ੁਰੂ ਹੋ ਗਿਆ ਸੀ। ਇਸ ਦਾ ਮੁਖ ਕਾਰਨ ਤਾਂ ਉਨ੍ਹਾਂ ਦੀ ਬਿਰਧ ਅਵਸਥਾ ਤੇ ਨਿਰੰਤਰ ਬੀਮਾਰੀ ਸੀ, ਪਰ ਸ. ਲਛਮਣ ਸਿੰਘ ਦੇ ਹੱਥ-ਕੰਡਿਆਂ ਤੇ ਕੈਰੋਂ ਦੀ ਕੱਟੜ ਵਿਰੋਧਤਾ ਦਾ ਵੀ ਇਹਦੇ ਵਿਚ ਕਾਫ਼ੀ ਹੱਥ ਸੀ। ਬਾਅਦ ਵਿਚ ਸੰਤ ਜੀ ਨੇ ਇਹ ਵੀ ਆਖਿਆ ਕਿ "ਪੰਜਾਬੀ ਸੂਬੇ ਦੀ ਮੰਗ ਬਾਰੇ ਉਨ੍ਹਾਂ ਦੇ ਤੇ ਮਾਸਟਰ ਜੀ ਦੇ ਵਿਚਾਰਾਂ ਵਿਚ ਮੁਢ ਤੋਂ ਹੀ ਕੁਝ ਬੁਨਿਆਦੀ ਤੇ ਸਿਧਾਂਤਕ ਮਤਭੇਦ ਸਨ। ਮਾਸਟਰ ਜੀ ਅਜਿਹਾ ਸੂਬਾ ਚਾਹੁੰਦੇ ਸਨ, ਜਿਸ ਵਿਚ ਸਿੱਖਾਂ ਦੀ ਬਹੁ-ਗਿਣਤੀ ਹੋਵੇ ਤੇ ਸੰਤ ਜੀ ਨਿਰੋਲ ਭਾਸ਼ਾ ਦੇ ਅਧਾਰ ਤੇ ਪੰਜਾਬੀ ਸੂਬਾ ਚਾਹੁੰਦੇ ਸਨ, ਭਾਵੇਂ ਉਸ ਵਿਚ ਸਿਖ ਘਟ-ਗਿਣਤੀ ਵਿਚ ਹੋਣ।" ਇਸ ਤੋਂ ਪਹਿਲਾਂ ਉਨ੍ਹਾਂ ਨੇ ਇਹੋ ਜਿਹਾ ਵਿਰੋਧ ਕਦੀ ਪ੍ਰਗਟ ਨਹੀਂ ਕੀਤਾ ਸੀ। ਸੋ ਇਹ ਕਹਿਣਾ ਮੁਸ਼ਕਲ ਹੈ ਕਿ ਇਹ ਨਿਰਣਾ ਉਨ੍ਹਾਂ ਨੇ ਕਿਸੇ ਬਾਹਰਲੇ ਇਸ਼ਾਰੇ ਤੇ ਲਿਆ ਸੀ ਜਾਂ ਇਹ ਉਨ੍ਹਾਂ ਦੇ ਆਪਣੇ ਅੰਦਰ ਦੀ ਆਵਾਜ਼ ਸੀ। ਓਂ ਮਾਸਟਰ ਜੀ ਦੇ ਵਿਚਾਰ ਤਾਂ ਸਪੱਸ਼ਟ ਤੌਰ ਤੇ ਇਹ ਸਨ ਕਿ ਉਹ ਇਕ ਅਜਿਹਾ ਇਲਾਕਾ ਚਾਹੁੰਦੇ ਸਨ, ਜਿਸ ਵਿਚ ਸਿੱਖਾਂ ਦਾ ਬੋਲ-ਬਾਲਾ ਜਾਂ ਰਾਜਨੀਤਿਕ ਪ੍ਰਭੁਤਾ ਹੋਵੇ। ਸੱਚਰ ਸਾਹਿਬ ਨਾਲ ਗੱਲ-ਬਾਤ ਵਿਚ, ਜਿਸ ਨੂੰ ਮੁਖ ਮੰਤਰੀ ਦੇ ਅਮਲੇ ਨੇ ਗੁਪਤ ਰੂਪ ਵਿਚ ਟੇਪ ਕਰ ਲਿਆ ਸੀ, ਉਨ੍ਹਾਂ ਨੇ ਇਹ ਗੱਲ ਬਿਨਾਂ ਕਿਸੇ ਵਲ-ਫੇਰ ਦੇ ਸਾਫ਼ ਸਾਫ਼ ਆਖ ਦਿੱਤੀ ਸੀ। ਬਾਅਦ ਵਿਚ 1973 ਵਾਲੇ ਅਨੰਦਪੁਰ ਸਾਹਿਬ ਦੇ ਮਤੇ ਵਿਚ ਸਮੁੱਚੀ ਸਿਖ ਕੌਮ ਨੇ ਮਾਸਟਰ ਜੀ ਦੇ ਇਸ ਵਿਚਾਰ ਨੂੰ ਅਪਣਾਅ ਲਿਆ, ਜਦ ਉਹਦੇ ਵਿਚ 'ਖ਼ਾਲਸੇ ਦਾ ਬੋਲ ਬਾਲਾ' ਵਾਲੇ ਸ਼ਬਦ ਸਪੱਸ਼ਟ ਤੌਰ ਤੇ ਵਰਤੇ ਗਏ।

ਇਸ ਵੇਲੇ ਕੋਈ ਧੜਾ ਵੀ ਪੰਜਾਬੀ ਸੂਬੇ ਲਈ ਸੰਘਰਸ਼ ਕਰਨ ਦੀ ਗੱਲ ਨਹੀਂ ਕਰ ਰਿਹਾ ਸੀ; ਦੋਵੇਂ ਇਕ ਦੂਜੇ ਦੀਆਂ ਲੱਤਾਂ ਖਿੱਚਣ ਤੇ ਆਪੋ ਆਪਣੀ ਪ੍ਰਮੁਖਤਾ ਵਧਾਉਣ ਦੇ ਆਹਰ ਵਿਚ ਲੱਗੇ ਹੋਏ ਸਨ। ਓਂ ਇਸ ਵੇਲੇ (1962 ਵਿਚ) ਹਿੰਦੁਸਤਾਨ ਇਕ ਵੱਡੇ ਸੰਕਟ ਵਿੱਚੋਂ ਲੰਘ ਰਿਹਾ ਸੀ। ਚੀਨ ਨੇ ਅਚਾਨਕ ਹਿੰਦੁਸਤਾਨ ਉੱਤੇ ਹਮਲਾ ਕਰ ਕੇ ਇਸ ਦਾ ਬਹੁਤ ਸਾਰਾ ਇਲਾਕਾ ਹਥਿਆ ਲਿਆ ਸੀ। ਭਾਰਤੀ ਫ਼ੌਜਾਂ ਨੂੰ ਹਰੇਕ ਖੇਤਰ ਵਿਚ ਜ਼ਬਰਦਸਤ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤੇ ਦੇਸ ਵਿਚ ਨਿਰਾਸਤਾ ਛਾਈ ਹੋਈ ਸੀ। ਐਮਰਜੈਂਸੀ ਤਾਂ ਲਗਣੀ ਹੀ ਸੀ, ਇਸ ਲਈ ਕੋਈ ਅੰਦੋਲਨ ਸੰਭਵ ਨਹੀਂ ਸੀ। ਅਕਾਲੀ ਦਲ ਦੇ ਦੋਹਾਂ ਧੜਿਆਂ ਨੇ ਮਹਾਰਾਜਾ ਪਟਿਆਲਾ ਦੀ ਅਗਵਾਈ ਹੇਠ ਇਸ ਸੰਕਟ ਵਿਚ ਸਰਕਾਰ ਦੀ ਤਨ-ਮਨ-ਧਨ ਨਾਲ ਮਦਦ ਕਰਨ ਲਈ

ਪੁਰ-ਜ਼ੋਰ ਅਪੀਲ ਕੀਤੀ। ਸੰਤ ਦਲ ਨੇ ਇਹ ਐਲਾਨ ਵੀ ਕੀਤਾ ਕਿ "ਪੰਜਾਬੀ ਸੂਬਾ ਸਾਡਾ ਘਰੋਗੀ ਮਾਮਲਾ ਹੈ; ਇਸ ਨੂੰ ਬਾਅਦ ਵਿਚ ਨਜਿੱਠਿਆ ਜਾ ਸਕਦਾ ਹੈ।" ਇਸ ਤਰ੍ਹਾਂ ਸਿੱਖਾਂ ਨੇ ਦੇਸ ਪ੍ਰਤੀ ਆਪਣੀ ਵਫ਼ਾਦਾਰੀ ਦਾ ਅਕੱਟ ਸਬੂਤ ਦਿੱਤਾ ਸੀ। ਇਹ ਗੱਲ ਕਿੰਨੀ ਦੁਖਦਾਈ ਹੈ ਕਿ ਨਾ ਫ਼ਿਰਕੂ ਹਿੰਦੂਆਂ ਨੇ ਤੇ ਨਾ ਸਰਕਾਰ ਨੇ ਇਸ ਸਦ-ਭਾਵਨਾ ਦਾ ਕੋਈ ਅਸਰ ਕਬੂਲਿਆ।

ਇਸ ਵੇਲੇ ਸੰਤ ਦਲ ਤੋਂ ਬਗ਼ੈਰ ਬਾਕੀ ਸਭ ਵਿਰੋਧੀ ਪਾਰਟੀਆਂ ਨੇ, ਜਿਨ੍ਹਾਂ ਵਿਚ ਮਾਸਟਰ ਦਲ ਵੀ ਸ਼ਾਮਲ ਸੀ, ਮੁਖ ਮੰਤਰੀ ਕੈਰੋਂ ਦੇ ਵਿਰੁਧ ਸਰਕਾਰ ਨੂੰ ਇਕ ਯਾਦ-ਪੱਤਰ ਦਿੱਤਾ ਹੋਇਆ ਸੀ, ਜਿਸ ਵਿਚ ਉਹਦੇ ਉੱਤੇ ਕੁਨਬਾ-ਪਰਵਰੀ, ਪੱਖਪਾਤ ਤੇ ਭ੍ਰਿਸ਼ਟਾਚਾਰ ਦੇ ਕਈ ਦੋਸ਼ ਲਾਏ ਗਏ ਸਨ। ਸੰਤ ਦਲ ਦੇ ਵਤੀਰੇ ਬਾਰੇ ਅਨੁਮਾਨ ਹੀ ਲਾਏ ਜਾ ਸਕਦੇ ਹਨ, ਪਰ ਦਲ ਵਿਚ ਕੈਰੋਂ ਦੀ ਹਮਾਇਤ ਕਰਨ ਵਾਲਾ ਕੋਈ ਤਾਂ ਹੋਵੇਗਾ ਹੀ। ਨਹਿਰੂ ਜੀ ਕੈਰੋਂ ਦੇ ਵਿਰੁਧ ਕੋਈ ਕਾਰਵਾਈ ਨਹੀਂ ਕਰਨਾ ਚਾਹੁੰਦੇ ਸਨ, ਪਰ ਅਖ਼ੀਰ ਉਨ੍ਹਾਂ ਨੂੰ ਝੁਕਣਾ ਪਿਆ। ਉਨ੍ਹਾਂ ਦੀ ਸਿਫ਼ਾਰਸ਼ ਉੱਤੇ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਦੇ ਸਾਬਕ ਜੱਜ ਜਸਟਿਸ ਦਾਸ ਨੂੰ ਇਨ੍ਹਾਂ ਦੋਸ਼ਾਂ ਦੀ ਪੜਤਾਲ ਕਰਨ ਲਈ ਕਮਿਸ਼ਨ ਨਿਯਤ ਕਰ ਦਿੱਤਾ। ਅਜੇ ਕਮਿਸ਼ਨ ਨੇ ਆਪਣਾ ਫ਼ੈਸਲਾ ਦਿੱਤਾ ਨਹੀਂ ਸੀ ਕਿ ਪੰਡਿਤ ਨਹਿਰੂ 27 ਮਈ 1964 ਨੂੰ ਅਚਾਨਕ ਸਵਰਗਵਾਸ ਹੋ ਗਏ। ਦਾਸ ਕਮਿਸ਼ਨ ਨੇ ਜੂਨ ਵਿਚ ਕੈਰੋਂ ਸਾਹਿਬ ਦੇ ਵਿਰੁੱਧ ਫ਼ੈਸਲਾ ਸੁਣਾਇਆ ਤੇ ਉਨ੍ਹਾਂ ਨੇ 14 ਜੂਨ ਨੂੰ ਅਸਤੀਫ਼ਾ ਦੇ ਦਿੱਤਾ। ਇਸ ਤੋਂ ਛੇਤੀ ਬਾਅਦ ਜਦ ਉਹ ਕਾਰ ਰਾਹੀਂ ਦਿੱਲੀ ਤੋਂ ਵਾਪਸ ਆ ਰਹੇ ਸਨ, ਤਾਂ ਤਿੰਨ ਚਾਰ ਹੱਤਿਆਰਿਆਂ ਨੇ ਉਨ੍ਹਾਂ ਨੂੰ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ। ਪੰਜਾਬੀ ਸੂਬੇ ਦੇ ਦੋਵੇਂ ਵੱਡੇ ਵਿਰੋਧੀ ਲਗ ਪਗ ਇੱਕੋ ਸਮੇਂ ਚੱਲ ਵਸੇ ਸਨ, ਪਰ ਸਿੱਖਾਂ ਵੱਲ ਕਾਂਗਰਸ ਸਰਕਾਰ ਦੇ ਵਤੀਰੇ ਵਿਚ ਕੋਈ ਫ਼ਰਕ ਨਹੀਂ ਆਇਆ ਸੀ।

ਇਸ ਤੋਂ ਬਾਅਦ ਸ੍ਰੀ ਲਾਲ ਬਹਾਦਰ ਸ਼ਾਸਤਰੀ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਤੇ ਕਾਂਗਰਸ ਨੇ ਸ੍ਰੀ ਰਾਮ ਕਿਸ਼ਨ ਨੂੰ ਪੰਜਾਬ ਦਾ ਮੁਖ ਮੰਤਰੀ ਥਾਪਿਆ। ਹੁਣ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੰਘਰਸ਼ ਸ਼ੁਰੂ ਕੀਤਾ ਜਾ ਸਕਦਾ ਸੀ, ਪਰ ਜਨਵਰੀ 1965 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਣ ਵਾਲੀਆਂ ਸਨ, ਇਸ ਲਈ ਦੋਵੇਂ ਦਲ ਚੋਣਾਂ ਜਿੱਤਣ ਵਿਚ ਰੁੱਝੇ ਹੋਏ ਸਨ। ਮੈਂ ਅਕਾਲੀ ਦਲ ਦਾ ਮੈਂਬਰ ਤਾਂ ਨਹੀਂ ਸਾਂ, ਪਰ ਇਸ ਦੇ ਦੋ-ਫਾੜ ਹੋਣ ਦਾ ਮੈਨੂੰ ਬਹੁਤ ਦੁੱਖ ਹੋਇਆ ਸੀ। ਮੇਰੇ ਗੁਜਰਾਂਵਾਲੇ ਦੇ ਬਹੁਤੇ ਸਾਥੀ—ਸ. ਅਵਤਾਰ ਸਿੰਘ ਖ਼ਾਲਸਾ, ਗਿਆਨੀ ਹਰਜੀਤ ਸਿੰਘ, ਗਿਆਨੀ ਰਘਬੀਰ ਸਿੰਘ ਆਦਿ—ਮਾਸਟਰ ਗਰੁੱਪ ਨਾਲ ਜੁੜੇ ਹੋਏ ਸਨ। ਮੇਰੀ ਦਿਲਚਸਪੀ ਕਿਸੇ ਇਕ ਗਰੁੱਪ ਨਾਲ ਨਹੀਂ ਸੀ ਤੇ ਮੈਂ ਸਿਰਫ਼ ਇਹ ਚਾਹੁੰਦਾ ਸਾਂ ਕਿ ਦੋਵੇਂ ਧੜੇ ਮੁੜ ਕੇ ਇਕ ਹੋ ਜਾਣ। ਇਕ ਵਾਰੀ ਜਲੰਧਰ ਗਿਆਂ ਅਸੀਂ ਤਿੰਨ ਚਾਰ ਸਾਥੀ ਸੰਤ ਦਲ ਦੇ ਸਥਾਨਕ ਦਫ਼ਤਰ ਵਿਚ ਜਾ ਕੇ ਉਨ੍ਹਾਂ ਦੇ ਦੂਜੇ ਦਰਜੇ ਦੇ ਤਿੰਨ ਚਾਰ ਆਗੂਆਂ ਨੂੰ ਮਿਲੇ ਤੇ ਉਨ੍ਹਾਂ ਉੱਤੇ ਏਕਤਾ ਲਈ ਜ਼ੋਰ ਪਾਇਆ, ਪਰ ਇਸ ਦਾ ਕੁਝ ਅਸਰ ਨਹੀਂ ਹੋਇਆ। ਮੇਰੀ ਜਾਣ-ਪਛਾਣ ਕਰਨਾਲ ਤਕ ਹੀ ਸੀਮਤ ਸੀ, ਜਿੱਥੇ ਮੈਂ ਪਿਛਲੇ 15 ਸਾਲ ਤੋਂ ਰਹਿ ਰਿਹਾ ਸਾਂ। ਜੂਨ 1962 ਵਿਚ ਮੈਂ ਕਰਨਾਲ ਛਡ ਕੇ ਪੱਕੇ ਤੌਰ ਤੇ ਚੰਡੀਗੜ੍ਹ ਆ ਗਿਆ ਸਾਂ, ਜਿੱਥੇ ਮੇਰਾ ਇਕ ਲੜਕਾ ਮਿਲਕ ਪਲਾਂਟ ਵਿਚ ਮੈਨੇਜਰ ਸੀ ਤੇ ਇਕ ਇੰਜੀਨੀਅਰਿੰਗ ਵਿਚ ਪੜ੍ਹ ਰਿਹਾ ਸੀ। ਇੱਥੇ ਸਭਾ-ਸੁਸਾਇਟੀਆਂ ਵਿਚ ਕੰਮ ਕਰਨ ਵਾਲਾ ਕੋਈ ਬੰਦਾ ਮੈਨੂੰ ਜਾਣਦਾ ਨਹੀਂ ਸੀ, ਤੇ ਨਾ ਮੈਂ ਆਪਣਾ ਆਪ ਕਿਸੇ ਨੂੰ ਜਣਾਇਆ। ਆਪਸੀ ਲੜਾਈ ਵੇਖ ਕੇ ਦਿਲ ਖੱਟਾ ਹੋ ਗਿਆ ਸੀ ਤੇ ਇਕ ਤਰ੍ਹਾਂ ਨਾਲ ਮੈਂ ਅਲੱਗ-ਥਲੱਗ ਹੀ ਹੋ ਗਿਆ ਸਾਂ। ਇਸ ਤੋਂ ਬਿਨਾਂ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੀ ਪੂਰੀ ਜ਼ਿੰਮੇਵਾਰੀ ਮੇਰੇ ਉੱਤੇ ਸੀ ਤੇ ਇਹਦੇ ਲਈ ਮੈਨੂੰ

ਚੋਖਾ ਵਕਤ ਦੇਣਾ ਪੈਂਦਾ ਸੀ।

ਪਰ ਕਰਨਾਲ ਦੇ ਸੱਜਣ ਮੈਨੂੰ ਸਹਿਜੇ ਕੀਤੇ ਛੱਡਣ ਲਈ ਤਿਆਰ ਨਹੀਂ ਸਨ। ਉਨ੍ਹਾਂ ਦੀ ਬਹੁ-ਸੰਮਤੀ ਮਾਸਟਰ ਧੜੇ ਨਾਲ ਸੀ। ਸੋ ਸ਼੍ਰੋਮਣੀ ਕਮੇਟੀ ਦੀ ਚੋਣ ਵੇਲੇ ਉਨ੍ਹਾਂ ਨੇ ਮੈਨੂੰ ਕਰਨਾਲ ਬੁਲਾ ਭੇਜਿਆ ਤੇ ਮੈਂ ਇਕ ਹਫ਼ਤਾ ਉੱਥੇ ਰਹਿ ਕੇ ਮਾਸਟਰ ਗਰੁੱਪ ਦੇ ਉਮੀਦਵਾਰਾਂ ਦੇ ਹੱਕ ਵਿਚ ਪ੍ਰਚਾਰ ਕਰਦਾ ਰਿਹਾ। ਕਰਨਾਲ ਵਿੱਚੋਂ ਸ਼੍ਰੋਮਣੀ ਕਮੇਟੀ ਲਈ ਇੱਕੋ ਮੈਂਬਰ ਚੁਣਿਆ ਜਾਣਾ ਸੀ। ਸ. ਬੂਟਾ ਸਿੰਘ ਵਕੀਲ ਦਾ ਪੁੱਤਰ ਸ. ਰਘਬੀਰ ਸਿੰਘ ਮਾਸਟਰ ਦਲ ਦੇ ਟਿਕਟ ਉੱਤੇ ਸਫ਼ਲ ਹੋ ਗਿਆ ਤੇ ਸਥਾਨਿਕ ਗੁਰਦੁਆਰਾ ਕਮੇਟੀ ਲਈ ਚੁਣੇ ਜਾਣ ਵਾਲੇ ਚਾਰ ਮੈਂਬਰਾਂ ਵਿੱਚੋਂ ਤਿੰਨ ਮੈਂਬਰ ਮਾਸਟਰ ਧੜੇ ਦੇ ਸਫ਼ਲ ਹੋਏ। ਪੰਜਾਬ ਵਿਚ ਸਮੁੱਚੇ ਤੌਰ ਤੇ ਸੰਤ ਦਲ ਨੂੰ ਭਾਰੀ ਬਹੁ-ਮਤ ਮਿਲਿਆ, ਜਦ ਮਾਸਟਰ ਦਲ ਦੇ 45 ਮੈਂਬਰਾਂ ਦੇ ਮੁਕਾਬਲੇ ਉਨ੍ਹਾਂ ਦੇ 90 ਮੈਂਬਰ ਕਾਮਯਾਬ ਹੋ ਗਏ।

ਇਸ ਵੇਲੇ ਤਕ ਅਕਾਲੀ ਦਲ ਬਾਰੇ ਜੋ ਹਾਲਾਤ ਮੈਂ ਲਿਖੇ ਹਨ, ਉਨ੍ਹਾਂ ਵਿਚ ਮੈਂ ਇਕ ਕ੍ਰਿਆਸ਼ੀਲ ਪਾਤਰ ਸਾਂ। ਬਹੁਤੀਆਂ ਘਟਨਾਵਾਂ ਮੇਰੇ ਹੱਡੀਂ ਵਾਪਰੀਆਂ ਸਨ ਜਾਂ ਮੈਂ ਨੇੜਿਓਂ ਵੇਖੀਆਂ ਸਨ। ਪਰ ਅਕਾਲੀ ਦਲ ਦੇ ਦੋ-ਫਾੜ ਹੋਣ ਬਾਅਦ ਜੋ ਕੁਝ ਵਾਪਰਿਆ, ਉਹਦੇ ਨਾਲ ਮੇਰਾ ਸਿੱਧਾ ਸੰਬੰਧ ਕੋਈ ਨਹੀਂ ਸੀ। ਮੇਰਾ ਯਤਨ ਇਹ ਹੈ ਕਿ ਹਾਲਾਤ ਇੰਨ ਬਿੰਨ ਠੀਕ ਲਿਖੇ ਜਾਣ। ਆਪਣੇ ਵੱਲੋਂ ਜੋ ਟੀਕਾ-ਟਿਪਣੀ ਜਾਂ ਨੁਕਤਾਚੀਨੀ ਕੀਤੀ ਹੈ, ਉਹ ਬਾਅਦ ਵਿਚ ਵਾਪਰੀਆਂ ਘਟਨਾਵਾਂ ਦੇ ਅਧਾਰ ਤੇ ਹੈ, ਜਿਨ੍ਹਾਂ ਨੂੰ ਮੌਕੇ ਸਿਰ ਪਾਠਕ ਵੇਖ ਲੈਣਗੇ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਅਪੂਰਵ ਸਫ਼ਲਤਾ ਨੇ ਸੰਤ ਦਲ ਦੀ ਪ੍ਰਮੁੱਖਤਾ ਸਥਾਪਤ ਕਰ ਦਿੱਤੀ ਸੀ ਤੇ ਉਨ੍ਹਾਂ ਨੇ ਮੁੜ ਕੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੰਘਰਸ਼ ਸ਼ੁਰੂ ਕਰਨ ਦਾ ਫ਼ੈਸਲਾ ਕਰ ਲਿਆ ਸੀ। ਸੰਤ ਜੀ ਨੇ ਪਹਿਲਾਂ ਪ੍ਰਧਾਨ ਮੰਤਰੀ ਸ਼ਾਸਤਰੀ ਜੀ ਨੂੰ ਮਿਲ ਕੇ ਉਨ੍ਹਾਂ ਨੂੰ ਆਪਣੇ ਪੱਖ ਦੀ ਸਚਿਆਈ ਬਾਰੇ ਕਾਇਲ ਕਰਨ ਦਾ ਯਤਨ ਕੀਤਾ। ਪਰ ਜਦ ਉਨ੍ਹਾਂ ਵੱਲੋਂ ਕੋਈ ਤਸੱਲੀ-ਬਖ਼ਸ਼ ਹੁੰਗਾਰਾ ਨਾ ਮਿਲਿਆ, ਤਾਂ 16 ਅਗਸਤ 1965 ਨੂੰ ਉਨ੍ਹਾਂ ਨੇ ਐਲਾਨ ਕਰ ਦਿੱਤਾ ਕਿ ਜੇ 10 ਸਤੰਬਰ ਤਕ ਪੰਜਾਬੀ ਸੂਬਾ ਬਣਾਣ ਲਈ ਕੋਈ ਕਦਮ ਨਾ ਚੁੱਕਿਆ ਗਿਆ, ਤਾਂ ਉਹ ਉਸ ਦਿਨ ਮਰਨ-ਵਰਤ ਸ਼ੁਰੂ ਕਰ ਦੇਣਗੇ ਅਤੇ ਜੇ ਉਹ ਵਰਤ ਦੇ 15 ਦਿਨ ਤੱਗ ਗਏ, ਤਾਂ ਉਸ ਦਿਨ ਅੱਗ ਵਿਚ ਸੜ ਕੇ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਦੇਣਗੇ। ਪਰ ਇਨ੍ਹਾਂ ਦਿਨਾਂ ਵਿਚ ਹੀ ਪਾਕਿਸਤਾਨ ਨੇ ਲਗ ਪਗ ਛੇ ਹਜ਼ਾਰ ਗੁਰੀਲੇ ਗੁਪਤ ਢੰਗ ਨਾਲ ਕਸ਼ਮੀਰ ਵਿਚ ਵਾੜ ਦਿੱਤੇ ਸਨ ਤੇ ਉਨ੍ਹਾਂ ਨੇ ਰਿਆਸਤ ਵਿਚ ਤੋੜ-ਫੋੜ ਦੀਆਂ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਸਨ। 25 ਅਗਸਤ ਨੂੰ ਪਾਕਿਸਤਾਨ ਨਾਲ ਮੁਕੰਮਲ ਜੰਗ ਸ਼ੁਰੂ ਹੋ ਗਈ। 6 ਸਤੰਬਰ ਨੂੰ ਗ੍ਰਹਿ-ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਲੋਕ ਸਭਾ ਵਿਚ ਐਲਾਨ ਕੀਤਾ ਕਿ ਭਾਰਤ ਸਰਕਾਰ ਖੁਲ੍ਹੇ ਦਿਲ ਨਾਲ ਪੰਜਾਬੀ ਸੂਬੇ ਦੇ ਮਾਮਲੇ ਉੱਤੇ ਨਵੇਂ ਸਿਰੇ ਵਿਚਾਰ ਕਰਨ ਲਈ ਤਿਆਰ ਹੈ। ਉਨ੍ਹਾਂ ਨੇ ਸੰਤ ਫ਼ਤਿਹ ਸਿੰਘ ਨੂੰ ਅਪੀਲ ਕੀਤੀ ਕਿ ਉਹ ਇਸ ਵੇਲੇ ਦੇਸ ਦੀ ਏਕਤਾ ਤੇ ਸੁਤੰਤਰਤਾ ਦੀ ਰਾਖੀ ਲਈ ਸਰਕਾਰ ਦਾ ਸਾਥ ਦੇਣ। ਸੰਤ ਦਲ ਦੀ ਵਰਕਿੰਗ ਕਮੇਟੀ ਦੀ ਅਪੀਲ ਉੱਤੇ ਸੰਤ ਜੀ ਨੇ ਯੁੱਧ ਦੇ ਖ਼ਾਤਮੇ ਤਕ ਆਪਣਾ ਮਰਨ-ਵਰਤ ਮੁਲਤਵੀ ਕਰ ਦਿੱਤਾ।

ਇਸ ਯੁੱਧ ਵਿਚ ਸਾਰੇ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੇ ਸਰਕਾਰ ਦੀ ਭਰਪੂਰ ਸਹਾਇਤਾ ਕੀਤੀ। ਉਹ ਬਾਕਾਇਦਾ ਫ਼ੌਜਾਂ ਲਈ ਸੱਚੀਂ-ਮੁੱਚੀਂ ਲੜਾਈ ਦੀ ਦੂਜੀ ਕਤਾਰ ਬਣ ਗਏ। ਵਰ੍ਹਦੀਆਂ ਗੋਲੀਆਂ ਦੀ ਛਾਂ ਹੇਠ ਉਹ ਖ਼ੁਸ਼ੀ ਖ਼ੁਸ਼ੀ ਮੋਰਚੇ ਪੁਟਦੇ ਅਤੇ ਦਰੱਖ਼ਤਾਂ 'ਤੇ ਚੜ੍ਹ ਕੇ ਵੈਰੀ ਦੇ ਮੋਰਚਿਆਂ ਤੇ ਉਨ੍ਹਾਂ ਦੀਆਂ ਫ਼ੌਜਾਂ ਦੀ ਹਿਲ-ਜੁਲ ਦੀ ਨਿਗਰਾਨੀ ਕਰਦੇ ਰਹੇ, ਇੱਥੋਂ ਤਕ ਕਿ ਇਸ ਲੜਾਈ ਤੋਂ ਪਹਿਲਾਂ ਜਿਹੜੇ ਬੰਦੇ ਆਪਣੇ ਪੇਟ ਦੀ ਖ਼ਾਤਰ ਸਮੱਗਲਿੰਗ ਦਾ ਧੰਦਾ

ਕਰਦੇ ਸਨ, ਤੇ ਇਸ ਕਾਰੋਬਾਰ ਵਿਚ ਸਰਹੱਦੋਂ ਪਾਰ ਦੇ ਚੱਪੇ ਚੱਪੇ ਤੋਂ ਵਾਕਫ਼ ਹੋ ਗਏ ਸਨ, ਉਹ ਵੀ ਹਿੰਦੁਸਤਾਨੀ ਫ਼ੌਜ ਦੀ ਮਦਦ ਵਿਚ ਲਗ ਪਏ। ਪੇਂਡੂਆਂ ਨੇ ਆਪਣੇ ਗੱਡਿਆਂ ਤੇ ਟ੍ਰੈਕਟਰਾਂ ਉੱਤੇ ਜੰਗੀ ਸਾਮਾਨ ਤੇ ਰਾਸ਼ਨ ਲੱਦ ਕੇ ਮੁਹਰਲੀਆਂ ਚੌਕੀਆਂ ਤਕ ਪਹੁੰਚਾਣ ਦੀ ਸੇਵਾ ਸੰਭਾਲ ਲਈ। ਇਸਤ੍ਰੀਆਂ ਬੜੇ ਚਾਅ ਨਾਲ ਫ਼ੌਜੀ ਜਵਾਨਾਂ ਲਈ ਭੋਜਨ ਤਿਆਰ ਕਰਦੀਆਂ ਅਤੇ ਹਲਵਾ-ਪੂੜੀ, ਖੀਰ, ਪਰਾਉਂਠੇ ਤੇ ਅਚਾਰ ਮੋਰਚਿਆਂ ਵਿਚ ਭੇਜਦੀਆਂ। ਪੰਜਾਬ ਦੇ ਕਿਸਾਨਾਂ ਨੇ ਜਿਸ ਵਿਸ਼ਵਾਸ ਤੇ ਹੌਸਲੇ ਨਾਲ ਇਹ ਰਾਸ਼ਨ ਅਗਲੀਆਂ ਕਤਾਰਾਂ ਵਿਚ ਲੜ ਰਹੇ ਫ਼ੌਜੀਆਂ ਨੂੰ ਪਹੁੰਚਾਇਆ, ਉਸ ਨੇ ਉਨ੍ਹਾਂ ਨੂੰ ਹੋਰ ਉਤਸ਼ਾਹ ਦਿੱਤਾ। ਪਰ ਪੰਜਾਬ ਦੇ ਪੇਂਡੂਆਂ ਨੇ ਜੋ ਸਭ ਤੋਂ ਵੱਡਾ ਕਾਰਨਾਮਾ ਕੀਤਾ, ਉਹ ਸੀ ਪਾਕਿਸਤਾਨ ਦੇ ਛਾਤਾ-ਬਰਦਾਰਾਂ ਨੂੰ ਗ੍ਰਿਫ਼ਤਾਰ ਕਰਨਾ। ਗ੍ਰਿਫ਼ਤਾਰੀ ਤੋਂ ਪਿੱਛੋਂ ਇਕ ਛਾਤਾ-ਬਰਦਾਰ ਨੇ ਆਖਿਆ ਸੀ, "ਸਾਨੂੰ ਕਦੇ ਵੀ ਇਹ ਗੁਮਾਨ ਨਹੀਂ ਸੀ ਕਿ ਪੇਂਡੂਆਂ ਵਿਚ ਇੰਨੀ ਲਗਨ ਵਾਲੀ ਦੇਸ਼-ਭਗਤੀ ਤੇ ਬਹਾਦਰੀ ਹੋਵੇਗੀ ਕਿ ਉਹ ਬਿਨਾਂ ਹਥਿਆਰਾਂ ਦੇ ਸਾਡੇ ਉੱਤੇ ਹਮਲਾ ਕਰ ਦੇਣਗੇ।"

ਇਸ ਯੁੱਧ ਵਿਚ ਪੰਜਾਬ ਤੇ ਵਿਸ਼ੇਸ਼ ਕਰਕੇ ਸਿੱਖਾਂ ਦੇ ਯੋਗਦਾਨ ਨੂੰ ਵੇਖ ਕੇ ਪ੍ਰਧਾਨ ਮੰਤਰੀ ਸ਼ਾਸਤਰੀ ਨੇ ਆਖਿਆ ਸੀ, "ਇਨ੍ਹਾਂ ਸੰਕਟ ਭਰੇ ਦਿਨਾਂ ਵਿਚ ਪੰਜਾਬ ਸਭ ਤੋਂ ਮੁਹਰੇ ਰਿਹਾ ਹੈ। ਇਸ ਦੇ ਨਾਗ੍ਰਿਕਾਂ ਨੇ ਅਦੁੱਤੀ ਸਾਹਸ, ਸੰਗਠਨ ਤੇ ਜ਼ਬਤ ਦੀ ਭਾਵਨਾ ਦਾ ਪ੍ਰਦਰਸ਼ਨ ਕੀਤਾ ਹੈ। ਉਹ ਸਾਰੇ ਦੇਸ ਲਈ ਡਟੇ ਰਹੇ ਹਨ, ਇਸ ਲਈ ਅਸੀਂ ਸਾਰੇ ਭਾਰਤ-ਵਾਸੀ ਉਨ੍ਹਾਂ ਦੇ ਕ੍ਰਿਤੱਗ ਹਾਂ।"

ਯੁੱਧ ਅਦੁੱਤੀ ਕਾਮਯਾਬੀ ਨਾਲ ਸਮਾਪਤ ਹੋਇਆ ਸੀ। ਇਹਦੇ ਲਈ ਕਾਫ਼ੀ ਹੱਦ ਤਕ ਸਿੱਖਾਂ ਦਾ ਦਿਲੀ ਮਿਲਵਰਤਣ ਜ਼ਿੰਮੇਵਾਰ ਸੀ ਤੇ ਪ੍ਰਧਾਨ ਮੰਤਰੀ ਨੇ ਇਸ ਨੂੰ ਖੁਲ੍ਹੇ ਦਿਲ ਨਾਲ ਸਵੀਕਾਰ ਵੀ ਕੀਤਾ ਸੀ। ਸਰਕਾਰ ਨੇ ਵਾਅਦਾ ਵੀ ਕੀਤਾ ਹੋਇਆ ਸੀ ਕਿ ਜੰਗ ਖ਼ਤਮ ਹੋਣ ਤੋਂ ਬਾਅਦ ਪੰਜਾਬੀ ਸੂਬੇ ਦੇ ਸੁਆਲ ਉੱਤੇ ਨਵੇਂ ਸਿਰੇ ਵਿਚਾਰ ਕੀਤੀ ਜਾਏਗੀ। ਸੋ ਜੰਗਬੰਦੀ ਤੋਂ ਬਾਅਦ ਗ੍ਰਹਿ ਮੰਤਰੀ ਨੇ ਲੋਕ ਸਭਾ ਵਿਚ ਐਲਾਨ ਕੀਤਾ ਕਿ ਇਸ ਮਸਲੇ ਦਾ ਸਰਬ-ਪੱਖੀ-ਪ੍ਰਵਾਨ ਹੱਲ ਲੱਭਣ ਲਈ ਲੋਕ ਸਭਾ ਦੇ ਸਪੀਕਰ ਸ. ਹੁਕਮ ਸਿੰਘ ਦੀ ਪ੍ਰਧਾਨਗੀ ਹੇਠ ਸੰਸਦ ਦੇ ਦੋਹਾਂ ਸਦਨਾਂ ਵਿੱਚੋਂ 22 ਮੈਂਬਰਾਂ ਦੀ ਇਕ ਪਾਰਲੀਮੈਂਟਰੀ ਕਮੇਟੀ ਬਣਾਈ ਜਾਏਗੀ। ਇਸ ਕਮੇਟੀ ਵਿਚ ਸਭ ਸੰਬੰਧਤ ਹਿੱਤਾਂ ਨੂੰ ਪ੍ਰਤਿਨਿਧਤਾ ਦਿੱਤੀ ਗਈ ਤੇ ਇਹ ਸਪੱਸ਼ਟ ਜਾਪਣ ਲਗ ਪਿਆ ਕਿ ਹੁਣ ਪੰਜਾਬੀ ਸੂਬਾ ਬਣਨ ਵਿਚ ਦੇਰ ਨਹੀਂ। ਹਰਿਆਣਾ ਵਾਲੇ ਮੁੱਢ ਤੋਂ ਹੀ ਪੰਜਾਬ ਨਾਲੋਂ ਵਖ ਹੋਣਾ ਚਾਹੁੰਦੇ ਸਨ, ਤਾਂ ਜੁ ਉਨ੍ਹਾਂ ਨੂੰ ਪੰਜਾਬੀ ਦੂਜੀ ਭਾਸ਼ਾ ਵਜੋਂ ਵੀ ਨਾ ਪੜ੍ਹਨੀ ਪਏ। ਹਿਮਾਚਲ ਪ੍ਰਦੇਸ਼ ਵਾਲਿਆਂ ਦੀ ਇੱਛਾ ਸੀ ਕਿ ਕਾਂਗੜਾ ਜ਼ਿਲ੍ਹਾ ਉਨ੍ਹਾਂ ਨਾਲ ਮਿਲਾ ਦਿੱਤਾ ਜਾਏ, ਤਾਂ ਜੁ ਉਹ ਇਲਾਕਾ ਵੱਡਾ ਹੋ ਕੇ ਪੂਰੇ ਪ੍ਰਾਂਤ ਦਾ ਦਰਜਾ ਪ੍ਰਾਪਤ ਕਰ ਸਕੇ। ਇਸ ਦੀ ਵਿਰੋਧਤਾ ਤਾਂ ਫ਼ਿਰਕੂ ਹਿੰਦੂ ਤੇ ਕੇਂਦਰ ਦੀ ਕਾਂਗਰਸ ਸਰਕਾਰ ਹੀ ਕਰ ਰਹੀ ਸੀ। ਪੰਡਿਤ ਨਹਿਰੂ ਨੇ ਤਾਂ ਪੰਜਾਬੀ ਸੂਬੇ ਦੇ ਵਿਰੋਧ ਲਈ ਇਹ ਦਲੀਲ ਘੜੀ ਸੀ ਕਿ ਉੱਤਰ-ਪਛਮੀ ਸੀਮਾ ਉੱਤੇ ਛੋਟੇ ਤੇ ਕਮਜ਼ੋਰ ਰਾਜ ਦੀ ਹੋਂਦ ਰਾਸ਼ਟਰ ਲਈ ਖ਼ਤਰਾ ਹੈ। ਪਰ ਇੰਦਰਾ ਗਾਂਧੀ ਤਾਂ ਨਿਰੋਲ ਫ਼ਿਰਕੂ ਦ੍ਰਿਸ਼ਟੀਕੋਣ ਤੋਂ ਪੰਜਾਬੀ ਸੂਬਾ ਬਣਾਣ ਦਾ ਵਿਰੋਧ ਕਰ ਰਹੀ ਸੀ। ਉਸ ਨੇ ਆਪਣੀ ਸ੍ਵੈ-ਜੀਵਨੀ (My Truth) ਵਿਚ ਆਪਣੀ ਸੋਚਣੀ ਤੇ ਨੀਅਤ ਦਾ ਪ੍ਰਗਟਾਵਾ ਹੇਠ ਲਿਖੇ ਸ਼ਬਦਾਂ ਵਿਚ ਕੀਤਾ ਹੈ:

"ਮੇਰੇ ਪਿਤਾ ਪੰਜਾਬੀ ਸੂਬੇ ਦੇ ਵਿਚਾਰ ਦੇ ਸਖ਼ਤ ਵਿਰੋਧੀ ਸਨ। ਪਰੰਤੂ 1966 ਤਕ ਇਹ ਮੰਗ ਇੰਨਾ ਜ਼ੋਰ ਫੜ ਗਈ ਸੀ ਕਿ ਕੇਂਦਰ ਇਸ ਵਿਚ ਰੁਕਾਵਟ ਪਾਣ ਦੀ ਸਥਿਤੀ ਵਿਚ ਨਹੀਂ

ਸੀ। ਬਦਕਿਸਮਤੀ ਨਾਲ ਪ੍ਰਧਾਨ ਮੰਤਰੀ ਸ਼ਾਸਤਰੀ ਨੇ ਲੋਕ ਸਭਾ ਦੇ ਸਪੀਕਰ ਹੁਕਮ ਸਿੰਘ ਨੂੰ, ਜੋ ਪੰਜਾਬੀ ਸੂਬੇ ਦੇ ਹਾਮੀ ਸਨ, ਪਾਰਲੀਮੈਂਟਰੀ ਕਮੇਟੀ ਦਾ ਪ੍ਰਧਾਨ ਥਾਪ ਦਿੱਤਾ ਸੀ। ਮੈਂ ਪਹਿਲਾਂ ਸ੍ਰੀ ਚਵਾਨ ਕੋਲ ਗਈ ਕਿ ਹੁਕਮ ਸਿੰਘ ਪੰਜਾਬੀ ਸੂਬੇ ਦੇ ਹੱਕ ਵਿਚ ਰਿਪੋਰਟ ਦੇਣ ਲੱਗੇ ਹਨ। ਉਨ੍ਹਾਂ ਨੂੰ ਰੋਕਣਾ ਚਾਹੀਦਾ ਹੈ। ਫਿਰ ਅਸੀਂ ਦੋਵੇਂ ਸ਼ਾਸਤਰੀ ਜੀ ਨੂੰ ਮਿਲੇ ਤਾਂ ਉਨ੍ਹਾਂ ਨੇ ਆਖਿਆ, "ਘਬਰਾਣ ਦੀ ਲੋੜ ਨਹੀਂ, ਮੈਂ ਹਾਲਾਤ ਉੱਤੇ ਪੂਰੀ ਨਜ਼ਰ ਰਖ ਰਿਹਾ ਹਾਂ।" ਪਰ ਮੈਂ ਬੜੀ ਪ੍ਰੇਸ਼ਾਨ ਸਾਂ ਤੇ ਇਸ ਸੰਬੰਧ ਵਿਚ ਹੋਰ ਕਈਆਂ ਨੂੰ ਮਿਲੀ। ਪਰ ਜਦ ਰਿਪੋਰਟ ਆ ਹੀ ਗਈ, ਤਾਂ ਇਸ ਤੋਂ ਪਿੱਛੇ ਹਟਣਾ ਸੰਭਵ ਨਾ ਰਿਹਾ। (ਯਾਦ ਰਹੇ ਕਿ ਇਸ ਵੇਲੇ 11 ਜਨਵਰੀ 1966 ਨੂੰ ਸ਼ਾਸਤਰੀ ਜੀ ਦਾ ਤਾਸ਼ਕੰਦ ਵਿਚ ਦੇਹਾਂਤ ਹੋ ਗਿਆ ਸੀ ਤੇ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣ ਗਏ ਸਨ।) ਮੈਨੂੰ ਕਾਂਗਰਸ ਦੀ ਨੀਤੀ ਵਿਚ ਇਸ ਹੈਰਾਨੀ-ਜਨਕ ਤਬਦੀਲੀ ਦੀ ਆਸ ਨਹੀਂ ਸੀ। ਮੈਂ ਮਹਿਸੂਸ ਕਰਦੀ ਸਾਂ ਕਿ ਭਾਵੇਂ ਇਸ ਨਾਲ ਸਿੱਖਾਂ ਵੱਲੋਂ ਐਜੀਟੇਸ਼ਨ ਰੁਕ ਜਾਏਗੀ, ਪਰ ਇਸ ਰਾਜ ਦੀ ਹਿੰਦੂ ਘਟ-ਗਿਣਤੀ ਸਮਝੇਗੀ ਕਿ ਉਨ੍ਹਾਂ ਨਾਲ ਵਿਸਾਹਘਾਤ ਕੀਤਾ ਗਿਆ ਹੈ।"

ਇੰਦਰਾ ਗਾਂਧੀ ਦੇ ਇਨ੍ਹਾਂ ਵਿਚਾਰਾਂ ਅਤੇ ਪੰਜਾਬੀ ਸੂਬੇ ਦੀ ਕਰੜੀ ਵਿਰੋਧਤਾ ਬਾਰੇ ਸ. ਹੁਕਮ ਸਿੰਘ ਨੇ ਆਪਣੀ ਇਕ ਲਿਖਤ ਵਿਚ ਇਉਂ ਬਿਆਨ ਕੀਤਾ ਹੈ:

"18 ਵਰ੍ਹੇ ਤਕ ਪੰਜਾਬੀ ਸੂਬਾ ਬਣਾਨ ਤੋਂ ਇਨਕਾਰ ਕਰਨ ਬਾਅਦ ਅਖ਼ੀਰ ਅਕਤੂਬਰ 1965 ਵਿਚ ਪ੍ਰਧਾਨ ਮੰਤਰੀ ਸ਼ਾਸਤਰੀ ਨੇ ਮੇਰੀ ਪ੍ਰਧਾਨਗੀ ਹੇਠ ਪੰਜਾਬੀ ਸੂਬੇ ਦੇ ਮਾਮਲੇ ਬਾਰੇ ਰਿਪੋਰਟ ਦੇਣ ਲਈ ਇਕ ਪਾਰਲੀਮੈਂਟਰੀ ਕਮੇਟੀ ਬਣਾਈ। ਸਰਕਾਰ ਦੀ ਨੀਤੀ ਮੇਰੇ ਕੋਲੋਂ ਪੰਜਾਬੀ ਸੂਬੇ ਦੇ ਵਿਰੁੱਧ ਰਿਪੋਰਟ ਲੈ ਕੇ ਮੈਨੂੰ ਮੇਰੀ ਕੌਮ ਦੇ ਵਿਰੁੱਧ ਵਰਤਣ ਦੀ ਸੀ। ਪਰ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਮੈਂ ਪੰਜਾਬੀ ਸੂਬੇ ਦੇ ਹੱਕ ਵਿਚ ਰਿਪੋਰਟ ਦੇਣ ਲੱਗਾ ਹਾਂ, ਤਾਂ ਸ਼ਾਸਤਰੀ ਜੀ, ਇੰਦਰਾ ਗਾਂਧੀ ਤੇ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਸਭ ਨੇ ਮੇਰੇ ਉੱਤੇ ਜ਼ੋਰ ਪਾਇਆ। (ਕਿ ਮੈਂ ਅਜਿਹਾ ਨਾ ਕਰਾਂ)। ਪਰ ਜਦ ਮੈਂ ਨਾ ਮੰਨਿਆ, ਤਾਂ ਸ਼ਾਹ ਕਮਿਸ਼ਨ ਨਿਯਤ ਕਰ ਕੇ ਤੇ ਉਸ ਨੂੰ 1961 ਦੀ ਮਰਦਮ-ਸ਼ੁਮਾਰੀ ਅਨੁਸਾਰ ਅਤੇ ਪਿੰਡ ਦੀ ਥਾਂ ਤਹਿਸੀਲ ਨੂੰ ਇਕਾਈ ਮੰਨ ਕੇ ਹੱਦਬੰਦੀ ਦੀ ਹਦਾਇਤ ਦੇ ਕੇ ਚੰਡੀਗੜ੍ਹ ਤੇ ਕਈ ਹੋਰ ਪੰਜਾਬੀ-ਭਾਸ਼ੀ ਇਲਾਕੇ ਹਰਿਆਣੇ ਤੇ ਹਿਮਾਚਲ-ਪ੍ਰਦੇਸ਼ ਨੂੰ ਦੇ ਦਿੱਤੇ ਗਏ। ਪਾਰਲੀਮੈਂਟਰੀ ਕਮਿਸ਼ਨ ਦੀ ਰਿਪੋਰਟ ਤਾਂ ਇਹ ਸੀ ਕਿ ਉਹ ਸਾਰੇ ਇਲਾਕੇ, ਜਿਨ੍ਹਾਂ ਦਾ ਵਰਣਨ ਪੰਜਾਬ ਰਿਜਨਲ ਕਮੇਟੀ ਵਿਚ ਕੀਤਾ ਗਿਆ ਹੈ, ਪੰਜਾਬ ਵਿਚ ਸ਼ਾਮਲ ਕੀਤੇ ਜਾਣ, ਪਰ ਇਨ੍ਹਾਂ ਵਿੱਚੋਂ ਵੀ ਕਈ ਇਲਾਕੇ ਪੰਜਾਬ ਕੋਲੋਂ ਖੋਹ ਲਏ ਗਏ। ਫਿਰ 1961 ਦੀ ਮਰਦਮ-ਸ਼ੁਮਾਰੀ ਵਿਚ ਤਾਂ ਪੰਜਾਬੀ ਹਿੰਦੂਆਂ ਨੇ ਨਿਪਟ ਝੂਠ ਬੋਲ ਕੇ ਆਪਣੀ ਬੋਲੀ ਹਿੰਦੀ ਲਿਖਾਈ ਸੀ, ਸੋ ਇਹ ਹੱਦਬੰਦੀ ਭਾਸ਼ਾ ਦੇ ਆਧਾਰ ਤੇ ਨਾ ਹੋਈ, ਸਗੋਂ ਫ਼ਿਰਕੇਦਾਰਾਨਾ ਆਧਾਰ ਤੇ ਹੋ ਗਈ।....."

ਸਪੱਸ਼ਟ ਹੈ ਕਿ ਪੰਜਾਬੀ ਸੂਬਾ ਕਿਸੇ ਮਜਬੂਰੀ ਹੇਠ ਬਣਾਇਆ ਜਾ ਰਿਹਾ ਸੀ ਤੇ ਨੀਅਤ ਸਾਫ਼ ਨਹੀਂ ਸੀ। ਇੰਦਰਾ ਗਾਂਧੀ ਤੇ ਗ੍ਰਹਿ ਮੰਤਰੀ ਦੋਹਾਂ ਨੇ ਪੰਜਾਬੀ ਸੂਬਾ ਛੋਟੇ ਤੋਂ ਛੋਟਾ ਰੱਖਣ ਦਾ ਮਨ ਬਣਾ ਲਿਆ ਸੀ। ਕਿੰਨੀ ਵੱਡੀ ਕਲਾਬਾਜ਼ੀ ਸੀ ਇਹ; ਪਿਛਲੇ ਬਾਰ੍ਹਾਂ ਸਾਲ ਤੋਂ ਇਹ ਆਖਿਆ ਜਾ ਰਿਹਾ ਸੀ ਕਿ ਅਕਾਲੀ ਦਲ ਪੰਜਾਬੀ ਸੂਬੇ ਦੀ ਆੜ ਵਿਚ ਸਿਖ ਬਹੁ-ਗਿਣਤੀ ਦਾ ਸੂਬਾ ਜਾਂ ਸਿਖ ਸਟੇਟ ਬਣਾਣੀ ਚਾਹੁੰਦਾ ਹੈ, ਪਰ ਹੁਣ ਜਦ ਸਿਖ ਅਜਿਹੇ ਰਾਜ ਦੀ ਮੰਗ ਕਰ ਰਹੇ ਸਨ, ਜਿਸ ਵਿਚ ਉਨ੍ਹਾਂ ਦੀ ਗਿਣਤੀ 42 ਪ੍ਰਤੀਸ਼ਤ ਹੋਣੀ ਸੀ, ਤਾਂ ਕੇਂਦਰ ਸ਼ਾਹ ਕਮਿਸ਼ਨ ਦੀ ਰਾਹੀਂ ਆਪ ਅਜਿਹਾ ਸੂਬਾ ਬਣਾ ਰਿਹਾ ਸੀ, ਜਿਸ ਵਿਚ ਸਿੱਖਾਂ ਦੀ ਵੱਸੋਂ 57 ਪ੍ਰਤੀਸ਼ਤ ਤੋਂ ਵੀ ਵੱਧ ਹੋ ਜਾਂਦੀ ਸੀ। ਅਕਾਲੀ ਦਲ ਨੇ ਪੰਜਾਬ ਰਿਜਨਲ ਕਮੇਟੀ ਵਿਚ ਦਰਜ ਕੀਤੇ ਗਏ

ਇਲਾਕਿਆਂ ਤੋਂ ਬਿਨਾਂ ਅੰਬਾਲੇ ਦਾ ਪੂਰਾ ਜ਼ਿਲ੍ਹਾ, ਪਾਨੀਪਤ ਤਹਿਸੀਲ ਨੂੰ ਛਡ ਕੇ ਕਰਨਾਲ ਦਾ ਪੂਰਾ ਜ਼ਿਲ੍ਹਾ ਅਤੇ ਹਿਸਾਰ ਦੀ ਤਹਿਸੀਲ ਤੇ ਗੂਹਲਾ ਤੇ ਫ਼ਤਿਹਬਾਦ ਦੀਆਂ ਸਬ ਤਹਿਸੀਲਾਂ ਪੰਜਾਬ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ ਸੀ। ਕਮਿਸ਼ਨ ਨੇ ਇਹ ਸਾਰੇ ਦਾਅਵੇ ਇਸ ਬਿਨਾਅ ਤੇ ਰੱਦ ਕਰ ਦਿੱਤੇ ਕਿ 1961 ਦੀ ਮਰਦੁਮ-ਸ਼ੁਮਾਰੀ ਅਨੁਸਾਰ, ਜੋ ਬਿਲਕੁਲ ਫ਼ਰਜ਼ੀ ਤੇ ਜਾਅਲੀ ਸੀ, ਇਹ ਇਲਾਕੇ ਹਿੰਦੀ-ਭਾਸ਼ੀ ਹਨ। ਪਾਰਲੀਮੈਂਟਰੀ ਕਮੇਟੀ ਨੇ ਤਾਂ ਹਿੰਦੀ ਰਿਜਨ ਦੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਨੂੰ ਦੇਣ ਦੀ ਸਿਫ਼ਾਰਸ਼ ਕੀਤੀ ਸੀ, ਪਰ ਸ਼ਾਹ ਕਮਿਸ਼ਨ ਨੇ ਗੁਰਦਾਸਪੁਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚੋਂ ਵੀ ਪਹਾੜੀ ਇਲਾਕੇ ਇਸ ਰਾਜ ਨੂੰ ਦੇਣ ਦਾ ਫ਼ੈਸਲਾ ਸੁਣਾ ਦਿੱਤਾ। ਸਭ ਤੋਂ ਵੱਡਾ ਅਨਿਆਂ ਇਹ ਕੀਤਾ ਗਿਆ ਕਿ ਚੰਡੀਗੜ੍ਹ, ਜੋ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ ਸੀ, ਪੰਜਾਬ ਕੋਲੋਂ ਖੋਹ ਕੇ ਯੂਨੀਅਨ ਇਲਾਕਾ ਬਣਾ ਦਿੱਤਾ ਗਿਆ। ਇਹ ਸ਼ਹਿਰ ਕਈ ਪੰਜਾਬੀ-ਭਾਸ਼ੀ ਪਿੰਡ, ਜੋ ਪੰਜਾਬੀ ਬੋਲੀ ਦੇ ਇਲਾਕੇ ਖਰੜ ਤਹਿਸੀਲ ਵਿਚ ਸ਼ਾਮਲ ਸਨ, ਉਜਾੜ ਕੇ ਬਣਾਇਆ ਗਿਆ ਸੀ। ਇਸ ਵਿਚ ਵੱਸੇ ਲੋਕਾਂ ਦੀ ਬਹੁ-ਗਿਣਤੀ ਪੱਛਮੀ ਪੰਜਾਬ ਵਿੱਚੋਂ ਆਈ ਸੀ, ਜਿਨ੍ਹਾਂ ਦੀ ਮਾਤਰੀ ਭਾਸ਼ਾ ਨਿਰੋਲ ਪੰਜਾਬੀ ਸੀ। ਸੋ ਇਸ ਨੂੰ ਪੰਜਾਬ ਕੋਲੋਂ ਖੋਹਣਾ ਘੋਰ ਅਨਿਆਂ ਸੀ। ਰਹਿੰਦੀ-ਖੂੰਹਦੀ ਕਸਰ ਕੇਂਦਰੀ ਸਰਕਾਰ ਨੇ ਰਾਜਾਂ ਦਾ ਪੁਨਰ-ਗਠਨ ਕਾਨੂੰਨ ਬਣਾਣ ਲਗਿਆਂ ਪੂਰੀ ਕਰ ਦਿੱਤੀ। ਪਾਣੀ ਅਤੇ ਜਲ-ਸ਼ਕਤੀ (ਬਿਜਲੀ) ਸਿੰਚਾਈ ਤੇ ਉਦਯੋਗ ਦੀ ਉੱਨਤੀ ਤੇ ਵਿਕਾਸ ਦੇ ਜ਼ਰੂਰੀ ਸਾਧਨ ਹਨ। ਇਸ ਲਈ ਸੰਵਿਧਾਨ ਵਿਚ ਇਹ ਮਾਮਲੇ ਰਾਜਾਂ ਦੇ ਅਧੀਨ ਰੱਖੇ ਗਏ ਹਨ ਅਤੇ ਇਹ ਫ਼ੈਸਲਾ ਵੀ ਕੀਤਾ ਗਿਆ ਹੈ ਕਿ ਦਰਿਆਵਾਂ ਦੇ ਪਾਣੀ ਅਤੇ ਉਸ ਤੋਂ ਉਪਜੇ ਹੋਰ ਸਾਧਨਾਂ ਉੱਤੇ ਉਸੇ ਰਾਜ ਦਾ ਅਧਿਕਾਰ ਹੋਵੇਗਾ, ਜਿਸ ਵਿਚ ਉਹ ਵਗਦੇ ਹਨ। ਸਤਲੁਜ, ਬਿਆਸ ਤੇ ਰਾਵੀ ਦਰਿਆ ਪੰਜਾਬ ਵਿਚ ਵਗਦੇ ਹਨ, ਇਸ ਲਈ ਇਨ੍ਹਾਂ ਦਾ ਪ੍ਰਬੰਧ ਵੀ ਪੰਜਾਬ ਕੋਲ ਰਹਿਣਾ ਚਾਹੀਦਾ ਸੀ। ਪਰ ਕੇਂਦਰੀ ਸਰਕਾਰ ਨੇ ਉਪਰੋਕਤ ਕਾਨੂੰਨ ਵਿਚ ਇਨ੍ਹਾਂ ਦਰਿਆਵਾਂ ਦੇ ਪਾਣੀਆਂ ਅਤੇ ਭਾਖੜਾ ਡੈਮ, ਨੰਗਲ ਡੈਮ ਤੇ ਬਿਆਸ ਡੈਮ ਪ੍ਰਾਜੈਕਟ ਦਾ ਪ੍ਰਬੰਧ ਆਪਣੇ ਅਧੀਨ ਕਰ ਲਿਆ। ਪੰਜਾਬ ਦੇ ਤੱਟ-ਵਰਤੀ ਦਰਿਆ ਹੋਣ ਕਰਕੇ ਇਨ੍ਹਾਂ ਉੱਤੇ ਪੰਜਾਬ ਦਾ ਅਧਿਕਾਰ ਸੀ ਤੇ ਪੰਜਾਬ ਦੇ ਕਿਸਾਨਾਂ ਨੂੰ ਇਸ ਪਾਣੀ ਦੀ ਸਖ਼ਤ ਲੋੜ ਵੀ ਸੀ। ਸੋ ਨਵੇਂ ਪੰਜਾਬ ਕੋਲੋਂ ਚੰਡੀਗੜ੍ਹ ਤੇ ਕਈ ਪੰਜਾਬੀ-ਭਾਸ਼ੀ ਇਲਾਕੇ ਖੋਹ ਕੇ ਅਤੇ ਇਸ ਦੇ ਪਾਣੀਆਂ ਤੇ ਬਿਜਲੀ ਦਾ ਕੰਟਰੋਲ ਆਪਣੇ ਹੱਥ ਰਖ ਕੇ ਕੇਂਦਰ ਨੇ ਪੰਜਾਬ ਨੂੰ ਅਪਾਹਜ ਬਣਾ ਦਿੱਤਾ। ਇਹ ਇਕ ਅਜਿਹਾ ਲਘੂ ਰਾਜ ਬਣ ਗਿਆ, ਜਿਸ ਦੇ ਆਪਣੇ ਹੱਥ-ਵੱਸ ਕੁਝ ਨਹੀਂ ਸੀ ਅਤੇ ਇਹ ਪੂਰਨ ਤੌਰ ਤੇ ਕੇਂਦਰੀ ਸਰਕਾਰ ਉੱਤੇ ਨਿਰਭਰ ਸੀ। ਦਸ ਬਾਰ੍ਹਾਂ ਸਾਲਾਂ ਦੇ ਅੰਦੋਲਨ ਬਾਅਦ ਬਕਰੀ ਨੇ ਦੁੱਧ ਦਿੱਤਾ ਸੀ, ਪਰ ਮੇਂਗਣਾਂ ਪਾ ਕੇ। ਬਾਅਦ ਵਿਚ ਪਾਣੀਆਂ ਦੀ ਵੰਡ ਵੇਲੇ ਨਜਾਇਜ਼ ਤੌਰ ਤੇ ਹਰਿਆਣੇ ਨੂੰ ਬਹੁਤ ਜ਼ਿਆਦਾ ਪਾਣੀ ਦੇ ਕੇ ਪੰਜਾਬ ਨੂੰ ਆਰਥਿਕ ਤੌਰ ਤੇ ਕਮਜ਼ੋਰ ਕਰ ਦਿੱਤਾ ਗਿਆ। ਠੀਕ ਗੱਲ ਇਹ ਹੈ ਕਿ ਪੰਜਾਬੀ ਸੂਬਾ ਨਹੀਂ ਬਣਿਆ; ਬਣਿਆ ਹੈ ਹਰਿਆਣਾ ਰਾਜ ਤੇ ਮੂੰਹ-ਮੱਥਾ ਸੰਵਰਿਆ ਹੈ ਹਿਮਾਚਲ ਪ੍ਰਦੇਸ਼ ਦਾਂ। ਪੰਜਾਬ ਕੋਲੋਂ ਤਾਂ ਚੰਡੀਗੜ੍ਹ, ਕਈ ਪੰਜਾਬੀ-ਭਾਸ਼ੀ ਇਲਾਕੇ ਤੇ ਇਸ ਦੇ ਦਰਿਆਵਾਂ ਦਾ ਪਾਣੀ ਖੋਹ ਕੇ ਇਸ ਨੂੰ ਬੇਜਾਨ ਕਰ ਦਿੱਤਾ ਗਿਆ ਹੈ।

ਇਸ ਮੌਕੇ ਉੱਤੇ ਇਕ ਮਹੱਤਵਪੂਰਨ ਸੁਆਲ ਇਹ ਪੈਦਾ ਹੁੰਦਾ ਹੈ ਕਿ ਜੋ ਸੂਬਾ 1966 ਵਿਚ ਬਣਨਾ ਜਾਇਜ਼ ਸੀ, ਉਹ 1955 ਵਿਚ ਪਹਿਲੇ ਮੋਰਚੇ ਤੋਂ ਬਾਅਦ ਸਦਭਾਵਨਾ ਨਾਲ ਕਿਉਂ ਨਾ ਬਣਾ ਦਿੱਤਾ ਗਿਆ। ਇਹਦੇ ਲਈ ਬਾਰ੍ਹਾਂ ਸਾਲ ਹਿੰਦੂਆਂ ਤੇ ਸਿੱਖਾਂ ਦੇ ਵਿਚਕਾਰ ਕੁੜਿੱਤਣ ਤੇ ਜ਼ਹਿਰ ਫੈਲਾਣ ਅਤੇ ਨਫ਼ਰਤ ਦਾ ਬੀਜ ਬੀਜਣ ਦੀ ਕੀ ਲੋੜ ਸੀ ? ਪੰਜਾਬੀ ਸੂਬਾ ਬਣਨ ਤੋਂ ਬਾਅਦ ਨਾ ਕੋਈ ਪਹਾੜ ਟੁੱਟਾ, ਨਾ ਜ਼ਮੀਨ ਫਟੀ ਤੇ ਨਾ ਅਸਮਾਨ ਡਿੱਗਾ। ਸਗੋਂ ਜਿਸ ਜਨ-ਸੰਘ ਨੇ ਪੰਜਾਬੀ

ਸੂਬੇ ਦੇ ਐਲਾਨ ਤੋਂ ਬਾਅਦ ਕਈ ਸ਼ਹਿਰਾਂ ਦੇ ਬਾਜ਼ਾਰਾਂ ਅਤੇ ਸੜਕਾਂ ਉੱਤੇ ਖ਼ੂਨ-ਖ਼ਰਾਬਾ ਕੀਤਾ ਸੀ ਤੇ ਜਿਸ ਦੇ ਇਕ ਉੱਘੇ ਲੀਡਰ ਨੇ ਇਹਦੇ ਵਿਰੁੱਧ ਮਰਨ-ਵਰਤ ਰੱਖਿਆ ਸੀ, ਉਹੀ ਜਨ-ਸੰਘ ਪੰਜਾਬੀ ਸੂਬੇ ਦੀ ਪਹਿਲੀ ਗੁਰਨਾਮ ਸਿੰਘ ਵਜ਼ਾਰਤ ਵਿਚ ਸ਼ਾਮਲ ਹੋ ਗਿਆ। ਵਿਸ਼ਵਾਸ ਤੋਂ ਵਿਸ਼ਵਾਸ ਪੈਦਾ ਹੁੰਦਾ ਹੈ। ਜੇ ਵੱਡੇ ਭਰਾ ਹਿੰਦੂ ਸਿੱਖਾਂ ਉੱਤੇ ਵਿਸ਼ਵਾਸ ਕਰ ਕੇ ਉਨ੍ਹਾਂ ਦੀ ਨਿਆਈਂ ਤੇ ਵਿਧਾਨਿਕ ਮੰਗ ਖ਼ੁਸ਼ੀ ਨਾਲ ਮੰਨ ਲੈਂਦੇ, ਤਾਂ ਸਿੱਖਾਂ ਨੂੰ ਯਕੀਨ ਹੋ ਜਾਂਦਾ ਕਿ ਸਾਡੇ ਭਰਾ ਸਾਨੂੰ ਵੀ ਅਜ਼ਾਦੀ ਨਾਲ ਜੀਊਣ ਤੇ ਇਸ ਦਾ ਅਨੰਦ ਮਾਣਨ ਦੇਣਾ ਚਾਹੁੰਦੇ ਹਨ। ਪਿਛਲੀ ਸਾਰੀ ਕਤਰ-ਵਿਉਂਤ ਤੋਂ ਤਾਂ ਇਉਂ ਜਾਪਦਾ ਹੈ ਕਿ ਪੰਜਾਬੀ ਸੂਬਾ ਕਿਸੇ ਮਜਬੂਰੀ ਹੇਠ ਹੀ ਬਣਾਇਆ ਗਿਆ ਸੀ ਤੇ ਨਾਲ ਹੀ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਇਹਦੇ ਹੱਥ ਪੈਰ ਬੰਨ੍ਹ ਕੇ ਰੱਖੇ ਜਾਣਗੇ।

ਕਾਂਡ ਪੰਜਵਾਂ

ਨਵਾਂ ਪੰਜਾਬ

ਆਖ਼ਰ ਲੰਗੜਾ ਜਾਂ ਅਧੂਰਾ ਪੰਜਾਬੀ ਸੂਬਾ ਪਹਿਲੀ ਨਵੰਬਰ 1966 ਨੂੰ ਹੋਂਦ ਵਿਚ ਆ ਗਿਆ। ਉਸ ਵੇਲੇ ਪੰਜਾਬ ਦੇ ਗਵਰਨਰ ਸ. ਉੱਜਲ ਸਿੰਘ ਸਨ। ਭਾਵੇਂ ਉਹ ਕਾਂਗਰਸ ਦੇ ਵਫ਼ਾਦਾਰ ਸਿੱਖ ਸਨ, ਪਰ ਹੈ ਸਨ ਤਾਂ ਸਿੱਖ, ਇਸ ਲਈ ਉਨ੍ਹਾਂ ਨੂੰ ਤਾਮਿਲਨਾਡੂ ਦਾ ਗਵਰਨਰ ਥਾਪ ਕੇ ਡਾਕਟਰ ਧਰਮ ਵੀਰ ਨੂੰ ਪੰਜਾਬ ਦਾ ਗਵਰਨਰ ਬਣਾਇਆ ਗਿਆ। ਕਾਂਗਰਸ ਅਸੈਂਬਲੀ ਪਾਰਟੀ ਨੇ ਗਿਆਨੀ ਗੁਰਮੁਖ ਸਿੰਘ 'ਮੁਸਾਫ਼ਰ' ਨੂੰ ਆਪਣਾ ਨੇਤਾ ਚੁਣਿਆ ਤੇ ਉਹ ਪਹਿਲੀ ਨਵੰਬਰ ਨੂੰ ਪੰਜਾਬ ਦੇ ਮੁਖ ਮੰਤਰੀ ਬਣਾਏ ਗਏ। ਮਾਰਚ 1967 ਵਿਚ ਪੰਜਾਬ ਅਸੈਂਬਲੀ ਦੀਆਂ ਨਵੀਆਂ ਚੋਣਾਂ ਹੋਣੀਆਂ ਸਨ। ਪਰ ਇਸ ਵੇਲੇ ਸੰਤ ਅਕਾਲੀ ਦਲ ਕੋਲ, ਜੋ ਸਿੱਖਾਂ ਦੀ ਮੁੱਖ ਪਾਰਟੀ ਸੀ, ਕੋਈ ਵਿਸ਼ੇਸ਼ ਤੇ ਨਿੱਗਰ ਪ੍ਰੋਗਰਾਮ ਨਹੀਂ ਸੀ। ਘੋਸ਼ਨਾ-ਪੱਤਰ (manifesto) ਵਿਚ ਕੁਝ ਘਿੱਸੀਆਂ-ਪਿੱਟੀਆਂ ਗੱਲਾਂ ਹੀ ਆਖੀਆਂ ਜਾ ਸਕਦੀਆਂ ਸਨ। ਮੁਕਾਬਲੇ ਵਿਚ ਕਾਂਗਰਸ ਇਹ ਦਾਅਵਾ ਕਰ ਸਕਦੀ ਸੀ ਕਿ ਉਸ ਨੇ ਹੀ ਪੰਜਾਬੀ ਸੂਬਾ ਬਣਵਾਇਆ ਹੈ ਅਤੇ ਕਿਉਂਜੁ ਕੇਂਦਰ ਵਿਚ ਕਾਂਗਰਸੀ ਸਰਕਾਰ ਹੈ, ਇਸ ਲਈ ਉਹ ਨਵੇਂ ਪੰਜਾਬ ਦੀ ਉੱਨਤੀ ਵਾਸਤੇ ਕੇਂਦਰ ਕੋਲੋਂ ਵਧੇਰੇ ਰਿਆਇਤਾਂ ਲੈ ਸਕੇਗੀ। ਸੋ ਸੰਤ ਅਕਾਲੀ ਦਲ ਨੇ ਇਹ ਉਚਿਤ ਸਮਝਿਆ ਕਿ ਚੋਣਾਂ ਤੋਂ ਪਹਿਲਾਂ ਹੱਦਬੰਦੀ ਕਮਿਸ਼ਨ ਵੱਲੋਂ ਤੇ ਪੁਨਰ-ਗਠਨ ਕਾਨੂੰਨ ਵਿਚ ਕੀਤੀਆਂ ਬੇਇਨਸਾਫ਼ੀਆਂ ਦੇ ਵਿਰੁੱਧ ਸੰਘਰਸ਼ ਸ਼ੁਰੂ ਕੀਤਾ ਜਾਏ। ਸੰਤ ਜੀ ਨੇ ਐਲਾਨ ਕਰ ਦਿੱਤਾ ਕਿ ਉਹ ਚੰਡੀਗੜ੍ਹ ਤੇ ਭਾਖੜਾ ਡੈਮ ਆਦਿ ਪੰਜਾਬ ਨੂੰ ਦਿਵਾਣ ਤੇ ਬਾਹਰ ਰਹਿ ਗਏ ਪੰਜਾਬੀ-ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਾਉਣ ਬਾਰੇ ਭਾਸ਼ਾਈ ਕਮਿਸ਼ਨ ਨਿਯਤ ਕਰਾਣ ਲਈ 17 ਦਸੰਬਰ 1966 ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਾਲੇ ਦਿਨ ਮਰਨ-ਵਰਤ ਰੱਖਣਗੇ ਤੇ ਜੇ ਉਹ ਦਸ ਦਿਨ ਤਕ ਬਚੇ ਰਹੇ, ਤਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੇ ਦਿਨ 27 ਦਸੰਬਰ ਨੂੰ ਆਤਮ-ਦਾਹ ਕਰ ਲੈਣਗੇ। ਇਸ ਮਤਲਬ ਲਈ ਅਕਾਲ ਤਖ਼ਤ ਸਾਹਿਬ ਉੱਤੇ ਇਕ ਹਵਨ-ਕੁੰਡ ਵੀ ਬਣਾ ਲਿਆ ਗਿਆ।

ਪ੍ਰਧਾਨ ਮੰਤਰੀ ਵੱਲੋਂ ਸੰਤਾਂ ਨੂੰ ਮਰਨ-ਵਰਤ ਛੱਡਣ ਦੀ ਅਪੀਲ ਦਾ ਤਾਂ ਕੋਈ ਅਸਰ ਨਾ ਹੋਇਆ, ਪਰ ਐਨ ਮੌਕੇ ਉੱਤੇ ਪਹਿਲਾਂ ਵਾਂਗ ਜ਼ਬਾਨੀ ਆਸ਼ਵਾਸਨਾਂ ਦਾ ਸਹਾਰਾ ਲਿਆ ਗਿਆ; ਜਿਨ੍ਹਾਂ ਦੀ ਯਥਾਰਥਿਕ ਮਹਾਨਤਾ ਕੋਈ ਨਹੀਂ ਸੀ, ਪਰ ਜਿਨ੍ਹਾਂ ਨੂੰ ਆਤਮ-ਦਾਹ ਤੋਂ ਬਚਣ ਲਈ ਵਰਤਿਆ ਜਾ ਸਕਦਾ ਸੀ। 27 ਦਸੰਬਰ ਨੂੰ ਚਾਰ ਵਜੇ ਆਤਮ-ਦਾਹ ਹੋਣਾ ਸੀ ਤੇ ਤਿੰਨ ਵਜੇ ਸ. ਹੁਕਮ ਸਿੰਘ ਜੀ ਹਵਾਈ ਜਹਾਜ਼ ਰਾਹੀਂ ਅੰਮ੍ਰਿਤਸਰ ਪਹੁੰਚ ਗਏ। ਉਹ ਅਕਾਲ

ਤਖ਼ਤ ਸਾਹਿਬ ਉੱਤੇ ਪੁੱਜੇ ਤੇ ਦੋ ਘੰਟੇ ਸੰਤ ਜੀ ਤੇ ਉਨ੍ਹਾਂ ਦੇ ਵਿਚਕਾਰ ਗੱਲ-ਬਾਤ ਹੁੰਦੀ ਰਹੀ। ਇਸ ਤੋਂ ਬਾਅਦ ਸ. ਹੁਕਮ ਸਿੰਘ ਨੇ ਅਕਾਲ ਤਖ਼ਤ ਸਾਹਿਬ ਉੱਤੇ ਖਲੋ ਕੇ ਆਖਿਆ ਕਿ "ਚੰਡੀਗੜ੍ਹ ਪੰਜਾਬ ਦਾ ਹੈ ਤੇ ਪੰਜਾਬ ਨੂੰ ਹੀ ਮਿਲੇਗਾ। ਸ੍ਰੀਮਤੀ ਇੰਦਰਾ ਗਾਂਧੀ ਆਪਣੀ ਸਾਲਸੀ ਰਾਹੀਂ ਚੰਡੀਗੜ੍ਹ ਤੇ ਭਾਖੜਾ ਡੈਮ ਆਦਿ ਦੀ ਸਮੱਸਿਆ ਹੱਲ ਕਰ ਦੇਣਗੇ ਅਤੇ ਪੰਜਾਬੀ ਬੋਲਦੇ ਬਾਹਰ ਰਹਿ ਗਏ ਇਲਾਕਿਆਂ ਨੂੰ ਪੰਜਾਬ ਵਿਚ ਮਿਲਾਣ ਲਈ ਭਾਸ਼ਾਈ ਕਮਿਸ਼ਨ ਵੀ ਨਿਯੁਕਤ ਕੀਤਾ ਜਾਏਗਾ। ਸੋ ਸੰਗਤਾਂ ਆਗਿਆ ਦੇਣ, ਤਾਂ ਸੰਤ ਜੀ ਦਾ ਵਰਤ ਖੁਲ੍ਹਾਇਆ ਜਾਏ। ਅਕਾਲ ਤਖ਼ਤ ਸਾਹਿਬ ਉੱਤੇ ਖਲੋਤੇ ਕੁਝ ਸੱਜਣਾਂ ਨੇ ਪ੍ਰਵਾਨਗੀ ਦਾ ਜੈਕਾਰਾ ਛੱਡਿਆ ਤੇ ਸ. ਹੁਕਮ ਸਿੰਘ ਨੇ ਆਪਣੇ ਹੱਥੀਂ ਫਲਾਂ ਦਾ ਰਸ ਪਿਆ ਕੇ ਸੰਕਟ ਟਾਲ ਦਿੱਤਾ। ਸੰਤ ਅਕਾਲੀ ਦਲ ਦੇ ਜਨਰਲ ਸਕੱਤਰ ਸ. ਹਰਚਰਨ ਸਿੰਘ ਹੁਡਿਆਰਾ ਨੇ ਐਲਾਨ ਕਰ ਦਿੱਤਾ ਕਿ ਸੰਤ ਜੀ ਦਾ ਪ੍ਰਣ ਪੂਰਾ ਹੋ ਗਿਆ ਹੈ।

ਸੰਕਟ ਟਲ ਗਿਆ ਸੀ, ਪਰ ਪ੍ਰਾਪਤੀ ਕੋਈ ਨਹੀਂ ਹੋਈ ਸੀ। ਅਗਲੇ ਤਿੰਨਾਂ ਚਹੁੰ ਦਿਨਾਂ ਵਿਚ ਪੰਜਾਬ ਦੇ ਮੁਖ ਮੰਤਰੀ, ਹਰਿਆਣੇ ਦੇ ਮੁਖ ਮੰਤਰੀ ਅਤੇ ਗ੍ਰਿਹ ਮੰਤਰੀ ਸ੍ਰੀ ਚਵਾਨ ਨੇ ਵਖ ਵਖ ਬਿਆਨਾਂ ਵਿਚ ਸਪੱਸ਼ਟ ਕਹਿ ਦਿੱਤਾ ਕਿ ਸੰਤ ਜੀ ਨੂੰ ਕਿਸੇ ਕਿਸਮ ਦਾ ਕੋਈ ਆਸ਼ਵਾਸਨ ਨਹੀਂ ਦਿੱਤਾ ਗਿਆ। ਪੰਜਾਬ ਦੀਆਂ ਜਾਇਜ਼ ਤੇ ਨਿਆਂ-ਪੂਰਨ ਮੰਗਾਂ ਮੰਨਣ ਨਾਲ ਹਰਿਆਣਾ ਇੰਦਰਾ ਦੇ ਹੱਥੋਂ ਜਾਂਦਾ ਸੀ, ਇਸ ਲਈ ਉਹ ਇਹ ਮੰਗਾਂ ਮੰਨ ਕੇ ਆਪਣੇ ਪੈਰੀਂ ਆਪ ਕੁਹਾੜਾ ਕਿਉਂ ਮਾਰਦੇ ?

ਸੰਗਤਾਂ ਵਿਚ ਕਾਫ਼ੀ ਨਿਰਾਸਤਾ ਸੀ ਤੇ ਪੰਥ ਦਾ ਹਿੱਤ ਚਾਹੁਣ ਵਾਲੇ ਸਾਰੇ ਸੱਜਣ ਸਮਝਦੇ ਸਨ ਕਿ ਹੁਣ ਚੋਣਾਂ ਵਿਚ ਜਿੱਤ ਤਾਂ ਹੀ ਪ੍ਰਾਪਤ ਹੋ ਸਕਦੀ ਹੈ, ਜੇ ਦੋਹਾਂ ਦਲਾਂ ਵਿਚ ਸਮਝੌਤਾ ਹੋ ਜਾਏ। ਪਰ ਵਿਚੋਲਿਆਂ ਦੇ ਯਤਨਾਂ ਦੇ ਬਾਵਜੂਦ ਕੋਈ ਸਮਝੌਤਾ ਨਾ ਹੋ ਸਕਿਆ। ਇਸ ਦਾ ਨਤੀਜਾ ਇਹ ਹੋਇਆ ਕਿ ਅਸੈਂਬਲੀ ਦੀਆਂ 104 ਸੀਟਾਂ ਵਿਚੋਂ ਸੰਤ ਦਲ ਨੇ 24 ਤੇ ਮਾਸਟਰ ਦਲ ਦੇ ਕੇਵਲ ਦੋ ਉਮੀਦਵਾਰ ਸਫ਼ਲ ਹੋ ਸਕੇ। ਸਿੱਖਾਂ ਦੇ ਵੋਟ ਦੋ ਥਾਈਂ ਵੰਡੇ ਗਏ ਸਨ। ਜੇ ਚੋਣਾਂ ਮਿਲ ਕੇ ਲੜੀਆਂ ਜਾਂਦੀਆਂ ਤਾਂ ਘੱਟੋ ਘੱਟ ਚਾਲੀ ਸੀਟਾਂ ਜ਼ਰੂਰ ਮਿਲ ਜਾਂਦੀਆਂ, ਜਿੰਨੀਆਂ ਕਿ ਬਾਅਦ ਵਿਚ ਮਿਲੀਆਂ ਸਨ। ਕਾਂਗਰਸ ਨੇ 46 ਸੀਟਾਂ ਉੱਤੇ ਜਿੱਤ ਪ੍ਰਾਪਤ ਕੀਤੀ, ਪਰ ਉਹ ਸ. ਗਿਆਨ ਸਿੰਘ ਰਾੜੇਵਾਲਾ ਨੂੰ ਆਪਣਾ ਲੀਡਰ ਨਹੀਂ ਬਣਾਉਣਾ ਚਾਹੁੰਦੇ ਸਨ ਤੇ ਨਵਾਂ ਲੀਡਰ ਚੁਣਨ ਬਾਰੇ ਝਟ ਪਟ ਕੋਈ ਫ਼ੈਸਲਾ ਨਾ ਕਰ ਸਕੇ। ਇੱਧਰ ਅਕਾਲੀ ਅਸੈਂਬਲੀ ਪਾਰਟੀ ਦੇ ਲੀਡਰ ਜਸਟਿਸ ਗੁਰਨਾਮ ਸਿੰਘ ਨੇ ਸਾਰੀਆਂ ਵਿਰੋਧੀ ਪਾਰਟੀਆਂ—ਕਮਿਊਨਿਸਟਾਂ, ਜਨ-ਸੰਘੀਆਂ ਤੇ 9 ਆਜ਼ਾਦ ਮੈਂਬਰਾਂ ਨੂੰ ਆਪਣੇ ਨਾਲ ਮਿਲਾ ਕੇ ਸੰਯੁਕਤ ਵਿਧਾਇਕ ਪਾਰਟੀ ਬਣਾ ਲਈ। ਸਾਰੀਆਂ ਪਾਰਟੀਆਂ ਦੇ ਪ੍ਰਤਿਨਿਧਾਂ ਤੇ ਇਕ ਆਜ਼ਾਦ ਮੈਂਬਰ ਨੂੰ ਵਜ਼ਾਰਤ ਵਿਚ ਲੈ ਲਿਆ ਗਿਆ। 8 ਮਾਰਚ 1967 ਨੂੰ ਸ. ਗੁਰਨਾਮ ਸਿੰਘ ਨੇ ਮੁਖ ਮੰਤਰੀ ਵਜੋਂ ਸਹੁੰ ਚੁਕ ਲਈ।

ਪੰਜਾਬ ਵਿਚ ਇਹ ਪਹਿਲਾ ਗ਼ੈਰ-ਕਾਂਗਰਸੀ ਮੰਤਰੀ-ਮੰਡਲ ਸੀ। ਸ. ਗੁਰਨਾਮ ਸਿੰਘ ਇਸ ਤੋਂ ਪਹਿਲਾਂ ਹਾਈ ਕੋਰਟ ਦੇ ਜੱਜ ਰਹਿ ਚੁਕੇ ਸਨ ਤੇ ਉਨ੍ਹਾਂ ਨੂੰ ਪ੍ਰਬੰਧਕੀ ਤਜਰਬਾ ਵੀ ਸੀ। ਉਨ੍ਹਾਂ ਨੇ ਸਭ ਪਾਰਟੀਆਂ ਦੀ ਸੰਮਤੀ ਨਾਲ ਇਕ ਪ੍ਰੋਗਰਾਮ ਉਲੀਕਿਆ ਤੇ ਉਸ ਉੱਤੇ ਯੋਜਨਾ-ਬੱਧ ਢੰਗ ਨਾਲ ਅਮਲ ਸ਼ੁਰੂ ਕਰ ਦਿੱਤਾ। ਪਰ ਮੁਸ਼ਕਲ ਇਹ ਬਣੀ ਕਿ ਭਾਵੇਂ ਸ. ਲਛਮਣ ਸਿੰਘ ਗਿੱਲ ਨੂੰ ਵਜ਼ਾਰਤ ਵਿਚ ਲੈ ਲਿਆ ਗਿਆ ਸੀ, ਪਰ ਉਹ ਪਹਿਲੇ ਦਿਨ ਤੋਂ ਹੀ ਜੋੜ-ਤੋੜ ਕੇ ਮੁਖ ਮੰਤਰੀ ਬਣਨ ਦਾ ਜਤਨ ਕਰਨ ਲਗ ਪਏ ਸਨ। ਉਨ੍ਹਾਂ ਨੇ ਪਹਿਲਾਂ ਤਾਂ ਕਾਂਗਰਸ ਨਾਲ

ਸਾਜ਼-ਬਾਜ਼ ਕਰ ਕੇ ਉਸ ਦੀ ਹਮਾਇਤ ਪ੍ਰਾਪਤ ਕੀਤੀ ਤੇ ਫਿਰ ਅਕਾਲੀ ਵਿਧਾਇਕ ਪਾਰਟੀ ਦੇ 17 ਹੋਰ ਮੈਂਬਰਾਂ ਨੂੰ ਵਜ਼ਾਰਤ ਵਿਚ ਲੈਣ ਦਾ ਵਾਅਦਾ ਕਰ ਕੇ ਆਪਣੇ ਨਾਲ ਮਿਲਾ ਲਿਆ। ਗੁਰਨਾਮ ਸਿੰਘ ਦੀ ਵਜ਼ਾਰਤ ਘਟ-ਗਿਣਤੀ ਵਿਚ ਹੋ ਗਈ ਤੇ ਉਨ੍ਹਾਂ ਨੇ 11 ਨਵੰਬਰ ਨੂੰ ਅਸਤੀਫ਼ਾ ਦੇ ਦਿੱਤਾ। 25 ਨਵੰਬਰ 1967 ਨੂੰ ਸ. ਲਛਮਣ ਸਿੰਘ ਕਾਂਗਰਸ ਦੀ ਸਰਗਰਮ ਹਮਾਇਤ ਨਾਲ ਮੁਖ ਮੰਤਰੀ ਬਣ ਗਏ। ਇਹ ਗੱਲ ਵੀ ਵਰਣਨ ਯੋਗ ਹੈ ਕਿ ਸੰਤ ਅਕਾਲੀ ਦਲ ਦੇ ਦੋ ਹੋਰ ਵੱਡੇ ਥੰਮ੍ਹ—ਵਿਧਾਇਕ ਦਲ ਦੇ ਜਨਰਲ ਸਕੱਤਰ, ਸ. ਹਰਚਰਨ ਸਿੰਘ ਹੁਡਿਆਰਾ ਤੇ ਸ. ਹਜ਼ਾਰਾ ਸਿੰਘ ਗਿੱਲ ਸੰਤ ਦਲ ਤੋਂ ਪਹਿਲਾਂ ਹੀ ਵਖ ਹੋ ਚੁਕੇ ਸਨ। ਇਹ ਤਿੰਨੇ ਸੰਤ ਜੀ ਦੇ ਵੱਡੇ ਖੰਭ ਜਾਂ ਹਮਾਇਤੀ ਸਨ।

ਸਰਦਾਰ ਗਿੱਲ ਦੇ ਮੁਖ ਮੰਤਰੀ ਬਣਨ ਤੋਂ ਤਿੰਨ ਦਿਨ ਪਹਿਲਾਂ ਮਾਸਟਰ ਤਾਰਾ ਸਿੰਘ ਜੀ ਅਕਾਲ-ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਨਮਿਤ ਰੱਖੇ ਗਏ ਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੇ ਸਮੇਂ ਗਿੱਲ ਸਾਹਿਬ ਦੀਵਾਨ ਵਿਚ ਹਾਜ਼ਰ ਹੋਏ। ਉਨ੍ਹਾਂ ਨੇ ਹੱਥ ਜੋੜ ਕੇ ਸੰਗਤਾਂ ਪਾਸੋਂ ਮਾਫ਼ੀ ਮੰਗੀ ਤੇ ਮਾਸਟਰ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਖਿਆ, "ਮੈਨੂੰ ਅਫ਼ਸੋਸ ਹੈ ਕਿ ਮੈਂ ਇਕ ਢੋਂਗੀ, ਪਖੰਡੀ ਤੇ ਅਨਪੜ੍ਹ ਸਾਧ ਦੇ ਆਖੇ ਲਗ ਕੇ ਮਾਸਟਰ ਤਾਰਾ ਸਿੰਘ ਵਰਗੇ ਨਿਸ਼ਕਾਮ, ਨਿਰਮਾਣ ਤੇ ਕੁਰਬਾਨੀ ਦੇਣ ਵਾਲੇ ਆਗੂ ਦਾ ਸਾਥ ਛੱਡਿਆ। ਮੈਂ ਸੰਗਤਾਂ ਨੂੰ ਯਕੀਨ ਦਿਵਾਂਦਾ ਹਾਂ ਕਿ ਮੈਂ ਸੱਚੀ ਲਗਨ ਤੇ ਈਮਾਨਦਾਰੀ ਨਾਲ ਪੰਥ ਦੀ ਸੇਵਾ ਕਰਾਂਗਾ ਤੇ ਪੰਜਾਬੀ ਦੀ ਉੱਨਤੀ ਲਈ ਹਰ ਸੰਭਵ ਯਤਨ ਕਰਾਂਗਾ।" ਜਾਪਦਾ ਹੈ ਕਿ ਨੀਤੀਵਾਨਤਾ ਉਨ੍ਹਾਂ ਨੂੰ ਘੁੱਟੀ ਵਿਚ ਮਿਲੀ ਹੋਈ ਸੀ। ਇਹ ਠੀਕ ਹੈ ਕਿ ਸ਼ੁਰੂ ਵਿਚ ਉਨ੍ਹਾਂ ਨੇ ਦੋ ਪ੍ਰਸ਼ੰਸਾਯੋਗ ਕੰਮ ਕੀਤੇ : ਇਕ ਤਾਂ ਕਾਂਗਰਸ ਪਾਰਟੀ ਕੋਲੋਂ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਬਾਹਰ ਰਹਿ ਗਏ ਇਲਾਕੇ ਪੰਜਾਬ ਨੂੰ ਦੇਣ ਦਾ ਮਤਾ ਪਾਸ ਕਰਾ ਲਿਆ ਅਤੇ ਦੂਜਾ ਪੰਜਾਬੀ ਨੂੰ ਰਾਜ-ਭਾਸ਼ਾ ਬਣਾਣ ਦਾ ਐਲਾਨ ਕਰ ਦਿੱਤਾ, ਪਰ ਕਾਂਗਰਸੀਆਂ ਨੇ ਉਨ੍ਹਾਂ ਦਾ ਸਾਥ ਕੇਵਲ ਗੁਰਨਾਮ ਸਿੰਘ ਵਜ਼ਾਰਤ ਨੂੰ ਤੋੜਨ ਲਈ ਦਿੱਤਾ ਸੀ ਤੇ ਮੁਢ ਤੋਂ ਹੀ ਉਨ੍ਹਾਂ ਦਾ ਫ਼ੈਸਲਾ ਸੀ ਕਿ ਢੁਕਵਾਂ ਮੌਕਾ ਵੇਖ ਕੇ ਉਹ ਗਿੱਲ ਸਾਹਿਬ ਦਾ ਸਾਥ ਛਡ ਦੇਣਗੇ। ਸੋ ਨੌ ਮਹੀਨੇ ਦੇ ਅੰਦਰ ਹੀ ਉਨ੍ਹਾਂ ਨੇ ਸ. ਲਛਮਣ ਸਿੰਘ ਦੀ ਹਮਾਇਤ ਤੋਂ ਹੱਥ ਖਿਚ ਲਿਆ। 21 ਅਗਸਤ ਨੂੰ ਉਨ੍ਹਾਂ ਦੀ ਵਜ਼ਾਰਤ ਦਾ ਭੋਗ ਪੈ ਗਿਆ ਤੇ ਪੰਜਾਬ ਵਿਚ ਗਵਰਨਰੀ ਰਾਜ ਲਾਗੂ ਹੋ ਗਿਆ।

ਇਨ੍ਹਾਂ ਦਿਨਾਂ ਵਿਚ ਹੀ ਨੀਲੀ ਪਗੜੀ ਸੰਬੰਧੀ ਦੋ ਵੱਖ ਵੱਖ ਟਿੱਪਣੀਆਂ ਮੇਰੇ ਸੁਣਨ ਵਿਚ ਆਈਆਂ। 12 ਅਗਸਤ ਨੂੰ ਮੇਰੇ ਇਕ ਲੜਕੇ ਦੀ ਸ਼ਾਦੀ ਲੁਧਿਆਣੇ ਹੋਈ ਸੀ। ਤਿੰਨ ਚਾਰ ਦਿਨ ਬਾਅਦ ਮੇਰੀ ਨੂੰਹ ਦੀ ਛੋਟੀ ਭੈਣ ਤੇ ਉਸ ਦਾ ਭਰਾ ਸਾਨੂੰ ਮਿਲਣ ਚੰਡੀਗੜ੍ਹ ਆਏ। ਭਰਾ ਤਾਂ ਦੂਜੇ ਦਿਨ ਵਾਪਸ ਚਲਿਆ ਗਿਆ, ਪਰ ਉਸ ਦੀ ਛੋਟੀ ਭੈਣ ਨੂੰ ਮੈਂ ਇਹ ਆਖ ਕੇ ਰਖ ਲਿਆ ਕਿ ਮੈਂ ਪਰਸੋਂ ਲੁਧਿਆਣੇ ਆਉਣਾ ਹੈ; ਇਨ੍ਹਾਂ ਨੂੰ ਨਾਲ ਲਈ ਆਵਾਂਗਾ। ਤੀਜੇ ਦਿਨ ਅਸਾਂ ਬਸ ਰਾਹੀਂ ਲੁਧਿਆਣੇ ਜਾਣਾ ਸੀ। ਬੱਚੀ ਕੋਲ ਇਕ ਛੋਟਾ ਜਿਹਾ ਅਟੈਚੀ ਸੀ। ਅਸੀਂ ਦੋਵੇਂ ਬੱਸ ਦੀ ਪਿਛਲੀ ਸੀਟ ਤੇ ਬੈਠੇ ਤੇ ਅਟੈਚੀ ਸੀਟ ਦੇ ਹੇਠਾਂ ਵਾੜ ਦਿੱਤੀ। ਇਕ ਕੁਲੀ ਆਇਆ ਤੇ ਕਹਿਣ ਲੱਗਾ ਕਿ ਟਰੰਕ ਬੱਸ ਦੇ ਉੱਤੇ ਰਖਾਓ। ਮੈਂ ਆਖਿਆ ਕਿ ਇਹ ਅਟੈਚੀ ਪੂਰੇ ਦਾ ਪੂਰਾ ਸੀਟ ਦੇ ਥੱਲੇ ਹੈ ਤੇ ਕਿਸੇ ਨੂੰ ਦੁਖ ਨਹੀਂ ਦੇ ਰਿਹਾ, ਇਸ ਲਈ ਉੱਪਰ ਕਿਉਂ ਰਖਾਇਆ ਜਾਏ, ਪਰ ਕੁਲੀਆਂ ਨੂੰ ਤਾਂ ਆਪਣੇ ਪੰਜੀ-ਪੰਜਾਹ ਪੈਸਿਆਂ ਨਾਲ ਗ਼ਰਜ਼ ਹੁੰਦੀ ਹੈ; ਉਹ ਕੰਡਕਟਰ ਨੂੰ ਬੁਲਾ ਲਿਆਇਆ। ਉਸ ਨੇ ਆਉਂਦਿਆਂ ਹੀ ਜ਼ੋਰ ਦੇ ਕੇ ਆਖਿਆ ਕਿ ਟਰੰਕ ਜ਼ਰੂਰ ਉੱਪਰ ਜਾਏਗਾ। ਮੈਂ ਵੀ ਉਨੇ ਜ਼ੋਰ ਨਾਲ ਬੋਲਿਆ ਕਿ ਕਦਾਚਿਤ ਨਹੀਂ ਜਾਏਗਾ। ਇਸ ਉੱਤੇ ਕੰਡਕਟਰ

ਨੇ ਐਲਾਨ ਕਰ ਦਿੱਤਾ ਕਿ ਜਦ ਤਕ ਟਰੰਕ ਉੱਪਰ ਨਹੀਂ ਜਾਂਦਾ ਉਹ ਬੱਸ ਨਹੀਂ ਟੁਰਾਏਗਾ। ਅੜਿੱਕਾ ਪਿਆ ਵੇਖ ਕੇ ਅਗਲੀਆਂ ਸੀਟਾਂ ਤੋਂ ਇਕ ਸਰਦਾਰ ਸਾਹਿਬ ਉੱਠੇ ਤੇ ਉਨ੍ਹਾਂ ਨੇ ਇਸ਼ਾਰੇ ਨਾਲ ਕੰਡਕਟਰ ਨੂੰ ਆਪਣੇ ਕੋਲ ਬੁਲਾਇਆ। ਅੱਧਾ ਕੁ ਮਿੰਟ ਉਹਦੇ ਕੰਨ ਵਿਚ ਕੁਝ ਗੱਲਾਂ ਕੀਤੀਆਂ ਤੇ ਬੱਸ ਟੁਰ ਪਈ। ਮੈਂ ਪਛਾਣਿਆ ਉਹ ਸੱਜਣ ਸ. ਹਰਕਿਸ਼ਨ ਸਿੰਘ ਸਨ, ਜੋ ਸੁਤੰਤਰਤਾ ਤੋਂ ਪਹਿਲਾਂ ਸਾਡੇ ਖ਼ਾਲਸਾ ਹਾਈ ਸਕੂਲ ਗੁਜਰਾਂਵਾਲਾ ਵਿਚ ਮੁਲਾਜ਼ਮ ਸਨ। ਇਨ੍ਹਾਂ ਦੇ ਪਿਤਾ ਸ. ਗੁਰਦਿਆਲ ਸਿੰਘ ਤੇ ਮੈਂ ਕੁਝ ਚਿਰ ਇੱਕੋ ਸਕੂਲ ਵਿਚ ਅਧਿਆਪਕ ਰਹੇ ਸਾਂ। ਲੁਧਿਆਣੇ ਬੱਸ ਤੋਂ ਉਤਰਨ ਬਾਅਦ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਸਾਂ ਕੰਡਕਟਰ ਦੇ ਕੰਨ ਵਿਚ ਕੀ ਫੂਕ ਮਾਰੀ ਸੀ ਕਿ ਬੱਸ ਟੁਰ ਪਈ। ਉਹ ਕਹਿਣ ਲੱਗੇ, "ਮੈਂ ਤਾਂ ਸਿਰਫ਼ ਇਹ ਆਖਿਆ ਸੀ ਕਿ ਇਹ ਸੱਜਣ ਲੁਧਿਆਣੇ ਦੇ ਪ੍ਰਸਿਧ ਅਕਾਲੀ ਆਗੂ ਹਨ; ਤੈਨੂੰ ਆਪਣੀ ਨੌਕਰੀ ਚਾਹੀਦੀ ਹੈ ਕਿ ਨਹੀਂ ? ਸਪੱਸ਼ਟ ਹੈ ਕਿ ਗਾਂਧੀ ਟੋਪੀ ਵਾਂਗ ਨੀਲੀ ਪਗੜੀ ਵੀ ਹਕੂਮਤ ਦਾ ਚਿੰਨ੍ਹ ਬਣ ਗਈ ਸੀ। ਪਰ ਬਦਕਿਸਮਤੀ ਨਾਲ ਕੁਝ ਦਿਨਾਂ ਪਿਛੋਂ ਹੀ ਸਰਦਾਰ ਗਿੱਲ ਦੀ ਵਜ਼ਾਰਤ ਟੁੱਟ ਗਈ। ਕੋਈ 25-30 ਦਿਨ ਬਾਅਦ ਮੈਂ ਜਲੰਧਰ ਆਇਆ। ਅੱਗੋਂ ਮਾਡਲ ਟਾਊਨ ਜਾਣਾ ਸੀ। ਕਪੂਰਥਲੇ ਜਾਣ ਵਾਲੀ ਇਕ ਬੱਸ ਵਿਚ ਬਹਿ ਗਿਆ, ਪਈ ਰਾਹ ਵਿਚ ਉਤਰ ਜਾਵਾਂਗਾ। ਪਰ ਚਲਦੀ ਬੱਸ ਵਿਚ ਕੰਡਕਟਰ ਕੋਲੋਂ ਪਤਾ ਲੱਗਾ ਕਿ ਇਹ ਬੱਸ ਮਾਡਲ ਟਾਊਨ ਵੱਲੋਂ ਨਹੀਂ, ਸ਼ਹਿਰ ਵੱਲੋਂ ਹੋ ਕੇ ਜਾਏਗੀ। ਉਸ ਨੇ ਬੱਸ ਖਲ੍ਹਾਰ ਕੇ ਮੈਨੂੰ ਉਤਾਰ ਤਾਂ ਦਿੱਤਾ, ਪਰ ਕਿਸੇ ਦੇ ਪੁੱਛਣ ਤੇ ਮੈਨੂੰ ਸੁਣਾ ਕੇ ਆਖਿਆ, "ਇਨ੍ਹਾਂ ਨੀਲੀ ਪਗੜੀ ਵਾਲਿਆਂ ਵਿਚ ਅਕਲ ਹੁੰਦੀ, ਤਾਂ ਰਾਜ ਕਿਉਂ ਗੰਵਾ ਲੈਂਦੇ।" ਮੈਂ ਵੇਖ ਲਿਆ ਸੀ ਕਿ ਆਪਸੀ ਫੁੱਟ ਤੇ ਸੁਆਰਥ ਦੇ ਕਾਰਨ ਅਕਾਲੀਆਂ ਦੀ ਕਿੰਨੀ ਹੇਠੀ ਤੇ ਬਦਨਾਮੀ ਹੋ ਰਹੀ ਹੈ।

ਫ਼ਰਵਰੀ 1969 ਵਿਚ ਪੰਜਾਬ ਅਸੈਂਬਲੀ ਦੀਆਂ ਮਧਕਾਲੀ ਚੋਣਾਂ ਹੋਣੀਆਂ ਸਨ। ਐਤਕੀ ਸੰਤ ਦਲ ਨੇ ਕੁਝ ਸਿਆਣਪ ਤੋਂ ਕੰਮ ਲਿਆ। ਉਨ੍ਹਾਂ ਨੇ ਵੇਖ ਲਿਆ ਸੀ ਕਿ ਕਾਂਗਰਸ ਹਰੇਕ ਯੋਗ-ਅਯੋਗ ਢੰਗ ਨਾਲ ਸਿੱਖਾਂ ਨੂੰ ਸੱਤਾ ਤੋਂ ਵਾਂਝੇ ਰਖਣਾ ਚਾਹੁੰਦੀ ਹੈ, ਇਸ ਲਈ ਜਦ ਤਕ ਉਹ ਆਪਣੀਆਂ ਸਫ਼ਾਂ ਵਿਚ ਏਕਤਾ ਨਹੀਂ ਬਣਾ ਲੈਂਦੇ ਤੇ ਦੂਜੀਆਂ ਵਿਰੋਧੀ ਪਾਰਟੀਆਂ ਨਾਲ ਗੱਠ-ਜੋੜ ਨਹੀਂ ਕਰ ਲੈਂਦੇ, ਉਹ ਤਾਕਤ ਵਿਚ ਨਹੀਂ ਆ ਸਕਣਗੇ। ਸੋ ਮਾਸਟਰ ਅਕਾਲੀ ਦਲ ਨਾਲ ਸਮਝੌਤਾ ਕਰਨ ਦਾ ਵਿਚਾਰ ਜ਼ੋਰ ਫੜ ਗਿਆ। ਮਾਸਟਰ ਜੀ ਨੇ ਆਪਣੇ ਵੱਲੋਂ 'ਆਜ਼ਾਦ ਸਿੱਖ ਹੋਮਲੈਂਡ' ਦਾ ਨਾਹਰਾ ਦਿੱਤਾ ਹੋਇਆ ਸੀ। ਸੰਤ ਅਕਾਲੀ ਦਲ ਨੇ 28 ਸਤੰਬਰ 1968 ਨੂੰ ਬਟਾਲੇ ਵਿਚ ਇਕ ਕਾਨਫ਼ਰੰਸ ਕਰ ਕੇ ਮਤਾ ਪਾਸ ਕੀਤਾ ਕਿ "ਸ਼੍ਰੋਮਣੀ ਅਕਾਲੀ ਦਲ ਮਹਿਸੂਸ ਕਰਦਾ ਹੈ ਕਿ ਕੇਂਦਰੀ ਸਰਕਾਰ ਰਾਜਾਂ ਦੇ ਅੰਦਰਲੇ ਮਾਮਲਿਆਂ ਵਿਚ ਅਯੋਗ ਦਖ਼ਲ ਦੇਂਦੀ ਹੈ, ਵਜ਼ਾਰਤਾਂ ਦੇ ਕੰਮ ਵਿਚ ਅੜਿੱਕੇ ਪਾਂਦੀ ਹੈ ਤੇ ਕਿਸੇ ਨਾ ਕਿਸੇ ਬਹਾਨੇ ਉਨ੍ਹਾਂ ਨੂੰ ਤੋੜਨ ਦਾ ਜਤਨ ਕਰਦੀ ਹੈ। ਸੋ ਦਲ ਮੰਗ ਕਰਦਾ ਹੈ ਕਿ ਭਾਰਤ ਦਾ ਸੰਵਿਧਾਨ ਠੀਕ ਫ਼ੈਡਰਲ ਲੀਹਾਂ ਅਨੁਸਾਰ ਬਣਾਇਆ ਜਾਏ, ਰਾਜਾਂ ਨੂੰ ਵਧੇਰੇ ਅਧਿਕਾਰ ਤੇ ਖ਼ੁਦ-ਮੁਖ਼ਤਾਰੀ ਦਿੱਤੀ ਜਾਏ ਅਤੇ ਗਵਰਨਰ ਦੇ ਅਧਿਕਾਰ ਘਟਾ ਦਿੱਤੇ ਜਾਣ। ਅਕਾਲੀ ਦਲ ਹੋਰ ਪਾਰਟੀਆਂ ਨੂੰ ਜ਼ੋਰਦਾਰ ਅਪੀਲ ਕਰਦਾ ਹੈ ਕਿ ਉਹ ਵੀ ਇਹੋ ਜਿਹੀ ਮੰਗ ਕਰਨ।" ਇਸ ਮਤੇ ਨਾਲ ਦੋਹਾਂ ਦਲਾਂ ਦੇ ਵਿਚਕਾਰ ਸਿਧਾਂਤਕ ਮਤਭੇਦ ਬਹੁਤ ਹੱਦ ਤਕ ਖ਼ਤਮ ਹੋ ਗਿਆ। ਸੰਤ ਫ਼ਤਿਹ ਸਿੰਘ ਪ੍ਰਤੀਤ ਕਰਦੇ ਸਨ ਕਿ ਮਾਸਟਰ ਜੀ ਤੋਂ ਬਾਅਦ ਮਾਸਟਰ ਦਲ ਵਿਚ ਕੋਈ ਪ੍ਰਤਿਸ਼ਟਾ ਵਾਲੇ ਲੀਡਰ ਨਹੀਂ ਰਹਿ ਗਏ, ਇਸ ਲਈ ਉਹ ਉਨ੍ਹਾਂ ਦੀ ਸਰਦਾਰੀ ਦੇ ਰਾਹ ਵਿਚ ਖੜੇ ਨਹੀਂ ਹੋਣਗੇ, ਸੋ ਦੋਹਾਂ ਦਲਾਂ ਦੇ ਇਕ ਹੋਣ ਵਿਚ ਕੋਈ ਮੁਸ਼ਕਲ ਪੇਸ਼ ਨਾ ਆਈ। ਸੰਤਾਂ ਨੇ ਮਾਸਟਰ ਅਕਾਲੀ ਦਲ ਵਿੱਚੋਂ

ਸ. ਕਪੂਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਸ. ਆਤਮਾ ਸਿੰਘ ਨੂੰ ਸਕੱਤਰ ਅਤੇ ਦਲ ਦੇ ਪ੍ਰਧਾਨ ਗਿਆਨੀ ਭੁਪਿੰਦਰ ਸਿੰਘ ਨੂੰ ਚੋਣ-ਬੋਰਡ ਦਾ ਪ੍ਰਧਾਨ ਬਣਾ ਲਿਆ। ਪਹਿਲੇ ਸਾਂਝੇ ਮੋਰਚੇ ਵਿਚ ਜਨ-ਸੰਘ ਦੇ ਪ੍ਰਤਿਨਿਧ ਨੂੰ ਮੰਤਰੀ ਮੰਡਲ ਵਿਚ ਲੈ ਕੇ ਉਸ ਨੂੰ ਉਦਯੋਗ ਦਾ ਮਹੱਤਵਪੂਰਨ ਮਹਿਕਮਾ ਦਿੱਤਾ ਗਿਆ ਸੀ, ਇਸ ਲਈ ਉਹ ਸੰਤੁਸ਼ਟ ਸਨ। ਇਸ ਵਾਰੀ ਅਕਾਲੀ ਦਲ ਨੇ ਨਾ-ਕੇਵਲ ਜਨ-ਸੰਘ ਨਾਲ, ਸਗੋਂ ਕੁਝ ਹੋਰ ਪਾਰਟੀਆਂ ਨਾਲ ਵੀ ਚੋਣ-ਸਮਝੌਤੇ ਕਰ ਕੇ ਕੁਝ ਸੀਟਾਂ ਉਨ੍ਹਾਂ ਲਈ ਖ਼ਾਲੀ ਛੱਡ ਦਿੱਤੀਆਂ। ਪ੍ਰਸਪਰ ਮਦਦ ਦੇ ਸਮਝੌਤੇ ਵੀ ਹੋ ਗਏ। ਨਤੀਜੇ ਵਜੋਂ ਅਕਾਲੀ ਦਲ ਦੇ 43 ਉਮੀਦਵਾਰ ਸਫ਼ਲ ਹੋ ਗਏ ਅਤੇ ਉਨ੍ਹਾਂ ਦੀ ਮਦਦ ਨਾਲ ਦੋ ਆਜ਼ਾਦ ਉਮੀਦਵਾਰ ਵੀ ਚੁਣੇ ਗਏ। ਅਕਾਲੀ ਦਲ ਚਾਹੁੰਦਾ, ਤਾਂ ਇਕੱਲਾ ਹੀ ਵਜ਼ਾਰਤ ਬਣਾ ਸਕਦਾ ਸੀ, ਪਰ ਉਸ ਨੇ ਅਫ਼ਿਰਕੂ ਦ੍ਰਿਸ਼ਟੀਕੋਣ ਅਪਨਾ ਕੇ ਜਨ-ਸੰਘ ਨੂੰ ਨਾਲ ਲੈਣਾ ਜ਼ਰੂਰੀ ਸਮਝਿਆ। ਇਸ ਨਾਲ ਜਿੱਥੇ ਇਕ ਪਾਸੇ ਹਿੰਦੂ-ਸਿੱਖ ਏਕਤਾ ਦਾ ਰਾਹ ਖੁਲ੍ਹਾ, ਉੱਥੇ ਦੂਜੇ ਪਾਸੇ ਜਨ-ਸੰਘ ਸਮੇਤ ਪੰਜਾਬ ਦੀਆਂ ਸਭ ਪਾਰਟੀਆਂ ਨੇ ਅਕਾਲੀ ਦਲ ਵੱਲੋਂ ਕੀਤੀਆਂ ਜਾ ਰਹੀਆਂ ਸਭ ਮੰਗਾਂ (ਚੰਡੀਗੜ੍ਹ ਤੇ ਭਾਖੜਾ ਡੈਮ ਆਦਿ ਪੰਜਾਬ ਨੂੰ ਦੇਣ ਅਤੇ ਬਾਕੀ ਰਹਿੰਦੇ ਪੰਜਾਬੀ-ਭਾਸ਼ੀ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ) ਦੀ ਵੀ ਹਮਾਇਤ ਕਰ ਦਿੱਤੀ ਤੇ ਇਸ ਤਰ੍ਹਾਂ ਇਹ ਮੰਗਾਂ ਇਕੱਲੇ ਸਿੱਖਾਂ ਦੀਆਂ ਨਾ ਰਹਿ ਕੇ ਸਾਰੇ ਪੰਜਾਬੀਆਂ ਦੀਆਂ ਬਣ ਗਈਆਂ। ਜਸਟਿਸ ਗੁਰਨਾਮ ਸਿੰਘ ਦੂਜੀ ਵਾਰ ਅਕਾਲੀ ਪਾਰਟੀ ਦੇ ਲੀਡਰ ਚੁਣੇ ਗਏ ਤੇ 17 ਫ਼ਰਵਰੀ 1969 ਨੂੰ ਉਹ ਮੁਖ ਮੰਤਰੀ ਬਣ ਗਏ।

ਅਸੀਂ ਵੇਖ ਚੁਕੇ ਹਾਂ ਕਿ ਦਸੰਬਰ 1966 ਵਿਚ ਸ. ਹੁਕਮ ਸਿੰਘ ਨੇ ਆਪਣੇ ਵੱਲੋਂ ਜਾਂ ਇੰਦਰਾ ਗਾਂਧੀ ਵੱਲੋਂ ਇਹ ਆਸ਼ਵਾਸਨ ਦੇ ਕੇ ਸੰਤ ਜੀ ਦਾ ਆਤਮ-ਦਾਹ ਦਾ ਪ੍ਰਣ ਤੁੜਾਇਆ ਸੀ ਕਿ ਪ੍ਰਧਾਨ ਮੰਤਰੀ ਆਪਣੀ ਸਾਲਸੀ ਨਾਲ ਚੰਡੀਗੜ੍ਹ ਪੰਜਾਬ ਨੂੰ ਦੇ ਦੇਣਗੇ ਅਤੇ ਬਾਕੀ ਮਾਮਲਿਆਂ ਦਾ ਵੀ ਤਸੱਲੀਬਖ਼ਸ਼ ਫ਼ੈਸਲਾ ਕਰ ਦੇਣਗੇ, ਪਰ ਪਿਛਲੇ ਦੋ ਸਾਲਾਂ ਵਿਚ ਇਸ ਸੰਬੰਧੀ ਕੋਈ ਕਦਮ ਨਹੀਂ ਚੁਕਿਆ ਗਿਆ ਸੀ ਤੇ ਨਾ ਪ੍ਰਧਾਨ ਮੰਤਰੀ ਨਾਲ ਕੀਤੀਆਂ ਗਈਆਂ ਕਈ ਮੁਲਾਕਾਤਾਂ ਦਾ ਕੋਈ ਸਿੱਟਾ ਨਿਕਲਿਆ ਸੀ। ਅਕਾਲੀ ਦਲ ਦੀ ਆਪਣੀ ਵਜ਼ਾਰਤ ਦੇ ਸਮੇਂ ਇਸ ਬਾਰੇ ਕੋਈ ਸੰਘਰਸ਼ ਕਰਨਾ ਸੰਭਵ ਹੀ ਨਹੀਂ ਸੀ, ਕਿਉਂਕਿ ਅੰਦੋਲਨ ਵਜ਼ਾਰਤ ਛੱਡ ਕੇ ਹੀ ਹੋ ਸਕਦਾ ਸੀ ਅਤੇ ਸੰਘਰਸ਼ ਨਾਲੋਂ ਸੱਤਾ ਵਿਚ ਬਣੇ ਰਹਿਣਾ ਵਧੇਰੇ ਲਾਭਵੰਦਾ ਸੀ। ਪਰ ਚੰਡੀਗੜ੍ਹ ਦਾ ਮਾਮਲਾ ਸਭ ਪੰਜਾਬੀਆਂ ਦੇ ਵਕਾਰ ਦਾ ਸੁਆਲ ਬਣ ਗਿਆ ਸੀ ਤੇ ਹੋਰ ਕਿਸੇ ਨੂੰ ਸੰਘਰਸ਼ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ ਸੀ। ਇਨ੍ਹਾਂ ਵਿਚ ਇਕ ਸੱਜਣ ਸਨ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ। ਉਹ ਨਾ-ਕੇਵਲ ਇਸ ਅਨਿਆਂ ਨੂੰ ਬੁਰੀ ਤਰ੍ਹਾਂ ਮਹਿਸੂਸ ਕਰ ਰਹੇ ਸਨ, ਸਗੋਂ ਇਸ ਗੱਲੋਂ ਵੀ ਦੁਖੀ ਸਨ ਕਿ ਅਕਾਲੀ ਆਗੂ ਵਾਰ ਵਾਰ ਇਹ ਅਨਿਆਂ ਦੂਰ ਕਰਨ ਦਾ ਪ੍ਰਣ ਲੈ ਕੇ ਤੋੜ ਦੇਂਦੇ ਸਨ। ਜਥੇਦਾਰ ਜੀ ਨੇ ਆਪਣਾ ਲੋਕ-ਜੀਵਨ ਅਕਾਲੀ ਲਹਿਰ ਵਿਚ ਸ਼ਾਮਲ ਹੋ ਕੇ ਸ਼ੁਰੂ ਕੀਤਾ ਸੀ ਤੇ ਫਿਰ ਸੁਤੰਤਰਤਾ-ਸੰਗਰਾਮ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਤੇ ਜੇਲ੍ਹਾਂ ਕੱਟੀਆਂ ਸਨ। ਉਹ ਕਈ ਸਾਲ ਰਾਜ ਸਭਾ ਦੇ ਮੈਂਬਰ ਵੀ ਰਹੇ ਸਨ। ਉਨ੍ਹਾਂ ਨੇ ਪੰਜਾਬ ਦੀ ਜਾਇਜ਼ ਤੇ ਵਿਧਾਨਿਕ ਮੰਗ ਮੰਨਵਾਣ ਲਈ 15 ਅਗਸਤ 1969 ਤੋਂ ਮਰਨ-ਵਰਤ ਰੱਖਣ ਦਾ ਐਲਾਨ ਕਰ ਦਿੱਤਾ ਤੇ ਆਪਣੇ ਲਿਖਤੀ ਬਿਆਨ ਵਿਚ ਇਸ ਗੱਲ ਤੇ ਅਫ਼ਸੋਸ ਪ੍ਰਗਟ ਕੀਤਾ ਕਿ ਜਿਨ੍ਹਾਂ ਨੇ ਪਵਿੱਤਰ ਅਕਾਲ ਤਖ਼ਤ ਸਾਹਿਬ ਅੱਗੇ ਅਰਦਾਸ ਕਰ ਕੇ ਸੜ ਮਰਨ ਦਾ ਐਲਾਨ ਕੀਤਾ ਸੀ, ਉਹ ਧਰਮ ਕੌਮ ਅਤੇ ਪੰਜਾਬ ਸਰਕਾਰ ਉੱਤੇ ਆਪਣਾ ਜੱਫਾ ਮਜ਼ਬੂਤ ਕਰ ਕੇ ਕਪਟ ਅਤੇ ਕਾਇਰਤਾ ਵਧਾ ਰਹੇ ਹਨ। ਨਾਲ ਹੀ ਇਹ ਵੀ ਆਖਿਆ ਕਿ ਹੁਣ ਜ਼ਰੂਰੀ ਹੋ

ਗਿਆ ਹੈ ਕਿ ਗੁਰੂ ਦੇ ਕੁਝ ਸਿੰਘ ਆਪਣੇ ਆਪ ਨੂੰ ਸ਼ਹੀਦੀ ਲਈ ਪੇਸ਼ ਕਰਨ, ਤਾਂ ਜੁ ਇਸ ਕਲੰਕ ਨੂੰ ਧੋਇਆ ਜਾ ਸਕੇ ਅਤੇ ਆਜ਼ਾਦ ਭਾਰਤ ਵਿਚ ਆਜ਼ਾਦ ਪੰਥ ਨੂੰ ਅਰਥਾਤ ਸਿਖ ਹੋਮਲੈਂਡ ਦੀ ਸਥਾਪਤੀ ਵੱਲ ਅਗਲਾ ਕਦਮ ਚੁਕਿਆ ਜਾ ਸਕੇ।

15 ਅਗਸਤ ਤੋਂ ਤਿੰਨ ਦਿਨ ਪਹਿਲਾਂ ਸਰਦਾਰ ਫੇਰੂਮਾਨ ਨੂੰ ਸਕਿਉਰਿਟੀ ਐਕਟ ਦੇ ਅਧੀਨ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿਤਾ ਗਿਆ। ਪਰ ਉਨ੍ਹਾਂ ਨੇ ਆਪਣੇ ਪ੍ਰਣ ਅਨੁਸਾਰ 15 ਅਗਸਤ ਨੂੰ ਜੇਲ੍ਹ ਵਿਚ ਹੀ ਅਰਦਾਸਾ ਸੋਧ ਕੇ ਮਰਨ-ਵਰਤ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਸੰਤ ਫ਼ਤਿਹ ਸਿੰਘ, ਸ. ਗੁਰਨਾਮ ਸਿੰਘ, ਗਿਆਨੀ ਭੂਪਿੰਦਰ ਸਿੰਘ, ਸਰਬ-ਪਾਰਟੀ ਐਕਸ਼ਨ ਕਮੇਟੀ ਤੇ ਕਈ ਕਾਂਗਰਸੀਆਂ ਨੇ ਪੱਤਰ ਲਿਖ ਕੇ ਮੁਲਾਕਾਤਾਂ ਕਰ ਕੇ ਜਾਂ ਮਤੇ ਪਾਸ ਕਰ ਕੇ ਸਰਦਾਰ ਫੇਰੂਮਾਨ ਨੂੰ ਵਰਤ ਛੱਡਣ ਦੀ ਅਪੀਲ ਕੀਤੀ, ਪਰ ਉਨ੍ਹਾਂ ਦਾ ਇੱਕੋ ਹੀ ਉੱਤਰ ਸੀ ਕਿ ਹੁਣ ਵਰਤ ਤਾਂ ਹੀ ਤਿਆਗਿਆ ਜਾ ਸਕਦਾ ਹੈ, ਜੇ ਸਰਕਾਰ ਵੱਲੋਂ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਸਪੱਸ਼ਟ ਐਲਾਨ ਹੋ ਜਾਏ। ਆਖ਼ਰ 30 ਅਗਸਤ ਨੂੰ ਇੰਦਰਾ ਗਾਂਧੀ ਨੇ ਉਨ੍ਹਾਂ ਨੂੰ ਇਕ ਚਿੱਠੀ ਲਿਖ ਕੇ ਵਰਤ ਛੱਡਣ ਦੀ ਅਪੀਲ ਕੀਤੀ, ਜਿਸ ਵਿਚ ਲਿਖਿਆ ਕਿ "ਇਹ ਮਾਮਲਾ ਮੇਰੇ ਵਿਚਾਰ-ਅਧੀਨ ਹੈ ਤੇ ਛੇਤੀ ਹੀ ਇਸ ਦਾ ਤਸੱਲੀਬਖ਼ਸ਼ ਹੱਲ ਹੋ ਜਾਏਗਾ, ਪਰ ਤੁਸੀਂ ਮਰਨ-ਵਰਤ ਤਿਆਗ ਦਿਓ, ਤਾਂ ਜੁ ਇਸ ਪ੍ਰਸ਼ਨ ਨੂੰ ਅਮਨ ਵਾਲੇ ਵਾਤਾਵਰਨ ਵਿਚ ਨਜਿੱਠਿਆ ਜਾ ਸਕੇ।" ਵੱਡਿਆਂ ਤੇ ਸੱਤਾ ਦੇ ਮਾਲਕ ਨੀਤੀਬਾਜ਼ਾਂ ਦੀ ਇਹ ਗੱਲ ਕਿੰਨੀ ਹਾਸੋਹੀਣੀ ਹੈ ਕਿ ਜਦ ਤਿੰਨ ਸਾਲ ਲਗਾਤਾਰ ਕਿਸੇ ਕਿਸਮ ਦਾ ਕੋਈ ਅੰਦੋਲਨ ਨਹੀਂ ਹੁੰਦਾ, ਤਾਂ ਉਹ ਸਮੱਸਿਆ ਸੁਲਝਾਣ ਲਈ ਕੋਈ ਕਦਮ ਨਹੀਂ ਚੁਕਦੇ ਅਤੇ ਜਦ ਅੱਕ ਕੇ ਕੋਈ ਸ਼ਾਂਤਮਈ ਕਦਮ ਚੁੱਕਿਆ ਜਾਂਦਾ ਹੈ ਤਾਂ ਕਹਿ ਦੇਂਦੇ ਹਨ ਕਿ ਅੰਦੋਲਨ ਦੇ ਦਬਾਅ ਹੇਠ ਕੋਈ ਫ਼ੈਸਲਾ ਨਹੀਂ ਹੋ ਸਕਦਾ। ਜਾਪਦਾ ਹੈ ਕਿ ਅਤਿ-ਅਵੱਸ਼ਕ ਤੇ ਮਹੱਤਵਪੂਰਨ ਮਾਮਲਿਆਂ ਦਾ ਫ਼ੈਸਲਾ ਕਰਨ ਲਈ ਸੁਆਰਥੀ ਨੀਤੀਬਾਜ਼ਾਂ ਨੂੰ ਸਾਲ ਨਹੀਂ, ਸਦੀਆਂ ਚਾਹੀਦੀਆਂ ਹਨ। ਪੰਜਾਬ ਦੇ ਮਾਮਲੇ ਵਿਚ ਤਾਂ ਪਿਛਲੇ ਬਹੁਤ ਸਾਰੇ ਸਮੇਂ ਤੋਂ ਇਹੀ ਕੁਝ ਹੋ ਰਿਹਾ ਹੈ।

27 ਅਗਸਤ ਨੂੰ ਫੇਰੂਮਾਨ ਜੀ ਨੂੰ ਜੇਲ੍ਹ ਤੋਂ ਸਿਵਲ ਹਸਪਤਾਲ ਵਿਚ ਲੈ ਆਂਦਾ ਗਿਆ ਜਿੱਥੇ ਉਹ ਮਾਹਿਰ ਤੇ ਹਮਦਰਦ ਡਾਕਟਰਾਂ ਦੀ ਨਿਗਰਾਨੀ ਵਿਚ ਸਨ। ਪਰ ਇਕ ਤਾਂ ਉਨ੍ਹਾਂ ਨੇ ਕੋਈ ਦਵਾਈ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਦੂਜੇ ਡਾਕਟਰਾਂ ਨੂੰ ਆਖ ਦਿੱਤਾ ਕਿ ਉਨ੍ਹਾਂ ਨੂੰ ਜਬਰੀ ਖ਼ੁਰਾਕ ਦੇਣ ਦਾ ਯਤਨ ਨਾ ਕੀਤਾ ਜਾਏ। ਉਹ ਦਿਨੋ ਦਿਨ ਕਮਜ਼ੋਰ ਹੁੰਦੇ ਜਾ ਰਹੇ ਸਨ, ਪਰ ਆਪਣੇ ਅੰਤ ਤਕ ਪ੍ਰਸੰਨ-ਚਿਤ ਰਹੇ ਤੇ ਆਪਣਾ ਬਹੁਤਾ ਸਮਾਂ ਗੁਰਬਾਣੀ ਦਾ ਪਾਠ ਸੁਣਨ ਵਿਚ ਹੀ ਗੁਜ਼ਾਰਦੇ ਰਹੇ। ਅੰਤਮ ਸੁਆਸ ਦੇਣ ਤੋਂ ਤਿੰਨ ਚਾਰ ਦਿਨ ਪਹਿਲਾਂ ਉਹ ਬੇਹੋਸ਼ ਹੋ ਗਏ ਅਤੇ ਅੰਤ 74 ਦਿਨਾਂ ਦੀ ਕਠਨ ਤਪੱਸਿਆ ਤੋਂ ਬਾਅਦ ਉਹਨਾਂ ਸ਼ਹੀਦੀ ਜਾਮ ਪੀ ਲਿਆ। ਉਨ੍ਹਾਂ ਦਾ ਅੰਤਮ-ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਫੇਰੂਮਾਨ ਵਿਚ ਪੂਰੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ, ਜਿੱਥੇ ਲੱਖਾਂ ਲੋਕ ਉਨ੍ਹਾਂ ਦੇ ਅੰਤਮ ਦਰਸ਼ਨਾਂ ਲਈ ਪੁੱਜੇ ਹੋਏ ਸਨ। ਰਾਜ ਸਭਾ, ਪੰਜਾਬ ਵਿਧਾਨ ਸਭਾ, ਪੰਜਾਬ ਕੌਂਸਲ, ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦੇਸ ਦੀਆਂ ਸਭ ਰਾਜਨੀਤਿਕ ਪਾਰਟੀਆਂ ਵੱਲੋਂ ਸ਼ਹੀਦ ਨੂੰ ਭਰਪੂਰ ਸ਼ਰਧਾਂਜਲੀ ਭੇਟ ਕੀਤੀ ਗਈ।

ਸਰਦਾਰ ਫੇਰੂਮਾਨ ਦੀ ਸ਼ਹੀਦੀ ਨੇ ਸਾਰੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਨੌਜਵਾਨ ਅਕਾਲੀ ਸਿੰਘ ਕਾਫ਼ੀ ਉਤੇਜਿਤ ਸਨ ਤੇ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਸੰਤ ਫ਼ਤਿਹ ਸਿੰਘ ਤੇ ਜਸਟਿਸ ਗੁਰਨਾਮ ਸਿੰਘ ਦੇ ਵਿਰੁੱਧ ਤਕੜਾ ਮੁਜ਼ਾਹਰਾ ਕੀਤਾ। ਹੁਣ ਸੰਤ ਫ਼ਤਿਹ ਸਿੰਘ ਲਈ

ਕੋਈ ਕਾਰਵਾਈ ਕਰਨੀ ਜ਼ਰੂਰੀ ਹੋ ਗਈ ਸੀ। ਜਥੇਦਾਰ ਫੇਰੂਮਾਨ ਦੀ ਸ਼ਹੀਦੀ ਤੋਂ ਪਹਿਲਾਂ ਹੀ ਮੁਖ ਮੰਤਰੀ ਜਸਟਿਸ ਗੁਰਨਾਮ ਸਿੰਘ ਨੇ 23 ਸਤੰਬਰ 1969 ਨੂੰ ਅਕਾਲੀ ਦਲ, ਜਨ-ਸੰਘ, ਕਮਿਊਨਿਸਟ ਪਾਰਟੀ ਤੇ ਰੀਪਬਲਿਕ ਪਾਰਟੀ ਆਦਿ ਸੱਤ ਪਾਰਟੀਆਂ ਦੇ ਪ੍ਰਤਿਨਿਧਾਂ ਦੀ ਇਕ ਸਰਬ-ਪਾਰਟੀ ਐਕਸ਼ਨ ਕਮੇਟੀ ਬਣਾ ਦਿੱਤੀ ਸੀ। ਸੰਤ ਜੀ ਨੇ ਇਸ ਕਮੇਟੀ ਪਾਸੋਂ ਮਰਨ-ਵਰਤ ਰੱਖਣ ਦੀ ਆਗਿਆ ਮੰਗੀ, ਤਾਂ ਕਮੇਟੀ ਨੇ ਆਖਿਆ ਕਿ ਪਹਿਲਾਂ ਅਸੀਂ ਚੰਡੀਗੜ੍ਹ ਦੀ ਪ੍ਰਾਪਤੀ ਲਈ ਇਕ ਰੈਲੀ ਕਰਾਂਗੇ ਤੇ ਜੇ ਕੋਈ ਨਤੀਜਾ ਨਾ ਨਿਕਲਿਆ, ਤਾਂ ਤੁਹਾਨੂੰ ਆਗਿਆ ਦੇ ਦਿੱਤੀ ਜਾਏਗੀ। ਸੋ 17 ਅਕਤੂਬਰ 1969 ਨੂੰ ਚੰਡੀਗੜ੍ਹ ਲਈ ਪੰਜਾਬੀਆਂ ਦਾ ਦ੍ਰਿੜ੍ਹ ਨਿਸਚਾ ਪ੍ਰਗਟ ਕਰਨ ਲਈ ਇਕ ਵਿਸ਼ਾਲ ਰੈਲੀ ਕੀਤੀ ਗਈ, ਜਿਸ ਵਿਚ ਲਗ ਪਗ ਚਾਰ ਲੱਖ ਪੁਰਸ਼ ਅਤੇ ਇਸਤ੍ਰੀਆਂ ਮੁਹਾਲੀ ਵਿਚ ਇਕੱਠੇ ਹੋਏ, ਉੱਨੇ ਹੀ ਜਿੰਨੇ 1956 ਵਿਚ ਅੰਮ੍ਰਿਤਸਰ ਦੀ ਅਕਾਲੀ ਕਾਨਫ਼ਰੰਸ ਵਿਚ ਪੁੱਜੇ ਸਨ। ਫ਼ਰਕ ਇਹ ਸੀ ਕਿ ਉਸ ਵੇਲੇ ਦੇ ਜਲੂਸ ਵਿਚ ਕੇਵਲ ਸਿਖ ਸ਼ਾਮਲ ਹੋਏ ਸਨ, ਪਰ ਇਸ ਵਾਰੀ ਇਸ ਜਲੂਸ ਵਿਚ ਸਾਰੀਆਂ ਪਾਰਟੀਆਂ ਦੇ ਮੈਂਬਰ ਸ਼ਾਮਲ ਸਨ ਤੇ ਇਸ ਦੀ ਅਗਵਾਈ ਸਭ ਪਾਰਟੀਆਂ ਦੇ ਆਗੂ ਆਪੋ ਆਪਣੇ ਝੰਡਿਆਂ ਨਾਲ ਜੀਪਾਂ ਵਿਚ ਬਹਿ ਕੇ ਕਰ ਰਹੇ ਸਨ। ਚੰਡੀਗੜ੍ਹ ਪਹੁੰਚ ਕੇ ਐਕਸ਼ਨ ਕਮੇਟੀ ਨੇ ਆਪਣੀਆਂ ਮੰਗਾਂ ਦਾ ਮੈਮੋਰੈਂਡਮ ਚੰਡੀਗੜ੍ਹ ਦੇ ਚੀਫ਼ ਕਮਿਸ਼ਨਰ ਨੂੰ ਪੇਸ਼ ਕਰ ਦਿੱਤਾ।

ਜਦ ਇਸ ਵਿਖਾਵੇ ਨਾਲ ਵੀ ਸਰਕਾਰ ਹਰਕਤ ਵਿਚ ਨਾ ਆਈ, ਤਾਂ ਐਕਸ਼ਨ ਕਮੇਟੀ ਦੀ ਸੰਮਤੀ ਨਾਲ ਸੰਤ ਜੀ ਨੇ ਐਲਾਨ ਕਰ ਦਿੱਤਾ ਕਿ ਉਹ 27 ਜਨਵਰੀ 1970 ਨੂੰ ਅਕਾਲ ਤਖ਼ਤ ਸਾਹਿਬ ਉੱਤੇ ਮਰਨ-ਵਰਤ ਸ਼ੁਰੂ ਕਰਨਗੇ ਅਤੇ ਜੇ 31 ਜਨਵਰੀ ਤਕ ਸਰਕਾਰ ਨੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਨਾ ਕੀਤਾ, ਤਾਂ ਪਹਿਲੀ ਫ਼ਰਵਰੀ ਨੂੰ ਆਤਮ-ਦਾਹ ਕਰ ਲੈਣਗੇ। ਜਾਪਦਾ ਹੈ ਕਿ ਕੁਝ ਸਮੇਂ ਤੋਂ ਪ੍ਰਧਾਨ ਮੰਤਰੀ ਪੰਜਾਬ ਤੇ ਹਰਿਆਣੇ ਦੇ ਮੁਖ ਮੰਤਰੀਆਂ ਨਾਲ ਵਿਚਾਰ ਕਰ ਕੇ ਕਿਸੇ ਅੰਤਮ ਸਿੱਟੇ ਤੇ ਪੁੱਜ ਗਏ ਸਨ। 29 ਜਨਵਰੀ ਨੂੰ ਸਰਕਾਰ ਨੇ ਇਕ ਵਿਸਥਾਰ-ਪੂਰਬਕ ਐਲਾਨ ਕਰ ਕੇ ਆਪਣੇ ਵੱਲੋਂ ਸਭ ਗੱਲਾਂ ਦਾ ਫ਼ੈਸਲਾ ਕਰ ਦਿੱਤਾ, ਭਾਵੇਂ ਪਰ-ਪਰੰਤੂ ਤੇ ਚੂੰਕਿ-ਚੁਨਾਚਿ ਦੀ ਸ਼ਬਦਾਵਲੀ ਹੇਠ ਕਿਸੇ ਵੀ ਗੱਲ ਦਾ ਨਿਰਣਾ ਨਹੀਂ ਹੋਇਆ ਸੀ। ਚੰਡੀਗੜ੍ਹ ਬਾਰੇ ਸਪੱਸ਼ਟ ਐਲਾਨ ਸੀ ਕਿ ਇਹ ਪੂਰੇ ਦਾ ਪੂਰਾ ਪੰਜਾਬ ਨੂੰ ਦਿੱਤਾ ਜਾਏਗਾ, ਪਰ ਇਸ ਦੇ ਬਦਲੇ ਫ਼ੀਰੋਜ਼ਪੁਰ ਦੇ ਜ਼ਿਲ੍ਹੇ ਵਿੱਚੋਂ ਅਬੋਹਰ ਤੇ ਫ਼ਾਜ਼ਲਕਾ ਤਹਿਸੀਲ ਦੇ 114 ਪਿੰਡ ਹਰਿਆਣੇ ਨੂੰ ਦਿੱਤੇ ਜਾਣਗੇ ਅਤੇ ਕਿਉਂਜੁ ਇਹ ਇਲਾਕੇ ਹਰਿਆਣੇ ਦੇ ਨਾਲ ਲਗਵੇਂ ਨਹੀਂ ਹਨ, ਇਸ ਲਈ ਕੰਦੂਖੇੜਾ ਦੇ ਪੰਜਾਬੀ-ਭਾਸ਼ੀ ਪਿੰਡ ਵਿੱਚੋਂ ਕੁਝ ਮੀਲ ਲੰਮਾ ਤੇ ਇਕ ਫ਼ਰਲਾਂਗ ਚੌੜਾ-ਲਾਂਘਾ ਵੀ ਹਰਿਆਣੇ ਨੂੰ ਦਿੱਤਾ ਜਾਏਗਾ, ਤਾਂ ਜੁ ਇਹ ਇਲਾਕਾ ਹਰਿਆਣੇ ਨਾਲ ਜੁੜ ਜਾਏ। ਇਹ ਤਬਦੀਲੀ ਪੰਜ ਵਰ੍ਹੇ ਵਿਚ ਹੋਣੀ ਸੀ ਤੇ ਓਦੋਂ ਤਕ ਹਰਿਆਣੇ ਦੀ ਰਾਜਧਾਨੀ ਚੰਡੀਗੜ੍ਹ ਹੀ ਰਹਿਣੀ ਸੀ। ਭਾਖੜਾ-ਨੰਗਲ ਡੈਮ ਤੇ ਬਿਆਸ ਪ੍ਰਾਜੈਕਟ ਦੇ ਪ੍ਰਬੰਧ ਬਾਰੇ ਫ਼ੈਸਲਾ ਇਹ ਸੁਣਾਇਆ ਗਿਆ ਕਿ ਸਾਰੀਆਂ ਸੰਬੰਧਤ ਧਿਰਾਂ—ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨਾਲ ਮਸ਼ਵਰਾ ਕਰ ਕੇ ਦੁਬਾਰਾ ਵਿਚਾਰ ਕੀਤੀ ਜਾਏਗੀ। ਪੰਜਾਬੋਂ ਬਾਹਰ ਰਹਿ ਗਏ ਪੰਜਾਬੀ-ਭਾਸ਼ੀ ਇਲਾਕਿਆਂ ਦਾ ਫ਼ੈਸਲਾ ਕਰਨ ਲਈ ਇਹ ਨਿਰਣਾ ਸੀ ਕਿ ਸਾਰੀਆਂ ਧਿਰਾਂ ਦੀ ਸੰਮਤੀ ਨਾਲ ਇਕ ਕਮਿਸ਼ਨ ਨਿਯਤ ਕੀਤਾ ਜਾਏਗਾ।

ਪਾਠਕ ਵੇਖ ਸਕਦੇ ਹਨ ਕਿ ਇਨ੍ਹਾਂ ਸਾਰੇ ਫ਼ੈਸਲਿਆਂ ਵਿੱਚੋਂ ਇਕ ਵਿਚ ਵੀ ਜਾਨ ਨਹੀਂ ਸੀ। ਅਬੋਹਰ ਫ਼ਾਜ਼ਿਲਕਾ ਦੇ ਜਿਹੜੇ 114 ਪਿੰਡ ਚੰਡੀਗੜ੍ਹ ਦੇ ਬਦਲੇ ਹਰਿਆਣੇ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ ਸੀ, ਉਹ ਸੱਚਰ ਫ਼ਾਰਮੂਲੇ ਤੇ ਰਿਜਨਲ ਫ਼ਾਰਮੂਲੇ ਅਨੁਸਾਰ ਪੰਜਾਬੀ-ਭਾਸ਼ੀ

ਮੰਨੇ ਗਏ ਸਨ, ਇਸ ਲਈ ਇਹ ਹਰਿਆਣੇ ਨੂੰ ਦੇਣੇ ਘੋਰ ਅਨਿਆਂ ਸੀ। ਫਿਰ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਇਹ ਗੱਲ ਹੋਈ ਸੀ ਕਿ ਕਿਸੇ ਵੱਖ ਹੋਏ ਰਾਜ ਨੂੰ ਰਾਜਧਾਨੀ ਵਿੱਚੋਂ ਕੱਢਣ ਲਗਿਆਂ ਕੋਈ ਇਵਜ਼ਾਨਾ ਦਿੱਤਾ ਗਿਆ ਹੋਵੇ, ਨਾ ਗੁਜਰਾਤ ਨੂੰ ਬੰਬਈ ਛੱਡਣ ਉੱਤੇ, ਨਾ ਕਰਨਾਟਕ ਨੂੰ ਤਾਮਿਲਨਾਡੂ ਵਿੱਚੋਂ ਨਿਕਲਣ ਉੱਤੇ ਕੁਝ ਮਿਲਿਆ ਸੀ। ਫਿਰ ਹਰਿਆਣੇ ਨੂੰ ਨਿਰੋਲ ਪੰਜਾਬੀ ਪਿੰਡ ਵਿਚੋਂ ਲਾਂਘਾ ਦੇਣ ਦੀ ਗੱਲ ਤਾਂ ਮੂਲੋਂ ਹੀ ਅਨੋਖੀ ਸੀ ਅਤੇ ਇਹ ਸਾਰਾ ਫ਼ੈਸਲਾ ਸਿੱਖਾਂ ਨਾਲ ਸਪੱਸ਼ਟ ਵਿਤਕਰੇ ਵਾਲੀ ਗੱਲ ਸੀ। ਨਾ ਪੰਜਾਬ ਨੇ ਫ਼ਾਜ਼ਲਕਾ ਤੇ ਅਬੋਹਰ ਹਰਿਆਣੇ ਨੂੰ ਦੇਣਾ ਮੰਨਣਾ ਸੀ ਤੇ ਨਾ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਸੀ। ਬਾਕੀ ਸਭ ਗੱਲਾਂ ਦਾ ਵੀ ਕੋਈ ਫ਼ੈਸਲਾ ਨਾ ਕਰ ਕੇ ਸਭ ਕੁਝ ਹਰਿਆਣੇ ਤੇ ਹਿਮਾਚਲ ਪ੍ਰਦੇਸ਼ ਦੀਆਂ ਸਰਕਾਰਾਂ ਦੀ ਸੰਮਤੀ ਉੱਤੇ ਛੱਡ ਦਿੱਤਾ ਗਿਆ ਸੀ। ਜਿਨ੍ਹਾਂ ਰਾਜਾਂ ਨੂੰ ਕੇਂਦਰੀ ਸਰਕਾਰ ਵੱਲੋਂ ਨਜਾਇਜ਼ ਰਿਆਇਤਾਂ ਮਿਲ ਚੁਕੀਆਂ ਸਨ, ਉਨ੍ਹਾਂ ਨੇ ਆਪਣੇ ਆਪ ਇਹ ਰਿਆਇਤਾਂ ਕਿਉਂ ਛਡਣੀਆਂ ਸਨ। ਨਤੀਜਾ ਸਭ ਦੇ ਸਾਹਮਣੇ ਹੈ। 1970 ਦੇ ਇਸ ਫ਼ੈਸਲੇ ਤੋਂ ਬਾਅਦ ਅਜੇ (1993) ਤਕ ਸਭ ਕੁਝ ਜਿਉਂ ਦਾ ਤਿਉਂ ਚਲਿਆ ਆ ਰਿਹਾ ਹੈ। ਜਦ ਕਿ ਜਨਵਰੀ 1992 ਵਿਚ ਪੰਜਾਬ ਦੀ ਨਵੀਂ ਬਣੀ ਕਾਂਗਰਸ ਸਰਕਾਰ ਵੀ ਇਹੀ ਮੰਗਾਂ ਕਰ ਰਹੀ ਹੈ।

ਇਸ ਐਲਾਨ ਤੋਂ ਬਾਅਦ ਸਰਬ-ਪਾਰਟੀ ਐਕਸ਼ਨ ਕਮੇਟੀ ਨੇ 30 ਜਨਵਰੀ ਨੂੰ ਡਾਕਟਰ ਬਲਦੇਵ ਪ੍ਰਕਾਸ਼ ਪ੍ਰਧਾਨ ਜਨ ਸੰਘ ਦੀ ਪ੍ਰਧਾਨਗੀ ਹੇਠ ਫ਼ੈਸਲਾ ਕੀਤਾ ਕਿ ਕਿਉਂਜੁ ਚੰਡੀਗੜ੍ਹ ਪੰਜਾਬ ਨੂੰ ਦੇਣਾ ਮੰਨ ਲਿਆ ਗਿਆ ਹੈ, ਇਸ ਲਈ ਸੰਤ ਜੀ ਆਪਣਾ ਵਰਤ ਤਿਆਗ ਦੇਣ। ਇਸ ਦੇ ਨਾਲ ਕਮੇਟੀ ਨੇ ਇਹ ਮਤਾ ਵੀ ਪਾਸ ਕੀਤਾ ਕਿ ਫ਼ਾਜ਼ਲਕਾ ਤਹਿਸੀਲ ਦਾ ਪੰਜਾਬੀ-ਭਾਸ਼ੀ ਇਲਾਕਾ ਹਰਿਆਣੇ ਨੂੰ ਦੇਣ ਦਾ ਫ਼ੈਸਲਾ ਬੜਾ ਹੀ ਅਨਿਆਈਂ, ਵਿਤਕਰੇ-ਪੂਰਨ ਤੇ ਨਿੰਦਣ ਯੋਗ ਹੈ, ਵਿਸ਼ੇਸ਼ ਕਰਕੇ ਹਰਿਆਣੇ ਨੂੰ ਲਾਂਘਾ ਦੇਣ ਦਾ ਆਪ-ਹੁਦਰਾ ਕਦਮ, ਜਿਸ ਦੀ ਕੋਈ ਮਿਸਾਲ ਕਿਤੇ ਨਹੀਂ ਮਿਲਦੀ। ਐਕਸ਼ਨ ਕਮੇਟੀ ਨੇ ਇਹ ਵੀ ਆਖਿਆ ਕਿ ਇਹ ਫ਼ੈਸਲਾ ਇਸ ਲਈ ਵੀ ਅਯੋਗ ਤੇ ਮੰਤਵ-ਹੀਨ ਹੈ, ਕਿਉਂਕਿ ਪੰਜਾਬੀ ਤੇ ਹਿੰਦੀ-ਭਾਸ਼ਾਈ ਇਲਾਕਿਆਂ ਦਾ ਫ਼ੈਸਲਾ ਕਰਨ ਲਈ ਜੋ ਕਮਿਸ਼ਨ ਨਿਯਤ ਕੀਤਾ ਜਾਣਾ ਹੈ, ਉਸ ਨੂੰ ਹੀ ਇਹ ਮਾਮਲਾ ਵੀ ਸੌਂਪਿਆਂ ਜਾ ਸਕਦਾ ਹੈ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਵੀ ਇਸੇ ਕਿਸਮ ਦੇ ਮਤੇ ਪਾਸ ਕਰ ਕੇ ਸੰਤ ਜੀ ਨੂੰ ਆਪਣਾ ਮਰਨ-ਵਰਤ ਤਿਆਗਣ ਦੀ ਅਪੀਲ ਕਰ ਦਿੱਤੀ। ਨਾਲ ਹੀ ਕਮੇਟੀ ਨੇ ਫ਼ਾਜ਼ਲਕਾ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਇਸ ਅਨਿਆਂ-ਪੂਰਨ ਫ਼ੈਸਲੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਇਗਾ। ਸੋ ਸੰਤ ਜੀ ਨੇ 30 ਜਨਵਰੀ 1970 ਨੂੰ ਆਪਣਾ ਵਰਤ ਤਿਆਗ ਦਿੱਤਾ। ਇਹ ਗੱਲ ਵਰਣਨ ਯੋਗ ਹੈ ਕਿ ਇਨ੍ਹਾਂ ਵਿੱਚੋਂ ਕਿਸੇ ਫ਼ੈਸਲੇ ਤੇ ਵੀ ਅੱਜ ਤਕ ਕੋਈ ਅਮਲ ਨਹੀਂ ਹੋਇਆ, ਸਗੋਂ ਹਰੇਕ ਮਾਮਲਾ ਵਧੇਰੇ ਉਲਝ ਗਿਆ ਹੈ।

ਇੱਥੇ ਇਕ ਹੋਰ ਦਿਲਚਸਪ ਗੱਲ ਕਹਿਣ ਵਾਲੀ ਹੈ। ਜਨ-ਸੰਘ ਨੇ ਇਸ ਫ਼ੈਸਲੇ ਬਾਰੇ ਜੋ ਆਲੋਚਨਾ ਕੀਤੀ, ਉਹ ਅਕਾਲੀ ਦਲ ਦੇ ਮਤੇ ਨਾਲੋਂ ਵੀ ਵਧੇਰੇ ਕਾਟਵੀਂ, ਜ਼ੋਰਦਾਰ ਤੇ ਕਰੜੀ ਸੀ। ਉਨ੍ਹਾਂ ਨੇ ਇਕ ਮਤਾ ਪਾਸ ਕਰ ਕੇ ਆਖਿਆ ਕਿ "ਇਹ ਫ਼ੈਸਲਾ ਜ਼ਿਲਤ-ਭਰਿਆ, ਅਪਮਾਨ-ਜਨਕ, ਹਾਨੀਕਾਰਕ, ਅਨਿਆਂ-ਪੂਰਨ ਤੇ ਫ਼ਿਰਕੂ ਹੈ ਤੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਹਨੂੰ ਅਪ੍ਰਵਾਨ ਕਰ ਦੇਵੇ।" ਸਰਬ-ਪਾਰਟੀ ਐਕਸ਼ਨ ਕਮੇਟੀ ਤੇ ਜਨ-ਸੰਘ ਦੇ ਮਤਿਆਂ ਨੇ ਇਹ ਗੱਲ ਤਾਂ ਸਿੱਧ ਕਰ ਦਿੱਤੀ ਸੀ ਕਿ ਆਖ਼ਰ ਸਾਰੇ ਪੰਜਾਬੀ ਇਹ ਮੰਨ ਗਏ ਸਨ ਕਿ ਸਰਕਾਰ ਸਿੱਖਾਂ ਪ੍ਰਤੀ ਵਿਤਕਰੇ ਵਾਲਾ, ਅਨਿਆਈਂ ਤੇ ਫ਼ਿਰਕੂ ਵਤੀਰਾ ਅਪਣਾ ਰਹੀ ਸੀ।

ਸੰਤਾਂ ਦੇ ਵਰਤ ਤਿਆਗਣ ਤੋਂ ਬਾਅਦ ਕੇਂਦਰੀ ਸਰਕਾਰ ਨਾਲ ਹਾਲੀ ਝਗੜਾ ਮੁਕ ਗਿਆ

ਸੀ ਤੇ ਹੁਣ ਫਿਰ ਆਪੋ ਵਿਚ ਲੜਨ ਦੀ ਤਿਆਰੀ ਹੋ ਰਹੀ ਸੀ। ਕੁਝ ਚਿਰ ਤੋਂ ਦਲ ਦੇ ਪ੍ਰਧਾਨ ਸੰਤ ਫ਼ਤਿਹ ਸਿੰਘ ਤੇ ਮੁਖ ਮੰਤਰੀ ਜਸਟਿਸ ਗੁਰਨਾਮ ਸਿੰਘ ਵਿਚਕਾਰ ਰੰਜਸ਼ ਸ਼ੁਰੂ ਹੋ ਗਈ ਸੀ। ਇਹਦੇ ਲਈ ਜ਼ਿੰਮੇਵਾਰ ਸੀ, ਦੋਹਾਂ ਆਗੂਆਂ ਦੀ ਹਉਮੈ। ਸੰਤ ਜੀ ਆਪਣੀ ਪ੍ਰਭਤਾ ਦਾ ਸਿੱਕਾ ਜਮਾਉਣਾ ਚਾਹੁੰਦੇ ਸਨ। ਉਹ ਵਾਰ ਵਾਰ ਕਹਿੰਦੇ ਸਨ ਕਿ ਉਨ੍ਹਾਂ ਨੇ ਕੌਮ ਨੂੰ ਪੰਜਾਬੀ ਸੂਬਾ ਲੈ ਕੇ ਦਿੱਤਾ ਹੈ ਤੇ ਇਸ ਦਾ ਸਿਰ ਉੱਚਾ ਕੀਤਾ ਹੈ। ਇਸ ਲਈ ਮੁਖ ਮੰਤਰੀ ਦਾ ਫ਼ਰਜ਼ ਹੈ ਕਿ ਉਹ ਉਨ੍ਹਾਂ ਦੀਆਂ ਇੱਛਾਵਾਂ ਅਨੁਸਾਰ ਚੱਲੇ। ਦੂਜੇ ਪਾਸੇ ਮੁਖ ਮੰਤਰੀ ਨੂੰ ਆਪਣੀ ਯੋਗਤਾ ਤੇ ਪ੍ਰਬੰਧਕੀ ਤਜਰਬੇ ਦਾ ਮਾਣ ਸੀ ਤੇ ਉਹ ਸਰਕਾਰੀ ਕੰਮਾਂ ਵਿਚ ਕਿਸੇ ਦਾ ਦਖ਼ਲ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸੀ। ਛੇਤੀ ਹੀ ਇਕ ਮਹੱਤਵਪੂਰਨ ਮਾਮਲੇ ਉੱਤੇ ਦੋਹਾਂ ਦੇ ਵਿਚਾਰ ਵੱਖ ਵੱਖ ਹੋ ਗਏ। ਮਾਰਚ 1970 ਨੂੰ ਪੰਜਾਬ ਅਸੈਂਬਲੀ ਨੇ ਰਾਜ ਸਭਾ ਦੀਆਂ ਤਿੰਨ ਸੀਟਾਂ ਲਈ ਮੈਂਬਰ ਚੁਣਨੇ ਸਨ। ਇਨ੍ਹਾਂ ਵਿੱਚੋਂ ਦੋ ਮੈਂਬਰ ਅਕਾਲੀ ਆਪਣੇ ਵੱਲੋਂ ਭੇਜ ਸਕਦੇ ਸਨ, ਪਰ ਉਮੀਦਵਾਰ ਤਿੰਨ ਹੋ ਗਏ—ਜਥੇਦਾਰ ਗੁਰਚਰਨ ਸਿੰਘ ਟੌਹੜਾ, ਗਿਆਨੀ ਭੁਪਿੰਦਰ ਸਿੰਘ ਚੇਅਰਮੈਨ ਪੰਥਕ ਚੋਣ ਬੋਰਡ ਅਤੇ ਜਥੇਦਾਰ ਸੰਤੋਖ ਸਿੰਘ ਦਿੱਲੀ। ਇਹ ਤੀਜੇ ਸੱਜਣ ਪੰਜਾਬੀ ਸੂਬੇ ਦੀ ਵਿਰੋਧਤਾ ਕਰਦੇ ਰਹੇ ਸਨ ਤੇ ਇੰਦਰਾ ਜੀ ਦੇ ਜੀ-ਹਜ਼ੂਰੀਏ ਸਮਝੇ ਜਾਂਦੇ ਸਨ, ਪਰ ਇਸ ਵੇਲੇ ਸੰਤ ਜੀ ਉਨ੍ਹਾਂ ਦੇ ਹੱਕ ਵਿਚ ਸਨ। ਉਨ੍ਹਾਂ ਨੇ ਪੰਥਕ ਚੋਣ ਬੋਰਡ ਤੋਂ ਜਥੇਦਾਰ ਟੌਹੜਾ ਤੇ ਸੰਤੋਖ ਸਿੰਘ ਦੇ ਹੱਕ ਵਿਚ ਫ਼ੈਸਲਾ ਕਰਾ ਲਿਆ। ਮੁਖ ਮੰਤਰੀ, ਸ. ਆਤਮਾ ਸਿੰਘ ਮਾਲ ਮੰਤਰੀ, ਸ. ਰਵੇਲ ਸਿੰਘ ਰਾਜ ਮੰਤਰੀ ਤੇ ਕੁਝ ਹੋਰ ਵਿਧਾਇਕਾਂ ਦਾ ਵਿਚਾਰ ਸੀ ਕਿ ਕਿਉਂਜੁ ਮਾਸਟਰ ਅਕਾਲੀ ਦਲ, ਸੰਤ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ ਸੀ, ਇਸ ਲਈ ਉਨ੍ਹਾਂ ਦੇ ਇਕ ਮਹੱਤਵਪੂਰਨ ਵਿਅਕਤੀ ਨੂੰ ਚੁਣਨਾ ਹੀ ਚਾਹੀਦਾ ਹੈ। ਉਨ੍ਹਾਂ ਨੇ ਬਾਰ ਬਾਰ ਸੰਤ ਜੀ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਫ਼ੈਸਲੇ ਉੱਤੇ ਦੁਬਾਰਾ ਵਿਚਾਰ ਕਰਨ, ਪਰ ਸੰਤ ਜੀ ਆਪਣੇ ਫ਼ੈਸਲੇ ਉੱਤੇ ਅੜੇ ਰਹੇ। ਇਸ ਉੱਤੇ ਮੁਖ ਮੰਤਰੀ ਦੀ ਸ਼ਹਿ ਉੱਤੇ ਗਿਆਨੀ ਭੁਪਿੰਦਰ ਸਿੰਘ ਆਜ਼ਾਦ ਉਮੀਦਵਾਰ ਵਜੋਂ ਖੜੇ ਹੋ ਗਏ ਅਤੇ ਮੁਖ ਮੰਤਰੀ ਤੇ ਆਪਣੇ ਹੋਰ ਹਮਾਇਤੀਆਂ ਦੀ ਮਦਦ ਨਾਲ ਚੁਣੇ ਜਾਣ ਵਿਚ ਵੀ ਕਾਮਯਾਬ ਹੋ ਗਏ।

ਹੁਣ ਇਹ ਗੱਲ ਯਕੀਨੀ ਸੀ ਕਿ ਮੁਖ ਮੰਤਰੀ ਤੇ ਕੁਝ ਹੋਰਨਾਂ ਨੂੰ ਪਾਰਟੀ ਵਿੱਚੋਂ ਕਢ ਦਿੱਤਾ ਜਾਏਗਾ। 46 ਵਿੱਚੋਂ ਲਗ ਪਗ ਇਕ ਦਰਜਨ ਵਿਧਾਇਕ ਮੁਖ ਮੰਤਰੀ ਦੇ ਨਾਲ ਸਨ ਤੇ ਉਨ੍ਹਾਂ ਨੇ ਸ. ਲਛਮਣ ਸਿੰਘ ਵਾਂਗ ਗ਼ੱਦਾਰੀ ਕਰਨ ਅਤੇ ਕਾਂਗਰਸ ਦੀ ਮਦਦ ਨਾਲ ਮੁਖ ਮੰਤਰੀ ਬਣੇ ਰਹਿਣ ਦਾ ਫ਼ੈਸਲਾ ਕਰ ਲਿਆ। ਪਰ ਐਤਕੀ ਅਕਾਲੀ ਵਿਧਾਇਕ ਪਾਰਟੀ ਤੇ ਇਸ ਦੇ ਹਮਾਇਤੀ ਜਨ-ਸੰਘ ਤੇ ਕਮਿਊਨਿਸਟ ਮੈਂਬਰਾਂ ਨੇ ਬੜੀ ਫੁਰਤੀ ਤੋਂ ਕੰਮ ਲਿਆ। ਉਨ੍ਹਾਂ ਨੇ ਰਾਤੋ-ਰਾਤ ਆਪਣੀ ਮੀਟਿੰਗ ਕਰ ਕੇ ਜਸਟਿਸ ਗੁਰਨਾਮ ਸਿੰਘ ਨੂੰ ਲੀਡਰੀ ਤੋਂ ਹਟਾ ਕੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਆਪਣਾ ਨੇਤਾ ਚੁਣ ਲਿਆ ਤੇ ਝਟ ਪਟ ਇਸ ਦੀ ਇਤਲਾਹ ਗਵਰਨਰ ਨੂੰ ਦੇ ਦਿੱਤੀ। ਗਵਰਨਰ ਨੇ ਇਹ ਤਸੱਲੀ ਕਰ ਕੇ ਕਿ ਮੈਂਬਰਾਂ ਦੀ ਬਹੁ-ਸੰਮਤੀ ਸਰਦਾਰ ਬਾਦਲ ਦੇ ਨਾਲ ਹੈ, ਉਨ੍ਹਾਂ ਨੂੰ ਮੰਤਰੀ-ਮੰਡਲ ਬਣਾਣ ਤੇ ਸਹੁੰ ਚੁੱਕਣ ਦਾ ਸੱਦਾ ਦੇ ਦਿੱਤਾ। 26 ਮਾਰਚ 1970 ਨੂੰ ਸਰਦਾਰ ਬਾਦਲ ਨੇ ਮੁਖ ਮੰਤਰੀ ਵਜੋਂ ਤੇ ਬਲਵੰਤ ਸਿੰਘ ਤੇ ਬਲਰਾਮ ਜੀ ਦਾਸ ਟੰਡਨ ਨੇ ਮੰਤਰੀਆਂ ਵਜੋਂ ਸਹੁੰ ਚੁਕ ਲਈ। ਜਸਟਿਸ ਗੁਰਨਾਮ ਸਿੰਘ ਦੇ ਮੰਤਰੀ-ਮੰਡਲ ਦਾ ਭੋਗ ਪੈ ਗਿਆ। ਉਨ੍ਹਾਂ ਨੇ ਅਤੇ ਕਾਂਗਰਸੀ ਆਗੂਆਂ ਤੇ ਵਿਧਾਇਕਾਂ ਨੇ ਬੜਾ ਰੌਲਾ ਪਾਇਆ ਕਿ ਗਵਰਨਰ ਨੇ ਬੜੀ ਕਾਹਲੀ ਤੋਂ ਕੰਮ ਲਿਆ ਹੈ, ਪਰ ਹੁਣ ਤੀਰ ਕਮਾਨੋਂ ਨਿਕਲ ਚੁਕਾ ਸੀ। ਅਸਾਂ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪ੍ਰਬੰਧਕਾਂ ਨੇ 4 ਅਪ੍ਰੈਲ ਨੂੰ ਆਪਣੀ ਸਾਲਾਨਾ

ਕਾਨਵੋਕੇਸ਼ਨ ਉੱਤੇ ਜਸਟਿਸ ਗੁਰਨਾਮ ਸਿੰਘ ਮੁਖ ਮੰਤਰੀ ਨੂੰ ਸੱਦਿਆ ਹੋਇਆ ਸੀ, ਪਰ ਉਹ ਮੁਖ ਮੰਤਰੀ ਦੀ ਥਾਂ ਇਕ ਵਿਧਾਇਕ ਵਜੋਂ ਹੀ ਹਾਜ਼ਰ ਹੋ ਸਕੇ।

ਬਾਦਲ ਸਾਹਿਬ ਮੁੱਖ ਮੰਤਰੀ ਤਾਂ ਬਣ ਗਏ ਸਨ, ਪਰ ਚੰਦਰੀ ਫੁੱਟ ਨੇ ਮੰਤਰੀ-ਮੰਡਲ ਅਣਿਸਥਰ ਬਣਾ ਦਿੱਤਾ ਸੀ। ਨਵੇਂ ਵਾਤਾਵਰਨ ਵਿਚ ਬਹੁਤ ਸਾਰੇ ਵਿਧਾਇਕ ਮੰਤਰੀ ਬਣਨ ਦੇ ਚਾਹਵਾਨ ਸਨ। ਸੋ ਹੌਲੀ ਹੌਲੀ ਮੰਤਰੀ-ਮੰਡਲ ਵਿਚ ਵਾਧਾ ਕਰਨਾ ਪਿਆ। ਪਰ ਸਾਰੇ ਵਿਧਾਇਕਾਂ ਦੀ ਮੰਤਰੀ ਬਣਨ ਦੀ ਭੁੱਖ ਤਾਂ ਮਿਟਾਈ ਨਹੀਂ ਜਾ ਸਕਦੀ ਸੀ। ਉੱਧਰ ਜਸਟਿਸ ਗੁਰਨਾਮ ਸਿੰਘ ਸਾਰੇ ਅਸੰਤੁਸ਼ਟ ਵਿਧਾਇਕਾਂ ਨੂੰ ਆਪਣੀ ਝੋਲੀ ਵਿਚ ਪਾਉਣ ਲਈ ਤਿਆਰ ਬੈਠੇ ਸਨ। ਫਿਰ ਇਕ ਹੋਰ ਸੰਕਟ ਖੜਾ ਹੋ ਗਿਆ। ਪੰਜਾਬ ਸਰਕਾਰ ਨੇ ਅੰਮ੍ਰਿਤਸਰ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਥਾਪਤ ਕਰਨ ਦਾ ਐਲਾਨ ਕਰ ਦਿੱਤਾ। ਇਸ ਉੱਤੇ ਜਨ-ਸੰਘ ਨੇ ਮੰਗ ਕੀਤੀ ਕਿ ਜਲੰਧਰ ਵਿਚ ਦਇਆ ਨੰਦ ਯੂਨੀਵਰਸਿਟੀ ਕਾਇਮ ਕੀਤੀ ਜਾਏ। ਜਦ ਇਹ ਮੰਗ ਨਾ ਮੰਨੀ ਗਈ, ਤਾਂ ਜਨ-ਸੰਘ ਸਰਕਾਰ ਤੋਂ ਅਲੱਗ ਹੋ ਗਿਆ ਤੇ ਉਨ੍ਹਾਂ ਨੇ ਇਹ ਆਖ ਕੇ ਸਰਕਾਰ ਦੇ ਵਿਰੁੱਧ ਬੇਵਸਾਹੀ ਦਾ ਮਤਾ ਪੇਸ਼ ਕਰ ਦਿੱਤਾ ਕਿ ਮੰਤਰੀ-ਮੰਡਲ ਬਹੁਤ ਵੱਡਾ ਬਣਾ ਦਿੱਤਾ ਗਿਆ ਹੈ ਤੇ ਸਰਕਾਰ ਦੀਆਂ ਨੀਤੀਆਂ ਫ਼ਿਰਕੂ ਹਨ। ਇਸ ਉੱਤੇ ਅਕਾਲੀ ਕਾਂਗਰਸ ਦੀ ਸ਼ਰਨ ਵਿਚ ਜਾਣ ਲਈ ਮਜਬੂਰ ਹੋ ਗਏ। ਸੰਤ ਜੀ ਦੀ ਸੰਮਤੀ ਨਾਲ ਮੁੱਖ ਮੰਤਰੀ; ਸ੍ਰੀਮਤੀ ਇੰਦਰਾ ਗਾਂਧੀ, ਸ੍ਰੀ ਜਗਜੀਵਨ ਰਾਮ ਤੇ ਸ. ਸਵਰਨ ਸਿੰਘ ਨੂੰ ਮਿਲੇ ਤੇ ਉਨ੍ਹਾਂ ਨੂੰ ਸਹਾਇਤਾ ਲਈ ਬੇਨਤੀ ਕੀਤੀ। ਇਨ੍ਹਾਂ ਮੁਲਾਕਾਤਾਂ ਤੋਂ ਬਾਅਦ ਬਾਦਲ ਸਾਹਿਬ ਨੇ ਬਿਆਨ ਦਿੱਤਾ ਕਿ ਅਕਾਲੀਆਂ ਤੇ ਕਾਂਗਰਸ ਵਿਚਕਾਰ ਕੁਝ ਨੇੜਤਾ ਆਈ ਹੈ। 24 ਜੁਲਾਈ ਨੂੰ ਵਿਧਾਨ ਸਭਾ ਦੇ ਸਮਾਗਮ ਵਿਚ ਜਨ-ਸੰਘੀਆਂ ਤੇ ਸੱਜੇ-ਪੱਖੀ ਕਮਿਊਨਿਸਟਾਂ ਨੇ ਸਪੀਕਰ ਤੋਂ ਬੇਵਸਾਹੀ ਦਾ ਮਤਾ ਪੇਸ਼ ਕਰਨ ਦੀ ਆਗਿਆ ਮੰਗੀ। ਪ੍ਰਵਾਨਗੀ ਤਾਂ ਮਿਲ ਗਈ, ਪਰ ਇਸ ਉੱਤੇ ਬਹਿਸ ਕਰਨ ਲਈ ਲੋੜੀਂਦੇ ਵਿਧਾਇਕ ਖੜੇ ਨਾ ਹੋਏ। ਕਾਂਗਰਸੀ, ਕਮਿਊਨਿਸਟ ਤੇ ਆਜ਼ਾਦ ਮੈਂਬਰ ਨਿਰਪੱਖ ਰਹੇ, ਇਸ ਲਈ ਬੇਵਸਾਹੀ ਦਾ ਮਤਾ ਪੇਸ਼ ਹੀ ਨਾ ਹੋ ਸਕਿਆ।

ਦੂਜੇ ਪਾਸੇ ਕੁਝ ਪੰਥ-ਦਰਦੀ ਜਤਨ ਕਰ ਰਹੇ ਸਨ ਕਿ ਸੰਤ ਜੀ ਤੇ ਜਸਟਿਸ ਗੁਰਨਾਮ ਸਿੰਘ ਵਿਚ ਸਮਝੌਤਾ ਹੋ ਜਾਏ। ਆਖ਼ਰ ਉਨ੍ਹਾਂ ਦੀਆਂ ਕੋਸ਼ਿਸ਼ਾਂ ਕਾਮਯਾਬ ਹੋਈਆਂ। ਸ. ਗੁਰਨਾਮ ਸਿੰਘ ਨੂੰ ਪੰਥਕ ਪਾਰਲੀਮੈਂਟਰੀ ਬੋਰਡ ਦਾ ਪ੍ਰਧਾਨ ਬਣਾ ਦਿੱਤਾ ਗਿਆ ਅਤੇ ਉਨ੍ਹਾਂ ਨੇ ਬਾਦਲ ਸਰਕਾਰ ਦੀ ਹਮਾਇਤ ਦਾ ਯਕੀਨ ਦਿਵਾਇਆ। ਪਰ ਬਾਅਦ ਦੀਆਂ ਘਟਨਾਵਾਂ ਨੇ ਸਿੱਧ ਕਰ ਦਿੱਤਾ ਕਿ ਇਹ ਸਮਝੌਤਾ ਉਪਰੋਂ ਉਪਰੋਂ ਹੀ ਸੀ ਤੇ ਅੰਦਰੋਂ ਸ. ਗੁਰਨਾਮ ਸਿੰਘ ਨੇ ਵੈਰ ਭੁਲਾਇਆ ਨਹੀਂ ਸੀ। 1971 ਦੇ ਸ਼ੁਰੂ ਵਿਚ ਲੋਕ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਸਨ। ਇਸ ਵੇਲੇ ਕਾਂਗਰਸ ਵੀ ਦੋਫਾੜ ਹੋ ਗਈ ਸੀ। ਸ੍ਰੀਮਤੀ ਇੰਦਰਾ ਗਾਂਧੀ ਲਈ ਇਹ ਚੋਣਾਂ ਬਹੁਤ ਮਹੱਤਵਪੂਰਨ ਸਨ ਤੇ ਉਹ ਹਰੇਕ ਪਾਰਟੀ ਦਾ ਸਹਿਯੋਗ ਪ੍ਰਾਪਤ ਕਰਨ ਲਈ ਉਤਸਕ ਸੀ। ਅਕਾਲੀ ਦਲ ਵੀ ਪ੍ਰਧਾਨ ਮੰਤਰੀ ਦੀ ਇਸ ਵੇਲੇ ਦੀ ਮਜਬੂਰੀ ਤੋਂ ਫ਼ਾਇਦਾ ਉਠਾਣਾ ਚਾਹੁੰਦਾ ਸੀ। ਕਿਉਂਜੁ ਦੋਹਾਂ ਧਿਰਾਂ ਨੂੰ ਇਸ ਵੇਲੇ ਇਕ ਦੂਜੇ ਦੀ ਲੋੜ ਸੀ, ਇਸ ਲਈ ਸਮਝੌਤਾ ਹੋ ਜਾਣ ਦੀ ਕਾਫ਼ੀ ਸੰਭਾਵਨਾ ਸੀ। ਅਕਾਲੀ ਦਲ ਨੇ ਪਹਿਲ ਕੀਤੀ। ਸੰਤ ਜੀ ਦੀ ਸੰਮਤੀ ਨਾਲ ਸਰਦਾਰ ਬਾਦਲ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਪ੍ਰਧਾਨ ਮੰਤਰੀ ਨੂੰ ਮਿਲੇ। ਇਸ ਲੰਮੀ ਮੁਲਾਕਾਤ ਵਿਚ ਇਹ ਫ਼ੈਸਲਾ ਹੋਇਆ ਕਿ ਪੰਜਾਬ ਵਿਚਲੀਆਂ ਲੋਕ ਸਭਾ ਦੀਆਂ ਤੇਰ੍ਹਾਂ ਸੀਟਾਂ ਵਿੱਚੋਂ ਛੇ ਉੱਤੇ ਕਾਂਗਰਸ ਅਤੇ ਛੇ ਉੱਤੇ ਅਕਾਲੀ ਆਪੋ ਆਪਣੇ ਉਮੀਦਵਾਰ ਖੜੇ ਕਰ ਕੇ ਇਕ ਦੂਜੇ

ਦੀ ਹਮਾਇਤ ਕਰਨਗੇ ਅਤੇ ਤੇਰ੍ਹਵੀਂ ਸੀਟ ਲੋਕ ਸਭਾ ਦੇ ਸਪੀਕਰ ਸ. ਗੁਰਦਿਆਲ ਸਿੰਘ ਢਿੱਲੋਂ ਲਈ ਖੁਲ੍ਹੀ ਛੱਡ ਦਿੱਤੀ ਜਾਏਗੀ। ਇਸ ਦੇ ਬਦਲੇ ਕਾਂਗਰਸ ਬਾਦਲ ਸਰਕਾਰ ਦੀ ਹਮਾਇਤ ਕਰਦੀ ਰਹੇਗੀ। ਇਸ ਸਮਝੌਤੇ ਨਾਲ ਬਾਦਲ ਸਰਕਾਰ ਬਹੁਤ ਸ਼ਕਤੀਸ਼ਾਲੀ ਹੋ ਜਾਂਦੀ ਸੀ ਤੇ ਸ. ਗੁਰਨਾਮ ਸਿੰਘ ਲਈ ਮੁੜ ਕੇ ਮੁੱਖ ਮੰਤਰੀ ਬਣਨ ਦਾ ਰਾਹ ਬੰਦ ਹੋ ਜਾਂਦਾ ਸੀ। ਉਨ੍ਹਾਂ ਨੇ ਸੰਤ ਜੀ ਨੂੰ ਆਖਿਆ ਕਿ "ਇਸ ਵੇਲੇ ਇੰਦਰਾ ਗਾਂਧੀ ਦੀ ਸਾਖ ਬਹੁਤ ਗਿਰੀ ਹੋਈ ਹੈ ਤੇ ਉਨ੍ਹਾਂ ਦੀ ਹਾਰ ਯਕੀਨੀ ਹੈ। ਕੇਂਦਰ ਵਿਚ ਕੋਈ ਹੋਰ ਸਰਕਾਰ ਹੀ ਬਣੇਗੀ। ਪੰਜਾਬ ਵਿਚ ਸਾਡੀ ਆਪਣੀ ਸਰਕਾਰ ਹੈ ਹੀ; ਜੇ ਅਸੀਂ ਇੰਦਰਾ ਨਾਲ ਸਮਝੌਤਾ ਨਾ ਕਰੀਏ, ਤਾਂ ਤੇਰ੍ਹਾਂ ਵਿੱਚੋਂ ਨੌਂ ਸੀਟਾਂ ਉੱਤੇ ਸਫ਼ਲ ਹੋ ਸਕਦੇ ਹਾਂ ਤੇ ਸੰਭਵ ਹੈ ਕਿ ਕੇਂਦਰ ਦੀ ਨਵੀਂ ਸਰਕਾਰ ਵਿਚ ਸਾਡੇ ਇਕ ਦੋ ਵਜ਼ੀਰ ਲੈ ਲਏ ਜਾਣ।" ਸੰਤ ਜੀ ਨੇ ਇਨ੍ਹਾਂ ਦਲੀਲਾਂ ਨਾਲ ਕਾਇਲ ਹੋ ਕੇ ਇੰਦਰਾ ਨਾਲ ਸਮਝੌਤੇ ਦੀ ਪੁਸ਼ਟੀ ਨਾ ਕੀਤੀ। ਕਾਂਗਰਸ ਨੇ ਸੱਜੇ-ਪੱਖੀ ਕਮਿਊਨਿਸਟਾਂ ਨਾਲ ਸਮਝੌਤਾ ਕਰ ਕੇ ਦੋ ਸੀਟਾਂ ਉਨ੍ਹਾਂ ਲਈ ਖ਼ਾਲੀ ਛਡ ਦਿੱਤੀਆਂ। ਇਸ ਬਦਲੇ ਕਮਿਊਨਿਸਟਾਂ ਨੇ ਸਾਰੇ ਪੰਜਾਬ ਵਿਚ ਬਾਕੀ ਸੀਟਾਂ ਉੱਤੇ ਕਾਂਗਰਸ ਦੀ ਹਮਾਇਤ ਦਾ ਐਲਾਨ ਕਰ ਦਿੱਤਾ। ਅਕਾਲੀ ਦਲ ਦੇ ਉਮੀਦਵਾਰ ਵੀ ਕਮਜ਼ੋਰ ਸਨ ਤੇ ਪ੍ਰਸਪਰ ਏਕਤਾ ਵੀ ਉਪਰੋਂ ਉਪਰੋਂ ਹੀ ਸੀ। ਇਸ ਲਈ ਸ. ਗੁਰਦਾਸ ਸਿੰਘ ਬਾਦਲ ਤੋਂ ਬਿਨਾਂ ਹੋਰ ਕੋਈ ਅਕਾਲੀ ਉਮੀਦਵਾਰ ਕਾਮਯਾਬ ਨਾ ਹੋ ਸਕਿਆ।

ਜਸਟਿਸ ਗੁਰਨਾਮ ਸਿੰਘ ਦਾ ਮੰਤਵ ਪੂਰਾ ਹੋ ਗਿਆ ਸੀ ਤੇ ਹੁਣ ਉਨ੍ਹਾਂ ਲਈ ਮੈਦਾਨ ਖੁਲ੍ਹਾ ਸੀ ਕਿ ਯੋਗ ਸਮਾਂ ਆਉਣ ਤੇ ਕਾਂਗਰਸ ਦੀ ਮਦਦ ਨਾਲ ਮੁੱਖ ਮੰਤਰੀ ਬਣ ਜਾਣ। ਸੋ ਜੋੜ-ਤੋੜ ਸ਼ੁਰੂ ਹੋ ਗਏ। 10 ਵਿਧਾਇਕ ਤਾਂ ਪਹਿਲਾਂ ਹੀ ਉਨ੍ਹਾਂ ਦੇ ਨਾਲ ਸਨ। ਕੁਝ ਦਿਨਾਂ ਵਿਚ ਉਨ੍ਹਾਂ ਨੇ ਪੰਜ ਸਤ ਹੋਰ ਵਿਧਾਇਕ ਆਪਣੇ ਨਾਲ ਮਿਲਾ ਲਏ। ਪ੍ਰਧਾਨ ਮੰਤਰੀ ਵੱਲੋਂ ਕਾਂਗਰਸੀਆਂ ਨੂੰ ਹਰੀ ਝੰਡੀ ਮਿਲ ਗਈ ਕਿ ਉਹ ਗੁਰਨਾਮ ਸਿੰਘ ਦਾ ਸਾਥ ਦੇਣ। ਜਸਟਿਸ ਹੋਰਾਂ ਨੇ ਆਪਣੇ ਹਮਾਇਤੀਆਂ ਦੀ ਗੁਪਤ ਮੀਟਿੰਗ ਕਰ ਕੇ ਸਭ ਨੂੰ ਮੰਤਰੀ-ਮੰਡਲ ਵਿਚ ਲੈਣ ਦਾ ਯਕੀਨ ਦਿਵਾਇਆ ਤੇ ਆਖਿਆ ਕਿ ਕਾਂਗਰਸ ਵਿੱਚੋਂ ਕੋਈ ਵਜ਼ੀਰ ਨਹੀਂ ਲਿਆ ਜਾਏਗਾ। ਇਸ ਮੀਟਿੰਗ ਵਿਚ ਸ. ਗੁਰਨਾਮ ਸਿੰਘ ਨੂੰ ਲੀਡਰ ਚੁਣ ਲਿਆ ਗਿਆ ਅਤੇ ਉਹ ਆਪਣੇ ਹਮਾਇਤੀਆਂ ਦੀ ਸੂਚੀ ਗਵਰਨਰ ਨੂੰ ਪੇਸ਼ ਕਰਨ ਅਤੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਲਈ ਤਿਆਰ ਹੋ ਗਏ। ਪਰ ਦੂਜੇ ਪਾਸੇ ਸਰਦਾਰ ਬਾਦਲ ਨੂੰ ਵੀ ਇਸ ਸਾਰੀ ਸਾਜ਼ਸ਼ ਦੀ ਖ਼ਬਰ ਮਿਲ ਗਈ ਸੀ। ਉਹ ਸੰਤ ਜੀ ਦੀ ਸੰਮਤੀ ਨਾਲ ਪਹਿਲਾਂ ਹੀ ਗਵਰਨਰ ਨੂੰ ਜਾ ਮਿਲੇ। ਉਨ੍ਹਾਂ ਨੇ ਗਵਰਨਰ ਨੂੰ ਆਪਣਾ ਅਸਤੀਫ਼ਾ ਪੇਸ਼ ਕੀਤਾ ਅਤੇ ਰਾਜ ਵਿਚਲੀ ਅਵਿਵਸਥਾ ਤੋਂ ਜਾਣੂ ਕਰਾ ਕੇ ਉਨ੍ਹਾਂ ਨੂੰ ਅਸੈਂਬਲੀ ਭੰਗ ਕਰਨ ਦਾ ਸੁਝਾਅ ਦਿੱਤਾ। ਗਵਰਨਰ ਨੇ ਉਨ੍ਹਾਂ ਦਾ ਅਸਤੀਫ਼ਾ ਪ੍ਰਵਾਨ ਕਰ ਕੇ ਰਾਸ਼ਟਰਪਤੀ ਨੂੰ ਗਵਰਨਰੀ ਰਾਜ ਲਾਗੂ ਕਰਨ ਦੀ ਸਿਫ਼ਾਰਸ਼ ਕਰ ਦਿੱਤੀ। ਸੋ 13 ਜੂਨ 1971 ਨੂੰ ਪੰਜਾਬ ਵਿਚ ਫਿਰ ਗਵਰਨਰੀ ਰਾਜ ਲਾਗੂ ਹੋ ਗਿਆ। ਸ. ਲਛਮਣ ਸਿੰਘ ਗਿੱਲ ਦੇ ਜੋੜ-ਤੋੜ ਕਾਰਨ ਸਾਡੀ ਪਹਿਲੀ ਵਜ਼ਾਰਤ ਖ਼ਤਮ ਹੋ ਗਈ ਸੀ ਅਤੇ ਦੂਜੀ ਵਜ਼ਾਰਤ ਦਾ ਸ. ਗੁਰਨਾਮ ਸਿੰਘ ਦੀ ਕਿਰਪਾ ਨਾਲ ਭੋਗ ਪੈ ਗਿਆ। ਕਿਸੇ ਵੀ ਅਕਾਲੀ ਵਜ਼ਾਰਤ ਨੇ ਆਪਣੇ ਪੰਜ ਸਾਲ ਪੂਰੇ ਨਹੀਂ ਕੀਤੇ ਸਨ।

ਅੰਤ ਜਸਟਿਸ ਗੁਰਨਾਮ ਸਿੰਘ ਇੰਦਰਾ ਗਾਂਧੀ ਦੀ ਸ਼ਰਨ ਪੈ ਕੇ ਆਸਟ੍ਰੇਲੀਆ ਦੇ ਰਾਜਦੂਤ ਬਣ ਗਏ, ਪਰ ਉੱਥੋਂ ਦਾ ਚਾਰਜ ਲੈ ਕੇ ਉਹ ਕਿਸੇ ਕੰਮ ਲਈ ਦਿੱਲੀ ਆ ਰਹੇ ਸਨ ਕਿ ਹਵਾਈ ਜਹਾਜ਼ ਦੁਰਘਟਨਾ-ਗ੍ਰਸਤ ਹੋ ਗਿਆ ਤੇ ਉਹ ਇਸ ਦੁਖਦਾਇਕ ਹਾਦਸੇ ਦਾ ਸ਼ਿਕਾਰ ਹੋ ਗਏ।

ਪੰਜਾਬ ਵਿਚ 11 ਜੂਨ 1971 ਨੂੰ ਗਵਰਨਰੀ ਰਾਜ ਲਾਗੂ ਹੋਇਆ ਸੀ ਤੇ ਮਾਰਚ 1972

ਵਿਚ ਮਧਕਾਲੀ ਚੋਣਾਂ ਹੋਣੀਆਂ ਸਨ। ਇਸ ਦੌਰਾਨ 3 ਦਸੰਬਰ 1971 ਨੂੰ ਪਾਕਿਸਤਾਨ ਨਾਲ ਯੁੱਧ ਛਿੜ ਗਿਆ, ਜਿਸ ਵਿਚ ਪੰਦਰ੍ਹਾਂ ਦਿਨਾਂ ਪਿੱਛੋਂ 17 ਦਸੰਬਰ ਨੂੰ ਹਿੰਦੁਸਤਾਨੀ ਫ਼ੌਜਾਂ ਨੂੰ ਅਪੂਰਵ ਸਫ਼ਲਤਾ ਪ੍ਰਾਪਤ ਹੋਈ। ਪਾਕਿਸਤਾਨ ਦੇ 93,000 ਫ਼ੌਜੀ ਬੰਦੀ ਬਣਾ ਲਏ ਗਏ ਤੇ ਉਸ ਦਾ ਪੂਰਬੀ ਭਾਗ ਬੰਗਲਾ ਦੇਸ਼ ਉਸ ਤੋਂ ਵਖ ਹੋ ਗਿਆ। ਇਸ ਨਾਲ ਸਾਰੇ ਦੇਸ ਵਿਚ ਇੰਦਰਾ ਗਾਂਧੀ ਦੀ ਜੈ ਜੈਕਾਰ ਹੋਣ ਲਗ ਪਈ ਤੇ ਜਦ ਮਾਰਚ ਵਿਚ ਪੰਜਾਬ ਵਿਖੇ ਮਧਕਾਲੀ ਚੋਣਾਂ ਹੋਈਆਂ, ਤਾਂ ਕਾਂਗਰਸ ਫਿਰ ਸੱਤਾ ਵਿਚ ਆ ਗਈ। ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣਾਏ ਗਏ ਤੇ ਜੂਨ 1977 ਤਕ ਉਹ ਇਸ ਪਦਵੀ ਤੇ ਬਣੇ ਰਹੇ।

ਅਸਾਂ ਵੇਖਿਆ ਹੈ ਕਿ ਰਾਜਨੀਤੀ ਅਸਲੋਂ ਦਾਅ-ਪੇਚਾਂ, ਝੂਠ, ਛਲ-ਫ਼ਰੇਬ ਤੇ ਦੁਬਾਜਰੇਪਨ ਦੀ ਖੇਡ ਹੈ। ਜੇ ਤੁਸਾਂ ਜਿੱਤ ਪ੍ਰਾਪਤ ਕਰਨੀ ਤੇ ਸੱਤਾ ਵਿਚ ਆਉਣਾ ਹੈ, ਤਾਂ ਤੁਹਾਨੂੰ ਆਪਣੇ ਪ੍ਰਤੀਯੋਗੀ ਨਾਲ 'ਜੈਸੇ ਕੋ ਤੈਸਾ' ਹੋ ਕੇ ਵਰਤਣਾ ਤੇ ਇਨ੍ਹਾਂ ਸਭ ਹੱਥਕੰਡਿਆਂ ਤੋਂ ਕੰਮ ਲੈਣਾ ਪਏਗਾ। ਪਰ ਜਿਹੜੇ ਸਿਖ ਆਗੂ ਆਪਣਿਆਂ ਨਾਲ ਵੀ ਬਦਨੀਅਤੀ ਤੋਂ ਕੰਮ ਲੈਂਦੇ ਹਨ, ਉਹ ਘੱਟੋ ਘੱਟ ਇਹ ਨਹੀਂ ਆਖ ਸਕਦੇ ਕਿ ਧਰਮ ਤੇ ਰਾਜਨੀਤੀ ਇਕ ਹਨ। ਪੰਜਾਬੀ ਸੂਬੇ ਦੀ ਪ੍ਰਾਪਤੀ ਤੋਂ ਪਹਿਲਾਂ ਦੀਆਂ ਗੱਲਾਂ ਤਾਂ ਛੱਡੀਏ, ਪਰ ਪੰਜਾਬੀ ਸੂਬਾ ਬਣਨ ਤੋਂ ਬਾਅਦ ਜੋ ਹਾਲਤ ਅਸਾਂ ਵੇਖੀ ਹੈ, ਉਹਦੇ ਵਿਚ ਧਰਮ ਕਿਤੇ ਨਜ਼ਰ ਨਹੀਂ ਆਇਆ, ਸਭ ਰਾਜਨੀਤੀ, ਸਗੋਂ ਕੂਟਨੀਤੀ ਹੀ ਦਿੱਸੀ ਹੈ।

ਇਸ ਸੰਬੰਧ ਵਿਚ ਇੱਥੇ ਮੈਂ ਇਕ ਸੁਹਿਰਦ ਸੱਜਣ—ਭਾਈ ਜੋਗਿੰਦਰ ਸਿੰਘ ਤਲਵਾੜਾ ਦੇ ਇਕ ਲੇਖ ਵਿੱਚੋਂ ਕੁਝ ਟੂਕਾਂ ਦੇਣਾ ਚਾਹੁੰਦਾ ਹਾਂ, ਜਿਸ ਵਿਚ ਉਨ੍ਹਾਂ ਨੇ ਧਰਮ ਅਤੇ ਮੌਜੂਦਾ ਸਿਆਸਤ ਬਾਰੇ ਆਪਣੇ ਵਿਚਾਰ ਦਿੱਤੇ ਹਨ। ਉਹ ਲਿਖਦੇ ਹਨ, "ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਜਾਂ ਖ਼ਾਲਸਈ ਮੀਰੀ-ਪੀਰੀ ਦੀ ਅੱਜ ਕਲ੍ਹ ਦੀ ਸਿਆਸਤ ਨਾਲ ਤੁਲਨਾ ਕਰਨੀ ਵੱਡੀ ਭੁੱਲ ਹੈ। ਜਿੱਥੋਂ ਤਕ ਮੀਰੀ-ਪੀਰੀ ਦੇ ਸੁਮੇਲ ਦੀ ਗੱਲ ਹੈ, ਉਹ ਛੇਵੇਂ ਪਾਤਸ਼ਾਹ ਤੋਂ ਪਹਿਲਾਂ ਵੀ ਹੋਂਦ ਵਿਚ ਆ ਚੁਕੀ ਸੀ। ਗੁਰੂ ਨਾਨਕ ਸਾਹਿਬ ਨੇ ਮਲਕ ਭਾਗੋ ਦੇ ਬ੍ਰਹਮ-ਭੋਜ ਨੂੰ ਲਹੂ-ਭੋਜ ਆਖ ਕੇ ਜ਼ਾਲਮ ਮਲਕ ਤੇ ਉਸ ਦੇ ਲੁੱਟ-ਖਸੁੱਟ ਨਾਲ ਤਿਆਰ ਕੀਤੇ ਪਕਵਾਨਾਂ ਦਾ ਤ੍ਰਿਸਕਾਰ ਕੀਤਾ ਅਤੇ ਜ਼ਾਲਮ ਬਾਬਰ ਨੂੰ ਡਟ ਕੇ ਜਾਬਰ ਆਖਿਆ। ਗੁਰੂ ਅੰਗਦ ਸਾਹਿਬ ਨੇ ਹੰਕਾਰੀ ਹੁਮਾਯੂੰ ਨੂੰ ਪੂਰਨ ਨਿਡਰਤਾ ਨਾਲ ਸੁਮੱਤ ਬਖ਼ਸ਼ੀ। ਗੁਰੂ ਅਰਜਨ ਦੇਵ ਜੀ ਨੇ ਸ਼ਰਨ ਆਏ ਹਕੂਮਤ ਦੇ ਬਾਗ਼ੀ ਸ਼ਹਿਜ਼ਾਦਾ ਖ਼ੁਸਰੋ ਨੂੰ ਸ਼ਰਨ ਦੇ ਕੇ ਧਰਵਾਸ ਦਿੱਤਾ। ਇਸ ਸਭ ਵਿਚ ਪੀਰੀ ਜਾਂ ਧਰਮ ਪਹਿਲਾਂ ਸੀ ਤੇ ਮੀਰੀ ਜਾਂ ਸਿਆਸਤ ਪਿੱਛੋਂ, ਪਰ ਅੱਜ ਕਲ੍ਹ ਦੀ ਸਿਆਸਤ ਵਿਚ ਧਰਮ ਦਾ ਨਾਂ-ਨਿਸ਼ਾਨ ਹੀ ਕਿਤੇ ਨਹੀਂ।.....ਧਰਮ ਅਤੇ ਸਿਆਸਤ ਦੀ ਪ੍ਰਸਪਰ ਸਾਂਝ ਦਾ ਨਾਹਰਾ ਦੇ ਕੇ ਸਿਖ ਸਿਆਸਤਦਾਨਾਂ ਨੇ ਧਰਮ ਉੱਤੇ ਕਾਠੀ ਪਾਈ ਹੋਈ ਹੈ ਅਤੇ ਉਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਦੇ ਕਾਰਨ ਧਰਮ ਦੀ ਨਮੋਸ਼ੀ ਹੋ ਰਹੀ ਹੈ। ਦੂਜੇ ਪਾਸੇ ਭਾਰਤ ਦੀ ਹੁਕਮਰਾਨ ਪਾਰਟੀ ਦੇ ਖੜਪੈਂਚ, ਧਰਮ ਤੇ ਸਿਆਸਤ ਦੀ ਪ੍ਰਸਪਰ ਸਾਂਝ ਦੀ ਵਿਰੋਧਤਾ ਇਸ ਲਈ ਕਰ ਰਹੇ ਹਨ ਕਿ ਸਿਆਸਤ ਉੱਤੇ ਧਾਰਮਿਕ ਕਦਰਾਂ-ਕੀਮਤਾਂ ਦਾ ਪ੍ਰਭਾਵ ਮੂਲੋਂ ਹੀ ਨਾ ਰਹੇ ਤੇ ਇਸ ਤਰ੍ਹਾਂ ਉਹ ਸਿਆਸਤ ਵਿਚ ਬੇਹਯਾਈ ਦਾ ਨੰਗਾ ਨਾਚ ਨੱਚ ਸਕਣ....ਸੋ ਧਰਮ ਅਤੇ ਅੱਜ ਕਲ੍ਹ ਦੀ ਸਿਆਸਤ ਦੋ ਵੱਖ ਵੱਖ ਤੇ ਪ੍ਰਸਪਰ ਵਿਰੋਧੀ ਵਿਚਾਰਧਾਰਾਵਾਂ ਹਨ....ਪ੍ਰਚਲਤ ਸਿਆਸਤ ਹੈ, ਹਰੇਕ ਜਾਇਜ਼-ਨਜਾਇਜ਼ ਹਰਬਾ ਵਰਤ ਕੇ ਆਪਣਾ ਉੱਲੂ ਸਿੱਧਾ ਕਰਨਾ। ਸਿਆਸੀ ਪੁਰਸ਼ ਖ਼ੁਦਗਰਜ਼ੀ ਲਈ ਧਰਮ ਤੇ ਸਮਾਜ ਦੀ ਸੇਵਾ ਦਾ ਢੌਂਗ ਵੀ ਰਚਦਾ ਹੈ, ਪਰ ਉਹ ਸਦਾ ਧਰਮ ਨੂੰ ਹੱਥ-ਠੋਕੇ ਦੇ ਤੌਰ ਤੇ ਵਰਤਦਾ ਹੈ। ਉਹ ਨਿਰੋਲ ਪਦਾਰਥਵਾਦੀ ਹੁੰਦਾ ਹੈ ਅਤੇ ਆਤਮਾ ਨਾਲ ਉਸ ਦਾ

ਕੋਈ ਸੰਬੰਧ ਨਹੀਂ ਹੁੰਦਾ। ਜਿਥੇ ਧਰਮ ਨਿਰੋਲ ਸੱਚ ਹੈ, ਉੱਥੇ ਪ੍ਰਚਲਤ ਸਿਆਸਤ ਨਿਰੋਲ ਖ਼ੁਦਗ਼ਰਜ਼ੀ ਤੇ ਕੁਟਿਲਤਾ ਹੈ। ਸਿਖ ਸਿਧਾਂਤ ਅਨੁਸਾਰ ਖ਼ਾਲਸਈ ਪੀਰੀ ਦੀ ਪ੍ਰਧਾਨਤਾ ਹੈ ਅਤੇ ਖ਼ਾਲਸਈ ਮੀਰੀ ਸਦਾ ਉਸ ਦੇ ਤਾਬਿਆ ਰਹੀ ਹੈ, ਪਰ ਅੱਜ ਕਲ੍ਹ ਦੀ ਸਿਖ ਸਿਆਸਤ ਧਰਮ ਦੇ ਕੁੰਡੇ ਤੋਂ ਆਕੀ ਹੈ।.....ਸਿਖ ਸਿਆਸਤਦਾਨ ਦੇ ਮੂੰਹੋਂ ਕੁਰਸੀ ਦੇ ਲਾਲਚ ਵਿਚ ਸਦਾ ਰਾਲਾਂ ਟਪਕਦੀਆਂ ਰਹਿੰਦੀਆਂ ਹਨ। ਹਵਸ-ਪ੍ਰਸਤੀ ਲਈ ਉਹ ਧਰਮ ਤੇ ਸਦਾਚਾਰ ਦੀਆਂ ਸਾਰੀਆਂ ਕਦਰਾਂ-ਕੀਮਤਾਂ ਕੁਰਬਾਨ ਕਰ ਦੇਂਦਾ ਹੈ। ਕਈ ਵਾਰੀ ਅੰਦਰ-ਖਾਤੇ ਦਿੱਲੀ ਸਰਕਾਰ ਨਾਲ ਸਾਜ਼-ਬਾਜ਼ ਜਾਰੀ ਖਦਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰੱਖੀਆਂ ਸਿਆਸੀ ਕਾਨਫ਼ਰੰਸਾਂ ਵਿਚ ਝੂਠ ਦਦਾ ਹੈ ਕਿ ਸਰਕਾਰ ਨਾਲ ਕੋਈ ਗੱਲ-ਬਾਤ ਨਹੀਂ ਹੋ ਰਹੀ।......ਸਿਖ ਸਿਆਸਤਦਾਨ ਕਦੇ ਇਕੱਠੇ ਨਹੀਂ ਹੋਏ। ਉਹ ਸਦਾ ਇਕ ਦੂਜੇ ਦੀ ਪੱਗ ਉਛਾਲਦੇ ਰਹਿੰਦੇ ਹਨ। ਅਕਾਲੀ ਵਜ਼ਾਰਤ ਜਦੋਂ ਜਦੋਂ ਵੀ ਬਣੀ, ਇਨ੍ਹਾਂ ਸਿਆਸਤਦਾਨਾਂ ਦੀ ਫ਼ੁੱਟ ਦੇ ਕਾਰਨ ਇਨ੍ਹਾਂ ਦੇ ਆਪਣੇ ਹੱਥੋਂ ਹੀ ਟੁਟਦੀ ਰਹੀ। ਕਦੇ ਵੀ ਕਿਸੇ ਅਕਾਲੀ ਵਜ਼ਾਰਤ ਨੇ ਆਪਣੇ ਪੰਜ ਸਾਲ ਪੂਰੇ ਨਹੀਂ ਕੀਤੇ। ਧਾਰਮਿਕ ਭਾਵਨਾ ਤੋਂ ਸਖਣਾ ਇਹ ਸਿਆਸੀ ਟੋਲਾ ਪ੍ਰਸਪਰ ਬੇਵਿਸ਼ਵਾਸੀ ਦਾ ਸ਼ਿਕਾਰ ਹੋਇਆ ਪਿਆ ਹੈ।"

ਇਹ ਟੀਕਾ-ਟਿਪਣੀ ਬੜੀ ਕੌੜੀ ਤੇ ਕੁਝ ਉਲਾਰਵੀਂ ਹੈ। ਪਰ ਪਾਠਕਾਂ ਨੇ ਵੇਖ ਲਿਆ ਹੈ ਕਿ ਇਹਦੇ ਵਿਚ ਦਿੱਤੀਆਂ ਬਹੁਤੀਆਂ ਗੱਲਾਂ ਸੱਚੀਆਂ ਹਨ ਅਤੇ ਸੱਚ ਹਮੇਸ਼ਾ ਕੌੜਾ ਹੁੰਦਾ ਹੈ। ਹਾਂ, ਉਨ੍ਹਾਂ ਦੀ ਇਹ ਗੱਲ ਠੀਕ ਨਹੀਂ ਕਿ ਸਿਖ ਸਿਆਸਤਦਾਨ ਕਦੇ ਇਕੱਠੇ ਨਹੀਂ ਹੋਏ। ਉਹ ਇਕੱਠੇ ਹੁੰਦੇ ਹਨ, ਪਰ ਓਦੋਂ ਜਦੋਂ ਮੰਦੇ ਹਾਲਾਂ ਵਿਚ ਹੋਣ ਤੇ ਸੱਤਾ ਵਿਚ ਨਾ ਹੋਣ। ਬੜਾ ਪੁਰਾਣਾ ਅਖਾਣ ਹੈ, 'ਚੀਮੇ-ਚੱਠੇ, ਖਾਣ-ਪੀਣ ਨੂੰ ਵੱਖ ਵੱਖ, ਲੜਨ-ਭਿੜਨ ਨੂੰ 'ਕੱਠੇ।' ਮੇਰਾ ਤਜਰਬਾ ਇਹ ਹੈ ਕਿ ਇਹ ਗੱਲ ਨਿਰੀ ਚੀਮਿਆਂ-ਚੱਠਿਆਂ ਤੇ ਹੀ ਨਹੀਂ ਢੁਕਦੀ, ਸਾਰੇ ਜੱਟਾਂ, ਸਗੋਂ ਸਾਰੇ ਗ਼ੈਰ-ਜੱਟ ਸਿੱਖਾਂ ਲਈ ਵੀ ਠੀਕ ਹੈ। ਸੱਤਾਹੀਨ ਹੋ ਕੇ ਉਹ ਡੱਟ ਕੇ ਵਿਰੋਧੀ ਦਾ ਮੁਕਾਬਲਾ ਕਰਦੇ ਹਨ, ਪਰ ਜਦ ਕੁਰਬਾਨੀਆਂ ਸਦਕਾ ਸੱਤਾ ਵਿਚ ਆ ਜਾਂਦੇ ਹਨ, ਤਾਂ ਇਕ ਦੂਜੇ ਦੀਆਂ ਟੰਗਾਂ ਖਿੱਚ ਕੇ ਕੁਰਸੀ ਤੇ ਬੈਠਿਆਂ ਨੂੰ ਅਵੱਸ਼ ਡੇਗ ਦੇਂਦੇ ਹਨ। ਉਨ੍ਹਾਂ ਦੇ ਇਕੱਠੇ ਹੋ ਕੇ ਜੂਝਣ ਬਾਰੇ ਅਸੀਂ ਹੁਣੇ ਹੀ ਵਿਸਥਾਰ-ਪੂਰਬਕ ਬਿਆਨ ਕਰ ਰਹੇ ਹਾਂ। ਜਿਵੇਂ ਪਹਿਲਾਂ ਦਸਿਆ ਗਿਆ ਹੈ, 1972 ਤੋਂ ਜੂਨ 1977 ਤਕ ਪੰਜਾਬ ਵਿਚ ਕਾਂਗਰਸ ਦਾ ਰਾਜ ਰਿਹਾ। ਇਸ ਦੌਰਾਨ 1975 ਵਿਚ ਇਕ ਵੱਡਾ ਧਮਾਕਾ ਹੋਇਆ। ਲੋਕ ਸਭਾ ਦੀਆਂ ਚੋਣਾਂ ਵਿਚ ਸ੍ਰੀਮਤੀ ਇੰਦਰਾ ਗਾਂਧੀ ਰਾਏ ਬਰੇਲੀ ਦੇ ਹਲਕੇ ਤੋਂ ਸਫ਼ਲ ਹੋਏ ਸਨ। ਉਨ੍ਹਾਂ ਦੇ ਵਿਰੋਧੀ ਉਮੀਦਵਾਰ ਰਾਜ ਨਰਾਇਣ ਨੇ ਉਨ੍ਹਾਂ ਦੇ ਵਿਰੁੱਧ ਅਲਾਹਬਾਦ ਹਾਈ ਕੋਰਟ ਵਿਚ ਚੋਣ-ਉਜ਼ਰਦਾਰੀ ਦਾਇਰ ਕੀਤੀ ਹੋਈ ਸੀ। ਜੂਨ 1975 ਵਿਚ ਹਾਈ ਕੋਰਟ ਨੇ ਨਾ-ਕੇਵਲ ਉਨ੍ਹਾਂ ਦੀ ਚੋਣ ਰੱਦ ਕਰ ਦਿੱਤੀ, ਸਗੋਂ ਉਨ੍ਹਾਂ ਨੂੰ ਛੇ ਸਾਲ ਲਈ ਚੋਣ ਲੜਨ ਦੇ ਅਯੋਗ ਕਰਾਰ ਦੇ ਦਿੱਤਾ। ਇਸ ਉੱਤੇ ਸਭ ਵਿਰੋਧੀ ਪਾਰਟੀਆਂ ਨੇ ਮਿਲ ਕੇ ਜ਼ੋਰਦਾਰ ਆਵਾਜ਼ ਉਠਾਈ ਕਿ ਇੰਦਰਾ ਫ਼ੌਰਨ ਪ੍ਰਧਾਨ ਮੰਤਰੀ ਦੇ ਪੱਦ ਤੋਂ ਹਟ ਜਾਏ। ਸ੍ਰੀਮਤੀ ਗਾਂਧੀ ਨੇ ਝਟ ਪਟ ਸੁਪਰੀਮ ਕੋਰਟ ਵਿਚ ਅਪੀਲ ਕਰ ਕੇ ਆਪਣੀ ਚੋਣ ਰੱਦ ਹੋਣ ਤੋਂ ਰੁਕਵਾ ਲਈ, ਪਰ ਜਨਤਾ ਦੇ ਜ਼ੋਰਦਾਰ ਵਿਖਾਵਿਆਂ ਤੋਂ ਘਬਰਾ ਕੇ 25 ਜੂਨ 1975 ਰਾਤ ਨੂੰ ਰਾਸ਼ਟਰਪਤੀ ਕੋਲੋਂ ਦੇਸ ਵਿਚ ਅੰਦਰੂਨੀ ਆਪਾਤ-ਸਥਿਤੀ ਲਾਗੂ ਕਰਵਾ ਦਿੱਤੀ। ਰਾਤੋ ਰਾਤ ਵਿਰੋਧੀ ਪਾਰਟੀਆਂ ਦੇ ਸਭ ਉੱਘੇ ਆਗੂਆਂ ਤੇ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਵਿਚ ਸਰਵ ਸ੍ਰੀ ਜੈ ਪ੍ਰਕਾਸ਼ ਨਰਾਇਣ, ਮੁਰਾਰਜੀ ਡੇਸਾਈ, ਚਰਨ ਸਿੰਘ, ਅਟਲ ਬਿਹਾਰੀ ਵਾਜਪਾਈ, ਰਾਜ ਨਰਾਇਣ ਤੇ ਦੇਵੀ ਲਾਲ ਸ਼ਾਮਲ ਸਨ। ਪੰਜਾਬ ਵਿੱਚੋਂ ਜਨ-ਸੰਘ ਦੇ ਮੁਖੀ ਆਗੂ—ਡਾਕਟਰ ਬਲਦੇਵ ਪ੍ਰਕਾਸ਼ ਤੇ ਬਲਰਾਮ ਜੀ ਦਾਸ ਟੰਡਨ ਗ੍ਰਿਫ਼ਤਾਰ

ਕੀਤੇ ਗਏ। ਪਹਿਲੇ ਦਿਨ ਹੀ ਗ੍ਰਿਫ਼ਤਾਰੀਆਂ ਦੀ ਗਿਣਤੀ ਤਿੰਨ ਹਜ਼ਾਰ ਤੋਂ ਵਧ ਹੋ ਗਈ। ਪਰ ਹੈਰਾਨੀ ਦੀ ਗੱਲ ਇਹ ਸੀ ਕਿ 10 ਦਿਨ ਬੀਤ ਜਾਣ ਤੇ ਵੀ ਕਿਸੇ ਅਕਾਲੀ ਆਗੂ ਨੂੰ ਹੱਥ ਨਹੀਂ ਪਾਇਆ ਗਿਆ ਸੀ। ਕਿਹਾ ਜਾਂਦਾ ਹੈ ਕਿ ਸ੍ਰੀਮਤੀ ਗਾਂਧੀ ਅਕਾਲੀਆਂ ਨੂੰ ਹੋਰ ਵਿਰੋਧੀ ਪਾਰਟੀਆਂ ਤੋਂ ਅਲੱਗ-ਥਲੱਗ ਰਖਣਾ ਚਾਹੁੰਦੀ ਸੀ। ਉਨ੍ਹਾਂ ਨੂੰ ਮਹਾਰਾਜਾ ਅਮਰਿੰਦਰ ਸਿੰਘ ਦੀ ਰਾਹੀਂ ਆਸ਼ਵਾਸਨ ਦਿੱਤਾ ਜਾ ਰਿਹਾ ਸੀ ਕਿ ਉਨ੍ਹਾਂ ਦੀਆਂ ਸਭ ਮੰਗਾਂ ਪ੍ਰਵਾਨ ਕਰ ਲਈਆਂ ਜਾਣਗੀਆਂ। ਪਰ ਸਿਖ ਆਖ਼ਰ ਸਿਖ ਸਨ। ਉਹ ਇੰਨੇ ਵੱਡੇ ਅਨਿਆਂ ਨੂੰ ਕਿਵੇਂ ਚੁਪ ਕਰ ਕੇ ਬਰਦਾਸ਼ਤ ਕਰ ਲੈਂਦੇ। ਉਹ ਸਭ ਤੋਂ ਮੂਹਰੇ ਨਿੱਤਰੇ; ਮੂਹਰੇ ਹੀ ਨਹੀਂ, ਇਕੱਲੇ ਉਹ ਹੀ ਨਿੱਤਰੇ। ਇਸ ਵੇਲੇ ਸਾਰੇ ਦੇਸ ਵਿਚ ਮੁਰਦਿਹਾਣ ਵਰਤ ਗਈ ਸੀ। ਕੋਈ ਬੰਦਾ ਐਮਰਜੈਂਸੀ ਦੇ ਵਿਰੁਧ ਆਵਾਜ਼ ਨਹੀਂ ਉਠਾਂਦਾ ਸੀ। ਅਖ਼ਬਾਰਾਂ ਉੱਤੇ ਸੈਂਸਰ ਸੀ ਤੇ ਉਹ ਦੱਬੀਆਂ ਹੋਈਆਂ ਸਨ। ਪਰ ਅਕਾਲੀਆਂ ਨੇ ਵੱਡੇ ਪੈਮਾਨੇ ਉੱਤੇ ਐਮਰਜੈਂਸੀ ਦਾ ਵਿਰੋਧ ਕਰਨ ਅਤੇ ਸ਼ਹਿਰੀ ਆਜ਼ਾਦੀ ਨੂੰ ਬਹਾਲ ਕਰਨ ਲਈ ਸੰਘਰਸ਼ ਕਰਨ ਦਾ ਫ਼ੈਸਲਾ ਕਰ ਲਿਆ। 8 ਜੁਲਾਈ 1975 ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਮਤਾ ਪਾਸ ਕੀਤਾ ਕਿ ਉਹ ਅਯੋਗ ਤੇ ਬੇਲੋੜੀ ਐਮਰਜੈਂਸੀ ਦਾ ਲਗਾਤਾਰ ਵਿਰੋਧ ਕਰਨਗੇ। ਦੂਜੇ ਦਿਨ 9 ਜੁਲਾਈ ਨੂੰ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਅਰਦਾਸਾ ਸੋਧ ਕੇ ਮੋਰਚਾ ਅਰੰਭ ਕਰ ਦਿੱਤਾ ਗਿਆ। ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਮੋਰਚੇ ਕੇ ਡਿਕਟੇਟਰ ਥਾਪੇ ਗਏ। ਉਸੇ ਦਿਨ ਸਾਰੇ ਪ੍ਰਮੁਖ ਆਗੂਆਂ ਨੇ ਐਮਰਜੈਂਸੀ ਦੇ ਵਿਰੁੱਧ "ਤਾਨਾਸ਼ਾਹੀ ਨਹੀਂ ਚਲੇਗੀ" ਆਦਿ ਨਾਹਰੇ ਮਾਰ ਕੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਇਨ੍ਹਾਂ ਵਿਚ ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ, ਆਤਮਾ ਸਿੰਘ ਤੇ ਬਸੰਤ ਸਿੰਘ ਖ਼ਾਲਸਾ ਸ਼ਾਮਲ ਸਨ। ਉਸੇ ਦਿਨ ਪੰਜਾਬ ਦੇ ਵੱਡੇ ਵੱਡੇ ਸ਼ਹਿਰਾਂ ਦੀਆਂ ਕਚਹਿਰੀਆਂ ਵਿਚ ਸੈਂਕੜੇ ਅਕਾਲੀਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਤੇ ਮੋਰਚਾ ਅਰੰਭ ਹੋ ਗਿਆ। ਹਰ ਰੋਜ਼ ਅਕਾਲ ਤਖ਼ਤ ਸਾਹਿਬ ਤੋਂ ਸਤਿਆਗ੍ਰਹਿ ਲਈ ਜਥੇ ਜਾਣੇ ਸ਼ੁਰੂ ਹੋ ਗਏ। ਇਸ ਦੇ ਨਾਲ ਹੀ ਵੱਖ ਵੱਖ ਮੌਕਿਆਂ ਤੇ ਅਕਾਲੀ ਵਿਧਾਇਕ ਵੀ ਗ੍ਰਿਫ਼ਤਾਰ ਹੁੰਦੇ ਰਹੇ। 1976 ਦੀ ਵਿਸਾਖੀ ਵਾਲੇ ਦਿਨ ਜਥੇਦਾਰ ਮੋਹਨ ਸਿੰਘ ਤੁੜ ਮੋਰਚੇ ਦਾ ਸੰਚਾਲਣ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸੌਂਪ ਕੇ ਆਪ ਇਕ ਜਥੇ ਨਾਲ ਗ੍ਰਿਫ਼ਤਾਰ ਹੋ ਗਏ। ਆਪਣੀ ਭਜਨ-ਬੰਦਗੀ ਤੇ ਆਚਰਨ ਦੀ ਪਵਿੱਤਰਤਾ ਕਰਕੇ ਸੰਤ ਜੀ ਦੀ ਆਪਣੇ ਇਲਾਕੇ ਵਿਚ ਬੜੀ ਮਾਨ-ਪ੍ਰਤਿਸ਼ਟਾ ਸੀ ਤੇ ਉਹ ਪੰਜਾਬ ਅਸੈਂਬਲੀ ਦੇ ਮੈਂਬਰ ਵੀ ਚੁਣੇ ਗਏ ਸਨ। ਉਸ ਵੇਲੇ ਤਕ ਉਨ੍ਹਾਂ ਨੇ ਰਾਜਨੀਤੀ ਵਿਚ ਕੋਈ ਪ੍ਰਭਾਵਿਕ ਹਿੱਸਾ ਨਹੀਂ ਲਿਆ ਸੀ। ਪਰ ਹੁਣ ਉਨ੍ਹਾਂ ਨੇ ਇੰਨੀ ਯੋਗਤਾ ਤੇ ਸੂਝ-ਬੂਝ ਨਾਲ ਮੋਰਚਾ ਚਲਾਇਆ ਕਿ ਉਹ ਅਕਾਲੀ ਆਗੂਆਂ ਦੀ ਪਹਿਲੀ ਕਤਾਰ ਵਿਚ ਗਿਣੇ ਜਾਣ ਲਗ ਪਏ। ਅਨੁਮਾਨ ਹੈ ਕਿ 19 ਮਹੀਨਿਆਂ ਵਿਚ ਲਗ ਪਗ 43000 ਵਰਕਰਾਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ। ਘੋਰ ਅਨਿਆਂ ਦੇ ਵਿਰੁੱਧ ਸਿੱਖਾਂ ਨੇ ਦਲੇਰੀ ਤੇ ਬਹਾਦਰੀ ਨਾਲ ਮੋਰਚਾ ਲਾ ਕੇ ਸਿਖ ਇਤਿਹਾਸ ਦੀਆਂ ਸ਼ਾਨਦਾਰ ਪ੍ਰੰਪਰਾਵਾਂ ਨੂੰ ਸੁਰਜੀਤ ਕਰ ਦਿੱਤਾ ਸੀ। ਪਰ ਆਉਣ ਵਾਲੇ ਸਮੇਂ ਦੇ ਹਾਲਾਤ ਦੱਸਣਗੇ ਕਿ ਇੰਦਰਾ ਗਾਂਧੀ ਨੇ ਵੀ ਸਿੱਖਾਂ ਨੂੰ ਇਸ ਜੁਰਅਤ ਲਈ ਕਦੇ ਮਾਫ਼ ਨਾ ਕੀਤਾ।

ਆਖ਼ਰ 20 ਜਨਵਰੀ 1977 ਨੂੰ ਪ੍ਰਧਾਨ ਮੰਤਰੀ ਨੇ ਐਮਰਜੈਂਸੀ ਖ਼ਤਮ ਕਰ ਕੇ ਲੋਕ ਸਭਾ ਲਈ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ। ਸਾਰੇ ਕੈਦੀ ਰਿਹਾ ਕਰ ਦਿੱਤੇ ਗਏ। ਚੋਣਾਂ ਨੇੜੇ ਆਈਆਂ, ਤਾਂ ਸੱਜੇ-ਪੱਖੀ ਕਮਿਊਨਿਸਟਾਂ ਤੋਂ ਬਿਨਾਂ ਸਭ ਵਿਰੋਧੀ ਪਾਰਟੀਆਂ—ਅਸੰਤੁਸ਼ਟ ਕਾਂਗਰਸੀਆਂ, ਸੋਸ਼ਲਿਸਟਾਂ ਤੇ ਜਨ-ਸੰਘੀਆਂ ਆਦਿ ਨੇ ਜਨਤਾ ਦਲ ਦੇ ਨਾਂ ਹੇਠ ਇਕ ਨਵੀਂ

ਪਾਰਟੀ ਬਣਾ ਲਈ। ਬਾਬੂ ਜਗਜੀਵਨ ਰਾਮ ਵਰਗੇ ਕਈ ਉੱਘੇ ਇੰਦਰਾ-ਪੱਖੀ ਕਾਂਗਰਸੀ ਵੀ ਇਸ ਦਲ ਵਿਚ ਸ਼ਾਮਲ ਹੋ ਗਏ। ਐਮਰਜੈਂਸੀ ਦੇ ਸਮੇਂ ਸਰਕਾਰ ਨੇ ਆਮ ਲੋਕਾਂ ਉੱਤੇ ਬੜੀਆਂ ਸਖ਼ਤੀਆਂ ਕੀਤੀਆਂ ਸਨ; ਵਿਸ਼ੇਸ਼ ਕਰਕੇ ਇੰਦਰਾ ਦੇ ਛੋਟੇ ਪੁੱਤਰ ਸੰਜੇ ਗਾਂਧੀ ਨੇ ਪਰਵਾਰ ਨਿਯੋਜਨ ਤੇ ਸਫ਼ਾਈ-ਅਭੀਯਾਨ ਦੇ ਨਾਂ ਹੇਠ ਗ਼ਰੀਬ ਤੇ ਕਮਜ਼ੋਰ ਵਰਗਾਂ ਦਾ ਜੀਊਣਾ ਹਰਾਮ ਕਰ ਦਿੱਤਾ ਸੀ। ਅਖ਼ਬਾਰਾਂ ਉੱਤੇ ਅਯੋਗ ਪਾਬੰਦੀਆਂ ਲਗ ਗਈਆਂ ਸਨ। ਸੋ ਇਸ ਵੇਲੇ ਹਵਾ ਜਨਤਾ ਪਾਰਟੀ ਦੇ ਹੱਕ ਵਿਚ ਸੀ। ਸ਼ਾਇਦ ਆਜ਼ਾਦੀ ਮਿਲਣ ਤੋਂ ਪਿੱਛੋਂ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰੀ ਕਿਸੇ ਪਾਰਟੀ ਨੇ ਸਿੱਖਾਂ ਦੀ ਮਹਾਨਤਾ ਦਾ ਇਕਬਾਲ ਕੀਤਾ ਸੀ। ਸ਼੍ਰੋਮਣੀ ਅਕਾਲੀ ਦਲ ਜਨਤਾ ਪਾਰਟੀ ਵਿਚ ਸ਼ਾਮਲ ਨਹੀਂ ਹੋਇਆ ਸੀ, ਪਰ ਇਹ ਵੇਖ ਕੇ ਕਿ ਐਮਰਜੈਂਸੀ ਦਾ ਵਿਰੋਧ ਕਰਨ ਵਿਚ ਸਭ ਤੋਂ ਮੂਹਰੇ ਸੀ ਤੇ ਕੇਵਲ ਇੱਸੇ ਨੇ ਸ਼ਹਿਰੀ ਆਜ਼ਾਦੀ ਦੀ ਬਹਾਲੀ ਲਈ ਵੱਧ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਸਨ, ਜਨਤਾ ਦਲ ਨੇ ਪੰਜਾਬ ਵਿਚ ਲੋਕ ਸਭਾ ਦੀਆਂ 13 ਸੀਟਾਂ ਵਿੱਚੋਂ 9 ਉੱਤੇ ਅਕਾਲੀ ਦਲ ਦੇ ਉਮੀਦਵਾਰ ਖੜੇ ਕੀਤੇ, ਜੋ ਸਾਰੇ ਦੇ ਸਾਰੇ ਕਾਮਯਾਬ ਹੋ ਗਏ। ਬਾਕੀ ਦੀਆਂ ਚਾਰ ਸੀਟਾਂ ਉੱਤੇ ਦੋ ਕਮਿਊਨਿਸਟ ਤੇ ਦੋ ਜਨ-ਸੰਘੀ ਕਾਮਯਾਬ ਹੋਏ। ਪੰਜਾਬ ਵਿਚ ਕਾਂਗਰਸ ਦਾ ਸਫ਼ਾਇਆ ਹੋ ਗਿਆ। ਇੰਦਰਾ ਗਾਂਧੀ ਤੇ ਉਨ੍ਹਾਂ ਦਾ ਪੁੱਤਰ ਸੰਜੇ ਦੋਵੇਂ ਹਾਰ ਗਏ। ਲੋਕ ਸਭਾ ਦੀਆਂ ਲਗ ਪਗ 550 ਸੀਟਾਂ ਵਿਚੋਂ ਕਾਂਗਰਸ ਨੂੰ ਕੇਵਲ 153 ਸੀਟਾਂ ਮਿਲੀਆਂ ਤੇ ਉਹ ਵੀ ਕੁਝ ਚਿਰ ਬਾਅਦ ਦੋ ਗਰੁੱਪਾਂ ਵਿਚ ਵੰਡੀਆਂ ਗਈਆਂ।

ਕੇਂਦਰ ਵਿਚ ਪਹਿਲੀ ਵਾਰ ਗ਼ੈਰ-ਕਾਂਗਰਸੀ ਵਜ਼ਾਰਤ ਕਾਇਮ ਹੋਈ। ਇਸ ਵੇਲੇ ਜਨਤਾ ਪਾਰਟੀ ਵਿਚ ਤਿੰਨ ਉੱਘੇ ਆਗੂ—ਸ੍ਰੀ ਮੁਰਾਰਜੀ ਡੇਸਾਈ, ਚੌਧਰੀ ਚਰਨ ਸਿੰਘ ਤੇ ਬਾਬੂ ਜਗਜੀਵਨ ਰਾਮ ਪ੍ਰਧਾਨ ਮੰਤਰੀ ਪਦ ਲਈ ਉਮੀਦਵਾਰ ਸਨ। ਸ੍ਰੀ ਜੈ ਪ੍ਰਕਾਸ਼ ਨਰਾਇਣ ਨੂੰ ਸਾਲਸੀ ਕਰਨ ਲਈ ਆਖਿਆ ਗਿਆ ਤੇ ਉਨ੍ਹਾਂ ਨੇ ਮੈਂਬਰਾਂ ਦੀ ਵਿਅਕਤੀਗਤ ਰਾਏ ਲੈ ਕੇ ਡੇਸਾਈ ਦੇ ਹੱਕ ਵਿਚ ਫ਼ੈਸਲਾ ਕਰ ਦਿੱਤਾ। ਅਕਾਲੀ ਦਲ ਵਿੱਚੋਂ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਸਿੰਚਾਈ ਤੇ ਖੇਤੀਬਾੜੀ ਮੰਤਰੀ ਵਜੋਂ ਮੰਤਰੀ-ਮੰਡਲ ਵਿਚ ਲਿਆ ਗਿਆ ਤੇ ਸ. ਧੰਨਾ ਸਿੰਘ ਗੁਲਸ਼ਨ ਨੂੰ ਸਿੱਖਿਆ ਤੇ ਕਲਿਆਨ ਵਿਭਾਗ ਦਾ ਰਾਜ-ਮੰਤਰੀ ਬਣਾਇਆ ਗਿਆ। ਇਸ ਤਰ੍ਹਾਂ ਪਹਿਲੀ ਵਾਰ ਅਕਾਲੀ ਦਲ ਦੇ ਪ੍ਰਤਿਨਿਧ ਕੇਂਦਰੀ ਵਜ਼ਾਰਤ ਵਿਚ ਸ਼ਾਮਲ ਹੋਏ। ਜਦ ਬਾਦਲ ਸਾਹਿਬ ਲੋਕ ਸਭਾ ਤੋਂ ਅਸਤੀਫ਼ਾ ਦੇ ਕੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣ ਗਏ, ਤਾਂ ਉਨ੍ਹਾਂ ਦੀ ਥਾਂ ਸ. ਸੁਰਜੀਤ ਸਿੰਘ ਬਰਨਾਲਾ ਨੂੰ ਸਿੰਚਾਈ ਤੇ ਖੇਤੀਬਾੜੀ ਮੰਤਰੀ ਬਣਾ ਦਿੱਤਾ ਗਿਆ। ਇਨ੍ਹਾਂ ਤੋਂ ਬਿਨਾਂ ਅਕਾਲੀ ਦਲ ਦੇ ਸਭ ਮੁਖੀ ਆਗੂ—ਜਥੇਦਾਰ ਟੌਹੜਾ, ਜਥੇਦਾਰ ਤਲਵੰਡੀ, ਜਥੇਦਾਰ ਮੋਹਨ ਸਿੰਘ ਤੁੜ ਤੇ ਸ. ਬਸੰਤ ਸਿੰਘ ਖ਼ਾਲਸਾ ਲੋਕ ਸਭਾ ਦੇ ਮੈਂਬਰ ਬਣ ਗਏ ਸਨ। ਜਦ ਸਰਦਾਰ ਬਾਦਲ ਦੇ ਪੰਜਾਬ ਅਸੈਂਬਲੀ ਦਾ ਮੈਂਬਰ ਚੁਣੇ ਜਾਣ ਦੇ ਕਾਰਨ ਲੋਕ ਸਭਾ ਦੀ ਸੀਟ ਖ਼ਾਲੀ ਹੋਈ, ਤਾਂ ਅਕਾਲੀ ਦਲ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਇਸ ਸੀਟ ਲਈ ਖੜੇ ਕਰਨ ਦਾ ਫ਼ੈਸਲਾ ਕੀਤਾ, ਪਰ ਉਨ੍ਹਾਂ ਨੇ ਖੜੇ ਹੋਣਾ ਪ੍ਰਵਾਨ ਨਾ ਕੀਤਾ। ਉਨ੍ਹਾਂ ਦੀ ਸਿਫ਼ਾਰਸ਼ ਉੱਤੇ ਸ. ਬਲਵੰਤ ਸਿੰਘ ਰਾਮੂੰਵਾਲੀਆ ਨੂੰ ਟਿਕਟ ਦਿੱਤੀ ਗਈ, ਜੋ ਕਾਮਯਾਬ ਹੋ ਗਏ।

ਛੇਤੀ ਪਿਛੋਂ ਜਨਤਾ ਦਲ ਸਰਕਾਰ ਨੇ ਵਿਧਾਨ ਸਭਾਵਾਂ ਭੰਗ ਕਰ ਕੇ ਨਵੀਆਂ ਚੋਣਾਂ ਕਰਵਾਈਆਂ। ਇਸ ਵੇਲੇ ਵੀ ਪੰਜਾਬ ਵਿਚ ਅਕਾਲੀ ਦਲ, ਜਨਤਾ ਪਾਰਟੀ ਤੇ ਕਮਿਊਨਿਸਟ ਪਾਰਟੀ ਨੇ ਇਹ ਚੋਣਾਂ ਮਿਲ ਕੇ ਲੜੀਆਂ ਤੇ ਇਨ੍ਹਾਂ ਵਿਚ ਵੀ ਅਕਾਲੀ ਦਲ ਨੂੰ ਵਿਸ਼ੇਸ਼ ਮਹਾਨਤਾ ਦਿੱਤੀ ਗਈ। ਇਸ ਦੇ 59 ਉਮੀਦਵਾਰ ਕਾਮਯਾਬ ਹੋ ਗਏ। ਜਨਤਾ ਦਲ ਤੇ ਕਮਿਊਨਿਸਟ ਪਾਰਟੀ ਦੇ 35 ਉਮੀਦਵਾਰ ਸਫ਼ਲ ਹੋਏ ਤੇ ਕਾਂਗਰਸ ਕੇਵਲ 17 ਸੀਟਾਂ ਲਿਜਾ ਸਕੀ। ਸਰਦਾਰ

ਬਾਦਲ ਸੰਯੁਕਤ ਵਿਧਾਇਕ ਦਲ ਦੇ ਨੇਤਾ ਚੁਣੇ ਗਏ ਤੇ ਉਹ 20 ਜੂਨ 1977 ਨੂੰ ਪੰਜਾਬ ਦੇ ਮੁੱਖ ਮੰਤਰੀ ਬਣ ਗਏ। ਇਸ ਵਾਰ ਬਾਦਲ ਸਰਕਾਰ ਕੁਝ ਸ਼ਾਂਤ ਵਾਤਾਵਰਨ ਵਿਚ ਕੰਮ ਸ਼ੁਰੂ ਕਰ ਸਕੀ। ਉਸ ਨੇ ਸਭ ਤੋਂ ਪਹਿਲਾਂ ਚਿਰ ਤੋਂ ਲਟਕਦੇ ਆ ਰਹੇ ਥੀਨ ਡੈਮ ਦੀ ਸਮੱਸਿਆ ਹੱਲ ਕੀਤੀ ਤੇ ਕੇਂਦਰੀ ਸਰਕਾਰ ਤੋਂ ਇਸ ਨੂੰ ਛੇਤੀ ਮੁਕੰਮਲ ਕਰਵਾਣ ਦੀ ਪ੍ਰਵਾਨਗੀ ਲਈ। ਕਿਸਾਨਾਂ ਦਾ ਜੀਵਨ-ਪੱਧਰ ਉੱਚਾ ਚੁੱਕਣ ਤੇ ਪਿੰਡਾਂ ਦਾ ਵਿਕਾਸ ਕਰਨ ਲਈ ਕਈ ਕਦਮ ਚੁੱਕੇ ਗਏ। ਇਹ ਕੰਮ ਬੜਾ ਮਹਾਨ ਸੀ, ਇਸ ਲਈ 117 ਬਲਾਕਾਂ ਵਿਚੋਂ ਹਰੇਕ ਬਲਾਕ ਦੇ ਪੰਜ ਪੰਜ ਪਿੰਡਾਂ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨ ਤੇ ਹੋਰ ਸਹੂਲਤਾਂ ਦੇਣ ਦਾ ਕੰਮ ਅਰੰਭਿਆ ਗਿਆ। ਅੰਮ੍ਰਿਤਸਰ ਸ਼ਹਿਰ ਦਾ ਚਾਰ-ਸੌ-ਸਾਲਾਨਾ ਦਿਵਸ ਧੂਮ ਧਾਮ ਨਾਲ ਮਨਾਇਆ ਗਿਆ ਤੇ ਇਸ ਸ਼ਹਿਰ ਨੂੰ ਹਰ ਤਰ੍ਹਾਂ ਸੁੰਦਰ ਬਣਾਉਣ ਲਈ ਦਸ ਕਰੋੜ ਰੁਪਏ ਖ਼ਰਚੇ ਗਏ। 1978 ਵਿਚ ਲੁਧਿਆਣੇ ਸਰਬ-ਹਿੰਦ ਅਕਾਲੀ ਕਾਨਫਰੰਸ ਹੋਈ। ਇਸ ਸਮਾਗਮ ਵਿਚ 1973 ਵਿਚ ਪਾਸ ਕੀਤੇ ਗਏ ਅਨੰਦਪੁਰ ਸਾਹਿਬ ਦੇ ਮਤੇ ਨੂੰ ਦੁਹਰਾਇਆ ਗਿਆ ਤੇ ਕੇਂਦਰੀ ਸਰਕਾਰ ਤੋਂ ਮੰਗ ਕੀਤੀ ਗਈ ਕਿ ਭਾਰਤ ਦੇ ਸੰਵਿਧਾਨ ਵਿਚ ਸੋਧ ਕਰ ਕੇ ਇਸ ਨੂੰ ਪੂਰਨ ਰੂਪ ਵਿਚ ਫ਼ੈਡਰਲ ਬਣਾਇਆ ਜਾਏ, ਰਾਜਾਂ ਨੂੰ ਵਧੇਰੇ ਆਰਥਿਕ ਤੇ ਰਾਜਨੀਤਿਕ ਅਧਿਕਾਰ ਦਿੱਤੇ ਜਾਣ ਅਤੇ ਵਿਦੇਸ਼, ਸੁਰੱਖਿਆ, ਸਿੱਕੇ ਤੇ ਸੰਚਾਰ-ਸਾਧਨ ਦੇ ਮਹਿਕਮਿਆਂ ਤੋਂ ਬਿਨਾਂ ਬਾਕੀ ਸਭ ਮਹਿਕਮੇ ਰਾਜਾਂ ਦੇ ਸੁਪਰਦ ਕੀਤੇ ਜਾਣ।

ਇਹ ਵੀ ਸ਼ੁਕਰ ਵਾਲੀ ਗੱਲ ਸੀ ਕਿ ਐਤਕੀ ਆਪੋ ਵਿਚਲੀ ਖਟਪਟ ਦੇ ਕਾਰਨ ਕੋਈ ਗੰਭੀਰ ਸੰਕਟ ਪੈਦਾ ਨਹੀਂ ਸੀ ਹੋਇਆ, ਭਾਵੇਂ ਨਿੱਕੀਆਂ-ਮੋਟੀਆਂ ਚੋਭਾਂ ਤੇ ਕਲਕਲ ਲੱਗੀ ਹੀ ਰਹਿੰਦੀ ਸੀ। ਬਾਦਲ ਸਾਹਿਬ ਦੀ ਵਜ਼ਾਰਤ ਵਿਚ ਇਕ ਧੜੱਲੇਦਾਰ ਮੰਤਰੀ ਸਨ—ਸ. ਸੁਖਜਿੰਦਰ ਸਿੰਘ ਵਿਦਿਆ-ਮੰਤਰੀ। ਉਨ੍ਹਾਂ ਨੂੰ ਕੁਝ ਨਿਕਟਵਰਤੀਆਂ ਨੇ ਇਹ ਖ਼ਿਆਲ ਦੇ ਦਿੱਤਾ ਸੀ ਕਿ ਕੇਵਲ ਉਹ ਹੀ ਮੁੱਖ ਮੰਤਰੀ ਬਣਨ ਦੇ ਯੋਗ ਹਨ ਤੇ ਉਨ੍ਹਾਂ ਨੇ ਇਸ ਦੀ ਪੂਰਤੀ ਲਈ ਜਤਨ ਸ਼ੁਰੂ ਕਰ ਦਿੱਤੇ ਸਨ। ਇਹਦੇ ਲਈ ਉਹ ਮੰਤਰੀ-ਮੰਡਲ ਦੀਆਂ ਬੈਠਕਾਂ ਵਿਚ ਮੁਖ ਮੰਤਰੀ ਦੀ ਬੇਲੋੜੀ ਤੇ ਕੁਝ ਕਰੜੀ ਨੁਕਤਾਚੀਨੀ ਕਰਦੇ ਰਹਿੰਦੇ ਸਨ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਤਲਵੰਡੀ ਤੇ ਮੁੱਖ ਮੰਤਰੀ ਦੇ ਵਿਚਕਾਰ ਵੀ ਉਹਾ ਜਿਹਾ ਵਾਦ-ਵਿਵਾਦ ਸ਼ੁਰੂ ਹੋ ਗਿਆ ਸੀ, ਜੋ ਸੰਤ ਫ਼ਤਿਹ ਸਿੰਘ ਤੇ ਜਸਟਿਸ ਗੁਰਨਾਮ ਸਿੰਘ ਦੇ ਵਿਚਕਾਰ ਹੋਇਆ ਸੀ। ਜਿੱਥੇ ਜਥੇਦਾਰ ਤਲਵੰਡੀ ਆਪਣੇ ਅਹੁਦੇ ਵਜੋਂ ਆਪਣੇ ਆਪ ਨੂੰ ਉੱਚਤਮ ਨੇਤਾ ਸਮਝਦੇ ਸਨ, ਉੱਥੇ ਬਾਦਲ ਸਾਹਿਬ ਮੁੱਖ ਮੰਤਰੀ ਹੋਣ ਦੇ ਨਾਤੇ ਆਪਣੇ ਆਪ ਨੂੰ ਸਰਵੁੱਚ ਸ਼ਾਸਕ। ਉਨ੍ਹਾਂ ਦੀ ਵਜ਼ਾਰਤ ਨਿਰੋਲ ਅਕਾਲੀ ਵਜ਼ਾਰਤ ਨਹੀਂ ਸੀ, ਇਹਦੇ ਵਿਚ ਜਨ-ਸੰਘ ਵੀ ਸ਼ਾਮਲ ਸੀ ਤੇ ਉਨ੍ਹਾਂ ਨੂੰ ਨਾਲ ਲੈ ਕੇ ਚਲਣਾ ਜ਼ਰੂਰੀ ਸੀ। ਪਰ ਤਲਵੰਡੀ ਹੋਰਾਂ ਨੂੰ ਸ਼ਿਕਾਇਤ ਸੀ ਕਿ ਬਾਦਲ ਸਾਹਿਬ ਦਲ ਦੀਆਂ ਨੀਤੀਆਂ ਅਨੁਸਾਰ ਕੰਮ ਨਹੀਂ ਕਰ ਰਹੇ, ਜਿਸ ਦਾ ਵਿਚਲਾ ਭਾਵ ਇਹ ਵੀ ਕਢਿਆ ਜਾ ਸਕਦਾ ਸੀ ਕਿ ਉਨ੍ਹਾਂ ਦੀਆਂ ਇੱਛਾਵਾਂ ਅਨੁਸਾਰ ਕੰਮ ਨਹੀਂ ਕਰ ਰਹੇ। ਹੋ ਸਕਦਾ ਹੈ ਕਿ ਅੰਦਰੋ ਅੰਦਰੀ ਸ. ਸੁਖਜਿੰਦਰ ਸਿੰਘ ਨੂੰ ਉਨ੍ਹਾਂ ਦੀ ਹਮਾਇਤ ਪ੍ਰਾਪਤ ਹੋਵੇ। ਪਰ ਜਦ ਸ. ਪ੍ਰਕਾਸ਼ ਸਿੰਘ ਬਾਦਲ ਨੇ ਵਿਦਿਆ ਮੰਤਰੀ ਦੇ ਵਤੀਰੇ ਬਾਰੇ ਤਲਵੰਡੀ ਸਾਹਿਬ ਕੋਲ ਸ਼ਿਕਾਇਤ ਕੀਤੀ, ਤਾਂ ਉਨ੍ਹਾਂ ਨੇ ਕਹਿ ਦਿੱਤਾ, "ਤੁਸੀਂ ਮੁੱਖ ਮੰਤਰੀ ਹੋ ਤੇ ਤੁਹਾਨੂੰ ਆਪਣੀ ਵਜ਼ਾਰਤ ਵਿੱਚੋਂ ਕਿਸੇ ਨੂੰ ਵੀ ਹਟਾਣ ਦਾ ਪੂਰਾ ਅਧਿਕਾਰ ਹੈ; ਤੁਸੀਂ ਉਨ੍ਹਾਂ ਨੂੰ ਕਢ ਕਿਉਂ ਨਹੀਂ ਦੇਂਦੇ ?" ਇਸ ਤਰ੍ਹਾਂ ਸ਼ਾਇਦ ਉਹ ਤਮਾਸ਼ਾ ਹੀ ਵੇਖਣਾ ਚਾਹੁੰਦੇ ਸਨ। ਪਰ ਤੰਗ ਆਏ ਹੋਏ ਮੁੱਖ ਮੰਤਰੀ ਨੇ ਆਖ਼ਰ ਸ. ਸੁਖਜਿੰਦਰ ਸਿੰਘ ਨੂੰ ਵਜ਼ਾਰਤ ਵਿੱਚੋਂ ਕਢ ਦਿੱਤਾ। ਇਸ ਤੋਂ ਬਾਅਦ ਜਥੇਦਾਰ

ਤਲਵੰਡੀ ਨੇ ਗਵਰਨਰ ਤੇ ਕੇਂਦਰੀ ਸਰਕਾਰ ਨੂੰ ਇਕ ਯਾਦ-ਪੱਤਰ ਦਿੱਤਾ, ਜਿਸ ਵਿਚ ਮੁੱਖ ਮੰਤਰੀ ਦੇ ਵਿਰੁੱਧ ਭ੍ਰਿਸ਼ਟਾਚਾਰ ਦੇ ਕਈ ਦੋਸ਼ ਲਾ ਕੇ ਉਨ੍ਹਾਂ ਨੂੰ ਬਰਖ਼ਾਸਤ ਕਰਨ ਦੀ ਮੰਗ ਕੀਤੀ ਗਈ। ਕਿੰਨੀ ਅਨੋਖੀ ਗੱਲ ਕਿ ਇਕ ਪਾਰਟੀ ਦਾ ਪ੍ਰਧਾਨ ਪਾਰਟੀ ਵਿਚ ਮਾਮਲਾ ਨਜਿੱਠਣ ਦੀ ਥਾਂ ਪਾਰਟੀ ਦੇ ਮੁੱਖ ਮੰਤਰੀ ਵਿਰੁੱਧ ਸ਼ਿਕਾਇਤ ਕਰ ਰਿਹਾ ਸੀ। ਪਰ ਇਸ ਯਾਦ-ਪੱਤਰ ਉੱਤੇ ਕੋਈ ਕਾਰਵਾਈ ਕਰਨ ਦੀ ਨੌਬਤ ਹੀ ਨਾ ਆਈ ਤੇ ਅਸੀਂ ਹੁਣੇ ਹੀ ਇਸ ਦਾ ਕਾਰਨ ਵੇਖਾਂਗੇ।

ਜਨਤਾ ਪਾਰਟੀ ਵੀ ਭਾਨਮਤੀ ਦਾ ਪਟਾਰਾ ਹੀ ਸੀ। ਇਸ ਵਿਚ ਵਣ ਵਣ ਦੀ ਲਕੜੀ ਇਕੱਠੀ ਕੀਤੀ ਗਈ ਸੀ ਤੇ ਇਹ ਵੱਖ ਵੱਖ ਵਿਚਾਰ-ਧਾਰਾਵਾਂ ਵਾਲੀਆਂ ਕਈ ਪਾਰਟੀਆਂ ਨੂੰ ਮਿਲਾ ਕੇ ਇਕ ਪਰਪੰਚ ਰਚਿਆ ਗਿਆ ਸੀ। ਸ੍ਰੀ ਜੈ ਪ੍ਰਕਾਸ਼ ਨਰਾਇਣ ਦੀ ਸਾਲਸੀ ਸਦਕਾ ਮੁਰਾਰਜੀ ਡੇਸਾਈ ਪ੍ਰਧਾਨ ਮੰਤਰੀ ਤਾਂ ਬਣ ਗਏ ਸਨ, ਪਰ ਇਕ ਹੋਰ ਪ੍ਰਤਿਆਸੀ ਚੌਧਰੀ ਚਰਨ ਸਿੰਘ ਇਸ ਫ਼ੈਸਲੇ ਨਾਲ ਕਦੀ ਵੀ ਆਪਣੇ ਆਪ ਨੂੰ ਇਕ-ਸੁਰ ਨਹੀਂ ਕਰ ਸਕੇ ਸਨ ਤੇ ਉਨ੍ਹਾਂ ਦੇ ਅੰਦਰ ਪ੍ਰਧਾਨ ਮੰਤਰੀ ਬਣਨ ਦੀ ਅਭਿਲਾਸ਼ਾ ਉੱਸਲਵੱਟੇ ਲੈ ਰਹੀ ਸੀ। ਡੇਸਾਈ ਹੋਰਾਂ ਨਾਲ ਹਮੇਸ਼ਾ ਹੀ ਉਨ੍ਹਾਂ ਦੀ ਖਟਪਟ ਰਹਿੰਦੀ ਸੀ, ਜਿਸ ਕਰਕੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਗ੍ਰਹਿ ਮੰਤਰੀ ਦੇ ਮਹੱਤਵਪੂਰਨ ਮਹਿਕਮੇ ਤੋਂ ਵੀ ਵੰਚਿਤ ਕਰ ਦਿੱਤਾ ਸੀ। ਸੋ ਜਨਤਾ ਪਾਰਟੀ ਵਿਚ ਚੌਧਰੀ ਸਾਹਿਬ ਦੇ ਹਮਾਇਤੀਆਂ ਨੇ ਵਜ਼ਾਰਤ ਤੋਂ ਵੱਖ ਹੋ ਕੇ ਇਸ ਨੂੰ ਤੋੜਨ ਦਾ ਮਨ ਬਣਾ ਲਿਆ ਸੀ। ਇਨ੍ਹਾਂ ਵਿਚ ਇਕ ਸ਼ਰਾਰਤੀ ਤੇ ਮਸਖ਼ਰਾ ਮੰਤਰੀ ਰਾਜ ਨਰਾਇਣ ਵੀ ਸੀ, ਜੋ ਆਪਣੇ ਆਪ ਨੂੰ ਅਤਿ-ਅਧਕ ਮਹਾਨ ਨੇਤਾ ਸਮਝਦਾ ਸੀ। ਉਸ ਦਾ ਖ਼ਿਆਲ ਸੀ ਕਿ ਜਨਤਾ ਪਾਰਟੀ ਉਸ ਦੀ ਚੋਣ-ਉਜ਼ਰਦਾਰੀ ਦੇ ਕਾਰਨ ਹੀ ਸੱਤਾ ਵਿਚ ਆਈ ਹੈ, ਜੋ ਉਸ ਨੇ ਇੰਦਰਾ ਗਾਂਧੀ ਦੇ ਵਿਰੁੱਧ ਅਲਾਹਬਾਦ ਹਾਈ ਕੋਰਟ ਵਿਚ ਦਾਇਰ ਕੀਤੀ ਸੀ, ਇਸ ਲਈ ਉਹਨੂੰ ਪਾਰਟੀ ਵਿਚ ਵਿਸ਼ੇਸ਼ ਮਹਾਨਤਾ ਮਿਲਣੀ ਚਾਹੀਦੀ ਹੈ। ਉਹ ਸਮੇਂ ਸਮੇਂ ਕੋਈ ਨਾ ਕੋਈ ਬਖੇੜਾ ਪਾਈ ਹੀ ਰਖਦਾ ਸੀ। ਇਸ ਵੇਲੇ ਤਕ ਇੰਦਰਾ ਗਾਂਧੀ ਕਰਨਾਟਕ ਦੇ ਚਿਕਮੰਗਲੂਰ ਹਲਕੇ ਤੋਂ ਲੋਕ ਸਭਾ ਦੀ ਇਕ ਜ਼ਿਮਨੀ ਚੋਣ ਜਿੱਤ ਕੇ ਲੋਕ ਸਭਾ ਦੀ ਮੈਂਬਰ ਬਣ ਗਈ ਸੀ ਤੇ ਉਸ ਨੇ ਆਪਣੀ ਪਾਰਟੀ ਦੀ ਕਮਾਨ ਸੰਭਾਲ ਲਈ ਸੀ। ਰਾਜ ਨਰਾਇਣ ਨੇ ਉਨ੍ਹਾਂ ਦੇ ਪੁੱਤਰ ਸੰਜੇ ਗਾਂਧੀ ਨਾਲ ਮਿਲ ਕੇ ਇਕ ਖੜਯੰਤਰ ਰਚਿਆ ਕਿ ਕਾਂਗਰਸ ਚੌਧਰੀ ਚਰਨ ਸਿੰਘ ਦੀ ਹਮਾਇਤ ਕਰ ਕੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਾ ਦੇਵੇ। ਇੰਦਰਾ ਤਾਂ ਜਨਤਾ ਪਾਰਟੀ ਵਿਚ ਫੁੱਟ ਪੁਆਉਣ ਲਈ ਹਮੇਸ਼ਾ ਹੀ ਤਿਆਰ ਬੈਠੀ ਸੀ। ਜਦ ਉਸ ਨੇ ਰਾਜ ਨਰਾਇਣ ਨੂੰ ਚੌਧਰੀ ਸਾਹਿਬ ਦੀ ਹਮਾਇਤ ਦਾ ਆਸ਼ਵਾਸਨ ਦੇ ਦਿੱਤਾ, ਤਾਂ ਚਰਨ ਸਿੰਘ ਦੇ ਹਮਾਇਤੀ ਜਨਤਾ ਪਾਰਟੀ ਤੋਂ ਵਖ ਹੋ ਗਏ। ਇਸ ਤਰ੍ਹਾਂ ਸ੍ਰੀ ਮੁਰਾਰਜੀ ਡੇਸਾਈ ਘਟ-ਗਿਣਤੀ ਵਿਚ ਰਹਿ ਗਏ ਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਪਦ ਤੋਂ ਅਸਤੀਫ਼ਾ ਦੇ ਦਿੱਤਾ।

ਕਾਂਗਰਸ ਪਾਰਟੀ ਦੀ ਹਮਾਇਤ ਨਾਲ ਚੌਧਰੀ ਚਰਨ ਸਿੰਘ ਪ੍ਰਧਾਨ ਮੰਤਰੀ ਬਣਨ ਵਿਚ ਸਫ਼ਲ ਹੋ ਗਏ। ਪਰ ਰਾਸ਼ਟਰਪਤੀ ਨੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੀ ਸਹੁੰ ਇਸ ਸ਼ਰਤ ਉੱਤੇ ਚੁਕਾਈ ਸੀ ਕਿ ਉਹ ਇਕ ਮਹੀਨੇ ਦੇ ਅੰਦਰ ਅੰਦਰ ਲੋਕ ਸਭਾ ਦਾ ਸਮਾਗਮ ਸੱਦ ਕੇ ਉਹਦੇ ਵਿਚ ਆਪਣਾ ਬਹੁ-ਮਤ ਸਿੱਧ ਕਰ ਦੇਣ। ਜਦ ਇਕ ਮਹੀਨੇ ਦੇ ਬਾਅਦ ਲੋਕ ਸਭਾ ਦਾ ਸਮਾਗਮ ਸੱਦਿਆ ਗਿਆ, ਤਾਂ ਇੰਦਰਾ ਗਾਂਧੀ ਨੇ ਆਪਣਾ ਹੱਥ ਖਿਚ ਲਿਆ ਤੇ ਚੌਧਰੀ ਚਰਨ ਸਿੰਘ ਦੀ ਹਮਾਇਤ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਚਰਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਵਾਣ ਦਾ ਆਸ਼ਵਾਸਨ ਦਿੱਤਾ ਸੀ, ਜੋ ਪੂਰਾ ਕਰ ਦਿੱਤਾ, ਪਰ ਉਨ੍ਹਾਂ ਨੂੰ ਹਮੇਸ਼ਾ ਲਈ ਪ੍ਰਧਾਨ ਮੰਤਰੀ ਬਣਾਏ ਰੱਖਣ ਦੀ ਗਾਰੰਟੀ ਨਹੀਂ ਦਿੱਤੀ ਸੀ। ਬੜੀ ਦਿਲਚਸਪ ਤੇ ਹਾਸੋਹੀਣੀ

ਸਥਿਤੀ ਸੀ। ਲੋਕ ਸਭਾ ਦੇ ਸਮਾਗਮ ਵਿਚ ਮੈਂਬਰ ਪਹੁੰਚ ਗਏ ਸਨ, ਪਰ ਪ੍ਰਧਾਨ ਮੰਤਰੀ ਗ਼ਾਇਬ ਸਨ। ਉਹ ਇਕ ਦਿਨ ਲਈ ਵੀ ਮੈਂਬਰਾਂ ਦਾ ਸਾਹਮਣਾ ਨਹੀਂ ਕਰ ਸਕੇ ਸਨ। ਉਹ ਸਿੱਧੇ ਰਾਸ਼ਟਰਪਤੀ ਭਵਨ ਪਹੁੰਚੇ ਤੇ ਰਾਸ਼ਟਰਪਤੀ ਨੂੰ ਆਪਣਾ ਅਸਤੀਫ਼ਾ ਪੇਸ਼ ਕਰ ਦਿੱਤਾ। ਰਾਸ਼ਟਰਪਤੀ ਨੇ ਅਸਤੀਫ਼ਾ ਪ੍ਰਵਾਨ ਕਰ ਕੇ ਅਗਲਾ ਪ੍ਰਬੰਧ ਹੋਣ ਤਕ ਚੌਧਰੀ ਸਾਹਿਬ ਨੂੰ ਆਪਣੇ ਪਦ ਤੇ ਬਣੇ ਰਹਿਣ ਲਈ ਆਖ ਦਿੱਤਾ। ਇਸ ਵੇਲੇ ਬਾਬੂ ਜਗਜੀਵਨ ਰਾਮ ਨੇ ਲੋਕ ਸਭਾ ਵਿਚ ਆਪਣਾ ਬਹੁ-ਮਤ ਹੋਣ ਦਾ ਦਾਅਵਾ ਪੇਸ਼ ਕੀਤਾ, ਪਰ ਰਾਸ਼ਟਰਪਤੀ ਨੇ ਉਨ੍ਹਾਂ ਨੂੰ ਮੌਕਾ ਦਿੱਤੇ ਬਗ਼ੈਰ ਹੀ ਲੋਕ ਸਭਾ ਭੰਗ ਕਰ ਦਿੱਤੀ।

ਚੌਧਰੀ ਚਰਨ ਸਿੰਘ ਦਾ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਸਾਕਾਰ ਹੋ ਗਿਆ ਸੀ, ਭਾਵੇਂ ਇਹ ਕਿੰਨਾ ਥੋੜ੍ਹ-ਚਿਰਾ ਤੇ ਜ਼ਿਲ਼ਤ-ਭਰਿਆ ਸੀ। ਇਸ ਖਟਪਟੀ ਵਿਚ ਅਕਾਲੀ ਦਲ ਦੇ ਮੈਂਬਰ ਦੁਬਿਧਾ ਤੇ ਦੁਚਿਤੀ ਵਿਚ ਹੀ ਰਹੇ ਕਿ ਉਹ ਡੇਸਾਈ ਸਾਹਿਬ ਤੇ ਚੌਧਰੀ ਸਾਹਿਬ ਵਿੱਚੋਂ ਕਿਸ ਦਾ ਸਾਥ ਦੇਣ। ਡੇਸਾਈ ਸਾਹਿਬ ਨੇ ਕਦੇ ਵੀ ਅਕਾਲੀ ਦਲ ਦੀਆਂ ਮੰਗਾਂ ਦੀ ਹਮਾਇਤ ਨਹੀਂ ਕੀਤੀ ਸੀ, ਸਗੋਂ ਉਹ ਪੰਜਾਬੀ ਸੂਬੇ ਦੇ ਵੀ ਕੱਟੜ ਵਿਰੋਧੀ ਸੀ। ਚੌਧਰੀ ਚਰਨ ਸਿੰਘ ਜਾਟ ਤੇ ਕਿਸਾਨ ਜ਼ਰੂਰ ਸਨ, ਪਰ ਉਹ ਪੱਕੇ ਆਰੀਆ-ਸਮਾਜੀ ਸਨ ਤੇ ਜਿਵੇਂ ਬਾਅਦ ਵਿਚ ਉਨ੍ਹਾਂ ਨੇ ਸਪੱਸ਼ਟ ਆਖਿਆ, "ਉਨ੍ਹਾਂ ਦੇ ਖ਼ਿਆਲ ਵਿਚ ਪੰਜਾਬੀ ਸੂਬਾ ਬਣਾਨਾ ਹੀ ਮਹਾਨ ਗ਼ਲਤੀ ਸੀ।" ਸਗੋਂ ਉਹ ਪੰਜਾਬੀ ਨੂੰ ਹਿੰਦੀ ਦੀ ਇਕ ਉਪ-ਭਾਸ਼ਾ ਤੇ ਸਿੱਖਾਂ ਨੂੰ ਹਿੰਦੂਆਂ ਦਾ ਇਕ ਫ਼ਿਰਕਾ ਹੀ ਮੰਨਦੇ ਸਨ। ਸੋ ਅਕਾਲੀ ਮੈਂਬਰਾਂ ਨੇ ਇਸ ਸਮੇਂ ਕਿਸੇ ਦੀ ਵੀ ਹਮਾਇਤ ਨਾ ਕੀਤੀ ਤੇ ਨਾ ਹੀ ਉਹ ਚਰਨ ਸਿੰਘ ਦੀ ਕਿਸਾਨ ਰੈਲੀ ਵਿਚ ਸ਼ਾਮਲ ਹੋਏ। ਇਸ ਜੱਕੋ-ਤੱਕੀ ਤੇ ਦੁਚਿਤੀ ਵਾਲੀ ਨੀਤੀ ਦਾ ਨਤੀਜਾ ਇਹ ਹੋਇਆ ਕਿ ਉਹ ਰਾਸ਼ਟਰੀ ਪੱਧਰ ਤੇ ਆਪਣਾ ਕੋਈ ਪ੍ਰਭਾਵ ਨਾ ਪਾ ਸਕੇ। ਓਂ ਇਥੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਭਾਵੇਂ ਲਿਖਤ ਵਿਚ ਭਾਰਤ ਇਕ ਧਰਮ-ਨਿਰਪੇਖ ਦੇਸ ਹੈ, ਪਰ ਇਸ ਦਾ ਕੋਈ ਨੇਤਾ ਵੀ ਦੇਸ ਦੇ 80 ਪ੍ਰਤੀਸ਼ਤ ਬਹੁ-ਗਿਣਤੀ ਹਿੰਦੂਆਂ ਨੂੰ ਅੱਖੋਂ ਉਹਲੇ ਕਰ ਕੇ ਘੱਟ-ਗਿਣਤੀਆਂ ਦੀ ਹਮਾਇਤ ਕਰਨ ਦਾ ਖ਼ਤਰਾ ਨਹੀਂ ਲੈ ਸਕਦਾ। ਨਹਿਰੂ-ਗਾਂਧੀ ਪਰਵਾਰ ਤਾਂ ਸਿੱਖਾਂ ਦੇ ਵਿਰੁੱਧ ਹੈ ਹੀ ਸੀ, ਪਰ ਉਨ੍ਹਾਂ ਤੋਂ ਬਿਨਾਂ ਵੀ ਹੋਰ ਜਿੰਨੇ ਪ੍ਰਧਾਨ ਮੰਤਰੀ—ਵਿਸ਼ਵਾਨਾਥ ਪ੍ਰਤਾਪ ਸਿੰਘ ਜਾਂ ਚੰਦਰ ਸ਼ੇਖ਼ਰ ਆਦਿ ਬਣੇ ਹਨ, ਉਨ੍ਹਾਂ ਨੇ ਜ਼ਬਾਨੀ ਜਮ੍ਹਾ-ਖ਼ਰਚ ਤੋਂ ਬਿਨਾਂ ਸਿੱਖਾਂ ਦੀਆਂ ਮੰਗਾਂ ਬਾਰੇ ਕੋਈ ਕਦਮ ਨਹੀਂ ਚੁੱਕਿਆ।

1980 ਦੇ ਸ਼ੁਰੂ ਵਿਚ ਲੋਕ ਸਭਾ ਦੀਆਂ ਨਵੀਆਂ ਚੋਣਾਂ ਹੋਈਆਂ, ਤਾਂ ਕਾਂਗਰਸ ਮੁੜ ਕੇ ਭਾਰੀ ਬਹੁ-ਗਿਣਤੀ ਨਾਲ ਸੱਤਾ ਵਿਚ ਆ ਗਈ। ਜਨਤਾ ਪਾਰਟੀ ਤਿੰਨ ਚਾਰ ਹਿੱਸਿਆਂ ਵਿਚ ਵੰਡੀ ਗਈ ਸੀ—ਜਨਤਾ ਦਲ, ਲੋਕ ਦਲ ਤੇ ਭਾਰਤੀ ਜਨਤਾ ਪਾਰਟੀ ਆਦਿ। ਸਭ ਨੂੰ ਬਹੁਤ ਥੋੜ੍ਹੀਆਂ ਥੋੜ੍ਹੀਆਂ ਸੀਟਾਂ ਮਿਲੀਆਂ ਤੇ ਚੌਧਰੀ ਚਰਨ ਸਿੰਘ ਦੇ ਲੋਕ ਦਲ ਨੂੰ ਕੇਵਲ ਦੋ। ਆਪਸੀ ਫੁੱਟ ਤੇ ਤਾਲਮੇਲ ਦੀ ਅਣਹੋਂਦ ਦੇ ਕਾਰਨ ਸ਼੍ਰੋਮਣੀ ਅਕਾਲੀ ਦਲ ਦਾ ਕੇਵਲ ਇਕ ਮੈਂਬਰ—ਸ. ਲਹਿਣਾ ਸਿੰਘ ਤੁੜ—ਕਾਮਯਾਬ ਹੋਇਆ। ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਯਾਦ-ਪੱਤਰ ਉੱਤੇ ਕਿਸੇ ਕਾਰਵਾਈ ਦੀ ਲੋੜ ਹੀ ਨਹੀਂ ਪਈ ਸੀ। ਇੰਦਰਾ ਗਾਂਧੀ ਨੇ 17 ਫ਼ਰਵਰੀ 1980 ਨੂੰ ਇਸ ਬਿਨਾਅ ਉੱਤੇ ਪੰਜਾਬ ਵਿਧਾਨ ਸਭਾ ਭੰਗ ਕਰ ਦਿੱਤੀ ਕਿ ਅਕਾਲੀ ਦਲ ਤੇ ਜਨਤਾ ਪਾਰਟੀ ਲੋਕਾਂ ਦਾ ਵਿਸ਼ਵਾਸ ਗੁਆ ਚੁਕੇ ਹਨ। ਪੰਜਾਬ ਵਿਚ ਫਿਰ ਗਵਰਨਰੀ ਰਾਜ ਲਾਗੂ ਹੋ ਗਿਆ। ਜੂਨ 1980 ਵਿਚ ਵਿਧਾਨ ਸਭਾ ਦੀਆਂ ਨਵੀਆਂ ਚੋਣਾਂ ਹੋਈਆਂ ਤਾਂ ਉਨ੍ਹਾਂ ਵਿਚ ਕਾਂਗਰਸ ਫਿਰ ਸੱਤਾ ਵਿਚ ਆ ਗਈ ਤੇ ਸਰਦਾਰ ਦਰਬਾਰਾ ਸਿੰਘ ਮੁਖ ਮੰਤਰੀ ਬਣਾਏ ਗਏ। ਸ਼੍ਰੋਮਣੀ ਅਕਾਲੀ ਦਲ ਦੇ 38 ਮੈਂਬਰ ਕਾਮਯਾਬ ਹੋਏ ਤੇ ਉਹ ਸਭ ਤੋਂ ਵੱਡੀ ਵਿਰੋਧੀ

ਪਾਰਟੀ ਸੀ।

ਪਿੱਛੇ ਅਸਾਂ ਅਕਾਲੀ ਆਗੂਆਂ ਦੇ ਇਕ ਦੂਜੇ ਦੀਆਂ ਲੱਤਾਂ ਖਿੱਚਣ ਤੇ ਸੱਤਾ ਤੋਂ ਡੇਗਣ ਦਾ ਜ਼ਿਕਰ ਕੀਤਾ ਹੈ। ਹੁਣ ਪਾਠਕਾਂ ਨੂੰ ਸਪੱਸ਼ਟ ਹੋ ਗਿਆ ਹੋਵੇਗਾ ਕਿ ਹੋਰਨਾਂ ਪਾਰਟੀਆਂ ਵਿਚ ਵੀ ਇਸ ਕਿਸਮ ਦੇ ਝਗੜੇ ਆਮ ਹੁੰਦੇ ਹਨ ਤੇ ਪ੍ਰਸਪਰ ਝਗੜਿਆਂ ਵਿਚ ਪਾਰਟੀਆਂ ਨੁਕਸਾਨ ਉਠਾਂਦੀਆਂ ਹਨ। ਪਰ ਬਹੁ-ਸੰਮਤੀ ਹਿੰਦੂਆਂ ਦੀ ਸੂਰਤ ਵਿਚ ਇਸ ਫੁੱਟ ਦਾ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ, ਕਿਉਂਕਿ ਇਕ ਹਿੰਦੂ ਪਾਰਟੀ ਦੀ ਥਾਂ ਕੋਈ ਦੂਜੀ ਹਿੰਦੂ ਪਾਰਟੀ ਤਾਕਤ ਵਿਚ ਆ ਜਾਂਦੀ ਹੈ। ਪਰ ਜਦ ਸਿਖ ਆਗੂਆਂ ਵਿਚ ਫੁੱਟ ਪੈਂਦੀ ਹੈ, ਤਾਂ ਤਾਕਤ ਸਿੱਖਾਂ ਦੇ ਹੱਥੋਂ ਨਿਕਲ ਕੇ ਗ਼ੈਰਾਂ ਦੇ ਹੱਥ ਵਿਚ ਚਲੀ ਜਾਂਦੀ ਹੈ। ਸਾਡੀ ਵੱਡੀ ਬਦਕਿਸਮਤੀ ਇਹ ਹੈ ਕਿ ਜਿਉਂ ਜਿਉਂ ਸਾਨੂੰ ਨਾਕਾਮੀਆਂ ਦਾ ਮੂੰਹ ਵੇਖਣਾ ਪੈਂਦਾ ਹੈ, ਤਿਉਂ ਤਿਉਂ ਸੱਤਾ ਦੇ ਭੁੱਖੇ ਆਗੂਆਂ ਦੀ ਗਿਣਤੀ ਵਧਦੀ ਜਾਂਦੀ ਹੈ। ਪਿਛਲੇ ਦਸ ਬਾਰ੍ਹਾਂ ਸਾਲਾਂ ਤੋਂ ਸਾਡੇ ਨਾਲ ਜੋ ਕੁਝ ਵਰਤ ਰਿਹਾ ਹੈ, ਉਸ ਦਾ ਮੁਖ ਕਾਰਨ ਭਾਵੇਂ ਕੇਂਦਰੀ ਸਰਕਾਰ ਦਾ ਅਨਿਆਈਂ ਤੇ ਜਬਰ ਵਾਲਾ ਵਤੀਰਾ ਹੈ, ਪਰ ਕਿਸੇ ਹੱਦ ਤਕ ਸਾਡੀ ਫੁੱਟ ਵੀ ਇਹਦੇ ਲਈ ਜ਼ਿੰਮੇਵਾਰ ਹੈ।

ਛੇਵਾਂ ਕਾਂਡ

ਧਰਮ-ਯੁੱਧ ਮੋਰਚਾ

ਪਿੱਛੇ ਦਿੱਤੇ ਤੱਥਾਂ ਤੋਂ ਇਹ ਗੱਲ ਭਲੀ-ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਕੇਂਦਰੀ ਸਰਕਾਰ ਦੀ ਮੁੱਢ ਤੋਂ ਹੀ ਇਹ ਨੀਤੀ ਸੀ ਕਿ ਸਿੱਖਾਂ ਨੂੰ ਹਮੇਸ਼ਾ ਲਈ ਦਬਾਅ ਕੇ ਰੱਖਿਆ ਜਾਏ, ਤਾਂ ਜੁ ਮਾੜੀ-ਮੋਟੀ ਰਾਜਨੀਤਿਕ ਸੱਤਾ ਵੀ ਉਨ੍ਹਾਂ ਦੇ ਹੱਥ ਵਿਚ ਕਦੇ ਨਾ ਆ ਸਕੇ। ਸੋ ਜਦ ਸਾਰੇ ਦੇਸ ਵਿਚ ਬੋਲੀ ਦੇ ਅਧਾਰ ਉੱਤੇ ਰਾਜਾਂ ਦੀ ਨਵੇਂ ਸਿਰੇ ਹੱਦਬੰਦੀ ਹੋ ਰਹੀ ਸੀ, ਤਾਂ ਵੀ ਪੰਜਾਬੀ ਭਾਸ਼ਾ ਦਾ ਸੂਬਾ ਬਣਾਨ ਤੋਂ ਇਨਕਾਰ ਕੀਤਾ ਜਾਂਦਾ ਰਿਹਾ। ਪਰ ਜਦ 19 ਸਾਲ ਦੇ ਕਰੜੇ ਸੰਘਰਸ਼ ਤੋਂ ਬਾਅਦ ਭਾਰਤ-ਪਾਕਿਸਤਾਨ ਦੀ 1965 ਦੀ ਜੰਗ ਅਤੇ ਹੋਰ ਮਜਬੂਰੀਆਂ ਦੇ ਕਾਰਨ ਪੰਜਾਬੀ ਸੂਬਾ ਬਣਾਨਾ ਜ਼ਰੂਰੀ ਹੋ ਗਿਆ ਤਾਂ ਵੀ ਸ਼ਾਹ ਕਮਿਸ਼ਨ ਤੇ ਪੁਨਰ-ਗਠਨ ਕਾਨੂੰਨ ਦੁਆਰਾ ਸਰਕਾਰ ਨੇ ਅਜਿਹਾ ਲੰਗੜਾ ਤੇ ਅਧੂਰਾ ਸੂਬਾ ਬਣਾਇਆ, ਜਿਸ ਦੇ ਹੱਥ-ਵੱਸ ਕੁਝ ਨਹੀਂ ਸੀ ਤੇ ਜੋ ਪੂਰੇ ਤੌਰ ਤੇ ਕੇਂਦਰ ਦੇ ਰਹਿਮ ਤੇ ਸੀ। ਇਸ ਕੋਲੋਂ ਇਸ ਦੇ ਦਰਿਆਵਾਂ ਦਾ ਪਾਣੀ ਤੇ ਕਈ ਸੰਵਿਧਾਨਿਕ ਅਧਿਕਾਰ ਖੋਹ ਲਏ ਗਏ ਸਨ। ਪੰਜਾਬੀ ਸੂਬਾ ਬਣਨ ਤੋਂ ਬਾਅਦ ਵੀ ਸਿੱਖਾਂ ਨਾਲ ਅਨਿਆਂ ਤੇ ਵਿਤਕਰੇ ਦੀ ਨੀਤੀ ਲਗਾਤਾਰ ਜਾਰੀ ਰਹੀ। ਇਨ੍ਹਾਂ ਵਿਤਕਰਿਆਂ ਦੇ ਵਿਰੁੱਧ ਅਕਾਲੀ ਦਲ ਸਮੇਂ ਸਮੇਂ ਰੋਸ ਪ੍ਰਗਟ ਕਰਦਾ ਰਿਹਾ। ਇਹੀ ਅਨਿਆਂ ਦੂਰ ਕਰਾਉਣ ਲਈ ਸੰਤ ਫ਼ਤਿਹ ਸਿੰਘ ਨੇ ਦੋ ਵਾਰੀ ਮਰਨ-ਵਰਤ ਰੱਖਿਆ ਤੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਨੇ ਆਪਣੇ ਪ੍ਰਾਣਾਂ ਦੀ ਅਹੂਤੀ ਪਾਈ। ਪਰ ਇੰਦਰਾ ਗਾਂਧੀ ਸਮਝਦੀ ਸੀ ਕਿ ਪੰਜਾਬ ਦੀਆਂ ਜਾਇਜ਼ ਤੇ ਸੰਵਿਧਾਨਿਕ ਮੰਗਾਂ ਮੰਨਣ ਨਾਲ ਸਿੱਖਾਂ ਦੀ ਤਾਕਤ ਵਧੇਗੀ ਤੇ ਹਰਿਆਣਾ ਉਹਦੇ ਹੱਥੋਂ ਨਿਕਲ ਜਾਇਗਾ। ਸੋ ਆਪਣੇ ਸੌੜੇ ਰਾਜਨੀਤਿਕ ਹਿੱਤਾਂ ਦੀ ਖ਼ਾਤਰ ਉਹਦੇ ਉੱਤੇ ਕੋਈ ਅਸਰ ਨਹੀਂ ਹੋ ਰਿਹਾ ਸੀ।

ਆਖ਼ਰ ਅਕਤੂਬਰ 1981 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਇਸ ਘੋਰ ਅਨਿਆਂ ਦੇ ਵਿਰੁੱਧ ਜ਼ੋਰਦਾਰ ਸੰਘਰਸ਼ ਕਰਨ ਦਾ ਫ਼ੈਸਲਾ ਕਰ ਕੇ ਦਿੱਲੀ ਸਰਕਾਰ ਨੂੰ ਪੰਦਰ੍ਹਾਂ ਰਾਜਨੀਤਿਕ ਤੇ ਧਾਰਮਿਕ ਮੰਗਾਂ ਦਾ ਚਾਰਟਰ ਪੇਸ਼ ਕਰ ਦਿੱਤਾ। ਇਹ ਸਾਰੀਆਂ ਮੰਗਾਂ ਸੰਵਿਧਾਨਿਕ, ਹੱਕੀ ਤੇ ਨਿਆਂ-ਪੂਰਨ ਸਨ ਅਤੇ ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਮੰਗ ਸੀ, ਪੰਜਾਬ ਦੇ ਦਰਿਆਵਾਂ ਦੇ ਪਾਣੀ ਵਿਚ ਤੇ ਉਨ੍ਹਾਂ ਤੋਂ ਪੈਦਾ ਹੋਣ ਵਾਲੀ ਬਿਜਲੀ ਵਿਚ ਪੰਜਾਬ ਦਾ ਪੂਰਾ ਹਿੱਸਾ। ਭਾਰਤ ਦੇ ਸੰਵਿਧਾਨ ਤੇ ਅੰਤਰ-ਰਾਸ਼ਟਰੀ ਕਾਨੂੰਨ ਅਨੁਸਾਰ ਕਿਸੇ ਦਰਿਆ ਦੇ ਪਾਣੀ ਉੱਤੇ ਉਸੇ ਰਾਜ ਦਾ ਅਧਿਕਾਰ ਹੁੰਦਾ ਹੈ, ਜਿਸ ਵਿਚ ਉਹ ਵਗਦਾ ਹੈ। ਪੰਜਾਬ ਦੇ ਤਿੰਨੇ ਦਰਿਆ ਕੇਵਲ ਪੰਜਾਬ ਵਿਚ ਵਗਦੇ ਹਨ, ਇਸ ਲਈ ਇਨ੍ਹਾਂ ਦੇ ਪਾਣੀ ਉੱਤੇ ਸਿਰਫ਼ ਪੰਜਾਬ ਦਾ ਹੱਕ ਬਣਦਾ ਹੈ। ਆਖ਼ਰ ਜੋ ਰਾਜ

ਹੜ੍ਹਾਂ ਦੀ ਮਾਰ ਖਾਂਦਾ ਹੈ, ਉਸੇ ਨੂੰ ਪਾਣੀ ਵਰਤਣ ਦਾ ਅਧਿਕਾਰ ਹੋਣਾ ਚਾਹੀਦਾ ਹੈ, ਪਰ ਕੇਂਦਰੀ ਸਰਕਾਰ ਪੰਜਾਬ ਨੂੰ ਇਨ੍ਹਾਂ ਦਰਿਆਵਾਂ ਦਾ ਕੇਵਲ 23 ਪ੍ਰਤੀਸ਼ਤ ਪਾਣੀ ਦੇਣਾ ਚਾਹੁੰਦੀ ਹੈ ਤੇ ਬਾਕੀ ਦਾ 77 ਪ੍ਰਤੀਸ਼ਤ ਰਾਜਿਸਥਾਨ, ਹਰਿਆਣਾ ਤੇ ਦਿੱਲੀ ਨੂੰ ਬਖ਼ਸ਼ ਰਹੀ ਹੈ। ਇਸ ਵੇਲੇ ਵੀ ਪੰਜਾਬ ਦੇ ਖੇਤਾਂ ਦੀ ਸਿੰਜਾਈ ਦਰਿਆਈ ਪਾਣੀ ਨਾਲ ਪੂਰੀ ਨਹੀਂ ਹੋ ਰਹੀ ਤੇ ਪੰਜਾਬੀ ਕਿਸਾਨ ਅੱਠ ਲੱਖ ਟਿਊਬ-ਵੈੱਲ ਲਾ ਕੇ ਇਹ ਘਾਟ ਪੂਰੀ ਕਰ ਰਹੇ ਹਨ। ਇਕ ਤਾਂ ਟਿਊਬ-ਵੈੱਲ ਦੇ ਪਾਣੀ ਦਾ ਖ਼ਰਚ ਨਹਿਰੀ ਪਾਣੀ ਨਾਲੋਂ ਚਾਰ ਪੰਜ ਗੁਣਾ ਵਧ ਹੁੰਦਾ ਹੈ, ਦੂਜੇ ਪਾਣੀ ਦਾ ਤੱਲ ਦਿਨੋ ਦਿਨ ਹੇਠਾਂ ਜਾ ਰਿਹਾ ਹੈ ਤੇ ਖ਼ਤਰਾ ਹੈ ਕਿ ਹੋਰ ਕੁਝ ਸਾਲਾਂ ਤਕ ਇਹ ਇੰਨਾ ਹੇਠਾਂ ਚਲਿਆ ਜਾਇਗਾ ਕਿ ਟਿਊਬ-ਵੈੱਲ ਕੰਮ ਹੀ ਨਾ ਕਰ ਸਕਣ। ਇਹ ਗੱਲ ਵੀ ਵਰਣਨ ਯੋਗ ਹੈ ਕਿ ਰਾਜਿਸਥਾਨ ਦਾ ਮਾਰੂ-ਥਲ ਇਸ ਪਾਣੀ ਦਾ ਬਹੁਤਾ ਫ਼ਾਇਦਾ ਨਹੀਂ ਉਠਾ ਸਕਦਾ। ਪਾਣੀ ਦੀ ਜਿੰਨੀ ਮਾਤਰਾ ਵਰਤ ਕੇ ਰਾਜਿਸਥਾਨ ਵਿਚ ਇਕ ਟਨ ਅਨਾਜ ਪੈਦਾ ਕੀਤਾ ਜਾ ਸਕਦਾ ਹੈ, ਉੱਨੀ ਮਾਤਰਾ ਨਾਲ ਪੰਜਾਬ ਵਿਚ ਤਿੰਨ ਟਨ ਅਨਾਜ ਪੈਦਾ ਹੋ ਸਕਦਾ ਹੈ। ਸੋ ਦੇਸ ਦਾ ਸਮੁੱਚਾ ਹਿੱਤ ਇਸ ਗੱਲ ਵਿਚ ਹੈ ਕਿ ਪੰਜਾਬ ਦੇ ਦਰਿਆਵਾਂ ਦਾ ਪਾਣੀ ਪੰਜਾਬ ਕੋਲ ਹੀ ਰਹਿਣ ਦਿੱਤਾ ਜਾਏ। ਇੰਦਰਾ ਗਾਂਧੀ ਨੇ ਆਪਣੇ ਇਕ-ਵੱਲੇ ਫ਼ੈਸਲੇ ਨਾਲ 1976 ਵਿਚ ਪੰਜਾਬ ਨੂੰ ਕੇਵਲ 35 ਲੱਖ ਏਕੜ ਫੁੱਟ ਪਾਣੀ ਦਿੱਤਾ, ਜਿਸ ਦਾ ਮਤਲਬ ਪੰਜਾਬ ਦੇ ਕਿਸਾਨਾਂ ਨੂੰ ਪੂਰੇ ਤੌਰ ਤੇ ਤਬਾਹ ਕਰਨਾ ਸੀ। ਫਿਰ ਇਨ੍ਹਾਂ ਦਰਿਆਵਾਂ ਤੋਂ ਪੈਦਾ ਹੋਣ ਵਾਲੀ ਬਿਜਲੀ ਦੇ ਬੰਨ੍ਹਾਂ ਤੇ ਹੈੱਡ-ਵਰਕਸਾਂ ਦਾ ਪ੍ਰਬੰਧ ਵੀ ਕੇਂਦਰ ਨੇ ਆਪਣੇ ਹੱਥ ਵਿਚ ਰਖ ਲਿਆ, ਜਿਸ ਕਰਕੇ ਪੰਜਾਬ ਵਿਚ ਉਦਯੋਗਾਂ ਨੂੰ ਵੀ ਲੋੜੀਂਦੀ ਮਾਤਰਾ ਵਿਚ ਬਿਜਲੀ ਨਾ ਮਿਲ ਸਕੀ। ਪੰਜਾਬ ਦੀ ਮੰਗ ਸੀ ਕਿ ਇਸ ਸਾਰੇ ਮਾਮਲੇ ਦਾ ਫ਼ੈਸਲਾ ਸੁਪਰੀਮ ਕੋਰਟ ਤੋਂ ਕਰਾਇਆ ਜਾਏ, ਪਰ ਪ੍ਰਧਾਨ ਮੰਤਰੀ ਨੇ ਇਹ ਗੱਲ ਵੀ ਨਾ ਮੰਨੀ। ਇਸ ਉੱਤੇ ਪੰਜਾਬ ਦੀ ਅਕਾਲੀ-ਜਨਤਾ ਵਜ਼ਾਰਤ ਨੇ 1978 ਵਿਚ ਇੰਦਰਾ-ਗਾਂਧੀ ਦੇ 1976 ਦੇ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਵਿਚ ਕੇਸ ਕਰ ਦਿੱਤਾ। ਪਰ ਜਦ 1980 ਵਿਚ ਕਾਂਗਰਸ ਸਰਕਾਰ ਸੱਤਾ ਵਿਚ ਆ ਗਈ, ਤਾਂ ਇਸ ਕੇਸ ਦੀ ਪੈਰਵੀ ਨਾ ਕੀਤੀ ਗਈ, ਕਿਉਂਕਿ ਇੰਦਰਾ ਜਾਣਦੀ ਸੀ ਕਿ ਸੁਪਰੀਮ ਕੋਰਟ ਉਸ ਦਾ ਫ਼ੈਸਲਾ ਰੱਦ ਕਰ ਦੇਵੇਗੀ। ਸੋ ਸ਼੍ਰੋਮਣੀ ਅਕਾਲੀ ਦਲ ਦੀ ਸਭ ਤੋਂ ਵੱਡੀ ਮੰਗ ਇਹ ਸੀ ਕਿ ਦਰਿਆਈ ਪਾਣੀਆਂ ਦੀ ਨਿਆਇ-ਪੂਰਨ ਵੰਡ ਕੀਤੀ ਜਾਏ।

(2) ਪੁਨਰ-ਗਠਨ ਕਾਨੂੰਨ ਅਨੁਸਾਰ ਕੇਂਦਰ ਨੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਆਪਣੇ ਅਧੀਨ ਰਖ ਲਿਆ ਸੀ ਤੇ ਪੰਜਾਬੀ-ਬੋਲਦੇ ਕਈ ਉਹ ਖੇਤਰ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੂੰ ਦੇ ਦਿੱਤੇ ਸਨ, ਜੋ ਸੱਚਰ-ਫ਼ਾਰਮੂਲੇ ਤੇ ਰਿਜਨਲ ਫ਼ਾਰਮੂਲੇ ਅਨੁਸਾਰ ਪੰਜਾਬੀ ਰਿਜਨ ਵਿਚ ਸ਼ਾਮਲ ਸਨ ਤੇ ਜਿਨ੍ਹਾਂ ਬਾਰੇ ਪਿਛਲੇ 18 ਸਾਲ (1948 ਤੋਂ 1966 ਤਕ) ਕਿਸੇ ਨੇ ਕੋਈ ਕਿੰਤੂ ਨਹੀਂ ਕੀਤਾ ਸੀ। ਸੋ ਅਕਾਲੀ ਦਲ ਦੀ ਦੂਜੀ ਮੰਗ ਇਹ ਸੀ ਕਿ ਪਿੰਡ ਨੂੰ ਇਕਾਈ ਮੰਨ ਕੇ ਪੰਜਾਬ ਨਾਲ ਲਗਦੇ ਸਾਰੇ ਪੰਜਾਬੀ-ਭਾਸ਼ੀ ਇਲਾਕੇ ਤੇ ਚੰਡੀਗੜ੍ਹ ਪੰਜਾਬ ਵਿਚ ਸ਼ਾਮਲ ਕੀਤੇ ਜਾਣ।

(3) ਸੁਤੰਤਰਤਾ ਤੋਂ ਪਹਿਲਾਂ 1946 ਵਿਚ ਪੰਡਤ ਜਵਾਹਰ ਲਾਲ ਨਹਿਰੂ ਨੇ ਐਲਾਨ ਕੀਤਾ ਸੀ ਕਿ ਭਾਰਤ ਦਾ ਕੋਈ ਸੰਵਿਧਾਨ ਅਜਿਹਾ ਨਹੀਂ ਬਣਾਇਆ ਜਾਇਗਾ, ਜੋ ਸਿੱਖਾਂ ਨੂੰ ਮਨਜ਼ੂਰ ਨਹੀਂ ਹੋਵੇਗਾ ਤੇ ਨਾਲ ਹੀ ਆਖਿਆ ਸੀ ਕਿ "ਪੰਜਾਬ ਦੇ ਬਹਾਦਰ ਸਿਖ ਵਿਸ਼ੇਸ਼ ਸਲੂਕ ਦੇ ਹੱਕਦਾਰ ਹਨ। ਮੈਨੂੰ ਇਸ ਗੱਲ ਵਿਚ ਵੀ ਕੋਈ ਇਤਰਾਜ਼ ਨਹੀਂ ਕਿ ਉੱਤਰ ਵਿਚ ਉਨ੍ਹਾਂ ਨੂੰ ਇਕ ਅਜਿਹਾ ਇਲਾਕਾ ਦੇ ਦਿੱਤਾ ਜਾਏ, ਜਿਸ ਵਿਚ ਉਹ ਵੀ ਸੁਤੰਤਰਤਾ ਦਾ ਨਿਘ ਮਾਣ

ਸਕਣ।" ਫਿਰ ਸੰਵਿਧਾਨ ਸਭਾ ਦੇ ਪਹਿਲੇ ਸਮਾਗਮ ਦਸੰਬਰ 1946 ਵਿਚ ਉਨ੍ਹਾਂ ਨੇ ਐਲਾਨ ਕੀਤਾ ਕਿ "ਘੱਟ-ਗਿਣਤੀਆਂ ਦੇ ਰਾਜਨੀਤਿਕ ਹੱਕਾਂ ਦੀ ਰੱਖਿਆ ਲਈ ਪੂਰੇ ਪ੍ਰਬੰਧ ਕੀਤੇ ਜਾਣਗੇ। ਇਹ ਸਾਡਾ ਬਚਨ ਤੇ ਇਕ ਪਵਿੱਤਰ ਸੁਗੰਧ ਹੈ, ਜਿਸ ਦਾ ਪਾਲਣ ਕਰਨਾ ਸਾਡਾ ਪਰਮ ਧਰਮ ਹੈ।" ਸੋ ਜਦ 1950 ਵਿਚ ਸੰਵਿਧਾਨ ਉਲੀਕਿਆ ਜਾ ਰਿਹਾ ਸੀ, ਤਾਂ ਪੰਜਾਬ ਅਸੈਂਬਲੀ ਦੇ ਸਭ ਅਕਾਲੀ ਵਿਧਾਇਕਾਂ ਨੇ ਕੇਂਦਰ ਨੂੰ ਇਕ ਯਾਦ-ਪੱਤਰ ਦੇ ਕੇ ਮੰਗ ਕੀਤੀ ਕਿ ਪਹਿਲਾਂ ਕੀਤੇ ਵਾਇਦਿਆਂ ਅਨੁਸਾਰ ਸੰਵਿਧਾਨ ਵਿਚ ਸਿੱਖਾਂ ਦੇ ਹੱਕਾਂ ਦੀ ਸੁਰੱਖਿਆ ਲਈ ਪ੍ਰਭਾਵਕ ਤੇ ਨਿਸਚਿਤ ਧਾਰਾਵਾਂ ਸ਼ਾਮਲ ਕੀਤੀਆਂ ਜਾਣ। ਇਸ ਸੰਬੰਧ ਵਿਚ ਕੁਝ ਵਿਸ਼ੇਸ਼ ਤਜਵੀਜ਼ਾਂ ਵੀ ਪੇਸ਼ ਕੀਤੀਆਂ ਗਈਆਂ, ਪਰੰਤੂ ਕਿਸੇ ਤਜਵੀਜ਼ ਉੱਤੇ ਵਿਚਾਰ ਤਕ ਨਾ ਕੀਤੀ ਗਈ ਤੇ ਨਹਿਰੂ ਜੀ ਨੇ ਇਹ ਆਖ ਕੇ ਗੱਲ ਮੁਕਾਅ ਦਿੱਤੀ ਕਿ "ਹੁਣ ਹਾਲਾਤ ਬਦਲ ਚੁਕੇ ਹਨ।" ਇਸ ਉੱਤੇ ਸੰਵਿਧਾਨ ਸਭਾ ਦੇ ਦੋਹਾਂ ਅਕਾਲੀ ਮੈਂਬਰਾਂ–ਹੁਕਮ ਸਿੰਘ ਤੇ ਭੂਪਿੰਦਰ ਸਿੰਘ ਮਾਨ ਨੇ ਸੰਵਿਧਾਨ ਉੱਤੇ ਦਸਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਆਖਿਆ, "ਇਹ ਸੰਵਿਧਾਨ ਸਿੱਖਾਂ ਨੂੰ ਮਨਜ਼ੂਰ ਨਹੀਂ ਤੇ ਅਸੀਂ ਇਸ ਨੂੰ ਰੱਦ ਕਰਦੇ ਹਾਂ।"

ਪੰਜਾਬੀ ਸੂਬਾ ਬਣਨ ਤੋਂ ਛੇ ਸਾਲ ਬਾਅਦ (1972) ਤਕ ਸਿਖ ਆਗੂਆਂ ਨੂੰ ਯਕੀਨ ਹੋ ਗਿਆ ਸੀ ਕਿ ਮੌਜੂਦਾ ਸੰਵਿਧਾਨ ਦੇ ਹੁੰਦਿਆਂ ਸੂਬੇ ਆਪਣੇ ਰਾਜ ਦੇ ਲੋਕਾਂ ਦੇ ਸਮਾਜਿਕ, ਸਭਿਆਚਾਰਿਕ, ਆਰਥਿਕ ਤੇ ਰਾਜਨੀਤਿਕ ਹਿੱਤਾਂ ਦੀ ਪੂਰਤੀ ਲਈ ਕੁਝ ਨਹੀਂ ਕਰ ਸਕਦੇ, ਇਸ ਲਈ 1973 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਅਨੰਦਪੁਰ ਸਾਹਿਬ ਵਿਚ ਇਕ ਮਤਾ ਪਾਸ ਕੀਤਾ ਕਿ ਸੰਵਿਧਾਨ ਨੂੰ ਸਹੀ ਸੰਘੀ (ਫ਼ੈਡਰਲ) ਲੀਹਾਂ ਅਨੁਸਾਰ ਸੋਧਿਆ ਜਾਏ; ਰੱਖਿਆ, ਸੰਚਾਰ ਸਾਧਨਾਂ (ਆਵਾਜਾਈ ਦੇ ਵਸੀਲਿਆਂ) ਸਿੱਕੇ ਤੇ ਵਿਦੇਸ਼ੀ ਮਾਮਲਿਆਂ ਤੋਂ ਬਿਨਾਂ ਬਾਕੀ ਸਾਰੇ ਮਹਿਕਮੇ ਰਾਜਾਂ ਦੇ ਸਪੁਰਦ ਕੀਤੇ ਜਾਣ ਤੇ ਗਵਰਨਰ, ਰਾਜ ਦੇ ਕੇਵਲ ਸੰਵਿਧਾਨਿਕ ਮੁਖੀ ਹੋਣ। ਇਹ ਵੇਖਿਆ ਗਿਆ ਸੀ ਕਿ ਭਾਵੇਂ ਪੰਜਾਬੀ ਸੂਬਾ ਬਣਨ ਤੋਂ ਬਾਅਦ ਅਕਾਲੀਆਂ ਨੇ ਦੋ ਵਾਰੀ ਪੰਜਾਬ ਵਿਧਾਨ ਸਭਾ ਵਿਚ ਬਹੁ-ਸੰਮਤੀ ਪ੍ਰਾਪਤ ਕੀਤੀ ਸੀ ਤੇ ਹੋਰਨਾਂ ਪਾਰਟੀਆਂ ਨਾਲ ਮਿਲ ਕੇ ਵਜ਼ਾਰਤਾਂ ਵੀ ਬਣਾਈਆਂ ਸਨ, ਪਰ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਆਪਣਾ ਕਾਰਜ-ਕਾਲ ਪੂਰਾ ਨਹੀਂ ਕਰਨ ਦਿੱਤਾ ਗਿਆ ਸੀ ਤੇ ਕੋਈ ਨਾ ਕੋਈ ਖੜਯੰਤਰ ਰਚ ਕੇ ਪਹਿਲੀ ਨੂੰ ਨੌਂ ਮਹੀਨੇ ਬਾਅਦ ਤੇ ਦੂਜੀ ਨੂੰ ਪੌਣੇ ਦੋ ਸਾਲ ਬਾਅਦ ਹਟਾ ਕੇ ਇੱਥੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ ਸੀ। 1980 ਵਿਚ ਜਨਤਾ ਸਰਕਾਰ ਦੇ ਡਿੱਗਣ ਤੋਂ ਬਾਅਦ ਜਦ ਕਾਂਗਰਸ ਫਿਰ ਸੱਤਾ ਵਿਚ ਆ ਗਈ, ਤਾਂ ਇੰਦਰਾ ਗਾਂਧੀ ਨੇ ਪ੍ਰਧਾਨ ਮੰਤਰੀ ਬਣਦੇ ਸਾਰ 17 ਫ਼ਰਵਰੀ 1980 ਨੂੰ ਬਾਦਲ-ਮੰਤਰੀ-ਮੰਡਲ ਨੂੰ ਬਰਖ਼ਾਸਤ ਕਰ ਕੇ ਇੱਥੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। ਇਹ ਕਦਮ ਮੂਲੋਂ ਹੀ ਗ਼ੈਰ-ਵਿਧਾਨਿਕ ਤੇ ਅਨੁਚਿਤ ਸੀ, ਕਿਉਂਕਿ ਮੰਤਰੀ-ਮੰਡਲ ਨੂੰ ਅਸੈਂਬਲੀ ਵਿਚ ਭਾਰੀ ਬਹੁ-ਸੰਮਤੀ ਪ੍ਰਾਪਤ ਸੀ। ਜੇ ਇਸ ਤੋਂ ਪਿੱਛੋਂ 1985 ਵਿਚ ਬਣੀ ਬਰਨਾਲਾ ਵਜ਼ਾਰਤ ਦੀ ਬਰਖ਼ਾਸਤਗੀ ਨੂੰ ਵੀ ਮੁੱਖ ਰੱਖਿਆ ਜਾਏ, ਤਾਂ ਪਤਾ ਲਗਦਾ ਹੈ ਕਿ 1966 ਤੋਂ 1992 ਦੇ ਛੱਬੀ ਸਾਲਾਂ ਵਿਚ ਇੱਥੇ ਚੋਖਾ ਸਮਾਂ ਰਾਸ਼ਟਰਪਤੀ ਰਾਜ ਲਾਗੂ ਰਿਹਾ, ਜੋ ਅਮਲੀ ਤੌਰ ਤੇ ਕੇਂਦਰ ਦਾ ਰਾਜ ਸੀ : ਸਾਢੇ ਨੌਂ ਸਾਲ ਕਾਂਗਰਸ ਸੱਤਾ ਵਿਚ ਰਹੀ, ਜੋ ਕੇਂਦਰ ਦੀ ਹੱਥ-ਠੋਕਾ ਸਰਕਾਰ ਸੀ ਤੇ ਅਕਾਲੀਆਂ ਨੇ ਚਾਰ ਵਾਰੀ ਚੋਣਾਂ ਜਿੱਤ ਕੇ ਵੀ ਕੇਵਲ ਸਾਢੇ ਸਤ ਸਾਲ ਰਾਜ ਕੀਤਾ। ਸੋ ਇਸ ਵੇਲੇ ਕੇਂਦਰ ਤੇ ਰਾਜਾਂ ਦੇ ਸੰਬੰਧਾਂ ਉੱਤੇ ਨਵੇਂ ਸਿਰੇ ਵਿਚਾਰ ਕਰਨੀ ਜ਼ਰੂਰੀ ਹੋ ਗਈ ਸੀ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਹੋ ਜਿਹੀ ਹੀ ਮੰਗ ਤਾਮਲ-ਨਾਡੂ ਰਾਜ ਬਹੁਤ ਪਹਿਲਾਂ ਕਰ ਚੁਕਾ ਸੀ।

(4) ਪਾਠਕ ਪਿੱਛੇ ਪੜ੍ਹ ਚੁਕੇ ਹਨ ਕਿ ਜਦ ਐਮਰਜੈਂਸੀ ਦੇ ਸਮੇਂ ਸਾਰੇ ਦੇਸ ਵਿਚ ਮੁਰਦਿਹਾਣ ਛਾ ਗਈ ਸੀ ਤੇ ਕੋਈ ਕੁਸਕਦਾ ਨਹੀਂ ਸੀ, ਤਾਂ ਅਕਾਲੀਆਂ ਨੇ ਇਹਦੇ ਵਿਰੁੱਧ ਲਗਾਤਾਰ ਉੱਨੀ ਮਹੀਨੇ ਜ਼ੋਰਦਾਰ ਮੋਰਚਾ ਲਾਇਆ ਸੀ, ਹਾਲਾਂਕਿ ਇੰਦਰਾ ਗਾਂਧੀ ਨੇ ਮਹਾਰਾਜਾ ਅਮਰਿੰਦਰ ਸਿੰਘ ਦੀ ਰਾਹੀਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਸੀ ਕਿ ਜੇ ਉਹ ਇਸ ਵੇਲੇ ਚੁੱਪ ਰਹਿਣ, ਤਾਂ ਉਨ੍ਹਾਂ ਦੀਆਂ ਸਭ ਮੰਗਾਂ ਮੰਨ ਲਈਆਂ ਜਾਣਗੀਆਂ। ਉਨ੍ਹਾਂ ਦੇ ਇਨਕਾਰ ਤੋਂ ਇੰਦਰਾ ਇੰਨੀ ਚਿੜ੍ਹ ਗਈ ਸੀ ਕਿ ਉਸ ਨੇ ਐਮਰਜੈਂਸੀ ਵਿਚ ਹੀ ਫ਼ੌਜ ਵਿਚ ਭਰਤੀ ਦੀਆਂ ਸ਼ਰਤਾਂ ਬਦਲ ਕੇ ਇਕ ਸਰਕੂਲਰ ਜਾਰੀ ਕਰ ਦਿੱਤਾ ਸੀ ਕਿ ਅੱਗੋਂ ਤੋਂ ਫ਼ੌਜ ਵਿਚ ਭਰਤੀ ਸਰੀਰਕ ਬਲ ਤੇ ਯੋਗਤਾ ਦੇ ਆਧਾਰ ਤੇ ਨਹੀਂ, ਸਗੋਂ ਹਰੇਕ ਰਾਜ ਦੀ ਆਬਾਦੀ ਦੇ ਅਨੁਪਾਤ ਅਨੁਸਾਰ ਹੋਇਆ ਕਰੇਗੀ। ਆਜ਼ਾਦੀ ਤੋਂ ਪਹਿਲਾਂ ਫ਼ੌਜ ਵਿਚ ਸਿੱਖਾਂ ਦੀ ਗਿਣਤੀ ਵੀਹ ਪ੍ਰਤੀਸ਼ਤ ਦੇ ਲਗ ਪਗ ਸੀ, ਜੋ ਹੁਣ ਦਸ ਪ੍ਰਤੀਸ਼ਤ ਰਹਿ ਗਈ ਸੀ। ਪਰ ਕਿਉਂਜੁ ਪੰਜਾਬ ਦੀ ਵੱਸੋਂ ਹਿੰਦੁਸਤਾਨ ਦੀ ਆਬਾਦੀ ਦਾ ਲਗ ਪਗ ਦੋ ਪ੍ਰਤੀਸ਼ਤ ਹੈ, ਇਸ ਲਈ ਇਸ ਫ਼ਾਰਮੂਲੇ ਅਨੁਸਾਰ ਸਮਾਂ ਪਾ ਕੇ ਫ਼ੌਜ ਵਿਚ ਸਿੱਖਾਂ ਦੀ ਗਿਣਤੀ ਦੋ ਪ੍ਰਤੀਸ਼ਤ ਹੀ ਰਹਿ ਜਾਣੀ ਸੀ। ਆਪਣੀ ਸਰੀਰਕ ਯੋਗਤਾ ਅਤੇ ਸੁਭਾਵਕ ਜੱਦੀ ਰੁਚੀਆਂ ਦੇ ਕਾਰਨ ਖੇਤੀਬਾੜੀ ਤੋਂ ਬਾਅਦ ਫ਼ੌਜੀ ਨੌਕਰੀ ਹੀ ਸਿੱਖਾਂ ਲਈ ਰੁਜ਼ਗਾਰ ਦਾ ਵੱਡਾ ਸਾਧਨ ਸੀ। ਸੋ ਦਿੱਲੀ ਸਰਕਾਰ ਜਿੱਥੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਖੋਹ ਕੇ ਉਸ ਨੂੰ ਖੇਤੀਬਾੜੀ ਤੋਂ ਵੰਚਤ ਕਰ ਰਹੀ ਸੀ, ਉੱਥੇ ਭਰਤੀ ਦੀਆਂ ਸ਼ਰਤਾਂ ਬਦਲ ਕੇ ਪੰਜਾਬ ਦੇ ਲੋਕਾਂ ਨੂੰ ਇਕ ਮਨ-ਭਾਉਂਦੇ ਕਿੱਤੇ ਤੋਂ ਵਾਂਞਿਆਂ ਕਰ ਰਹੀ ਸੀ। ਇਹ ਹੁਕਮ ਸੰਵਿਧਾਨ ਦੀ ਧਾਰਾ 15 (1) ਤੇ 16 (2) ਦੇ ਵੀ ਉਲਟ ਸੀ, ਜਿਸ ਵਿਚ ਕਿਹਾ ਗਿਆ ਹੈ ਕਿ ਹਰੇਕ ਨਾਗਰਿਕ ਨੂੰ ਰੁਜ਼ਗਾਰ ਦੇ ਬਰਾਬਰ ਦੇ ਮੌਕੇ ਮਿਲਣਗੇ ਅਤੇ ਜਨਮ ਤੇ ਰਿਹਾਇਸ਼ ਦੀ ਥਾਂ ਕਰਕੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਇਗਾ। ਅਕਾਲੀ ਦਲ ਦੀ ਮੰਗ ਸੀ ਕਿ ਭਰਤੀ ਦੀਆਂ ਸ਼ਰਤਾਂ ਵਿਚ ਇਹ ਤਬਦੀਲੀ ਵਾਪਸ ਲਈ ਜਾਏ।

(5) ਕੇਂਦਰੀ ਸਰਕਾਰ ਦਾ ਫ਼ੈਸਲਾ ਸੀ ਕਿ ਹਰੇਕ ਰਾਜ ਵਿਚ ਹਰੇਕ ਵਿਦਿਆਰਥੀ ਨੂੰ ਤਿੰਨ ਭਾਸ਼ਾਵਾਂ ਪੜ੍ਹਨੀਆਂ ਚਾਹੀਦੀਆਂ ਹਨ। ਪੰਜਾਬ ਵਿਚ ਇਸ ਫ਼ਾਰਮੂਲੇ ਉੱਤੇ ਪੂਰੀ ਤਰ੍ਹਾਂ ਅਮਲ ਹੋ ਰਿਹਾ ਸੀ, ਪਰ ਇਸ ਦੇ ਗਵਾਂਢੀ ਰਾਜਾਂ ਹਰਿਆਣਾ ਨੇ ਤਾਮਿਲ ਨੂੰ ਤੇ ਹਿਮਾਚਲ ਪ੍ਰਦੇਸ਼ ਨੇ ਉਰਦੂ ਨੂੰ ਤੀਜੀ ਭਾਸ਼ਾ ਬਣਾਇਆ ਹੋਇਆ ਸੀ, ਹਾਲਾਂਕਿ ਨਾ ਹਰਿਆਣੇ ਵਿਚ ਕੋਈ ਤਾਮਿਲ ਵੱਸਦਾ ਸੀ ਤੇ ਨਾ ਹਿਮਾਚਲ ਵਿਚ ਕਿਸੇ ਦੀ ਮਾਤਰੀ-ਭਾਸ਼ਾ ਉਰਦੂ ਸੀ। ਇਸ ਦੇ ਉਲਟ ਇਨ੍ਹਾਂ ਦੋਹਾਂ ਰਾਜਾਂ ਵਿਚ ਲੱਖਾਂ ਪੰਜਾਬੀ ਵੱਸੇ ਹੋਏ ਸਨ। ਅਕਾਲੀ ਦਲ ਨੇ ਮੰਗ ਕੀਤੀ ਸੀ ਕਿ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਦਿੱਲੀ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਜਾਏ।

(6) ਹੁਣ ਤੋਂ ਚਾਲੀ ਪੰਜਤਾਲੀ ਸਾਲ ਪਹਿਲਾਂ ਸਿਖ ਆਬਾਦਕਾਰਾਂ ਨੇ ਉੱਤਰ-ਪ੍ਰਦੇਸ਼ ਤੇ ਰਾਜਿਸਥਾਨ ਵਿਚ ਲੱਖਾਂ ਏਕੜ ਬੰਜਰ ਭੁਇੰ ਨੂੰ ਸਖ਼ਤ ਮਿਹਨਤ ਕਰ ਕੇ ਵਾਹੀ ਯੋਗ ਬਣਾਇਆ ਸੀ, ਪਰ ਹੁਣ ਉੱਥੋਂ ਦੀਆਂ ਸਰਕਾਰਾਂ ਕਿਸੇ ਨਾ ਕਿਸੇ ਬਹਾਨੇ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਕੇ ਉਜਾੜਨ ਦਾ ਜਤਨ ਕਰ ਰਹੀਆਂ ਸਨ। ਸੋ ਮੰਗ ਕੀਤੀ ਗਈ ਕਿ ਇਹ ਕਾਰਵਾਈ, ਜੋ ਸੰਵਿਧਾਨ ਦੀ ਧਾਰਾ 19 ਦੇ ਉਲਟ ਸੀ, ਬੰਦ ਕੀਤੀ ਜਾਏ।

(7) ਕੇਂਦਰ ਦੇ ਸਾਂਝੇ ਵਿੱਤੀ ਪੂਲ ਵਿੱਚੋਂ ਵੀ ਪੰਜਾਬ ਨੂੰ ਰਾਸ਼ੀ ਦਾ ਜਾਇਜ਼ ਤੇ ਪੂਰਾ ਹਿੱਸਾ ਕਦੀ ਨਹੀਂ ਮਿਲਿਆ ਸੀ। ਯੋਜਨਾ ਕਮਿਸ਼ਨ ਵੱਲੋਂ ਵਿਕਾਸ ਕਾਰਜਾਂ ਲਈ ਜੋ ਰਕਮ ਦਿੱਤੀ ਜਾਂਦੀ ਹੈ, ਉਹ ਆਮ ਤੌਰ ਤੇ ਪੰਜਾਬ ਨੂੰ ਹੋਰ ਰਾਜਾਂ ਨਾਲੋਂ ਕਾਫ਼ੀ ਘੱਟ ਮਿਲਦੀ ਰਹੀ ਹੈ। ਉਦਾਹਰਣ ਵਜੋਂ 1980-81 ਵਿਚ ਜਿੱਥੇ ਕੇਰਲ ਨੂੰ ਇਕ ਰੁਪਏ ਪਿੱਛੇ 43 ਪੈਸੇ ਮਿਲੇ ਤੇ ਬਿਹਾਰ ਨੂੰ 42

ਪੈਸੇ, ਉੱਥੇ ਪੰਜਾਬ ਨੂੰ ਕੇਵਲ 15 ਪੈਸੇ ਦਿੱਤੇ ਗਏ, ਹਾਲਾਂਕਿ ਕੇਂਦਰ ਪੰਜਾਬ ਵਿੱਚੋਂ ਸਭ ਰਾਜਾਂ ਨਾਲੋਂ ਵਧੇਰੇ ਇਨਕਮ ਟੈਕਸ ਵਸੂਲ ਕਰਦਾ ਹੈ। ਸਰਕਾਰੀ ਪ੍ਰਬੰਧ ਹੇਠ ਚਲ ਰਹੇ ਬੈਂਕਾਂ ਵਿਚ ਪੰਜਾਬ ਦੇ ਲੋਕ ਜੋ ਰਕਮਾਂ ਜਮ੍ਹਾ ਕਰਾਉਂਦੇ ਹਨ, ਉਨ੍ਹਾਂ ਦਾ ਕੇਵਲ 30 ਪ੍ਰਤੀਸ਼ਤ ਭਾਗ ਪੰਜਾਬੀਆਂ ਨੂੰ ਕਰਜ਼ੇ ਵਜੋਂ ਦਿੱਤਾ ਜਾਂਦਾ ਹੈ ਤੇ ਬਾਕੀ ਦਾ ਹੋਰ ਰਾਜਾਂ ਵਿਚ ਚਲਿਆ ਜਾਂਦਾ ਹੈ। ਸੋ ਸਭ ਪੰਜਾਬੀਆਂ ਦੇ ਹਿੱਤਾਂ ਦੀ ਖ਼ਾਤਰ ਮੰਗ ਕੀਤੀ ਗਈ ਕਿ ਪੰਜਾਬ ਦੀ ਦਸਤਕਾਰੀ ਦੀ ਉੱਨਤੀ ਲਈ ਕੇਂਦਰ ਪੰਜਾਬ ਨੂੰ ਵਧੇਰੇ ਵਿੱਤੀ ਸਹਾਇਤਾ ਦੇਵੇ।

(8) ਪਿਛਲੇ ਦੋ ਸਾਲਾਂ ਅਰਥਾਤ 1980 ਤੋਂ ਪੰਜਾਬ ਦੀ ਪੁਲਿਸ ਸਿਖ ਨੌਜਵਾਨਾਂ ਤੇ ਵਿਸ਼ੇਸ਼ ਕਰਕੇ ਅੰਮ੍ਰਿਤਧਾਰੀ ਸਿੰਘਾਂ ਉੱਤੇ ਬਹੁਤ ਸਖ਼ਤੀਆਂ ਕਰ ਰਹੀ ਸੀ। ਕਈ ਸਿਖ ਝੂਠੇ ਪੁਲਿਸ-ਮੁਕਾਬਲਿਆਂ ਵਿਚ ਮਾਰ ਦਿੱਤੇ ਗਏ ਸਨ ਅਤੇ ਸੈਂਕੜੇ ਬੇਗੁਨਾਹਾਂ ਨੂੰ ਜੇਲ੍ਹਾਂ ਵਿਚ ਡੱਕ ਕੇ ਜਾਂ ਪੁਲਿਸ-ਹਿਰਾਸਤ ਵਿਚ ਤਸੀਹੇ ਦਿੱਤੇ ਜਾ ਰਹੇ ਸਨ। ਅਕਾਲੀ ਦਲ ਨੇ ਮੰਗ ਕੀਤੀ ਕਿ ਇਨ੍ਹਾਂ ਬੇਗੁਨਾਹਾਂ ਸਿੱਖਾਂ ਨੂੰ ਰਿਹਾ ਕੀਤਾ ਜਾਏ।

ਉਪਰੋਕਤ ਰਾਜਨੀਤਿਕ ਤੇ ਆਰਥਿਕ ਮੰਗਾਂ ਤੋਂ ਛੁਟ ਸਿਖ ਧਰਮ ਨਾਲ ਸੰਬੰਧ ਰੱਖਣ ਵਾਲੀਆਂ ਕੁਝ ਧਾਰਮਿਕ ਮੰਗਾਂ ਵੀ ਸਨ, ਜਿਨ੍ਹਾਂ ਦੇ ਮੰਨਣ ਨਾਲ ਨਾ ਤਾਂ ਸੰਵਿਧਾਨ ਦੀ ਉਲੰਘਣਾ ਹੁੰਦੀ ਸੀ ਤੇ ਨਾ ਗ਼ੈਰ-ਸਿੱਖਾਂ ਨੂੰ ਕੋਈ ਨੁਕਸਾਨ ਪਹੁੰਚਦਾ ਸੀ। ਇਨ੍ਹਾਂ ਵਿੱਚੋਂ ਮਹੱਤਵਪੂਰਨ ਮੰਗਾਂ ਇਹ ਸਨ :

(1) 1925 ਦੇ ਗੁਰਦੁਆਰਾ ਕਾਨੂੰਨ ਦੀਆਂ ਲੀਹਾਂ ਉੱਤੇ ਇਕ ਸਰਬ-ਹਿੰਦ ਗੁਰਦੁਆਰਾ ਕਾਨੂੰਨ ਬਣਾਇਆ ਜਾਏ, ਤਾਂ ਜੁ ਪੰਜਾਬ ਤੋਂ ਬਾਹਰ ਦੇ ਇਤਿਹਾਸਿਕ ਗੁਰਦੁਆਰੇ ਇਕ ਕੇਂਦਰੀ ਸੰਸਥਾ ਦੇ ਅਧੀਨ ਹੋ ਜਾਣ, ਅਤੇ ਉਨ੍ਹਾਂ ਦਾ ਪ੍ਰਬੰਧ ਗੁਰ-ਮਰਯਾਦਾ ਅਨੁਸਾਰ ਚਲਾਇਆ ਜਾ ਸਕੇ ਅਤੇ ਸਰਕਾਰੀ ਦਖ਼ਲ ਰੋਕਿਆ ਜਾਏ।

(2) ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇ ਕੇ ਇਸ ਦੀ ਹੱਦ ਵਿੱਚੋਂ ਸਿਗਰਟ, ਤਮਾਕੂ, ਸ਼ਰਾਬ ਤੇ ਮਾਸ ਦੀ ਵਿਕਰੀ ਬੰਦ ਕੀਤੀ ਜਾਏ।

(3) ਸ੍ਰੀ ਹਰਿਮੰਦਰ ਸਾਹਿਬ ਵਿਚ ਇਕ ਸ਼ਕਤੀਸ਼ਾਲੀ ਰੇਡੀਓ ਸਟੇਸ਼ਨ ਬਣਾਣ ਦੀ ਆਗਿਆ ਦਿੱਤੀ ਜਾਏ, ਜਿੱਥੋਂ ਵਿਸ਼ਵ ਭਰ ਦੇ ਸਿੱਖਾਂ ਲਈ ਗੁਰਬਾਣੀ ਦੇ ਕੀਰਤਨ ਦਾ ਪ੍ਰਸਾਰਨ ਕੀਤਾ ਜਾਏ।

(4) ਸਿੱਖਾਂ ਦੀ ਰਹਿਤ-ਮਰਯਾਦਾ ਦੇ ਇਕ ਅੰਗ ਕਿਰਪਾਨ ਉੱਤੇ, ਜਿਸ ਨੂੰ ਪਹਿਨਣ ਦੀ ਖੁਲ੍ਹ ਸੰਵਿਧਾਨ ਦੀ ਧਾਰਾ 25 (2) ਵਿਚ ਦਿੱਤੀ ਗਈ ਹੈ, ਕਿਸੇ ਥਾਂ ਵੀ ਕਿਸੇ ਕਿਸਮ ਦੀ ਪਾਬੰਦੀ ਨਾ ਹੋਵੇ ਤੇ ਸਿਖ ਹਵਾਈ ਸਫ਼ਰ ਵਿਚ ਵੀ ਕਿਰਪਾਨ ਪਹਿਨ ਸਕਣ।

(1) ਮੰਗਾਂ ਬਾਰੇ ਕੇਂਦਰੀ ਸਰਕਾਰ ਨਾਲ ਗੱਲ-ਬਾਤ

ਉਪਰੋਕਤ ਮੰਗਾਂ ਉੱਤੇ ਵਿਚਾਰ ਕਰਨ ਲਈ ਅਕਾਲੀ ਆਗੂਆਂ ਤੇ ਪ੍ਰਧਾਨ ਮੰਤਰੀ ਦੇ ਵਿਚਕਾਰ ਪਹਿਲੀ ਮੀਟਿੰਗ 16 ਅਕਤੂਬਰ 1981 ਨੂੰ ਹੋਈ। ਇੰਦਰਾ ਗਾਂਧੀ ਨੇ ਜਿਹੜੇ ਤਿੰਨ ਅਫ਼ਸਰ ਆਪਣੇ ਨਾਲ ਲਿਆਂਦੇ ਸਨ, ਉਨ੍ਹਾਂ ਵਿੱਚੋਂ ਕੋਈ ਵੀ ਪੰਜਾਬੀ ਨਹੀਂ ਸੀ। ਨਾ ਉਨ੍ਹਾਂ ਨੂੰ ਪੰਜਾਬ-ਸਮੱਸਿਆ ਦਾ ਤੇ ਨਾ ਸਿੱਖਾਂ ਦੀਆਂ ਭਾਵਨਾਵਾਂ ਬਾਰੇ ਕੁਝ ਪਤਾ ਸੀ। ਇਹ ਅਫ਼ਸਰ-ਜੁੰਡਲੀ ਪ੍ਰਧਾਨ ਮੰਤਰੀ ਨੂੰ ਹਮੇਸ਼ਾ ਉਲਟੀ ਪੱਟੀ ਹੀ ਪੜ੍ਹਾਉਂਦੀ ਰਹੀ। ਇਸ ਮੀਟਿੰਗ ਵਿਚ ਬਹੁਤਾ ਕਰਕੇ ਦਰਿਆਈ ਪਾਣੀਆਂ ਦੀ ਵੰਡ ਅਤੇ ਚੰਡੀਗੜ੍ਹ ਤੇ ਪੰਜਾਬੀ-ਭਾਸ਼ੀ ਇਲਾਕੇ ਪੰਜਾਬ ਨੂੰ ਦੇਣ ਬਾਰੇ ਹੀ ਗੱਲ-ਬਾਤ ਹੋਈ। ਪ੍ਰਧਾਨ ਮੰਤਰੀ ਨੇ ਆਖਿਆ ਕਿ ਇਨ੍ਹਾਂ ਉੱਤੇ

ਵਿਸਥਾਰ-ਪੂਰਬਕ ਵਿਚਾਰ ਵਿਦੇਸ਼ ਮੰਤਰੀ ਨਰਸਿਮਹਾ ਰਾਓ ਕਰਨਗੇ, ਹਾਲਾਂਕਿ ਇਨ੍ਹਾਂ ਮੰਗਾਂ ਦਾ ਸੰਬੰਧ ਗ੍ਰਹਿ-ਮੰਤਰਾਲੇ ਨਾਲ ਸੀ। ਨਰਸਿਮਹਾ ਰਾਓ ਅਤੇ ਅਕਾਲੀ ਆਗੂਆਂ—ਸੁਰਜੀਤ ਸਿੰਘ ਬਰਨਾਲਾ ਤੇ ਬਲਵੰਤ ਸਿੰਘ—ਦੇ ਵਿਚਕਾਰ 23 ਤੇ 24 ਨਵੰਬਰ ਨੂੰ ਦੋ ਮੀਟਿੰਗਾਂ ਹੋਈਆਂ, ਜੋ ਉੱਕਾ ਹੀ ਬੇਕਾਰ ਤੇ ਨਿਰਾਰਥਕ ਸਾਬਤ ਹੋਈਆਂ। ਕੁਝ ਸਰਸਰੀ ਗੱਲਾਂ ਹੁੰਦੀਆਂ ਰਹੀਆਂ ਤੇ ਨਰਸਿਮਹਾ ਰਾਓ "ਹਾਂ, ਠੀਕ ਹੈ, ਇਸ ਤੇ ਵੀ ਵਿਚਾਰ ਹੋ ਸਕਦਾ ਹੈ......ਅਸੀਂ ਕੋਸ਼ਿਸ਼ ਕਰ ਰਹੇ ਹਾਂ," ਆਦਿ ਸ਼ਬਦਾਂ ਨਾਲ ਹੀ ਸਿਖ ਆਗੂਆਂ ਨੂੰ ਟਾਲਦੇ ਰਹੇ, ਪਰ ਨਾ ਤਾਂ ਉਨ੍ਹਾਂ ਨੇ ਕੋਈ ਮੰਗ ਮੰਨਣ ਦਾ ਵਾਅਦਾ ਕੀਤਾ ਤੇ ਨਾ ਹੀ ਕਿਸੇ ਮੰਗ ਬਾਰੇ ਸਰਕਾਰ ਦੀ ਸੋਚਣੀ ਬਾਰੇ ਕੋਈ ਪ੍ਰਗਟਾਵਾ ਕੀਤਾ। ਸਪੱਸ਼ਟ ਜਾਪਦਾ ਸੀ ਕਿ ਸਰਕਾਰ ਨੇ ਪਹਿਲਾਂ ਹੀ ਮਾਮਲੇ ਨੂੰ ਟਾਲਣ ਤੇ ਗੱਲ-ਬਾਤ ਨੂੰ ਲਮਕਾਣ ਦੀ ਯੋਜਨਾ ਬਣਾਈ ਹੋਈ ਸੀ। ਤਾਂ ਵੀ ਅਕਾਲੀ ਲੀਡਰ 26 ਨਵੰਬਰ ਨੂੰ ਇੰਦਰਾ ਗਾਂਧੀ ਨਾਲ ਮੁਲਾਕਾਤ ਕਰਨ ਲਈ ਦਿੱਲੀ ਵਿਚ ਠਹਿਰੇ ਰਹੇ ਅਤੇ ਇਸ ਮੀਟਿੰਗ ਵਿਚ ਹਿੱਸਾ ਲੈਣ ਲਈ ਸੰਤ ਲੌਂਗੋਵਾਲ, ਜਥੇਦਾਰ ਟੌਹੜਾ ਤੇ ਪ੍ਰਕਾਸ਼ ਸਿੰਘ ਬਾਦਲ ਵੀ ਪਹੁੰਚ ਗਏ। ਪ੍ਰਧਾਨ ਮੰਤਰੀ ਨਾਲ ਨਰਸਿਮਹਾ ਰਾਓ ਮੌਜੂਦ ਸੀ। ਇਸ ਮੀਟਿੰਗ ਵਿਚ ਅਕਾਲੀ ਆਗੂਆਂ ਨੇ ਮੰਨ ਲਿਆ ਕਿ ਵਖਰੇ ਰੇਡੀਓ ਸਟੇਸ਼ਨ ਦੀ ਥਾਂ ਅਕਾਸ਼-ਬਾਣੀ ਜਲੰਧਰ ਹੀ ਹਰਿਮੰਦਰ ਸਾਹਿਬ ਤੋਂ ਸਿੱਧਾ ਸ਼ਬਦ-ਕੀਰਤਨ ਪ੍ਰਸਾਰਨ ਕਰ ਦਿਆ ਕਰੇ। ਅਕਾਲੀ ਆਗੂ ਲੈ-ਦੇ ਦੀ ਭਾਵਨਾ ਨਾਲ ਸਮਝੌਤੇ ਦਾ ਜਤਨ ਕਰ ਰਹੇ ਸਨ, ਪਰ ਇੰਦਰਾ ਗਾਂਧੀ ਕਿਸੇ ਮਾਮਲੇ ਤੇ ਜ਼ਰਾ ਵੀ ਝੁਕਣ ਲਈ ਤਿਆਰ ਨਹੀਂ ਸੀ। ਉਹ ਚੋਪੜੀਆਂ ਚੋਪੜੀਆਂ ਤੇ ਮਿੱਠੀਆਂ ਮਿੱਠੀਆਂ ਗੱਲਾਂ ਨਾਲ ਹੀ ਅਕਾਲੀਆਂ ਨੂੰ ਭਰਮਾਉਣ ਦਾ ਜਤਨ ਕਰ ਰਹੀ ਸੀ। ਜਦ ਅਕਾਲੀਆਂ ਨੇ ਆਖਿਆ ਕਿ ਸਰਕਾਰ ਭਰਤੀ ਦੀਆਂ ਸ਼ਰਤਾਂ ਬਦਲ ਕੇ ਫ਼ੌਜ ਵਿਚ ਸਿੱਖਾਂ ਦੀ ਗਿਣਤੀ ਘਟਾ ਰਹੀ ਹੈ, ਤਾਂ ਉਸ ਨੇ ਪਹਿਲਾਂ ਤਾਂ ਕੋਰਾ ਝੂਠ ਬੋਲਿਆ ਕਿ ਇਹ ਸਰਕੁਲਰ ਜਗਜੀਵਨ ਰਾਮ ਰੱਖਿਆ ਮੰਤਰੀ ਨੇ ਜਾਰੀ ਕੀਤਾ ਸੀ, ਪਰ ਜਦ ਇਸ ਝੂਠ ਦੀ ਕਲਈ ਖੁਲ੍ਹ ਗਈ, ਤਾਂ ਫ਼ੁਰਮਾਇਆ ਕਿ "ਇਸ ਤਰ੍ਹਾਂ ਤਾਂ ਤੁਸੀਂ ਸਾਰੇ ਭਰਤੀ ਹੋ ਜਾਓਗੇ!" ਉਨ੍ਹੇ ਹੀ ਵਿਅੰਗ ਨਾਲ ਜਥੇਦਾਰ ਟੌਹੜਾ ਨੇ ਉੱਤਰ ਦਿੱਤਾ, "ਫਿਰ ਕੀ ਹੋਇਆ? ਕੀ ਅਸੀਂ ਭਾਰਤ ਦੇ ਨਾਗ੍ਰਿਕ ਨਹੀਂ ਹਾਂ?" ਅਕਾਲੀ ਆਗੂਆਂ ਵੱਲੋਂ ਬਹੁਤਾ ਜ਼ੋਰ ਪਾਣੀਆਂ ਦੀ ਵੰਡ ਬਾਰੇ ਸੀ। ਉਨ੍ਹਾਂ ਨੇ ਆਖਿਆ ਕਿ ਜੇ 1976 ਵਾਲਾ ਫ਼ੈਸਲਾ ਬਦਲਿਆ ਨਹੀਂ ਜਾਂਦਾ, ਤਾਂ ਪੰਜਾਬ ਦੇ ਕਿਸਾਨ ਤਬਾਹ ਹੋ ਜਾਣਗੇ। ਇੰਦਰਾ ਨੇ ਉੱਤਰ ਦਿੱਤਾ, "ਵਿਗਿਆਨ ਬਹੁਤ ਉੱਨਤੀ ਕਰ ਚੁਕਾ ਹੈ ਤੇ ਸਿੰਚਾਈ ਦੇ ਨਵੇਂ ਨਵੇਂ ਸਾਧਨ ਨਿਕਲ ਰਹੇ ਹਨ; ਸਿੰਚਾਈ ਦਾ ਪ੍ਰਬੰਧ ਹੋ ਜਾਏਗਾ।" ਅਕਾਲੀਆਂ ਦਾ ਕਹਿਣਾ ਸੀ ਕਿ ਪੰਜਾਬ ਵਿਚ ਨਾ ਕੋਲਾ, ਲੋਹਾ ਜਾਂ ਹੋਰ ਕੋਈ ਧਾਤ ਹੈ ਤੇ ਨਾ ਕੋਈ ਵੱਡਾ ਉਦਯੋਗ, ਇਸ ਲਈ ਇਸ ਰਾਜ ਨੂੰ ਪਾਣੀ ਤੇ ਬਿਜਲੀ ਦੀ ਵਧੇਰੇ ਲੋੜ ਹੈ, ਤਾਂ ਇੰਦਰਾ ਨੇ ਕੇਵਲ ਇਹ ਉੱਤਰ ਦਿੱਤਾ ਕਿ "ਮੇਰੇ ਤੇ ਭਰੋਸਾ ਕਰੋ, ਮੈਂ ਇਹ ਕਮੀ ਪੂਰੀ ਕਰ ਦਿਆਂਗੀ, ਤੁਸੀਂ ਘਾਟੇ ਵਿਚ ਨਹੀਂ ਰਹੋਗੇ।" ਪਰ ਇਹ ਨਹੀਂ ਦੱਸਿਆ ਕਿ ਇਹ ਕਮੀ ਕਿਵੇਂ ਪੂਰੀ ਹੋਵੇਗੀ। ਇਹ ਥੋਥੀ ਦਲੀਲਬਾਜ਼ੀ ਮਸਲੇ ਦਾ ਕੋਈ ਹੱਲ ਨਹੀਂ ਸੀ, ਇਸ ਲਈ ਇਸ ਮੀਟਿੰਗ ਦਾ ਵੀ ਕੋਈ ਨਤੀਜਾ ਨਾ ਨਿਕਲਿਆ।

ਅਸਲ ਗੱਲ ਇਹ ਹੈ ਕਿ ਇਸ ਵੇਲੇ ਤਕ ਪੰਜਾਬ ਵਿਚ ਗੜਬੜੀ ਵਾਲੀ ਹਾਲਤ ਪੈਦਾ ਹੋ ਗਈ ਸੀ, ਜਿਸ ਲਈ ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿੰਘ ਵੱਲੋਂ ਸਿੱਖ ਨੌਜਵਾਨਾਂ ਉੱਤੇ ਕੀਤੀਆਂ ਜਾ ਰਹੀਆਂ ਸਖ਼ਤੀਆਂ ਅਤੇ ਕਾਂਗਰਸ ਦੀਆਂ ਬੁਨਿਆਦੀ ਨੀਤੀਆਂ ਜ਼ਿੰਮੇਵਾਰ ਸਨ। ਇੰਦਰਾ ਗੱਲ-ਬਾਤ ਨੂੰ ਲਮਕਾਅ ਕੇ ਇਨ੍ਹਾਂ ਹਾਲਾਤ ਨੂੰ ਹੋਰ ਖ਼ਰਾਬ ਕਰਨਾ ਚਾਹੁੰਦੀ ਸੀ, ਤਾਂ ਜੁ ਅਸਲ ਰਾਜਨੀਤਿਕ ਸੁਆਲਾਂ ਨੂੰ ਪਿੱਛੇ ਪਾ ਕੇ ਸਾਰਾ ਮਾਮਲਾ ਅਮਨ ਤੇ ਕਾਨੂੰਨ ਦਾ ਬਣਾ

ਦਿੱਤਾ ਜਾਏ। ਇਸ ਸੰਬੰਧ ਵਿਚ ਇੱਥੇ ਕਾਂਗਰਸ (ਸਰਕਾਰ) ਦੀ ਇਕ ਬੁਨਿਆਦੀ ਨੀਤੀ ਦਾ ਵਰਣਨ ਕਰਨਾ ਜ਼ਰੂਰੀ ਜਾਪਦਾ ਹੈ।

(2) ਸਿੱਖਾਂ ਨੂੰ ਖੇਰੂੰ ਖੇਰੂੰ ਕਰਨ ਦੀ ਨੀਤੀ

ਕਾਂਗਰਸ ਸਰਕਾਰ ਦੀ ਪਹਿਲੀ ਕੋਸ਼ਿਸ਼ ਤਾਂ ਇਹ ਸੀ ਕਿ ਬੋਧੀਆਂ ਤੇ ਜੈਨੀਆਂ ਵਾਂਗ ਕਿਸੇ ਤਰ੍ਹਾਂ ਸਿੱਖਾਂ ਦੀ ਵਖਰੀ ਹੋਂਦ ਮਿਟਾਅ ਕੇ ਇਨ੍ਹਾਂ ਨੂੰ ਹਿੰਦੂਆਂ ਵਿਚ ਸਮੋ ਲਿਆ ਜਾਵੇ, ਪਰ ਜਦ ਸਿੱਖਾਂ ਦੇ ਧਰਮ, ਸਭਿਆਚਾਰ ਤੇ ਪ੍ਰੰਪਰਾਵਾਂ ਦੀ ਵਿਲੱਖਣਤਾ ਦੇ ਕਾਰਨ ਇਹ ਸੰਭਵ ਨਾ ਹੋਇਆ, ਤਾਂ ਉਨ੍ਹਾਂ ਨੂੰ ਖੇਰੂੰ ਖੇਰੂੰ ਕਰ ਕੇ ਕਮਜ਼ੋਰ ਕਰਨ ਦੀ ਨੀਤੀ ਅਪਣਾਈ ਗਈ। ਪੱਛਮੀ ਪੰਜਾਬ ਤੋਂ ਆਏ ਸਿਖ ਆਬਾਦਕਾਰਾਂ ਨੂੰ ਹਰਿਆਣੇ ਵਿਚ ਜ਼ਮੀਨ ਅਲਾਟ ਕੀਤੀ ਗਈ, ਪਰ ਫਿਰ ਵੀ ਚੋਖੀ ਵੱਸੋਂ ਪੰਜਾਬ ਤੇ ਪੈਪਸੂ ਵਿਚ ਕੇਂਦ੍ਰਿਤ ਹੋ ਗਈ। ਅਤੇ ਜਦ ਹਾਲਾਤ ਦੀ ਮਜਬੂਰੀ ਦੇ ਕਾਰਨ ਪੰਜਾਬੀ ਸੂਬਾ ਬਣ ਹੀ ਗਿਆ, ਤਾਂ ਸਿੱਖਾਂ ਦੀਆਂ ਛੋਟੀਆਂ-ਮੋਟੀਆਂ ਸੰਪ੍ਰਦਾਵਾਂ ਤੇ ਵਖ ਵਖ ਹਿੱਤਾਂ ਵਾਲੇ ਛੋਟੇ ਛੋਟੇ ਗਰੁੱਪਾਂ ਨੂੰ ਸਿਖ ਮੂਲ-ਧਾਰਾ ਤੋਂ ਵਖ ਕਰ ਕੇ ਕੌਮ ਦੇ ਵਿਰੁੱਧ ਖੜਾ ਕਰਨ ਦੀ ਸਾਜ਼ਸ਼ ਰਚੀ ਗਈ। ਵੱਡੀ ਪੱਧਰ ਉੱਤੇ ਸ਼ਹਿਰੀਆਂ ਤੇ ਪੇਂਡੂਆਂ ਅਤੇ ਜੱਟਾਂ ਤੇ ਗ਼ੈਰ-ਜੱਟਾਂ ਦੇ ਹਿੱਤਾਂ ਨੂੰ ਉਭਾਰਿਆ ਗਿਆ। ਆਪਣੇ ਝੋਲੀ-ਚੁੱਕਾਂ ਦੀ ਰਾਹੀਂ ਪਛੜੀਆਂ ਜਾਤਾਂ ਦੇ ਇੱਕ ਗਰੁੱਪ ਨੂੰ ਕਾਂਗਰਸ ਦੀ ਹਮਾਇਤ ਵਿਚ ਖੜਾ ਕੀਤਾ ਗਿਆ। ਨਾਮਧਾਰੀਆਂ ਵਿੱਚੋਂ ਪ੍ਰਤਿਸ਼ਟ ਸੱਜਣਾਂ ਨੂੰ ਰਾਜ ਸਭਾ ਦੀ ਮੈਂਬਰੀ ਜਾਂ ਹੋਰ ਸਰਕਾਰੀ ਸਰਪ੍ਰਸਤੀ ਦੇ ਕੇ ਨਿਵਾਜਿਆ ਗਿਆ। ਇਹੀ ਗੁਰ ਵਰਤ ਕੇ ਨਿਹੰਗਾਂ ਤੇ ਰਾਧਾ ਸੁਆਮੀਆਂ ਨੂੰ ਆਪਣੇ ਨਾਲ ਮਿਲਾਇਆ ਗਿਆ। ਇਹ ਨੀਤੀ ਇੰਨੀ ਅੱਗੇ ਵਧੀ ਕਿ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਪੰਜਾਬੋਂ ਬਾਹਰ ਵਸਦੇ ਸਿੱਖਾਂ ਵਿਚ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਉਨ੍ਹਾਂ ਦੇ ਤੇ ਪੰਜਾਬ ਵਿਚ ਵਸਦੇ ਸਿੱਖਾਂ ਦੇ ਹਿੱਤ ਵਖਰੇ ਵਖਰੇ ਹਨ, ਇਸ ਲਈ ਉਨ੍ਹਾਂ ਨੂੰ ਪੰਜਾਬ ਦੇ ਸਿੱਖਾਂ ਦੀਆਂ ਨੀਤੀਆਂ ਦਾ ਸਮਰਥਨ ਨਹੀਂ ਕਰਨਾ ਚਾਹੀਦਾ। ਪਰ ਇਸ ਸੰਬੰਧ ਵਿਚ ਇੰਦਰਾ ਗਾਂਧੀ ਦੀ ਸਭ ਤੋਂ ਖ਼ਤਰਨਾਕ ਚਾਲ ਸੀ, ਨਕਲੀ ਨਿਰੰਕਾਰੀਆਂ ਨੂੰ ਚੁਕ ਕੇ ਸਿੱਖਾਂ ਦੇ ਗਲ ਪੁਆਣਾ। ਕਿਉਂਜੁ 1980-81 ਵਿਚ ਪੰਜਾਬ ਵਿਖੇ ਹੋਈ ਗੜਬੜ ਦਾ ਅਰੰਭ ਸਿੱਖਾਂ ਤੇ ਨਕਲੀ ਨਿਰੰਕਾਰੀਆਂ ਦੇ ਆਹਮੋ-ਸਾਹਮਣੇ ਭੇੜ ਨਾਲ ਹੋਇਆ ਸੀ, ਇਸ ਲਈ ਇਥੇ ਇਸਦਾ ਵਿਸਥਾਰ-ਪੂਰਬਕ ਵਰਣਨ ਕਰਨਾ ਜ਼ਰੂਰੀ ਜਾਪਦਾ ਹੈ।

ਅਸਲੀ ਨਿਰੰਕਾਰੀ ਸੰਪ੍ਰਦਾ ਉਨ੍ਹੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪਿਸ਼ਾਵਰ-ਨਿਵਾਸੀ ਬਾਬਾ ਦਿਆਲ ਜੀ ਨੇ ਸ਼ੁਰੂ ਕੀਤੀ ਸੀ। ਉਨ੍ਹਾਂ ਦਾ ਮੁਖ ਪ੍ਰਯੋਜਨ ਇਹ ਸੀ ਕਿ ਸਿੱਖਾਂ ਵਿਚ ਜੋ ਕੁਰੀਤੀਆਂ—ਮੂਰਤੀ-ਪੂਜਾ, ਕਰਮ ਕਾਂਡ, ਸ਼ਰਾਧ ਅਤੇ ਸੂਤਕ-ਪਾਤਕ ਆਦਿ ਆ ਪਈਆਂ ਸਨ, ਉਨ੍ਹਾਂ ਨੂੰ ਦੂਰ ਕਰ ਕੇ ਨਿਰੋਲ ਗੁਰਮਤਿ ਦਾ ਪ੍ਰਚਾਰ ਕੀਤਾ ਜਾਏ। ਇਹ ਉਹੀ ਕੰਮ ਸੀ, ਜੋ ਢੇਰ ਚਿਰ ਬਾਅਦ ਸਿੰਘ ਸਭਾ ਲਹਿਰ ਨੇ ਸ਼ੁਰੂ ਕੀਤਾ ਸੀ। ਕਿਹਾ ਜਾਂਦਾ ਹੈ ਕਿ ਗੁਰ-ਮਰਯਾਦਾ ਅਨੁਸਾਰ ਪਹਿਲਾ ਅਨੰਦ-ਕਾਰਜ ਵੀ ਨਿਰੰਕਾਰੀਆਂ ਨੇ ਸ਼ੁਰੂ ਕਰਾਇਆ ਸੀ। ਬਾਬਾ ਦਿਆਲ ਜੀ ਆਪਣੇ ਭਾਸ਼ਨਾਂ ਵਿਚ 'ਧੰਨ ਨਿਰੰਕਾਰ' ਸ਼ਬਦ ਆਮ ਵਰਤਦੇ ਸਨ ਅਤੇ ਸੰਗਤਾਂ ਨੂੰ ਕਹਿੰਦੇ ਸਨ :

ਜਪੋ ਪਿਆਰਿਓ ਧੰਨ ਨਿਰੰਕਾਰ। ਦੇਹਧਾਰੀ ਸਭ ਖੁਆਰ।

ਇਸ ਲਈ ਉਨ੍ਹਾਂ ਦੇ ਸਤਸੰਗੀਆਂ ਦਾ ਨਾਂ ਨਿਰੰਕਾਰੀ ਪੈ ਗਿਆ। ਕੁਝ ਸਮਾਂ ਪਾ ਕੇ ਬਾਬਾ ਦਿਆਲ ਜੀ ਨੇ ਰਾਵਲਪਿੰਡੀ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਬਣਾ ਲਿਆ।

1929 ਵਿਚ ਜਦ ਬਾਬਾ ਗੁਰਦਿਤ ਸਿੰਘ ਜੀ ਨਿਰੰਕਾਰੀ ਸੰਪ੍ਰਦਾ ਦੇ ਆਗੂ ਸਨ, ਤਾਂ ਨਿਰੰਕਾਰੀ ਦਰਬਾਰ ਵਿਚ ਇਕ ਸ਼ਖ਼ਸ ਬੂਟਾ ਸਿੰਘ ਸ਼ਬਦ-ਕੀਰਤਨ ਤੇ ਪ੍ਰਚਾਰ ਕਰਦਾ ਸੀ। ਇਸ ਨੇ ਪਹਿਲੇ ਅੱਠ ਨੌਂ ਸਾਲ ਫ਼ੌਜ ਵਿਚ ਨੌਕਰੀ ਕੀਤੀ ਸੀ, ਜਿੱਥੇ ਗੋਰਿਆਂ ਦੀ ਸੰਗਤ ਵਿਚ ਇਸ ਨੂੰ ਸ਼ਰਾਬ ਪੀਣ ਦੀ ਲੱਤ ਪੈ ਗਈ ਸੀ। ਸੋ ਕਈ ਵਾਰੀ ਇਹ ਸ਼ਰਾਬ ਪੀ ਕੇ ਕੀਰਤਨ ਕਰਨ ਆ ਜਾਂਦਾ ਸੀ। ਜਦ ਇਸ ਕੁਕਰਮ ਦੀ ਅੱਤ ਹੋ ਗਈ, ਤਾਂ ਬਾਬਾ ਜੀ ਨੇ ਇਸ ਨੂੰ ਨਿਰੰਕਾਰੀ ਦਰਬਾਰ ਵਿੱਚੋਂ ਛੇਕ ਦਿੱਤਾ। ਬੂਟਾ ਸਿੰਘ ਨੇ ਆਪਣੇ ਵਰਗੇ ਹੀ ਇਕ ਹੋਰ ਵਿਅਕਤੀ ਅਵਤਾਰ ਸਿੰਘ ਨਾਲ, ਜੋ ਪਿਸ਼ਾਵਰ ਵਿਚ ਡਬਲ ਰੋਟੀਆਂ ਬਣਾਨ ਤੇ ਵੇਚਣ ਦਾ ਕੰਮ ਕਰਦਾ ਸੀ, ਮਿਲ ਕੇ ਵਖਰਾ 'ਸੰਤ ਨਿਰੰਕਾਰੀ ਮੰਡਲ' ਬਣਾ ਲਿਆ। ਇਸ ਮੰਡਲੀ ਨੂੰ ਨਾ ਤਾਂ ਖਾਣ-ਪੀਣ ਦਾ ਕੋਈ ਪਰਹੇਜ਼ ਸੀ ਤੇ ਨਾ ਇਹ ਸਦਾਚਾਰਕ ਗੁਣਾਂ ਦੀ ਕੋਈ ਪਾਬੰਦੀ ਮੰਨਦੀ ਸੀ। ਨਿਰੰਕਾਰੀਆਂ ਦੇ ਉਲਟ ਇਹ ਦੇਹਧਾਰੀ ਗੁਰੂ ਦੀ ਪੂਜਾ ਦੀ ਕਾਇਲ ਸੀ, ਇਸ ਲਈ ਆਮ ਸਿੱਖ ਇਸ ਨੂੰ ਅਸਲੀ ਨਿਰੰਕਾਰੀਆਂ ਤੋਂ ਨਿਖੇੜਨ ਲਈ ਨਕਲੀ ਨਿਰੰਕਾਰੀ ਤੇ ਪਿੱਛੋਂ 'ਨਰਕਧਾਰੀ' ਆਖਣ ਲਗ ਪਏ। ਦੇਸ ਦੀ ਸੁਤੰਤਰਤਾ ਤੋਂ ਪਹਿਲਾਂ ਇਨ੍ਹਾਂ ਨੂੰ ਆਪਣੇ ਪਖੰਡ ਵਿਚ ਕੋਈ ਵਿਸ਼ੇਸ਼ ਸਫ਼ਲਤਾ ਨਹੀਂ ਮਿਲੀ ਸੀ। 1944 ਵਿਚ ਬੂਟਾ ਸਿੰਘ ਦਾ ਦੇਹਾਂਤ ਹੋ ਗਿਆ, ਤੇ ਅਵਤਾਰ ਸਿੰਘ ਉਸ ਦਾ ਜਾ-ਨਸ਼ੀਨ ਬਣ ਬੈਠਾ। ਪਾਕਿਸਤਾਨ ਬਣਨ ਤੋਂ ਬਾਅਦ ਅਵਤਾਰ ਸਿੰਘ ਨੇ ਦਿੱਲੀ ਵਿਚ ਆਪਣਾ ਡੇਰਾ ਜਮਾਅ ਲਿਆ। ਇਸ ਪਖੰਡੀ ਦਾ ਅਸਲੀ ਧਰਮ ਜਾਂ ਅਧਿਆਤਮਕਤਾ ਨਾਲ ਤਾਂ ਦੂਰ ਦਾ ਵਾਸਤਾ ਵੀ ਨਹੀਂ ਸੀ, ਸੋ ਉਸ ਨੇ ਇਹ ਕਸਰ ਪੂਰੀ ਕਰਨ ਲਈ 'ਮਾਨਵ ਧਰਮ' ਦਾ ਚੋਲਾ ਪਹਿਨ ਲਿਆ। ਪ੍ਰਧਾਨ ਮੰਤਰੀ ਨਹਿਰੂ ਵੀ ਓਦੋਂ ਵਿਸ਼ਵ-ਭਾਈਚਾਰੇ ਦਾ ਪ੍ਰਚਾਰ ਕਰ ਰਹੇ ਸਨ, ਇਸ ਲਈ ਉਨ੍ਹਾਂ ਨੇ ਇਸ ਨੂੰ ਸਰਕਾਰ ਵੱਲੋਂ ਕਈ ਤਰ੍ਹਾਂ ਦੀਆਂ ਸਹੂਲਤਾਂ ਦੇ ਦਿੱਤੀਆਂ। ਇਹ ਚਤਰ ਪੁਰਸ਼ ਆਪਣੇ ਸਮਾਗਮਾਂ ਵਿਚ ਕੇਂਦਰੀ ਮੰਤਰੀਆਂ ਨੂੰ ਸੱਦਣ ਲਗ ਪਿਆ, ਜਿਸ ਕਰਕੇ ਸਰਕਾਰੇ-ਦਰਬਾਰੇ ਇਸ ਦੀ ਪਹੁੰਚ ਹੋ ਗਈ। ਇਸ ਰਸੂਖ਼ ਨੂੰ ਇਸ ਨੇ ਆਪਣੇ ਚੇਲੇ-ਚਾਟੜੇ ਵਧਾਉਣ ਲਈ ਵਰਤਿਆ, ਇੱਥੋਂ ਤਕ ਕਿ ਗ੍ਰਹਿ ਮੰਤਰੀ ਵੱਲਭ ਭਾਈ ਪਟੇਲ ਨੇ ਇਕ ਸਰਕੂਲਰ ਜਾਰੀ ਕਰ ਕੇ ਉਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੰਤ ਨਿਰੰਕਾਰੀ ਮੰਡਲ ਨੂੰ ਹਰੇਕ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਣ। ਇੱਸੇ ਨੀਤੀ ਹੇਠ ਇਨ੍ਹਾਂ ਨੂੰ ਦਿੱਲੀ ਵਿਚ ਨਿਰੰਕਾਰੀ ਕਾਲੋਨੀ ਬਣਾਉਣ ਵਾਸਤੇ ਮਿੱਟੀ ਦੇ ਮੁੱਲ ਚੋਖੀ ਜ਼ਮੀਨ ਦੇ ਦਿੱਤੀ ਗਈ ਤੇ ਇਨ੍ਹਾਂ ਨੇ ਉੱਥੇ ਬਹੁਤ ਵੱਡਾ ਅਡੰਬਰ ਖੜਾ ਕਰ ਲਿਆ। ਸਪੱਸ਼ਟ ਹੈ ਕਿ ਇਹ ਸਾਰਾ ਖਿਲਾਰਾ ਕਾਂਗਰਸ ਸਰਕਾਰ ਦੀ ਸਰਗਰਮ ਹਮਾਇਤ ਤੇ ਸਰਪ੍ਰਸਤੀ ਦਾ ਨਤੀਜਾ ਸੀ। ਪਰ ਨਿਰੰਕਾਰੀਆਂ ਨੂੰ ਵਧੇਰੇ ਪ੍ਰਸਿਧੀ ਓਦੋਂ ਮਿਲੀ, ਜਦ ਇੰਦਰਾ ਗਾਂਧੀ ਨੇ ਜ਼ਾਤੀ ਦਿਲਚਸਪੀ ਲੈ ਕੇ 1965 ਵਿਚ ਬਣੇ ਨਿਰੰਕਾਰੀ ਆਗੂ ਗੁਰਬਚਨ ਸਿੰਘ ਨੂੰ ਸਫ਼ਾਰਤੀ ਪਾਸਪੋਰਟ ਦਿਵਾ ਕੇ ਬਦੇਸ਼ਾਂ ਵਿਚ ਸਭ ਭਾਰਤੀ ਦੂਤ-ਘਰਾਂ ਨੂੰ ਹਦਾਇਤ ਕੀਤੀ ਕਿ ਨਿਰੰਕਾਰੀ ਗੁਰੂ ਦਾ ਆਦਰ-ਮਾਣ ਤੇ ਸੁਆਗਤ ਕੀਤਾ ਜਾਏ। ਇਸ ਨਾਲ ਨਕਲੀ ਨਿਰੰਕਾਰੀਆਂ ਦਾ ਵਕਾਰ ਬਹੁਤ ਵਧ ਗਿਆ। ਕਿਹਾ ਜਾਂਦਾ ਹੈ ਕਿ ਇਨ੍ਹਾਂ ਨੂੰ ਗੁਪਤ ਰੂਪ ਵਿਚ ਸਰਕਾਰ ਵੱਲੋਂ ਆਰਥਿਕ ਸਹਾਇਤਾ ਵੀ ਮਿਲਦੀ ਸੀ। ਇਸੇ ਸਰਪ੍ਰਸਤੀ ਦੇ ਸਦਕੇ ਥੋੜ੍ਹੇ ਸਾਲਾਂ ਵਿਚ ਹੀ ਇਨ੍ਹਾਂ ਨੇ ਦੇਸ ਤੇ ਪ੍ਰਦੇਸਾਂ ਵਿਚ ਚਾਰ ਸੌ ਤੋਂ ਵੱਧ ਸ਼ਾਖ਼ਾਂ ਤੇ ਅਰਬਾਂ-ਖ਼ਰਬਾਂ ਰੁਪਏ ਦੀ ਜਾਇਦਾਦ ਬਣਾ ਲਈ।

ਅਵਤਾਰ ਸਿੰਘ ਦੀ ਸ਼ਕਲ ਤੇ ਪਹਿਰਾਵਾ ਸਿੱਖਾਂ ਵਾਲਾ ਸੀ। ਉਹ ਆਪਣੇ ਸਮਾਗਮਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕਰਦਾ ਸੀ ਤੇ ਆਪਣੇ ਭਾਸ਼ਨਾਂ ਵਿਚ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਵੀ ਦੇਂਦਾ ਸੀ, ਪਰ ਉਨ੍ਹਾਂ ਦੇ ਭਾਵ ਆਪਣੇ ਮਤਲਬ ਦੇ ਕਢਦਾ ਸੀ, ਇਸ

ਲਈ ਬਥੇਰੇ ਭੋਲੇ ਭਾਲੇ ਸਿਖ ਉਹਦੇ ਜਾਲ ਵਿਚ ਫਸਦੇ ਜਾਂਦੇ ਸਨ। ਸਿਖ ਸ਼ਬਦਾਵਲੀ ਦੀ ਵਰਤੋਂ ਤੋਂ ਬਾਅਦ ਉਸ ਨੇ ਸਿਖ ਇਤਿਹਾਸ ਨੂੰ ਵੀ ਆਪਣੇ ਪਖੰਡ ਦਾ ਨਿਸ਼ਾਨਾ ਬਣਾਣਾ ਸ਼ੁਰੂ ਕਰ ਦਿੱਤਾ। ਆਪਣੇ ਚੇਲੇ-ਚਾਟੜਿਆਂ ਵਿੱਚੋਂ ਕਿਸੇ ਨੂੰ ਬਾਬਾ ਬੁੱਢਾ, ਕਿਸੇ ਨੂੰ ਭਾਈ ਗੁਰਦਾਸ, ਮਾਤਾ ਤ੍ਰਿਪਤਾ, ਬੇਬੇ ਨਾਨਕੀ ਆਦਿ ਨਾਂ ਦੇ ਲਏ, ਇਥੋਂ ਤਕ ਕਿ ਪੰਜ ਪਿਆਰਿਆਂ ਵਾਂਗ ਸਤ 'ਸਤਾਰੇ' ਵੀ ਬਣਾ ਲਏ। ਇਸੇ ਸਮੇਂ ਨਕਲੀ ਨਿਰੰਕਾਰੀਆਂ ਨੇ ਦੋ ਪੁਸਤਕਾਂ 'ਅਵਤਾਰ ਬਾਣੀ' ਤੇ 'ਯੁਗ ਪੁਰਸ਼' ਛਾਪੀਆਂ, ਜਿਨ੍ਹਾਂ ਵਿਚ ਸਿਖ ਧਰਮ, ਇਸ ਦੀਆਂ ਸੰਸਥਾਵਾਂ, ਰਹਿਤ-ਮਰਯਾਦਾ ਤੇ ਗੁਰਬਾਣੀ ਉੱਤੇ ਕਾਟਵੇਂ ਤੇ ਚੋਭਵੇਂ ਹਮਲੇ ਕੀਤੇ ਗਏ ਤੇ ਗੁਰੂਆਂ ਦੀ ਸ਼ਖ਼ਸੀਅਤ ਨੂੰ ਛੁਟਿਆ ਕੇ ਉਨ੍ਹਾਂ ਦੀ ਸਖ਼ਤ ਬੇਅਦਬੀ ਕੀਤੀ ਗਈ। ਉਦਾਹਰਣ ਵਜੋਂ 'ਅਵਤਾਰ ਬਾਣੀ' ਦੀਆਂ ਕੁਝ ਟੂਕਾਂ ਇਸ ਪ੍ਰਕਾਰ ਹਨ:

ਅੰਮ੍ਰਿਤਸਰ ਦੇ ਸਰ ਦਾ ਪਾਣੀ, ਮੈਲ ਨਾ ਦਿਲ ਦੀ ਧੋ ਸਕਿਆ।
ਤਰਨ ਤਾਰਨ ਵਿਚ ਲਾ ਲਾ ਤਾਰੀ, ਭਵ ਸਾਗਰ ਨਾ ਤਰ ਸਕਿਆ।
ਪੜ੍ਹ ਸੁਖਮਨੀ ਸੁਖ ਨਾ ਲੱਭਾ, ਜੀਅ ਨਾ ਮੇਰਾ ਠਰ ਸਕਿਆ।
....
ਜਿੰਨੇ ਵੀ ਹੋ ਗੁਜ਼ਰੇ ਅਜ ਤਕ, ਆਪਣਾ ਆਪ ਨਾ ਪਾ ਸਕੇ।
ਰਾਮ, ਕ੍ਰਿਸ਼ਨ ਤੇ ਨਾਨਕ ਤਕ ਵੀ, ਖ਼ੁਦ ਨਾ ਪਰਦਾ ਲਾਹ ਸਕੇ।
....
ਗੁਰ ਨਾਨਕ ਹੈ ਪੂਰਾ ਰਹਿਬਰ, ਪੱਕਾ ਸੀ ਇਤਬਾਰ ਮੇਰਾ।
ਬਾਣੀ ਨੂੰ ਮੈਂ ਸਭ ਕੁਝ ਸਮਝਾਂ, ਬਾਣੀ ਨਾਲ ਸੀ ਪਿਆਰ ਮੇਰਾ।
ਵਰ੍ਹਿਆਂ ਬੱਧੀ ਚਾਲ ਚੱਲੀ ਇਹ, ਚਲਦੀ ਇਹੋ ਰੀਤ ਰਹੀ।
ਮਹਾਦੇਵ ਅਵਤਾਰ ਦੇ ਬਾਝੋਂ, ਹੈ ਸੀ ਉਮਰਾ ਬੀਤ ਰਹੀ।

ਕੋਈ ਵੀ ਸੰਪਰਦਾ, ਵਿਸ਼ੇਸ਼ ਕਰਕੇ ਨਕਲੀ ਨਿਰੰਕਾਰੀਆਂ ਵਰਗੀ ਨਵੀਂ ਸੰਪਰਦਾ ਸਿਖ ਧਰਮ ਵਰਗੇ ਉਦਾਰ, ਨਿਰਮਾਣ, ਸਰਬੱਤ ਦਾ ਭਲਾ ਮੰਗਣ ਵਾਲੇ ਅਤੇ ਰਾਮ, ਰਹੀਮ ਤੇ ਅੱਲਾ ਨੂੰ ਇਕ ਮੰਨਣ ਵਾਲੇ ਧਰਮ ਲਈ ਅਜਿਹੇ ਨੀਚ, ਅਨੈਤਕ ਤੇ ਬੇਅਦਬੀ ਭਰੇ ਸ਼ਬਦਾਂ ਦੀ ਵਰਤੋਂ ਕਰਨ ਦੀ ਜੁਰਅਤ ਨਹੀਂ ਕਰ ਸਕਦੀ, ਜਦ ਤਕ ਉਸ ਨੂੰ ਸਰਕਾਰ ਵੱਲੋਂ ਸ਼ਹਿ ਨਾ ਹੋਵੇ। ਇਹ ਕੁਕਰਮ ਸੁਆਮੀ ਦਇਆ ਨੰਦ ਤੋਂ ਬਾਅਦ ਨਕਲੀ ਨਿਰੰਕਾਰੀਆਂ ਨੇ ਹੀ ਕੀਤਾ ਸੀ ਤੇ ਇੱਸੇ ਲਈ ਕੱਟੜ ਆਰੀਆ ਸਮਾਜੀ ਵੀ ਉਨ੍ਹਾਂ ਦੀ ਹਮਾਇਤ ਉੱਤੇ ਖੜੇ ਹੋ ਗਏ ਸਨ। ਸਿੱਖਾਂ ਲਈ ਇਹ ਸਮਝਣਾ ਸੁਭਾਵਕ ਸੀ ਕਿ ਨਿਰੰਕਾਰੀ ਕੇਂਦਰੀ ਸਰਕਾਰ ਦੇ ਹੱਥ-ਠੋਕੇ ਹਨ ਤੇ ਉਹਦੇ ਇਸ਼ਾਰੇ ਉੱਤੇ ਹੀ ਇਹ ਗੁਸਤਾਖ਼ੀਆਂ ਕਰ ਰਹੇ ਹਨ। ਸੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ 1973 ਦੇ ਵਾਰਸ਼ਿਕ ਸਮਾਗਮ ਵਿਚ ਹੇਠ-ਲਿਖਿਆ ਮਤਾ ਪਾਸ ਕੀਤਾ:

"ਸਿਖ ਪੰਥ ਲਈ ਇਹ ਗੱਲ ਅਸਹਿ ਹੈ ਕਿ ਗੁਰਬਚਨ ਸਿੰਘ ਜਿਹੇ ਸਧਾਰਨ ਆਦਮੀ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਨਾਲ ਤੁਲਨਾ ਦੇ ਕੇ ਆਪਣੇ ਸੱਜੇ-ਖੱਬੇ ਜਾਹਲੀ ਭਾਈ ਬਾਲਾ ਤੇ ਭਾਈ ਮਰਦਾਨਾ ਬਿਠਾਉਣ। ਇਸ ਲਈ ਕਮੇਟੀ ਭਾਰਤ ਦੀ ਕੇਂਦਰੀ ਸਰਕਾਰ ਦੀ ਨਿਖੇਧੀ ਕਰਨ ਲਈ ਮਜਬੂਰ ਹੈ ਕਿ ਉਹ ਸਿਖ ਕੌਮ ਵਿਚ ਫੁੱਟ ਪੁਆਉਣ ਲਈ ਜਾਹਲੀ ਨਿਰੰਕਾਰੀਆਂ ਦੇ ਇਸ ਗੁਰੂ-ਡੰਮ ਦੀ ਸਰਪ੍ਰਸਤੀ ਕਰ ਰਹੀ ਹੈ ਤੇ ਆਪਣੇ ਦੂਤ-ਘਰਾਂ ਦੁਆਰਾ ਇਨ੍ਹਾਂ ਦੀ ਬਿਦੇਸ਼-ਯਾਤਰਾ ਸਮੇਂ ਇਨ੍ਹਾਂ ਦਾ ਸੁਆਗਤ-ਸਨਮਾਨ ਕਰਵਾ ਰਹੀ ਹੈ। ਇਹ ਗੱਲ ਸਿਖ ਸੰਗਤਾਂ ਲਈ ਅਸਹਿ ਹੈ ਤੇ ਇਹਦੇ ਜਿਹੜੇ ਵੀ ਨਤੀਜੇ ਨਿਕਲਣਗੇ, ਉਨ੍ਹਾਂ ਦੀ ਜ਼ਿੰਮੇਵਾਰੀ

ਇਨ੍ਹਾਂ ਜਾਹਲਸਾਜ਼ਾਂ ਤੇ ਇਨ੍ਹਾਂ ਦੀ ਸਰਪ੍ਰਸਤ ਕੇਂਦਰੀ ਸਰਕਾਰ ਦੇ ਸਿਰ ਹੋਵੇਗੀ।"

ਪਰ ਇਸ ਦੇ ਬਾਵਜੂਦ ਸਰਕਾਰ ਵੱਲੋਂ ਨਿਰੰਕਾਰੀਆਂ ਦੀ ਸਰਪ੍ਰਸਤੀ ਜਾਰੀ ਰਹੀ। 1972 ਵਿਚ ਜਦ ਗਿਆਨੀ ਜ਼ੈਲ ਸਿੰਘ ਪੰਜਾਬ ਦੇ ਮੁਖ ਮੰਤਰੀ ਸਨ, ਤਾਂ ਇਕ ਕੱਟੜ ਨਿਰੰਕਾਰੀ ਹਰਦੇਵ ਸਿੰਘ ਛੀਨਾ ਨੂੰ ਪੰਜਾਬ ਦਾ ਮੁੱਖ ਸਕੱਤਰ ਬਣਾ ਦਿੱਤਾ ਗਿਆ। ਇੱਸੇ ਸਮੇਂ ਤਿੰਨ ਚਾਰ ਹੋਰ ਆਈ.ਏ.ਐਸ. ਉਚ ਅਧਿਕਾਰੀ ਵੀ ਨਿਰੰਕਾਰੀ ਸਨ, ਜਿਨ੍ਹਾਂ ਵਿੱਚੋਂ ਨਿਰੰਜਨ ਸਿੰਘ ਤਾਂ ਸੰਤ ਨਿਰੰਕਾਰੀ ਮੰਡਲ ਦਾ ਪ੍ਰਚਾਰਕ ਹੀ ਬਣਿਆ ਬੈਠਾ ਸੀ। ਇਹ ਨਕਲੀ ਨਿਰੰਕਾਰੀਆਂ ਦੇ ਚੇਲੇ-ਚਾਟੜੇ ਵਧਾਉਣ ਲਈ ਆਪਣਾ ਸਰਕਾਰੀ ਅਸਰ-ਰਸੂਖ਼ ਵੀ ਵਰਤਦਾ ਸੀ। ਪੰਜਾਬ ਸਕੱਤਰੇਤ ਵਿਚ ਇਹ ਗੱਲ ਆਮ ਮਸ਼ਹੂਰ ਸੀ ਕਿ ਜਿਸ ਕਿਸੇ ਨੇ ਤਰੱਕੀ ਲੈਣੀ ਹੈ ਜਾਂ ਹੋਰ ਕੋਈ ਕੰਮ ਕਢਾਣਾ ਹੈ, ਉਹ ਨਿਰੰਕਾਰੀ ਬਣ ਜਾਏ। ਨਿਰੰਕਾਰੀਆਂ ਵੱਲੋਂ ਸਿਖ ਧਰਮ ਤੇ ਗੁਰੂਆਂ ਦੀ ਬੇਅਦਬੀ ਸਭ ਸਿੱਖਾਂ ਨੂੰ ਚੁਭਦੀ ਸੀ, ਪਰ ਦੋ ਪੁਰਾਣੀਆਂ ਸਿਖ ਸੰਸਥਾਵਾਂ—ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜਥਾ, ਜਿਨ੍ਹਾਂ ਦਾ ਉਦੇਸ਼ ਨਿਰੋਲ ਗੁਰਮਤਿ-ਪ੍ਰਚਾਰ ਸੀ, ਇਸ ਤੋਂ ਬਹੁਤ ਦੁਖੀ ਸਨ। ਜਦ ਨਿਰੰਕਾਰੀਆਂ ਨੇ ਪੰਜਾਬ ਵਿਚ ਆਪਣਾ ਪ੍ਰਚਾਰ ਤੇਜ਼ ਕੀਤਾ ਅਤੇ ਆਪਣੇ ਜਲੂਸਾਂ ਤੇ ਸਮਾਗਮਾਂ ਵਿਚ ਗੁਰੂ ਸਾਹਿਬਾਨ ਦੀ ਸ਼ਾਨ ਵਿਚ ਬਦ-ਕਲਾਮੀ ਕਰਨ ਲਗ ਪਏ, ਤਾਂ ਟਕਸਾਲ ਦੇ ਮੁਖੀਆਂ ਨੇ ਉਨ੍ਹਾਂ ਨੂੰ ਰੋਕਿਆ ਤੇ ਕਈ ਥਾਈਂ ਉਨ੍ਹਾਂ ਦੀਆਂ ਨਿਰੰਕਾਰੀਆਂ ਨਾਲ ਝੜਪਾਂ ਹੋਈਆਂ। ਨਿਰੰਕਾਰੀਆਂ ਨੂੰ ਇਕ ਤਾਂ ਪ੍ਰਸ਼ਾਸਨ ਵਿਚ ਉੱਚੀਆਂ ਪਦਵੀਆਂ ਉੱਤੇ ਲੱਗੇ ਨਿਰੰਕਾਰੀ ਅਫ਼ਸਰਾਂ ਦੀ ਸ਼ਹਿ ਸੀ ਤੇ ਦੂਜੇ ਉਨ੍ਹਾਂ ਨੇ 'ਨਿਰੰਕਾਰੀ ਸੇਵਾ ਦਲ' ਦੇ ਨਾਂ ਦੀ ਇਕ ਲਠ-ਮਾਰ ਸੰਸਥਾ ਬਣਾ ਲਈ ਸੀ, ਜਿਸ ਦੇ ਸਤ ਹਜ਼ਾਰ ਮੈਂਬਰ ਸਨ ਤੇ ਜੋ ਲਾਠੀਆਂ ਅਤੇ ਲਾਇਸੰਸੀ ਤੇ ਗ਼ੈਰ-ਲਾਇਸੰਸੀ ਹਥਿਆਰਾਂ ਨਾਲ ਲੈਸ ਰਹਿੰਦੀ ਸੀ। ਇਸ ਲਈ ਉਹ ਆਪਣੀਆਂ ਭੜਕਾਊ ਹਰਕਤਾਂ ਤੋਂ ਬਾਜ਼ ਨਹੀਂ ਆਉਂਦੇ ਸਨ। ਇਸ ਵੇਲੇ ਨਿਰੰਜਨ ਸਿੰਘ ਨਿਰੰਕਾਰੀ ਗੁਰਦਾਸਪੁਰ ਦਾ ਡਿਪਟੀ ਕਮਿਸ਼ਨਰ ਲੱਗਾ ਹੋਇਆ ਸੀ ਤੇ ਨਿਰੰਕਾਰੀਆਂ ਦੇ ਬਹੁਤੇ ਸਮਾਗਮ ਵੀ ਇੱਸੇ ਜ਼ਿਲ੍ਹੇ ਵਿਚ ਹੋ ਰਹੇ ਸਨ। ਦਮਦਮੀ ਟਕਸਾਲ ਦਾ ਮੁਖ ਅਸਥਾਨ ਗੁਰਦੁਆਰਾ ਗੁਰ-ਦਰਸ਼ਨ ਪ੍ਰਕਾਸ਼ ਚੌਕ ਮਹਿਤਾ ਵੀ ਇਨ੍ਹਾਂ ਪਿੰਡਾਂ ਦੇ ਨੇੜੇ ਸੀ, ਇਸ ਲਈ ਨਿਰੰਕਾਰੀਆਂ ਤੇ ਟਕਸਾਲ ਦੇ ਸੇਵਾਦਾਰਾਂ ਦੇ ਵਿਚਕਾਰ ਖਟਪਟੀ ਵਧਦੀ ਗਈ। ਟਕਸਾਲ ਦੇ ਉਸ ਵੇਲੇ ਦੇ ਮੁਖੀ ਸੰਤ ਕਰਤਾਰ ਸਿੰਘ ਨੇ ਖੁਲ੍ਹੇ ਤੌਰ ਤੇ ਨਿਰੰਜਨ ਸਿੰਘ ਦੀਆਂ ਕਾਰਵਾਈਆਂ ਦੀ ਨਿਖੇਧੀ ਕਰਦਿਆਂ ਤਾੜਨਾ ਕੀਤੀ ਕਿ ਇਹ ਸਥਿਤੀ ਗੰਭੀਰ ਟਕਰਾਉ ਦਾ ਰੂਪ ਧਾਰਨ ਕਰ ਸਕਦੀ ਹੈ।

(3) ਵਿਸਾਖੀ 1978 ਦਾ ਖ਼ੂਨੀ ਸਾਕਾ ਤੇ ਉਸ ਦਾ ਪ੍ਰਤੀਕਰਮ

ਨਿਰੰਕਾਰੀਆਂ ਨੇ ਆਪਣੇ ਪ੍ਰਚਾਰਕ ਅਫ਼ਸਰਾਂ ਦੀ ਸ਼ਹਿ ਉੱਤੇ 12 ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਚ ਇਕ ਵੱਡਾ ਸਮਾਗਮ ਕੀਤਾ, ਜਦ ਕਿ ਉਨ੍ਹਾਂ ਨੂੰ ਪਤਾ ਸੀ ਕਿ ਇਸ ਦਿਨ ਇੱਥੇ ਵਖ ਵਖ ਥਾਈਂ ਕਈ ਸਿਖ ਸੰਸਥਾਵਾਂ ਦੇ ਦੀਵਾਨ ਲਗਦੇ ਹਨ। ਸਪੱਸ਼ਟ ਰੂਪ ਵਿਚ ਇਹ ਇਕ ਚੈਲੰਜ ਸੀ ਤੇ ਉਨ੍ਹਾਂ ਨੇ ਆਪਣੇ ਸੇਵਾ ਦਲ ਦੇ ਮੈਂਬਰਾਂ ਨੂੰ ਹਦਾਇਤ ਕੀਤੀ ਹੋਈ ਸੀ ਕਿ ਉਹ ਆਪਣੇ ਹਥਿਆਰ ਨਾਲ ਲੈ ਕੇ ਆਉਣ। ਸਮਾਗਮ ਤੋਂ ਪਹਿਲਾਂ ਉਨ੍ਹਾਂ ਨੇ ਜੋ ਜਲੂਸ ਕੱਢਿਆ, ਉਹਦੇ ਵਿਚ ਸਦਾ ਵਾਂਗ ਗੁਰੂ ਸਾਹਿਬਾਨ ਦੀ ਸ਼ਾਨ ਵਿਚ ਨਿਰਾਦਰ ਭਰੇ ਸ਼ਬਦਾਂ ਦੇ ਨਾਹਰੇ ਲਾਏ ਗਏ। ਉਸ ਵੇਲੇ ਅਜੀਤ ਨਗਰ ਵਿਚ ਅਖੰਡ ਕੀਰਤਨੀ ਜਥੇ ਦਾ ਦੀਵਾਨ ਲੱਗਾ ਹੋਇਆ ਸੀ। ਜਦ ਉੱਥੇ ਇਹ ਖ਼ਬਰ ਪਹੁੰਚੀ, ਤਾਂ ਉੱਥੋਂ ਲਗ ਪਗ ਡੇਢ ਸੌ ਸਿੰਘ, ਨਿਰੰਕਾਰੀਆਂ ਨੂੰ ਅਜਿਹੀਆਂ ਭੜਕਾਊ ਕਾਰਵਾਈਆਂ ਕਰਨ ਤੋਂ ਰੋਕਣ ਲਈ ਤੁਰ ਪਏ। ਗੁਰੂ ਰਾਮਦਾਸ ਨਿਵਾਸ

ਪਹੁੰਚਣ ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਜਲੂਸ ਖ਼ਤਮ ਹੋ ਚੁਕਾ ਹੈ। ਉਸ ਦਿਨ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਵੀ ਗੁਰੂ ਰਾਮਦਾਸ ਨਿਵਾਸ ਵਿਚ ਠਹਿਰੇ ਹੋਏ ਸਨ। ਉਨ੍ਹਾਂ ਨਾਲ ਮਸ਼ਵਰੇ ਤੋਂ ਬਾਅਦ ਫ਼ੈਸਲਾ ਹੋਇਆ ਕਿ ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜਥੇ ਦੇ ਪੰਜ ਪੰਜ ਸਿੰਘਾਂ ਦੀ ਅਗਵਾਈ ਵਿਚ ਇਹ ਜੱਥਾ ਨਿਰੰਕਾਰੀਆਂ ਦੇ ਸਮਾਗਮ ਵਿਚ ਜਾਏ ਅਤੇ ਉਨ੍ਹਾਂ ਨੂੰ ਗੁਰੂ ਸਾਹਿਬਾਨ ਦੀ ਬੇਅਦਬੀ ਕਰਨ ਅਤੇ ਸਿਖ-ਵਿਰੋਧੀ ਪ੍ਰਚਾਰ ਤੋਂ ਬਾਜ਼ ਰਹਿਣ ਲਈ ਆਖੇ। ਜਥਾ ਅਜੇ ਪੰਡਾਲ ਤੋਂ ਦੂਰ ਹੀ ਸੀ ਕਿ ਪੁਲਿਸ ਨੇ ਜਥੇ ਨੂੰ ਅੱਗੇ ਜਾਣ ਤੋਂ ਰੋਕਿਆ ਤੇ ਅਫ਼ਸਰਾਂ ਨੇ ਆਖਿਆ ਕਿ ਅਸੀਂ ਆਪ ਜਾ ਕੇ ਉਨ੍ਹਾਂ ਨੂੰ ਸਮਝਾਂਦੇ ਹਾਂ। ਇਸ ਗੱਲ-ਬਾਤ ਦੇ ਦੌਰਾਨ ਹੀ ਹਥਿਆਰ-ਬੰਦ ਨਿਰੰਕਾਰੀਆਂ ਨੇ ਜਥੇ ਉੱਤੇ ਗੋਲੀਆਂ ਦੀ ਵਾਛੜ ਸ਼ੁਰੂ ਕਰ ਦਿੱਤੀ, ਜਿਸ ਨਾਲ ਮੌਕੇ ਤੇ ਹੀ 13 ਸਿੰਘ ਸ਼ਹੀਦ ਤੇ ਲਗ ਪਗ 80 ਫੱਟੜ ਹੋ ਗਏ। ਸ਼ਹੀਦਾਂ ਵਿਚ ਅਖੰਡ ਕੀਰਤਨੀ ਜੱਥੇ ਦੇ ਇਕ ਮੁਖੀ ਸੱਜਣ ਭਾਈ ਫ਼ੌਜਾ ਸਿੰਘ ਵੀ ਸ਼ਾਮਲ ਸਨ। ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਦਾ ਵਤੀਰਾ ਲਾਪਰਵਾਹੀ ਵਾਲਾ ਸੀ। ਉਨ੍ਹਾਂ ਨੇ ਨਾ ਤਾਂ ਨਿਰੰਕਾਰੀਆਂ ਨੂੰ ਗੋਲੀਆਂ ਚਲਾਉਣ ਤੋਂ ਰੋਕਿਆ ਤੇ ਨਾ ਦੋਸ਼ੀਆਂ ਨੂੰ ਵੇਲੇ ਸਿਰ ਗ੍ਰਿਫ਼ਤਾਰ ਕਰਨ ਜਾਂ ਉਨ੍ਹਾਂ ਦੇ ਹਥਿਆਰ ਕਾਬੂ ਕਰਨ ਦਾ ਜਤਨ ਕੀਤਾ। ਇਸ ਦਾ ਮੁਖ ਕਾਰਨ ਇਹ ਸੀ ਕਿ ਨਿਰੰਕਾਰੀ ਨੇਤਾ ਨਿਰੰਜਨ ਸਿੰਘ ਡਿਪਟੀ ਕਮਿਸ਼ਨਰ ਗੁਰਦਾਸਪੁਰ ਸਮਾਗਮ ਵਿਚ ਆਪ ਹਾਜ਼ਰ ਸੀ, ਇਸ ਲਈ ਅਫ਼ਸਰ ਕੋਈ ਕਾਰਵਾਈ ਕਰਨ ਤੋਂ ਝਿਜਕ ਰਹੇ ਸਨ। ਉਸੇ ਦੀ ਸਾਜ਼ਸ਼ ਨਾਲ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਅੰਮ੍ਰਿਤਸਰੋਂ ਭੱਜਣ ਵਿਚ ਕਾਮਯਾਬ ਹੋ ਗਿਆ।

ਇਸ ਵੇਲੇ ਕੇਂਦਰ ਵਿਚ ਜਨਤਾ ਪਾਰਟੀ ਦੀ ਸਰਕਾਰ ਸੀ ਤੇ ਪੰਜਾਬ ਵਿਚ ਅਕਾਲੀ ਜਨਤਾ-ਪਾਰਟੀ ਦੀ ਰਲਵੀਂ ਹਕੂਮਤ ਸੀ। ਆਮ ਖ਼ਿਆਲ ਇਹ ਹੈ ਕਿ ਦੋਹਾਂ ਹਕੂਮਤਾਂ ਨੂੰ ਪ੍ਰੇਸ਼ਾਨ ਕਰਨ ਲਈ ਕਾਂਗਰਸ ਨੇ ਨਕਲੀ ਨਿਰੰਕਾਰੀਆਂ ਪਾਸੋਂ ਇਹ ਪਰਪੰਚ ਰਚਵਾਇਆ ਸੀ। ਇਸ ਦਿਨ ਪੰਜਾਬ ਦੇ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬੰਬਈ ਗਏ ਹੋਏ ਸਨ। ਖ਼ਬਰ ਮਿਲਣ ਉੱਤੇ ਉਹ ਫ਼ੌਰਨ ਅੰਮ੍ਰਿਤਸਰ ਪਹੁੰਚੇ ਅਤੇ ਸਰਸਰੀ ਪੜਤਾਲ ਤੋਂ ਬਾਅਦ ਉਨ੍ਹਾਂ ਨੇ ਡੀ.ਐੱਸ.ਪੀ. ਜੋਸ਼ੀ ਨੂੰ ਮੁਅੱਤਲ ਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਤਬਦੀਲ ਕਰ ਦਿੱਤਾ। ਪਰ ਬਾਦਲ-ਵਜ਼ਾਰਤ ਅਕਾਲੀਆਂ ਤੇ ਜਨਤਾ ਦੀ ਮਿਲੀ-ਜੁਲੀ ਵਜ਼ਾਰਤ ਸੀ ਤੇ ਇਸ ਵਿਚ ਜਨਸੰਘੀ ਵੀ ਸ਼ਾਮਲ ਸਨ, ਇਸ ਲਈ ਮੁੱਖ ਮੰਤਰੀ ਹੋਰ ਲੋੜੀਂਦੀ ਕਾਰਵਾਈ ਕਰਨ ਤੋਂ ਝਿਜਕਦੇ ਰਹੇ। ਦੂਜੇ ਪਾਸੇ ਜਲੰਧਰ ਦੀਆਂ ਸਭ ਆਰੀਆ ਸਮਾਜੀ ਅਖ਼ਬਾਰਾਂ ਤੇ ਵਿਸ਼ੇਸ਼ ਕਰਕੇ 'ਹਿੰਦ ਸਮਾਚਾਰ' ਗਰੁੱਪ ਦੀਆਂ ਅਖ਼ਬਾਰਾਂ ਨੇ, ਜਿਨ੍ਹਾਂ ਦੇ ਮੁੱਖ ਸੰਪਾਦਕ ਜਗਤ ਨਰਾਇਣ ਸਨ, ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਨੂੰ ਹੀ ਇਸ ਸਾਕੇ ਲਈ ਜ਼ਿੰਮੇਵਾਰ ਠਹਿਰਾਇਆ ਤੇ ਉਨ੍ਹਾਂ ਦੇ ਵਿਰੁੱਧ ਜ਼ਹਿਰੀਲਾ ਪ੍ਰਚਾਰ ਸ਼ੁਰੂ ਕਰ ਦਿੱਤਾ। ਸੋ ਸੰਤ ਜਰਨੈਲ ਸਿੰਘ ਅਕਾਲੀਆਂ ਨੂੰ ਇਸ ਗੱਲ ਲਈ ਦੋਸ਼ੀ ਕਰਾਰ ਦੇਣ ਲਗ ਪਏ ਕਿ ਉਹ ਆਪਣੀ ਵਜ਼ਾਰਤ ਬਚਾਉਣ ਲਈ ਨਿਰੰਕਾਰੀਆਂ ਦੇ ਵਿਰੁੱਧ ਸਖ਼ਤ ਕਾਰਵਾਈ ਕਰਨ ਤੋਂ ਸੰਕੋਚ ਕਰ ਰਹੇ ਹਨ। ਇਸ ਪ੍ਰਾਪੇਗੰਡੇ ਨਾਲ ਸਿਖ ਜਨਤਾ ਵਿਚ ਅਕਾਲੀ ਦਲ ਦੀ ਸਾਖ ਨੂੰ ਸੱਟ ਵਜਦੀ ਸੀ ਤੇ ਇਸ ਦਾ ਰਾਜਨੀਤਿਕ ਲਾਭ ਕਾਂਗਰਸ ਨੂੰ ਹੁੰਦਾ ਸੀ। ਸੋ ਕਾਂਗਰਸੀ ਇਸ ਗੱਲ ਤੇ ਖ਼ੁਸ਼ ਸਨ ਕਿ ਜਿਸ ਮੰਤਵ ਨੂੰ ਮੁਖ ਰਖ ਕੇ ਉਨ੍ਹਾਂ ਨੇ ਨਿਰੰਕਾਰੀਆਂ ਨੂੰ ਆਪਣਾ ਹੱਥ-ਠੋਕਾ ਬਣਾਇਆ ਸੀ, ਉਹ ਪੂਰਾ ਹੋ ਰਿਹਾ ਸੀ।

ਖ਼ੈਰ! ਮੁਢਲੀ ਜਾਂਚ-ਪੜਤਾਲ ਤੋਂ ਬਾਅਦ, ਜੋ ਰਿਪੋਰਟ ਦਿੱਤੀ ਗਈ, ਉਸ ਵਿਚ ਕਿਹਾ ਗਿਆ ਸੀ ਕਿ ਪ੍ਰਤੱਖ ਰੂਪ ਵਿਚ ਕੇਸ ਬਣਦਾ ਹੈ ਤੇ ਨਿਰੰਕਾਰੀਆਂ ਵੱਲੋਂ ਬਿਨਾਂ ਕਿਸੇ ਭੜਕਾਹਟ ਦੇ ਗੋਲੀਆਂ ਚਲਾਈਆਂ ਗਈਆਂ ਸਨ। ਸੋ ਡਿਪਟੀ ਕਮਿਸ਼ਨਰ ਨਿਰੰਜਨ ਸਿੰਘ ਸਮੇਤ 60

ਨਿਰੰਕਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਨਿਰੰਕਾਰੀਆਂ ਨੇ ਸੁਪਰੀਮ ਕੋਰਟ ਵਿਚ ਦਰਖ਼ਾਸਤ ਦੇ ਕੇ ਗ੍ਰਿਫ਼ਤਾਰ ਹੋਏ ਵਿਅਕਤੀਆਂ ਦਾ ਮੁਕੱਦਮਾ ਅੰਮ੍ਰਿਤਸਰ ਤੋਂ ਕਰਨਾਲ ਤਬਦੀਲ ਕਰਾ ਲਿਆ ਅਤੇ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੇ ਵੀ ਸੰਬੰਧਤ ਅਦਾਲਤ ਤੋਂ ਆਪਣੀ ਜ਼ਮਾਨਤ ਕਰਾ ਲਈ। ਇਸ ਦੁਖਦਾਈ ਸਾਕੇ ਨੇ ਸਾਰੇ ਸਿਖ-ਜਗਤ ਨੂੰ ਝੰਜੋੜ ਕੇ ਰਖ ਦਿੱਤਾ। ਸੋ 22 ਅਪ੍ਰੈਲ ਦਾ ਦਿਨ ਸਾਰੇ ਗੁਰਦੁਆਰਿਆਂ ਵਿਚ ਸ਼ਹੀਦਾਂ ਦੇ ਨਮਿਤ ਅਖੰਡ ਪਾਠਾਂ ਦੇ ਭੋਗ ਪਾਣ ਅਤੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਨਿਯਤ ਕੀਤਾ ਗਿਆ। ਇਸ ਦਿਨ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਬੰਧ ਹੇਠ ਦੀਵਾਨ-ਅਸਥਾਨ ਮੰਜੀ ਸਾਹਿਬ ਵਿਚ ਇਕ ਭਾਰੀ ਦੀਵਾਨ ਸਜਿਆ, ਜਿਸ ਵਿਚ ਸ਼ਹੀਦਾਂ ਨੂੰ ਭਰਪੂਰ ਸ਼ਰਧਾਂਜਲੀ ਭੇਟ ਕਰ ਕੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਦੋਸ਼ੀਆਂ ਨੂੰ ਕਰੜੇ ਦੰਡ ਦਿਵਾਏ ਜਾਣ ਅਤੇ ਪੁਸਤਕ 'ਅਵਤਾਰ ਬਾਣੀ' ਤੁਰਤ ਜ਼ਬਤ ਕੀਤੀ ਜਾਏ। ਫਿਰ 10 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੇਠ-ਲਿਖਿਆ ਹੁਕਮਨਾਮਾ ਜਾਰੀ ਕੀਤਾ ਗਿਆ :

"ਕੁਝ ਸਮੇਂ ਤੋਂ ਸਾਡੇ ਦੇਸ ਵਿਚ ਅਖੌਤੀ 'ਨਿਰੰਕਾਰੀ' ਦੀ ਸੰਗਿਆ ਹੇਠ ਇਕ ਲਹਿਰ ਚਲ ਰਹੀ ਹੈ, ਜਿਸ ਦਾ ਮੁਖੀ ਗੁਰਬਚਨ ਸਿੰਘ ਹੈ। ਉਸ ਦਾ ਨਿਸ਼ਾਨਾ ਧਰਮ ਤੇ ਸਦਾਚਾਰ ਨੂੰ ਵਿਨਾਸ਼ ਕਰਨਾ ਤਾਂ ਹੈ ਹੀ, ਪਰ ਉਹ ਸਿੱਖੀ ਤੇ ਖ਼ਾਲਸੇ ਦੇ ਸਿਧਾਂਤਾਂ, ਰਹੁ-ਰੀਤਾਂ ਤੇ ਗੌਰਵ ਉੱਤੇ ਵਿਸ਼ੇਸ਼ ਕਰਕੇ ਪ੍ਰਚੰਡ ਹਮਲੇ ਕਰ ਰਿਹਾ ਹੈ, ਜਿਸ ਦੇ ਪ੍ਰਣਾਮ ਕਾਰਨ ਕਈ ਥਾਵਾਂ ਤੇ ਗੰਭੀਰ ਫ਼ਸਾਦ ਹੋ ਚੁਕੇ ਹਨ ਅਤੇ ਪਿਛਲੀ ਵਿਸਾਖੀ 13 ਅਪ੍ਰੈਲ 1978 ਨੂੰ ਇੱਸੇ ਕਾਰਨ ਅੰਮ੍ਰਿਤਸਰ ਵਿਚ ਅਨੇਕਾਂ ਸਿਖ ਜ਼ਖ਼ਮੀ ਤੇ ਸ਼ਹੀਦ ਹੋਏ। ਧਰਮ ਤੇ ਸਿੱਖੀ ਦੇ ਇਹ ਸ਼ਤਰੂ ਆਪਣੇ ਆਪ ਨੂੰ 'ਸੰਤ ਨਿਰੰਕਾਰੀ' ਕਹਾਉਂਦੇ ਹਨ ਅਤੇ ਇਨ੍ਹਾਂ ਦਾ ਆਗੂ ਗੁਰਬਚਨ ਸਿੰਘ ਈਸ਼ਵਰ ਦਾ ਅਵਤਾਰ ਹੋਣ ਦਾ ਦਾਅਵਾ ਕਰਦਾ ਹੈ। ਇਹ ਸਰੀਰਕ ਤ੍ਰਿਪਤੀਆਂ ਤੇ ਸੁੱਖਾਂ ਨੂੰ ਮਨੁੱਖਾ ਜਨਮ ਦਾ ਮੁਖ ਮੰਤਵ ਸਮਝਦੇ ਹਨ। ਇਹ ਧਰਮ ਦੇ ਉਚਤਮ ਸਿਧਾਂਤ ਸ਼ਬਦ-ਗੁਰੂ ਤੋਂ ਮੁਨਕਰ ਹੋ ਕੇ ਦੇਹਧਾਰੀ ਮਨੁੱਖਾਂ ਦੀ ਪੂਜਾ ਦਾ ਪ੍ਰਚਾਰ ਕਰਦੇ ਹਨ ਅਤੇ ਇਹ ਕਹਿ ਕੇ ਸਦਾਚਾਰ ਦਾ ਵਿਰੋਧ ਕਰਦੇ ਹਨ ਕਿ ਪਾਪ ਤੇ ਪੁੰਨ ਐਵੇਂ ਮਨੋਕਲਪਤ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਅਧਿਕਾਰ ਹੇਠਾਂ ਇਹ ਹੁਕਮ ਹਰ ਸਿਖ ਮਾਈ ਭਾਈ ਲਈ ਹੈ ਕਿ ਇਸ ਧਰਮ-ਸ਼ਤਰੂ ਅਤੇ ਮਨੁੱਖ ਮਾਤਰ ਲਈ ਹਾਨੀਕਾਰਕ ਟੋਲੇ ਦਾ ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਏ ਅਤੇ ਇਸ ਨੂੰ ਸਮਾਜ ਤੇ ਸੰਸਾਰ ਵਿਚ ਵਧਣ ਫੈਲਣ ਨਾ ਦਿੱਤਾ ਜਾਏ। ਜੋ ਸਿਖ ਇਸ ਦੰਭੀ ਤੇ ਪਖੰਡੀ ਅਖੌਤੀ ਨਿਰੰਕਾਰੀ ਸੰਸਥਾ ਦਾ ਅੰਗ ਬਣ ਚੁਕੇ ਹਨ, ਉਨ੍ਹਾਂ ਅਤੇ ਉਨ੍ਹਾਂ ਦੇ ਆਗੂ ਗੁਰਬਚਨ ਸਿੰਘ ਨਾਲ ਖ਼ਾਲਸਾ ਪੰਥ ਹਰ ਤਰ੍ਹਾਂ ਦਾ ਮੇਲ-ਜੋਲ ਤੇ ਸੰਸਾਰਕ ਸੰਬੰਧ ਅਤੇ ਰੋਟੀ-ਬੇਟੀ ਦੀ ਸਾਂਝ ਬੰਦ ਕਰੇ।"

ਪੰਜਾਬ ਸਰਕਾਰ ਦੀ ਕਾਰਵਾਈ ਤੋਂ ਸਿਖ ਸੰਗਤਾਂ ਸੰਤੁਸ਼ਟ ਨਹੀਂ ਸਨ, ਕਿਉਂਕਿ ਕੁਝ ਦਿਨਾਂ ਲਈ ਨਿਰੰਕਾਰੀ ਭਵਨ ਬੰਦ ਕਰ ਕੇ ਫਿਰ ਖੋਲ੍ਹ ਦਿੱਤੇ ਗਏ ਸਨ। ਇਸ ਵੇਲੇ ਕੇਂਦਰ ਵਿਚ ਜਨਤਾ ਪਾਰਟੀ ਦਾ ਰਾਜ ਸੀ ਤੇ ਦੋ ਅਕਾਲੀ—ਸੁਰਜੀਤ ਸਿੰਘ ਬਰਨਾਲਾ ਤੇ ਧੰਨਾ ਸਿੰਘ ਗੁਲਸ਼ਨ—ਮੰਤਰੀ-ਮੰਡਲ ਵਿਚ ਸ਼ਾਮਲ ਸਨ। 27 ਅਕਤੂਬਰ 1978 ਨੂੰ ਲੁਧਿਆਨੇ ਵਿਚ ਹੋਈ ਸਰਬ-ਹਿੰਦ ਅਕਾਲੀ ਕਾਨਫ਼ਰੰਸ ਦੇ ਸਮਾਗਮ ਵਿਚ ਇਕ ਮਤਾ ਪਾਸ ਕਰ ਕੇ ਕੇਂਦਰ ਤੋਂ ਮੰਗ ਕੀਤੀ ਗਈ ਕਿ ਨਿਰੰਕਾਰੀਆਂ ਦੀਆਂ ਦੋਵੇਂ ਪੁਸਤਕਾਂ 'ਅਵਤਾਰ ਬਾਣੀ' ਤੇ 'ਯੁਗ ਪੁਰਸ਼' ਜ਼ਬਤ ਕੀਤੀਆਂ ਜਾਣ ਤੇ ਉਨ੍ਹਾਂ ਦੇ ਸਿਖ-ਵਿਰੋਧੀ ਪ੍ਰਚਾਰ ਤੇ ਰੋਕ ਲਾਈ ਜਾਏ। ਜਦ ਕੇਂਦਰ ਵੱਲੋਂ ਕੋਈ ਕਾਰਵਾਈ ਨਾ ਹੋਈ, ਤਾਂ ਦੋਹਾਂ ਅਕਾਲੀ ਮੰਤਰੀਆਂ ਨੇ ਅਸਤੀਫ਼ੇ ਦੇ ਦਿੱਤੇ, ਪਰ ਜਗਜੀਵਨ

ਰਾਮ ਤੇ ਕੁਝ ਹੋਰ ਮੰਤਰੀਆਂ ਦੇ ਜ਼ੋਰ ਦੇਣ ਉੱਤੇ ਇਸ ਸ਼ਰਤ ਤੇ ਅਸਤੀਫ਼ੇ ਵਾਪਸ ਲੈ ਲਏ ਗਏ ਕਿ ਦੋਹਾਂ ਪੁਸਤਕਾਂ ਵਿੱਚੋਂ ਉਹ ਇਤਰਾਜ਼ਯੋਗ ਗੱਲਾਂ ਕਢ ਦਿੱਤੀਆਂ ਜਾਣਗੀਆਂ, ਜੋ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ।

4 ਜਨਵਰੀ 1980 ਨੂੰ ਸੈਸ਼ਨ ਜੱਜ ਕਰਨਾਲ ਨੇ ਗੁਰਬਚਨ ਸਿੰਘ ਸਮੇਤ ਵਿਸਾਖੀ ਖ਼ੂਨੀ ਕਾਂਡ ਦੇ ਸਾਰੇ 61 ਦੋਸ਼ੀ ਬਰੀ ਕਰ ਦਿੱਤੇ। ਇਸ ਉੱਤੇ ਸਿਖ-ਜਗਤ ਵਿਚ ਨਵੇਂ ਸਿਰੇ ਜੋਸ਼ ਤੇ ਗੁੱਸਾ ਪੈਦਾ ਹੋਣਾ ਕੁਦਰਤੀ ਸੀ। ਬਾਦਲ ਸਰਕਾਰ ਨੇ ਇਸ ਫ਼ੈਸਲੇ ਦੇ ਵਿਰੁੱਧ ਹਾਈ ਕੋਰਟ ਵਿਚ ਅਪੀਲ ਕਰਨ ਦੀ ਤਿਆਰੀ ਕੀਤੀ, ਪਰ ਛੇਤੀ ਪਿੱਛੋਂ 17 ਫ਼ਰਵਰੀ ਨੂੰ ਬਾਦਲ ਵਜ਼ਾਰਤ ਬਰਖ਼ਾਸਤ ਕਰ ਦਿੱਤੀ ਗਈ। ਨਾ ਗਵਰਨਰੀ ਰਾਜ ਵਿਚ ਤੇ ਨਾ ਦਰਬਾਰਾ ਸਿੰਘ ਦੀ ਵਜ਼ਾਰਤ ਵੇਲੇ ਅਪੀਲ ਕਰਨ ਵੱਲ ਕੋਈ ਧਿਆਨ ਦਿੱਤਾ ਗਿਆ। ਨਤੀਜਾ ਇਹ ਹੋਇਆ ਕਿ ਨਿਰਾਸ਼ ਹੋ ਕੇ ਕੁਝ ਜੋਸ਼ੀਲੇ ਨੌਜਵਾਨਾਂ ਨੇ ਨਿਰੰਕਾਰੀਆਂ, ਨਾਲ ਹੱਥੀਂ ਸਿੱਝਣ ਦਾ ਫ਼ੈਸਲਾ ਕਰ ਲਿਆ। 24 ਅਪ੍ਰੈਲ 1980 ਨੂੰ ਨਿਰੰਕਾਰੀ ਭਵਨ ਦਿੱਲੀ ਦੇ ਅੰਦਰ ਹੀ ਕਿਸੇ ਨੇ ਗੁਰਬਚਨ ਸਿੰਘ ਤੇ ਉਸ ਦੇ ਸੇਵਾ ਦਲ ਦੇ ਮੁਖੀ ਪ੍ਰਤਾਪ ਸਿੰਘ ਨੂੰ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ। ਇਸ ਤੋਂ ਬਾਅਦ ਪੰਜਾਬ ਵਿਚ ਕੁਝ ਹੋਰ ਹਿੰਸਕ ਘਟਨਾਵਾਂ ਵੀ ਹੋਈਆਂ, ਜਿਨ੍ਹਾਂ ਦਾ ਨਿਸ਼ਾਨਾ ਆਮ ਕਰਕੇ ਪ੍ਰਮੁੱਖ ਨਿਰੰਕਾਰੀ ਹੀ ਸਨ। ਕਈ ਥਾਵਾਂ ਤੇ ਬੰਬ-ਧਮਾਕੇ ਵੀ ਹੋਏ। ਹਿੰਸਕ ਘਟਨਾਵਾਂ ਦੇ ਅਸਲੀ ਦੋਸ਼ੀ ਨਾ ਲੱਭਣ ਕਰਕੇ ਸਾਰਾ ਕਸੂਰ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੇ ਸਿਰ ਹੀ ਮੜ੍ਹਿਆ ਜਾਂਦਾ ਰਿਹਾ। ਉਨ੍ਹਾਂ ਨੂੰ ਨਿਰੰਕਾਰੀ ਮੁਖੀ ਦੇ ਕਤਲ ਦੀ ਸਾਜ਼ਸ਼ ਵਿਚ ਵੀ ਫਸਾਣ ਦਾ ਜਤਨ ਕੀਤਾ ਗਿਆ; ਪਰ ਛੇਤੀ ਹੀ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਲੋਕ ਸਭਾ ਵਿਚ ਬਿਆਨ ਦਿੱਤਾ ਕਿ ਨਿਰੰਕਾਰੀ ਮੁਖੀ ਦੇ ਕਤਲ ਵਿਚ ਸੰਤ ਜਰਨੈਲ ਸਿੰਘ ਦਾ ਕਿਸੇ ਤਰ੍ਹਾਂ ਦਾ ਕੋਈ ਹੱਥ ਨਹੀਂ ਦਿੱਸਿਆ।

ਇਸ ਤੋਂ ਬਾਅਦ ਜਦ 9 ਸਤੰਬਰ ਨੂੰ 'ਹਿੰਦ ਸਮਾਚਾਰ' ਦੇ ਸੰਪਾਦਕ ਜਗਤ ਨਰਾਇਣ ਦੀ ਹੱਤਿਆ ਹੋ ਗਈ, ਤਾਂ ਦੂਜੇ ਦਿਨ ਹੀ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਐਲਾਨ ਕਰ ਦਿੱਤਾ ਕਿ ਇਸ ਕਤਲ-ਕੇਸ ਵਿਦ ਸਰਕਾਰ ਨੂੰ ਸੰਤ ਜਰਨੈਲ ਸਿੰਘ ਦੀ ਤਲਾਸ਼ ਹੈ। ਉਸ ਦਿਨ ਉਹ ਆਪਣੇ ਜਥੇ ਸਮੇਤ ਹਰਿਆਣਾ ਦੇ ਇਕ ਪਿੰਡ ਚੰਦੋ ਕਲਾਂ ਵਿਚ ਸਨ, ਪਰ ਸ਼ਾਮ ਨੂੰ ਆਪਣੇ ਟਿਕਾਣੇ ਚੌਕ ਮਹਿਤਾ ਲਈ ਤੁਰ ਪਏ ਸਨ। ਉਸ ਰਾਤ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਪੁਲਿਸ ਦੀ ਇਕ ਧਾੜ ਚੰਦੋ ਕਲਾਂ ਪਹੁੰਚ ਗਈ। ਜਦ ਪੁਲਿਸ ਨੂੰ ਸੰਤ ਜਰਨੈਲ ਸਿੰਘ ਉੱਥੇ ਨਾ ਮਿਲੇ, ਤਾਂ ਉਸ ਨੇ ਗੁੱਸੇ ਵਿਚ ਆ ਕੇ ਜਥੇ ਦੀਆਂ ਦੋ ਬੱਸਾਂ ਨੂੰ ਅੱਗ ਲਾ ਦਿੱਤੀ। ਇਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਤੇ ਟਕਸਾਲ ਦੇ ਇਕ ਪਹਿਲੇ ਮੁਖੀ ਸੰਤ ਗੁਰਬਚਨ ਸਿੰਘ ਦੀ ਕਥਾ ਦੀਆਂ ਟੇਪਾਂ ਵੀ ਸਨ, ਜੋ ਸੜ ਕੇ ਸੁਆਹ ਹੋ ਗਈਆਂ। ਉੱਧਰ ਸੰਤ ਜਰਨੈਲ ਸਿੰਘ ਨੇ ਐਲਾਨ ਕਰ ਦਿੱਤਾ ਕਿ ਉਹ ਚੌਕ ਮਹਿਤਾ ਵਿਚ 20 ਸਤੰਬਰ ਨੂੰ ਆਪਣੀ ਗ੍ਰਿਫ਼ਤਾਰੀ ਦੇਣਗੇ। ਉਸ ਦਿਨ ਕਾਫ਼ੀ ਸਿਖ ਚੌਕ ਮਹਿਤਾ ਪਹੁੰਚ ਗਏ ਸਨ। ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਕੁਝ ਨਿਹੰਗ ਸਿੰਘਾਂ ਨੇ ਪੁਲਿਸ ਦੀ ਇਕ ਵੈਨ ਨੂੰ ਅੱਗ ਲਾ ਦਿੱਤੀ, ਜਿਸ ਵਿਚ ਪਿਆ ਗੋਲਾ-ਬਾਰੂਦ ਫਟਣਾ ਸ਼ੁਰੂ ਹੋ ਗਿਆ। ਇਸ ਉੱਤੇ ਪੁਲਿਸ ਨੇ ਅੰਧਾ-ਧੁੰਦ ਗੋਲੀ ਚਲਾਈ, ਜਿਸ ਨਾਲ ਅੱਠ ਸਿੰਘ ਸ਼ਹੀਦ ਹੋ ਗਏ। ਪੁਲਿਸ ਨੇ ਸੰਤ ਜਰਨੈਲ ਸਿੰਘ ਨੂੰ 25 ਦਿਨ ਆਪਣੀ ਹਿਰਾਸਤ ਜਾਂ ਵਖ ਵਖ ਜੇਲ੍ਹਾਂ ਵਿਚ ਰਖਿਆ। ਕੇਂਦਰੀ ਜਾਂਚ ਬੀਊਰੋ ਉਨ੍ਹਾਂ ਕੋਲੋਂ ਕਈ ਤਰ੍ਹਾਂ ਦੀ ਪੁੱਛ ਗਿੱਛ ਕਰਦੀ ਰਹੀ, ਪਰ ਉਹ ਉਨ੍ਹਾਂ ਦਾ ਜਗਤ ਨਰਾਇਣ ਦੇ ਕਤਲ ਨਾਲ ਕੋਈ ਸੰਬੰਧ ਨਾ ਜੋੜ ਸਕੀ। ਇਸ ਉੱਤੇ ਉਨ੍ਹਾਂ ਨੂੰ 15 ਅਕਤੂਬਰ 1981 ਨੂੰ ਰਿਹਾ ਕਰ ਦਿੱਤਾ ਗਿਆ।

ਪਰ ਨਾ ਇਸ ਗ੍ਰਿਫ਼ਤਾਰੀ ਨਾਲ ਤੇ ਨਾ ਰਿਹਾਈ ਨਾਲ ਪੰਜਾਬ ਵਿਚ ਸ਼ਾਂਤੀ ਵਰਤ ਸਕੀ। ਅਸਲ ਗੱਲ ਇਹ ਹੈ ਕਿ ਜਦ ਨਿਰੰਕਾਰੀ ਨਿਰਦੋਸ਼ ਸਿੱਖਾਂ ਦੀ ਹੱਤਿਆ ਕਰ ਕੇ ਵੀ ਬਰੀ ਹੋ ਗਏ, ਤਾਂ ਕੁਝ ਸਿਖ ਨੌਜਵਾਨ ਨਿਰਾਸ਼ ਹੋ ਕੇ ਉਤੇਜਤ ਹੋ ਗਏ ਤੇ ਅੱਤਵਾਦ ਦੇ ਰਾਹ ਪੈ ਗਏ। ਦੂਜੇ ਪਾਸੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਸਿਖ ਨੌਜਵਾਨਾਂ ਦੇ ਵਿਰੁੱਧ ਦਮਨ-ਚੱਕਰ ਚਲਾ ਦਿੱਤਾ। ਪੁਲਿਸ ਨਿਰਦੋਸ਼ ਸਿੰਘਾਂ ਨੂੰ ਫ਼ਰਜ਼ੀ ਮੁਕਾਬਲਿਆਂ ਵਿਚ ਮਾਰ ਰਹੀ ਸੀ ਜਾਂ ਝੂਠੇ ਮੁਕੱਦਮਿਆਂ ਵਿਚ ਗ੍ਰਿਫ਼ਤਾਰ ਕਰ ਕੇ ਤਸੀਹੇ ਦੇ ਰਹੀ ਸੀ। ਇਸ ਨਾਲ ਸਥਿਤੀ ਵਿਚ ਇਕ ਨਵਾਂ ਮੋੜ ਆ ਗਿਆ ਸੀ। ਇਸ ਵੇਲੇ ਤਕ ਸਿੱਖਾਂ ਦੇ ਸਭ ਅੰਦੋਲਨ ਸ਼ਾਂਤਮਈ ਰਹੇ ਸਨ, ਜਿਵੇਂ ਅੱਤਵਾਦ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਹੀ ਨਹੀਂ ਸੀ। ਪਰ ਹੁਣ ਪੁਲਿਸ ਨਜਾਇਜ਼ ਸਖ਼ਤੀਆਂ ਕਰ ਕੇ ਕੁਝ ਵਧੇਰੇ ਹਸਾਸ ਨੌਜਵਾਨਾਂ ਨੂੰ ਅੱਤਵਾਦ ਵੱਲ ਧੱਕ ਰਹੀ ਸੀ। ਕੇਂਦਰੀ ਸਰਕਾਰ ਦਾ ਮਨਸ਼ਾ ਇਹ ਸੀ ਕਿ ਇਸ ਬਹਾਨੇ ਸਾਰੀ ਸਿਖ ਕੌਮ ਉੱਤੇ ਮਾਰੂ ਹਮਲਾ ਕੀਤਾ ਜਾਏ।

ਇਸ ਵੇਲੇ ਦੇਸ ਦਾ ਸਮੁੱਚਾ ਹਿਤ ਇਸ ਗੱਲ ਵਿਚ ਸੀ ਕਿ ਪੰਜਾਬ ਦੀਆਂ ਹੱਕੀ ਮੰਗਾਂ ਮੰਨ ਲਈਆਂ ਜਾਂਦੀਆਂ ਤੇ ਫਿਰ ਕੁਰਾਹੇ ਪਏ ਸਿਖ ਨੌਜਵਾਨਾਂ ਨੂੰ ਸੰਤੁਸ਼ਟ ਤੇ ਸ਼ਾਂਤ ਕਰਨਾ ਅਕਾਲੀ ਆਗੂਆਂ ਉੱਤੇ ਛਡ ਦਿੱਤਾ ਜਾਂਦਾ। ਪਰ ਪ੍ਰਧਾਨ ਮੰਤਰੀ ਆਪਣੇ ਨਿੱਜੀ ਹਿੱਤਾਂ ਦੀ ਖ਼ਾਤਰ ਅਕਾਲੀ ਦਲ ਨੂੰ ਕਮਜ਼ੋਰ ਹੀ ਨਹੀਂ, ਸਗੋਂ ਖ਼ਤਮ ਕਰਨਾ ਚਾਹੁੰਦੀ ਸੀ। ਇਹ ਜਾਇਜ਼ ਮੰਗਾਂ ਮੰਨਣ ਨਾਲ ਹਰਿਆਣਾ ਉਹਦੇ ਹੱਥੋਂ ਜਾਂਦਾ ਸੀ ਤੇ ਪੰਜਾਬ ਵਿਚ ਅਕਾਲੀ ਪਾਰਟੀ ਸ਼ਕਤੀਸ਼ਾਲੀ ਹੁੰਦੀ ਸੀ। ਸੋ ਉਹ ਟਾਲਮਟੋਲੇ ਕਰ ਕੇ ਗੱਲ-ਬਾਤ ਨੂੰ ਲਮਕਾ ਰਹੀ ਸੀ ਤੇ ਸਮੱਸਿਆ ਦੇ ਅਸਲ ਕਾਰਨ ਦੂਰ ਕਰਨ ਦੀ ਥਾਂ ਇਸ ਦੇ ਨਤੀਜਿਆਂ ਨਾਲ ਨਿਪਟ ਰਹੀ ਸੀ।

ਪੰਜਾਬ ਦੀਆਂ ਮੰਗਾਂ ਉੱਤੇ ਵਿਚਾਰ ਕਰਨ ਲਈ ਇੰਦਰਾ ਗਾਂਧੀ ਤੇ ਅਕਾਲੀ ਆਗੂਆਂ ਦੇ ਵਿਚਕਾਰ ਆਖ਼ਰੀ ਗੱਲ-ਬਾਤ 26 ਨਵੰਬਰ 1981 ਨੂੰ ਹੋਈ ਸੀ ਤੇ ਅੱਗੋਂ ਹੋਣ ਵਾਲੀ ਸੀ। ਇਸ ਦੌਰਾਨ ਉਸ ਨੇ ਇਕ ਹੋਰ ਅਨੈਤਕ ਚਲਾਕੀ ਕੀਤੀ। 31 ਦਸੰਬਰ 1981 ਨੂੰ ਰਾਜਿਸਥਾਨ, ਹਰਿਆਣਾ ਤੇ ਪੰਜਾਬ ਦੇ ਕਾਂਗਰਸੀ ਮੁਖ ਮੰਤਰੀਆਂ ਦੀ ਮੀਟਿੰਗ ਸੱਦ ਕੇ ਇੱਕੋ ਬੈਠਕ ਵਿਚ ਪੰਜਾਬ ਦੇ ਦਰਿਆਵਾਂ ਦੇ ਪਾਣੀ ਦੀ ਵੰਡ ਬਾਰੇ ਉਨ੍ਹਾਂ ਵਿਚ ਸਮਝੌਤਾ ਕਰਾ ਲਿਆ। ਇਹ ਸਮਝੌਤਾ ਲਗ ਪਗ ਇੰਦਰਾ ਦੇ 1976 ਦੇ ਐਵਾਰਡ ਦਾ ਪ੍ਰਤਿਰੂਪ ਹੀ ਸੀ। ਕੁਝ ਦਿਨਾਂ ਬਾਅਦ ਉਸ ਨੇ ਪੰਜਾਬ ਦੇ ਮੁਖ ਮੰਤਰੀ ਦਰਬਾਰਾ ਸਿੰਘ ਤੇ ਦਬਾਅ ਪਾ ਕੇ ਸੁਪਰੀਮ ਕੋਰਟ ਵਿੱਚੋਂ ਉਹ ਮੁਕੱਦਮਾ ਵੀ ਵਾਪਸ ਕਰਾ ਲਿਆ, ਜੋ ਬਾਦਲ ਵਜ਼ਾਰਤ ਨੇ ਪਾਣੀਆਂ ਦੀ ਵੰਡ ਬਾਰੇ ਦਾਇਰ ਕੀਤਾ ਹੋਇਆ ਸੀ। ਗੱਲ-ਬਾਤ ਦੇ ਦੌਰਾਨ ਇਹ ਦੋਵੇਂ ਕਦਮ ਅਕਾਲੀਆਂ ਦੀ ਪਿੱਠ ਵਿਚ ਛੁਰਾ ਘੋਪਣ ਤੇ ਗੱਲ-ਬਾਤ ਦਾ ਰਾਹ ਬੰਦ ਕਰਨ ਦੇ ਬਰਾਬਰ ਸਨ। ਪਰ ਇਸ ਦੇ ਬਾਵਜੂਦ ਅਕਾਲੀ ਆਗੂ 5 ਅਪ੍ਰੈਲ 1982 ਲਈ ਨਿਯਤ ਮੀਟਿੰਗ ਵਿਚ ਸ਼ਾਮਲ ਹੋ ਗਏ। ਇੰਦਰਾ ਗਾਂਧੀ ਤੋਂ ਛੁਟ ਇਸ ਵਿਚ ਗਿਆਨੀ ਜ਼ੈਲ ਸਿੰਘ ਤੇ ਪਰਨਾਬ ਮੁਕਰਜੀ ਮੌਜੂਦ ਸਨ। ਅਕਾਲੀ ਆਗੂਆਂ ਨੇ ਸ਼ੁਰੂ ਵਿਚ ਹੀ ਇਹ ਗਿਲਾ ਕੀਤਾ ਕਿ ਅਗਲੀ ਗੱਲ-ਬਾਤ ਦੀ ਉਡੀਕ ਕੀਤੇ ਬਗ਼ੈਰ ਸਰਕਾਰ ਨੇ ਇਹ ਦੋ ਕਾਰਵਾਈਆਂ ਕਰ ਕੇ ਈਮਾਨਦਾਰੀ ਤੋਂ ਕੰਮ ਨਹੀਂ ਲਿਆ ਤੇ ਹੁਣ ਉਨ੍ਹਾਂ ਦੀ ਤਸੱਲੀ ਤਾਂ ਹੀ ਹੋ ਸਕਦੀ ਹੈ, ਜੇ ਇਹ ਮਾਮਲਾ ਮੁੜ ਕੇ ਸੁਪਰੀਮ ਕੋਰਟ ਵਿਚ ਲਿਜਾਇਆ ਜਾਏ। ਇੰਦਰਾ ਜਾਣਦੀ ਸੀ ਕਿ ਸੁਪਰੀਮ ਕੋਰਟ ਦਾ ਫ਼ੈਸਲਾ ਪੰਜਾਬ ਦੇ ਹੱਕ ਵਿਚ ਹੋਵੇਗਾ। ਪਰ ਦਲੀਲ ਦੀ ਖ਼ਾਤਰ ਉਸ ਨੇ ਆਖਿਆ ਕਿ ਸੁਪਰੀਮ ਕੋਰਟ ਵਿਚ ਫ਼ੈਸਲੇ ਨੂੰ ਕਈ ਸਾਲ ਲਗ ਜਾਣਗੇ। ਜਦ ਅਕਾਲੀ ਆਗੂਆਂ ਨੇ ਤਜਵੀਜ਼ ਕੀਤਾ ਕਿ ਸਰਕਾਰ ਵਿਸ਼ੇਸ਼ ਅਧਿਕਾਰ ਵਰਤ ਕੇ ਸੁਪਰੀਮ ਕੋਰਟ ਨੂੰ ਦੋ ਮਹੀਨੇ ਦੇ ਅੰਦਰ ਅੰਦਰ ਫ਼ੈਸਲਾ ਕਰਨ ਲਈ ਆਖ ਸਕਦੀ ਹੈ, ਤਾਂ ਉੱਤਰ ਸੀ, "ਅਸੀਂ

ਅਦਾਲਤਾਂ ਦੇ ਫ਼ੈਸਲੇ ਵਿਚ ਕਿਵੇਂ ਦਖ਼ਲ ਦੇ ਸਕਦੇ ਹਾਂ ?" ਫਿਰ ਸਰਬ-ਹਿੰਦ ਗੁਰਦੁਆਰਾ ਕਾਨੂੰਨ ਬਣਾਣ ਦਾ ਸੁਆਲ ਆਇਆ, ਤਾਂ ਗਿਆਨੀ ਜ਼ੈਲ ਸਿੰਘ ਨੇ, ਜਿਸ ਨੂੰ ਇਸ ਮਾਮਲੇ ਤੇ ਉੱਚੇਚੇ ਤੌਰ ਤੇ ਬੋਲਣ ਲਈ ਸੱਦਿਆ ਗਿਆ ਸੀ, ਆਖਿਆ ਕਿ ਪੰਜਾਬੋਂ ਬਾਹਰ ਵਸਦੇ ਸਿੱਖਾਂ ਨੇ ਆਖਿਆ ਹੈ ਕਿ ਉਹ ਇਹੋ ਜਿਹੇ ਕਾਨੂੰਨ ਦੀ ਕੋਈ ਲੋੜ ਨਹੀਂ ਸਮਝਦੇ, ਇਸ ਲਈ ਉਨ੍ਹਾਂ ਦੀ ਮਰਜ਼ੀ ਤੋਂ ਬਗ਼ੈਰ ਕੋਈ ਕਾਨੂੰਨ ਬਣਾਨਾ ਬਹੁਤ ਮੁਸ਼ਕਲ ਹੈ। ਸੋ ਇਹ ਮੀਟਿੰਗ ਵੀ ਬਹੁਤ ਰੁੱਖੀ ਤੇ ਰਸਮੀ ਜਿਹੀ ਸਾਬਤ ਹੋਈ।

ਅਸਲ ਗੱਲ ਇਹ ਸੀ ਕਿ ਪੰਜਾਬ ਵਿਚ ਸਫ਼ਲਤਾ ਨਾਲ ਕਾਂਗਰਸ ਦਾ ਮੁਕਾਬਲਾ ਕਰਨ ਵਾਲੀ ਪਾਰਟੀ ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਸੀ ਤੇ ਇੰਦਰਾ ਉਸ ਦੀ ਕੋਈ ਮੰਗ ਮੰਨ ਕੇ ਉਸ ਦੀ ਤਾਕਤ ਵਿਚ ਵਾਧਾ ਨਹੀਂ ਕਰਨਾ ਚਾਹੁੰਦੀ ਸੀ। ਇਸ ਦੇ ਉਲਟ ਉਨ੍ਹਾਂ ਦੀਆਂ ਮੰਗਾਂ ਦਾ ਵਿਰੋਧ ਉਸ ਨੂੰ ਨਾ-ਕੇਵਲ ਹਰਿਆਣੇ ਦੇ ਹਿੰਦੂਆਂ ਵਿਚ, ਸਗੋਂ ਸਾਰੇ ਉੱਤਰੀ ਭਾਰਤ ਵਿਚ ਹਰ-ਮਨ ਪਿਆਰਾ ਬਣਾ ਕੇ ਉਸ ਦੀ 'ਦੁਰਗਾ' ਵਾਲੀ ਛਬੀ ਨੂੰ ਹੋਰ ਉਭਾਰ ਸਕਦਾ ਸੀ। ਇਸ ਵੇਲੇ ਹਰਿਆਣਾ ਅਸੈਂਬਲੀ ਦੀਆਂ ਚੋਣਾਂ ਸਿਰ ਤੇ ਆ ਗਈਆਂ ਸਨ। ਇਸ ਲਈ ਵੀ ਉਹ ਹਰਿਆਣੇ ਦੇ ਹਿੱਤਾਂ ਦੇ ਵਿਰੁੱਧ ਕੋਈ ਫ਼ੈਸਲਾ ਕਰ ਕੇ ਕਾਂਗਰਸ ਦੀ ਜਿੱਤ ਨੂੰ ਖ਼ਤਰੇ ਵਿਚ ਨਹੀਂ ਪਾਣਾ ਚਾਹੁੰਦੀ ਸੀ। ਸਗੋਂ ਇਸ ਜਿੱਤ ਨੂੰ ਹੋਰ ਯਕੀਨੀ ਬਣਾਉਣ ਲਈ ਉਸ ਨੇ ਤਿੰਨ ਦਿਨ ਬਾਅਦ 8 ਅਪ੍ਰੈਲ 1982 ਨੂੰ ਪਟਿਆਲੇ ਦੇ ਨੇੜੇ ਪੰਜਾਬ-ਹਰਿਆਣਾ ਬਾਰਡਰ ਉੱਤੇ ਸਤਲੁਜ-ਯਮਨਾ-ਲਿੰਕ ਨਹਿਰ ਦੀ ਖੁਦਾਈ ਦਾ ਉਦਘਾਟਨ ਕਰ ਦਿੱਤਾ, ਜਿਸ ਦੀ ਰਾਹੀਂ ਪੰਜਾਬ ਦੇ ਦਰਿਆਵਾਂ ਦਾ ਪਾਣੀ ਹਰਿਆਣੇ ਨੂੰ ਦਿੱਤਾ ਜਾਣਾ ਸੀ। ਆਪਣੀ ਗੱਦੀ ਨੂੰ ਕਾਇਮ ਰੱਖਣ ਲਈ ਪ੍ਰਧਾਨ ਮੰਤਰੀ ਨੇ ਨਾ-ਕੇਵਲ ਪੰਜਾਬ, ਸਗੋਂ ਸਾਰੇ ਦੇਸ ਦੇ ਸਮੁਚੇ ਹਿੱਤਾਂ ਨੂੰ ਅੱਖੋਂ ਉਹਲੇ ਕਰ ਦਿੱਤਾ ਸੀ। ਉਸ ਨੂੰ ਇਸ ਗੱਲ ਦਾ ਵੀ ਕੋਈ ਖ਼ਿਆਲ ਨਹੀਂ ਸੀ ਕਿ ਉਹ ਪੰਜਾਬ ਦੀਆਂ ਜਾਇਜ਼ ਮੰਗਾਂ ਨਾ ਮੰਨ ਕੇ ਤੇ ਅਕਾਲੀਆਂ ਨੂੰ ਕਮਜ਼ੋਰ ਕਰ ਕੇ ਅੱਤਵਾਦ ਨੂੰ ਬੜ੍ਹਾਵਾ ਦੇ ਰਹੀ ਸੀ।

ਸਰਕਾਰ ਦੇ ਇਸ ਇਕ-ਤਰਫ਼ਾ ਫ਼ੈਸਲੇ ਤੇ ਕਰੜੇ ਵਤੀਰੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਲਈ ਸੰਘਰਸ਼ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿ ਗਿਆ ਸੀ। ਸੋ ਉਸ ਨੇ ਦਸ ਦਿਨ ਬਾਅਦ ਕਪੂਰੀ ਦੇ ਕੋਲ 'ਨਹਿਰ ਰੋਕੋ' ਮੋਰਚਾ ਲਾ ਦਿੱਤਾ। ਕਮਿਊਨਿਸਟ ਪਾਰਟੀ ਵੀ ਇਹਦੇ ਵਿਚ ਸ਼ਾਮਲ ਹੋ ਗਈ। ਇਹ ਮੋਰਚਾ ਵੀਹ ਪੰਝੀ ਦਿਨ ਹੌਲੀ ਚਾਲੇ ਚਲਦਾ ਰਿਹਾ। ਇਸ ਉੱਤੇ ਅਕਾਲੀ ਦਲ ਨੇ 26 ਜੁਲਾਈ 1982 ਨੂੰ ਅੰਮ੍ਰਿਤਸਰ ਵਿਚ ਵਿਸ਼ਵ ਸਿਖ ਸੰਮੇਲਨ ਸੱਦ ਲਿਆ, ਜਿਸ ਨੇ ਪਾਸ ਕਰ ਦਿੱਤਾ ਕਿ ਆਪਣੀਆਂ ਮੰਗਾਂ ਮਨਜ਼ੂਰ ਕਰਾਉਣ ਲਈ ਅਕਾਲੀ ਦਲ 4 ਅਗਸਤ ਤੋਂ ਧਰਮ-ਯੁੱਧ ਮੋਰਚਾ ਸ਼ੁਰੂ ਕਰ ਦੇਵੇ ਤੇ ਇਹਦੇ ਲਈ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਮੋਰਚੇ ਦਾ ਡਿਕਟੇਟਰ ਥਾਪ ਦਿੱਤਾ ਗਿਆ। ਉਧਰ ਉਸ ਵੇਲੇ ਮੁਖ ਮੰਤਰੀ ਦਰਬਾਰਾ ਸਿੰਘ ਦਾ ਦਮਨ-ਚੱਕਰ ਹੋਰ ਤੇਜ਼ੀ ਨਾਲ ਚੱਲਣ ਲੱਗਾ। ਹਰ ਰੋਜ਼ ਝੂਠੇ ਮੁਕੱਦਮਿਆਂ ਵਿਚ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਹੋਣ ਲਗੀਆਂ। 19 ਜੁਲਾਈ ਨੂੰ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਅਗਲੇ ਦਿਨ ਦਮਦਮੀ ਟਕਸਾਲ ਦੇ ਇਕ ਉੱਘੇ ਮੈਂਬਰ ਬਾਬਾ ਥਾਰਾ ਸਿੰਘ ਫੜੇ ਗਏ। ਸੰਤ ਜਰਨੈਲ ਸਿੰਘ ਨੇ ਇਨ੍ਹਾਂ ਦੋਹਾਂ ਦੀ ਰਿਹਾਈ ਦੇ ਸੁਆਲ ਉੱਤੇ ਦਰਬਾਰ ਸਾਹਿਬ ਤੋਂ ਮੋਰਚਾ ਸ਼ੁਰੂ ਕਰ ਦਿੱਤਾ ਸੀ ਤੇ 25 ਜੁਲਾਈ ਤੋਂ ਹਰ ਰੋਜ਼ 51-51 ਸਿੰਘਾਂ ਦਾ ਜਥਾ ਗ੍ਰਿਫ਼ਤਾਰ ਹੋ ਰਿਹਾ ਸੀ। ਅਕਾਲੀ ਦਲ ਵੱਲੋਂ ਮੋਰਚੇ ਦਾ ਐਲਾਨ ਹੋਣ ਉਪਰੰਤ ਉਨ੍ਹਾਂ ਨੇ 'ਧਰਮ-ਯੁੱਧ ਮੋਰਚੇ' ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕਰ ਲਿਆ।

4 ਅਗਸਤ ਤੋਂ ਮੋਰਚਾ ਬੜੇ ਜੋਸ਼-ਖ਼ਰੋਸ਼ ਤੇ ਉਤਸ਼ਾਹ ਨਾਲ ਸ਼ੁਰੂ ਹੋਇਆ ਤੇ ਹਰ ਰੋਜ਼ ਪੰਜ ਪੰਜ ਸੌ ਸਤਿਆਗ੍ਰਹੀਆਂ ਦਾ ਜਥਾ ਗ੍ਰਿਫ਼ਤਾਰੀ ਲਈ ਭੇਜਿਆ ਜਾਂਦਾ ਰਿਹਾ। ਕਦੀ ਕਦੀ ਤਾਂ ਇਹ ਗਿਣਤੀ ਦੋ ਹਜ਼ਾਰ ਤੋਂ ਵੀ ਵਧ ਜਾਂਦੀ। ਸੋ ਦੋ ਮਹੀਨੇ ਵਿਚ ਲਗ ਪਗ ਸੱਠ ਹਜ਼ਾਰ ਵਾਲੰਟੀਅਰ ਜੇਲ੍ਹੀਂ ਚਲੇ ਗਏ। ਜੇਲ੍ਹਾਂ ਭਰ ਗਈਆਂ ਤੇ ਸਰਕਾਰ ਨੂੰ ਕੈਦੀਆਂ ਦੀ ਰਿਹਾਇਸ਼ ਲਈ ਅੰਦਰ ਛੋਲਦਾਰੀਆਂ ਲਾਣੀਆਂ ਪਈਆਂ। ਇਸ ਦੌਰਾਨ 11 ਸਤੰਬਰ 1982 ਨੂੰ ਜਦ ਪੁਲਿਸ ਗ੍ਰਿਫ਼ਤਾਰ ਅਕਾਲੀਆਂ ਨੂੰ ਇਕ ਬੱਸ ਵਿਚ ਅੰਮ੍ਰਿਤਸਰ ਤੋਂ ਬਾਹਰ ਲਿਜਾ ਰਹੀ ਸੀ, ਤਾਂ ਰੇਲ ਦੇ ਇਕ ਫਾਟਕ ਉੱਤੇ ਰੇਲ ਤੇ ਬੱਸ ਦੀ ਟੱਕਰ ਹੋਣ ਨਾਲ 34 ਸਿੰਘ ਸ਼ਹੀਦ ਹੋ ਗਏ। ਨਾ ਇੰਦਰਾ ਗਾਂਧੀ ਨੇ ਤੇ ਨਾ ਦਰਬਾਰਾ ਸਿੰਘ ਨੇ ਇਸ ਹਿਰਦੇ-ਵੇਧਕ ਸਾਕੇ ਤੇ ਦੁੱਖ ਦਾ ਕੋਈ ਪ੍ਰਗਟਾਵਾ ਕੀਤਾ। ਪਰ ਇਸ ਘਟਨਾ ਤੋਂ ਉਤੇਜਿਤ ਹੋ ਕੇ ਅਕਾਲੀਆਂ ਨੇ 10 ਅਕਤੂਬਰ ਨੂੰ ਸ਼ਹੀਦਾਂ ਦੀਆਂ ਅਸਥੀਆਂ ਨਾਲ ਦਿੱਲੀ ਵਿਚ ਇਕ ਪੁਰ-ਅਮਨ ਜਲੂਸ ਕਢਿਆ ਤੇ ਦੂਜੇ ਦਿਨ ਪਾਰਲੀਮੈਂਟ ਦੇ ਬਾਹਰ ਜ਼ੋਰਦਾਰ ਮੁਜ਼ਾਹਿਰਾ ਕੀਤਾ। ਪੁਰ-ਅਮਨ ਮੁਜ਼ਾਹਿਰਾ ਕਰਨ ਵਾਲਿਆਂ ਉੱਤੇ ਅੰਧਾ ਧੁੰਦ ਗੋਲੀਆਂ ਚਲਾ ਕੇ ਚਾਰ ਹੋਰ ਸਿਖ ਸ਼ਹੀਦ ਕਰ ਦਿੱਤੇ ਗਏ। ਇਸ ਉੱਤੇ ਇੰਦਰਾ ਕੁਝ ਘਬਰਾ ਗਈ ਤੇ ਉਸ ਨੇ 15 ਅਕਤੂਬਰ ਨੂੰ ਸਾਰੇ ਅਕਾਲੀ ਕੈਦੀ ਰਿਹਾ ਕਰਨ ਦਾ ਐਲਾਨ ਕਰ ਦਿੱਤਾ, ਪਰ ਮੰਗਾਂ ਮੰਨਣ ਬਾਰੇ ਚੁਪ ਸਾਧੀ ਰੱਖੀ। ਇਸ ਦੇ ਬਾਵਜੂਦ ਮੋਰਚਾ ਨਿਰੰਤਰ ਜਾਰੀ ਰਿਹਾ ਤੇ ਧੜਾ ਧੜ ਗ੍ਰਿਫ਼ਤਾਰੀਆਂ ਦਿੱਤੀਆਂ ਜਾਂਦੀਆਂ ਰਹੀਆਂ।

'ਬਲਿਊ ਸਟਾਰ' ਘੱਲੂਘਾਰੇ ਤੋਂ ਬਾਅਦ ਕੇਂਦਰ ਨੇ ਜੋ 'ਵਾਈਟ ਪੇਪਰ' ਛਾਪਿਆ ਤੇ ਜਿਸ ਨੂੰ ਪ੍ਰਸਿਧ ਪੱਤਰਕਾਰ ਖ਼ੁਸ਼ਵੰਤ ਸਿੰਘ ਨੇ 'ਝੂਠ ਦਾ ਪਲੰਦਾ' ਆਖਿਆ ਹੈ, ਉਹ ਠੀਕ ਹੀ ਗ਼ਲਤ ਬਿਆਨੀਆਂ ਨਾਲ ਭਰਿਆ ਹੈ ਤੇ ਅਸੀਂ ਅੱਗੇ ਚਲ ਕੇ ਥਾਂ ਸਿਰ ਇਸ ਦੀ ਕਲਈ ਖੋਲ੍ਹਾਂਗੇ। ਹਾਂ, ਇੱਥੇ ਦੋ ਗੱਲਾਂ ਬਾਰੇ ਟਿਪਣੀ ਕਰਨੀ ਜ਼ਰੂਰੀ ਜਾਪਦੀ ਹੈ। ਇਕ ਗੱਲ ਇਹ ਲਿਖੀ ਗਈ ਹੈ ਕਿ 15 ਅਕਤੂਬਰ ਨੂੰ ਸਾਰੇ ਅਕਾਲੀ ਕੈਦੀ ਸਦਭਾਵਨਾ ਦੀ ਖ਼ਾਤਰ ਰਿਹਾ ਕਰ ਦਿੱਤੇ ਗਏ, ਪਰ ਅਕਾਲੀਆਂ ਨੇ ਇਸ ਸਦਭਾਵਨਾ ਦਾ ਹੁੰਗਾਰਾ ਨਾ ਭਰਿਆ—ਕਿੰਨੀ ਹਾਸੋਹੀਣੀ ਗੱਲ ਹੈ! ਕੀ ਅਕਾਲੀਆਂ ਨੇ ਮੋਰਚਾ ਜੇਲ੍ਹੀਂ ਜਾਣ ਤੇ ਫਿਰ ਰਿਹਾ ਹੋਣ ਲਈ ਲਾਇਆ ਸੀ ਕਿ ਉਹ ਮਜਬੂਰੀ ਰਿਹਾਈਆਂ ਦੇ ਜਵਾਬ ਵਿਚ ਮੋਰਚਾ ਬੰਦ ਕਰ ਦੇਂਦੇ ? ਸਦਭਾਵਨਾ ਤਾਂ ਇਹ ਸੀ ਕਿ ਗੱਲ-ਬਾਤ ਰਾਹੀਂ ਲੈ-ਦੇ ਦੀ ਭਾਵਨਾ ਨਾਲ ਉਨ੍ਹਾਂ ਦੀਆਂ ਮੰਗਾਂ, ਜੋ ਹਰ ਪੱਖ ਤੋਂ ਜਾਇਜ਼ ਤੇ ਸੰਵਿਧਾਨਿਕ ਸਨ, ਮੰਨ ਲਈਆਂ ਜਾਂਦੀਆਂ ਤੇ ਕੋਈ ਬਾ-ਇੱਜ਼ਤ ਸਮਝੌਤਾ ਹੋ ਜਾਂਦਾ। ਦੂਜੀ ਗੱਲ ਇਹ ਲਿਖੀ ਗਈ ਹੈ ਕਿ "ਅਕਾਲੀ ਹਰ ਵਾਰੀ ਆਪਣੀਆਂ ਮੰਗਾਂ ਬਾਰੇ ਆਪਣਾ ਪੈਂਤੜਾ ਬਦਲ ਲੈਂਦੇ ਸਨ ਜਾਂ ਨਵੀਆਂ ਮੰਗਾਂ ਪੇਸ਼ ਕਰ ਦੇਂਦੇ ਸਨ।" ਇਹ ਗੱਲ ਉੱਕਾ ਹੀ ਨਿਰਮੂਲ ਹੈ ਤੇ ਅਗਲੇ ਦੋ ਮਹੀਨਿਆਂ ਦੀਆਂ ਘਟਨਾਵਾਂ ਦੇ ਬਿਆਨ ਤੋਂ ਪਾਠਕਾਂ ਨੂੰ ਪਤਾ ਲਗ ਜਾਇਗਾ ਕਿ ਇਹ ਦੋਸ਼ ਉਲਟਾ ਉਸ ਸਮੇਂ ਦੇ ਪ੍ਰਧਾਨ ਮੰਤਰੀ ਦੇ ਸਿਰ ਆਉਂਦਾ ਹੈ। ਅਕਾਲੀਆਂ ਨੂੰ ਰਿਹਾ ਕਰਨ ਤੋਂ ਬਾਅਦ ਇੰਦਰਾ ਨੇ ਸਵਰਨ ਸਿੰਘ ਨੂੰ, ਜੋ ਕਈ ਸਾਲ ਭਾਰਤ ਦੇ ਵਿਦੇਸ਼ ਮੰਤਰੀ ਰਹਿ ਚੁਕੇ ਸਨ, ਆਪਣਾ ਦੂਤ ਬਣਾ ਕੇ ਅਕਾਲੀ ਆਗੂਆਂ ਨਾਲ ਗੱਲ-ਬਾਤ ਕਰਨ ਲਈ ਭੇਜਿਆ। ਉਸ ਨੇ ਅੰਮ੍ਰਿਤਸਰ ਆ ਕੇ 25 ਅਕਤੂਬਰ ਨੂੰ ਸੰਤ ਜਰਨੈਲ ਸਿੰਘ ਸਮੇਤ ਅਕਾਲੀ ਆਗੂਆਂ ਨਾਲ ਗੱਲ-ਬਾਤ ਸ਼ੁਰੂ ਕੀਤੀ। ਪੰਜਾਂ ਚਹੁੰ ਦਿਨਾਂ ਦੀ ਗੱਲ-ਬਾਤ ਵਿਚ ਸਾਰੀਆਂ ਮੰਗਾਂ ਬਾਰੇ ਫ਼ੈਸਲਾ ਹੋ ਗਿਆ ਤੇ ਉਸ ਨੇ ਦਿੱਲੀ ਪਰਤ ਕੇ ਪ੍ਰਧਾਨ ਮੰਤਰੀ ਨੂੰ ਸਾਰੇ ਵੇਰਵਿਆਂ ਤੋਂ ਜਾਣੂ ਕਰਾ ਦਿੱਤਾ। ਪ੍ਰਧਾਨ ਮੰਤਰੀ ਨੇ ਸਮੁੱਚਾ ਫ਼ੈਸਲਾ ਪ੍ਰਵਾਨ ਕਰ ਕੇ ਸਵਰਨ ਸਿੰਘ ਦੀਆਂ ਕੋਸ਼ਸ਼ਾਂ ਦੀ ਪ੍ਰਸੰਸਾ ਕੀਤੀ ਤੇ ਉਸ ਨੂੰ ਆਖਿਆ ਕਿ ਉਹ ਇਸ ਨੂੰ ਮੰਤਰੀ-ਮੰਡਲ ਦੀ ਸਬ ਕਮੇਟੀ ਵਿਚ,

ਜਿਸ ਵਿਚ ਪੀ.ਸੀ. ਸੇਠੀ, ਨਰਸਿਮਹਾ ਰਾਓ, ਪਰਨਾਬ ਮੁਕਰਜੀ ਤੇ ਵੈਨਕਟਾਰਮਨ ਸ਼ਾਮਲ ਸਨ, ਪੇਸ਼ ਕਰ ਦੇਵੇ। ਸਵਰਨ ਸਿੰਘ ਨੇ ਪੂਰਾ ਫ਼ੈਸਲਾ ਲਿਖਤੀ ਰੂਪ ਵਿਚ ਸਬ ਕਮੇਟੀ ਨੂੰ ਦੇ ਦਿੱਤਾ। ਜਦ ਕਮੇਟੀ ਨੇ ਇਸ ਦੀ ਸਵਕਿਰਤੀ ਦੇ ਦਿੱਤੀ, ਤਾਂ ਸਵਰਨ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਇਸ ਦੀ ਖ਼ਬਰ ਦੇ ਦੇਣੀ ਚਾਹੀਦੀ ਹੈ, ਤਾਂ ਜੁ ਉਹ ਅਕਾਲੀਆਂ ਨੂੰ ਦੱਸ ਦੇਵੇ ਕਿ ਫ਼ਾਰਮੂਲਾ ਮਨਜ਼ੂਰ ਹੋ ਗਿਆ ਹੈ, ਪਰ ਕਮੇਟੀ ਨੇ ਆਖਿਆ ਕਿ ਸਾਨੂੰ ਸਰਕਾਰ ਵੱਲੋਂ ਫ਼ਾਰਮੂਲੇ ਦੀ ਮਨਜ਼ੂਰੀ ਦੇਣ ਦੇ ਪੂਰੇ ਅਧਿਕਾਰ ਹਨ। ਜਦ ਸਵਰਨ ਸਿੰਘ ਨੇ ਅਕਾਲੀਆਂ ਨੂੰ ਇਹ ਖ਼ਬਰ ਦਿੱਤੀ, ਤਾਂ ਉਨ੍ਹਾਂ ਨੇ ਡਰਾਫਟ ਵੇਖਣ ਤੋਂ ਬਾਅਦ ਇਸ ਦੀ ਨਕਲ ਮੰਗੀ। ਸਬ ਕਮੇਟੀ ਨੇ ਆਖਿਆ ਕਿ ਫ਼ਾਰਮੂਲਾ ਪਾਰਲੀਮੈਂਟ ਵਿਚ ਪੇਸ਼ ਕੀਤਾ ਜਾਣਾ ਹੈ, ਇਸ ਲਈ ਇਸ ਦੀ ਨਕਲ ਦੇਣੀ ਉਚਿਤ ਨਹੀਂ ਹੈ। ਪਰ ਜਦ ਫ਼ਾਰਮੂਲਾ ਲੋਕ ਸਭਾ ਵਿਚ ਪੇਸ਼ ਕੀਤਾ ਗਿਆ, ਤਾਂ ਅਕਾਲੀਆਂ ਨੂੰ ਇਹ ਵੇਖ ਕੇ ਬੜੀ ਨਿਰਾਸਤਾ ਤੇ ਹੈਰਾਨੀ ਹੋਈ ਕਿ ਇਹ ਉਸ ਡਰਾਫ਼ਟ ਤੋਂ ਬਿਲਕੁਲ ਵਖਰਾ ਸੀ, ਜੋ ਉਨ੍ਹਾਂ ਨੂੰ ਵਿਖਾਇਆ ਗਿਆ ਸੀ। ਸਪੱਸ਼ਟ ਹੈ ਕਿ ਇੰਦਰਾ ਮੁੱਕਰ ਗਈ ਸੀ ਤੇ ਸਮਝੌਤਾ ਤੋੜਨ ਦੀ ਜ਼ਿੰਮੇਵਾਰੀ ਉਹਦੇ ਸਿਰ ਸੀ। ਜਦ ਅਕਾਲੀ ਆਗੂਆਂ ਨੇ ਇਸ ਬਾਰੇ ਸਵਰਨ ਸਿੰਘ ਨੂੰ ਪੁੱਛਿਆ, ਤਾਂ ਉਸ ਨੇ ਕੇਵਲ ਇਹ ਆਖ ਕੇ ਮਾਫ਼ੀ ਮੰਗ ਲਈ ਕਿ "ਮੈਂ ਅੱਗੇ ਤੋਂ ਇਹੋ ਜਿਹੀ ਵਿਚੋਲਗੀ ਕਰਨ ਤੋਂ ਕੰਨਾਂ ਨੂੰ ਹੱਥ ਲਾਏ।"

28 ਨਵੰਬਰ 1982 ਤੋਂ ਦਿੱਲੀ ਵਿਚ ਏਸ਼ੀਆਈ ਖੇਡਾਂ ਸ਼ੁਰੂ ਹੋਣ ਵਾਲੀਆਂ ਸਨ। ਅਕਾਲੀ ਦਲ ਨੇ ਐਲਾਨ ਕਰ ਦਿੱਤਾ ਕਿ ਉਹ ਖੇਡਾਂ ਦੇ ਸਮੇਂ ਦਿੱਲੀ ਵਿਚ ਪ੍ਰਦਰਸ਼ਨ ਕਰਨਗੇ। ਪ੍ਰਧਾਨ ਮੰਤਰੀ ਨੂੰ ਕੌਮਾਂਤਰੀ ਪਿੜ ਵਿਚ ਆਪਣਾ ਵਕਾਰ ਬਣਾਈ ਰੱਖਣ ਦਾ ਬੜਾ ਫ਼ਿਕਰ ਰਹਿੰਦਾ ਸੀ, ਇਸ ਲਈ ਉਸ ਨੇ ਫਿਰ ਅਕਾਲੀਆਂ ਨਾਲ ਗੱਲ-ਬਾਤ ਕਰਨ ਦਾ ਫ਼ੈਸਲਾ ਕੀਤਾ। ਇਸ ਵਾਰੀ ਲੋਕ ਸਭਾ ਦੇ ਕਾਂਗਰਸੀ ਮੈਂਬਰ ਤੇ ਰਾਜੀਵ ਗਾਂਧੀ ਦੇ ਨਿਕਟਵਰਤੀ ਮਹਾਰਾਜਾ ਅਮਰਿੰਦਰ ਸਿੰਘ ਨੂੰ ਵਿਚ ਪਾਇਆ ਗਿਆ। 18 ਨਵੰਬਰ ਨੂੰ ਦਿੱਲੀ ਵਿਚ ਅਮਰਿੰਦਰ ਸਿੰਘ ਤੇ ਅਕਾਲੀ ਆਗੂਆਂ ਦੇ ਵਿਚਕਾਰ ਸਭ ਮੰਗਾਂ ਬਾਰੇ ਸਮਝੌਤਾ ਹੋ ਗਿਆ। ਪਰ ਉਸੇ ਵੇਲੇ ਹਰਿਆਣੇ ਦੇ ਮੁਖ ਮੰਤਰੀ ਨੂੰ ਇਹਦੀ ਖ਼ਬਰ ਭੇਜ ਦਿੱਤੀ ਗਈ। ਉਹਨੇ ਫ਼ੌਰਨ ਦਿੱਲੀ ਪਹੁੰਚ ਕੇ ਪ੍ਰਧਾਨ ਮੰਤਰੀ ਨੂੰ ਆਖਿਆ ਕਿ "ਹਰਿਆਣਾ ਪ੍ਰਾਂਤ ਦੀ ਸੰਮਤੀ ਤੋਂ ਬਗ਼ੈਰ ਦਰਿਆਈ ਪਾਣੀਆਂ ਤੇ ਚੰਡੀਗੜ੍ਹ ਬਾਰੇ ਫ਼ੈਸਲਾ ਖ਼ਤਰਨਾਕ ਸਿੱਧ ਹੋਵੇਗਾ। ਜੇ ਤੁਹਾਨੂੰ ਏਸ਼ੀਆਈ ਖੇਡਾਂ ਵਿਚ ਗੜਬੜ ਪੈਣ ਦਾ ਹੀ ਡਰ ਹੈ, ਤਾਂ ਮੈਂ ਜ਼ਿੰਮਾ ਲੈਂਦਾ ਹਾਂ ਕਿ ਮੈਂ ਵਿਖਾਵਾਕਾਰੀਆਂ ਨੂੰ ਦਿੱਲੀ ਵਿਚ ਵੜਨ ਹੀ ਨਹੀਂ ਦਿਆਂਗਾ।" ਸੋ ਇੰਦਰਾ ਨੇ ਦੂਜੀ ਵਾਰ ਸਮਝੌਤਾ ਤੋੜ ਦਿੱਤਾ। ਸਪੱਸ਼ਟ ਹੈ ਕਿ ਗੱਲ-ਬਾਤ ਵਿਚ ਪੈਂਤੜਾ ਅਕਾਲੀ ਨਹੀਂ, ਹਮੇਸ਼ਾ ਇੰਦਰਾ ਹੀ ਬਦਲਦੀ ਸੀ। ਅਕਾਲੀਆਂ ਦਾ ਕਸੂਰ, ਜੇ ਇਹਨੂੰ ਕਸੂਰ ਸਮਝਿਆ ਜਾਏ, ਤਾਂ ਇਹ ਸੀ ਕਿ ਉਹ ਲੈ-ਦੇ ਦੀ ਭਾਵਨਾ ਨਾਲ ਆਪਣੀਆਂ ਮੰਗਾਂ ਨੂੰ ਘੱਟ ਜਾਂ ਨਰਮ ਕਰ ਕੇ ਉਨ੍ਹਾਂ ਵਿਚ ਅਦਲ-ਬਦਲ ਲਈ ਹਮੇਸ਼ਾ ਤਿਆਰ ਰਹਿੰਦੇ ਸਨ।

ਭਜਨ ਲਾਲ ਨੇ ਆਪਣੇ ਪੁਲਿਸ ਮੁਖੀ ਨੂੰ ਹਦਾਇਤ ਕੀਤੀ ਕਿ ਏਸ਼ੀਆਈ ਖੇਡਾਂ ਵੇਲੇ ਦਿੱਲੀ ਜਾਣ ਵਾਲੀ ਹਰੇਕ ਗੱਡੀ, ਬੱਸ ਅਤੇ ਕਾਰ ਨੂੰ ਚੈੱਕ ਕਰ ਕੇ ਦਿੱਲੀ ਜਾਣ ਵਾਲੇ ਸਿੱਖਾਂ ਵਿੱਚੋਂ ਸ਼ੱਕੀ ਆਦਮੀਆਂ ਨੂੰ ਰੋਕ ਲਿਆ ਜਾਏ। ਆਖ਼ਰ ਸਿੱਖਾਂ ਦੇ ਮੂੰਹ ਉੱਤੇ ਅਕਾਲੀ ਜਾਂ ਗ਼ੈਰ-ਅਕਾਲੀ ਹੋਣ ਦਾ ਕੋਈ ਲੇਬਲ ਤਾਂ ਲੱਗਾ ਹੋਇਆ ਨਹੀਂ ਸੀ, ਸੋ ਸਿਧਾਏ ਹੋਏ ਪੁਲਸੀਆਂ ਨੇ ਹਰੇਕ ਸਿਖ ਨੂੰ ਵਾਹਨਾਂ ਤੋਂ ਉਤਾਰ ਕੇ ਤਲਾਸ਼ੀ ਲਈ ਅਤੇ ਪੁਛ ਗਿੱਛ ਕੀਤੀ, ਇੱਥੋਂ ਤਕ ਕਿ ਸਵਰਨ ਸਿੰਘ, ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ, ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ ਤੇ ਰਾਜ ਸਭਾ ਦੀ ਮੈਂਬਰ ਬੀਬੀ ਅਮਰਜੀਤ ਕੌਰ ਤੇ ਹਰਿਆਣੇ ਦੇ ਸਪੀਕਰ, ਸ. ਤਾਰਾ

ਸਿੰਘ ਵੀ ਇਸ ਜ਼ਿਲਤ ਤੋਂ ਨਾ ਬਚ ਸਕੇ, ਭਾਵੇਂ ਉਨ੍ਹਾਂ ਨੇ ਆਪਣੀ ਪਛਾਣ ਵੀ ਦੇ ਦਿੱਤੀ ਸੀ। ਇਸ ਸਮੇਂ ਪੁਲਿਸ ਨੇ ਲਗ ਪਗ 1500 ਸਿਖ ਨਾ-ਕੇਵਲ ਹਿਰਾਸਤ ਵਿਚ ਲੈ ਲਏ, ਸਗੋਂ ਉਨ੍ਹਾਂ ਨੂੰ ਹਰੇਕ ਤਰੀਕੇ ਨਾਲ ਜ਼ਲੀਲ ਤੇ ਪ੍ਰੇਸ਼ਾਨ ਕੀਤਾ ਗਿਆ।

ਪ੍ਰਧਾਨ ਮੰਤਰੀ ਦੀ ਜ਼ਮੀਰ ਨੂੰ ਝੰਜੋੜਨ ਲਈ ਪੰਜਾਬ ਅਸੈਂਬਲੀ ਦੇ ਸਾਰੇ ਦੇ ਸਾਰੇ 37 ਅਕਾਲੀ ਮੈਂਬਰਾਂ ਤੇ ਪਾਰਲੀਮੈਂਟ ਦੇ ਤਿੰਨੋਂ ਮੈਂਬਰਾਂ ਨੇ 21 ਫ਼ਰਵਰੀ 1983 ਨੂੰ ਅਸਤੀਫ਼ੇ ਦੇ ਦਿੱਤੇ, ਪਰ ਇੰਦਰਾ ਆਪਣੀ ਜ਼ਿੱਦ ਤੇ ਅੜੀ ਹੋਈ ਸੀ। ਹਾਂ, ਅਕਾਲੀ ਅਸਤੀਫ਼ਿਆਂ ਦੇ ਪ੍ਰਤੀਕਰਮ ਵਜੋਂ ਉਸ ਨੇ ਭੋਲੇ ਭਾਲੇ ਸਿੱਖਾਂ ਨੂੰ ਭੁਚਲਾਣ ਤੇ ਦੇਸ ਨੂੰ ਗੁਮਰਾਹ ਕਰਨ ਲਈ 27 ਫ਼ਰਵਰੀ 1983 ਨੂੰ ਗੁਰਦੁਆਰਾ ਬੰਗਲਾ ਸਾਹਿਬ ਵਿਚ ਜਾ ਕੇ ਐਲਾਨ ਕਰ ਦਿੱਤਾ ਕਿ ਅਕਾਲੀਆਂ ਦੀਆਂ ਸਭ ਧਾਰਮਿਕ ਮੰਗਾਂ ਮੰਨ ਲਈਆਂ ਗਈਆਂ ਹਨ, ਭਾਵੇਂ ਇਹ ਅੱਧ-ਪਚੱਧ ਹੀ ਸੱਚ ਸੀ। ਜਲੰਧਰ ਰੇਡੀਉ ਦੀ ਰਾਹੀਂ ਦਰਬਾਰ ਸਾਹਿਬ ਤੋਂ ਸ਼ਬਦ-ਕੀਰਤਨ ਪ੍ਰਸਾਰਨ ਕਰਨ ਦਾ ਫ਼ੈਸਲਾ ਹੋ ਗਿਆ ਸੀ, ਦੇਸ ਵਿਚ ਉੱਡਣ ਵਾਲੇ ਹਵਾਈ ਜਹਾਜ਼ਾਂ ਵਿਚ ਨੌਂ ਇੰਚ ਦੀ ਕਿਰਪਾਨ ਪਹਿਨਣ ਦੀ ਖੁਲ੍ਹ ਵੀ ਮਿਲ ਗਈ ਸੀ, ਪਰ ਨਾ ਸਰਬ-ਭਾਰਤ ਗੁਰਦੁਆਰਾ ਕਾਨੂੰਨ ਬਣਾਣ ਬਾਰੇ ਕੋਈ ਫ਼ੈਸਲਾ ਹੋਇਆ ਸੀ, ਨਾ ਅੰਮ੍ਰਿਤਸਰ ਨੂੰ ਪਵਿੱਤਰ ਨਗਰੀ ਕਰਾਰ ਦੇਣ ਬਾਰੇ। ਇਸ ਤੋਂ ਬਾਅਦ 3 ਮਾਰਚ ਨੂੰ ਕੇਂਦਰ ਤੇ ਰਾਜਾਂ ਦੇ ਸੰਬੰਧਾਂ ਬਾਰੇ ਨਜ਼ਰ-ਸਾਨੀ ਕਰਨ ਲਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਰਣਜੀਤ ਸਿੰਘ ਸਰਕਾਰੀਆ ਦਾ ਕਮਿਸ਼ਨ ਨਿਯਤ ਕਰ ਦਿੱਤਾ ਗਿਆ। ਇਸ ਨੂੰ ਅਨੰਦਪੁਰ ਸਾਹਿਬ ਦੇ ਮਤੇ ਉੱਤੇ ਵਿਚਾਰ ਕਰਨ ਲਈ ਤਾਂ ਨਹੀਂ ਆਖਿਆ ਗਿਆ ਸੀ, ਪਰ ਇਸ ਗੱਲ ਦੀ ਸੰਭਾਵਨਾ ਸੀ ਕਿ ਰਾਜਾਂ ਨੂੰ ਵਧੇਰੇ ਵਿੱਤੀ ਅਧਿਕਾਰ ਮਿਲ ਜਾਣਗੇ ਤੇ ਗਵਰਨਰਾਂ ਦੇ ਅਧਿਕਾਰ ਘਟਾਏ ਜਾਣਗੇ। ਪਰ ਇਹ ਮਾੜੀਆਂ-ਮੋਟੀਆਂ ਰਿਆਇਤਾਂ ਦੇਣ ਦਾ ਐਲਾਨ ਵੀ ਅਕਾਲੀ ਆਗੂਆਂ ਨਾਲ ਗੱਲ-ਬਾਤ ਵਿਚ ਨਹੀਂ, ਸਗੋਂ ਇਕਵੱਲੇ ਹੀ ਕੀਤਾ ਗਿਆ ਸੀ, ਤਾਂ ਜੁ ਨਾ ਅਕਾਲੀਆਂ ਨੂੰ ਇਹਦੀ ਸ਼ੋਭਾ ਮਿਲੇ ਤੇ ਨਾ ਇਹ ਪ੍ਰਭਾਵ ਪਏ ਕਿ ਇਹ ਰਿਆਇਤਾਂ ਅਕਾਲੀਆਂ ਦੀ ਐਜੀਟੇਸ਼ਨ ਦੇ ਦਬਾਅ ਹੇਠ ਦਿੱਤੀਆਂ ਗਈਆਂ ਹਨ। 3 ਜੂਨ 1983 ਨੂੰ ਗੱਲ-ਬਾਤ ਫਿਰ ਸ਼ੁਰੂ ਹੋਈ, ਪਰ ਟਾਲਮਟੋਲ ਦੀ ਨੀਤੀ ਅਜੇ ਵੀ ਜਾਰੀ ਸੀ ਅਤੇ ਅਖ਼ੀਰ ਗੱਲ-ਬਾਤ ਦਰਿਆਈ ਪਾਣੀਆਂ ਦੀ ਵੰਡ ਅਤੇ ਚੰਡੀਗੜ੍ਹ ਤੇ ਪੰਜਾਬੀ-ਭਾਸ਼ੀ ਇਲਾਕੇ ਪੰਜਾਬ ਨੂੰ ਦੇਣ ਦੇ ਮਾਮਲਿਆਂ ਉੱਤੇ ਅੜ ਜਾਂਦੀ ਤੇ ਪ੍ਰਧਾਨ ਮੰਤਰੀ ਆਖ ਦੇਂਦੀ ਕਿ ਇਨ੍ਹਾਂ ਮੱਦਾਂ ਵਿਚ ਹਰਿਆਣਾ ਵੀ ਇਕ ਧਿਰ ਹੈ, ਇਸ ਲਈ ਉਨ੍ਹਾਂ ਦੀ ਸੰਮਤੀ ਤੋਂ ਬਗ਼ੈਰ ਕੋਈ ਫ਼ੈਸਲਾ ਨਹੀਂ ਹੋ ਸਕਦਾ।

ਇਸ ਵੇਲੇ ਇਕ ਪਾਸੇ ਅਕਾਲੀ ਅੰਦੋਲਨ ਵਿਚ ਤੇਜ਼ੀ ਆ ਰਹੀ ਸੀ ਤੇ ਦੂਜੇ ਪਾਸੇ ਮੁਖ ਮੰਤਰੀ ਦੀਆਂ ਵਿਸ਼ੇਸ਼ ਹਦਾਇਤਾਂ ਹੇਠ ਕੁਝ ਵੱਡੇ ਪੁਲਿਸ ਅਧਿਕਾਰੀਆਂ ਨੇ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਮਾਰਨ ਜਾਂ ਝੂਠੇ ਮੁਕੱਦਮਿਆਂ ਵਿਚ ਫਸਾ ਕੇ ਤਸ਼ੱਦਦ ਕਰਨ ਦੀ ਮੁਹਿੰਮ ਤੇਜ਼ ਕਰ ਦਿੱਤੀ ਸੀ। ਅਕਾਲੀ ਦਲ ਨੇ 4 ਅਪ੍ਰੈਲ ਨੂੰ 'ਰਸਤਾ ਰੋਕੋ' ਅੰਦੋਲਨ ਦਾ ਐਲਾਨ ਕੀਤਾ। ਗੱਡੀਆਂ ਤਾਂ ਸਰਕਾਰ ਨੇ ਆਪ ਬੰਦ ਕਰ ਦਿੱਤੀਆਂ ਤੇ ਅਕਾਲੀ ਵਾਲੰਟੀਅਰਾਂ ਨੇ ਸੜਕਾਂ ਉੱਤੇ ਸ਼ਾਂਤਮਈ ਧਰਨੇ ਦੇ ਕੇ ਬੱਸਾਂ, ਟਰੱਕਾਂ ਤੇ ਕਾਰਾਂ ਦੀ ਆਵਾ-ਜਾਈ ਅਸੰਭਵ ਬਣਾ ਦਿੱਤੀ। ਪਰ ਪੁਲਿਸ ਨੇ ਮਲੇਰਕੋਟਲਾ ਦੇ ਨੇੜੇ ਕੁੱਪ ਕਲਾਂ ਵਿਚ ਬਿਨਾਂ ਕਿਸੇ ਭੜਕਾਹਟ ਦੇ ਅੰਨ੍ਹੇਵਾਹ ਗੋਲੀ ਚਲਾ ਕੇ 26 ਸਤਿਆਗ੍ਰਹੀ ਮਾਰ ਦਿੱਤੇ ਅਤੇ ਕਈ ਦੁਕਾਨਾਂ ਤੇ ਟਰੱਕ ਸਾੜ ਦਿੱਤੇ। ਇਹ ਪਿੰਡ ਕੁੱਪ ਰਹੀੜੇ ਦੇ ਕੋਲ ਹੈ, ਜਿੱਥੇ ਵੱਡੇ ਘੱਲੂਘਾਰੇ ਵਿਚ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ ਸਨ। ਸਭ ਵਿਰੋਧੀ ਪਾਰਟੀਆਂ ਨੇ, ਜਿਨ੍ਹਾਂ ਵਿਚ ਭਾਰਤੀ ਜਨਤਾ ਪਾਰਟੀ ਤੇ ਕਮਿਊਨਿਸਟ ਪਾਰਟੀਆਂ ਵੀ ਸ਼ਾਮਲ ਸਨ, ਇਸ ਦੁਰਘਟਨਾ ਦੀ ਜਾਂਚ ਲਈ ਇਕ ਕਮੇਟੀ ਬਣਾਈ। ਜਾਂਚ ਤੋਂ ਬਾਅਦ

ਭਾਰਤੀ ਜਨਤਾ ਪਾਰਟੀ ਦੇ ਸ੍ਰੀ ਵਾਜਪਾਈ ਨੇ ਬਿਆਨ ਦਿੱਤਾ ਕਿ ਇਹ ਸਾਰੀ ਤਬਾਹੀ ਵੇਖ ਕੇ ਸਾਨੂੰ ਬੜਾ ਧੱਕਾ ਲੱਗਾ ਹੈ। ਮਾਰਕਸਵਾਦੀ ਨੇਤਾ ਹਰਕਿਸ਼ਨ ਸਿੰਘ ਸੁਰਜੀਤ ਦਾ ਕਹਿਣਾ ਸੀ ਕਿ ਪੁਲਿਸ ਦੀਆਂ ਵਧੀਕੀਆਂ ਹਿਰਦੇ-ਵੇਧਕ ਸਨ। ਜਦ ਅਕਾਲੀ ਦਲ ਨੇ 29 ਅਗਸਤ ਨੂੰ 'ਕੰਮ ਰੋਕੋ' ਦਾ ਐਲਾਨ ਕੀਤਾ, ਤਾਂ ਸਾਰੇ ਸਰਕਾਰੀ ਦਫ਼ਤਰਾਂ ਅਤੇ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ ਵਿਚ ਕੰਮ ਠੱਪ ਰਿਹਾ। ਦੂਜੇ ਪਾਸੇ ਕੁਝ ਪੁਲਿਸ ਅਧਿਕਾਰੀਆਂ ਤਾਂ ਵਿਸ਼ੇਸ਼ ਕਰਕੇ ਬਚਨ ਸਿੰਘ ਡੀ.ਐਸ.ਪੀ. ਤੇ ਸਬ ਇਨਸਪੈਕਟਰ ਬਿੱਛੂ ਰਾਮ ਦੀ ਹੱਤਿਆ ਤੋਂ ਬਾਅਦ ਪਿੰਡਾਂ ਵਿਚ ਦਹਿਸ਼ਤ ਫੈਲਾਅ ਕੇ ਲੋਕਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਗਿਆ। ਇਸ ਸੰਬੰਧ ਵਿਚ ਪੀਪਲਜ਼ ਯੂਨੀਅਨ ਔਫ਼ ਸਿਵਲ ਲਿਬਰਟੀਜ਼ (People's Union of Civil Liberties) ਨੇ ਜਸਟਿਸ ਤਾਰਕੁੰਡੇ ਦੀ ਪ੍ਰਧਾਨਗੀ ਹੇਠ ਜੋ ਜਾਂਚ-ਰਿਪੋਰਟ ਦਿੱਤੀ, ਉਸ ਦਾ ਸਾਰ ਇਹ ਸੀ ਕਿ "ਪੁਲਿਸ ਨੇ ਬਦਲੇ ਦੀ ਭਾਵਨਾ ਨਾਲ ਵਹਿਸ਼ੀਆਨਾ ਤਾਕਤ ਦੀ ਵਰਤੋਂ ਕੀਤੀ। ਕੁਝ ਭਗੌੜੇ ਹੋਣ ਵਾਲਿਆਂ ਦੇ ਘਰਾਂ ਨੂੰ ਅੱਗ ਲਾਈ ਗਈ ਅਤੇ ਕਪੜੇ ਤੇ ਭਾਂਡੇ ਨਸ਼ਟ ਕੀਤੇ ਗਏ। ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਪੁਲਿਸ ਹਿਰਾਸਤ ਵਿਚ ਰੱਖ ਕੇ ਤੰਗ ਕੀਤਾ ਗਿਆ।" ਪਿੰਡਾਂ ਵਾਲਿਆਂ ਨੇ ਪੜਤਾਲੀਆ ਕਮਿਸ਼ਨ ਨੂੰ ਉਨ੍ਹਾਂ ਅਫ਼ਸਰਾਂ ਦੇ ਨਾਂ ਵੀ ਦੱਸੇ, ਜੋ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣ ਦੇ ਆਦੀ ਸਨ।

4 ਅਕਤੂਬਰ ਨੂੰ ਕਪੂਰਥਲਾ ਜ਼ਿਲ੍ਹੇ ਵਿਚ ਢਿਲਵਾਂ ਦੇ ਕੋਲ ਇਕ ਬੱਸ ਰੋਕ ਕੇ 6 ਹਿੰਦੂ ਮੁਸਾਫ਼ਰਾਂ ਦੀ ਹੱਤਿਆ ਕਰ ਦਿੱਤੀ ਗਈ। ਇਹ ਇਹੋ ਜਿਹੀ ਪਹਿਲੀ ਦੁਰਘਟਨਾ ਸੀ ਤੇ ਸ਼ਕ ਇਹ ਹੈ ਕਿ ਇਹ ਪੇਸ਼ਾਵਰ ਹਤਿਆਰਿਆਂ ਦਾ ਕੰਮ ਸੀ। ਇਹ ਵੀ ਹੋ ਸਕਦਾ ਹੈ ਕਿ ਕਿਸੇ ਦਿਲ-ਜਲੇ ਨੇ, ਜਿਸ ਦੇ ਸੱਕੇ ਸੰਬੰਧੀਆਂ ਨੂੰ ਪੁਲਿਸ ਨੇ ਮਾਰ ਮੁਕਾਇਆ ਹੋਵੇ ਜਾਂ ਤਸੀਹੇ ਦਿੱਤੇ ਹੋਣ, ਇਹ ਨੀਚ ਕਾਰਾ ਕੀਤਾ ਹੋਵੇ। ਬਾਅਦ ਵਿਚ 'ਸੂਰਯਾ' ਮਾਸਕ-ਪੱਤਰ ਨੇ ਆਪਣੇ ਸਤੰਬਰ 1984 ਦੇ ਪਰਚੇ ਵਿਚ ਇਹ ਵੀ ਲਿਖਿਆ ਸੀ ਕਿ ਇਸ ਵੇਲੇ ਪੰਜਾਬ ਵਿਚ ਸਰਕਾਰ ਦੀ ਇਕ ਗੁਪਤ 'ਤੀਜੀ ਏਜੰਸੀ' ਇਹੋ ਜਿਹੇ ਕਤਲ ਕਰ ਕੇ ਫ਼ਿਰਕੂ ਫ਼ਸਾਦ ਭੜਕਾਉਣ ਲਈ ਜ਼ਿੰਮੇਵਾਰ ਸੀ। ਫਿਰ ਵੀ ਮੋਰਚੇ ਦੇ ਡਿਕਟੇਟਰ ਸੰਤ ਲੌਂਗੋਵਾਲ ਨੇ ਇਹਨਾਂ ਕਤਲਾਂ ਦੀ ਨਿਖੇਧੀ ਕੀਤੀ ਤੇ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਦੀ ਅਦਾਲਤੀ ਜਾਂਚ ਕਰਾਈ ਜਾਏ। ਉਨ੍ਹਾਂ ਨੇ ਆਖਿਆ, "ਅਸੀਂ ਸਾਬਤ ਕਰਾਂਗੇ ਕਿ ਇਹਦੇ ਵਿਚ ਅਕਾਲੀਆਂ ਦਾ ਕੋਈ ਹੱਥ ਨਹੀਂ।" ਪਰ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕੀਤੀ ਗਈ। ਦੋ ਦਿਨ ਬਾਅਦ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। 15 ਜਨਵਰੀ 1983 ਨੂੰ 'ਆਰਮੀ ਡੇ' ਵਾਲੇ ਦਿਨ ਪ੍ਰਧਾਨ ਮੰਤਰੀ ਨੇ ਜਰਨੈਲਾਂ ਨੂੰ ਆਪਣੇ ਮਨ ਦੀ ਗੱਲ ਖੋਲ੍ਹ ਦੇ ਦੱਸ ਦਿੱਤੀ ਕਿ ਉਹ ਦਰਬਾਰ ਸਾਹਿਬ ਉੱਤੇ ਹਮਲਾ ਕਰਨਾ ਚਾਹੁੰਦੀ ਹੈ। ਜਾਪਦਾ ਹੈ ਕਿ ਇੰਦਰਾ ਪੰਜਾਬ ਦਾ ਰਾਜ-ਪ੍ਰਬੰਧ ਸਿੱਧਾ ਆਪਣੇ ਹੱਥ ਵਿਚ ਲੈਣਾ ਚਾਹੁੰਦੀ ਸੀ ਤੇ ਉਹਨੂੰ ਕਾਂਗਰਸੀ ਮੁਖ ਮੰਤਰੀ ਤੇ ਵੀ ਇਤਬਾਰ ਨਹੀਂ ਰਹਿ ਗਿਆ ਸੀ।

8 ਫ਼ਰਵਰੀ 1984 ਨੂੰ ਅਕਾਲੀ ਦਲ ਨੇ 'ਪੰਜਾਬ ਬੰਦ' ਦਾ ਸੱਦਾ ਦਿੱਤਾ, ਜੋ ਬਿਨਾਂ ਕਿਸੇ ਦੁਰਘਟਨਾ ਦੇ ਪੂਰਨ ਸ਼ਾਂਤਮਈ ਰਿਹਾ। ਇਸ ਵੇਲੇ ਤਕ ਕਾਂਗਰਸ ਦੀ ਸ਼ਹਿ ਨਾਲ ਕੁਝ ਫ਼ਿਰਕੂ ਹਿੰਦੂਆਂ ਨੇ 'ਹਿੰਦੂ ਸੁਰੱਖਸ਼ਾ ਸੰਮਤੀ' ਨਾਂ ਦੀ ਇਕ ਸੰਸਥਾ ਬਣਾ ਲਈ ਸੀ। ਇਸ ਦਾ ਮੁਖ ਸੰਚਾਲਕ ਇਕ ਪੁਰਾਣਾ ਕਾਂਗਰਸੀ ਪਵਨ ਕੁਮਾਰ ਸ਼ਰਮਾ ਸੀ, ਜਿਸ ਦੇ ਮਹਾਰਾਜਾ ਅਮਰਿੰਦਰ ਸਿੰਘ ਤੇ ਹਰਿਆਣੇ ਦੇ ਮੁਖ ਮੰਤਰੀ ਭਜਨ ਲਾਲ ਦੋਹਾਂ ਨਾਲ ਨਿਕਟੀ ਸੰਬੰਧ ਸਨ। ਇਸ ਸੰਮਤੀ ਨੇ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵਿਚ 14 ਫ਼ਰਵਰੀ ਲਈ ਬੰਦ ਦਾ ਸੱਦਾ ਦੇ ਦਿੱਤਾ। ਇਸ ਮੌਕੇ ਉੱਤੇ ਤਿੰਨਾਂ ਹੀ ਪ੍ਰਾਂਤਾਂ ਵਿਚ ਕਈ ਥਾਈਂ ਸਿਖ-ਵਿਰੋਧੀ ਮੁਜ਼ਾਹਿਰੇ ਤੇ ਦੰਗੇ ਹੋਏ।

ਪਾਨੀਪਤ ਵਿਚ ਤਿੰਨ ਗੁਰਦੁਆਰੇ ਸਾੜ ਦਿੱਤੇ ਗਏ। ਕੁਝ ਦੁਕਾਨਾਂ ਨੂੰ ਅੱਗ ਲਾਈ ਗਈ ਤੇ ਕੁਝ ਲੁੱਟੀਆਂ ਗਈਆਂ। 8 ਸਿੱਖ ਜਾਨੋਂ ਮਾਰ ਮੁਕਾਏ ਗਏ। ਬੱਸਾਂ ਉੱਤੇ ਹਰਿਆਣੇ ਵਿੱਚੋਂ ਲੰਘਣ ਵਾਲੇ ਕਈ ਸਿਖ ਮੁਸਾਫ਼ਰਾਂ ਦੀਆਂ ਦਾੜ੍ਹੀਆਂ ਤੇ ਕੇਸਾਂ ਦੀ ਬੇਅਦਬੀ ਕੀਤੀ ਗਈ। ਇਹ ਸਭ ਕੁਝ ਪਹਿਲਾਂ ਗਿਣੀ ਮਿੱਥੀ ਯੋਜਨਾ ਅਨੁਸਾਰ ਹੋ ਰਿਹਾ ਸੀ ਤੇ ਇਹਦੇ ਲਈ ਪਿੰਡਾਂ ਵਿੱਚੋਂ ਟ੍ਰੈਕਟਰਾਂ ਉੱਤੇ ਗੁੰਡੇ ਤੇ ਬਦਮਾਸ਼ ਲਿਆਂਦੇ ਗਏ ਸਨ। ਨਾ ਪੁਲਿਸ ਨੇ ਤੇ ਨਾ ਕਿਸੇ ਕਾਂਗਰਸੀ ਆਗੂ ਨੇ ਇਹ ਦੰਗੇ ਰੋਕਣ ਦਾ ਜਤਨ ਕੀਤਾ, ਜਿਵੇਂ ਸਭ ਕੁਝ ਸਰਕਾਰ ਦੀ ਮਰਜ਼ੀ ਨਾਲ ਹੋ ਰਿਹਾ ਸੀ। ਇਹੋ ਜਿਹੀਆਂ ਹੀ ਘਟਨਾਵਾਂ ਜਗਾਧਰੀ, ਜੀਂਦ, ਕੈਥਲ, ਕਰਨਾਲ ਤੇ ਹੋਰ ਕਈ ਸ਼ਹਿਰਾਂ ਵਿਚ ਹੋਈਆਂ ਤੇ ਲਗਾਤਾਰ ਪੰਜ ਦਿਨ ਹੁੰਦੀਆਂ ਰਹੀਆਂ। ਇਨ੍ਹਾਂ ਵਿਚ ਗਿਆਰਾਂ ਜਾਨਾਂ ਗਈਆਂ।

ਕੁਝ ਚਿਰ ਪਹਿਲਾਂ ਹੀ ਪ੍ਰਧਾਨ ਮੰਤਰੀ ਸਮੇਤ ਕਈ ਕਾਂਗਰਸੀ ਆਗੂ ਆਪਣੇ ਬਿਆਨਾਂ ਵਿਚ ਸੰਕੇਤ ਦੇ ਰਹੇ ਸਨ ਕਿ ਅਕਾਲੀਆਂ ਦਾ ਅੰਦੋਲਨ ਪੰਜਾਬ ਤੋਂ ਬਾਹਰ ਦੇ ਸਿੱਖਾਂ ਦੀ ਸਥਿਤੀ ਖ਼ਰਾਬ ਕਰ ਦੇਵੇਗਾ। ਅਤੇ ਦੋ ਤਿੰਨ ਦਿਨ ਪਹਿਲਾਂ ਹਰਿਆਣੇ ਦੇ ਮੁਖ ਮੰਤਰੀ ਨੇ ਫ਼ਰੀਦਾਬਾਦ ਵਿਚ ਆਖਿਆ ਸੀ ਕਿ ਹਿੰਦੂਆਂ ਦਾ ਸਬਰ ਖ਼ਤਮ ਹੁੰਦਾ ਜਾ ਰਿਹਾ ਹੈ। ਸੋਚਣ ਵਾਲੀ ਗੱਲ ਹੈ ਕਿ ਕੀ ਇਹ ਦੰਗੇ, ਸਾੜ-ਫੂਕ, ਲੁੱਟ-ਮਾਰ ਤੇ ਕਤਲ ਇਨ੍ਹਾਂ ਬਿਆਨਾਂ ਦਾ ਸਿੱਧਾ ਸਿੱਟਾ ਤਾਂ ਨਹੀਂ ਸਨ।

ਇਸ ਬੰਦ ਦੇ ਸਮੇਂ ਅੰਮ੍ਰਿਤਸਰ ਵਿਚ ਹੁੱਲੜਬਾਜ਼ੀ ਦੇ ਸਭ ਰੀਕਾਰਡ ਮਾਤ ਹੋ ਗਏ। ਇਕ ਵੱਡੇ ਹਜੂਮ ਨੇ ਅੰਮ੍ਰਿਤਸਰ ਸਟੇਸ਼ਨ ਉੱਤੇ ਕਈ ਸਾਲਾਂ ਤੋਂ ਲੱਗਾ ਹੋਇਆ ਦਰਬਾਰ ਸਾਹਿਬ ਦਾ ਮਾਡਲ ਤੋੜ ਦਿੱਤਾ। ਅੰਮ੍ਰਿਤਸਰ ਦੇ ਬਾਨੀ ਗੁਰੂ ਰਾਮਦਾਸ ਸਾਹਿਬ ਦੀ ਤਸਵੀਰ ਨੂੰ ਨਾ-ਸਿਰਫ਼ ਨੁਕਸਾਨ ਪਹੁੰਚਾਇਆ ਗਿਆ, ਸਗੋਂ ਉਸ ਦੀ ਨਿਰਾਦਰੀ ਵੀ ਕੀਤੀ ਗਈ। ਇਸ ਭੀੜ ਦੀ ਅਗਵਾਈ ਭਾਰਤੀ ਜਨਤਾ ਪਾਰਟੀ ਦਾ ਸਾਬਕ ਮੈਂਬਰ-ਅਸੈਂਬਲੀ ਹਰਬੰਸ ਲਾਲ ਖੰਨਾ ਕਰ ਰਿਹਾ ਸੀ। ਕਿਹਾ ਇਹ ਵੀ ਜਾਂਦਾ ਹੈ ਕਿ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਸੇਵਾ ਰਾਮ ਦੇ ਹਮਾਇਤੀ ਵੀ ਇਸ ਹਜੂਮ ਵਿਚ ਸ਼ਾਮਲ ਸਨ। ਇਸ ਸਭ ਕੁਝ ਦਾ ਨਤੀਜਾ ਉਹੀ ਨਿਕਲਣਾ ਸੀ, ਜੋ ਸਰਕਾਰ ਚਾਹ ਰਹੀ ਸੀ, ਅਰਥਾਤ, ਫ਼ਿਰਕੇਦਾਰਾਨਾ ਤਨਾਉ ਤੇ ਹਿੰਸਾ ਹੋਰ ਵਧੇ। ਜੁਆਬੀ ਕਾਰਵਾਈ ਵਜੋਂ ਪੰਜਾਬ ਵਿਚ ਕੁਝ ਹਿੰਦੂ ਵੀ ਮਾਰੇ ਗਏ। 12 ਅਪ੍ਰੈਲ ਨੂੰ ਹਰਬੰਸ ਲਾਲ ਖੰਨਾ ਨੂੰ ਉਹਦੀ ਦੁਕਾਨ ਵਿਚ ਹੀ ਗੋਲੀ ਮਾਰ ਦਿੱਤੀ ਗਈ। ਹੁਣ ਪੰਜਾਬ ਪੁਲਿਸ ਹੋਰ ਬੇਮੁਹਾਰੀ ਹੋ ਗਈ ਤੇ ਸਿਖ ਨੌਜਵਾਨਾਂ ਦੇ ਵਿਰੁੱਧ ਉਹਦਾ ਦਮਨ-ਚੱਕਰ ਹੋਰ ਤੇਜ਼ੀ ਨਾਲ ਚੱਲਣ ਲੱਗਾ। ਜਿਹੜੇ ਬੇਗੁਨਾਹ ਮਾਰੇ ਗਏ ਜਾਂ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋਏ, ਉਨ੍ਹਾਂ ਦੇ ਰਿਸ਼ਤੇਦਾਰਾਂ ਵਿਚ ਬਦਲੇ ਦੀ ਭਾਵਨਾ ਜਾਗਣੀ ਵੀ ਕੁਦਰਤੀ ਸੀ। ਕਿਰਿਆ ਤੇ ਪ੍ਰਤੀ-ਕਿਰਿਆ ਦੀ ਸੰਗਲੀ ਜੁੜਦੀ ਜਾ ਰਹੀ ਸੀ ਤੇ ਇੰਦਰਾ ਗਾਂਧੀ ਦੀ ਇੱਛਾ ਅਨੁਸਾਰ ਪੰਜਾਬ ਦਾ ਮਸਲਾ ਅਮਨ-ਕਾਨੂੰਨ ਦਾ ਮਸਲਾ ਬਣ ਰਿਹਾ ਸੀ। ਹਿੰਦੂ ਸੁਰੱਖਸ਼ਾ ਸੰਮਤੀ ਦੇ 14 ਫ਼ਰਵਰੀ 1984 ਦੇ ਬੰਦ ਵਾਲੇ ਦਿਨ ਹੀ ਦਿੱਲੀ ਵਿਚ ਪੰਜਾਬ ਸਮੱਸਿਆ ਦੇ ਹੱਲ ਲਈ ਤ੍ਰੈ-ਪੱਖੀ (ਸਰਕਾਰ, ਅਕਾਲੀ ਆਗੂਆਂ ਤੇ ਵਿਰੋਧੀ ਪਾਰਟੀਆਂ ਦੇ ਵਿਚਕਾਰ) ਗੱਲ-ਬਾਤ ਹੋ ਰਹੀ ਸੀ, ਜੋ ਦੂਜੇ ਦਿਨ ਵੀ ਜਾਰੀ ਰਹੀ। ਸ਼ਾਇਦ ਸੰਮਤੀ ਨੇ ਇਸ ਗੱਲ-ਬਾਤ ਵਿਚ ਵਿਘਨ ਪਾਉਣ ਲਈ ਹੀ ਇਹ ਦਿਨ ਚੁਣਿਆ ਸੀ। ਅਕਾਲੀ ਆਗੂਆਂ ਨੇ ਸਿਖ-ਵਿਰੋਧੀ ਦੰਗਿਆਂ ਤੇ ਅੰਮ੍ਰਿਤਸਰ ਦੀਆਂ ਘਟਨਾਵਾਂ ਦੀਆਂ ਖ਼ਬਰਾਂ ਸੁਣ ਕੇ ਆਖਿਆ ਕਿ ਅਗਲੀ ਗੱਲ-ਬਾਤ ਅਮਨ ਕਾਇਮ ਹੋਣ ਤੋਂ ਬਾਅਦ ਹੀ ਹੋ ਸਕਦੀ ਹੈ। ਸੋ ਗੱਲ-ਬਾਤ ਅਣਮਿੱਥੇ ਸਮੇਂ ਲਈ ਮੁਲਤਵੀ ਹੋ ਗਈ। ਇਸ ਤੋਂ ਬਾਅਦ ਅਕਾਲੀ ਆਗੂਆਂ ਤੇ

ਸਰਕਾਰ ਦੇ ਵਿਚਕਾਰ ਅਪ੍ਰੈਲ ਤੇ ਮਈ ਵਿਚ ਤਿੰਨ ਚਾਰ ਗੁਪਤ ਮੀਟਿੰਗਾਂ ਤੋਂ ਬਿਨਾਂ ਕੋਈ ਗੱਲ-ਬਾਤ ਨਹੀਂ ਹੋਈ।

ਇਸ ਵੇਲੇ ਪ੍ਰਧਾਨ ਮੰਤਰੀ ਪਹਿਲਾਂ ਤੋਂ ਗਿਣੀ-ਮਿੱਥੀ ਯੋਜਨਾ ਅਨੁਸਾਰ ਇਕ ਤਾਂ ਅਕਾਸ਼-ਬਾਣੀ, ਦੂਰ-ਦਰਸ਼ਨ ਤੇ ਕੁਝ ਅਖ਼ਬਾਰਾਂ ਦੁਆਰਾ ਅਕਾਲੀਆਂ ਦੇ ਵਿਰੁੱਧ ਜ਼ੋਰ ਸ਼ੋਰ ਨਾਲ ਪ੍ਰਚਾਰ ਕਰਵਾ ਰਹੀ ਸੀ। ਕੁਝ ਖ਼ਬਰਾਂ ਤੋੜ-ਮਰੋੜ ਕੇ, ਕੁਝ ਵਧਾ-ਚੜ੍ਹਾ ਕੇ ਤੇ ਕੁਝ ਨਿਰੋਲ ਗ਼ਲਤ-ਬਿਆਨੀਆਂ ਕਰ ਕੇ ਉਨ੍ਹਾਂ ਨੂੰ ਦੇਸ਼-ਧ੍ਰੋਹੀ, ਵਖਵਾਦੀ ਤੇ ਦਹਿਸ਼ਤ-ਪਸੰਦ ਸਾਬਤ ਕਰਨ ਦੇ ਜਤਨ ਹੋ ਰਹੇ ਸਨ, ਤਾਂ ਜੁ ਪਹਿਲਾਂ ਮਿੱਥੇ ਤੇ ਬਾਅਦ ਵਿਚ ਕੀਤੇ ਦਰਬਾਰ ਸਾਹਿਬ ਉੱਤੇ ਹਮਲੇ ਨੂੰ ਉਚਿਤ ਸਿੱਧ ਕੀਤਾ ਜਾ ਸਕੇ। ਦੂਜੇ ਪਾਸੇ ਇਸ ਵੇਲੇ ਤਕ ਫ਼ੌਜੀ ਕਾਰਵਾਈ ਦੀ ਪੂਰੀ ਯੋਜਨਾ ਉਲੀਕੀ ਜਾ ਚੁਕੀ ਸੀ, ਸਗੋਂ ਫ਼ੌਜੀ ਅਧਿਕਾਰੀ ਇੰਗਲੈਂਡ ਜਾ ਕੇ ਛਾਪਾ-ਮਾਰ ਦਸਤਿਆਂ ਦੁਆਰਾ ਕਾਰਵਾਈ ਕਰਨ ਦੇ ਢੰਗਾਂ ਦੀ ਜਾਣਕਾਰੀ ਪ੍ਰਾਪਤ ਕਰ ਰਹੇ ਸਨ। ਦਿੱਲੀ ਤੋਂ 150 ਕਿਲੋਮੀਟਰ ਦੂਰ ਡੇਹਰਾਦੂਨ ਦੇ ਨੇੜੇ ਚਕਰਾਤਾ ਪਹਾੜੀ ਉੱਤੇ ਦਰਬਾਰ ਸਾਹਿਬ ਸਮੂੰਹ ਦਾ ਮਾਡਲ ਰਖ ਕੇ 600 ਛਾਪਾ-ਮਾਰ ਦਸਤੇ ਉਸ ਉੱਤੇ ਹਮਲਾ ਕਰਨ ਦਾ ਅਭਿਆਸ ਕਰ ਰਹੇ ਸਨ। ਪਰ ਉੱਤੋਂ ਉੱਤੋਂ ਸਰਕਾਰ ਵੱਲੋਂ ਲਗਾਤਾਰ ਇਹ ਆਖਿਆ ਜਾ ਰਿਹਾ ਸੀ ਕਿ ਉਹ ਦਰਬਾਰ ਸਾਹਿਬ ਸਮੂੰਹ ਵਿਚ ਪੁਲਿਸ ਜਾਂ ਫ਼ੌਜ ਨਹੀਂ ਭੇਜੇਗੀ, ਕਿਉਂਜੁ ਇਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ।

ਧਰਮ-ਯੁੱਧ ਮੋਰਚਾ ਜਾਰੀ ਸੀ ਤੇ ਇਸ ਵੇਲੇ ਤਕ ਦੋ ਲੱਖ ਤੋਂ ਵੱਧ ਵਾਲੰਟੀਅਰ ਗ੍ਰਿਫ਼ਤਾਰ ਹੋ ਚੁਕੇ ਸਨ। ਬੱਸ-ਰੇਲ ਟੱਕਰ, ਰਸਤਾ-ਰੋਕੋ ਅੰਦੋਲਨ, ਸਿਖ-ਵਿਰੋਧੀ ਦੰਗਿਆਂ ਤੇ ਨਕਲੀ ਪੁਲਿਸ ਮੁਕਾਬਲਿਆਂ ਵਿਚ ਦੋ ਸੌ ਤੋਂ ਵੱਧ ਸਿਖ ਮਾਰੇ ਜਾ ਚੁਕੇ ਸਨ। ਪਰ ਇਹ ਗੱਲ ਅਫ਼ਸੋਸਨਾਕ ਹੈ ਕਿ ਇਸ ਵੇਲੇ ਮੋਰਚੇ ਦੇ ਦੋ ਵੱਡੇ ਸੰਚਾਲਕ—ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਿਚਕਾਰ ਮੋਰਚੇ ਦੀ ਵਿਧੀ ਬਾਰੇ ਮਤ-ਭੇਦ ਪੈਦਾ ਹੋ ਗਏ ਸਨ। ਜਿੱਥੇ ਸੰਤ ਲੌਂਗੋਵਾਲ ਮੋਰਚੇ ਨੂੰ ਹਰ ਹਾਲਤ ਵਿਚ ਪੂਰਨ ਸ਼ਾਂਤਮਈ ਰਖਣਾ ਚਾਹੁੰਦੇ ਸਨ, ਉੱਥੇ ਸੰਤ ਭਿੰਡਰਾਂਵਾਲੇ ਕੁਝ ਪ੍ਰਸਿੱਥਿਤੀਆਂ ਵਿਚ ਇੱਟ ਦਾ ਜਵਾਬ ਪੱਥਰ ਨਾਲ ਦੇਣ ਲਈ ਤੱਤਪਰ ਸਨ। ਇਹ ਮਤ-ਭੇਦ ਇੱਥੋਂ ਤਕ ਵਧ ਗਏ ਕਿ ਦੋਹਾਂ ਦੇ ਵਿਚਕਾਰ ਗੱਲ-ਬਾਤ ਵੀ ਬੰਦ ਹੋ ਗਈ। ਇਸ ਤਨਾਉ-ਭਰਪੂਰ ਸਥਿਤੀ ਵਿਚ ਹੀ ਸੰਤ ਜਰਨੈਲ ਸਿੰਘ, ਉਨ੍ਹਾਂ ਦੇ ਕੁਝ ਨਿਕਟਵਰਤੀ ਤੇ ਸਿਖ ਸਟੂਡੈਂਟ ਫ਼ੈਡਰੇਸ਼ਨ ਦੇ ਆਗੂ 15 ਦਸੰਬਰ 1983 ਨੂੰ ਗੁਰੂ ਨਾਨਕ ਨਿਵਾਸ ਛਡ ਕੇ ਅਕਾਲ ਤਖ਼ਤ ਸਾਹਿਬ ਵਾਲੇ ਭਵਨਾਂ ਵਿਚ ਚਲੇ ਗਏ। ਅਗਲੇ ਕੁਝ ਦਿਨਾਂ ਵਿਚ ਸੰਤ ਜਰਨੈਲ ਸਿੰਘ ਦੇ ਅਨੁਸਾਰੀਆਂ ਵਿਚਕਾਰ ਆਪਸੀ ਮੁੱਠ-ਭੇੜਾਂ ਵਿਚ ਦਰਬਾਰ ਸਾਹਿਬ ਸਮੂੰਹ ਦੇ ਅੰਦਰ ਚਾਰ ਪੰਜ ਕਤਲ ਹੋ ਗਏ, ਜੋ ਬਹੁਤ ਨਿੰਦਨੀਯ ਗੱਲ ਸੀ। ਸੰਤ ਲੌਂਗੋਵਾਲ ਨੇ ਇਸ ਦਾ ਬਹੁਤ ਬੁਰਾ ਮਨਾਇਆ ਤੇ ਇਹ ਮੱਤ-ਭੇਦ ਹੋਰ ਉੱਗਰ ਹੋ ਗਏ। ਇਹ ਮੱਤ-ਭੇਦ ਭਾਰਤ ਸਰਕਾਰ ਲਈ ਤਾਂ ਇਕ ਤਰ੍ਹਾਂ ਦਾ ਵਰਦਾਨ ਸਨ, ਕਿਉਂਕਿ ਇਹ ਉਸ ਨੂੰ ਆਪਣੇ ਨੀਚ ਇਰਾਦਿਆਂ ਨੂੰ ਅਮਲ ਵਿਚ ਲਿਆਉਣ ਲਈ ਸਹਾਇਕ ਹੋ ਸਕਦੇ ਸਨ।

ਇਸ ਵੇਲੇ ਦਿੱਲੀ ਵਿਚ ਪੰਜਾਬੀ ਫ਼ੋਰਮ ਨਾਂ ਦੀ ਇਕ ਪੰਜਾਬ-ਹਿਤੈਸ਼ੀ ਸੰਸਥਾ ਬਣੀ ਹੋਈ ਸੀ, ਜਿਸ ਵਿਚ ਆਪੋ ਆਪਣੇ ਖੇਤਰਾਂ ਵਿਚ ਚੰਗੇ ਸੂਝਵਾਨ ਹਿੰਦੂ ਤੇ ਸਿਖ ਬੁੱਧੀਜੀਵੀ ਸ਼ਾਮਲ ਸਨ। ਉਹ ਆਪਣੇ ਢੰਗ ਨਾਲ ਪੰਜਾਬ ਦੀ ਸਮੱਸਿਆ ਸੁਲਝਾਣ ਲਈ ਕਿਰਿਆਸ਼ੀਲ ਸਨ ਅਤੇ ਸਰਕਾਰ ਤੇ ਅਕਾਲੀ ਆਗੂਆਂ ਨੂੰ ਮਿਲਦੇ ਰਹਿੰਦੇ ਸਨ। ਅਪ੍ਰੈਲ 1984 ਵਿਚ ਇਕ ਪ੍ਰਸਿਸ਼ਟ ਕਾਂਗਰਸੀ ਹਰਕਿਸ਼ਨ ਲਾਲ ਭਗਤ ਇਸ ਗਰੁੱਪ ਵਿਚ ਸ਼ਾਮਲ ਉੱਘੇ ਪੱਤਰਕਾਰ ਨੱਯਰ ਨੂੰ ਮਿਲਿਆ

ਤੇ ਉਸ ਨੂੰ ਪੁੱਛਿਆ ਕਿ ਪੰਜਾਬ ਦੀ ਗੁੱਥੀ ਨੂੰ ਸੁਲਝਾਉਣ ਲਈ ਉਨ੍ਹਾਂ ਕੋਲ ਕੋਈ ਫ਼ਾਰਮੂਲਾ ਹੈ। ਇਸ ਤੇ ਨੱਯਰ ਨੇ ਉਨ੍ਹਾਂ ਨੂੰ ਇਕ ਫ਼ਾਰਮੂਲੇ ਦਾ ਡਰਾਫ਼ਟ ਦਿੱਤਾ, ਜੋ ਭਗਤ ਨੇ ਇੰਦਰਾ ਗਾਂਧੀ ਤਕ ਪਹੁੰਚਾ ਦਿੱਤਾ। ਇੰਦਰਾ ਨੇ ਇਸ ਬਾਰੇ ਪੰਜਾਬ ਗਰੁੱਪ ਨਾਲ ਗੱਲ-ਬਾਤ ਕਰਨ ਲਈ ਨਰਸਿਮਹਾ ਰਾਓ ਨੂੰ ਨਿਯਤ ਕੀਤਾ। 12 ਮਈ ਨੂੰ ਰਾਓ ਨੇ ਆਪਣੇ ਨਿਵਾਸ-ਅਸਥਾਨ ਤੇ ਇਸ ਗਰੁੱਪ ਦੀ ਮੀਟਿੰਗ ਸੱਦ ਲਈ। ਇਸ ਗੱਲ-ਬਾਤ ਵਿਚ ਕੁਲਦੀਪ ਨੱਯਰ, ਇਕ ਹੋਰ ਉੱਘਾ ਪੱਤਰਕਾਰ ਪ੍ਰਾਨ ਚੋਪੜਾ, ਇੰਦਰ ਗੁਜਰਾਲ, ਸਾਬਕ ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ, ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ ਤੇ ਸਾਬਕ ਰਾਜਦੂਤ ਗੁਰਬਚਨ ਸਿੰਘ ਸ਼ਾਮਲ ਸਨ। ਉਨ੍ਹਾਂ ਨੇ ਰਾਓ ਨੂੰ ਆਖਿਆ ਕਿ ਸਰਕਾਰ ਨੇ ਪਹਿਲਾਂ ਵੀ ਸਮਝੌਤੇ ਦੇ ਕਈ ਮੌਕੇ ਗਵਾਏ ਹਨ; ਹੁਣ ਫ਼ੈਸਲਾ ਹੋ ਹੀ ਜਾਣਾ ਚਾਹੀਦਾ ਹੈ। ਅਖ਼ੀਰ ਰਾਓ ਨੇ ਆਖਿਆ ਕਿ ਇਨ੍ਹਾਂ ਵਿੱਚੋਂ ਕੁਝ ਸੁਝਾਵਾਂ ਦੀ ਵਿਆਖਿਆ ਕਰਨ ਦੀ ਲੋੜ ਹੈ। ਦੂਜੇ ਦਿਨ ਉਨ੍ਹਾਂ ਨੂੰ ਲੋੜੀਂਦੀ ਵਿਆਖਿਆ ਲਿਖਤੀ ਰੂਪ ਵਿਚ ਦੇ ਦਿੱਤੀ ਗਈ। 16 ਮਈ ਨੂੰ ਰਾਓ ਨੇ ਉਨ੍ਹਾਂ ਨੂੰ ਟੈਲੀਫ਼ੋਨ ਕੀਤਾ ਕਿ ਉਹ ਛੇਤੀ ਹੀ ਉਨ੍ਹਾਂ ਨੂੰ ਫਿਰ ਮਿਲਣਗੇ। 24 ਮਈ ਨੂੰ ਪੰਜਾਬੀ ਗਰੁੱਪ ਨੇ ਰਾਓ ਨੂੰ ਟੈਲੀਫ਼ੋਨ ਕੀਤਾ ਕਿ ਉਹ ਉਸ ਦੇ ਸੱਦੇ ਦੀ ਉਡੀਕ ਕਰ ਰਹੇ ਹਨ। ਪਰ ਉਨ੍ਹਾਂ ਨੂੰ ਕੋਈ ਉੱਤਰ ਨਾ ਦਿੱਤਾ ਗਿਆ। ਪਰ ਇੰਦਰਾ ਗਾਂਧੀ ਤਾਂ ਨਾ-ਕੇਵਲ ਇਸ ਗਰੁੱਪ ਨੂੰ, ਸਗੋਂ ਆਪਣੇ ਨਿਕਟਵਰਤੀ ਰਾਓ ਸਮੇਤ ਸਾਰੇ ਦੇਸ ਨੂੰ ਵੀ ਭੁਲੇਖੇ ਵਿਚ ਰਖ ਰਹੀ ਸੀ। ਭਾਵੇਂ ਦਿੱਲੀ ਦੇ ਜਾਣਕਾਰ ਹਲਕਿਆਂ ਵਿਚ ਇਹ ਘੁਸਰ-ਮੁਸਰ ਸ਼ੁਰੂ ਹੋ ਗਈ ਸੀ ਕਿ ਪ੍ਰਧਾਨ ਮੰਤਰੀ ਨੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ ਕਰਨ ਦਾ ਪੱਕਾ ਫ਼ੈਸਲਾ ਕਰ ਲਿਆ ਹੈ। ਫੇਰ ਵੀ ਇੰਦਰਾ ਗਾਂਧੀ ਇਸ ਨੂੰ ਗੁਪਤ ਰੱਖਣ ਲਈ ਗੱਲ-ਬਾਤ ਦਾ ਕੇਵਲ ਨਾਟਕ ਖੇਡ ਰਹੀ ਸੀ। ਇਸ ਵੇਲੇ ਤਕ ਪ੍ਰਧਾਨ ਮੰਤਰੀ ਤੇ ਉਸ ਦੇ ਕੁਝ ਹੋਰ ਮੰਤਰੀਆਂ ਅਤੇ ਅਕਾਲੀਆਂ ਦੇ ਵਿਚਕਾਰ ਸਤ ਮੁਲਾਕਾਤਾਂ ਤੋਂ ਬਗ਼ੈਰ 16 ਨਵੰਬਰ 82 ਤੋਂ ਲੈ ਕੇ 26 ਮਈ 84 ਤਕ ਡੇਢ ਵਰ੍ਹੇ ਵਿਚ ਨੌਂ ਗੁਪਤ ਮੁਲਾਕਾਤਾਂ ਹੋ ਚੁਕੀਆਂ ਸਨ। ਇੰਦਰਾ ਹਰ ਵੇਰਾਂ ਗੱਲ-ਬਾਤ ਨੂੰ ਟਾਲ ਕੇ ਅੱਗੇ ਪਾ ਦੇਂਦੀ, ਜਾਂ ਫ਼ੈਸਲਾ ਕਰ ਕੇ ਮੁੱਕਰ ਜਾਂਦੀ ਹੈ। ਆਖ਼ਰੀ ਗੁਪਤ ਮੁਲਾਕਾਤ ਦਾ ਵੇਰਵਾ ਅਗਲੇ ਕਾਂਡ ਦੇ ਅੰਤ ਵਿਚ ਦੇ ਦਿੱਤਾ ਗਿਆ ਹੈ। ਅਸਲ ਵਿਚ ਕੋਈ ਫ਼ੈਸਲਾ ਕਰਨ ਦਾ ਵਿਚਾਰ ਕਦੇ ਵੀ ਉਸ ਦੇ ਮਨ ਵਿਚ ਨਹੀਂ ਆਇਆ ਸੀ।

ਦਰਬਾਰ ਸਾਹਿਬ ਸਮੂਹ ਉੱਤੇ ਵਹਿਸ਼ੀਆਨਾ ਤੇ ਦਿਲ-ਕੰਬਾਊ ਫ਼ੌਜੀ ਹਮਲੇ ਦਾ ਬਿਆਨ ਕਰਨ ਤੋਂ ਪਹਿਲਾਂ ਅਸੀਂ ਉਸ ਵਾਈਟ ਪੇਪਰ ਜਾਂ ਝੂਠ ਦੇ ਪਲੰਦੇ ਵਿਚ ਕੀਤੀਆਂ ਗ਼ਲਤ-ਬਿਆਨੀਆਂ ਦੀ ਕਲਈ ਖੋਲ੍ਹਣਾ ਚਾਹੁੰਦੇ ਹਾਂ, ਜੋ ਸਰਕਾਰ ਨੇ ਆਪਣੀ ਇਸ ਕਾਲੀ ਕਰਤੂਤ ਉੱਤੇ ਪੋਚਾ-ਪਾਚੀ ਪਾਣ ਲਈ ਕੀਤੀਆਂ। ਹਮਲੇ ਨੂੰ ਜਾਇਜ਼ ਤੇ ਲੋੜੀਂਦਾ ਸਾਬਤ ਕਰਨ ਲਈ ਆਖਿਆ ਗਿਆ ਹੈ ਕਿ ਮੋਰਚਾ ਸ਼ੁਰੂ ਹੋਣ, ਅਰਥਾਤ, 4 ਅਗਸਤ 1982 ਤੋਂ 3 ਮਾਰਚ 1984 ਤਕ ਦੇ 22 ਮਹੀਨਿਆਂ ਵਿਚ ਪੰਜਾਬ ਵਿਖੇ 410 ਕਤਲ ਹੋਏ। ਬਿਨਾਂ ਕੋਈ ਵੇਰਵੇ ਦਿੱਤੇ ਜਾਂ ਵਿਸ਼ਲੇਸ਼ਣ ਕੀਤੇ ਇਹ ਸਭ ਸਿਖ ਅੱਤਵਾਦੀਆਂ ਦੇ ਸਿਰ ਮੜ੍ਹ ਦਿਤੇ ਗਏ। ਇਨ੍ਹਾਂ ਵਿਚ ਕਤਲ ਦੀਆਂ ਉਹ ਵਾਰਦਾਤਾਂ ਵੀ ਸ਼ਾਮਲ ਹਨ, ਜੋ ਦਿੱਲੀ, ਰਾਜਿਸਥਾਨ ਤੇ ਹਰਿਆਣੇ ਦੇ ਸਿਖ-ਵਿਰੋਧੀ ਦੰਗਿਆਂ ਵਿਚ ਹੋਈਆਂ ਤੇ ਜਿਨ੍ਹਾਂ ਵਿਚ ਮਰਨ ਵਾਲੇ ਸਾਰੇ ਦੇ ਸਾਰੇ 19 ਬੰਦੇ ਸਿਖ ਸਨ। ਇਨ੍ਹਾਂ ਵਿਚ ਹੀ ਰੇਲ-ਬੱਸ ਟੱਕਰ, ਰਸਤਾ-ਰੋਕੋ ਅੰਦੋਲਨ ਅਤੇ ਝੂਠੇ ਪੁਲਸੀ ਮੁਕਾਬਲਿਆਂ ਵਿਚ ਮਾਰੇ ਜਾਣ ਵਾਲੇ 187 ਸਿਖ ਵੀ ਸ਼ਾਮਲ ਕਰ ਦਿੱਤੇ ਗਏ ਹਨ। ਇਸ ਤਰ੍ਹਾਂ ਕਥਿਤ ਅੱਤਵਾਦੀਆਂ ਦੇ ਹੱਥੋਂ ਮਰਨ ਵਾਲਿਆਂ ਦੀ ਗਿਣਤੀ 204 ਰਹਿ ਜਾਂਦੀ ਹੈ। ਅਨੁਮਾਨ ਹੈ ਕਿ ਇਨ੍ਹਾਂ ਵਿੱਚੋਂ 165 ਨਿਰੰਕਾਰੀ ਤੇ ਹਿੰਦੂ (ਬਹੁਤੇ-ਨਿਰੰਕਾਰੀ) ਸਨ ਤੇ 39 ਉਹ ਸਿਖ ਪੁਲਸੀਏ

ਜਾਂ ਨਾਗ੍ਰਿਕ, ਜਿਨ੍ਹਾਂ ਨੇ ਸਿਖ ਨੌਜਵਾਨਾਂ ਉੱਤੇ ਤਸ਼ੱਦਦ ਕੀਤਾ ਸੀ, ਜਾਂ ਅੱਤਵਾਦੀਆਂ ਦਾ ਵਿਰੋਧ ਕੀਤਾ ਸੀ। ਅਜੇ ਇਹ ਪਤਾ ਨਹੀਂ ਕਿ ਇਨ੍ਹਾਂ ਵਿੱਚੋਂ ਕਿੰਨਿਆਂ ਨੂੰ ਪੇਸ਼ਾਵਰ ਅਪਰਾਧੀਆਂ ਨੇ ਮਾਰਿਆ ਹੋਵੇਗਾ ਤੇ ਕਿੰਨੇ ਸਰਕਾਰ ਦੀ ਅਖਾਉਤੀ ਗੁਪਤ ਤੀਜੀ ਏਜੰਸੀ ਦਾ ਸ਼ਿਕਾਰ ਹੋਏ ਹੋਣਗੇ। ਇਸ ਤੋਂ ਛੁੱਟ ਝੂਠ ਦੇ ਪਲੰਦੇ ਵਿਚ ਲੁੱਟ-ਮਾਰ, ਸਾੜ-ਫੂਕ, ਚੋਰੀ ਤੇ ਡਾਕਿਆਂ ਦੀਆਂ ਵਾਰਦਾਤਾਂ ਦੀ ਤਰੀਕ-ਵਾਰ ਲੰਮੀ ਸੂਚੀ ਦਿੱਤੀ ਗਈ ਹੈ, ਜਿਸ ਸਾਰੇ ਦੀ ਛਾਣ-ਬੀਣ ਤਾਂ ਮੁਸ਼ਕਲ ਹੈ, ਪਰ 'ਪੰਜਾਬੀ ਟ੍ਰਿਬਿਊਨ' ਨੇ ਆਪਣੇ 24 ਜੁਲਾਈ 1984 ਦੇ ਪਰਚੇ ਵਿਚ ਵੰਨਗੀ ਵਜੋਂ ਤਿੰਨ ਘਟਨਾਵਾਂ ਦਾ ਪੋਲ ਖੋਲ੍ਹਿਆ ਹੈ, ਜਿਨ੍ਹਾਂ ਵਿਚ ਜਾਣ-ਬੁਝ ਕੇ ਗ਼ਲਤ-ਬਿਆਨੀ ਕੀਤੀ ਗਈ ਹੈ।

23 ਫ਼ਰਵਰੀ 1983 ਦੀ ਤਰੀਕ ਦੇ ਕੇ ਲਿਖਿਆ ਗਿਆ ਹੈ ਕਿ ਇਕ ਪੁਰਸ਼ ਰਾਮੇਸ਼ਰ ਰਿਸ਼ੀ ਦੇਵ, ਉਸ ਦਾ ਪੁੱਤਰ ਤੇ 18 ਮਹੀਨਿਆਂ ਦਾ ਇਕ ਬੱਚਾ ਰਾਜਪੁਰਾ ਦੇ ਨੇੜੇ ਖੰਡੋਲੀ ਪਿੰਡ ਵਿਚ ਮਾਰੇ ਗਏ ਤੇ ਇਕ ਇਸਤ੍ਰੀ ਸਖ਼ਤ ਜ਼ਖ਼ਮੀ ਹੋਈ। ਪਰ 28 ਫ਼ਰਵਰੀ ਨੂੰ ਹੀ ਐੱਸ.ਐੱਸ.ਪੀ.ਨੇ ਬਿਆਨ ਦਿੱਤਾ ਸੀ ਕਿ ਇਸ ਸੰਬੰਧ ਵਿਚ ਪੂਰਨੀਆਂ (ਬਿਹਾਰ) ਦਾ ਵਸਨੀਕ ਸੁਲਤੀ ਦੇਵ ਰਿਸ਼ੀ ਫੜਿਆ ਗਿਆ ਸੀ ਤੇ ਉਹਨੇ ਮੰਨ ਲਿਆ ਸੀ ਕਿ ਇਹ ਅਪਰਾਧ ਉਸ ਨੇ ਕੀਤਾ ਸੀ। ਇਸ ਤਰ੍ਹਾਂ ਇਕ ਆਮ ਜੁਰਮ ਸਿਖ ਅੱਤਵਾਦੀਆਂ ਦੇ ਸਿਰ ਪਾ ਦਿੱਤਾ ਗਿਆ। ਅੱਗੇ ਜਾ ਕੇ 13 ਮਈ 1984 ਦੀ ਤਰੀਕ ਵਿਚ ਲਿਖਿਆ ਹੈ ਕਿ ਪਟਿਆਲੇ ਵਿਚ ਇਕ ਬਜਾਜ ਪਵਨ ਕੁਮਾਰ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ, ਪਰ ਦੂਜੇ ਦਿਨ ਹੀ ਐੱਸ.ਐੱਸ.ਪੀ. ਪਟਿਆਲਾ ਨੇ ਬਿਆਨ ਦਿੱਤਾ ਸੀ ਕਿ ਪੋਸਟ-ਮਾਰਟਮ ਅਨੁਸਾਰ ਪਵਨ ਕੁਮਾਰ ਦੀ ਮੌਤ ਕਿਸੇ ਖੁੰਢੇ ਹਥਿਆਰ ਨਾਲ ਹੋਈ ਸੀ, ਸੋ ਇਹ ਕਾਰਾ ਵੀ ਕਿਸੇ ਅੱਤਵਾਦੀ ਦਾ ਨਹੀਂ, ਪੇਸ਼ਾਵਰ ਹਤਿਆਰੇ ਦਾ ਹੀ ਹੋ ਸਕਦਾ ਹੈ। ਤੀਜੀ ਘਟਨਾ 29 ਮਈ 1984 ਦੀ ਦੱਸੀ ਗਈ ਕਿ ਪਟਿਆਲੇ ਦੇ ਇਕ ਸਰਾਫ਼ ਬਸੂ ਦੇਵ ਕੋਲੋਂ ਪਿਸਤੌਲ ਵਿਖਾ ਕੇ ਲੱਖਾਂ ਰੁਪਏ ਦੇ ਗਹਿਣੇ ਲੁਟੇ ਗਏ। ਐੱਸ.ਐੱਸ.ਪੀ. ਪਟਿਆਲਾ ਅਨੁਸਾਰ ਇਹ ਚੋਰੀ ਦੋ ਤਿੰਨ ਵਜੇ ਸਵੇਰੇ ਹੋਈ, ਰਿਪੋਰਟ ਸਵੇਰੇ ਦਸ ਵਜੇ ਲਿਖਾਈ ਗਈ ਤੇ ਬਾਅਦ ਵਿਚ ਪੜਤਾਲ ਤੋਂ ਪਤਾ ਲੱਗਾ ਕਿ ਇਹ ਕੇਸ ਬਿਲਕੁਲ ਬਣਾਉਟੀ ਤੇ ਝੂਠਾ ਸੀ।

ਧਰਮ-ਯੁੱਧ ਮੋਰਚੇ ਦੇ ਦੌਰਾਨ ਕਤਲ ਤੇ ਲੁੱਟ-ਮਾਰ ਦੀਆਂ ਵਾਰਦਾਤਾਂ ਨੂੰ ਵਧਾ-ਚੜ੍ਹਾ ਕੇ ਦੱਸਣ ਦੇ ਬਾਵਜੂਦ ਸਰਕਾਰ ਆਪ ਵੀ ਇਹ ਸਮਝਦੀ ਸੀ ਕਿ ਕਤਲਾਂ ਦੀ ਇਹ ਗਿਣਤੀ ਇੰਨੀ ਕਾਫ਼ੀ ਨਹੀਂ ਕਿ ਇਸ ਨੂੰ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦਾ ਉਚਿਤ ਕਾਰਨ ਮਿੱਥਿਆ ਜਾ ਸਕੇ, ਇਸ ਲਈ ਵਾਈਟ ਪੇਪਰ ਵਿਚ ਨਾਲ ਹੀ ਲਿਖ ਦਿੱਤਾ ਗਿਆ ਕਿ ਇਨ੍ਹਾਂ ਘਟਨਾਵਾਂ ਦੀ ਗੰਭੀਰਤਾ ਨੂੰ ਕੇਵਲ ਗਿਣਤੀ ਨਾਲ ਨਹੀਂ ਵੇਖਣਾ ਚਾਹੀਦਾ, ਸਗੋਂ ਇਹ ਇਸ ਲਈ ਗੰਭੀਰ ਹਨ ਕਿ ਇਨ੍ਹਾਂ ਨਾਲ ਹਿੰਦੂਆਂ ਤੇ ਸਿੱਖਾਂ ਵਿਚ ਪਾੜ ਪੈ ਰਿਹਾ ਸੀ। ਹਕੀਕਤ ਇਸ ਦੇ ਬਿਲਕੁਲ ਉਲਟ ਹੈ। ਸਾਰੇ ਧਰਮ-ਯੁੱਧ ਮੋਰਚੇ ਦੇ ਵਿਚਕਾਰ ਹਿੰਦੂ-ਸਿਖ ਝੜਪ ਨਹੀਂ ਹੋਈ ਸੀ। ਜੇ ਹੁਣ ਇਹ ਪਾੜ ਪੈਂਦਾ ਜਾਂ ਵਧਦਾ ਜਾ ਰਿਹਾ ਸੀ, ਤਾਂ ਇਹ ਸਰਕਾਰ ਦੇ ਆਪਣੇ ਪ੍ਰਚਾਰ-ਮਾਧਿਅਮਾਂ ਦੀ ਉਪਜ ਸੀ, ਜੋ ਇਨ੍ਹਾਂ ਘਟਨਾਵਾਂ ਨੂੰ ਵਧਾ-ਚੜ੍ਹਾ ਕੇ, ਤੋੜ-ਮਰੋੜ ਕੇ ਜਾਂ ਗ਼ਲਤ ਰੰਗ ਵਿਚ ਪੇਸ਼ ਕਰ ਰਹੇ ਸਨ। ਅਸਲ ਗੱਲ ਇਹ ਹੈ ਕਿ 1977 ਦੀ ਹਾਰ ਤੋਂ ਬਾਅਦ ਇੰਦਰਾ ਨੇ ਮਹਿਸੂਸ ਕੀਤਾ ਸੀ ਕਿ ਉਸ ਨੂੰ ਚੋਣਾਂ ਜਿੱਤਣ ਲਈ ਠੋਸ ਹਿੰਦੂ ਵੋਟਾਂ ਦੀ ਲੋੜ ਹੈ। ਸੋ ਉਸ ਨੇ 'ਦੇਸ ਦੀ ਏਕਤਾ ਤੇ ਅਖੰਡਤਾ ਨੂੰ ਖ਼ਤਰੇ' ਦਾ ਨਾਹਰਾ ਦੇ ਕੇ ਸਿੱਖਾਂ ਦੀ ਕੀਮਤ ਉੱਤੇ ਹਿੰਦੂਆਂ ਨੂੰ ਚੁਕਣਾ ਸ਼ੁਰੂ ਕਰ ਦਿੱਤਾ ਸੀ। ਆਪਣੀ ਸੁਆਰਥ-ਸਿੱਧੀ ਲਈ ਉਹ ਅਕਾਸ਼-ਬਾਣੀ ਤੇ ਦੂਰ-ਦਰਸ਼ਨ ਰਾਹੀਂ ਸਿੱਖਾਂ ਦੇ ਵਿਰੁੱਧ ਝੂਠਾ ਪ੍ਰਚਾਰ ਕਰ ਕੇ ਉਨ੍ਹਾਂ ਨੂੰ ਦੇਸ਼-ਧ੍ਰੋਹੀ ਤੇ ਵਖਵਾਦੀ ਸਾਬਤ ਕਰ

ਰਹੀ ਸੀ ਤੇ ਇਉਂ ਹਿੰਦੂਆਂ ਨੂੰ ਸਿੱਖਾਂ ਤੋਂ ਦੂਰ ਲਿਜਾ ਰਹੀ ਸੀ।

ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਨੂੰ ਉਚਿਤ ਸਾਬਤ ਕਰਨ ਲਈ ਵਾਈਟ ਪੇਪਰ ਵਿਚ ਸੰਤ ਜਰਨੈਲ ਸਿੰਘ 'ਖ਼ਾਲਸਾ' ਦੀਆਂ ਟੇਪ ਕੀਤੀਆਂ ਤਕਰੀਰਾਂ ਤੇ ਅਖ਼ਬਾਰਾਂ ਵਿਚ ਦਿੱਤੇ ਬਿਆਨਾਂ ਦੀਆਂ ਕੁਝ ਟੂਕਾਂ ਵੀ ਦਿੱਤੀਆਂ ਗਈਆਂ ਹਨ। ਉਨ੍ਹਾਂ ਦੇ ਬਿਆਨ ਤੋਂ ਪਹਿਲਾਂ ਇੱਥੇ ਅਸੀਂ ਕੇਂਦਰੀ ਸਰਕਾਰ ਦੀ ਦੋਗਲੀ ਤੇ ਸਿੱਖਾਂ ਨਾਲ ਵਿਤਕਰੇ ਵਾਲੀ ਨੀਤੀ ਦਾ ਵਰਣਨ ਕਰਨਾ ਚਾਹੁੰਦੇ ਹਾਂ। ਦਰਬਾਰ ਸਾਹਿਬ ਉੱਤੇ ਹਮਲੇ ਤੋਂ ਮਹੀਨਾ ਕੁ ਪਹਿਲਾਂ ਮਈ 1984 ਵਿਚ ਬੰਬਈ ਤੇ ਭਵਿੰਡੀ ਵਿਖੇ ਹਿੰਦੂ-ਮੁਸਲਮਾਨ ਮੁਠ-ਭੇੜ ਵਿਚ 300 ਬੰਦੇ ਮਾਰੇ ਗਏ ਸਨ, ਜੋ ਆਮ ਕਰਕੇ ਮੁਸਲਮਾਨ ਸਨ। ਲੁੱਟ-ਮਾਰ ਤੇ ਸਾੜ-ਫੂਕ ਵਿਚ ਕਰੋੜਾਂ ਰੁਪਏ ਦਾ ਨੁਕਸਾਨ ਵੀ ਹੋਇਆ ਸੀ। ਪਰ ਦੋਸ਼ੀਆਂ ਦੇ ਵਿਰੁੱਧ, ਜਿਨ੍ਹਾਂ ਵਿੱਚੋਂ ਬਹੁਤੇ ਸ਼ਿਵ ਸੈਨਾ ਦੇ ਮੈਂਬਰ ਸਨ, ਇਹੋ ਜਿਹੀ ਕੋਈ ਕਰੂਰ ਕਾਰਵਾਈ ਨਹੀਂ ਹੋਈ ਸੀ। ਉਸ ਵੇਲੇ ਸ਼ਿਵ ਸੈਨਾ ਦੇ ਮੁਖੀ ਬਾਲ ਠਾਕਰੇ ਨੇ 'ਇੰਡੀਆ ਟੂਡੇ' ਪੱਤਰ ਨੂੰ ਇੰਟਰਵੀਊ ਦੇਂਦੇ ਹੋਏ ਆਖਿਆ ਸੀ, "ਇਸ ਦੇਸ ਨੂੰ ਹਿੰਦੂ-ਤਵ ਦਾ ਪੱਖ ਪੂਰਨਾ ਚਾਹੀਦਾ ਹੈ। ਮੈਂ ਬੀਜ ਬੋ ਦਿੱਤਾ ਹੈ, ਵੇਖੀਏ ਭਰਵੀਂ ਫ਼ਸਲ ਕਦੋਂ ਹੁੰਦੀ ਹੈ।" ਇਹ ਭੜਕਾਊ ਬਿਆਨ ਸਪੱਸ਼ਟ ਰੂਪ ਵਿਚ ਮੁਸਲਮਾਨਾਂ ਦੇ ਵਿਰੁੱਧ ਨਫ਼ਰਤ ਫੈਲਾਣ ਵਾਲਾ ਅਤੇ ਦੇਸ ਦੀ ਏਕਤਾ ਤੇ ਅਖੰਡਤਾ ਨੂੰ ਭੰਗ ਕਰਨ ਵਾਲਾ ਸੀ, ਪਰ ਬਾਲ ਠਾਕਰੇ ਦੇ ਵਿਰੁੱਧ ਕਿਸੇ ਕਿਸਮ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ। ਸੰਤ ਜਰਨੈਲ ਸਿੰਘ ਨੂੰ ਕੇਵਲ ਇਸ ਕਰਕੇ ਦੇਸ਼-ਧ੍ਰੋਹੀ ਤੇ ਅੱਤਵਾਦੀ ਮਿਥਿਆ ਗਿਆ ਕਿ ਉਸ ਨੇ ਆਖਿਆ ਸੀ, "ਜਿਸ ਨੇ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੂੰ ਮਾਰਿਆ ਹੈ, ਜੇ ਉਹ ਮੈਨੂੰ ਮਿਲ ਪਏ, ਤਾਂ ਮੈਂ ਉਸ ਨੂੰ ਸੋਨੇ ਨਾਲ ਤੋਲਾਂਗਾ।" ਫਿਰ ਜਦ ਕਿਸੇ ਨੇ ਇਹ ਲਿਖਿਆ ਕਿ ਪੰਜਾਬੋਂ ਬਾਹਰ ਦੇ ਸਿੱਖਾਂ ਨੂੰ ਖ਼ਤਮ ਕਰ ਦਿੱਤਾ ਜਾਏਗਾ, ਤਾਂ ਸੰਤ ਜਰਨੈਲ ਸਿੰਘ ਨੇ ਚਿੜ੍ਹ ਕੇ ਇਹ ਆਖ ਦਿੱਤਾ ਕਿ "ਫਿਰ ਪੰਜਾਬ ਵਿਚ ਕੋਈ ਹਿੰਦੂ ਨਹੀਂ ਰਹੇਗਾ।" ਜੇ 1978 ਤੋਂ ਵਾਪਰੀਆਂ ਘਟਨਾਵਾਂ ਅਤੇ ਸਰਕਾਰ ਦੀਆਂ ਨੀਤੀਆਂ ਦੇ ਸੰਦਰਭ ਵਿਚ ਸੰਤ ਜਰਨੈਲ ਸਿੰਘ ਤੇ ਅੱਤਵਾਦੀਆਂ ਦੀ ਮਨੋ-ਬਿਰਤੀ ਨੂੰ ਪਰਖਿਆ ਜਾਏ, ਤਾਂ ਪਤਾ ਲੱਗੇਗਾ ਕਿ ਨਕਲੀ ਨਿਰੰਕਾਰੀਆਂ ਨੇ ਗੁਰੂ ਸਾਹਿਬਾਨ ਤੇ ਗੁਰਬਾਣੀ ਦੀ ਘੋਰ ਬੇਅਦਬੀ ਕਰ ਕੇ ਉਨ੍ਹਾਂ ਦੇ ਹਿਰਦੇ ਵਲੂੰਧਰ ਦਿੱਤੇ ਸਨ ਅਤੇ ਜਦ ਅਦਾਲਤਾਂ ਨੇ ਵੀ ਇਨਸਾਫ਼ ਨਾ ਕੀਤਾ, ਤਾਂ ਉਹ ਹੋਰ ਨਿਰਾਸ ਤੇ ਦੁਖੀ ਹੋ ਗਏ। ਅਜਿਹੀ ਹਾਲਤ ਵਿਚ ਕੁਝ ਵਧੇਰੇ ਭਾਵੁਕ ਵਿਅਕਤੀਆਂ ਦਾ ਉਲਾਰ ਹੋ ਜਾਣਾ ਸੁਭਾਵਕ ਸੀ। ਫਿਰ ਨਿਰਦੋਸ਼ ਸਿਖ ਨੌਜਵਾਨਾਂ ਉੱਤੇ ਪੁਲਿਸ ਦੇ ਤਸ਼ੱਦਦ ਦਾ ਅਸਰ ਵੀ ਹੋਇਆ। ਇਸ ਸਭ ਕੁਝ ਦੀ ਜ਼ਿੰਮੇਵਾਰੀ ਕਾਫ਼ੀ ਹੱਦ ਤਕ ਕੇਂਦਰੀ ਸਰਕਾਰ ਉੱਤੇ ਆਉਂਦੀ ਸੀ। ਇਸ ਲਈ ਇਸ ਨੂੰ ਦਰਬਾਰ ਸਾਹਿਬ ਉੱਤੇ ਵਹਿਸ਼ੀਆਨਾ ਫ਼ੌਜੀ ਹਮਲੇ ਦਾ ਉਚਿਤ ਕਾਰਨ ਨਹੀਂ ਬਣਾਇਆ ਜਾ ਸਕਦਾ। ਆਪਣੀ ਕਾਲੀ ਕਰਤੂਤ ਉੱਤੇ ਪੋਚਾ ਪਾਉਣ ਲਈ ਸਰਕਾਰ ਨੇ ਵਾਈਟ ਪੇਪਰ ਵਿਚ ਇਹ ਵੀ ਲਿਖਿਆ ਹੈ ਕਿ ਫ਼ੌਜ ਨੂੰ ਵਿਸ਼ੇਸ਼ ਹੁਕਮ ਦਿੱਤੇ ਗਏ ਸਨ ਕਿ ਘਟ ਤੋਂ ਘਟ ਤਾਕਤ ਦੀ ਵਰਤੋਂ ਕੀਤੀ ਜਾਏ; ਪਵਿੱਤਰ ਥਾਵਾਂ ਦੇ ਅਦਬ-ਅਦਾਬ ਦਾ ਵਧ ਤੋਂ ਵਧ ਧਿਆਨ ਰੱਖਿਆ ਜਾਏ, ਹਰਿਮੰਦਰ ਸਾਹਿਬ ਨੂੰ ਕਿਸੇ ਕਿਸਮ ਦਾ ਕੋਈ ਨੁਕਸਾਨ ਨਾ ਪਹੁੰਚੇ ਅਤੇ ਗ੍ਰਿਫ਼ਤਾਰ ਕੀਤੇ ਗਏ ਪੁਰਸ਼ਾਂ ਨਾਲ ਆਦਰ-ਸਤਿਕਾਰ ਵਾਲਾ ਵਰਤਾਉ ਕੀਤਾ ਜਾਏ। ਅੱਗੇ ਚਲ ਕੇ ਅਸੀਂ ਵਿਸਥਾਰ ਨਾਲ ਦੱਸਾਂਗੇ ਕਿ ਇਨ੍ਹਾਂ ਅਖਾਉਤੀ ਹਦਾਇਤਾਂ ਦੀ ਕਿਵੇਂ ਮਿੱਟੀ ਪਲੀਤ ਕੀਤੀ ਗਈ। ਇੱਥੇ ਅਸੀਂ ਕੇਵਲ ਇਹ ਪੁੱਛਣਾ ਚਾਹੁੰਦੇ ਹਾਂ ਕਿ ਪ੍ਰਧਾਨ ਮੰਤਰੀ ਜਾਂ ਉਸ ਦੇ ਸਲਾਹਕਾਰਾਂ ਨੂੰ ਕਿਸ ਇਤਿਹਾਸਕਾਰ ਨੇ ਦੱਸਿਆ ਸੀ ਕਿ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਹਰਿਮੰਦਰ ਸਾਹਿਬ ਨਾਲੋਂ ਘਟ ਹੈ। ਪਿਛਲੇ ਤਿੰਨ ਸੌ ਸਾਲ ਤੋਂ ਸਿੱਖਾਂ ਦੇ ਇਸ ਪਹਿਲੇ ਤਖ਼ਤ

ਦਾ ਮੀਰੀ-ਪੀਰੀ ਜਾਂ ਭਗਤੀ ਤੇ ਸ਼ਕਤੀ (ਧਰਮ ਤੇ ਰਾਜਨੀਤੀ) ਨਾਲ ਗੂੜ੍ਹਾ ਸੰਬੰਧ ਰਿਹਾ ਸੀ, ਇੱਥੋਂ ਹੁਕਮਨਾਮੇ ਜਾਰੀ ਹੁੰਦੇ ਰਹੇ ਅਤੇ ਸਿਖ ਇਤਿਹਾਸ ਦੀਆਂ ਅਨੇਕਾਂ ਮਹੱਤਵਪੂਰਨ ਘਟਨਾਵਾਂ ਇਹਦੇ ਨਾਲ ਜੁੜੀਆਂ ਹੋਈਆਂ ਹਨ। ਸੋ ਇਸ ਅਸਥਾਨ ਨੂੰ ਢਾਹ-ਢੇਰੀ ਕਰਨਾ ਸਿਖ ਕੌਮ ਦੀ ਸ਼ਾਹ-ਰਗ ਨੂੰ ਹੱਥ ਪਾਉਣ ਦੇ ਬਰਾਬਰ ਸੀ।

ਪ੍ਰਧਾਨ ਮੰਤਰੀ ਨੇ ਆਪਣੀ ਗੱਦੀ ਕਾਇਮ ਰੱਖਣ ਲਈ ਦਰਬਾਰ ਸਾਹਿਬ ਸਮੂੰਹ ਉੱਤੇ ਫ਼ੌਜੀ ਹਮਲਾ ਕਰਨ ਦਾ ਫ਼ੈਸਲਾ ਤਾਂ ਕਰ ਲਿਆ ਸੀ, ਪਰ ਜਾਪਦਾ ਹੈ ਕਿ ਉਸ ਦੀ ਅੰਤਰ-ਆਤਮਾ ਇਹ ਵੀ ਮਹਿਸੂਸ ਕਰ ਰਹੀ ਸੀ ਕਿ ਇਹ ਇਕ ਵੱਡਾ ਅਪਰਾਧ ਹੈ ਤੇ ਇਸ ਦਾ ਨਤੀਜਾ ਚੰਗਾ ਨਹੀਂ ਨਿਕਲੇਗਾ। ਇੱਥੇ ਅਸੀਂ ਉਸ ਦੀ ਹਮਲੇ ਤੋਂ ਪਹਿਲਾਂ ਦੀ ਮਨੋ-ਦਸ਼ਾ ਦਾ ਸੰਖੇਪ ਵਰਣਨ ਕਰਨਾ ਚਾਹੁੰਦੇ ਹਾਂ। ਉਸ ਦੀ ਤੀਹ ਵਰ੍ਹਿਆਂ ਤੋਂ ਚੱਲੀ ਆ ਰਹੀ ਇਕ ਗੂੜ੍ਹੀ ਪੱਤਰਕਾਰ ਸਹੇਲੀ 'ਮੇਰੀ ਸੇਟਨ' ਉਨ੍ਹਾਂ ਨੂੰ ਹਮਲੇ ਤੋਂ ਕੁਝ ਦਿਨ ਪਹਿਲਾਂ ਮਿਲੀ ਸੀ ਤੇ ਬਾਅਦ ਵਿਚ ਉਸ ਨੇ ਉਨ੍ਹਾਂ ਬਾਰੇ ਆਪਣੇ ਪ੍ਰਭਾਵ 'ਸੰਡੇ ਟਾਈਮਜ਼' ਅਖ਼ਬਾਰ ਵਿਚ ਛਪਵਾਏ ਸਨ। ਉਹ ਲਿਖਦੀ ਹੈ, "ਇੰਦਰਾ ਹਮੇਸ਼ਾ ਹੀ ਆਪਣੀ ਮਨਸ਼ਾ ਨੂੰ ਆਪਣੇ ਸੀਨੇ ਨਾਲ ਲਾਈ ਰੱਖਣ ਵਾਲੀ ਅਤੇ ਬਾਹਰਮੁਖੀ ਦੀ ਥਾਂ ਅੰਤਰਮੁਖੀ ਸੀ, ਪਰ ਅੱਜ ਤਾਂ ਉਹ ਵਧੇਰੇ ਹੀ ਨਿੰਮੋਝੂਣੀ, ਬੁਝੀ ਬੁਝੀ ਤੇ ਖੋਈ ਖੋਈ ਜਾਪਦੀ ਸੀ। ਮੈਂ ਇਹ ਪ੍ਰਭਾਵ ਲੈ ਕੇ ਵਾਪਸ ਆਈ ਕਿ ਇਸ ਵੇਲੇ ਉਹਨੂੰ ਕਿਸੇ ਉੱਤੇ ਵੀ ਭਰੋਸਾ ਨਹੀਂ ਸੀ, ਸਗੋਂ ਉਸ ਨੂੰ ਆਪਣੇ ਵਿਵੇਕ ਤੇ ਵੀ ਸ਼ਕ ਹੋ ਰਿਹਾ ਸੀ।" ਇਸ ਮਨੋ-ਦਸ਼ਾ ਦਾ ਸਪੱਸ਼ਟ ਕਾਰਨ ਇਹ ਹੈ ਕਿ ਉਸ ਨੇ ਆਪਣੇ ਆਪ ਨੂੰ ਅਜਿਹੀਆਂ ਪ੍ਰਸਥਿਤੀਆਂ ਵਿਚ ਘੇਰ ਲਿਆ ਸੀ ਕਿ ਉਹ ਆਪਣੇ ਸੌੜੇ ਨਿੱਜੀ ਹਿੱਤਾਂ ਲਈ ਹਮਲਾ ਕਰਨ ਲਈ ਤਾਂ ਮਜਬੂਰ ਸੀ, ਪਰ ਅੰਦਰੋਂ ਇਹ ਵੀ ਸਮਝਦੀ ਸੀ ਕਿ ਸਿੱਖਾਂ ਦੇ ਪਰਮ ਪਵਿੱਤਰ ਅਸਥਾਨ ਉੱਤੇ ਫ਼ੌਜੀ ਹਮਲੇ ਦੇ ਬੜੇ ਭਿਆਨਕ ਸਿੱਟੇ ਨਿਕਲ ਸਕਦੇ ਹਨ।

ਸਤਵਾਂ ਕਾਂਡ

ਪਾਪ ਦੀ ਜੰਞ

1. ਦਰਬਾਰ ਸਾਹਿਬ ਉੱਤੇ ਫ਼ੌਜ ਦਾ ਹਮਲਾ

1521 ਈਸਵੀ ਵਿਚ ਬਾਬਰ ਨੇ ਆਪਣੀ 'ਪਾਪ ਦੀ ਜੰਞ' (ਜ਼ਾਲਮ ਫ਼ੌਜ) ਨਾਲ ਲੈ ਕੇ ਕਾਬਲ ਵੱਲੋਂ ਪੰਜਾਬ ਉੱਤੇ ਮਾਰੂ ਹਮਲਾ ਕੀਤਾ ਸੀ। ਫਿਰ ਇਕ ਵਾਰੀ ਜੰਗ ਹਿੰਦ ਪੰਜਾਬ ਦਾ ਹੋਇਆ ਸੀ, ਪਰ ਦੋਵੇਂ ਪਾਸੀਂ ਫ਼ੌਜਾਂ ਭਾਰੀਆਂ ਸਨ। ਪਰ 463 ਵਰ੍ਹੇ ਬਾਅਦ ਸਾਡੇ ਆਪਣੇ ਦੇਸ ਦੀ ਸਰਕਾਰ ਨੇ ਸਾਰੇ ਪੰਜਾਬ 'ਚ ਕਰਫ਼ਿਊ ਲਗਾ ਤੇ ਫ਼ੌਜ ਚਾੜ੍ਹ ਕੇ ਉਸ ਤੋਂ ਉਸੇ ਤਰ੍ਹਾਂ ਦੀ ਮਾਰ-ਧਾੜ, ਸਾੜ-ਫੂਕ ਤੇ ਲੁੱਟ-ਮਾਰ ਕਰਾਈ। ਭਾਵੇਂ ਇਹ ਚੜ੍ਹਾਈ ਸਾਰੇ ਪੰਜਾਬ ਉੱਤੇ ਕੀਤੀ ਗਈ ਸੀ, ਪਰ ਇਸ ਦਾ ਮੁਖ ਨਿਸ਼ਾਨਾ ਦਰਬਾਰ ਸਾਹਿਬ ਅੰਮ੍ਰਿਤਸਰ ਸੀ, ਜਿੱਥੋਂ ਪ੍ਰੇਰਨਾ ਲੈ ਕੇ ਸਿਖ ਕੌਮ ਸਦੀਆਂ ਤੋਂ ਆਪਣੀ ਅਣਖ, ਸ੍ਵੈਮਾਣ ਤੇ ਸੂਰਬੀਰਤਾ ਨੂੰ ਕਾਇਮ ਰਖ ਰਹੀ ਹੈ। ਜਿਵੇਂ ਪਿਛਲੇ ਕਾਂਡ ਵਿਚ ਦੱਸਿਆ ਜਾ ਚੁੱਕਾ ਹੈ, ਇਸ ਚੜ੍ਹਾਈ ਦਾ ਫ਼ੈਸਲਾ ਦੋ ਮਹੀਨੇ ਪਹਿਲਾਂ ਹੋ ਚੁੱਕਾ ਸੀ, ਪਰ ਅਮਲੀ ਕਾਰਵਾਈ 30 ਮਈ 1984 ਤੋਂ ਸ਼ੁਰੂ ਹੋਈ, ਜਦ ਫ਼ੌਜੀ ਜਵਾਨਾਂ ਨੇ, ਜਿਨ੍ਹਾਂ ਵਿਚ ਬਹੁਤੇ ਗੜ੍ਹਵਾਲੀ, ਗੋਰਖੇ, ਰਾਜਪੂਤ, ਮਦਰਾਸੀ, ਬਿਹਾਰੀ ਤੇ ਕਮਾਊਂ ਵਾਲੇ ਸਨ, ਰੇਲ, ਸੜਕ ਤੇ ਹਵਾਈ ਜਹਾਜ਼ਾਂ ਰਾਹੀਂ ਪੰਜਾਬ ਵਿਚ ਦਾਖ਼ਲ ਹੋਣਾ ਸ਼ੁਰੂ ਕੀਤਾ। ਪਹਿਲੀ ਜੂਨ ਨੂੰ ਲਗ ਪਗ 15 ਹਜ਼ਾਰ ਜਵਾਨਾਂ ਨੇ ਨਵੀਨਤਮ ਹਥਿਆਰਾਂ ਨਾਲ ਲੈਸ ਹੋ ਕੇ ਦਰਬਾਰ ਸਾਹਿਬ ਸਮੂੰਹ ਦੇ ਦੁਆਲੇ ਘੇਰਾ ਪਾ ਲਿਆ। ਹੋਰ 35 ਹਜ਼ਾਰ ਉਨ੍ਹਾਂ ਦੀ ਮਦਦ ਲਈ ਉਨ੍ਹਾਂ ਦੇ ਪਿੱਛੇ ਤਿਆਰ ਖੜੇ ਸਨ। ਇਸ ਤੋਂ ਛੁੱਟ 50 ਹਜ਼ਾਰ ਹੋਰ ਜਵਾਨ ਪੰਜਾਬ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਫੈਲ ਗਏ। ਪਹਿਲੀ ਜੂਨ ਨੂੰ ਮੇਜਰ ਜਨਰਲ ਕੁਲਦੀਪ (ਸਿੰਘ) ਬਰਾੜ ਦੇ ਹੁਕਮ ਨਾਲ ਕੇਂਦਰੀ ਰੀਜ਼ਰਵ ਪੁਲਿਸ ਨੇ ਇਕ ਵਜੇ ਬਾਅਦ ਦੁਪਹਿਰ ਤੋਂ ਲਗਾਤਾਰ ਸਤ ਘੰਟੇ ਦਰਬਾਰ ਸਾਹਿਬ ਵੱਲ ਅੰਧਾ-ਧੁੰਦ ਗੋਲੀਆਂ ਚਲਾਈਆਂ। ਇਨ੍ਹਾਂ ਨਾਲ ਇਕ ਬੱਚੇ ਤੇ ਇਕ ਇਸਤ੍ਰੀ ਸਮੇਤ 8 ਸਿੰਘ ਸ਼ਹੀਦ ਹੋ ਗਏ ਅਤੇ ਹਰਿਮੰਦਰ ਸਾਹਿਬ ਤੇ ਦਰਸ਼ਨੀ ਡਿਉਢੀ ਦੀਆਂ ਦੀਵਾਰਾਂ ਉੱਤੇ ਤੀਹ ਥਾਈਂ ਗੋਲੀਆਂ ਦੇ ਨਿਸ਼ਾਨ ਪੈ ਗਏ। ਇਹ ਕਾਰਵਾਈ ਕੁਝ ਤਾਂ ਅਕਾਲ ਤਖ਼ਤ ਸਾਹਿਬ ਦੇ ਅੰਦਰ ਬੈਠੇ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਡਰਾਣ ਲਈ ਕੀਤੀ ਗਈ ਸੀ, ਪਰ ਇਸ ਦਾ ਮੁਖ ਮੰਤਵ ਇਹ ਵੇਖਣਾ ਸੀ ਕਿ ਅੰਦਰੋਂ ਕਿੱਥੋਂ ਤੇ ਕਿਸ ਤਰ੍ਹਾਂ ਦਾ ਜਵਾਬ ਮਿਲਦਾ ਹੈ, ਪਰ ਇਸ ਤੋਂ ਕਈ ਦਿਨ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਨੇ ਸਾਰੇ ਸਿੱਖਾਂ ਨੂੰ ਅਪੀਲ ਕੀਤੀ ਸੀ ਕਿ ਦਰਬਾਰ ਸਾਹਿਬ ਦੀ ਹੱਦ ਵਿਚ ਕੋਈ ਸਿੰਘ ਗੋਲੀ ਨਾ ਚਲਾਏ, ਇਸ ਲਈ ਅੰਦਰੋਂ ਕਿਸੇ ਨੇ ਕੋਈ ਜਵਾਬ ਨਾ ਦਿੱਤਾ। ਇੱਸੇ ਦਿਨ ਰਾਤ ਨੂੰ 32 ਘੰਟੇ ਦਾ ਕਰਫ਼ਿਊ ਲਾ ਦਿੱਤਾ ਗਿਆ। ਉਸ ਦਿਨ ਅਕਾਸ਼-ਬਾਣੀ

ਉੱਤੇ ਦਿੱਤੀ ਤੇ ਪਿੱਛੋਂ ਪ੍ਰਕਾਸ਼ਤ ਕੀਤੇ ਗਏ ਵਾਈਟ ਪੇਪਰ ਵਿਚ ਦੁਹਰਾਈ ਗਈ ਇਹ ਖ਼ਬਰ ਕੋਰਾ ਝੂਠ ਸੀ ਕਿ ਦਰਬਾਰ ਸਾਹਿਬ ਦੇ ਅੰਦਰੋਂ ਪਹਿਲਾਂ ਗੋਲੀਆਂ ਚੱਲੀਆਂ ਤੇ ਪੁਲਿਸ ਨੇ ਜਵਾਬੀ ਕਾਰਵਾਈ ਕੀਤੀ।

ਉਸ ਰਾਤ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਚਾਰ ਵਾਰੀ ਫ਼ੌਰੀ ਟੈਲੀਫ਼ੋਨ ਕਰ ਕੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨਾਲ ਸੰਪਰਕ ਪੈਦਾ ਕਰਨ ਦਾ ਜਤਨ ਕੀਤਾ, ਪਰ ਰਾਸ਼ਟਰਪਤੀ ਦੇ ਸਟਾਫ਼ ਵੱਲੋਂ ਹਰ ਵਾਰੀ ਟਾਲਮਟੋਲੇ ਵਾਲੇ ਜਵਾਬ ਹੀ ਮਿਲਦੇ ਰਹੇ। ਫਿਰ ਉਨ੍ਹਾਂ ਨੇ ਪੰਜਾਬ ਦੇ ਗਵਰਨਰ ਬੀ.ਡੀ. ਪਾਂਡੇ ਨੂੰ ਟੈਲੀਫ਼ੋਨ ਕਰ ਕੇ ਇਸ ਕਾਰਵਾਈ ਬਾਰੇ ਰੋਸ ਪ੍ਰਗਟ ਕੀਤਾ ਤੇ ਅੱਗੋਂ ਲਈ ਇਹਨੂੰ ਬੰਦ ਕਰਨ ਲਈ ਆਖਿਆ, ਤਾਂ ਗਵਰਨਰ ਨੇ ਸਾਫ਼ ਕਹਿ ਦਿੱਤਾ ਕਿ ਉਨ੍ਹਾਂ ਦੇ ਹੱਥ-ਵੱਸ ਕੁਝ ਨਹੀਂ; ਇਹ ਸਭ ਕੁਝ ਸਿੱਧਾ ਦਿੱਲੀ ਦੇ ਹੁਕਮ ਨਾਲ ਹੋ ਰਿਹਾ ਹੈ। ਦੂਜੇ ਦਿਨ ਸੰਤ ਲੌਂਗੋਵਾਲ ਤੇ ਜਥੇਦਾਰ ਟੌਹੜਾ,ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਸਾਹਿਬ ਸਿੰਘ ਨੇ ਵਖ ਵਖ ਬਿਆਨਾਂ ਵਿਚ ਇਸ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਤੇ ਸਰਕਾਰ ਨੂੰ ਇਸ ਦੇ ਭਿਆਨਕ ਸਿੱਟਿਆਂ ਤੋਂ ਖ਼ਬਰਦਾਰ ਕੀਤਾ। ਸੰਤ ਲੌਂਗੋਵਾਲ ਨੇ ਆਪਣੇ ਬਿਆਨ ਵਿਚ ਆਖਿਆ ਕਿ ਹਰਿਮੰਦਰ ਸਾਹਿਬ ਉੱਤੇ ਲੱਗੀ ਇਕ ਇਕ ਗੋਲੀ ਹਰੇਕ ਸਿਖ ਦੇ ਸੀਨੇ ਵਿਚ ਲੱਗੀ ਹੈ ਤੇ ਇਹ ਕਾਰਵਾਈ ਕਰ ਕੇ ਸਰਕਾਰ ਨੇ ਕੌਮ ਨਾਲ ਨਵੀਂ ਜੰਗ ਛੇੜ ਦਿੱਤੀ ਹੈ। ਇਹ ਗੱਲ ਵਰਣਨ ਯੋਗ ਹੈ ਕਿ ਬਾਅਦ ਵਿਚ ਇਕ ਸੰਸਥਾ 'ਸਿਟੀਜ਼ਨ ਫ਼ਾਰ ਡੈਮੋਕ੍ਰੇਸੀ' ਨੇ ਪੂਰੀ ਜਾਂਚ-ਪੜਤਾਲ ਕਰ ਕੇ ਸੰਤ ਜੀ ਦੇ ਬਿਆਨ ਦੀ ਪ੍ਰੋੜ੍ਹਤਾ ਕੀਤੀ ਕਿ ਗੋਲੀਆਂ ਸਿਰਫ਼ ਪੁਲਿਸ ਵੱਲੋਂ ਚਲਾਈਆਂ ਗਈਆਂ ਸਨ ਅਤੇ 2 ਤੇ 3 ਜੂਨ ਨੂੰ ਵੀ ਰੁਕ ਰੁਕ ਕੇ ਚਲਦੀਆਂ ਰਹੀਆਂ ਸਨ।

2 ਜੂਨ ਰਾਤ ਨੂੰ ਪ੍ਰਧਾਨ ਮੰਤਰੀ ਨੇ ਅਕਾਸ਼-ਬਾਣੀ ਤੇ ਦੂਰ-ਦਰਸ਼ਨ ਤੋਂ ਇਕ ਤਕਰੀਰ ਨਸ਼ਰ ਕੀਤੀ। ਇਹ ਉਸ ਦੇ ਪਹਿਲੇ ਬਿਆਨਾਂ ਵਾਂਗ ਹੀ, ਜਿਨ੍ਹਾਂ ਦੀ ਕਲਈ ਅਸੀਂ ਪਿਛਲੇ ਕਾਂਡ ਵਿਚ ਖੋਲ੍ਹ ਚੁਕੇ ਹਾਂ, ਝੂਠ, ਪਖੰਡ, ਦੁਬਾਜਰੇਪਨ ਤੇ ਚਾਲ-ਬਾਜ਼ੀਆਂ ਦਾ ਪਲੰਦਾ ਸੀ। ਉਸ ਨੇ ਆਖਿਆ ਕਿ ਅਕਾਲੀਆਂ ਦੀਆਂ ਬਹੁਤ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ ਹਨ, ਪਰ ਫ਼ੈਸਲਾ ਇਸ ਲਈ ਨਹੀਂ ਹੋ ਰਿਹਾ ਕਿਉਂਕਿ ਅਕਾਲੀ ਹਰ ਵਾਰੀ ਆਪਣਾ ਸਟੈਂਡ ਬਦਲਦੇ ਰਹਿੰਦੇ ਹਨ ਤੇ ਹੋਰ ਹੋਰ ਮੰਗਾਂ ਪੇਸ਼ ਕਰ ਦੇਂਦੇ ਹਨ। ਉਸ ਨੇ ਅਕਾਲੀਆਂ ਨੂੰ ਅੰਦੋਲਨ ਬੰਦ ਕਰਨ ਲਈ ਅਪੀਲ ਕਰਦਿਆਂ ਆਖ਼ਰ ਵਿਚ ਆਖਿਆ,"ਆਓ। ਨਫ਼ਰਤ ਗਵਾਈਏ; ਖ਼ੂਨ ਨਾ ਵਹਾਈਏ। ਅਤੇ ਜੋ ਮਸਲੇ ਰਹਿੰਦੇ ਹਨ, ਉਨ੍ਹਾਂ ਨੂੰ ਗੱਲ-ਬਾਤ ਰਾਹੀਂ ਹੱਲ ਕਰੀਏ।" ਕਿੰਨਾ ਵੱਡਾ ਤ੍ਰਿਆ-ਚਰਿੱਤਰ ਸੀ। ਇਕ ਪਾਸੇ ਗੱਲ-ਬਾਤ ਦਾ ਸੱਦਾ ਤੇ ਦੂਜੇ ਪਾਸੇ ਫ਼ੌਜ ਨੂੰ ਖ਼ੂਨ ਵਹਾਣ ਦਾ ਦਿੱਤਾ ਹੋਇਆ ਹੁਕਮ! ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਅਪੀਲ ਦਾ ਪ੍ਰਤੀਕਰਮ ਵੇਖੇ ਬਗ਼ੈਰ ਤੇ ਅਕਾਲੀਆਂ ਨਾਲ ਸੰਪਰਕ ਕੀਤੇ ਬਗ਼ੈਰ ਫ਼ੌਜ ਨੂੰ ਹਮਲਾ ਕਰਨ ਦੇ ਆਦੇਸ਼ ਦੇ ਦਿੱਤੇ ਗਏ ਸਨ। ਦਰਬਾਰ ਸਾਹਿਬ ਸਮੂਹ ਦੇ ਸਾਰੇ ਟੈਲੀਫ਼ੋਨ ਇਕ ਦਿਨ ਪਹਿਲਾਂ ਹੀ ਕਟ ਦਿੱਤੇ ਗਏ ਸਨ, ਇਸ ਲਈ ਅਕਾਲੀ ਕਿਸੇ ਨਾਲ ਸੰਪਰਕ ਕਰ ਹੀ ਨਹੀਂ ਸਕਦੇ ਸਨ। ਇੱਸੇ ਦਿਨ ਅਰਥਾਤ 3 ਜੂਨ ਸ਼ਾਮ ਨੂੰ ਟੀ.ਵੀ. ਉੱਤੇ ਐਲਾਨ ਕੀਤਾ ਗਿਆ ਸੀ ਕਿ ਸਾਰੇ ਪੰਜਾਬ ਵਿਚ 36 ਘੰਟੇ ਦਾ ਕਰਫ਼ਿਊ ਲਾ ਕੇ ਇਸ ਨੂੰ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਹ ਕਰਫ਼ਿਊ ਬਾਅਦ ਵਿਚ ਤੀਹ ਘੰਟੇ ਲਈ ਹੋਰ ਵਧਾ ਦਿੱਤਾ ਗਿਆ। ਕਹਿਣ ਨੂੰ ਤਾਂ ਫ਼ੌਜ ਪੁਲਿਸ ਦੀ ਸਹਾਇਤਾ ਲਈ ਭੇਜੀ ਗਈ ਸੀ, ਪਰ ਅਸਲ ਵਿਚ ਸਾਰਾ ਸ਼ਾਸਨ ਫ਼ੌਜ ਨੇ ਸੰਭਾਲ ਲਿਆ ਸੀ। ਪੰਜਾਬ ਪੁਲਿਸ, ਕੇਂਦਰੀ ਰੀਜ਼ਰਵ ਪੁਲਿਸ ਤੇ ਨੀਮ ਫ਼ੌਜੀ ਦਸਤੇ ਸਭ ਫ਼ੌਜ ਦੇ ਅਧੀਨ ਸਨ। ਸੜਕਾਂ ਉੱਤੇ ਹਰ ਕਿਸਮ ਦੀ ਆਵਾ-ਜਾਈ,

ਇੱਥੋਂ ਤਕ ਕਿ ਸਾਈਕਲਾਂ, ਟਾਂਗਿਆਂ ਤੇ ਗੱਡਿਆਂ ਤਕ ਦਾ ਚਲਣਾ ਬੰਦ ਕਰ ਦਿੱਤਾ ਗਿਆ ਸੀ ਤੇ ਇਹਦੀ ਜਾਂਚ-ਪੜਤਾਲ ਵੀ ਫ਼ੌਜ ਦੇ ਸਪੁਰਦ ਸੀ। ਲੈਫ਼ਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਗਵਰਨਰ ਦੇ ਸੁਰੱਖਿਆ ਸਲਾਹਕਾਰ ਬਣਾ ਦਿੱਤੇ ਗਏ ਸਨ। 3 ਜੂਨ ਰਾਤ 12 ਵਜੇ ਤੋਂ ਸਾਰੇ ਅੰਮ੍ਰਿਤਸਰ ਸ਼ਹਿਰ ਦੇ ਟੈਲੀਫ਼ੋਨ ਕੱਟ ਦਿੱਤੇ ਗਏ ਅਤੇ ਦਰਬਾਰ ਸਾਹਿਬ ਸਮੂਹ ਦਾ ਪਾਣੀ ਤੇ ਬਿਜਲੀ ਵੀ ਬੰਦ ਕਰ ਦਿੱਤੀ ਗਈ। ਪੰਜਾਬ ਤੇ ਚੰਡੀਗੜ੍ਹ ਦੀਆਂ ਅਖ਼ਬਾਰਾਂ ਉੱਤੇ ਦੋ ਮਹੀਨੇ ਲਈ ਸੈਂਸਰ ਬਿਠਾ ਦਿੱਤਾ ਗਿਆ ਤੇ ਉਨ੍ਹਾਂ ਨੂੰ ਫ਼ੌਜੀ ਤੇ ਨੀਮ-ਫ਼ੌਜੀ ਕਾਰਵਾਈਆਂ ਛਾਪਣ ਦੀ ਮਨਾਹੀ ਕਰ ਦਿੱਤੀ ਗਈ। ਨਤੀਜੇ ਵਜੋਂ ਅਗਲੇ ਤਿੰਨ ਦਿਨ ਬਹੁਤ ਸਾਰੀਆਂ ਅਖ਼ਬਾਰਾਂ ਨਾ ਛਪੀਆਂ। 4 ਜੂਨ ਨੂੰ ਸਵੇਰੇ ਸਵੇਰੇ ਸਾਰੇ ਵਿਦੇਸ਼ੀ ਪੱਤਰਕਾਰਾਂ ਤੇ ਵਿਦੇਸ਼ੀ ਅਖ਼ਬਾਰਾਂ ਦੇ ਪੱਤਰ-ਪ੍ਰੇਰਕਾਂ ਨੂੰ ਪੰਜਾਬ ਰੋਡਵੇਜ਼ ਦੀ ਬੱਸ ਵਿਚ ਬਿਠਾ ਕੇ ਪੁਲਿਸ ਦੇ ਪਹਿਰੇ ਹੇਠ ਪੰਜਾਬ ਦੀ ਹੱਦ ਤੋਂ ਬਾਹਰ ਕਰ ਦਿੱਤਾ ਗਿਆ। ਪੰਜਾਬ ਤੋਂ ਬਾਹਰ ਦੀਆਂ ਅਖ਼ਬਾਰਾਂ ਉੱਤੇ ਪੰਜਾਬ ਅੰਦਰ ਆਉਣ ਦੀ ਪਾਬੰਦੀ ਲਾ ਦਿੱਤੀ ਗਈ। ਸੋ ਸਹੀ ਬਾਤ ਲੋਕਾਂ ਤਾਈਂ ਪਹੁੰਚਣ ਦੇ ਸਾਰੇ ਰਾਹ ਬੰਦ ਕਰ ਦਿੱਤੇ ਗਏ। ਅਗਲੇ ਪੰਜ ਸਤ ਦਿਨ ਲੋਕਾਂ ਤਕ ਅਕਾਸ਼-ਬਾਣੀ ਤੇ ਦੂਰ-ਦਰਸ਼ਨ ਰਾਹੀਂ ਜੋ ਖ਼ਬਰਾਂ ਪਹੁੰਚੀਆਂ, ਉਹ ਸਰਕਾਰ ਵਲੋਂ ਤੋੜ-ਮਰੋੜ ਕੇ, ਵਧਾ-ਚੜ੍ਹਾ ਕੇ ਅਤੇ ਅਸਲੀਅਤ ਨੂੰ ਲੁਕਾਅ ਕੇ ਆਪਣੇ ਮਤਲਬ ਦੀਆਂ ਦਿੱਤੀਆਂ ਜਾਂਦੀਆਂ ਰਹੀਆਂ। ਇਸ ਤਰ੍ਹਾਂ 'ਅਪਰੇਸ਼ਨ ਨੀਲਾ ਤਾਰਾ' ਦੇ ਨਾਲ ਹੀ 'ਅਪਰੇਸ਼ਨ ਪੋਚਾ ਪਾਚੀ' ਵੀ ਸ਼ੁਰੂ ਹੋ ਗਿਆ ਸੀ।

ਆਪਣੇ ਦੇਸ-ਵਾਸੀਆਂ ਤੇ ਉਨ੍ਹਾਂ ਦੇ ਪਰਮ-ਪਵਿੱਤਰ ਧਰਮ-ਅਸਥਾਨਾਂ ਉੱਤੇ ਇੰਨਾ ਜ਼ੋਰਦਾਰ-ਫ਼ੌਜੀ ਹਮਲਾ ਕਿਉਂ ? ਸਰਕਾਰ ਦਾ ਕਹਿਣਾ ਸੀ ਕਿ ਪੰਜਾਬ ਵਿਚ ਮਾਰ-ਧਾੜ ਦੀਆਂ ਕਾਰਵਾਈਆਂ ਕਰਨ ਵਾਲੇ ਅੱਤਵਾਦੀ ਦਰਬਾਰ ਸਾਹਿਬ ਸਮੂਹ ਵਿਚ ਲੁਕੇ ਹੋਏ ਹਨ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਜ਼ਰੂਰੀ ਹੋ ਗਿਆ ਹੈ। ਇਹੋ ਜਿਹੇ 40 ਅੱਤਵਾਦੀਆਂ ਦੀ ਸੂਚੀ ਵੀ ਸਰਕਾਰ ਨੇ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਸੀ। ਪੰਜਾਬ ਦੀਆਂ ਜਾਇਜ਼ ਮੰਗਾਂ ਸ਼ਾਂਤਮਈ ਢੰਗ ਨਾਲ ਨਾ ਮੰਨੇ ਜਾਣ ਕਰਕੇ ਕੁਝ ਨੌਜਵਾਨਾਂ ਨੇ ਤੰਗ ਤੇ ਨਿਰਾਸ ਹੋ ਕੇ ਜ਼ਰੂਰ ਹਥਿਆਰ ਚੁੱਕੇ ਸਨ ਅਤੇ ਸੈਂਕੜੇ ਨਿਰਦੋਸ਼ ਲੋਕਾਂ ਉੱਤੇ ਪੁਲਿਸ ਦੇ ਬੇ-ਪਨਾਹ ਤਸ਼ੱਦਦ ਨੇ ਉਨ੍ਹਾਂ ਨੂੰ ਹੋਰ ਵੀ ਉਤੇਜਿਤ ਕਰ ਦਿੱਤਾ ਸੀ। ਪਰ ਇਨ੍ਹਾਂ ਨਾਲ ਨਜਿੱਠਣ ਦੇ ਹੋਰ ਵੀ ਕਈ ਰਾਹ ਸਨ। ਫਿਰ ਜਿਨ੍ਹਾਂ ਨੇ ਦਰਬਾਰ ਸਾਹਿਬ ਵਿਚ ਮੋਰਚਾ-ਬੰਦੀਆਂ ਕੀਤੀਆਂ ਸਨ, ਉਹ ਕਿਸੇ ਉੱਤੇ ਹਮਲਾ ਕਰਨ ਲਈ ਨਹੀਂ, ਸਿਰਫ਼ ਬਚਾਉ ਲਈ ਕੀਤੀਆਂ ਸਨ। ਉਨ੍ਹਾਂ ਦਾ ਪ੍ਰਣ ਸੀ ਕਿ ਉਹ ਸਿਰਫ਼ ਓਦੋਂ ਗੋਲੀ ਚਲਾਉਣਗੇ, ਜਦ ਫ਼ੌਜ ਦਰਬਾਰ ਸਾਹਿਬ ਵਿਚ ਦਾਖ਼ਲ ਹੋਵੇਗੀ ਤੇ ਫਿਰ ਅੰਤਲੇ ਸੁਆਸਾਂ ਤਕ ਡਟ ਕੇ ਮੁਕਾਬਲਾ ਕਰਨਗੇ।

ਇਹ ਗੱਲ ਕਿੰਨੀ ਦੁਖਦਾਈ, ਘਿਰਣਾ-ਜਨਕ ਤੇ ਨਿੰਦਨੀਜ ਹੈ ਕਿ ਦਰਬਾਰ ਸਾਹਿਬ ਉੱਤੇ ਹਮਲੇ ਲਈ ਤਿੰਨ ਜੂਨ ਦਾ ਦਿਨ ਚੁਣਿਆ ਗਿਆ, ਜੋ ਹਰਿਮੰਦਰ ਸਾਹਿਬ ਦੇ ਨਿਰਮਾਤਾ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ-ਦਿਹਾੜਾ ਸੀ। ਇਹ ਗੁਰਪੁਰਬ ਮਨਾਉਣ ਲਈ ਦੂਰੋਂ-ਨੇੜਿਓਂ ਹਜ਼ਾਰਾਂ ਸ਼ਰਧਾਲੂ ਦਰਬਾਰ ਸਾਹਿਬ ਵਿਚ ਆਏ ਹੋਏ ਸਨ। ਇਨ੍ਹਾਂ ਤੋਂ ਛੁਟ ਸਤ ਸੌ ਸਿੰਘਾਂ ਦਾ ਇਕ ਜਥਾ ਧਰਮ-ਯੁੱਧ ਮੋਰਚੇ ਵਿਚ ਹਿੱਸਾ ਲੈਣ ਲਈ ਸੰਗਰੂਰ ਤੋਂ ਆਇਆ ਹੋਇਆ ਸੀ। ਸੈਂਕੜਿਆਂ ਦੀ ਗਿਣਤੀ ਵਿਚ ਸ਼੍ਰੋਮਣੀ ਕਮੇਟੀ ਦੇ ਸੇਵਾਦਾਰ, ਗ੍ਰੰਥੀ ਤੇ ਰਾਗੀ ਸਿੰਘ ਆਪੋ ਆਪਣੇ ਪਰਵਾਰਾਂ ਸਮੇਤ ਦਰਬਾਰ ਸਾਹਿਬ ਸਮੂਹ ਵਿਚ ਰਹਿ ਰਹੇ ਸਨ। ਇਨ੍ਹਾਂ ਵਿੱਚੋਂ ਕਿਸੇ ਦਾ ਅੱਤਵਾਦ ਨਾਲ ਦੂਰ ਦਾ ਵਾਸਤਾ ਵੀ ਨਹੀਂ ਸੀ। ਇਨ੍ਹਾਂ ਸਭ ਦੇ ਉੱਥੇ ਹੁੰਦਿਆਂ ਦਰਬਾਰ ਸਾਹਿਬ ਉੱਤੇ ਗੋਲੀਬਾਰੀ ਕਰਨੀ ਹਜ਼ਾਰਾਂ ਬੇ-ਗੁਨਾਹਾਂ ਦੇ ਖ਼ੂਨ ਨਾਲ ਹੋਲੀ ਖੇਡਣਾ ਸੀ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਫ਼ੌਜ ਨੂੰ ਸੁਝਾਅ ਦਿਤਾ ਸੀ ਕਿ ਉਹ ਖਾੜਕੂਆਂ ਤੋਂ ਬਿਨਾਂ ਬਾਕੀ ਸ਼ਹਿਰੀਆਂ ਨੂੰ ਸਮੂਹ ਵਿੱਚੋਂ

ਬਾਹਰ ਕਢ ਸਕਦੇ ਹਨ, ਪਰ ਇਸ ਸੁਝਾਅ ਵੱਲ ਕੋਈ ਧਿਆਨ ਨਾ ਦਿੱਤਾ ਗਿਆ। ਸਗੋਂ ਸਮੇਂ ਸਿਰ ਕਿਸੇ ਪ੍ਰਕਾਰ ਦਾ ਸੰਕੇਤ ਵੀ ਨਾ ਦਿੱਤਾ ਗਿਆ ਕਿ ਫ਼ੌਜ ਦਰਬਾਰ ਸਾਹਿਬ ਸਮੂੰਹ ਵਿਚ ਗੋਲੀਬਾਰੀ ਕਰਨ ਵਾਲੀ ਹੈ। 4 ਜੂਨ ਸਵੇਰੇ 4 ਵਜ ਕੇ 40 ਮਿੰਟ ਤੇ, ਜਦ ਗ੍ਰੰਥੀ ਸਿੰਘ ਵਾਕ ਲੈ ਕੇ ਹਟਿਆ, ਤਾਂ ਦਰਬਾਰ ਸਾਹਿਬ ਵਿਚ ਬੜੇ ਧਮਾਕੇ ਨਾਲ ਪਹਿਲਾ ਗੋਲਾ ਫਟਿਆ। ਐਨ ਮੌਕੇ ਉੱਤੇ ਲਾਊਡ-ਸਪੀਕਰਾਂ ਰਾਹੀਂ ਐਲਾਨ ਕੀਤਾ ਗਿਆ ਕਿ ਲੋਕ ਬਾਹਰ ਨਿਕਲ ਜਾਣ, ਤਾਂ ਕਮਰੇ ਬੰਦ ਕਰ ਕੇ ਅੰਦਰ ਬੈਠੇ ਬਹੁਤਿਆਂ ਨੂੰ ਤਾਂ ਸੁਣਿਆ ਹੀ ਨਾ ਗਿਆ, ਪਰ ਜਿਨ੍ਹਾਂ ਨੇ ਸੁਣਿਆ, ਉਨ੍ਹਾਂ ਨੇ ਵੀ ਇਸ ਡਰ ਤੋਂ ਕਿ ਪਤਾ ਨਹੀਂ, ਕਿਹੜੇ ਵੇਲੇ ਫਿਰ ਗੋਲੀ ਸ਼ੁਰੂ ਹੋ ਜਾਏ, ਅੰਦਰ ਦੁਬਕੇ ਰਹਿਣਾ ਹੀ ਠੀਕ ਸਮਝਿਆ। 5 ਜੂਨ ਨੂੰ ਮੇਜਰ ਜਨਰਲ ਬਰਾੜ ਦੇ ਹੁਕਮ ਨਾਲ ਗੁਰੂ ਰਾਮਦਾਸ ਨਿਵਾਸ ਦੇ ਪਿੱਛੇ ਬਣੀ ਪਾਣੀ ਦੀ ਟੈਂਕੀ ਦੇ ਉਪਰਲੇ ਹਿੱਸੇ ਨੂੰ ਤੋਪ ਦੇ ਗੋਲੇ ਮਾਰ ਕੇ ਉਡਾ ਦਿੱਤਾ ਗਿਆ, ਤਾਂ ਜੁ ਸਮੂੰਹ ਵਿਚਲੇ ਅੱਤਵਾਦੀਆਂ ਨੂੰ ਭੈ-ਭੀਤ ਕੀਤਾ ਜਾ ਸਕੇ ਤੇ ਉਹ ਫ਼ੌਜ ਦੀ ਨਕਲੋ ਹਰਕਤ ਨੂੰ ਨਾ ਵੇਖ ਸਕਣ। ਪਰ ਇਸ ਦਾ ਇਕ ਨਤੀਜਾ ਇਹ ਹੋਇਆ ਕਿ ਟੈਂਕੀ ਵਿਚਲਾ ਸਾਰਾ ਪਾਣੀ ਵਗ ਗਿਆ ਤੇ ਅੰਦਰ ਫਸੇ ਹੋਏ ਪਾਣੀ ਤੋਂ ਵੀ ਵਾਂਝੇ ਹੋ ਗਏ।

ਇਸ ਵੇਲੇ ਤਕ ਅੰਦਰੋਂ ਕਿਸੇ ਪਾਸਿਓਂ ਕੋਈ ਗੋਲੀ ਨਹੀਂ ਚੱਲੀ ਸੀ। ਸਰਕਾਰੀ ਝੂਠ ਦੇ ਪਲੰਦੇ ਵਾਈਟ ਪੇਪਰ ਦੀ ਇਹ ਗੱਲ ਮੂਲੋਂ ਹੀ ਗ਼ਲਤ ਹੈ ਕਿ ਹਰਿਮੰਦਰ ਸਾਹਿਬ ਦੇ ਅੰਦਰ ਕੋਈ ਖਾੜਕੂ ਸੀ ਜਾਂ ਕੋਈ ਹਥਿਆਰ ਸਨ। ਇਸ ਦਿਨ ਤਕ ਹਰੇਕ ਯਾਤਰੀ ਬਿਨਾਂ ਰੋਕ-ਟੋਕ ਦੇ ਹਰਿਮੰਦਰ ਸਾਹਿਬ ਦੀਆਂ ਦੋਹਾਂ ਮੰਜ਼ਲਾਂ ਉੱਤੇ ਖੁਲ੍ਹਾ-ਡੁਲ੍ਹਾ ਜਾ ਆ ਸਕਦਾ ਸੀ। ਸਰਕਾਰ ਦੇ ਜਾਸੂਸ ਵੀ ਸਾਦੇ ਕਪੜਿਆਂ ਵਿਚ ਅੰਦਰ ਫਿਰ ਰਹੇ ਸਨ। ਸੋ ਇੱਥੇ ਕਿਸੇ ਥਾਂ ਵੀ ਕੋਈ ਹਥਿਆਰ ਲੁਕਾਣ ਜਾਂ ਅੱਤਵਾਦੀਆਂ ਦੇ ਲੁਕਣ ਦਾ ਕੋਈ ਸੁਆਲ ਹੀ ਨਹੀਂ ਸੀ। ਬਾਅਦ ਵਿਚ ਅੰਦਰ ਰਹਿ ਗਏ ਗ੍ਰੰਥੀ ਸਿੰਘਾਂ ਨੇ ਜੋ ਬਿਆਨ ਦਿੱਤੇ, ਉਨ੍ਹਾਂ ਤੋਂ ਵੀ ਇਸ ਗੱਲ ਦੀ ਤਸਦੀਕ ਹੁੰਦੀ ਹੈ। ਜਿਵੇਂ ਅਸਾਂ ਪਿੱਛੇ ਦੱਸਿਆ ਹੈ, 4 ਜੂਨ ਸਵੇਰ ਤੋਂ ਲੈ ਕੇ 5 ਜੂਨ ਸ਼ਾਮ ਤਕ ਸਾਰਾ ਸਮਾਂ ਰੁਕ ਰੁਕ ਕੇ ਗੋਲੀਆਂ ਚਲਦੀਆਂ ਰਹੀਆਂ। ਅਤੇ ਇਹ ਗੋਲੀਆਂ ਸੁਲਤਾਨਵਿੰਡ ਦਰਵਾਜ਼ੇ ਦੇ ਬਾਹਰ ਅਜੀਤ ਨਗਰ ਦੀ ਅਬਾਦੀ ਤਕ ਵੀ ਗਈਆਂ।

ਦਰਬਾਰ ਸਾਹਿਬ ਸਮੂੰਹ ਉੱਤੇ ਵੱਡੇ ਹਮਲੇ ਦੀ ਤਿਆਰੀ 5 ਜੂਨ ਨੂੰ ਸ਼ਾਮ ਦੇ ਸਤ ਵਜੇ ਤੋਂ ਸ਼ੁਰੂ ਹੋ ਗਈ। ਮੇਜਰ ਜਨਰਲ ਬਰਾੜ ਨੇ ਮਸ਼ੀਨ-ਗੰਨਾਂ, ਤੋਪਾਂ ਤੇ ਹੋਰ ਮਾਰੂ ਹਥਿਆਰਾਂ ਨਾਲ ਲੈਸ ਸਤ ਟੈਂਕਾਂ ਸਮੇਤ ਫ਼ੌਜ ਦੀ ਭਾਰੀ ਗਿਣਤੀ ਘੰਟਾ ਘਰ ਦੇ ਸਾਹਮਣੇ ਵਾਲੇ ਮੈਦਾਨ ਵਿਚ ਤੈਨਾਤ ਕਰ ਦਿੱਤੀ। ਇਨ੍ਹਾਂ ਵਿਚ ਸੋਲ੍ਹਵੀਂ ਕੈਵਲਰੀ ਰਜਮੰਟ, ਗਾਰਡਾਂ ਦੀ ਦਸਵੀਂ ਬਟਾਲੀਅਨ, ਪਹਿਲੀ ਬਟਾਲੀਅਨ ਤੇ ਪੈਰਾਸ਼ੂਟ ਰਜਮੰਟ ਦੇ ਛਾਪਾ-ਮਾਰ ਦਸਤੇ (ਕਮਾਂਡੋ) ਸ਼ਾਮਲ ਸਨ। ਰਾਤ ਦੇ ਦਸ ਵਜੇ ਕਮਾਂਡੋਆਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਤੇਜ਼ੀ ਨਾਲ ਪੌੜੀਆਂ ਉਤਰ ਕੇ ਸੱਜੇ ਪਾਸੇ ਵੱਲ ਹੋ ਤੁਰਨ ਅਤੇ ਨੁੱਕਰ ਤੋਂ ਅਕਾਲ ਤਖ਼ਤ ਵਾਲੇ ਪਾਸੇ ਵਧ ਕੇ ਉਸ ਦੇ ਸਾਹਮਣੇ ਮੈਦਾਨ ਵਿਚ ਪਹੁੰਚ ਜਾਣ। ਪਰ ਜਿਉਂ ਹੀ ਛਾਪਾ-ਮਾਰ ਦਸਤੇ ਪਰਕਰਮਾ ਵਿਚ ਉਤਰੇ, ਉਨ੍ਹਾਂ ਉੱਤੇ ਦੋਹਾਂ ਪਾਸਿਆਂ ਤੋਂ ਅਤੇ ਵਿਸ਼ੇਸ਼ ਕਰਕੇ ਸੱਜੇ ਪਾਸੇ ਵਾਲੀ ਨੁੱਕਰ ਤੋਂ ਗੋਲੀਆਂ ਦੀ ਅਜਿਹੀ ਵਾਛੜ ਹੋਈ ਕਿ ਉਨ੍ਹਾਂ ਦੇ ਆਹੂ ਲੱਥ ਗਏ। ਅਨੁਮਾਨ ਹੈ ਕਿ ਇਸ ਪਹਿਲੇ ਹਮਲੇ ਵਿਚ ਅੱਧੇ ਤੋਂ ਵੱਧ ਛਾਪਾ-ਮਾਰ ਮਾਰੇ ਗਏ ਜਾਂ ਜ਼ਖ਼ਮੀ ਹੋ ਗਏ। ਜਿਹੜੇ ਬਚ ਰਹੇ, ਉਹ ਤੇਜ਼ੀ ਨਾਲ ਦੌੜ ਕੇ ਉੱਪਰ ਚੜ੍ਹ ਆਏ ਤੇ ਉਨ੍ਹਾਂ ਨੇ ਇਸ ਤਬਾਹੀ ਦੀ ਖ਼ਬਰ ਮੇਜਰ ਜਨਰਲ ਬਰਾੜ ਨੂੰ ਦਿੱਤੀ। ਬਰਾੜ ਨੇ ਹੋਰ ਕੁਮਕ ਬੁਲਾਈ ਤੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਉਹ ਦੁਬਾਰਾ ਕੋਸ਼ਸ਼ ਕਰਨ। ਇਨ੍ਹਾਂ ਦੇ ਪਿੱਛੇ ਹੀ ਦਸਵੀਂ ਬਟਾਲੀਅਨ ਦੇ ਗਾਰਡਾਂ ਨੇ ਉਤਰਨਾ ਸੀ। ਛਾਪਾ-ਮਾਰਾਂ ਦਾ ਇਹ ਦੂਜਾ ਜਥਾ ਪਰਕਰਮਾ

ਵਿਚ ਦਾਖ਼ਲ ਹੋਣ ਵਿਚ ਕਾਮਯਾਬ ਹੋ ਗਿਆ ਅਤੇ ਜਵਾਬੀ ਕਾਰਵਾਈ ਕੁਝ ਘਟ ਗਈ, ਪਰ ਪਿੱਛੇ ਆ ਰਹੀ ਦਸਵੀਂ ਬਟਾਲੀਅਨ ਉੱਤੇ ਫਿਰ ਗੋਲਾ-ਬਾਰੀ ਹੋਈ ਤੇ ਉਹ ਅਕਾਲ ਤਖ਼ਤ ਵੱਲ ਨਾ ਵਧ ਸਕੀ। ਫ਼ਰਸ਼ ਦੇ ਮਘੋਰਿਆਂ ਵਿਚ ਲੁਕੇ ਖਾੜਕੂ ਅਚਾਨਕ ਬਾਹਰ ਨਿਕਲਦੇ ਅਤੇ ਤੇਜ਼ੀ ਨਾਲ ਉਨ੍ਹਾਂ ਉੱਤੇ ਗਰਨੇਡ ਸੁਟ ਕੇ ਗ਼ਾਇਬ ਹੋ ਜਾਂਦੇ। ਉਨ੍ਹਾਂ ਦੇ ਕਮਾਂਡਰ ਨੇ ਬਰਾੜ ਨੂੰ ਖ਼ਬਰ ਦੇ ਦਿੱਤੀ ਕਿ 20 ਪ੍ਰਤੀਸ਼ਤ ਤੋਂ ਵਧ ਬਟਾਲੀਅਨ ਮਾਰੀ ਜਾਂ ਜ਼ਖ਼ਮੀ ਹੋ ਗਈ ਹੈ। ਇਸ ਦੇ ਬਾਵਜੂਦ ਕੁਝ ਛਾਪਾ-ਮਾਰ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਦੇ ਵਿਚਕਾਰਲੇ ਵਿਹੜੇ ਤਕ ਪਹੁੰਚਣ ਵਿਚ ਕਾਮਯਾਬ ਹੋ ਗਏ। ਪਰ ਉਨ੍ਹਾਂ ਨੇ ਆਪਣੇ ਆਪ ਨੂੰ ਇਕ ਜਾਨ-ਲੇਵਾ ਫਾਹੀ ਵਿਚ ਫਸਾ ਲਿਆ ਸੀ। ਵਿਹੜੇ ਵਿਚ ਪਹੁੰਚਣ ਸਾਰ ਉਨ੍ਹਾਂ ਉੱਤੇ ਕਈ ਪਾਸਿਆਂ ਤੋਂ ਗੋਲੀਆਂ ਦੀ ਵਾਛੜ ਹੋਈ ਅਤੇ 30 ਪ੍ਰਤੀਸ਼ਤ ਫ਼ੌਜੀ ਮਾਰੇ ਜਾਂ ਨਕਾਰਾ ਹੋ ਗਏ। ਮਦਰਾਸੀਆਂ ਨੇ ਅਕਾਲ ਤਖ਼ਤ ਸਾਹਿਬ ਦੇ ਦਖਣੀ ਪਾਸੇ ਤੋਂ ਅੰਦਰ ਦਾਖ਼ਲ ਹੋ ਕੇ ਗੋਲਾਬਾਰੀ ਕਰਨੀ ਸੀ, ਪਰ ਅਜੇ ਤਕ ਉਨ੍ਹਾਂ ਦਾ ਕਿਤੇ ਨਾਂ-ਨਿਸ਼ਾਨ ਨਹੀਂ ਸੀ। ਸੋ ਮੇਜਰ ਜਨਰਲ ਬਰਾੜ ਨੇ ਸਤਵੀਂ ਗੜ੍ਹਵਾਲੀ ਰਾਈਫ਼ਲ ਦੀਆਂ ਦੋ ਹੋਰ ਕੰਪਨੀਆਂ ਬੁਲਾਈਆਂ ਅਤੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਉਹ ਅਕਾਲ ਤਖ਼ਤ ਦੇ ਦਖਣੀ ਪਾਸੇ ਵੱਲ ਜਾ ਕੇ ਗੋਲਾਬਾਰੀ ਕਰਨ, ਤਾਂ ਜੁ ਉੱਤਰੀ ਪਾਸੇ ਦੇ ਗਾਰਡਾਂ ਤੇ ਕਮਾਂਡੋਆਂ ਉੱਤੇ ਦਬਾਅ ਘਟ ਸਕੇ। ਜਿਉਂ ਹੀ ਉਹ ਦਖਣੀ ਪਾਸੇ ਦੇ ਦਰਵਾਜ਼ੇ ਕੋਲ ਪਹੁੰਚੇ, ਉਨ੍ਹਾਂ ਉੱਤੇ ਕਈ ਪਾਸਿਆਂ ਤੋਂ ਗੋਲੀਆਂ ਦੀ ਵਾਛੜ ਹੋਈ। ਬਾਅਦ ਵਿਚ ਉਨ੍ਹਾਂ ਦੇ ਇਕ ਅਫ਼ਸਰ ਨੇ ਆਖਿਆ ਸੀ, "ਸਾਡੇ ਉੱਤੇ ਸਭ ਪਾਸਿਆਂ ਤੋਂ ਗੋਲਾਬਾਰੀ ਹੋ ਰਹੀ ਸੀ ਤੇ ਇਹ ਪਤਾ ਹੀ ਨਹੀਂ ਲਗਦਾ ਸੀ ਕਿ ਅਸੀਂ ਕਿਹੜੇ ਪਾਸੇ ਗੋਲੀ ਚਲਾਈਏ।" ਜਰਨੈਲਾਂ ਨੂੰ ਸਾਰੀ ਪਿਆਦਾ ਫ਼ੌਜ ਦੀ ਤਬਾਹੀ ਦਾ ਖ਼ਤਰਾ ਪੈਦਾ ਹੋ ਗਿਆ ਸੀ।

ਅੰਦਰੋਂ ਜਿਹੜਾ ਵੀ ਮੁਕਾਬਲਾ ਹੋ ਰਿਹਾ ਸੀ, ਉਹ ਰੀਟਾਇਰਡ ਮੇਜਰ ਜਨਰਲ ਸ਼ਾਹਬੇਗ ਸਿੰਘ ਦੀ ਕਮਾਨ ਹੇਠ ਹੋਇਆ ਸੀ। ਇਹ ਸੂਰਬੀਰ ਗੁਰੀਲਾ ਲੜਾਈ ਦਾ ਇਕ ਮਾਹਿਰ ਜਰਨੈਲ ਸੀ ਤੇ ਉਸ ਨੇ ਬੰਗਲਾ ਦੇਸ ਦੀ 1971 ਦੀ ਜੰਗ ਵਿਚ ਬੰਗਾਲੀਆਂ ਦੀ ਮੁਕਤੀ ਬਾਹਿਨੀ ਫ਼ੌਜ ਨੂੰ ਗੁਰੀਲਾ ਜੰਗ ਦੀ ਸਿਖਲਾਈ ਦੇ ਕੇ ਪਾਕਿਸਤਾਨੀ ਫ਼ੌਜ ਦੇ ਛੱਕੇ ਛੁਡਾ ਦਿੱਤੇ ਸਨ। ਸਿੱਖਾਂ ਨਾਲ ਸਰਕਾਰ ਦੇ ਵਿਤਕਰੇ ਦਾ ਉਹਨੂੰ ਜ਼ਾਤੀ ਤੌਰ ਤੇ ਕੌੜਾ ਤਜਰਬਾ ਸੀ। ਅਜਿਹੇ ਸਯੋਗ ਅਫ਼ਸਰ ਨੂੰ ਰੀਟਾਇਰਮੈਂਟ ਤੋਂ ਇਕ ਦਿਨ ਪਹਿਲਾਂ, ਬਿਨਾਂ ਕੋਰਟ-ਮਾਰਸ਼ਲ ਕੀਤੇ, ਬੇਬੁਨਿਆਦ ਦੋਸ਼ਾਂ ਹੇਠ ਮੌਕੂਫ਼ ਕਰ ਦਿੱਤਾ ਗਿਆ ਸੀ। ਉਸ ਨੇ ਅਦਾਲਤ ਵਿਚ ਦਾਅਵਾ ਕਰ ਕੇ ਤੇ ਮੁਕੱਦਮਾ ਜਿੱਤ ਕੇ ਆਪਣੀ ਬੇਗੁਨਾਹੀ ਸਾਬਤ ਕਰ ਦਿੱਤੀ ਸੀ, ਪਰ ਅਜੇ ਵੀ ਉਹਦੇ ਨਾਲ ਨਿਆਂ ਨਹੀਂ ਹੋਇਆ ਸੀ। ਨਿਰਾਸ ਹੋ ਕੇ ਉਹਦਾ ਝੁਕਾਅ ਧਰਮ ਵੱਲ ਹੋ ਗਿਆ ਤੇ ਉਹ ਸਰਕਾਰ ਦਾ ਕੱਟੜ ਵਿਰੋਧੀ ਬਣ ਗਿਆ। ਖਾੜਕੂ ਉਹਦੀਆਂ ਹਦਾਇਤਾਂ ਅਨੁਸਾਰ ਹੀ ਜਾਨ ਤੋੜ ਕੇ ਇੰਨੀ ਵੱਡੀ ਫ਼ੌਜ ਦਾ ਮੁਕਾਬਲਾ ਕਰ ਰਹੇ ਸਨ।

ਅਕਾਲ ਤਖ਼ਤ ਸਾਹਿਬ ਅਤੇ ਆਲੇ-ਦੁਆਲੇ ਦੀਆਂ ਮੋਰਚਾ-ਬੰਦੀਆਂ ਵਿਚ ਲੜ ਰਹੇ ਸੂਰਬੀਰਾਂ ਕੋਲ ਦਾਰੂ-ਸਿੱਕਾ ਤਾਂ ਸੀਮਤ ਹੀ ਸੀ ਤੇ ਇਹਦੇ ਖ਼ਤਮ ਹੋਣ ਨਾਲ ਟਾਕਰਾ ਘਟਦਾ ਜਾ ਰਿਹਾ ਸੀ। ਦੂਜੇ ਪਾਸੇ ਫ਼ੌਜ ਨੇ ਟੈਂਕਾਂ ਦੀ ਵਰਤੋਂ ਕਰਨ ਦਾ ਫ਼ੈਸਲਾ ਕਰ ਲਿਆ। ਸਵੇਰ ਦੇ ਸਾਢੇ ਤਿੰਨ ਵਜੇ ਮਸ਼ੀਨਗੰਨਾਂ ਤੇ ਹੋਰ ਮਾਰੂ ਹਥਿਆਰਾਂ ਨਾਲ ਲੈਸ ਸਤ ਵਿਜੈਂਤਾ ਟੈਂਕ ਸਰਾਂ ਤੇ ਲੰਗਰ ਵਾਲੇ ਪਾਸੇ ਦੀਆਂ ਪੌੜੀਆਂ ਤੋੜ ਕੇ ਪਰਕਰਮਾ ਵਿਚ ਦਾਖ਼ਲ ਹੋ ਗਏ। ਉਨ੍ਹਾਂ ਨੇ ਸ਼ਹੀਦ ਬਾਬਾ ਦੀਪ ਸਿੰਘ ਦੇ ਬੁੰਗੇ ਵੱਲੋਂ ਅਕਾਲ ਤਖ਼ਤ ਵੱਲ ਵਧ ਕੇ ਉਹਦੇ ਉੱਤੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਇਹ ਗੋਲਾਬਾਰੀ ਇੰਨੀ ਭਿਆਨਕ ਸੀ ਕਿ ਇਸ ਪਰਮ ਪਵਿੱਤਰ ਅਸਥਾਨ ਦਾ ਸਾਹਮਣਾ

ਹਿੱਸਾ ਢਹਿ-ਢੇਰੀ ਹੋ ਗਿਆ; ਕੋਈ ਵੀ ਥੰਮ੍ਹਾ ਸਾਬਤ ਖੜਾ ਨਾ ਰਿਹਾ ਤੇ ਕਈ ਕਮਰਿਆਂ ਵਿਚ ਅੱਗ ਲੱਗ ਗਈ। ਫਿਰ ਵੀ ਗੋਲਾਬਾਰੀ ਜਾਰੀ ਰਹੀ। ਫ਼ੌਜੀ ਮਾਹਿਰਾਂ ਦਾ ਵਿਚਾਰ ਹੈ ਕਿ ਇਸ ਗੋਲਾਬਾਰੀ ਵਿਚ ਘੱਟੋ ਘੱਟ ਤਿੰਨ ਟੈਂਕਾਂ ਦਾ ਸਾਰੇ ਦਾ ਸਾਰਾ ਗੋਲਾ ਬਾਰੂਦ ਵਰਤਿਆ ਗਿਆ ਹੋਵੇਗਾ। ਫ਼ੌਜ ਦਾ ਖ਼ਿਆਲ ਸੀ ਕਿ ਸੰਤ ਜਰਨੈਲ ਸਿੰਘ ਹਰਿਮੰਦਰ ਸਾਹਿਬ ਵਿਚ ਚਲੇ ਗਏ ਹਨ, ਇਸ ਲਈ ਉਨ੍ਹਾਂ ਨੇ ਸਮੁੰਦਰੀ ਫ਼ੌਜ ਦੇ ਗ਼ੋਤਾਖ਼ੋਰ ਸਰੋਵਰ ਵਿਚ ਉਤਾਰੇ, ਪਰ ਖਾੜਕੂਆਂ ਨੇ ਉਹ ਸਾਰੇ ਗੋਲੀਆਂ ਨਾਲ ਉਡਾ ਦਿੱਤੇ। 6 ਜੂਨ ਨੂੰ ਸਵੇਰੇ ਛੇ ਵਜੇ ਤਕ ਅਕਾਲ ਤਖ਼ਤ ਵਿੱਚੋਂ ਫ਼ੌਜ ਦਾ ਵਿਰੋਧ ਖ਼ਤਮ ਹੋ ਗਿਆ ਸੀ ਤੇ ਦਰਬਾਰ ਸਾਹਿਬ ਉੱਤੇ ਫ਼ੌਜ ਦਾ ਪੂਰਾ ਕਬਜ਼ਾ ਸੀ। ਸੰਤ ਜਰਨੈਲ ਸਿੰਘ, ਭਾਈ ਅਮਰੀਕ ਸਿੰਘ ਤੇ ਉਨ੍ਹਾਂ ਦੇ ਬਚੇ ਹੋਏ ਚਾਲੀ ਪੰਜਾਹ ਸਾਥੀ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛਡਦੇ ਹੋਏ ਬਾਹਰ ਖੁਲ੍ਹੇ ਮੈਦਾਨ ਵਿਚ ਆ ਗਏ ਅਤੇ ਸਭ ਪਾਸਿਆਂ ਤੋਂ ਹੋਈ ਗੋਲੀਆਂ ਦੀ ਬੁਛਾੜ ਵਿਚ ਸ਼ਹੀਦੀ ਪ੍ਰਾਪਤ ਕਰ ਗਏ।

ਦਰਬਾਰ ਸਾਹਿਬ ਉੱਤੇ ਹਮਲੇ ਦੇ ਨਾਲ 6 ਜੂਨ ਦੀ ਰਾਤ ਨੂੰ ਦੂਜੇ ਪਾਸੇ ਦੇ ਰਿਹਾਇਸ਼ੀ ਮਕਾਨਾਂ—ਗੁਰੂ ਰਾਮਦਾਸ ਨਿਵਾਸ, ਗੁਰੂ ਨਾਨਕ ਨਿਵਾਸ ਅਤੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ—ਉੱਤੇ ਵੀ ਫ਼ੌਜੀ ਕਾਰਵਾਈ ਸ਼ੁਰੂ ਹੋ ਗਈ ਸੀ। ਸੜਕ ਉੱਤੇ ਲੋਹੇ ਦਾ ਫਾਟਕ ਟੈਂਕਾਂ ਨਾਲ ਤੋੜ ਕੇ ਲੈਫ਼ਟੀਨੈਂਟ ਜਨਰਲ ਸੁੰਦਰ ਜੀ ਦੀ ਕਮਾਨ ਹੇਠ ਨੌਵੀਂ ਕਮਾਊਂ ਰਜਮੰਟ ਬਿਨਾਂ ਕਿਸੇ ਮੁਕਾਬਲੇ ਦੇ ਅੰਦਰ ਦਾਖ਼ਲ ਹੋ ਗਈ ਸੀ, ਕਿਉਂਕਿ ਇਧਰ ਮੁਕਾਬਲਾ ਕਰਨ ਵਾਲਾ ਕੋਈ ਹੈ ਹੀ ਨਹੀਂ ਸੀ। ਅਕਾਲ ਤਖ਼ਤ ਸਾਹਿਬ ਤੇ ਉਹਦੇ ਚੌਗਿਰਦੇ ਵਿਚ ਤਾਂ ਦੋ ਢਾਈ ਸੌ ਸ਼ਸਤਰਧਾਰੀ ਜਾਂਬਾਜ਼ਾਂ ਨੇ ਭਾਰੀ ਫ਼ੌਜ ਦਾ ਮੁਕਾਬਲਾ ਕੀਤਾ ਸੀ। ਪਰ ਇੱਥੇ ਤਾਂ ਹਜ਼ਾਰਾਂ ਨਿਹੱਥੇ ਯਾਤਰੀ, ਇਸਤ੍ਰੀਆਂ ਤੇ ਬੱਚੇ, ਮੋਰਚੇ ਵਿਚ ਹਿੱਸਾ ਲੈਣ ਆਏ ਸਿੰਘ, ਅਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹੀ ਰਹਿ ਰਹੇ ਸਨ। ਇਨ੍ਹਾਂ ਉੱਤੇ ਨਾ ਕਿਸੇ ਹਮਲੇ ਦੀ ਲੋੜ ਸੀ ਤੇ ਨਾ ਕਿਸੇ ਪਕੜ-ਧਕੜ ਦੀ। ਪਰ ਉਜੱਡ ਤੇ ਪਖਪਾਤੀ ਫ਼ੌਜੀਆਂ ਨੇ ਦੂਜੇ ਪਾਸੇ ਆਪਣੇ ਸੈਂਕੜੇ ਸਾਥੀਆਂ ਦੇ ਮਾਰੇ ਜਾਣ ਅਤੇ ਹਜ਼ਾਰਾਂ ਦੇ ਜ਼ਖ਼ਮੀ ਹੋਣ ਦਾ ਸਾਰਾ ਗੁੱਸਾ ਇਨ੍ਹਾਂ ਨਿਰਦੋਸ਼ ਤੇ ਨਿਹੱਥੇ ਲੋਕਾਂ ਉੱਤੇ ਕਢਿਆ। ਉਨ੍ਹਾਂ ਨੇ ਬੇਕਿਰਕ ਹੋ ਕੇ ਹਜ਼ਾਰਾਂ ਬੰਦਿਆਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਬੇਰਹਿਮੀ ਨਾਲ ਤੜਫ਼ਾ ਤੜਫ਼ਾ ਕੇ ਮਾਰਿਆ। ਕਿੰਨੇ ਹੀ ਜ਼ਖ਼ਮੀ ਪਾਣੀ ਦੇ ਇਕ ਇਕ ਘੁਟ ਖੁਣੋਂ ਵਿਲਕ ਵਿਲਕ ਕੇ ਦਮ ਤੋੜ ਗਏ। ਪਾਣੀ ਦੀ ਟੈਂਕੀ ਇਕ ਦਿਨ ਪਹਿਲਾਂ ਤੋੜ ਦਿੱਤੀ ਗਈ ਸੀ ਤੇ ਫ਼ੌਜ ਨੇ ਵੇਲੇ ਸਿਰ ਪਾਣੀ ਦਾ ਕੋਈ ਪ੍ਰਬੰਧ ਨਹੀਂ ਕੀਤਾ ਸੀ। ਫਿਰ ਇਕ ਇਕ ਕਮਰੇ ਵਿਚ ਬਹੁਤ ਜ਼ਿਆਦਾ ਬੰਦੇ ਬੰਦ ਕਰ ਕੇ ਬਾਹਰੋਂ ਕੁੰਡੇ ਲਾ ਦਿੱਤੇ ਗਏ ਸਨ। ਗਰਮੀਆਂ ਦੇ ਦਿਨ, ਖਿੜਕੀਆਂ ਵੀ ਬੰਦ ਤੇ ਬਿਜਲੀ ਵੀ ਬੰਦ। ਕਿੰਨੇ ਹੀ ਬੰਦੇ ਦਮ ਘੁਟਣ ਨਾਲ ਚਲਾਣਾ ਕਰ ਗਏ। ਸ਼ੈਤਾਨ ਫ਼ੌਜੀਆਂ ਦੀ ਬੇਤਰਸੀ ਦੀ ਹੱਦ ਇਹ ਕਿ ਉਨ੍ਹਾਂ ਦੇ ਸਾਹਮਣੇ ਛੋਟੇ ਬੱਚਿਆਂ ਤੇ ਜ਼ਖ਼ਮੀਆਂ ਨੂੰ ਗੰਦਾ ਤੇ ਖ਼ੂਨ-ਭਰੀਆਂ ਨਾਲੀਆਂ ਦਾ ਪਾਣੀ ਪਿਆਇਆ ਜਾ ਰਿਹਾ ਸੀ, ਪਰ ਉਹ ਫਿਰ ਵੀ ਪਾਣੀ ਦਾ ਕੋਈ ਪ੍ਰਬੰਧ ਨਹੀਂ ਕਰ ਰਹੇ ਸਨ। ਜਿੰਨੀ ਮਾਰ ਉਨ੍ਹਾਂ ਨੂੰ ਖਾੜਕੂਆਂ ਦੇ ਹੱਥੋਂ ਖਾਣੀ ਪਈ ਸੀ, ਉਹਦੀ ਸਾਰੀ ਕਸਰ ਉਹ ਨਿਰਦੋਸ਼ ਸਿੰਘਾਂ ਉੱਤੇ ਕਢ ਰਹੇ ਸਨ। ਹੇਠਾਂ ਅਸੀਂ ਇਸ ਅਗਨੀ-ਪ੍ਰੀਖਿਆ ਵਿੱਚੋਂ ਬਚ ਰਹੇ ਕੁਝ ਵਿਅਕਤੀਆਂ ਦੇ ਬਿਆਨਾਂ ਦਾ ਸਾਰ ਦੇ ਰਹੇ ਹਾਂ, ਤਾਂ ਜੁ ਪਾਠਕਾਂ ਨੂੰ ਪਤਾ ਲਗ ਜਾਏ ਕਿ ਫ਼ੌਜੀਆਂ ਨੇ ਵ੍ਹਾਈਟ ਪੇਪਰ ਵਿਚ ਦਿੱਤੀ ਇਸ ਹਦਾਇਤ ਉੱਤੇ ਕਿੰਨਾ ਕੂ ਅਮਲ ਕੀਤਾ ਸੀ ਕਿ ਸਾਰੇ ਗ੍ਰਿਫ਼ਤਾਰ ਹੋਇਆਂ ਨਾਲ ਆਦਰ-ਸਤਿਕਾਰ ਵਾਲਾ ਵਰਤਾਉ ਕੀਤਾ ਜਾਏ।

ਸ਼੍ਰੋਮਣੀ ਕਮੇਟੀ ਦੇ ਪਬਲਿਸਟੀ ਇਨਚਾਰਜ ਗੁਰਮੀਤ ਸਿੰਘ ਚੀਮਾ ਨੇ, ਜਿਨ੍ਹਾਂ ਨੂੰ 6 ਜੂਨ ਨੂੰ ਗ੍ਰਿਫ਼ਤਾਰ ਕਰ ਕੇ 15 ਦਿਨ ਬਾਅਦ ਰਿਹਾ ਕੀਤਾ ਗਿਆ ਸੀ, ਆਪਣੀ ਅੱਖੀਂ ਡਿੱਠੇ ਹਾਲ

ਬਿਆਨ ਕਰਦਿਆਂ ਦੱਸਿਆ ਕਿ "ਅਚਾਨਕ ਸਵਾ ਚਾਰ ਵਜੇ ਸਵੇਰੇ ਇਕ ਫ਼ੌਜੀ ਟੁਕੜੀ ਨੇ, ਸਮੁੰਦਰੀ ਹਾਲ ਦੇ ਦੁਆਲੇ ਘੇਰਾ ਪਾ ਲਿਆ। ਇਸ ਵੇਲੇ ਸੰਤ ਲੌਂਗੋਵਾਲ, ਟੌਹੜਾ ਸਾਹਿਬ, ਦਰਸ਼ਨ ਸਿੰਘ ਈਸਾਪੁਰ, ਸਰਦਾਰ ਰਾਮੂੰਵਾਲੀਆ ਅਤੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਭਾਨ ਸਿੰਘ, ਅਬਿਨਾਸ਼ੀ ਸਿੰਘ, ਮੈਂ ਤੇ ਕਈ ਹੋਰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਸਾਂ। ਸਾਰਾ ਹਾਲ ਤੇ ਬਰਾਂਡੇ ਉਸ ਜਥੇ ਦੇ ਮੈਂਬਰਾਂ ਨਾਲ ਭਰੇ ਹੋਏ ਸਨ, ਜੋ ਸੰਗਰੂਰ ਤੋਂ ਮੋਰਚੇ ਵਿਚ ਹਿੱਸਾ ਲੈਣ ਲਈ ਆਇਆ ਸੀ। ਫ਼ੌਜੀਆਂ ਨੇ ਸੰਤ ਲੌਂਗੋਵਾਲ ਤੇ ਟੌਹੜਾ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਕਮਰਾ ਨੰ: 3 ਵਿਚ ਬੰਦ ਕਰ ਦਿੱਤਾ ਤੇ ਬਾਹਰ ਪਹਿਰਾ ਲਾ ਦਿੱਤਾ। ਬਾਕੀ ਸਾਨੂੰ ਸਾਰਿਆਂ ਨੂੰ ਗੁਰੂ ਰਾਮਦਾਸ ਨਿਵਾਸ ਵਿਚ ਕਤਾਰਾਂ ਬਣਾ ਕੇ ਬੈਠਣ ਲਈ ਆਖਿਆ ਗਿਆ। ਅਜੇ ਮਸਾਂ ਪੰਜ ਛੇ ਲਾਈਨਾਂ ਹੀ ਬਣੀਆਂ ਸਨ ਕਿ ਉੱਤੋਂ ਸਾਡੇ ਵਿਚਕਾਰ ਦੋ ਗਰਨੇਡ ਸੁੱਟੇ ਗਏ, ਜਿਸ ਨਾਲ ਜਥੇ ਦੀਆਂ ਕੁਝ ਬੀਬੀਆਂ, ਬੱਚੇ, ਗੁਰਚਰਨ ਸਿੰਘ ਸਕੱਤਰ ਸ਼੍ਰੋਮਣੀ ਅਕਾਲੀ ਦਲ ਤੇ ਭਲਵਾਨ ਨਛੱਤਰ ਸਿੰਘ ਜਥੇਦਾਰ ਜ਼ਿਲ੍ਹਾ ਅਕਾਲੀ ਜਥਾ ਸੰਗਰੂਰ ਸਮੇਤ ਕਈ ਸਿੰਘ ਸ਼ਹੀਦ ਹੋ ਗਏ। ਜਦ ਗਰਨੇਡਾਂ ਤੋਂ ਬਚਣ ਲਈ ਲੋਕ ਆਪ-ਮੁਹਾਰੇ ਉੱਠ ਕੇ ਇੱਧਰ-ਉੱਧਰ ਭੱਜੇ, ਤਾਂ ਫ਼ੌਜ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਕਈ ਬੰਦੇ ਭੁੰਨ ਸੁੱਟੇ। ......ਸਾਨੂੰ ਸਰਾਂ ਦੇ ਕਮਰਿਆਂ ਤੇ ਬਰਾਂਡਿਆਂ ਵਿਚ ਬਿਠਾ ਕੇ ਸਖ਼ਤ ਪਹਿਰਾ ਲਾ ਦਿੱਤਾ ਗਿਆ। ਅਸੀਂ ਤੜਪਦੇ ਜ਼ਖ਼ਮੀਆਂ ਤੇ ਚਾਰ-ਚੁਫੇਰੇ ਖਿਲਰੀਆਂ ਮਨੁੱਖੀ ਲਾਸ਼ਾਂ ਦੇ ਵਿਚਕਾਰ ਬੇਬਸ ਬੈਠੇ ਸਾਂ ਤੇ ਫ਼ੌਜੀ ਬੜੀ ਬੇਦਰਦੀ ਨਾਲ ਬੇਗੁਨਾਹਾਂ ਦੇ ਖ਼ੂਨ ਦੀ ਹੋਲੀ ਖੇਡ ਰਹੇ ਸਨ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਭਾਨ ਸਿੰਘ ਨੇ ਦੌੜ ਕੇ ਸੰਤ ਲੌਂਗੋਵਾਲ ਨੂੰ ਫ਼ੌਜ ਵੱਲੋਂ ਗੋਲੀ ਚਲਾਣ ਦੀ ਖ਼ਬਰ ਦਿੱਤੀ। ਉਨ੍ਹਾਂ ਨੇ ਕਮਰੇ ਵਿੱਚੋਂ ਨਿਕਲ ਕੇ ਉੱਚੀ ਦਿੱਤੀ ਮੇਜਰ ਨੂੰ ਆਖਿਆ, "ਇਨ੍ਹਾਂ ਨੂੰ ਨਾ ਮਾਰੋ; ਇਹ ਸਾਰੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹਨ।" ਤਾਂ ਕਿਤੇ ਜਾ ਕੇ ਮੇਜਰ ਨੇ ਗੋਲੀ ਚਲਵਾਣੀ ਬੰਦ ਕਰਾਈ। ਇਸ ਘਟਨਾ ਦਾ ਵਾਈਟ ਪੇਪਰ ਵਿਚ ਵੀ ਵਰਣਨ ਕੀਤਾ ਗਿਆ ਹੈ, ਪਰ ਚੋਖਾ ਤੋੜ-ਮਰੋੜ ਕੇ ਅਤੇ ਇਹ ਦੱਸ ਕੇ ਕਿ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚੋਂ 350 ਇਸਤ੍ਰੀਆਂ-ਪੁਰਸ਼ਾਂ ਨੇ ਆਪਣੇ ਆਪ ਨੂੰ ਫ਼ੌਜ ਦੇ ਹਵਾਲੇ ਕੀਤਾ ਸੀ, ਪਰ ਅੱਤਵਾਦੀ ਇਸ ਦੇ. ਵਿਰੁੱਧ ਸਨ ਅਤੇ ਉਨ੍ਹਾਂ ਨੇ ਹੀ ਇਨ੍ਹਾਂ ਉੱਤੇ ਗਰਨੇਡ ਸੁਟ ਕੇ ਗੋਲੀਆਂ ਚਲਾਈਆਂ, ਜਿਸ ਨਾਲ 70 ਬੰਦੇ ਮਾਰੇ ਗਏ, ਜਿਨ੍ਹਾਂ ਵਿਚ 30 ਇਸਤ੍ਰੀਆਂ ਤੇ 5 ਬੱਚੇ ਸਨ। ਸਰਕਾਰ ਜ਼ੋਰ-ਸ਼ੋਰ ਨਾਲ ਪਹਿਲਾਂ ਹੀ ਇਹ ਪ੍ਰਚਾਰ ਕਰ ਰਹੀ ਸੀ ਕਿ ਸੰਤ ਲੌਂਗੋਵਾਲ ਤੇ ਸੰਤ ਭਿੰਡਰਾਂ ਵਾਲੇ ਦੇ ਵਿਚਕਾਰ ਵਖੇਵਾਂ ਬਹੁਤ ਵਧ ਗਿਆ ਹੈ ਤੇ ਦੋਵੇਂ ਗਰੁੱਪ ਇਕ ਦੂਜੇ ਦੇ ਜਾਨ-ਲੇਵਾ ਹਨ। ਇਸ ਨੂੰ ਹੋਰ ਉਛਾਲਣ ਲਈ ਫ਼ੌਜ ਨੂੰ ਜੋ ਹਦਾਇਤਾਂ ਦਿੱਤੀਆਂ ਗਈਆਂ, ਉਨ੍ਹਾਂ ਵਿਚ ਇਕ ਇਹ ਵੀ ਸੀ ਕਿ ਦੋਹਾਂ ਗਰੁੱਪਾਂ ਦੇ ਵਿਚਕਾਰ ਭਰਾ-ਮਾਰੂ ਲੜਾਈ ਰੋਕੀ ਜਾਏ। ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਦੋਹਾਂ ਸੰਤਾਂ ਦੇ ਵਿਚਕਾਰ ਮੋਰਚੇ ਦੀ ਵਿਧੀ ਬਾਰੇ ਮਤ-ਭੇਦ ਤਾਂ ਜ਼ਰੂਰ ਸਨ, ਪਰ ਅਜਿਹੇ ਨਹੀਂ ਕਿ ਇਸ ਵੇਲੇ ਜਦ ਕੇਵਲ ਦੋਹਾਂ ਗਰੁੱਪਾਂ ਉੱਤੇ ਹੀ ਨਹੀਂ, ਸਗੋਂ ਸਾਰੀ ਸਿਖ ਕੌਮ ਉੱਤੇ ਮਾਰੂ ਹਮਲਾ ਹੋ ਰਿਹਾ ਸੀ, ਤਾਂ ਉਹ ਇਕ-ਦੂਜੇ ਦਾ ਗਲਾ ਕਟਦੇ। ਇਸ ਵੇਲੇ ਤਾਂ ਖਾੜਕੂਆਂ ਨੇ ਹਰ ਥਾਂ ਫ਼ੌਜੀਆਂ ਨੂੰ ਮਾਰਨ ਦੇ ਹੀ ਜਤਨ ਕਰਨੇ ਸਨ, ਇਸ ਲਈ ਜੇ ਉਹ ਗਰਨੇਡ ਸੁਟਦੇ, ਤਾਂ ਇਹ ਫ਼ੌਜੀਆਂ ਉੱਤੇ ਪੈਣੇ ਚਾਹੀਦੇ ਸਨ।

ਇਕ ਅਧਿਆਪਕਾ ਰਣਬੀਰ ਕੌਰ, ਜੋ ਬਾਰ੍ਹਾਂ ਛੋਟੇ ਛੋਟੇ ਬੱਚਿਆਂ ਨਾਲ ਕਮਰਾ ਨੰ: 141 ਵਿਚ ਠਹਿਰੀ ਹੋਈ ਸੀ, ਦਸਦੀ ਹੈ ਕਿ "ਸਾਨੂੰ ਇਸ ਕਮਰੇ ਵਿਚ ਬੰਦ ਹੋਇਆਂ 24 ਘੰਟੇ ਤੋਂ ਵਧ ਦਾ ਸਮਾਂ ਹੋ ਗਿਆ ਸੀ ਤੇ ਅਸੀਂ ਭੁੱਖ-ਤ੍ਰੇਹ ਨਾਲ ਬੇਹਾਲ ਹੋਏ ਜਾ ਰਹੇ ਸਾਂ। ਸਵੇਰੇ ਇਕ ਵਜੇ ਸਾਨੂੰ ਸਭ ਨੂੰ ਬਾਹਰ ਕਢ ਕੇ ਕਤਾਰਾਂ ਵਿਚ ਬਿਠਾ ਦਿੱਤਾ ਗਿਆ। ਸਾਡੇ ਉੱਥੇ ਬੈਠਿਆਂ

ਹੀ ਹਾਲ ਦੇ ਤਹਿਖ਼ਾਨੇ ਵਿਚੋਂ ਇਕ ਸੌ ਦੇ ਲਗ ਪਗ ਬੰਦੇ ਲਿਆਂਦੇ ਗਏ। ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਹ ਪਹਿਲਾਂ ਬਾਹਰ ਕਿਉਂ ਨਹੀਂ ਆਏ। ਉਨ੍ਹਾਂ ਦਾ ਉੱਤਰ ਸੀ ਕਿ ਬਾਹਰੋਂ ਦਰਵਾਜ਼ਾ ਬੰਦ ਸੀ। ਪੰਦਰ੍ਹਾਂ ਵੀਹ ਮਿੰਟ ਇੱਸੇ ਤਰ੍ਹਾਂ ਖੜੇ ਰਖ ਕੇ ਉਨ੍ਹਾਂ ਸਭਨਾਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਗਿਆ।" ਇਨ੍ਹਾਂ ਵਿਚੋਂ ਕੁਝ ਤਾਂ ਬੰਗਲਾ ਦੇਸ ਦੇ ਬਿਹਾਰੀ ਮੁਸਲਮਾਨ ਸਨ, ਜਿਨ੍ਹਾਂ ਨੂੰ ਨਾ ਬੰਗਲਾ ਦੇਸ ਤੇ ਨਾ ਪਾਕਿਸਤਾਨ ਦੀ ਸਰਕਾਰ ਅਪਣਾਅ ਰਹੀ ਸੀ ਤੇ ਉਹ ਇੱਥੇ ਮਜ਼ਦੂਰੀ ਕਰ ਕੇ ਆਪਣਾ ਗੁਜ਼ਾਰਾ ਕਰ ਰਹੇ ਸਨ। ਬਾਕੀ ਦੇ ਭਈਏ ਮਜ਼ਦੂਰ, ਰਿਖਸ਼ਾ-ਚਾਲਕ ਜਾਂ ਭਿਖਾਰੀ ਸਨ, ਜੋ ਲੰਗਰ ਛਕਣ ਤੇ ਰਾਤ ਕੱਟਣ ਲਈ ਹੀ ਇੱਥੇ ਠਹਿਰਦੇ ਸਨ। ਜਿਵੇਂ ਬਾਬਰ ਦੀ 'ਪਾਪ ਦੀ ਜੰਞ' ਨੇ 'ਹਿੰਦਵਾਣੀਆਂ ਤੇ ਮੁਸਲਮਾਨੀਆਂ' ਉੱਤੇ ਇੱਕੋ ਜਿਹੇ ਜ਼ੁਲਮ ਢਾਹੇ ਸਨ, ਤਿਵੇਂ ਸਾਡੀ ਧਰਮ-ਨਿਰਪੱਖ ਸਰਕਾਰ ਦੀ 'ਪਾਪ ਦੀ ਜੰਞ' ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਉੱਤੇ ਇੱਕੋ ਜਿਹੇ ਅਤਿਆਚਾਰ ਕਰ ਰਹੀ ਸੀ। ਜੋ ਸਾਹਮਣੇ ਆਇਆ, ਉਡਾ ਦਿੱਤਾ ਗਿਆ। ਬਾਅਦ ਵਿਚ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਦੀ ਜੰਗੀ ਕਾਰਵਾਈ ਦਾ ਬਿਆਨ ਕਰਦਿਆਂ ਮੇਜਰ ਜਨਰਲ ਬਰਾੜ ਨੇ ਆਖਿਆ, "ਮੈਨੂੰ ਹਦਾਇਤ ਸੀ ਕਿ ਇਹ ਗੱਲ ਯਕੀਨੀ ਬਣਾਈ ਜਾਏ ਕਿ ਇਸ ਪਾਸੇ ਕਿਸੇ ਨਿਰਦੋਸ਼ ਬੰਦੇ ਦੀ ਹੱਤਿਆ ਨਾ ਹੋਵੇ ਅਤੇ ਮੈਨੂੰ ਖ਼ੁਸ਼ੀ ਹੈ ਕਿ ਅਸੀਂ ਇਸ ਮੰਤਵ ਦੀ ਪ੍ਰਾਪਤੀ ਵਿਚ ਸਫ਼ਲ ਹੋਏ ਹਾਂ।" ਪਰ ਇਸ ਪਾਸੇ ਹੋਈਆਂ ਹਜ਼ਾਰਾਂ ਬੇਗੁਨਾਹਾਂ ਦੀਆਂ ਮੌਤਾਂ ਉਸਦੇ ਇਸ ਦਾਅਵੇ ਦਾ ਮੂੰਹ ਚਿੜਾਅ ਰਹੀਆਂ ਹਨ। ਸ਼ਾਇਦ ਅੰਦਰ-ਖਾਤੇ ਉਸ ਨੂੰ ਹਦਾਇਤ ਇਹ ਸੀ ਕਿ ਜਿੱਥੋਂ ਤਕ ਸੰਭਵ ਹੋਵੇ, ਗ੍ਰਿਫ਼ਤਾਰੀਆਂ ਨਾਲੋਂ ਹੱਤਿਆਵਾਂ ਵਧੇਰੇ ਹੋਣੀਆਂ ਚਾਹੀਦੀਆਂ ਹਨ।

ਫ਼ੌਜੀ ਜਵਾਨਾਂ ਨੂੰ ਸਾਰੇ ਗੁਰਦੁਆਰਿਆਂ ਉੱਤੇ ਛਾਪੇ ਮਾਰਨ ਦਾ ਹੁਕਮ ਦਿੱਤਾ ਗਿਆ ਸੀ, ਜਿਸ ਅਨੁਸਾਰ ਇੱਸੇ ਦਿਨ ਸਵੇਰੇ 8-10 ਫ਼ੌਜੀ ਜਵਾਨ ਤੇ ਬਾਰਡਰ ਸੀਕਿਉਰਿਟੀ ਫ਼ੋਰਸ ਦੇ ਸਿਪਾਹੀ ਆਟਾ ਮੰਡੀ ਵਿਚ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਵਿਚ ਜਾ ਵੜੇ। ਇਹ ਡੇਰਾ ਸੈਂਕੜੇ ਸਾਲ ਪੁਰਾਣਾ ਹੈ ਅਤੇ ਇੱਥੇ ਕਥਾ-ਕੀਰਤਨ ਤੇ ਪਾਠ ਦੇ ਨਾਲ ਨਾਲ ਅਤੁੱਟ ਲੰਗਰ ਵੀ ਚਲਦਾ ਹੈ, ਜਿੱਥੋਂ ਬਹੁਤਾ ਕਰਕੇ ਪਰਸ਼ਾਦ ਛਕਣ ਵਾਲੇ ਬਿਹਾਰ, ਉੱਤਰ-ਪ੍ਰਦੇਸ਼ ਤੇ ਰਾਜਿਸਥਾਨ ਦੇ ਮਜ਼ਦੂਰ ਹੁੰਦੇ ਹਨ। ਇਸ ਵੇਲੇ ਬਾਬਾ ਖੜਕ ਸਿੰਘ ਜੀ ਇਸ ਡੇਰੇ ਦੇ ਮੁਖੀ ਸਨ। ਫ਼ੌਜੀਆਂ ਨੇ ਪਹਿਲਾਂ ਤਾਂ ਡੇਰੇ ਦੇ ਮੁਖ ਸੇਵਾਦਾਰ ਕਿਰਪਾਲ ਸਿੰਘ ਨੂੰ ਫੜ ਲਿਆ। ਫਿਰ ਪਾਠ ਕਰ ਰਹੇ ਭਾਈ ਬਚਨ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚੋਂ ਧੂ ਲਿਆ। ਇਕ ਹੋਰ ਬਜ਼ੁਰਗ ਕਿਹਰ ਸਿੰਘ ਤੇ ਤਿੰਨ ਚਾਰ ਸੇਵਾਦਾਰਾਂ ਨੂੰ ਵੀ ਬਾਹਰ ਕਢ ਲਿਆ। ਉਨ੍ਹਾਂ ਨੂੰ ਬੜੀ ਬੇਦਰਦੀ ਨਾਲ ਮਾਰਿਆ-ਕੁੱਟਿਆ ਗਿਆ ਤੇ ਫਿਰ ਉਨ੍ਹਾਂ ਦੇ ਹੱਥ ਉਨ੍ਹਾਂ ਦੀਆਂ ਪੱਗਾਂ ਨਾਲ ਪਿੱਛੇ ਬੰਨ੍ਹ ਦਿੱਤੇ ਗਏ। ਉਸ ਤੋਂ ਬਾਅਦ ਉਨ੍ਹਾਂ ਨੇ ਗੋਲਕ ਤੇ ਅਲਮਾਰੀਆਂ ਦੇ ਜੰਦਰੇ ਤੋੜੇ ਅਤੇ ਨਕਦੀ ਤੇ ਹੋਰ ਕੀਮਤੀ ਸਾਮਾਨ ਲੁੱਟਣਾ ਸ਼ੁਰੂ ਕਰ ਦਿੱਤਾ। ਕੋਈ ਦੋ ਤਿੰਨ ਘੰਟੇ ਬਾਅਦ ਇਨ੍ਹਾਂ ਸਾਰੇ ਨਿਰਦੋਸ਼ ਤੇ ਨਿਹੱਥੇ ਸਿੰਘਾਂ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ। ਲੁੱਟ-ਮਾਰ ਦਾ ਇਹੋ ਜਿਹਾ ਕੰਮ ਅਗਲੇ ਤਿੰਨ ਚਾਰ ਦਿਨ ਦਰਬਾਰ ਸਾਹਿਬ ਸਮੂਹ ਵਿਚ ਬਹੁਤ ਵੱਡੇ ਪੈਮਾਨੇ ਤੇ ਜਾਰੀ ਰਿਹਾ। ਪਰਕਰਮਾ ਦੇ ਆਲੇ-ਦੁਆਲੇ ਦੇ ਰਿਹਾਇਸ਼ੀ ਮਕਾਨਾਂ ਵਿਚ ਆਮ ਕਰਕੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ, ਪਰਵਾਰਾਂ ਸਮੇਤ ਰਹਿੰਦੇ ਸਨ ਤੇ ਬਹੁਤਿਆਂ ਦੇ ਘਰੀਂ ਟੀ.ਵੀ., ਰੇਡੀਉ, ਵੀ.ਸੀ.ਆਰ., ਟ੍ਰਾਂਜ਼ਿਸਟਰ, ਟੇਪ-ਰੀਕਾਰਡਰ, ਗਹਿਣੇ ਤੇ ਨਕਦੀ ਪਈ ਸੀ। ਇਹ ਸਾਰੇ ਲੋਕ ਸਭ ਕੁਝ ਘਰ ਛਡ ਕੇ ਖ਼ਾਲੀ ਹੱਥ ਬਾਹਰ ਨਿਕਲ ਗਏ ਸਨ। ਭੁੱਖੇ ਫ਼ੌਜੀਆਂ ਨੇ ਜੋ ਕੁਝ ਹੱਥ ਲੱਗਾ, ਲੁੱਟ ਲਿਆ। ਜੋ ਭਾਰਾ ਸਾਮਾਨ—ਫ਼ਰਿੱਜ ਤੇ ਫ਼ਰਨੀਚਰ ਆਦਿ—ਚੁੱਕਿਆ ਨਾ ਜਾ ਸਕਿਆ, ਉਹ ਤੋੜ ਫੋੜ ਦਿੱਤਾ ਗਿਆ। ਇਸ ਤਰ੍ਹਾਂ ਹਰੇਕ ਘਰ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਦਰਬਾਰ ਸਾਹਿਬ ਸਮੂਹ ਦੇ ਆਲੇ-ਦੁਆਲੇ ਦੇ ਕਈ ਮਕਾਨਾਂ

ਤੇ ਦੁਕਾਨਾਂ ਦਾ ਵੀ, ਜੋ ਫ਼ੌਜ ਦੀ ਗੋਲਾਬਾਰੀ ਨਾਲ ਢਹਿ-ਢੇਰੀ ਹੋ ਗਏ ਸਨ, ਇਹੀ ਹਾਲ ਹੋਇਆ। ਇਸ ਸਾਰੇ ਨੁਕਸਾਨ ਦਾ ਅਨੁਮਾਨ ਕਰੋੜਾਂ ਵਿਚ ਨਹੀਂ, ਅਰਬਾਂ ਰੁਪਏ ਵਿਚ ਬਣਦਾ ਹੈ। ਇਸ ਗੱਲ ਦੀ ਉਦਾਹਰਣ ਅੱਜ ਤਕ ਕਿਤੇ ਨਹੀਂ ਮਿਲੀ ਸੀ ਕਿ ਆਪਣੇ ਦੇਸ ਦੀ ਫ਼ੌਜ ਆਪਣੇ ਹੀ ਨਾਗ੍ਰਿਕਾਂ ਦੀ ਲੁਟ-ਮਾਰ ਕਰੇ। ਪਰ ਸ਼ਾਇਦ ਸਾਡੀ ਫ਼ੌਜ ਹੁਣ ਸਿੱਖਾਂ ਨੂੰ ਆਪਣੇ ਦੇਸ ਦੇ ਨਾਗ੍ਰਿਕ ਹੀ ਨਹੀਂ ਸਮਝਦੀ ਸੀ।

ਅਪਰੇਸ਼ਨ ਬਲਿਊ ਸਟਾਰ ਵਿਚ ਜੋ ਕੁਝ ਵੀ ਵਾਪਰਿਆ, ਉਹ ਬਹੁਤ ਉੱਗਰ ਤੇ ਭਿਆਨਕ ਸੀ, ਪਰ ਇਸ ਸਭ ਤੋਂ ਵਧ ਕਦੇ ਨਾ ਪੂਰਾ ਹੋਣ ਵਾਲਾ ਜੋ ਨੁਕਸਾਨ ਹੋਇਆ, ਉਹ ਸੀ, 'ਸਿਖ ਰੈਫ਼ਰੈਂਸ ਲਾਇਬਰੇਰੀ' ਦਾ ਸਾੜੇ ਜਾਣਾ। ਇਹ ਲਾਇਬਰੇਰੀ 6 ਜੂਨ ਤਕ ਬਿਲਕੁਲ ਸੁਰੱਖਿਅਤ ਸੀ। ਦੁਰਭਾਗ ਦੀ ਗੱਲ ਇਹ ਹੈ ਕਿ ਇਸ ਨੂੰ 7 ਜੂਨ ਸਵੇਰੇ ਅੱਗ ਲਾਈ ਗਈ, ਜਦ ਦਰਬਾਰ ਸਾਹਿਬ ਸਮੂਹ ਵਿਚ ਕੋਈ ਕਥਿਤ ਖਾੜਕੂ ਨਹੀਂ ਰਹਿ ਗਿਆ ਸੀ। ਲਾਇਬਰੇਰੀ ਦੇ ਇਨਚਾਰਜ ਦੇਵਿੰਦਰ ਸਿੰਘ ਦੁੱਗਲ ਦਾ ਰਿਹਾਇਸ਼ੀ ਕੁਆਰਟਰ ਲਾਇਬਰੇਰੀ ਦੇ ਕੋਲ ਹੀ ਸੀ। ਉਨ੍ਹਾਂ ਦਾ ਬਿਆਨ ਹੈ ਕਿ ਉਹ 6 ਜੂਨ ਦੀ ਸ਼ਾਮ ਤਕ ਆਪਣੇ ਕੁਆਰਟਰ ਵਿਚ ਸਨ ਅਤੇ ਸ਼ਾਮ ਨੂੰ ਓਦੋਂ ਬਾਹਰ ਆਏ, ਜਦ ਦੋ ਘੰਟੇ ਲਈ ਕਰਫ਼ਿਊ ਖੁਲ੍ਹਾ ਸੀ। ਓਦੋਂ ਤਕ ਲਾਇਬਰੇਰੀ ਠੀਕ ਠਾਕ ਸੀ। ਪਰ ਜੇ ਸਰਕਾਰ ਦਾ ਇਹ ਬਿਆਨ ਸਹੀ ਮੰਨ ਲਿਆ ਜਾਏ ਕਿ ਅੱਗ 6 ਜੂਨ ਸ਼ਾਮ ਨੂੰ ਫ਼ੌਜ ਦੇ ਅਗਨੀ-ਬੰਬ ਨਾਲ ਲੱਗੀ ਸੀ, ਤਾਂ ਵੀ ਫ਼ੌਜ ਨੂੰ ਚਾਹੀਦਾ ਸੀ ਕਿ ਇਸ ਕੀਮਤੀ ਖ਼ਜ਼ਾਨੇ ਨੂੰ ਬਚਾਣ ਲਈ ਅੱਗ ਬੁਝਾਣ ਦਾ ਫ਼ੌਰੀ ਪ੍ਰਬੰਧ ਕਰਦੇ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਾਮੇਸ਼ਇੰਦਰ ਸਿੰਘ ਨੇ ਫ਼ੌਜੀ ਅਧਿਕਾਰੀਆਂ ਨਾਲ ਸੰਪਰਕ ਕਰ ਕੇ ਅੱਗ ਬੁਝਾਣ ਲਈ ਫ਼ਾਇਰ ਬਿਰਗੇਡ ਭੇਜਣ ਦੀ ਪੇਸ਼ਕਸ਼ ਕੀਤੀ ਸੀ, ਪਰ ਇਹ ਵੀ ਪ੍ਰਵਾਨ ਨਾ ਕੀਤੀ ਗਈ। ਇਹ ਲਾਇਬਰੇਰੀ ਪ੍ਰਸਿਧ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਦੀ ਪਹਿਲ ਉੱਤੇ ਸ਼੍ਰੋਮਣੀ ਕਮੇਟੀ ਨੇ 1945 ਵਿਚ ਸ਼ੁਰੂ ਕੀਤੀ ਸੀ। ਇਹਦੇ ਪਹਿਲੇ ਇਨਚਾਰਜ ਭਾਈ ਰਣਧੀਰ ਸਿੰਘ ਸਨ, ਜੋ ਇਕ ਰਸਾਲਾ 'ਇਤਿਹਾਸਿਕ ਪੱਤਰ' ਵੀ ਕਢਦੇ ਸਨ। ਬਾਅਦ ਵਿਚ ਸ਼੍ਰੋਮਣੀ ਕਮੇਟੀ ਨੇ 'ਸਿਖ ਇਤਿਹਾਸ ਰੀਸਰਚ ਬੋਰਡ' ਕਾਇਮ ਕਰ ਕੇ ਉਹਨੂੰ ਹੱਥ-ਲਿਖਤ ਦੁਰਲਭ ਪੁਸਤਕਾਂ ਇਕੱਠੀਆਂ ਕਰਨ ਦਾ ਕੰਮ ਸੌਂਪਿਆ, ਤਾਂ ਜੁ ਸਿਖ ਇਤਿਹਾਸ ਦੇ ਖੋਜੀ ਇਸ ਤੋਂ ਲਾਭ ਉਠਾ ਸਕਣ। ਇਹ ਪੁਸਤਕਾਂ ਤੇ ਖਰੜੇ ਪ੍ਰਾਪਤ ਕਰਨ ਅਤੇ ਇਨ੍ਹਾਂ ਦੀਆਂ ਨਕਲਾਂ ਟਾਈਪ ਕਰਾ ਕੇ ਰੱਖਣ ਉੱਤੇ ਕਮੇਟੀ ਨੇ ਲੱਖਾਂ ਰੁਪਏ ਖ਼ਰਚ ਕੀਤੇ ਸਨ। ਲਾਇਬਰੇਰੀ ਦੇ ਇਨਚਾਰਜ ਦੁੱਗਲ ਦੇ ਅਨੁਸਾਰ ਇਹਦੇ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਕੜੇ ਹੱਥ-ਲਿਖਤ ਬੀੜਾਂ, ਇਤਿਹਾਸਿਕ ਮਹੱਤਤਾ ਵਾਲੀਆਂ ਹੋਰ ਅਨੇਕਾਂ ਹੱਥ-ਲਿਖਤਾਂ, ਗੁਰੂ ਸਾਹਿਬਾਨ ਦੇ ਦਸਖ਼ਤਾਂ ਵਾਲੇ ਹੁਕਮਨਾਮੇ ਅਤੇ 500 ਦੁਰਲਭ ਪੁਸਤਕਾਂ ਦੇ ਟਾਈਪ ਕੀਤੇ ਖਰੜੇ ਇਕੱਠੇ ਰੱਖੇ ਹੋਏ ਸਨ। ਇਨ੍ਹਾਂ ਤੋਂ ਛੁੱਟ ਕਈ ਅਖ਼ਬਾਰਾਂ ਦੀਆਂ ਪਿਛਲੇ ਸਠ ਸਾਲਾਂ ਦੀਆਂ 1200 ਦੇ ਲਗ ਪਗ ਜਿਲਦ ਕੀਤੀਆਂ ਫ਼ਾਈਲਾਂ ਅਤੇ ਇਤਿਹਾਸਿਕ ਚਿੱਤਰਾਂ ਤੇ ਤਸਵੀਰਾਂ ਦੀਆਂ 18 ਐਲਬਮਾਂ ਵੀ ਸੜ ਕੇ ਸੁਆਹ ਹੋ ਗਈਆਂ। ਇਸ ਸਾਰੀ ਸਮਿਗਰੀ ਉੱਤੇ ਲੱਖਾਂ ਰੁਪਏ ਖ਼ਰਚ ਹੋਏ ਸਨ, ਪਰ ਹੁਣ ਇਹ ਕਿਸੇ ਕੀਮਤ ਤੇ ਵੀ ਉਪਲਭਧ ਨਹੀਂ ਹੋ ਸਕਦੀ। ਟੈਂਕਾਂ ਦੀ ਇਸ ਗੋਲਾਬਾਰੀ ਵਿਚ ਕੁਝ ਵੱਡੇ ਗੋਲੇ ਤੋਸ਼ੇਖ਼ਾਨੇ, ਦਰਸ਼ਨੀ ਡਿਉਢੀ ਅਤੇ ਲਾਚੀ ਬੇਰ ਦੇ ਗੁਰਦੁਆਰੇ ਉੱਤੇ ਵੀ ਲੱਗੇ ਸਨ ਤੇ ਕਈ ਥਾਈਂ ਵੱਡੇ-ਵੱਡੇ ਮਘੋਰੇ ਹੋ ਗਏ ਸਨ। ਤੋਸ਼ੇਖ਼ਾਨੇ ਵਿਚ ਅੱਗ ਲੱਗਣ ਨਾਲ ਕਰੋੜਾਂ ਰੁਪਏ ਦੀ ਉਹ ਚਾਂਦਨੀ ਵੀ ਸੜ ਕੇ ਸੁਆਹ ਹੋ ਗਈ, ਜੋ ਨਿਜ਼ਾਮ ਹੈਦਰਾਬਾਦ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਦਿੱਤੀ ਸੀ ਤੇ ਮਹਾਰਾਜੇ ਨੇ ਹਰਿਮੰਦਰ ਸਾਹਿਬ ਦੀ ਭੇਟ ਕਰ ਦਿੱਤੀ ਸੀ। ਚਾਂਦਨੀ ਦੇ ਬਹੁਤ ਸਾਰੇ ਕੀਮਤੀ ਮੋਤੀ ਗੁੰਮ ਸਨ। ਪਰ ਥੋੜੇ ਜਿਹੇ ਇਕ ਰੁਮਾਲ ਵਿਚ ਬੱਧੇ ਮਿਲ ਗਏ। ਤੋਸ਼ੇਖ਼ਾਨੇ ਵਿਚਲੀਆਂ ਹੋਰ

ਚੀਜ਼ਾਂ ਉੱਤੇ ਵੀ ਅੱਗ ਦਾ ਪ੍ਰਭਾਵ ਪਿਆ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਦਾ ਕਹਿਣਾ ਹੈ ਕਿ ਅਕਾਲ ਤਖ਼ਤ ਸਾਹਿਬ ਉੱਤੇ ਗੋਲਾਬਾਰੀ ਨਾਲ ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕਾਂ ਹੱਥ-ਲਿਖਤ ਬੀੜਾਂ, ਰੁਮਾਲੇ, ਦਰੀਆਂ, ਚਾਨਣੀਆਂ, ਮੰਜੀ ਸਾਹਿਬ, ਸ਼ਸਤਰ ਰੱਖਣ ਵਾਲੀ ਪਾਲਕੀ ਤੇ ਲੱਕੜ ਦੀ ਅਲਮਾਰੀ ਅਗਨ-ਭੇਟ ਹੋ ਗਈਆਂ।

ਸਰਕਾਰ ਵੱਲੋਂ ਦਿੱਤੀ ਗਈ ਇਸ ਹਦਾਇਤ ਕਿ "ਹਰਿਮੰਦਰ ਸਾਹਿਬ ਪੂਰੇ ਤੌਰ ਤੇ ਬਚਿਆ ਰਹਿਣਾ ਚਾਹੀਦਾ ਹੈ ਅਤੇ ਅਕਾਲ ਤਖ਼ਤ ਦਾ ਘਟ ਤੋਂ ਘਟ ਨੁਕਸਾਨ ਹੋਣਾ ਚਾਹੀਦਾ ਹੈ" ਦਾ ਕੀ ਹਸ਼ਰ ਹੋਇਆ? ਅਕਾਲ ਤਖ਼ਤ ਤਾਂ ਮਲਬੇ ਦਾ ਢੇਰ ਬਣ ਗਿਆ ਸੀ ਤੇ ਪਰਕਰਮਾ ਦਾ ਸੰਗਮਰਮਰੀ ਫ਼ਰਸ਼ ਵੀ ਬਰਬਾਦ ਹੋ ਗਿਆ ਸੀ। ਪਰ ਫ਼ੌਜ ਦੀ ਗੋਲਾਬਾਰੀ ਵਿਚ ਹਰਿਮੰਦਰ ਸਾਹਿਬ ਦੇ ਅੰਦਰ ਜੋ ਕੁਝ ਵਾਪਰਿਆ, ਉਹ ਹੋਰ ਵੀ ਰੌਂਗਟੇ ਖੜੇ ਕਰਨ ਵਾਲਾ ਹੈ। 4 ਜੂਨ ਸ਼ਾਮ ਤੋਂ ਲੈ ਕੇ 7 ਜੂਨ ਸਵੇਰ ਤਕ ਦੋ ਗ੍ਰੰਥੀ ਭਾਈ ਪੂਰਨ ਸਿੰਘ ਤੇ ਭਾਈ ਮੋਹਨ ਸਿੰਘ ਅਤੇ ਦਸ ਬਾਰ੍ਹਾਂ ਸੇਵਾਦਾਰ ਲਗਾਤਾਰ ਅੰਦਰ ਰਹਿ ਰਹੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ "ਪ੍ਰੰਪਰਾ ਅਨੁਸਾਰ ਹਰਿਮੰਦਰ ਸਾਹਿਬ ਵਿੱਚੋਂ ਹਰ ਰੋਜ਼ ਰਾਤ ਨੂੰ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਅਕਾਲ ਤਖ਼ਤ ਸਾਹਿਬ ਉੱਤੇ ਲਿਜਾ ਕੇ ਕੋਠਾ ਸਾਹਿਬ ਵਿਚ ਰੱਖੀ ਜਾਂਦੀ ਹੈ ਤੇ ਸਵੇਰੇ ਅੰਮ੍ਰਿਤ ਵੇਲੇ ਫਿਰ ਵਾਪਸ ਲਿਆਈ ਜਾਂਦੀ ਹੈ। ਪਰ ਪੰਜ ਜੂਨ ਦੀ ਰਾਤ ਨੂੰ ਪਹਿਲੀ ਵਾਰ ਪਾਲਕੀ ਤਖ਼ਤ ਸਾਹਿਬ ਉੱਤੇ ਨਾ ਲਿਜਾਈ ਜਾ ਸਕੀ ਤੇ ਹਰਿਮੰਦਰ ਸਾਹਿਬ ਦੀ ਉਪਰਲੀ ਮੰਜ਼ਲ ਤੇ ਹੀ ਰੱਖ ਦਿੱਤੀ ਗਈ। 5 ਜੂਨ ਨੂੰ ਸਾਰਾ ਦਿਨ ਗੋਲੀਆਂ ਚਲਦੀਆਂ ਰਹੀਆਂ ਸਨ ਤੇ ਅਸਾਂ ਪਰਕਰਮਾ ਵਿਚ ਥਾਂ-ਪਰ-ਥਾਂ ਕਈ ਸਿੰਘ ਸ਼ਹੀਦ ਹੁੰਦੇ ਵੇਖੇ, ਪਰ ਅੰਦਰ ਮਰਯਾਦਾ ਅਨੁਸਾਰ ਸਾਰਾ ਕਾਰਜ ਹੁੰਦਾ ਰਿਹਾ। ਹਾਂ, ਰਾਤ ਨੂੰ ਸਾਢੇ ਅਠ ਵਜੇ ਹੀ ਸਮਾਪਤੀ ਕਰ ਦਿੱਤੀ ਗਈ। 6 ਜੂਨ ਨੂੰ ਵੀ ਸਵੇਰੇ ਸਾਢੇ ਚਾਰ ਵਜੇ ਕੀਰਤਨ ਸ਼ੁਰੂ ਹੋਇਆ। ਅਠ ਵਜੇ ਘੰਟਾ ਘਰ ਵਾਲੇ ਪਾਸਿਓਂ ਹਰਿਮੰਦਰ ਸਾਹਿਬ ਉੱਤੇ ਗੋਲੀਆਂ ਦੀ ਵਾਛੜ ਹੋਈ। ਇਕ ਗੋਲੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਵਿਚ ਲੱਗੀ, ਜੋ ਕੁਝ ਪੱਤਰੇ ਚੀਰ ਕੇ ਬਾਹਰ ਨਿਕਲ ਗਈ। (ਇਹ ਬੀੜ ਸੰਭਾਲ ਕੇ ਰੱਖ ਲਈ ਗਈ ਹੈ।) ਅਖੰਡ ਕੀਰਤਨੀ ਜਥੇ ਦਾ ਇਕ ਸ਼ਰਧਾਲੂ ਕੀਰਤਨੀਆ ਭਾਈ ਅਵਤਾਰ ਸਿੰਘ ਕੀਰਤਨ ਕਰ ਰਿਹਾ ਸੀ। ਦੋ ਗੋਲੀਆਂ ਉਸ ਨੂੰ ਲੱਗੀਆਂ। ਡਾਕਟਰੀ ਸਹਾਇਤਾ ਦਾ ਕੋਈ ਸੁਆਲ ਹੀ ਨਹੀਂ ਸੀ, ਸ਼ਾਮ ਨੂੰ ਉਹ ਪ੍ਰਾਣ ਤਿਆਗ ਗਿਆ। ਉਪਰਲੀ ਮੰਜ਼ਲ ਉੱਤੇ ਇਕ ਪਾਠੀ ਸਿੰਘ ਪਾਠ ਕਰ ਰਿਹਾ ਸੀ। ਇਕ ਬਾਰੀ ਉੱਤੇ ਗੋਲੀ ਲੱਗਣ ਨਾਲ ਸ਼ੀਸ਼ੇ ਦਾ ਇਕ ਟੁਕੜਾ ਪਾਠੀ ਸਿੰਘ ਦੇ ਹੱਥ ਉੱਤੇ ਲਗਾ, ਜਿਸ ਵਿੱਚੋਂ ਖ਼ੂਨ ਨਿਕਲ ਕੇ ਰੁਮਾਲੇ ਅਤੇ ਪਤਰੇ ਤੇ ਵੀ ਲਗ ਗਿਆ। ਹਰਿਮੰਦਰ ਸਾਹਿਬ ਵੱਲ ਕਿੰਨੀਆਂ ਗੋਲੀਆਂ ਚਲਾਈਆਂ ਗਈਆਂ, ਇਸ ਦਾ ਅਨੁਮਾਨ ਇਸ ਗੱਲ ਤੋਂ ਲਗ ਸਕਦਾ ਹੈ ਕਿ ਇਹਦੀਆਂ ਬਾਹਰਲੀਆਂ ਦੀਵਾਰਾਂ ਉੱਤੇ ਗੋਲੀਆਂ ਦੇ ਲਗ ਪਗ ਤਿੰਨ ਸੌ ਵੱਡੇ-ਛੋਟੇ ਨਿਸ਼ਾਨ ਸਨ। ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ, ਜੋ ਸੂਰਮਾ ਸੀ ਅਤੇ ਦੋ ਹੋਰ ਸਿੰਘ ਦਰਸ਼ਨੀ ਡਿਉਢੀ ਤੋਂ ਬਾਹਰ ਨਿਕਲਦੇ ਹੋਏ ਲਾਚੀ ਬੇਰ ਕੋਲ ਸ਼ਹੀਦ ਹੋ ਗਏ।" ਇਨ੍ਹਾਂ ਘਟਨਾਵਾਂ ਦੀ ਮੌਜੂਦਗੀ ਵਿਚ ਸਰਕਾਰ ਦਾ ਇਹ ਦਾਅਵਾ ਕਿੰਨਾ ਖੋਖਲਾ ਹੈ ਕਿ ਹਰਿਮੰਦਰ ਸਾਹਿਬ ਦਾ ਕੋਈ ਨੁਕਸਾਨ ਨਹੀਂ ਹੋਇਆ। ਵ੍ਹਾਈਟ ਪੇਪਰ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਫ਼ੌਜ ਨੂੰ ਹਦਾਇਤ ਕੀਤੀ ਗਈ ਸੀ ਕਿ ਪਵਿੱਤਰ ਅਸਥਾਨਾਂ ਦੇ ਸਤਿਕਾਰ ਦਾ ਪੂਰਾ ਪੂਰਾ ਖ਼ਿਆਲ ਰੱਖਿਆ ਜਾਏ ਤੇ ਕਿਸੇ ਤਰ੍ਹਾਂ ਦੀ ਕੋਈ ਬੇਅਦਬੀ ਨਾ ਹੋਵੇ। ਅੱਖੀਂ ਵੇਖਣ ਵਾਲਿਆਂ ਦੇ ਬਿਆਨਾਂ ਅਨੁਸਾਰ ਫ਼ੌਜੀ ਬੂਟਾਂ ਸਮੇਤ ਪਰਕਰਮਾ ਵਿਚ ਫਿਰਦੇ ਰਹੇ ਤੇ ਖੁੱਲ੍ਹੇ ਆਮ ਸਿਗਰਟਾਂ ਤੇ ਸ਼ਰਾਬ ਪੀਂਦੇ ਰਹੇ। ਪਵਿੱਤਰ ਸਰੋਵਰ ਲਾਸ਼ਾਂ ਨਾਲ ਭਰ ਗਿਆ ਸੀ ਤੇ ਪਰਕਰਮਾ ਵਿਚੋਂ ਵੀ ਖ਼ੂਨ ਵਗ ਕੇ ਸਰੋਵਰ ਵਿਚ ਮਿਲ ਰਿਹਾ ਸੀ। ਹਰਿਮੰਦਰ ਸਾਹਿਬ ਵਿਚ

ਮਰਯਾਦਾ ਅਨੁਸਾਰ ਪ੍ਰੋਗਰਾਮ ਚਲਾਣਾ ਅਸੰਭਵ ਹੋ ਗਿਆ ਸੀ। ਇਨ੍ਹਾਂ ਤੱਥਾਂ ਦੀ ਮੌਜੂਦਗੀ ਵਿਚ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਹਰਿਮੰਦਰ ਸਾਹਿਬ ਜਾਂ ਅਕਾਲ ਤਖ਼ਤ ਸਾਹਿਬ ਦੀ ਕੋਈ ਬੇਅਦਬੀ ਨਹੀਂ ਹੋਈ।

6 ਜੂਨ ਸ਼ਾਮ ਨੂੰ ਕੁਝ ਚਿਰ ਲਈ ਕਰਫ਼ਿਊ ਵਿਚ ਢਿੱਲ ਦਿੱਤੀ ਗਈ ਤੇ ਗੋਲਾਬਾਰੀ ਵੀ ਬੰਦ ਹੋ ਗਈ। ਲਾਊਡ ਸਪੀਕਰ ਉੱਤੇ ਐਲਾਨ ਹੋਇਆ ਕਿ ਜੋ ਜੋ ਵਿਅਕਤੀ ਕਿਸੇ ਵੀ ਕਮਰੇ ਵਿਚ ਬੈਠੇ ਹਨ, ਬਾਹਰ ਆ ਜਾਣ। ਇਸ ਉੱਤੇ ਪਰਕਰਮਾ ਦੇ ਆਲੇ-ਦੁਆਲੇ ਦੇ ਬੁੰਗਿਆਂ ਵਿਚੋਂ ਢਾਈ ਤਿੰਨ ਸੌ ਪੁਰਸ਼ ਇਸਤ੍ਰੀਆਂ ਤੇ ਬੱਚੇ ਬਾਹਰ ਆ ਗਏ। ਇਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ ਪਬਲਿਸਟੀ ਅਫ਼ਸਰ ਨਰਿੰਦਰਜੀਤ ਸਿੰਘ ਨੰਦਾ ਵੀ ਸਨ। ਉਨ੍ਹਾਂ ਦੇ ਕਥਨ ਅਨੁਸਾਰ ਇਸਤ੍ਰੀਆਂ ਤੇ ਛੋਟੇ ਬੱਚਿਆਂ ਨੂੰ ਵਖ ਵਖ ਕਰ ਲਿਆ ਗਿਆ। ਬਾਕੀਆਂ ਦੇ ਹੱਥ ਉਨ੍ਹਾਂ ਦੀਆਂ ਪੱਗਾਂ ਨਾਲ ਪਿੱਛੇ ਬੰਨ੍ਹ ਕੇ ਸੱਤਰ ਸੱਤਰ ਦੀਆਂ ਤਿੰਨ ਕਤਾਰਾਂ ਵਿਚ ਬਿਠਾ ਦਿੱਤਾ ਗਿਆ। ਬਾਅਦ ਵਿਚ ਇਨ੍ਹਾਂ ਵਿੱਚੋਂ ਕਈਆਂ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ। ਪੋਸਟ-ਮਾਰਟਮ ਕਰਨ ਵਾਲਾ ਇਕ ਡਾਕਟਰ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਉਹਦੇ ਕੋਲ ਜੋ ਲਾਸ਼ਾਂ ਲਿਆਂਦੀਆਂ ਗਈਆਂ, ਉਨ੍ਹਾਂ ਵਿੱਚੋਂ ਕਈਆਂ ਦੇ ਹੱਥ ਪਿੱਛੇ ਬੰਨ੍ਹੇ ਹੋਏ ਸਨ। ਸਪੱਸ਼ਟ ਹੈ ਕਿ ਆਪਣੇ ਆਪ ਗ੍ਰਿਫ਼ਤਾਰ ਹੋਣ ਵਾਲਿਆਂ ਨੂੰ ਬਾਅਦ ਵਿਚ ਗੋਲੀਆਂ ਨਾਲ ਉਡਾਇਆ ਗਿਆ ਸੀ।

ਦਰਬਾਰ ਸਾਹਿਬ ਸਮੂਹ ਦੇ ਨਾਲ ਹੀ ਫ਼ੌਜ ਨੇ ਪੰਜਾਬ ਵਿਚਲੇ 37 ਹੋਰ ਗੁਰਦੁਆਰਿਆਂ ਉੱਤੇ ਧਾਵਾ ਬੋਲਿਆ ਅਤੇ ਕਈ ਥਾਈਂ, ਵਿਸ਼ੇਸ਼ ਕਰਕੇ ਪਟਿਆਲੇ, ਮੋਗੇ, ਮੁਕਤਸਰ ਤੇ ਚਮਕੌਰ ਸਾਹਿਬ ਉੱਤੇ ਬਿਨਾਂ ਕਿਸੇ ਕਾਰਨ ਜਾਂ ਭੜਕਾਹਟ ਦੇ ਗੋਲਾਬਾਰੀ ਕੀਤੀ। ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਉੱਤੇ ਲਗਾਤਾਰ 24 ਘੰਟੇ ਅੰਧਾ ਧੁੰਦ ਗੋਲੀ ਚਲਾਈ ਗਈ। ਸਰਕਾਰ ਦੇ ਆਪਣੇ ਕਥਨ ਅਨੁਸਾਰ ਇੱਥੇ ਸ਼ਹੀਦ ਹੋਣ ਵਾਲਿਆਂ ਦੀ ਗਿਣਤੀ 20 ਸੀ, ਪਰ ਹਸਪਤਾਲ ਦੇ ਡਾਕਟਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ 56 ਲਾਸ਼ਾਂ ਦਾ ਪੋਸਟ-ਮਾਰਟਮ ਕੀਤਾ ਸੀ। ਇਹ ਸਾਰੇ ਆਲੇ-ਦੁਆਲੇ ਦੇ ਪਿੰਡਾਂ ਵਿੱਚੋਂ ਆਏ ਹੋਏ ਯਾਤਰੂ ਸਨ। ਫ਼ੌਜ ਨੇ 5 ਜੂਨ ਤੋਂ ਲੈ ਕੇ 27 ਜੂਨ ਤਕ ਗੁਰਦੁਆਰਾ ਮੁਕਤਸਰ ਦਾ ਘੇਰਾ ਪਾਈ ਰਖਿਆ। ਇੱਥੇ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਾਲੇ ਬਾਬਾ ਹਰਬੰਸ ਸਿੰਘ ਕਾਰ ਸੇਵਾ ਲਈ ਆਏ ਹੋਏ ਸਨ ਤੇ ਸੈਂਕੜੇ ਹੋਰ ਪੁਰਸ਼ ਵੀ ਸੇਵਾ ਲਈ ਉੱਥੇ ਠਹਿਰੇ ਹੋਏ ਸਨ। ਬਾਬਾ ਜੀ ਦੀ, ਗੁਰਦੁਆਰੇ ਦੇ ਗ੍ਰੰਥੀਆਂ ਦੀ ਅਤੇ ਬਜ਼ੁਰਗ ਯਾਤਰੀਆਂ ਦੀ ਵੀ ਤਲਾਸ਼ੀ ਲਈ ਗਈ ਤੇ ਉਨ੍ਹਾਂ ਨੂੰ ਮਾਰਿਆ-ਕੁੱਟਿਆ ਤੇ ਪ੍ਰੇਸ਼ਾਨ ਕੀਤਾ ਗਿਆ। ਫ਼ੌਜ ਵੱਲੋਂ ਗੋਲੀ ਚਲਾਏ ਜਾਣ ਨਾਲ ਵੀ ਕੁਝ ਸਿੰਘ ਸ਼ਹੀਦ ਹੋ ਗਏ। ਗੁਰਦੁਆਰਾ ਚਮਕੌਰ ਸਾਹਿਬ ਵਿਚ ਸੱਤਰ ਸਾਲ ਦੇ ਇਕ ਸੇਵਾਦਾਰ ਜਗਨਾਹਰ ਸਿੰਘ ਨੂੰ ਉਸ ਵੇਲੇ ਗੋਲੀ ਮਾਰ ਦਿੱਤੀ ਗਈ, ਜਦ ਉਹ ਸਵੇਰੇ ਸਵੇਰੇ ਗੁਰਦੁਆਰੇ ਦੇ ਬਾਹਰ ਬਣੀਆਂ ਟੱਟੀਆਂ ਵਿਚ ਪਖ਼ਾਨੇ ਜਾ ਰਿਹਾ ਸੀ। ਨਾ ਇੱਥੋਂ ਤੇ ਨਾ ਕਿਸੇ ਹੋਰ ਗੁਰਦੁਆਰੇ ਵਿੱਚੋਂ ਹਥਿਆਰ ਜਾਂ ਕੋਈ ਹੋਰ ਇਤਰਾਜ਼ ਯੋਗ ਚੀਜ਼ ਮਿਲੀ, ਫਿਰ ਵੀ 12 ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਦਰਬਾਰ ਸਾਹਿਬ ਉੱਤੇ ਫ਼ੌਜ ਦੇ ਹਮਲੇ ਦੀ ਖ਼ਬਰ ਸੁਣ ਕੇ ਆਲੇ-ਦੁਆਲੇ ਅਤੇ ਦੂਰ-ਦੁਰਾਡੇ ਕਈ ਪਿੰਡਾਂ ਵਿੱਚੋਂ ਲੋਕ ਆਪ-ਮੁਹਾਰੇ ਵਹੀਰਾਂ ਪਾ ਕੇ ਅੰਮ੍ਰਿਤਸਰ ਵੱਲ ਚੱਲ ਪਏ ਸਨ। ਹਵਾਈ ਜਹਾਜ਼ ਜਿੱਥੇ ਲੋਕਾਂ ਦਾ ਇਕੱਠ ਵੇਖਦੇ, ਉਸ ਦੀ ਖ਼ਬਰ ਫ਼ੌਜ ਨੂੰ ਭੇਜ ਦੇਂਦੇ। ਫ਼ੌਜ ਟੈਂਕਾਂ ਸਮੇਤ ਉੱਥੇ ਪਹੁੰਚ ਕੇ ਲੋਕਾਂ ਨੂੰ ਖਿੰਡਾਣ-ਪੁੰਡਾਣ ਲਈ ਅੰਨ੍ਹੇਵਾਹ ਗੋਲੀਆਂ ਚਲਾਉਂਦੀ। ਇਸ ਨਾਲ ਵੀ ਸੈਂਕੜੇ ਸਿਖ ਮਾਰੇ ਗਏ। 4 ਤੇ 5 ਜੂਨ ਨੂੰ ਜਿਹੜੇ ਦੋਧੀ ਪਿੰਡਾਂ ਵਿਚੋਂ ਦੁੱਧ ਲੈ ਕੇ ਆਏ, ਉਨ੍ਹਾਂ ਵਿੱਚੋਂ ਕਈ ਕਰਫ਼ਿਊ ਦੀ ਉਲੰਘਣਾ ਵਿਚ ਮਾਰੇ ਗਏ। ਫ਼ੌਜ ਇਸ ਵੇਲੇ ਸਾਰੇ ਪੰਜਾਬ ਵਿਚ ਹਰਲ

ਹਰਲ ਕਰਦੀ ਫਿਰ ਰਹੀ ਸੀ ਅਤੇ ਇਸ ਦਾ ਮੁਖ ਕੰਮ ਸਿੱਖਾਂ ਨੂੰ ਹਰਾਸ ਤੇ ਪ੍ਰੇਸ਼ਾਨ ਕਰਨਾ ਤੇ ਦਹਿਸ਼ਤ ਫੈਲਾਣਾ ਸੀ। 20 ਜੁਲਾਈ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚੋਂ 60 ਕੂ ਵਿਦਿਆਰਥੀ ਬਾਹਰ ਆ ਰਹੇ ਸਨ। ਮੇਜਰ ਉੱਪਲ ਦੀ ਸਰਕਰਦਗੀ ਵਿਚ ਫ਼ੌਜ ਦੀ ਇਕ ਟੁਕੜੀ ਨੇ ਉਨ੍ਹਾਂ ਨੂੰ ਘੇਰ ਲਿਆ। ਉਨ੍ਹਾਂ ਦੇ ਨਾਲ ਦੋ ਪ੍ਰੋਫ਼ੈਸਰ ਵੀ ਸਨ, ਜਿਨ੍ਹਾਂ ਨੇ ਤਸਦੀਕ ਕੀਤੀ ਕਿ ਇਨ੍ਹਾਂ ਵਿਚ ਕੋਈ ਅੱਤਵਾਦੀ ਨਹੀਂ ਹੈ। ਫਿਰ ਵੀ ਉਨ੍ਹਾਂ ਨੂੰ ਗੋਡਿਆਂ ਭਾਰ ਹੋ ਕੇ ਰੀਂਗਣ ਦਾ ਹੁਕਮ ਦਿੱਤਾ ਗਿਆ। ਬਾਅਦ ਵਿਚ ਉਨ੍ਹਾਂ ਵਿੱਚੋਂ ਤਿੰਨਾਂ ਨੂੰ ਤਫ਼ਤੀਸ਼ ਲਈ ਨਾਲ ਲੈ ਗਏ ਤੇ ਕਾਫ਼ੀ ਪ੍ਰੇਸ਼ਾਨ ਕਰਨ ਪਿੱਛੋਂ ਰਿਹਾਅ ਕੀਤਾ।

'ਅਪਰੇਸ਼ਨ ਨੀਲਾ ਤਾਰਾ' ਦੇ ਨਾਲ ਹੀ ਫ਼ੌਜ ਨੂੰ 'ਅਪਰੇਸ਼ਨ ਵੁੱਡਰੋਜ਼' ਨਾਂ ਥੱਲੇ ਪਿੰਡਾਂ ਵਿੱਚੋਂ ਅੱਤਵਾਦੀਆਂ ਦਾ ਸਫ਼ਾਇਆ ਕਰਨ ਦਾ ਕੰਮ ਸੌਂਪਿਆ ਗਿਆ ਸੀ। ਅੱਤਵਾਦੀਆਂ ਦੀ ਸ਼ਨਾਖ਼ਤ ਦਾ ਗੁਰ ਜੁਲਾਈ 1984 ਦੇ ਫ਼ੌਜੀ ਅਖ਼ਬਾਰ 'ਬਾਤ-ਚੀਤ' ਵਿਚ ਸਰਕੂਲਰ ਨੰ: 153 ਦੁਆਰਾ ਇਨ੍ਹਾਂ ਸ਼ਬਦਾਂ ਵਿਚ ਦਿੱਤਾ ਗਿਆ ਸੀ, "ਭਾਵੇਂ ਅੱਤਵਾਦੀਆਂ ਦੀ ਬਹੁ-ਗਿਣਤੀ ਦਾ ਸਫ਼ਾਇਆ ਕਰ ਦਿੱਤਾ ਗਿਆ ਹੈ ਅਤੇ ਬਹੁਤ ਸਾਰੇ ਹੱਥਿਆਰ ਅਤੇ ਦਾਰੂ-ਸਿੱਕਾ ਬਰਾਮਦ ਕਰ ਲਿਆ ਗਿਆ ਹੈ, ਪਰ ਅਜੇ ਕਾਫ਼ੀ ਅੱਤਵਾਦੀ ਖੁਲ੍ਹੇ ਫਿਰ ਰਹੇ ਹਨ। ਸੋ ਦੇਸ ਵਿਚ ਅਮਨ ਕਾਇਮ ਰੱਖਣ ਲਈ ਉਨ੍ਹਾਂ ਦਾ ਫੜਨਾ ਆਵੱਸ਼ਕ ਹੈ। ਅੰਮ੍ਰਿਤਧਾਰੀ ਬੜੇ ਖ਼ਤਰਨਾਕ ਬੰਦੇ ਹਨ। ਇਹ ਹੱਤਿਆਵਾਂ, ਸਾੜ-ਫੂਕ ਤੇ ਦਹਿਸ਼ਤ ਵਾਲੀਆਂ ਕਾਰਵਾਈਆਂ ਕਰਨ ਲਈ ਵਚਨ-ਬੱਧ ਹਨ। ਸੋ ਜਿੱਥੇ ਵੀ ਇਨ੍ਹਾਂ ਦਾ ਪਤਾ ਲੱਗੇ, ਅਧਿਕਾਰੀਆਂ ਨੂੰ ਫ਼ੌਰਨ ਇਸ ਦੀ ਖ਼ਬਰ ਦਿੱਤੀ ਜਾਏ। ਇਹ ਲੋਕ ਉੱਤੋਂ ਭਾਵੇਂ ਕਿੰਨੇ ਭੋਲੇ ਭਾਲੇ ਤੇ ਸਾਊ ਦਿੱਸਣ, ਵਿੱਚੋਂ ਦਹਿਸ਼ਤ-ਪਸੰਦ ਹਨ। ਇਹ ਗੱਲ ਸਾਡੇ ਸਾਰਿਆਂ ਦੇ ਹਿੱਤ ਵਿਚ ਹੈ ਕਿ ਇਨ੍ਹਾਂ ਦੀ ਸ਼ਨਾਖ਼ਤ ਕੀਤੀ ਜਾਏ।" ਇਹ ਸਰਕੂਲਰ ਅਫ਼ਸਰਾਂ ਵੱਲੋਂ ਫ਼ੌਜੀਆਂ ਦੇ ਨਾਂ ਇਕ ਅਪੀਲ ਵਜੋਂ ਸੀ। ਇਹੋ ਜਿਹੀ ਲੱਚਰ, ਬੇਹੂਦਾ ਤੇ ਮੂਰਖਤਾ-ਭਰੀ ਅਪੀਲ ਸਾਡੀ ਸਰਕਾਰ ਹੀ ਕਰ ਸਕਦੀ ਸੀ। ਕਿਸ ਨੂੰ ਨਹੀਂ ਪਤਾ ਕਿ ਅੰਮ੍ਰਿਤਧਾਰੀ ਹੋਣਾ ਹਰੇਕ ਸਿਖ ਦਾ ਮੁਖ ਕਰਤੱਵ ਹੈ ਤੇ ਜੋ ਸਿਖ ਅੰਮ੍ਰਿਤਧਾਰੀ ਨਹੀਂ, ਉਹਨੂੰ ਬੇਮੁਖ ਸਮਝਿਆ ਜਾਂਦਾ ਹੈ। ਸਾਲ ਵਿਚ ਅਨੇਕਾਂ ਥਾਈਂ ਗੁਰਪੁਰਬਾਂ ਦੇ ਮੌਕਿਆਂ ਤੇ, ਅਤੇ ਗੁਰਮਤਿ ਸਮਾਗਮਾਂ ਤੇ ਕਾਨਫ਼ਰੰਸਾਂ ਵਿਚ ਅੰਮ੍ਰਿਤ ਛਕਾਣ ਦਾ ਉਚੇਚਾ ਪ੍ਰਬੰਧ ਹੁੰਦਾ ਹੈ। ਸੋ ਇਕ ਤਰ੍ਹਾਂ ਨਾਲ ਇਹ ਸਰਕੂਲਰ ਸਾਰੇ ਸਿੱਖਾਂ ਦੇ ਵਿਰੁੱਧ ਸੀ। ਇਸ ਸਰਕੂਲਰ ਦਾ ਹੀ ਨਤੀਜਾ ਸੀ ਕਿ ਫ਼ੌਜੀ ਪਿੰਡਾਂ ਵਿਚ ਜਾ ਕੇ ਆਮ ਤੌਰ ਤੇ ਹਰੇਕ ਸਿਖ ਨੂੰ ਪੁਛਦੇ ਕਿ ਕੀ ਉਹ ਅੰਮ੍ਰਿਤਧਾਰੀ ਹੈ। ਅੰਮ੍ਰਿਤਧਾਰੀ ਦਾ ਜਵਾਬ ਤਾਂ ਸੁਭਾਵਕ ਹੀ 'ਹਾਂ' ਵਿਚ ਹੋਣਾ ਸੀ। ਸੋ ਜਿਹੜਾ 'ਹਾਂ' ਕਹਿੰਦਾ, ਉਹਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ। ਸਾਡੀ ਸਰਕਾਰ ਨੂੰ ਇਹ ਗੱਲ ਵੀ ਭੁੱਲ ਗਈ ਸੀ ਕਿ ਭਾਰਤ ਦੇ ਸੁਤੰਤਰਤਾ-ਸੰਗਰਾਮ ਵਿਚ ਹਿੱਸਾ ਲੈ ਕੇ ਉਮਰ-ਕੈਦਾਂ ਕੱਟਣ ਵਾਲੇ—ਭਾਈ ਰਣਧੀਰ ਸਿੰਘ, ਬਾਬਾ ਜਵਾਲਾ ਸਿੰਘ, ਬਾਬਾ ਵਿਸਾਖਾ ਸਿੰਘ ਤੇ ਬਾਬਾ ਸੋਹਣ ਸਿੰਘ ਭਕਨਾ ਆਦਿ ਸਾਰੇ ਅੰਮ੍ਰਿਤਧਾਰੀ ਸਿਖ ਸਨ। ਸਾਡੀ ਧਰਮ-ਨਿਰਪੱਖ ਤੇ ਲੋਕ-ਰਾਜੀ ਸਰਕਾਰ ਇਹ ਨਹੀਂ ਚਾਹੁੰਦੀ ਸੀ ਕਿ ਸਿਖ ਆਪਣੀ ਰਹਿਤ-ਮਰਯਾਦਾ ਉੱਤੇ ਅਮਲ ਕਰਦੇ ਹੋਏ ਅੰਮ੍ਰਿਤਧਾਰੀ ਬਣਨ। ਇਹ ਗੱਲ ਵਰਣਨ ਯੋਗ ਹੈ ਕਿ ਬਾਅਦ ਵਿਚ ਹਾਈ ਕੋਰਟ ਵਿਚ ਇਸ ਸਰਕੂਲਰ ਦੇ ਵਿਰੁੱਧ ਦਰਖ਼ਾਸਤ ਦਿੱਤੀ ਗਈ ਸੀ ਤੇ ਹਾਈ ਕੋਰਟ ਦੇ ਹੁਕਮ ਨਾਲ ਸਰਕੂਲਰ ਵਾਪਸ ਲੈ ਲਿਆ ਸੀ। ਜੂਨ ਤੇ ਜੁਲਾਈ ਦੇ ਦੋ ਮਹੀਨੇ ਪਿੰਡਾਂ ਵਿਚ ਫ਼ੌਜ ਦੇ ਇਉਂ ਚੱਕਰ ਲੱਗੇ, ਜਿਵੇਂ ਕਦੀ ਮੁਗ਼ਲਾਂ ਦੀ ਗਸ਼ਤੀ ਫ਼ੌਜ ਸਿੱਖਾਂ ਦਾ ਸ਼ਿਕਾਰ ਕਰਦੀ ਸੀ। ਅਨੁਮਾਨ ਹੈ ਕਿ ਜੁਲਾਈ 1984 ਦੇ ਅਖ਼ੀਰ ਤਕ ਲਗ ਪਗ ਪੰਜ ਹਜ਼ਾਰ ਸਿੱਖਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ ਸੀ। ਇਨ੍ਹਾਂ ਨੂੰ ਬਹੁਤਾ ਚਿਰ ਜੇਲ੍ਹਾਂ ਵਿਚ ਰਖਿਆ ਨਹੀਂ ਜਾ ਸਕਦਾ ਸੀ ਤੇ ਕਿਸੇ ਸਬੂਤ ਦੀ ਅਣਹੋਂਦ ਵਿਚ

ਸਜ਼ਾ ਵੀ ਨਹੀਂ ਦਿੱਤੀ ਜਾ ਸਕਦੀ ਸੀ। ਇਸ ਲਈ ਪੰਜਾਬ ਨੂੰ ਹੰਗਾਮੀ ਇਲਾਕਾ ਕਰਾਰ ਦੇ ਕੇ ਇਕ ਨਵਾਂ ਕਾਨੂੰਨ ਟਾਡਾ (TADA) ਲਾਗੂ ਕੀਤਾ ਗਿਆ, ਜੀਹਦੇ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਬਿਨਾਂ ਮੁਕੱਦਮਾ ਚਲਾਏ ਅਣਮਿੱਥੇ ਸਮੇਂ ਲਈ ਜੇਲ੍ਹ ਵਿਚ ਡੱਕਿਆ ਜਾ ਸਕਦਾ ਸੀ। ਕਾਨੂੰਨ ਦਾ ਮੂਲ ਸਿਧਾਂਤ ਤਾਂ ਇਹ ਹੈ ਕਿ ਜਦ ਤਕ ਕਿਸੇ ਪੁਰਸ਼ ਨੂੰ ਦੋਸ਼ੀ ਸਾਬਤ ਨਾ ਕਰ ਲਿਆ ਜਾਏ, ਉਹ ਨਿਰਦੋਸ਼ ਸਮਝਿਆ ਜਾਂਦਾ ਹੈ। ਪਰ ਇਸ ਨਵੇਂ ਕਾਨੂੰਨ ਦੇ ਅਧੀਨ ਗ੍ਰਿਫ਼ਤਾਰ ਕੀਤੇ ਗਏ ਹਰੇਕ ਵਿਅਕਤੀ ਨੂੰ ਪਹਿਲਾਂ ਹੀ ਦੋਸ਼ੀ ਮਿੱਥ ਲਿਆ ਜਾਂਦਾ ਹੈ ਤੇ ਉਸ ਦਾ ਫ਼ਰਜ਼ ਹੁੰਦਾ ਹੈ ਕਿ ਉਹ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰੇ। ਸੋ ਫ਼ੌਜ ਨੇ ਹਜ਼ਾਰਾਂ ਬੇਗੁਨਾਹ ਗ੍ਰਿਫ਼ਤਾਰ ਕਰ ਕੇ ਅੰਦਰ ਡੱਕ ਦਿੱਤੇ। ਸੈਂਕੜੇ ਫ਼ੌਜ ਦੇ ਤਸ਼ੱਦਦ ਦਾ ਸ਼ਿਕਾਰ ਹੋ ਗਏ ਤੇ ਕਿੰਨਿਆਂ ਦੀ ਇਹ ਦੋਸ਼ ਲਾ ਕੇ ਹੱਤਿਆ ਕਰ ਦਿੱਤੀ ਗਈ ਕਿ ਉਨ੍ਹਾਂ ਨੇ ਫ਼ੌਜ ਦਾ ਮੁਕਾਬਲਾ ਕੀਤਾ ਸੀ। ਸੋ ਪੰਜਾਬ ਵਿਚ ਇਸ ਵੇਲੇ ਬਿਨਾਂ ਐਲਾਨ ਕੀਤੇ ਮਾਰਸ਼ਲ-ਲਾਅ ਲਾਗੂ ਸੀ। ਇਸ ਘੱਲੂਘਾਰੇ ਤੋਂ ਦਸ ਦਿਨ ਬਾਅਦ ਜੀਪ ਰਾਹੀਂ ਅਟਾਰੀ ਤੋਂ ਅੰਮ੍ਰਿਤਸਰ ਤਕ ਦਾ ਸਫ਼ਰ ਕਰਦਿਆਂ ਮੈਂ ਆਪ ਸੜਕ ਦੇ ਦੋਹੀਂ ਪਾਸੀਂ ਕਈ ਥਾਈਂ ਸਿੱਖਾਂ ਦੀਆਂ ਲਾਸ਼ਾਂ ਪਈਆਂ ਵੇਖੀਆਂ। ਕਈ ਲੋਕਾਂ ਨੇ ਦੱਸਿਆ ਕਿ ਪਿੰਡਾਂ ਵੱਲੋਂ ਅੰਮ੍ਰਿਤਸਰ ਵੱਲ ਆਉਂਦੇ ਰਾਹਾਂ ਉੱਤੇ ਉਨ੍ਹਾਂ ਨੇ ਕਈ ਲਾਸ਼ਾਂ ਵੇਖੀਆਂ ਸਨ। ਜਿਹਾ ਕਿ ਓਦੋਂ ਪੰਜਾਬ ਦੇ ਇਕ ਵੱਡੇ ਪੁਲਿਸ ਅਫ਼ਸਰ ਨੇ ਆਖਿਆ ਸੀ, "ਸਾਡੀ ਫ਼ੌਜ ਹਲਕ ਗਈ ਸੀ ਤੇ ਅਕਾਰਨ ਹੀ ਸ਼ੁਗਲ ਵਜੋਂ ਸਿੱਖਾਂ ਦਾ ਸ਼ਿਕਾਰ ਕਰ ਰਹੀ ਸੀ।" ਮੁੱਕਦੀ ਗੱਲ ਇਹ ਕਿ ਇਸ ਘੱਲੂਘਾਰੇ ਵਿਚ ਲਗ ਪਗ ਪੰਜ ਹਜ਼ਾਰ ਸਿਖ ਸ਼ਹੀਦ ਹੋ ਗਏ ਸਨ। ਜੇਲ੍ਹਾਂ ਵਿਚ ਡੱਕੇ ਗਏ ਸਿੱਖਾਂ ਦੀ, ਜਿਨ੍ਹਾਂ ਉੱਤੇ ਕੋਈ ਨਿਸਚਿਤ ਦੋਸ਼ ਨਹੀਂ ਸੀ ਤੇ ਜਿਨ੍ਹਾਂ ਵਿਚ ਦੋ ਦਰਜਨ ਤੋਂ ਵੱਧ,ਦਸ ਦਸ ਬਾਰ੍ਹਾਂ ਬਾਰ੍ਹਾਂ ਸਾਲ ਜਾਂ ਘੱਟ ਉਮਰ ਦੇ ਬੱਚੇ ਵੀ ਸਨ, ਗਿਣਤੀ ਪੰਜ ਹਜ਼ਾਰ ਤੋਂ ਵੀ ਵਧੀਕ ਸੀ। ਇਨ੍ਹਾਂ ਵਿੱਚੋਂ ਕਈਆਂ ਕੋਲੋਂ ਕਿੰਨਾ ਚਿਰ ਬਾਅਦ ਤਕ ਪੁੱਛ-ਗਿੱਛ ਹੁੰਦੀ ਰਹੀ। 364 ਕਥਿਤ ਅੱਤਵਾਦੀ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤੇ ਗਏ ਸਨ। ਇਨ੍ਹਾਂ ਵਿਚ ਵੀ ਕਈ ਯਾਤਰੀ ਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਸਨ। ਜਦ ਲਗ ਪਗ ਸਾਢੇ ਤਿੰਨ ਸਾਲ ਬਾਅਦ ਇਨ੍ਹਾਂ ਨੂੰ ਰਿਹਾ ਕੀਤਾ ਗਿਆ, ਤਾਂ ਇਨ੍ਹਾਂ ਵਿੱਚੋਂ ਕਈ ਸਰੀਰਕ ਤੇ ਮਾਨਸਿਕ ਤੌਰ ਤੇ ਨਕਾਰਾ ਹੋ ਚੁਕੇ ਸਨ। ਸਾਰੇ ਸਿਰਕੱਢ ਅਕਾਲੀ ਆਗੂਆਂ—ਸੰਤ ਲੌਂਗੋਵਾਲ, ਜਥੇਦਾਰ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਉਜਾਗਰ ਸਿੰਘ ਸੇਖਵਾਂ ਆਦਿ ਨੂੰ ਗ੍ਰਿਫ਼ਤਾਰ ਕਰ ਕੇ ਪੰਜਾਬੋਂ ਬਾਹਰ ਵਖ ਵਖ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ ਸੀ। ਇਨ੍ਹਾਂ ਦੇ ਵਿਰੁੱਧ ਬਗ਼ਾਵਤ ਕਰਨ ਦਾ ਦੋਸ਼ ਤੇ ਇਨ੍ਹਾਂ ਨੂੰ ਇਕ ਸਾਲ ਬਾਅਦ ਰਿਹਾ ਕੀਤਾ ਗਿਆ।

2. ਦਰਬਾਰ ਸਾਹਿਬ ਉੱਤੇ ਫ਼ੌਜ ਦੇ ਹਮਲੇ ਦਾ ਪ੍ਰਤੀਕਰਮ

ਦਰਬਾਰ ਸਾਹਿਬ ਉੱਤੇ ਫ਼ੌਜ ਦੇ ਹਮਲੇ, ਅਕਾਲ ਤਖ਼ਤ ਸਾਹਿਬ ਦੇ ਢਹਿ-ਢੇਰੀ ਹੋਣ, ਹਜ਼ਾਰਾਂ ਬੇਗੁਨਾਹਾਂ ਦੇ ਮਾਰੇ ਜਾਣ ਅਤੇ ਅਰਬਾਂ ਰੁਪਏ ਦੀ ਜਾਇਦਾਦ ਤਬਾਹ ਹੋਣ ਨਾਲ ਸਾਰੇ ਸਿਖ ਜਗਤ ਵਿਚ ਸੁਤੇ ਸਿੱਧ ਹਾਹਾਕਾਰ ਮਚ ਗਈ ਸੀ। ਪੰਜਾਬ ਤਾਂ ਇਸ ਵੇਲੇ ਫ਼ੌਜ ਦੀ ਜਕੜ ਵਿਚ ਸੀ ਤੇ ਇੱਥੇ ਕਿਸੇ ਤਰ੍ਹਾਂ ਦੇ ਰੋਸ ਦਾ ਪ੍ਰਗਟਾਵਾ ਨਹੀਂ ਹੋ ਸਕਦਾ ਸੀ, ਪਰ ਕੈਨੇਡਾ, ਅਮਰੀਕਾ ਤੇ ਇੰਗਲੈਂਡ ਆਦਿ ਦੇਸਾਂ ਵਿਚ 7 ਜੂਨ ਤੋਂ ਹੀ ਵੱਡੇ ਵੱਡੇ ਜਲੂਸ ਨਿਕਲਣੇ ਤੇ ਭਾਰਤੀ ਸਫ਼ਾਰਤ-ਖ਼ਾਨਿਆਂ ਦੇ ਸਾਹਮਣੇ ਮੁਜ਼ਾਹਿਰੇ ਸ਼ੁਰੂ ਹੋ ਗਏ। ਇਹ ਮੁਜ਼ਾਹਿਰੇ ਵਾਸ਼ਿੰਗਟਨ, ਲੰਡਨ, ਟੋਰਾਂਟੋ ਤੇ ਵੈਨਕੋਵਰ ਆਦਿ ਕਈ ਸ਼ਹਿਰਾਂ ਵਿਚ ਹੋਏ। ਅਟਾਵਾ ਵਿਚ ਭਾਰਤੀਆਂ ਦੀ ਨੈਸ਼ਨਲ ਐਸੋਸੀਏਸ਼ਨ ਨੇ ਭਾਰਤ ਸਰਕਾਰ ਦੀ ਇਸ ਕਾਰਵਾਈ ਦੀ ਨਿਖੇਧੀ ਕੀਤੀ। ਪਰੰਤੂ ਇਸ ਘੱਲੂਘਾਰੇ ਦਾ ਇਕ

ਸੁਭਾਵਕ ਸਿੱਟਾ ਸਿਖ ਫ਼ੌਜੀਆਂ ਦਾ ਉਤੇਜਿਤ ਹੋਣਾ ਸੀ। 7 ਜੂਨ ਨੂੰ ਗੰਗਾ ਨਗਰ ਛਾਉਣੀ ਦੀ ਸਿਖ ਰਜਮੰਟ ਦੀ ਨੌਵੀਂ ਬਟਾਲੀਅਨ ਦੇ 600 ਸਿਪਾਹੀਆਂ ਨੇ ਬੈਰਕਾਂ ਛਡ ਕੇ ਪੰਜਾਬ ਵੱਲ ਕੂਚ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਵਿਚਾਰ ਹਰਿਮੰਦਰ ਸਾਹਿਬ ਨੂੰ ਫ਼ੌਜ ਦੇ ਹਮਲੇ ਤੋਂ ਬਚਾਣਾ ਸੀ। ਰਾਜਪੂਤਾਨਾ ਰਾਈਫ਼ਲ ਨੂੰ ਉਨ੍ਹਾਂ ਦਾ ਪਿੱਛਾ ਕਰਨ ਲਈ ਭੇਜਿਆ ਗਿਆ ਤੇ ਉਹ ਬਹੁਤਿਆਂ ਨੂੰ ਵਾਪਸ ਲਿਆਉਣ ਵਿਚ ਸਫ਼ਲ ਹੋ ਗਏ। ਜਦ ਬੀ.ਬੀ.ਸੀ. ਨੇ ਇਹ ਖ਼ਬਰ ਨਸ਼ਰ ਕੀਤੀ, ਤਾਂ ਸਿੱਖਾਂ ਦੀ ਸਭ ਤੋਂ ਵੱਡੀ ਰਜਮੰਟ ਸਿਖ ਰੈਜੀਮੈਂਟਲ ਸੈਂਟਰ ਰਾਮਗੜ੍ਹ (ਬਿਹਾਰ) ਵਿਚ ਵੀ ਹਲਚਲ ਸ਼ੁਰੂ ਹੋ ਗਈ। ਇੱਥੇ ਐਤਵਾਰ ਦੇ ਐਤਵਾਰ ਗੁਰਦੁਆਰੇ ਵਿਚ ਦੀਵਾਨ ਲਗਦਾ ਸੀ ਤੇ ਇਸ ਘੱਲੂਘਾਰੇ ਤੋਂ ਪਹਿਲਾਂ ਹੀ ਪੰਜਾਬ ਦੀਆਂ ਖ਼ਬਰਾਂ ਤੇ ਵਿਸ਼ੇਸ਼ ਕਰਕੇ ਪਿੰਡਾਂ ਵਿਚ ਸਿਖ ਨੌਜਵਾਨਾਂ ਉੱਤੇ ਅੱਤਿਆਚਾਰਾਂ ਦੇ ਕਾਰਨ ਸਿਖ ਸਿਪਾਹੀ, ਵਿਸ਼ੇਸ਼ ਕਰਕੇ ਨਵੇਂ ਭਰਤੀ ਹੋਏ ਰੰਗਰੂਟ ਪ੍ਰੇਸ਼ਾਨ ਸਨ। ਇਸ ਨਵੀਂ ਘਟਨਾ ਦਾ ਉਨ੍ਹਾਂ ਉੱਤੇ ਬੜਾ ਦੁਖਦਾਈ ਪ੍ਰਭਾਵ ਪਿਆ। 10 ਜੂਨ ਐਤਵਾਰ ਨੂੰ ਲਗ ਪਗ 1500 ਸਿਪਾਹੀ ਗੁਰਦੁਆਰੇ ਵਿਚ ਇਕੱਠੇ ਹੋਏ ਤੇ ਉਨ੍ਹਾਂ ਨੇ ਅੰਮ੍ਰਿਤਸਰ ਪਹੁੰਚਣ ਦਾ ਮਨ ਬਣਾ ਲਿਆ। ਇਸ ਮੰਤਵ ਲਈ ਉਨ੍ਹਾਂ ਨੇ ਰਜਮੰਟ ਦੇ ਕਮਾਂਡਰ ਬਿਰਗੇਡੀਅਰ ਐਸ.ਸੀ. ਪੁਰੀ ਪਾਸੋਂ ਛੁੱਟੀ ਮੰਗੀ। ਉਹਦੇ ਇਨਕਾਰ ਕਰਨ ਤੇ ਉਨ੍ਹਾਂ ਨੇ ਪੁਰੀ ਨੂੰ ਗੋਲੀ ਮਾਰ ਦਿੱਤੀ। ਹਸਪਤਾਲ ਵਿਚ ਪਹੁੰਚ ਕੇ ਪੁਰੀ ਨੇ ਪ੍ਰਾਣ ਤਿਆਗ ਦਿੱਤੇ। ਬੈਰਕਾਂ ਛੱਡਣ ਵਾਲਿਆਂ ਨੇ ਹਥਿਆਰ ਤੇ ਗੋਲਾ-ਬਾਰੂਦ ਰਜਮੰਟ ਦੀਆਂ ਲਾਰੀਆਂ ਵਿਚ ਭਰੇ ਤੇ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਜਦ ਇਨ੍ਹਾਂ ਦੇ ਭਗੌੜੇ ਹੋਣ ਦੀ ਖ਼ਬਰ ਫ਼ੌਜੀ ਹੈੱਡ-ਕੁਆਰਟਰ ਵਿਚ ਪਹੁੰਚੀ, ਤਾਂ ਰਾਹ ਵਿਚਲੀਆਂ ਸਾਰੀਆਂ ਛਾਉਣੀਆਂ ਨੂੰ ਸੜਕਾਂ ਉੱਤੇ ਰੁਕਾਵਟਾਂ ਖੜੀਆਂ ਕਰਨ ਤੇ ਉਨ੍ਹਾਂ ਨੂੰ ਫੜਨ ਦੇ ਹੁਕਮ ਦਿੱਤੇ ਗਏ। ਭਗੌੜੇ ਹੋਣ ਵਿਚ ਸਿਖ ਸਿਪਾਹੀਆਂ ਦੀ ਆਪਣੀ ਕੋਈ ਗ਼ਰਜ਼ ਨਹੀਂ ਸੀ, ਪਰ ਉਹ ਜੋਸ਼ ਵਿਚ ਧਰਮ ਦੀ ਹਾਨੀ ਬਰਦਾਸ਼ਤ ਨਾ ਕਰ ਸਕੇ ਤੇ ਨਤੀਜਿਆਂ ਦੀ ਪਰਵਾਹ ਕੀਤੇ ਬਗ਼ੈਰ ਆਪਣੇ ਲਈ ਖ਼ਤਰਾ ਸਹੇੜ ਬੈਠੇ ਸਨ। ਦੋ ਸੌ ਮੀਲ ਦੇ ਅੰਦਰ ਅੰਦਰ ਇਨ੍ਹਾਂ ਨੂੰ ਰੋਕ ਕੇ ਗ੍ਰਿਫ਼ਤਾਰ ਕਰ ਲਿਆ ਗਿਆ। ਇੱਸੇ ਤਰ੍ਹਾਂ ਜੰਮੂ, ਪੂਨੇ ਤੇ ਹੋਰ ਕੁਝ ਛਾਉਣੀਆਂ ਤੋਂ ਵੀ ਸਿਖ ਸਿਪਾਹੀ ਭਗੌੜੇ ਹੋਏ। ਉਨ੍ਹਾਂ ਦੇ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਵਾਲੇ ਫ਼ੌਜੀਆਂ ਦੇ ਵਿਚਕਾਰ ਕਈ ਥਾਈਂ ਮੁੱਠ-ਭੇੜਾਂ ਹੋਈਆਂ। ਸਰਕਾਰ ਦੇ ਕਥਨ ਅਨੁਸਾਰ ਕੁੱਲ 2733 ਸਿਖ ਜਵਾਨਾਂ ਨੇ ਬੈਰਕਾਂ ਛੱਡੀਆਂ ਸਨ, ਜਿਨ੍ਹਾਂ ਵਿੱਚੋਂ 67 ਇਨ੍ਹਾਂ ਮੁੱਠ-ਭੇੜਾਂ ਵਿਚ ਮਾਰੇ ਗਏ ਤੇ ਕੁਝ ਲਾ-ਪਤਾ ਹੋ ਗਏ। ਬਾਕੀ 2606 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਨ੍ਹਾਂ ਉੱਤੇ ਕੋਰਟ ਮਾਰਸ਼ਲ ਦੇ ਤਹਿਤ ਮੁਕੱਦਮੇ ਚਲਾਏ ਗਏ।

ਸਰਕਾਰ ਨੇ ਸਦਾ ਵਾਂਗ ਸਿਖ ਸਿਪਾਹੀਆਂ ਦੀ ਇਸ ਕਾਰਵਾਈ ਨੂੰ ਕਿਸੇ ਬਿਦੇਸੀ ਏਜੰਸੀ (ਭਾਵ, ਪਾਕਿਸਤਾਨ) ਦੀ ਚੁੱਕ ਕਰਾਰ ਦੇਣ ਦਾ ਜਤਨ ਕੀਤਾ। ਪਰ ਰਾਮਗੜ੍ਹ ਦੀਆਂ ਘਟਨਾਵਾਂ ਦੀ ਜਾਂਚ ਕਰਨ ਵਾਲੇ ਪੜਤਾਲੀਆ ਕਮਿਸ਼ਨ ਨੇ ਇਸ ਮਨੌਤ ਨੂੰ ਰੱਦ ਕਰਦਿਆਂ ਫ਼ੈਸਲਾ ਦਿੱਤਾ ਕਿ "ਰਾਮਗੜ੍ਹ ਦੇ ਸਿਖ ਸਿਪਾਹੀਆਂ ਨੂੰ ਕਿਸੇ ਬਾਹਰਲੇ ਦੇਸ ਵੱਲੋਂ ਵਰਗਲਾਣ ਦਾ ਕੋਈ ਪ੍ਰਮਾਣ ਨਹੀਂ ਮਿਲਦਾ।"ਅਸਲ ਗੱਲ ਇਹ ਹੈ ਕਿ ਸਿਖ ਸਿਪਾਹੀਆਂ ਨੂੰ ਆਪਣੇ ਪਿੰਡਾਂ ਵਿਚ ਵਰਤ ਰਹੀਆਂ ਘਟਨਾਵਾਂ ਦੇ ਪ੍ਰਭਾਵ ਤੋਂ ਵਖ ਨਹੀਂ ਰਖਿਆ ਜਾ ਸਕਿਆ। ਧਾਰਮਿਕ ਤੇ ਭਾਸ਼ਾਈ ਕੱਟੜਤਾ ਦਾ ਉਨ੍ਹਾਂ ਉੱਤੇ ਵੀ ਅਸਰ ਹੋਇਆ। ਸਿਖ ਰੈਜਮੈਂਟਲ ਸੈਂਟਰ ਦੇ ਅਫ਼ਸਰਾਂ ਨੂੰ ਇਹਦਾ ਗਿਆਨ ਹੋਣਾ ਚਾਹੀਦਾ ਸੀ। ਪਰ ਅਫ਼ਸਰਾਂ ਤੇ ਸਿਪਾਹੀਆਂ ਦੇ ਵਿਚਕਾਰ ਤਾਲ-ਮੇਲ ਰੱਖਣ ਲਈ ਕੋਈ ਚਾਰਾ ਨਾ ਕੀਤਾ ਗਿਆ ਤੇ ਨਾ ਸਿਪਾਹੀਆਂ ਨੂੰ ਪੰਜਾਬ ਦੀ ਮੌਜੂਦਾ ਸਥਿਤੀ ਤੋਂ ਜਾਣੂੰ ਰੱਖਣ ਦੀ ਕੋਈ ਕੋਸ਼ਸ਼ ਕੀਤੀ ਗਈ। ਜਦ ਸਰਕਾਰ ਨੇ ਅਕਾਲ ਤਖ਼ਤ ਵਰਗੇ ਪਵਿੱਤਰ ਅਸਥਾਨ ਉੱਤੇ ਫ਼ੌਜੀ ਹਮਲਾ

ਕਰਨ ਦਾ ਮਨ ਬਣਾ ਲਿਆ ਸੀ, ਤਾਂ ਅਫ਼ਸਰਾਂ ਨੂੰ ਸਿਖ ਸਿਪਾਹੀਆਂ ਦੇ ਮਨ ਪੜ੍ਹ ਕੇ ਇਸ ਬਾਰੇ ਉਨ੍ਹਾਂ ਨੂੰ ਪੂਰੀ ਜਾਣਕਾਰੀ ਦੇਣੀ ਚਾਹੀਦੀ ਸੀ। ਅੰਗਰੇਜ਼ ਹਾਕਮਾਂ ਨੇ 1857 ਦੇ ਗ਼ਦਰ ਤੋਂ ਸਬਕ ਸਿਖ ਕੇ ਫ਼ੈਸਲਾ ਕੀਤਾ ਹੋਇਆ ਸੀ ਕਿ ਉਹ ਸਿਪਾਹੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਕੋਈ ਕਾਰਵਾਈ ਨਹੀਂ ਕਰਨਗੇ। ਪਰ ਸੁਤੰਤਰ ਭਾਰਤ ਦੀ ਸਰਕਾਰ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਸੀ। ਇਸ ਸੰਬੰਧ ਵਿਚ ਰੀਟਾਇਰਡ ਲੈਫ਼ਟੀਨੈਂਟ ਜਨਰਲ ਐੱਸ. ਕੇ. ਸਿਨਹਾ ਨੇ ਫ਼ੌਜੀ ਅਫ਼ਸਰਾਂ ਦੀ ਅਗਿਆਨਤਾ ਦੀ ਨਿਰਸੰਕੋਚ ਨੁਕਤਾਚੀਨੀ ਕਰਦਿਆਂ ਇਕ ਅਖ਼ਬਾਰੀ ਇੰਟਰਵੀਊ ਵਿਚ ਆਖਿਆ, "ਇਸ ਬਗ਼ਾਵਤ ਲਈ ਮੈਂ ਪੂਰੇ ਤੌਰ ਤੇ ਫ਼ੌਜੀ ਅਫ਼ਸਰਾਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹਾਂ। ਉਨ੍ਹਾਂ ਨੂੰ ਸਮਝ ਨਾ ਆਈ ਕਿ ਉਨ੍ਹਾਂ ਦੇ ਅਧੀਨ ਸਿਪਾਹੀਆਂ ਦੀ ਮਨੋ-ਦਸ਼ਾ ਕੀ ਹੈ। ਅਫ਼ਸਰਾਂ ਨੂੰ ਆਪਣੇ ਮਾਤਹਿਤਾਂ ਦੇ ਦਿਲੀ ਭਾਵਾਂ ਬਾਰੇ ਉਨ੍ਹਾਂ ਦੀਆਂ ਮਾਵਾਂ ਨਾਲੋਂ ਵੀ ਵੱਧੇਰੇ ਪਤਾ ਹੋਣਾ ਚਾਹੀਦਾ ਹੈ।" ਇਹੀ ਵਿਚਾਰ ਪੰਜ ਰੀਟਾਇਰਡ ਸਿਖ ਜਰਨੈਲਾਂ ਨੇ, ਜਿਨ੍ਹਾਂ ਵਿਚ ਲੈਫ਼ਟੀਨੈਂਟ ਜਨਰਲ ਹਰਬਖ਼ਸ਼ ਸਿੰਘ, ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਤੇ ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ ਸ਼ਾਮਲ ਸਨ, ਪ੍ਰਗਟਾਏ। ਉਨ੍ਹਾਂ ਦਾ ਕਹਿਣਾ ਸੀ ਕਿ "ਇਹ ਫ਼ੌਜੀ ਅਧਿਕਾਰੀਆਂ ਦਾ ਕਸੂਰ ਸੀ ਕਿ ਉਨ੍ਹਾਂ ਨੇ ਸਿਪਾਹੀਆਂ ਨੂੰ ਇਹ ਨਾ ਦੱਸਿਆ ਕਿ ਅੰਮ੍ਰਿਤਸਰ ਵਿਚ ਕੀ ਹੋਣ ਵਾਲਾ ਹੈ। ਸਿਖ ਫ਼ੌਜੀਆਂ ਵਿਚ ਧਰਮ ਦੀ ਬੜੀ ਮਹੱਤਤਾ ਹੈ ਤੇ ਉਹ ਦੇਸ਼ ਪ੍ਰਤੀ ਵਫ਼ਾਦਾਰੀ ਦੀ ਸਹੁੰ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਖਾਂਦੇ ਹਨ। ਫ਼ੌਜੀ ਅਧਿਕਾਰੀ ਸਿਪਾਹੀਆਂ ਵਿਚ ਜ਼ਬਤ ਤੇ ਮਨੋ-ਬਲ ਕਾਇਮ ਰੱਖਣ ਵਿਚ ਨਾਕਾਮ ਰਹੇ।" ਇਨ੍ਹਾਂ ਤੱਥਾਂ ਨੂੰ ਹੀ ਮੁਖ ਰਖ ਕੇ ਰੱਖਿਆ ਮੰਤਰਾਲੇ ਦੇ ਇਕ ਬੁਲਾਰੇ ਨੇ ਆਖਿਆ, "ਸਿਖ ਸਿਪਾਹੀਆਂ ਨੇ ਬਗ਼ਾਵਤ ਨਹੀਂ ਕੀਤੀ। ਉਹ ਵਰਗਲਾਏ ਗਏ ਸਨ ਤੇ ਦਰਬਾਰ ਸਾਹਿਬ ਵਲ ਦੌੜ ਪਏ ਸਨ। ਅਸੀਂ ਉਨ੍ਹਾਂ ਨਾਲ ਨਰਮਾਈ ਵਾਲਾ ਸਲੂਕ ਕਰਾਂਗੇ।" ਪਰੰਤੂ ਕੁਝ ਚਿਰ ਬਾਅਦ ਚੀਫ਼ ਔਫ਼ ਸਟਾਫ਼ ਜਨਰਲ ਏ. ਐੱਸ. ਵੈਦਿਆ ਨੇ ਇਹ ਆਖ ਕੇ ਗੱਲ ਗੋਹਾ ਕਰ ਦਿੱਤੀ ਕਿ ਸਿਖ ਬਾਗ਼ੀਆਂ ਨਾਲ ਫ਼ੌਜੀ ਕਾਨੂੰਨ ਅਧੀਨ ਕਾਰਵਾਈ ਕੀਤੀ ਜਾਏਗੀ। ਸੋ ਸਭ ਦਾ ਕੋਰਟ ਮਾਰਸ਼ਲ ਕੀਤਾ ਗਿਆ ਤੇ 2337 ਨੂੰ ਘੱਟ ਵਧ ਸਜ਼ਾਵਾਂ ਸੁਣਾਈਆਂ ਗਈਆਂ। ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਫ਼ੌਜ ਵਿੱਚੋਂ ਕੱਢ ਦਿੱਤਾ ਗਿਆ।

ਸਰਕਾਰ ਸਿੱਖਾਂ ਦਾ ਮਨੋ-ਬਲ ਡੇਗਣ ਤੇ ਤੁਲੀ ਹੋਈ ਸੀ, ਪਰ ਦੂਜੇ ਪਾਸੇ ਕੁਝ ਮਰਜੀਵੜੇ ਜਾਨਾਂ ਤਲੀ ਤੇ ਰਖ ਕੇ ਬਦਲੇ ਦੀਆਂ ਕਾਰਵਾਈਆਂ ਵੀ ਕਰਨ ਲਗ ਪਏ ਸਨ। ਅਗਲੇ ਦੋ ਮਹੀਨਿਆਂ ਵਿਚ ਭਾਰਤ ਦੇ ਦੋ ਹਵਾਈ ਜਹਾਜ਼ ਅਗ਼ਵਾ ਕੀਤੇ ਗਏ। 24 ਅਗਸਤ 1984 ਨੂੰ ਇਕ ਜਹਾਜ਼ ਦਿੱਲੀ ਤੋਂ ਸ੍ਰੀ ਨਗਰ ਜਾ ਰਿਹਾ ਸੀ। ਚੰਡੀਗੜ੍ਹ ਤੋਂ ਇਹਦੇ ਵਿਚ ਸਤ ਸਿਖ ਸਵਾਰ ਹੋਏ। ਝਟ ਬਾਅਦ ਉਨ੍ਹਾਂ ਨੇ ਜਹਾਜ਼ ਕਰਾਚੀ ਲਿਜਾਣ ਲਈ ਆਖਿਆ। ਜਦ ਪਾਕਿਸਤਾਨ ਸਰਕਾਰ ਨੇ ਜਹਾਜ਼ ਨੂੰ ਉੱਥੇ ਉਤਰਨ ਦੀ ਆਗਿਆ ਨਾ ਦਿੱਤੀ, ਤਾਂ ਉਨ੍ਹਾਂ ਦੇ ਕਹਿਣ ਉੱਤੇ ਜਹਾਜ਼ ਨੂੰ ਡਬਈ ਲਿਜਾਇਆ ਗਿਆ, ਜਿੱਥੋਂ ਦੀ ਸਰਕਾਰ ਨੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਭਾਰਤ ਸਰਕਾਰ ਦੇ ਹਵਾਲੇ ਕਰ ਦਿੱਤਾ। ਇਨ੍ਹਾਂ ਸਭ ਨੂੰ ਹੁਣ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਦੂਜੀ ਵਾਰੀ ਜਹਾਜ਼ ਦੇ ਇੱਕੋ ਇਕ ਅਗਵਾਕਾਰ ਮੁਸੀਬਤ ਸਿੰਘ ਨੂੰ ਰਾਜਾ ਸਾਂਸੀ ਦੇ ਹਵਾਈ ਅੱਡੇ ਉੱਤੇ ਹੀ ਗੋਲੀ ਮਾਰ ਦਿੱਤੀ ਗਈ। ਇਸ ਤੋਂ ਛੁੱਟ ਅੱਤਵਾਦੀਆਂ ਨੇ ਹਰਿਆਣੇ ਵੱਲ ਪਾਣੀ ਲਿਜਾਣ ਵਾਲੀ ਭਾਖੜਾ ਨਹਿਰ ਦੋ ਵਾਰੀ ਤੋੜ ਦਿੱਤੀ, ਜਿਸ ਨਾਲ ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ। ਇਸ ਵਿਚ ਬਹੁਤ ਨੁਕਸਾਨ ਸਿਖ ਭਰਾਵਾਂ ਨੂੰ ਹੀ ਹੋਇਆ ਸੀ, ਪਰ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੇ ਕਾਰਨ ਸਿੱਖਾਂ ਦੀ ਮਾਨਸਿਕ ਅਵੱਸਥਾ ਇਹ ਬਣ ਗਈ ਸੀ ਕਿ ਕਰਨਾਲ ਦਾ ਇਕ ਸਰਦਾ-ਪੁੱਜਦਾ ਸਿਖ ਜੱਟ ਆਪਣਾ ਨੁਕਸਾਨ ਭੁੱਲ ਕੇ ਅੱਤਵਾਦੀਆਂ ਦੀ ਬਹਾਦਰੀ ਤੇ ਦਲੇਰੀ ਦੀ ਪ੍ਰਸੰਸਾ ਕਰ

ਰਿਹਾ ਸੀ। ਸੋ ਜਿਹਾ ਕਿ ਅਟਲ ਬਿਹਾਰੀ ਵਾਜਪਾਈ ਨੇ ਓਦੋਂ ਹੀ ਆਖਿਆ ਸੀ, ਫ਼ੌਜੀ ਕਾਰਵਾਈ ਦੁਆਰਾ ਕੀਤੀਆਂ ਸਖ਼ਤੀਆਂ ਨਾਲ ਅੱਤਵਾਦ ਖ਼ਤਮ ਨਹੀਂ ਹੋ ਰਿਹਾ ਸੀ, ਸਗੋਂ ਇਸ ਨੂੰ ਬੜ੍ਹਾਵਾ ਮਿਲ ਰਿਹਾ ਸੀ।

ਇਹ ਵੀ ਨਹੀਂ ਕਿ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦਾ ਪ੍ਰਤੀਕਰਮ ਕੇਵਲ ਗਰਮ-ਖ਼ਿਆਲੀਆਂ ਜਾਂ ਭੁੱਲੜ ਅੱਤਵਾਦੀਆਂ ਉੱਤੇ ਹੀ ਹੋਇਆ ਹੋਵੇ। ਸਿੱਖਾਂ ਵਿੱਚੋਂ ਚੋਟੀ ਦੇ ਬੁੱਧੀਮਾਨ, ਪੱਤਰਕਾਰ, ਸਮਾਜ-ਸੇਵੀ, ਲੋਕ ਸਭਾ ਦੇ ਮੈਂਬਰ ਆਦਿ ਵੀ ਸਰਕਾਰ ਦੀ ਇਸ ਕਾਰਵਾਈ ਤੋਂ ਬਹੁਤ ਦੁਖੀ ਹੋਏ। ਪਿਛਲੇ 50 ਸਾਲਾਂ ਤੋਂ ਅਪਾਹਜਾਂ ਦੀ ਸੇਵਾ ਕਰਦੇ ਆ ਰਹੇ ਭਗਤ ਪੂਰਨ ਸਿੰਘ, ਚੋਟੀ ਦੇ ਇਤਿਹਾਸਕਾਰ ਡਾਕਟਰ ਗੰਡਾ ਸਿੰਘ, ਉੱਘੇ ਪੱਤਰਕਾਰ ਖ਼ੁਸ਼ਵੰਤ ਸਿੰਘ ਤੇ 'ਅਜੀਤ' ਦੇ ਸੰਪਾਦਕ ਸਾਧੂ ਸਿੰਘ ਹਮਦਰਦ ਨੇ ਰੋਸ ਵਜੋਂ ਪਦਮ ਭੂਸ਼ਨ ਤੇ ਪਦਮ ਸ਼੍ਰੀ ਦੇ ਸਨਮਾਨ-ਪੱਤਰ ਵਾਪਸ ਕਰ ਦਿੱਤੇ। ਮਹਾਰਾਜਾ ਅਮਰਿੰਦਰ ਸਿੰਘ ਤੇ ਦੇਵਿੰਦਰ ਸਿੰਘ ਗਰਚਾ ਨੇ ਕਾਂਗਰਸ ਤੋਂ ਅਸਤੀਫ਼ੇ ਦੇ ਕੇ ਲੋਕ ਸਭਾ ਦੀਆਂ ਮੈਂਬਰੀਆਂ ਛਡ ਦਿੱਤੀਆਂ। ਹਰਭਜਨ ਸਿੰਘ ਦਿਉਲ ਨੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਪ੍ਰਿੰਸੀਪਲ ਨਾਹਰ ਸਿੰਘ ਗਰੇਵਾਲ ਨੇ ਵਿੱਦਿਆ ਸੰਬੰਧੀ ਮਿਲਿਆ ਨੈਸ਼ਨਲ ਐਵਾਰਡ ਵਾਪਸ ਕਰ ਦਿੱਤਾ। ਇਕ ਆਈ. ਪੀ.ਐੱਸ. ਡਿਪਟੀ ਇਨਸਪੈਕਟਰ ਜਨਰਲ ਪੁਲਿਸ ਸਿਮਰਨਜੀਤ ਸਿੰਘ ਮਾਨ ਨੇ ਅਸਤੀਫ਼ਾ ਦੇ ਕੇ ਰਾਸ਼ਟਰਪਤੀ ਦੇ ਨਾਂ ਇਕ ਸਖ਼ਤ ਚਿੱਠੀ ਲਿਖੀ। ਨਾਰਵੇ ਦੀ ਰਾਜਧਾਨੀ ਆਸਲੋ ਵਿਚ ਭਾਰਤ ਦੇ ਸਫ਼ੀਰ ਹਰਿੰਦਰ ਸਿੰਘ 'ਖ਼ਾਲਸਾ' ਆਈ.ਐੱਫ਼.ਐੱਸ. ਨੇ ਅਸਤੀਫ਼ਾ ਦੇ ਕੇ ਉਸੇ ਦੇਸ ਵਿਚ ਰਾਜਸੀ ਸ਼ਰਨ ਲੈ ਲਈ। ਗਿਆਨੀ ਕੇਸਰ ਸਿੰਘ ਕੈਨੇਡਾ ਨੂੰ ਭਾਸ਼ਾ ਵਿਭਾਗ ਨੇ ਉਸ ਸਾਲ ਦੇ ਉੱਚਤਮ ਵਿਦੇਸ਼ੀ ਪੰਜਾਬੀ ਲੇਖਕ ਵਜੋਂ ਚੁਣਿਆ ਸੀ। ਉਨ੍ਹਾਂ ਨੇ ਇਹ ਐਵਾਰਡ ਲੈਣ ਤੋਂ ਇਨਕਾਰ ਕਰ ਦਿੱਤਾ। ਇੱਸੇ ਤਰ੍ਹਾਂ ਆਂਧਰਾ ਪ੍ਰਦੇਸ਼ ਦੇ ਇਕ ਆਈ.ਏ.ਐੱਸ. ਅਫ਼ਸਰ ਗੁਰਤੇਜ ਸਿੰਘ ਨੇ ਵੀ ਰੋਸ ਵਜੋਂ ਅਸਤੀਫ਼ਾ ਦੇ ਦਿੱਤਾ। ਆਮ ਸਿੱਖਾਂ ਦਾ ਪ੍ਰਤੀਕਰਮ 'ਇੰਡੀਆ ਟੂਡੇ' ਦੇ ਇਕ ਪੱਤਰ-ਪ੍ਰੇਰਕ ਸੁਨੀਲ ਸੇਠੀ ਨੇ ਇਸ ਮੈਗਜ਼ੀਨ ਦੇ 31 ਜੁਲਾਈ 1984 ਦੇ ਪਰਚੇ ਵਿਚ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ, "ਮੈਂ ਮੋਗੇ ਦੇ ਇਕ ਉਦਯੋਗ-ਪਤੀ ਨੂੰ ਪੁੱਛਿਆ ਕਿ ਫ਼ੌਜੀ ਕਾਰਵਾਈ ਬਾਰੇ ਸਿੱਖਾਂ ਦਾ ਕੀ ਪ੍ਰਤੀਕਰਮ ਹੈ ? ਮੈਂ ਵੇਖਿਆ ਕਿ ਇਹ ਸੁਆਲ ਸੁਣ ਕੇ ਉਹ ਹਾਉਕੇ ਭਰਨ ਲਗ ਪਿਆ ਤੇ ਫਿਰ ਹੌਲੀ ਜਿਹੀ ਬੋਲਿਆ, 'ਤੁਸੀਂ ਨਹੀਂ ਸਮਝਦੇ ਤੇ ਨਾ ਹੀ ਸਮਝ ਸਕਦੇ ਹੋ ਕਿ ਸਿਖ ਕਿਵੇਂ ਮਹਿਸੂਸ ਕਰਦੇ ਹਨ। ਅਸੀਂ ਬੇਬਸ ਹਾਂ, ਅਸਮਰੱਥ ਹਾਂ, ਜਵਾਬੀ ਕਾਰਵਾਈ ਕਰ ਨਹੀਂ ਸਕਦੇ।' ਫਿਰ ਉਸ ਦੀ ਪਤਨੀ, ਜੋ ਆਪਣੇ ਅਥਰੂ ਪੂੰਝ ਰਹੀ ਸੀ, ਬੋਲੀ, 'ਅਸੀਂ ਮਹਿਸੂਸ ਕਰਦੇ ਹਾਂ ਕਿ ਸਾਡਾ ਨੰਗੇਜ ਲਾਹਿਆ ਗਿਆ ਹੈ ਤੇ ਸਾਡੇ ਗੁਰਦੁਆਰਿਆਂ ਦੀ ਪਵਿੱਤਰਤਾ ਖ਼ਤਮ ਕਰ ਦਿੱਤੀ ਗਈ ਹੈ।'"ਅਖ਼ੀਰ ਉੱਤੇ ਇਹੀ ਪੱਤਰ-ਪ੍ਰੇਰਕ ਲਿਖਦਾ ਹੈ, ਮੈਂ ਸੋਚਿਆ ਕਿ ਇਕ ਦੰਪਤੀ ਦੇ ਭਾਵਾਂ ਨੂੰ ਤਾਂ ਅੱਖੋਂ ਉਹਲੇ ਕੀਤਾ ਜਾ ਸਕਦਾ ਹੈ, ਪਰ ਡੇਢ ਕਰੋੜ ਦੀ ਪੀੜਤ ਕੌਮ ਦੇ ਵਲੂੰਧਰੇ ਹੋਏ ਜਜ਼ਬਾਤ ਨੂੰ ਨਹੀਂ।

ਪੰਜਾਬ ਦੇ ਉਚ ਸਰਕਾਰੀ ਅਫ਼ਸਰਾਂ ਨੇ ਵੀ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦਾ ਬੁਰਾ ਮਨਾਇਆ ਤੇ ਚਾਰ ਆਈ.ਏ.ਐੱਸ. ਸਕੱਤਰਾਂ ਨੇ ਦੁਖ ਦਾ ਪ੍ਰਗਟਾਵਾ ਕੀਤਾ। ਤਿੰਨ ਚਾਰ ਮਹੀਨੇ ਤਕ ਪੰਜਾਬ ਦਾ ਪ੍ਰਸ਼ਾਸਨ ਅਮਲੀ ਤੌਰ ਤੇ ਗਵਰਨਰ ਦੇ ਗ੍ਰਹਿ ਵਿਭਾਗ ਦੇ ਸਲਾਹਕਾਰ ਲੈਫ਼ਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਦੇ ਹੱਥ ਵਿਚ ਰਿਹਾ, ਇਸ ਲਈ ਸਕੱਤਰੇਤ ਦੇ ਸਾਰੇ ਉਚ ਅਧਿਕਾਰੀ ਆਪਣਾ ਦਮ ਘੁੱਟਿਆ ਘੁੱਟਿਆ ਮਹਿਸੂਸ ਕਰਦੇ ਸਨ।

ਹਿੰਦੂਆਂ ਵਿਚ ਤੇ ਵਿਸ਼ੇਸ਼ ਕਰਕੇ ਅੰਮ੍ਰਿਤਸਰ ਦੇ ਹਿੰਦੂਆਂ ਵਿਚ ਇਸ ਹਮਲੇ ਦਾ ਪ੍ਰਤੀਕਰਮ

ਇੰਦਰਾ ਦੀ ਇੱਛਾ ਅਨੁਸਾਰ ਹੀ ਹੋਇਆ ਸੀ। ਉਨ੍ਹਾਂ ਨੇ ਖ਼ੁਸ਼ ਹੋ ਕੇ ਫ਼ੌਜੀਆਂ ਵਿਚ ਲੱਡੂ ਤੇ ਕੜਾਹ-ਪੂੜੀਆਂ ਵੰਡੇ, ਸ਼ਰਬਤ ਪਿਆਇਆ ਤੇ ਉਨ੍ਹਾਂ ਦੇ ਮੱਥਿਆਂ ਉੱਤੇ ਤਿਲਕ ਲਾਏ। ਪਰ ਇਕ ਨੀਚ ਗੱਲ ਇਹ ਕਿ ਸਿੱਖਾਂ ਨੂੰ ਸੁਣਾ ਸੁਣਾ ਕੇ ਚਿੜਾਣ ਵਾਲੀਆਂ ਕੌੜੀਆਂ-ਫਿੱਕੀਆਂ ਤੇ ਦਿਲ-ਦੁਖਾਵੀਆਂ ਗੱਲਾਂ ਆਖੀਆਂ। ਲੇਖਕ ਨੂੰ ਇਸ ਦਾ ਜ਼ਾਤੀ ਤਜਰਬਾ ਵੀ ਹੋਇਆ। ਸਬੱਬ ਨਾਲ ਇਸ ਸਾਲ ਮੈਨੂੰ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਵਸ ਤੇ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਯਾਤਰਾ ਤੇ ਜਾਣ ਵਾਲੇ ਜਥੇ ਵਿਚ ਸ਼ਾਮਲ ਕਰ ਲਿਆ ਗਿਆ ਸੀ। ਮੇਰੀ ਸਭ ਤੋਂ ਛੋਟੀ ਨੂੰਹ ਨਰਿੰਦਰਜੀਤ ਕੌਰ ਵੀ ਮੇਰੇ ਨਾਲ ਸੀ। ਇਹ ਬੱਚੀ ਸੁਤੰਤਰਤਾ ਤੋਂ ਬਾਅਦ 1951 ਦੀ ਜੰਮ-ਪਲ ਹੈ ਤੇ ਇਸ ਨੇ ਅੱਜ ਤਕ ਸਾਡਾ ਸ਼ਹਿਰ ਗੁਜਰਾਂਵਾਲਾ ਨਹੀਂ ਵੇਖਿਆ ਸੀ। ਗੁਜਰਾਂਵਾਲਾ ਦੇ ਤਿੰਨ ਪਰਵਾਰਾਂ ਨਾਲ ਪਿਛਲੇ ਕੁਝ ਸਾਲਾਂ ਤੋਂ ਚਿੱਠੀ-ਪੱਤਰ ਰਾਹੀਂ ਮੇਰੀ ਗੂੜ੍ਹੀ ਸਾਂਝ ਬਣੀ ਹੋਈ ਸੀ। ਇਨ੍ਹਾਂ ਵਿੱਚੋਂ ਇਕ ਸੱਜਣ ਚੌਧਰੀ ਮੁਹੰਮਦ ਅਨਵਰ ਭਿੰਡਰ ਲਾਹੌਰ ਦੇ ਸਿਰਕੱਢ ਵਕੀਲ ਹਨ ਤੇ ਬੜਾ ਚਿਰ ਪੰਜਾਬ ਅਸੈਂਬਲੀ ਦੇ ਸਪੀਕਰ ਰਹਿ ਚੁਕੇ ਹਨ। ਇਨ੍ਹਾਂ ਦੇ ਰਸੂਖ਼ ਨਾਲ ਆਪਣੇ ਪਿਛਲੇ ਸ਼ਹਿਰ ਗੁਜਰਾਂਵਾਲੇ ਜਾਣ ਦਾ ਵੀ ਪ੍ਰਬੰਧ ਹੋ ਗਿਆ ਸੀ। ਬੜੀ ਖ਼ੁਸ਼ੀ ਸੀ ਕਿ 37 ਸਾਲ ਬਾਅਦ ਤਿੰਨ ਪ੍ਰਸਿਧ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਵੇਗਾ ਤੇ ਆਪਣਾ ਸ਼ਹਿਰ ਵੀ ਵੇਖ ਸਕਾਂਗੇ। ਅਸੀਂ ਤਿੰਨ ਦਿਨ ਪਹਿਲਾਂ ਹੀ ਅੰਮ੍ਰਿਤਸਰ ਪਹੁੰਚ ਗਏ। ਗੁਰਦੁਆਰਿਆਂ ਦੇ ਦਰਸ਼ਨ ਤਾਂ ਕਰਨੇ ਹੀ ਸਨ। ਤਿੰਨ ਚਾਰ ਰਿਸ਼ਤੇਦਾਰਾਂ ਤੇ ਸੱਜਣਾਂ-ਮਿੱਤਰਾਂ ਨੂੰ ਮਿਲਣ ਲਈ ਸ਼ਹਿਰ ਦਾ ਚੱਕਰ ਵੀ ਲਾਇਆ। ਦਿਲ ਬੁੱਝ ਜਿਹਾ ਗਿਆ। ਸਾਰੇ ਸ਼ਹਿਰ ਵਿਚ ਥਾਂ-ਪਰ-ਥਾਂ ਤੇ ਵਿਸ਼ੇਸ਼ ਕਰਕੇ ਦਰਬਾਰ ਸਾਹਿਬ ਦੇ ਦੁਆਲੇ ਬਾਰਡਰ ਸੀਕਿਉਰਿਟੀ ਫ਼ੋਰਸ ਤੇ ਕੇਂਦਰੀ ਰੀਜ਼ਰਵ ਪੁਲਿਸ ਦੇ ਜਵਾਨ ਸੰਗੀਨਾਂ ਤਾਣੀ ਖੜੇ ਸਨ। ਕੁਝ ਉੱਚੀਆਂ ਇਮਾਰਤਾਂ ਉੱਤੇ ਮੋਰਚਾ-ਬੰਦੀਆਂ ਵੀ ਵੇਖੀਆਂ। ਆਸਾਰ ਚੰਗੇ ਨਹੀਂ ਦਿੱਸਦੇ ਸਨ। ਸੋ ਖ਼ੁਸ਼ੀ ਕੁਝ ਕਿਰਕਿਰੀ ਹੋ ਗਈ। ਪਰ ਅੰਮ੍ਰਿਤਸਰੋਂ ਗੱਡੀ ਤੇ ਚੜ੍ਹਨ ਵੇਲੇ ਇਕ ਚੰਗਾ ਸਾਥ ਮਿਲ ਗਿਆ—ਪੰਜਾਬ ਸਿੰਧ ਬੈਂਕ ਦੇ ਇਕ ਮੈਨੇਜਰ, ਉਨ੍ਹਾਂ ਦੀ ਪਤਨੀ ਤੇ ਉਨ੍ਹਾਂ ਦੀਆਂ ਦੋ ਰਿਸ਼ਤੇਦਾਰ ਕੁੜੀਆਂ। ਗੱਡੀ ਦੇ ਇਕ ਡੱਬੇ ਵਿਚ ਸਾਨੂੰ ਛੇਆਂ ਨੂੰ ਇਕ ਵਖਰਾ ਖ਼ਾਨਾ ਮਿਲ ਗਿਆ ਤੇ ਅਗਲੇ 15-20 ਦਿਨ ਅਸੀਂ ਹਰੇਕ ਥਾਂ ਇਕੱਠੇ ਹੀ ਰਹੇ।

ਗੁਰਦੁਆਰਿਆਂ ਦੀ ਯਾਤਰਾ ਕਾਫ਼ੀ ਸਫ਼ਲ ਰਹੀ। ਲੰਗਰ ਦਾ ਪ੍ਰਬੰਧ ਸਭ ਥਾਂ ਚੰਗਾ ਸੀ। ਰਾਗੀ ਜਥਾ ਹਿੰਦੁਸਤਾਨ ਤੋਂ ਹੀ ਨਾਲ ਗਿਆ ਹੋਇਆ ਸੀ ਤੇ ਸਭ ਥਾਈਂ ਉਹ ਹੀ ਸਵੇਰ-ਸ਼ਾਮ ਕੀਰਤਨ ਕਰਦੇ ਰਹੇ। ਲਾਹੌਰ ਤੇ ਨਨਕਾਣਾ ਸਾਹਿਬ ਵਿਚ ਬਾਕੀ ਸਮੇਂ ਇਕ-ਦੋ ਰਬਾਬੀਆਂ ਨੇ ਵੀ ਕੀਰਤਨ ਕੀਤਾ। ਸਭ ਥਾਈਂ ਅਖੰਡ ਪਾਠ ਵੀ ਰੱਖੇ ਗਏ। ਪਹਿਲੇ ਤਿੰਨ ਦਿਨ ਅਸੀਂ ਪੰਜੇ ਸਾਹਿਬ ਸਾਂ। ਦੁਪਹਿਰਾਂ ਖ਼ਾਲੀ ਹੀ ਹੁੰਦੀਆਂ ਸਨ। ਇਕ ਦਿਨ ਬਸਾਂ ਰਾਹੀਂ ਰਾਵਲਪਿੰਡੀ ਤੇ ਪਾਕਿਸਤਾਨ ਦੀ ਨਵੀਂ ਰਾਜਧਾਨੀ ਇਸਲਾਮਾਬਾਦ ਵੀ ਵੇਖ ਆਏ। ਫਿਰ ਅਸੀਂ ਨਨਕਾਣਾ ਸਾਹਿਬ ਆਏ। ਇੱਥੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਕੰਮ ਨਾ ਹੋਣ ਦੇ ਬਰਾਬਰ ਹੈ। ਯਾਤਰੀਆਂ ਨੇ ਗੁਰਦੁਆਰਾ ਜਨਮ-ਅਸਥਾਨ ਦੀ ਅੰਦਰਲੀ-ਬਾਹਰਲੀ ਸਫ਼ਾਈ ਆਪ ਹੀ ਕੀਤੀ। ਇੱਥੇ ਵੀ ਵਕਤ ਕਾਫ਼ੀ ਸੀ; ਇਹ ਸਾਰਾ ਹੋਰ ਗੁਰਦੁਆਰਿਆਂ ਦੇ ਦਰਸ਼ਨ ਕਰਨ ਵਿਚ ਬਿਤਾਇਆ। ਕਿਤੇ ਕੋਈ ਸੇਵਾਦਾਰ ਨਜ਼ਰੀਂ ਨਹੀਂ ਪਿਆ। ਮੁਸਲਮਾਨ ਮੁਜਾਵਰ ਗੁਰਦੁਆਰੇ ਦੇ ਅੰਦਰ ਚਾਦਰ ਵਿਛਾ ਕੇ ਚੜ੍ਹਾਵਾ ਇਕੱਠਾ ਕਰ ਰਹੇ ਸਨ ਤੇ ਪਤਾਸਿਆਂ ਦਾ ਪਰਸ਼ਾਦ ਵੰਡ ਦੇਂਦੇ ਸਨ। ਸ਼੍ਰੋਮਣੀ ਕਮੇਟੀ ਇਸ ਪਾਸੇ ਧਿਆਨ ਦੇਵੇ, ਤਾਂ ਕੁਝ ਬਿਹਤਰੀ ਹੋ ਸਕਦੀ ਹੈ। ਜਥੇ ਦਾ ਆਖ਼ਰੀ ਪੜਾਅ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਸੀ। ਪੰਜਾ ਸਾਹਿਬ ਤੇ ਨਨਕਾਣਾ ਸਾਹਿਬ ਵਿਚ ਯਾਤਰੀਆਂ ਦੀ ਰਿਹਾਇਸ਼

ਦਾ ਪ੍ਰਬੰਧ ਕਾਫ਼ੀ ਤਸੱਲੀਬਖ਼ਸ਼ ਹੈ ਤੇ ਸਾਨੂੰ ਛੇਆਂ ਨੂੰ ਵਖਰਾ ਕਮਰਾ ਮਿਲ ਹੀ ਜਾਂਦਾ ਸੀ। ਪਰ ਗੁਰਦੁਆਰਾ ਡੇਹਰਾ ਸਾਹਿਬ ਵਿਚ ਤਾਂ ਇਕ ਵੱਡਾ ਕਮਰਾ ਸੀ ਜਾਂ ਰਿਹਾਇਸ਼ ਲਈ ਬਾਹਰ ਵਿਹੜੇ ਵਿਚ ਵੱਡਾ ਸਾਰਾ ਸ਼ਾਮਿਆਨਾ ਲਾਇਆ ਹੋਇਆ ਸੀ। ਸੋ ਅਸਾਂ ਨੇੜੇ ਦੇ ਇਕ ਹੋਟਲ ਵਿਚ ਦੋ ਕਮਰੇ ਲੈ ਲਏ। ਸ਼ਹੀਦੀ ਪੁਰਬ ਤੋਂ ਇਕ ਦਿਨ ਪਹਿਲਾਂ 2 ਜੂਨ ਦਾ ਦਿਨ ਸਾਡੇ ਕੋਲ ਖ਼ਾਲੀ ਸੀ। ਮੈਨੂੰ ਤੇ ਮੇਰੀ ਨੂੰਹ ਨੂੰ ਚੌਧਰੀ ਭਿੰਡਰ ਨੇ ਵਿਸ਼ੇਸ਼ ਜਤਨਾਂ ਨਾਲ ਗੁਜਰਾਂਵਾਲੇ ਜਾਣ ਦੀ ਲਿਖਤੀ ਆਗਿਆ ਲੈ ਦਿੱਤੀ ਸੀ ਤੇ ਉਹ ਸਾਨੂੰ ਆਪਣੀ ਕਾਰ ਤੇ ਹੀ ਉੱਥੇ ਲੈ ਗਏ। ਅਸੀਂ ਆਪਣੇ ਸਨੇਹੀਆਂ ਲਈ ਇੱਧਰ ਦੀਆਂ ਸੁਗਾਤਾਂ—ਚਾਹ ਦੇ ਡੱਬੇ, ਨਾਰੀਅਲ, ਚਾਂਦੀ ਦੇ ਛੋਟੇ-ਮੋਟੇ ਗਹਿਣੇ ਤੇ ਕੁਝ ਹੋਰ ਚੀਜ਼ਾਂ ਲੈ ਗਏ ਸਾਂ। ਪਰ ਉੱਥੋਂ ਦੇ ਮਿੱਤਰਾਂ ਨੇ ਜਿਸ ਸਨੇਹ ਤੇ ਪਿਆਰ ਨਾਲ ਸਾਡੀ ਆਉ-ਭਗਤ ਤੇ ਸੇਵਾ ਕੀਤੀ, ਉਹ ਜੀਵਨ-ਭਰ ਯਾਦ ਰਹੇਗੀ। ਉਂਜ ਗੁਜਰਾਂਵਾਲੇ ਵਿਚ ਆਪਣੇ ਵੇਲੇ ਵਾਲੀ ਕੋਈ ਚੀਜ਼ ਵੇਖਣ ਨੂੰ ਨਹੀਂ ਮਿਲੀ। ਕੋਈ ਗੁਰਦੁਆਰਾ ਵੀ ਗੁਰਦੁਆਰਾ ਨਹੀਂ ਰਿਹਾ। ਸ੍ਰੀ ਗੁਰੂ ਸਿੰਘ ਸਭਾ ਵਾਲਾ ਗੁਰਦੁਆਰਾ ਸਕੂਲ ਵਿਚ ਬਦਲ ਦਿੱਤਾ ਗਿਆ ਹੈ ਤੇ ਯਤੀਮਖ਼ਾਨੇ ਦੇ ਵੱਡੇ ਗੁਰਦੁਆਰੇ ਵਿਚ ਇਕ ਦਰਗਾਹ ਬਣੀ ਹੋਈ ਹੈ। ਬਾਕੀ ਦੇ ਸਭ ਗੁਰਦੁਆਰੇ ਰਿਹਾਇਸ਼-ਗਾਹਾਂ ਹਨ। ਗੁਰਦੁਆਰਾ ਬਾਬਾ ਪਤਾਸਾ ਸਿੰਘ ਦੇ ਵੱਡੇ ਵਿਹੜੇ ਵਿਚ ਤਾਂ ਕਈ ਮੱਝਾਂ-ਗਾਵਾਂ ਬੰਨ੍ਹੀਆਂ ਵੇਖੀਆਂ, ਸੋ ਇਹ ਇਕ ਡੇਅਰੀ ਹੀ ਹੋਵੇਗੀ। ਗੁਰੂ ਨਾਨਕ ਖ਼ਾਲਸਾ ਕਾਲਜ ਦਾ ਨਾਂ ਹੁਣ ਗੌਰਮਿੰਟ ਇਸਲਾਮੀਆ ਕਾਲਜ ਹੈ ਅਤੇ ਇਸ ਦੀ ਇਮਾਰਤ ਪਹਿਲੀ ਨਾਲੋਂ ਦੂਣੀ ਤੋਂ ਵਧ ਵੱਡੀ ਹੋ ਗਈ ਹੈ। ਵਿਦਿਆਰਥੀਆਂ ਦੀ ਗਿਣਤੀ ਦੇ ਲਿਹਾਜ਼ ਨਾਲ ਇਹ ਗੁਜਰਾਂਵਾਲੇ ਦਾ ਪ੍ਰਮੁਖ ਕਾਲਜ ਹੈ।

ਚੌਧਰੀ ਭਿੰਡਰ ਤੋਂ ਬਿਨਾਂ ਗੁਜਰਾਂਵਾਲੇ ਵਿਚ ਸਾਡੇ ਦੋ ਹੋਰ ਸਨੇਹੀ ਪਰਵਾਰ ਸਨ—ਇਕ ਸਾਡੇ ਮਕਾਨ ਵਿਚ ਹੁਣ ਰਹਿ ਰਿਹਾ ਮਹਾਜਰ ਪਰਵਾਰ, ਜੋ ਲੁਧਿਆਣੇ ਤੋਂ ਉੱਥੇ ਗਏ ਹਨ ਤੇ ਦੂਜੇ ਮੀਆਂ ਜ਼ਿਆ-ਉੱਲ-ਹੱਕ, ਜੋ ਇਕ ਪ੍ਰਤਿਸ਼ਟ ਤੇ ਸਰਦੇ-ਪੁਜਦੇ ਵਿਅਕਤੀ ਹਨ। ਸਿਵਲ ਲਾਈਨ ਵਿਚ ਇਨ੍ਹਾਂ ਦੀ ਇਕ ਵਿਸ਼ਾਲ ਕੋਠੀ ਹੈ ਤੇ ਇਨ੍ਹਾਂ ਦਾ ਇਕ ਲੜਕਾ ਗੌਰਮਿੰਟ ਇਸਲਾਮੀਆ ਕਾਲਜ ਵਿਚ ਪ੍ਰੋਫ਼ੈਸਰ ਹੈ। ਉਸ ਵੇਲੇ ਰੋਜ਼ਿਆਂ ਦੇ ਦਿਨ ਸਨ, ਪਰ ਹਰੇਕ ਪਰਵਾਰ ਨੇ ਸਾਡੇ ਲਈ ਖਾਣ-ਪੀਣ ਦਾ ਵਧੀਆ ਪ੍ਰਬੰਧ ਕੀਤਾ ਹੋਇਆ ਸੀ, ਵਿਸ਼ੇਸ਼ ਕਰਕੇ ਫਲਾਂ ਦਾ। ਸਾਡੇ ਮਕਾਨ ਵਿਚ ਰਹਿ ਰਹੇ ਪਰਵਾਰ ਵਿਚ ਤਿੰਨ ਭੈਣਾਂ—ਨਸੀਮ, ਜ਼ੁਬੈਦਾ ਤੇ ਬਲਕੀਸ ਅਤੇ ਉਨ੍ਹਾਂ ਦਾ ਇੱਕੋ ਇਕ ਭਰਾ ਹੈ। ਉਨ੍ਹਾਂ ਨੇ ਮੈਨੂੰ ਕਮੀਜ਼ ਤੇ ਪਜਾਮੇ ਦਾ ਕਪੜਾ ਤੇ ਤੌਲੀਆ ਭੇਟ ਕੀਤੇ ਅਤੇ ਮੇਰੀ ਨੂੰਹ ਨੂੰ ਉਹਦੇ ਮਨ-ਪਸੰਦ ਦੀਆਂ ਕੁਝ ਚੀਜ਼ਾਂ ਬਜ਼ਾਰੋਂ ਖ਼ਰੀਦ ਦਿੱਤੀਆਂ। ਜਦ ਮੈਂ ਆਖਿਆ ਕਿ ਮੈਂ ਤਾਂ ਧੀਆਂ ਕੋਲੋਂ ਕੁਝ ਨਹੀਂ ਲੈਣਾ, ਤਾਂ ਵੱਡੀ ਬਲਕੀਸ ਬੜੇ ਹਿੱਤ ਨਾਲ ਬੋਲੀ, "ਇਹ ਕੋਈ ਅਸੀਂ ਦੇ ਰਹੀਆਂ ਹਾਂ; ਇਹ ਤਾਂ ਤੁਹਾਡਾ ਪੁੱਤਰ ਦੇ ਰਿਹਾ ਹੈ।" ਮੀਆਂ ਜ਼ਿਆ-ਉਲ-ਹੱਕ ਨੇ ਵੀ ਇਕ ਵਧੀਆ ਤੇ ਸੁੰਦਰ ਵਾਟਰ-ਕੂਲਰ ਭੇਟ ਕੀਤਾ। ਇਨ੍ਹਾਂ ਤੋਂ ਬਿਨਾਂ ਸਿਵਲ ਲਾਈਨ ਵਿਚ ਇਕ ਹੋਰ ਸੱਜਣ ਸਨ ਚੌਧਰੀ ਜਲੀਲ ਅਹਿਮਦ ਵਕੀਲ, ਜੋ ਇਧਰੋਂ ਪਟਿਆਲੇ ਤੋਂ ਗਏ ਹੋਏ ਹਨ। ਬੜੇ ਵੱਡੇ ਜ਼ਿਮੀਂਦਾਰ ਹਨ ਤੇ ਗੁਜਰਾਂਵਾਲਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਹਨ। ਉਨ੍ਹਾਂ ਨੇ ਚੌਧਰੀ ਭਿੰਡਰ ਨੂੰ ਆਖਿਆ ਹੋਇਆ ਸੀ ਕਿ ਜਦ ਗਿਆਨੀ ਜੀ ਆਉਣ, ਤਾਂ ਮੈਨੂੰ ਜ਼ਰੂਰ ਮਿਲਾਣਾ। ਸ਼ਾਮ ਨੂੰ ਚਿਰਾਕੇ ਜਿਹੇ ਅਸੀਂ ਉਨ੍ਹਾਂ ਦੇ ਘਰ ਗਏ। ਉਹ ਬਾਹਰ ਲਾਨ ਵਿਚ ਕੁਰਸੀਆਂ ਲਗਵਾ ਕੇ ਅਤੇ ਮੇਜ਼ ਉੱਤੇ ਖਾਣ-ਪੀਣ ਦਾ ਸਾਮਾਨ ਲਗਵਾ ਕੇ ਸਾਡੀ ਉਡੀਕ ਕਰ ਰਹੇ ਸਨ। ਸਾਡੇ ਜਾਣ ਉੱਤੇ ਬੜੇ ਹਿੱਤ ਨਾਲ ਮਿਲੇ ਤੇ ਨੌਕਰ ਨੂੰ ਆਵਾਜ਼ ਦਿੱਤੀ, "ਭਈ ! ਬੇਗਮ ਸਾਹਿਬਾ ਨੂੰ ਬੁਲਾਓ।" ਬੇਗਮ ਆਈ ਤੇ ਮੇਰੀ ਨੂੰਹ ਨੂੰ ਘੁੱਟ ਕੇ ਗਲਵਕੜੀ

ਪਾ ਕੇ ਮਿਲੀ। ਖਾਣ-ਪੀਣ ਤੇ ਗੱਲਾਂ-ਬਾਤਾਂ ਚਲਦੀਆਂ ਰਹੀਆਂ। ਵਕੀਲ ਸਾਹਿਬ ਬੋਲੇ, "ਮੈਂ ਦੋ ਵਾਰੀ ਪਟਿਆਲੇ ਤੇ ਚੰਡੀਗੜ੍ਹ ਹੋ ਆਇਆ ਹਾਂ, ਪਰ ਦਿਲ ਭਰਿਆ ਨਹੀਂ, ਫਿਰ ਆਪਣੇ ਸੱਜਣਾਂ-ਮਿੱਤਰਾਂ ਤੇ ਸ਼ਹਿਰ ਨੂੰ ਵੇਖਣ ਤੇ ਦਿਲ ਕਰਦਾ ਹੈ।" ਵਿਦਾਇਗੀ ਤੋਂ ਪਹਿਲਾਂ ਬੇਗਮ ਸਾਹਿਬਾ ਨੇ 101 ਰੁਪਿਆ ਮੇਰੀ ਨੂੰਹ ਦੀ ਮੁੱਠੀ ਵਿਚ ਦਿੱਤਾ ਤੇ ਕਹਿਣ ਲੱਗੇ, "ਤੂੰ ਤਾਂ ਪਹਿਲੀ ਵਾਰੀ ਆਪਣੇ ਸਾਹੁਰੇ ਸ਼ਹਿਰ ਆਈ ਹੈਂ, ਸੋ ਸ਼ਗਨ ਦੇਣਾ ਬਣਦਾ ਹੈ। ਉਨ੍ਹਾਂ ਨੇ ਮਾਲਟਿਆਂ ਦਾ ਭਰਿਆ ਇਕ ਲਿਫ਼ਾਫ਼ਾ ਵੀ ਦਿੱਤਾ। ਰਾਤ ਦੀ ਰੋਟੀ ਚੌਧਰੀ ਭਿੰਡਰ ਦੇ ਭਤੀਜੇ ਚੌਧਰੀ ਸ਼ਾਹਿਦ ਅਕਰਮ ਵਕੀਲ ਦੇ ਘਰ ਸੀ ਤੇ ਇਹ ਬੜੇ ਉਚੇਚ ਨਾਲ ਤਿਆਰ ਕੀਤੀ ਗਈ ਸੀ। ਸ਼ਿਸ਼ਟਾਚਾਰ ਦਾ ਇੰਨਾ ਖ਼ਿਆਲ ਕਿ ਮੀਆਂ ਜ਼ਿਆ-ਉਲ-ਹੱਕ ਤੇ ਚੌਧਰੀ ਅਕਰਮ ਦੋਹਾਂ ਦੇ ਘਰ ਉਨ੍ਹਾਂ ਦੀਆਂ ਜਵਾਨ ਕੁੜੀਆਂ ਮੇਰੀ ਨੂੰਹ ਦਾ ਸਾਥ ਦੇ ਕੇ ਗੱਲਾਂ-ਬਾਤਾਂ ਕਰ ਰਹੀਆਂ ਸਨ। ਸਾਡੇ ਦੋਹਾਂ ਦੇਸਾਂ ਦੀਆਂ ਸਰਕਾਰਾਂ ਆਪਣੀਆਂ ਗੱਦੀਆਂ ਕਾਇਮ ਰੱਖਣ ਲਈ ਆਪੋ ਆਪਣੀ ਜਨਤਾ ਨੂੰ ਭੁਚਲਾ ਕੇ ਨਫ਼ਰਤ ਫੈਲਾਅ ਸਕਦੀਆਂ ਹਨ, ਪਰ ਜਿਨ੍ਹਾਂ ਬੰਦਿਆਂ ਦੇ ਅੰਦਰ ਅਜੇ ਇਨਸਾਨੀਅਤ ਹੈ, ਉਹ ਬਿਨ੍ਹਾਂ ਮਜ਼ਹਬ ਦੇ ਵਿਤਕਰੇ ਦੇ ਪਿਆਰ ਵੀ ਹੱਦੋਂ ਵਧ ਕਰ ਸਕਦੇ ਹਨ। ਰਾਤ ਸਾਢੇ ਦਸ ਵਜੇ ਚੌਧਰੀ ਭਿੰਡਰ ਸਾਨੂੰ ਸਾਡੇ ਹੋਟਲ ਵਿਚ ਪਹੁੰਚਾ ਕੇ ਵਾਪਸ ਗਏ।

ਤਿੰਨ ਜੂਨ ਨੂੰ ਬੜੀ ਸ਼ਰਧਾ ਨਾਲ ਗੁਰਪੁਰਬ ਮਨਾਇਆ ਤੇ ਫਿਰ ਟੁਰ ਕੇ ਲਾਹੌਰ ਸ਼ਹਿਰ ਵੇਖਿਆ। ਚਾਰ ਜੂਨ ਨੂੰ ਸਵੇਰੇ ਅਠ ਵਜੇ ਸਾਨੂੰ ਵਾਪਸ ਲਿਆਉਣ ਵਾਲੀ ਗੱਡੀ ਬਦਾਮੀ ਬਾਗ਼ ਸਟੇਸ਼ਨ ਤੋਂ ਚੱਲੀ। ਲਾਹੌਰ ਸਟੇਸ਼ਨ ਤੋਂ ਗੱਡੀ ਨੇ ਦਸ ਵਜੇ ਚਲਣਾ ਸੀ, ਪਰ ਚੱਲੀ ਨਹੀਂ। ਬੜੀ ਪ੍ਰੇਸ਼ਾਨੀ ਹੋਈ। ਅਖ਼ੀਰ ਚਾਰ ਵਜੇ ਪਤਾ ਲੱਗਾ ਕਿ ਭਾਰਤ ਸਰਕਾਰ ਦੇ ਕਹਿਣ ਤੇ ਪਾਕਿਸਤਾਨ ਨੇ ਸਾਡਾ ਵੀਜ਼ਾ ਹੋਰ ਦੋ ਦਿਨ ਲਈ ਵਧਾ ਦਿੱਤਾ ਹੈ, ਪਰ ਕਾਰਨ ਕੋਈ ਨਹੀਂ ਦੱਸਿਆ ਗਿਆ। ਸ਼ਾਮ ਨੂੰ ਸਾਡੀ ਗੱਡੀ ਵਾਪਸ ਬਦਾਮੀ ਬਾਗ਼ ਆ ਗਈ। ਰਾਤ ਨੂੰ ਪਾਕਿਸਤਾਨ ਟੀ.ਵੀ. ਤੋਂ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀਆਂ ਖ਼ਬਰਾਂ ਸੁਣੀਆਂ। ਦਿਲ ਸਹਿਮ ਤੇ ਦੁਖ ਨਾਲ ਭਰ ਗਏ, ਪਤਾ ਨਹੀਂ, ਕੀ ਕੁਝ ਵਾਪਰਿਆ ਹੋਵੇਗਾ। ਦੋ ਰਾਤਾਂ ਬੜੀਆਂ ਔਖੀਆਂ ਲੰਘੀਆਂ। ਅਖ਼ੀਰ 6 ਜੂਨ ਨੂੰ ਗੱਡੀ ਬਦਾਮੀ ਬਾਗ਼ ਤੋਂ ਚੱਲ ਕੇ ਇਕ ਵਜੇ ਦੇ ਕਰੀਬ ਅਟਾਰੀ ਪੁੱਜੀ। ਕਸਟਮ-ਅਧਿਕਾਰੀਆਂ ਨੇ ਤਾਂ ਤਲਾਸ਼ੀ ਲੈਣੀ ਹੀ ਸੀ, ਫ਼ੌਜੀ ਜਵਾਨ ਵੀ ਸਾਮਾਨ ਦੀ ਚੈਕਿੰਗ ਵਿਚ ਲਗ ਗਏ। ਇਥੇ ਸਾਨੂੰ ਆਪਣੇ ਇਕ ਰਿਸ਼ਤੇਦਾਰ ਕਸਟਮ-ਅਧਿਕਾਰੀ ਤੋਂ ਪਤਾ ਲੱਗਾ ਕਿ ਫ਼ੌਜੀ ਹਮਲੇ ਨਾਲ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਹੋ ਗਿਆ ਹੈ, ਹਰਿਮੰਦਰ ਸਾਹਿਬ ਨੂੰ ਵੀ ਨੁਕਸਾਨ ਪੁੱਜਾ ਹੈ ਤੇ ਹਜ਼ਾਰਾਂ ਲੋਕ ਮਾਰੇ ਗਏ ਹਨ। ਜਦ ਗੱਡੀ ਇੱਥੇ ਆਮ ਨਾਲੋਂ ਬਹੁਤਾ ਚਿਰ ਰੁਕੀ ਰਹੀ, ਤਾਂ ਉਸੇ ਸੱਜਣ ਨੇ ਦੱਸਿਆ ਕਿ ਸਾਡੀ ਗੱਡੀ ਅੰਮ੍ਰਿਤਸਰ ਨਹੀਂ ਰੁਕੇਗੀ ਤੇ ਪਤਾ ਨਹੀਂ, ਕਿੱਥੇ ਲੈ ਜਾਣ। ਕਿਉਂਕਿ ਸਾਡੇ ਨਾਲ ਦੇ ਚਾਰੇ ਸਾਥੀ ਅੰਮ੍ਰਿਤਸਰ ਦੇ ਵਾਸੀ ਸਨ, ਇਸ ਲਈ ਉਸ ਸੱਜਣ ਨੇ ਕੋਸ਼ਿਸ਼ ਕੀਤੀ ਕਿ ਸਾਨੂੰ ਛੇਆਂ ਨੂੰ ਅਟਾਰੀ ਹੀ ਰਖ ਲਿਆ ਜਾਏ। ਬੜੀ ਭੱਜ-ਦੌੜ ਤੋਂ ਬਾਅਦ ਉਹ ਕਾਮਯਾਬ ਹੋ ਗਏ। ਅਟਾਰੀ ਸਟੇਸ਼ਨ ਤੇ ਸਾਨੂੰ ਛੁੱਟੀ ਗਏ ਇਕ ਖ਼ਲਾਸੀ ਦੀ ਕੋਠੜੀ ਵਿਚ ਠਹਿਰਾਉਣ ਦਾ ਪ੍ਰਬੰਧ ਹੋ ਗਿਆ। ਸਾਡੇ ਰਿਸ਼ਤੇਦਾਰ ਦਾ ਖ਼ਿਆਲ ਸੀ ਕਿ ਉਹ ਦੂਜੇ ਦਿਨ ਸਾਨੂੰ ਅੰਮ੍ਰਿਤਸਰ ਲਿਜਾਣ ਦਾ ਕੋਈ ਰਾਹ ਕਢ ਲੈਣਗੇ। ਪਰ 7 ਜੂਨ ਤੋਂ ਉਨ੍ਹਾਂ ਦਾ ਆਪਣਾ ਆਉਣਾ ਹੀ ਬੰਦ ਹੋ ਗਿਆ। ਖਾਣ-ਪੀਣ ਦੀ ਵੀ ਤੰਗੀ ਤੇ ਸੌਣ, ਆਰਾਮ ਕਰਨ ਦੀ ਵੀ ਤੰਗੀ। ਫਿਰ ਅੰਦਰੋਂ ਦਿਲ ਬੁੱਝੇ ਹੋਏ। ਬੜੇ ਵਖ਼ਤਾਂ ਨਾਲ ਛੇ ਦਿਨ ਉੱਥੇ ਕੱਟੇ। ਅਖ਼ੀਰ 12 ਜੂਨ ਨੂੰ ਪਤਾ ਲੱਗਾ ਕਿ ਅੰਮ੍ਰਿਤਸਰ ਵਿਚ ਤਿੰਨ ਚਾਰ ਘੰਟੇ ਲਈ ਕਰਫ਼ਿਊ ਵਿਚ ਛੋਟ ਹੁੰਦੀ ਹੈ। ਦੂਜੇ ਦਿਨ ਅਸੀਂ ਕਰਾਏ ਦੀ ਇਕ ਜੀਪ ਵਿਚ ਅੰਮ੍ਰਿਤਸਰ ਆ

ਗਏ। ਓਦੋਂ ਹੀ ਰਾਹ ਵਿਚ ਆਉਂਦਿਆਂ ਅਸਾਂ ਸੜਕ ਦੇ ਦੋਹੀਂ ਪਾਸੀਂ ਕਈ ਥਾਈਂ ਸਿੱਖਾਂ ਦੀਆਂ ਲਾਸ਼ਾਂ ਪਈਆਂ ਵੇਖੀਆਂ। ਦੋ ਕੁ ਘੰਟੇ ਅਸੀਂ ਸਾਥੀਆਂ ਦੇ ਘਰ ਰਹੇ। ਉੱਥੇ ਹੀ ਸਾਨੂੰ ਪਿਛਲੇ ਦਸ ਬਾਰ੍ਹਾਂ ਦਿਨਾਂ ਦੀਆਂ ਹਿਰਦੇ-ਵੇਧਕ ਘਟਨਾਵਾਂ ਬਾਰੇ ਪਤਾ ਲੱਗਾ ਤੇ ਉੱਥੋਂ ਹੀ ਅਸਾਂ ਢਹਿ-ਢੇਰੀ ਹੋਏ ਅਕਾਲ ਤਖ਼ਤ ਦੇ ਦਰਸ਼ਨ ਕੀਤੇ। ਪੰਜ ਛੇ ਵਜੇ ਦੇ ਕਰੀਬ ਸਾਡਾ ਰਿਸ਼ਤੇਦਾਰ ਸੱਜਣ ਸਿਵਲ ਲਾਈਨ ਵਿਚ ਸਾਨੂੰ ਆਪਣੇ ਘਰ ਲੈ ਗਿਆ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਕੁਝ ਹਿੰਦੂ ਸੱਜਣਾਂ ਕੋਲੋਂ ਸਿੱਖਾਂ ਨੂੰ ਚਿੜਾਉਣ ਵਾਲੇ ਕੁਬੋਲ ਸੁਣਨੇ ਪੈਂਦੇ ਸਨ। ਸ਼ਾਮ ਨੂੰ ਬਾਹਰ ਫਿਰਦਿਆਂ ਮੈਂ ਆਪਣੇ ਕੰਨੀਂ 'ਰਾਜ ਕਰੇਗਾ ਖ਼ਾਲਸਾ' ਦੀ ਥਾਂ ਕਿਸੇ ਪਾਸਿਓਂ 'ਯਾਦ ਕਰੇਗਾ ਖ਼ਾਲਸਾ' ਦੇ ਕੁਬੋਲ ਸੁਣੇ, ਪਰ ਇਸ ਵੇਲੇ, ਜਿਵੇਂ ਮੋਗੇ ਵਾਲੇ ਉਦਯੋਗ-ਪਤੀ ਨੇ 'ਇੰਡੀਆ ਟੂਡੇ' ਦੇ ਪੱਤਰ-ਪ੍ਰੇਰਕ ਨੂੰ ਕਿਹਾ ਸੀ, 'ਅਸੀਂ ਬੇਬਸ ਸਾਂ। ਸਰਕਾਰ ਦੀਆਂ ਵਧੀਕੀਆਂ, ਅਨਿਆਂ ਤੇ ਤਸ਼ੱਦਦ ਤਾਂ ਬਰਦਾਸ਼ਤ ਕਰ ਹੀ ਰਹੇ ਸਾਂ, ਹਿੰਦੂ ਭਰਾਵਾਂ ਦੇ ਕੁਬੋਲ ਵੀ ਸਹਿ ਲਏ।' ਹਾਂ, ਅੰਮ੍ਰਿਤਸਰ ਵਿਚ ਪੰਜ ਛੇ ਦਿਨ ਰਹਿੰਦਿਆਂ ਵਖ ਵਖ ਸੋਮਿਆਂ ਤੋਂ ਕੁਝ ਫ਼ੌਜੀ ਅਫ਼ਸਰਾਂ ਤੇ ਹਿੰਦੂ ਸੱਜਣਾਂ ਬਾਰੇ ਜੋ ਖ਼ਬਰਾਂ ਸੁਣੀਆਂ, ਉਨ੍ਹਾਂ ਤੋਂ ਇਹ ਨਿਸਚਾ ਹੋ ਗਿਆ ਕਿ ਅਜੇ ਮਨੁੱਖਤਾ ਦਾ ਬੀ ਨਾਸ ਨਹੀਂ ਹੋਇਆ; ਰੱਬ ਦਾ ਭੈ ਕਰਨ ਵਾਲੇ ਟਾਵੇਂ ਟਾਵੇਂ ਬੰਦੇ ਮੌਜੂਦ ਹਨ। ਕਈਆਂ ਨੂੰ ਗੋਲੀ ਵਜਦੀ ਵਜਦੀ ਦੇ ਐਨ ਮੌਕੇ ਉੱਤੇ ਕਿਸੇ ਫ਼ੌਜੀ ਅਫ਼ਸਰ ਜਾਂ ਜਵਾਨ ਨੇ ਬਚਾ ਲਿਆ; ਕਈਆਂ ਦੀ ਕਿਸੇ ਹਿੰਦੂ ਸੱਜਣ ਨੇ ਹੀ ਸਿਫ਼ਾਰਸ਼ ਕਰ ਦਿੱਤੀ ਕਿ ਇਨ੍ਹਾਂ ਦਾ ਅੱਤਵਾਦ ਨਾਲ ਕੋਈ ਸੰਬੰਧ ਨਹੀਂ। ਇਹੋ ਜਿਹੇ ਦਇਆਵਾਨ ਫ਼ੌਜੀਆਂ ਵਿਚ ਸਿਖ ਵੀ ਸਨ ਤੇ ਹਿੰਦੂ ਵੀ। ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪ੍ਰੀਤਮ ਸਿੰਘ ਦਾ ਬਿਆਨ ਹੈ ਕਿ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਹੋਰ ਗਿਆਰਾਂ ਸਾਥੀਆਂ ਨੂੰ ਫ਼ੌਜੀ ਜਵਾਨ ਗੋਲੀਆਂ ਮਾਰਨ ਹੀ ਲੱਗੇ ਸਨ ਕਿ ਬਾਰਡਰ ਸੀਕਿਉਰਟੀ ਫ਼ੋਰਸ ਦੇ ਇਕ ਹਰਿਆਣਵੀ ਜਾਟ ਮੇਜਰ ਰਤਨ ਸਿੰਘ ਨੇ ਫ਼ੌਰਨ ਵਿਚ ਪੈ ਕੇ ਉਨ੍ਹਾਂ ਨੂੰ ਬਚਾਇਆ। ਪਰ ਉਹ ਸਾਰੇ ਗ੍ਰਿਫ਼ਤਾਰ ਕਰ ਲਏ ਗਏ ਤੇ 19 ਜੂਨ ਨੂੰ ਰਿਹਾਅ ਕੀਤੇ ਗਏ।

17 ਜੂਨ ਨੂੰ ਸ਼ਾਮ ਨੂੰ ਪਤਾ ਲੱਗਾ ਕਿ ਕੁਝ ਚੰਡੀਗੜ੍ਹ ਵੱਲ ਬੱਸਾਂ ਜਾਣੀਆਂ ਸ਼ੁਰੂ ਹੋ ਜਾਣਗੀਆਂ। ਦੁਪਹਿਰ ਬਾਰ੍ਹਾਂ ਵਜੇ ਅਸੀਂ ਬੱਸ-ਅੱਡੇ ਤੇ ਪਹੁੰਚੇ, ਤਾਂ ਕਤਾਰਾਂ ਲੱਗੀਆਂ ਹੋਈਆਂ ਸਨ। ਆਪਣੀ ਨੂੰਹ ਦੇ ਨਾਲ ਹੋਣ ਕਰਕੇ ਚਾਰ ਕੁ ਘੰਟੇ ਵਿਚ ਟਿਕਟਾਂ ਮਿਲ ਗਈਆਂ। ਪੰਜ ਕੁ ਵਜੇ ਬੱਸ ਚੱਲੀ, ਪਰ ਰਾਹ ਵਿਚ ਥਾਂ ਥਾਂ ਫ਼ੌਜ ਵੱਲੋਂ ਤਲਾਸ਼ੀ ਲਈ ਜਾਂਦੀ ਰਹੀ। ਕਦੇ ਸਾਰੇ ਮੁਸਾਫ਼ਰਾਂ ਨੂੰ ਬਾਹਰ ਕਢ ਲਿਆ ਜਾਂਦਾ ਤੇ ਸੂਟਕੇਸ, ਬਿਸਤਰੇ ਤੇ ਗੰਢਾਂ ਖੁਲ੍ਹਾਈਆਂ ਜਾਂਦੀਆਂ। ਕਦੇ ਬੱਸ ਵਿਚ ਬੈਠਿਆਂ ਹੀ ਚਾਰ ਛੇ ਜਵਾਨ ਅੰਦਰ ਆ ਵੜਦੇ ਤੇ ਫੋਲਾ-ਫਾਲੀ ਸ਼ੁਰੂ ਕਰ ਦੇਂਦੇ। ਇਸ ਖੋਲ੍ਹਣ-ਬੰਨ੍ਹਣ ਤੋਂ ਖਿੱਝ ਕੇ ਇਕ ਵਾਰੀ ਤਾਂ ਮੈਂ ਆਖ ਹੀ ਬੈਠਾ ਕਿ, "ਯੇਹ ਦੋ ਦੋ ਮੀਲ ਕੇ ਫ਼ਾਸਲੇ ਪਰ ਤਲਾਸ਼ੀ ਲੇਨੇ ਕੇ ਕਿਆ ਮਾਅਨੇ ਹੈਂ ?" ਖ਼ੁਸ਼ਕਿਸਮਤੀ ਨੂੰ ਅੱਗੋਂ ਬੰਦਾ ਚੰਗਾ ਨਿਕਲਿਆ। "ਸਰਦਾਰ ਸਾਹਿਬ! ਆਪ ਤੋ ਖ਼ਫ਼ਾ ਹੋਤੇ ਹੈਂ।" ਆਖ ਕੇ ਹੀ ਮੇਰੀ ਗੰਢ ਖੁਲ੍ਹਾਣੋਂ ਹਟ ਗਿਆ। ਇਉਂ ਪੰਜ ਸਾਢੇ ਪੰਜ ਘੰਟੇ ਦਾ ਸਫ਼ਰ ਕੋਈ ਅਠ ਘੰਟੇ ਵਿਚ ਖ਼ਤਮ ਹੋਇਆ ਤੇ ਰਾਤ ਇਕ ਦੋ ਵਜੇ ਦੇ ਕਰੀਬ ਅਸੀਂ ਘਰ ਪਹੁੰਚੇ। ਘਰ ਟੈਲੀਫ਼ੋਨ ਰਾਹੀਂ ਭਾਵੇਂ ਸੁਖ-ਸਾਂਦ ਦੀ ਖ਼ਬਰ ਭੇਜ ਦਿੱਤੀ ਸੀ, ਪਰ ਪਰਵਾਰ ਦੀ ਤਸੱਲੀ ਤਾਂ ਸਾਡੇ ਪਹੁੰਚਣ ਤੇ ਹੀ ਹੋਈ। ਅਖ਼ਬਾਰਾਂ ਛਪਦੀਆਂ ਸਨ, ਪਰ ਸੈਂਸਰ ਲੱਗਾ ਹੋਣ ਦੇ ਕਾਰਨ ਉਨ੍ਹਾਂ ਵਿਚ ਠੀਕ ਜਾਂ ਸਰਕਾਰ ਲਈ ਅਣਸੁਖਾਵੀਆਂ ਖ਼ਬਰਾਂ ਨਹੀਂ ਆ ਰਹੀਆਂ ਸਨ। ਫਿਰ ਵੀ ਕੁਝ ਅਖ਼ਬਾਰਾਂ ਨੇ ਦੁਹਾਈ ਦੇਣੀ ਸ਼ੁਰੂ ਕਰ ਦਿੱਤੀ ਸੀ ਕਿ ਉਪਰੋਂ ਦਿਸਦੀ ਸ਼ਾਂਤੀ ਦੇ ਭੁਲੇਖੇ ਵਿਚ ਨਾ ਰਿਹਾ ਜਾਏ ਤੇ ਛੇਤੀ ਤੋਂ ਛੇਤੀ ਸੁਲ੍ਹਾ-ਸਫ਼ਾਈ ਤੇ ਸਮਝੌਤੇ ਵਾਲਾ ਵਾਤਾਵਰਨ ਪੈਦਾ ਕੀਤਾ ਜਾਏ। 'ਇੰਡੀਅਨ

ਐਕਸਪ੍ਰੈੱਸ' ਨੇ ਲਿਖਿਆ ਸੀ ਕਿ ਸਿੱਖਾਂ ਦੇ ਵਲੂੰਧਰੇ ਦਿਲਾਂ ਉੱਤੇ ਮਲ੍ਹਮ ਲਾਣ ਅਤੇ ਇਸ ਬਲਵਾਨ ਤੇ ਮਾਣ-ਮੱਤੀ ਕੌਮ ਨੂੰ ਸੰਤੁਸ਼ਟ ਕਰਨ ਦਾ ਛੇਤੀ ਜਤਨ ਕਰਨਾ ਚਾਹੀਦਾ ਹੈ, ਤਾਂ ਜੁ ਅਜਿਹੀ ਸਥਿਤੀ ਪੈਦਾ ਨਾ ਹੋ ਜਾਏ, ਜਿੱਥੋਂ ਵਾਪਸ ਆਉਣਾ ਅਸੰਭਵ ਹੋ ਜਾਏ। ਉਸ ਨੇ ਕੁਝ ਅਮਲੀ ਤਜਵੀਜ਼ਾਂ ਵੀ ਸੁਣਾਈਆਂ ਸਨ, ਜਿਹਾ ਕਿ ਅਖ਼ਬਾਰਾਂ ਤੋਂ ਸੈਂਸਰ ਹਟਾਇਆ ਜਾਏ, ਪੰਜਾਬੋਂ ਬਾਹਰ ਦੀਆਂ ਅਖ਼ਬਾਰਾਂ ਨੂੰ ਪੰਜਾਬ ਵਿਚ ਆਉਣ ਦੀ ਖੁਲ੍ਹ ਦਿੱਤੀ ਜਾਏ, ਦਰਬਾਰ ਸਾਹਿਬ ਸਮੂੰਹ ਤੋਂ ਫ਼ੌਜ ਨੂੰ ਝਟ-ਪਟ ਬੁਲਾ ਲਿਆ ਜਾਏ, ਅਕਾਲ ਤਖ਼ਤ ਸਾਹਿਬ ਦੀ ਕਾਰ-ਸੇਵਾ ਸ਼੍ਰੋਮਣੀ ਕਮੇਟੀ ਦੇ ਸਪੁਰਦ ਕੀਤੀ ਜਾਏ, ਪਿੰਡਾਂ ਵਿਚ ਅੱਤਵਾਦੀਆਂ ਦੀ ਢੂੰਡ ਲਈ ਫ਼ੌਜ ਦੀ ਗ਼ਸ਼ਤ ਸੀਮਤ ਕੀਤੀ ਜਾਏ ਤੇ ਅਕਾਲੀ ਆਗੂਆਂ ਨੂੰ ਰਿਹਾਅ ਕੀਤਾ ਜਾਏ। ਪਰ ਇੰਦਰਾ ਗਾਂਧੀ ਦੀਆਂ ਨਜ਼ਰਾਂ ਤਾਂ ਪੰਜ ਮਹੀਨੇ ਬਾਅਦ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਉੱਤੇ ਲੱਗੀਆਂ ਹੋਈਆਂ ਸਨ ਤੇ ਇਹਦੇ ਲਈ ਉਹ ਸਿੱਖਾਂ ਨੂੰ ਵੱਧ ਤੋਂ ਵੱਧ ਜ਼ਲੀਲ ਕਰ ਕੇ ਹਿੰਦੂਆਂ ਨੂੰ ਖ਼ੁਸ਼ ਕਰਨਾ ਚਾਹੁੰਦੀ ਸੀ, ਸੋ ਉਸ ਨੇ ਇਨ੍ਹਾਂ ਵਿੱਚੋਂ ਕਿਸੇ ਇਕ ਸੁਝਾਅ ਤੇ ਵੀ ਗ਼ੌਰ ਕਰਨਾ ਵਾਜਬ ਨਾ ਸਮਝਿਆ। ਉਹ ਆਪਣੀ ਪਹਿਲੀ ਮਿੱਥੀ ਯੋਜਨਾ ਅਨੁਸਾਰ ਸਿੱਖਾਂ ਦੀ ਤਾਕਤ ਨੂੰ ਹਮੇਸ਼ਾ ਲਈ ਖ਼ਤਮ ਕਰਨ ਦਾ ਮਨ ਬਣਾਈ ਬੈਠੀ ਸੀ।

3. ਅਪਰੇਸ਼ਨ ਪੋਚਾ-ਪਾਚੀ

ਇਸ ਵੇਲੇ ਪ੍ਰਧਾਨ ਮੰਤਰੀ ਦਾ ਸਭ ਤੋਂ ਵੱਡਾ ਕੰਮ ਇਹ ਸੀ ਕਿ ਕਿਵੇਂ ਅਕਾਸ਼-ਬਾਣੀ, ਦੂਰ-ਦਰਸ਼ਨ ਤੇ ਹੋਰ ਪ੍ਰਚਾਰ ਮਾਧਿਅਮਾਂ ਰਾਹੀਂ ਫ਼ੌਜ ਵੱਲੋਂ ਕੀਤੀਆਂ ਵਧੀਕੀਆਂ, ਸਖ਼ਤੀਆਂ, ਲੁੱਟ-ਮਾਰ ਤੇ ਹੱਤਿਆਵਾਂ ਦਾ ਬਲੈਕ-ਆਊਟ ਕੀਤਾ ਜਾਏ ਅਤੇ ਕਥਿਤ ਅੱਤਵਾਦੀਆਂ ਬਾਰੇ ਗ਼ਲਤ ਤੇ ਬੇਬੁਨਿਆਦ ਖ਼ਬਰਾਂ ਨਸ਼ਰ ਕੀਤੀਆਂ ਜਾਣ। ਇਸ ਸੰਬੰਧ ਵਿਚ ਮੁਖ ਕੰਮ ਹਰਿਮੰਦਰ ਸਾਹਿਬ ਵਿਚ ਸਭ ਪ੍ਰੋਗਰਾਮ ਰੋਜ਼ਮੱਰਾ ਵਾਂਗ ਹੋਣ ਦਾ ਭੁਲੇਖਾ ਪਾਣਾ ਸੀ। 7 ਜੂਨ ਨੂੰ ਸਵੇਰੇ ਇੱਥੇ ਨਾ ਪ੍ਰਕਾਸ਼ ਹੋ ਸਕਿਆ ਸੀ ਤੇ ਨਾ ਕੀਰਤਨ। ਸੋ ਉਸ ਦਿਨ ਅਠ ਕੁ ਵਜੇ ਅੰਦਰ ਰਹਿ ਰਹੇ ਗ੍ਰੰਥੀਆਂ ਗਿਆਨੀ ਮੋਹਨ ਸਿੰਘ ਤੇ ਗਿਆਨੀ ਪੂਰਨ ਸਿੰਘ ਨੂੰ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਦੇ ਘਰ ਭੇਜ ਕੇ ਉਨ੍ਹਾਂ ਨੂੰ ਬੁਲਾਇਆ ਗਿਆ ਤੇ ਆਖਿਆ ਗਿਆ ਕਿ ਉਹ ਹਰਿਮੰਦਰ ਸਾਹਿਬ ਵਿਚ ਕੀਰਤਨ ਸ਼ੁਰੂ ਕਰਾਉਣ। ਉਨ੍ਹਾਂ ਦੇ ਕਹਿਣ ਤੇ ਹਿਰਾਸਤ ਵਿਚ ਲਏ ਗਏ ਕੁਝ ਸੇਵਾਦਾਰ ਤੇ ਰਾਗੀ ਛਡ ਦਿੱਤੇ ਗਏ। ਉਨ੍ਹਾਂ ਦੀ ਮਦਦ ਨਾਲ ਸਿੰਘ ਸਾਹਿਬ ਨੇ ਅੰਦਰ ਦੀ ਸਫ਼ਾਈ ਕਰਾਈ, ਲਾਚੀ ਬੇਰ ਤੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਆ ਕੇ ਪ੍ਰਕਾਸ਼ ਕੀਤਾ ਤੇ ਢਾਈ ਤਿੰਨ ਵਜੇ ਕੀਰਤਨ ਸ਼ੁਰੂ ਕਰਾਇਆ। ਸ਼ਾਮ ਨੂੰ ਸਤ ਵਜੇ ਅਕਾਸ਼-ਬਾਣੀ ਦਾ ਅਮਲਾ ਤੇ ਬਿਜਲੀ ਵਾਲੇ ਆ ਕੇ ਤਾਰਾਂ ਆਦਿ ਫ਼ਿਟ ਕਰ ਗਏ, ਤਾਂ ਜੁ ਦੂਜੇ ਦਿਨ ਸਵੇਰੇ ਸਾਢੇ ਚਾਰ ਵਜੇ ਤੋਂ ਸ਼ਬਦ-ਕੀਰਤਨ ਦਾ ਪ੍ਰਸਾਰਨ ਸ਼ੁਰੂ ਕੀਤਾ ਜਾ ਸਕੇ। ਇਸ ਵੇਲੇ ਸਾਰੀ ਪਰਕਰਮਾ ਲਾਸ਼ਾਂ ਨਾਲ ਭਰੀ ਪਈ ਸੀ ਤੇ ਸਰੋਵਰ ਵਿਚ ਵੀ ਲਾਸ਼ਾਂ ਤੈਰ ਰਹੀਆਂ ਸਨ। ਕੋਈ ਆਦਮੀ ਤਾਂ ਕੀ, ਚਿੜੀ ਤਕ ਅੰਦਰ ਨਹੀਂ ਫਟਕ ਸਕਦੀ ਸੀ, ਪਰ ਸ਼ਬਦ-ਕੀਰਤਨ, ਵਾਕ ਤੇ ਅਰਦਾਸ ਰੀਲੇਅ ਕਰ ਕੇ ਦੂਰ-ਦੁਰੇਡੀਆਂ ਥਾਵਾਂ ਵਿਚ ਲੋਕਾਂ ਨੂੰ ਇਹ ਭੁਲੇਖਾ ਪਾਇਆ ਜਾ ਸਕਦਾ ਸੀ ਕਿ ਦਰਬਾਰ ਸਾਹਿਬ ਵਿਚ ਸਭ ਮਰਯਾਦਾ ਰੋਜ਼ਮੱਰਾ ਵਾਂਗ ਹੋ ਰਹੀ ਹੈ। ਸਿੰਘ ਸਾਹਿਬਾਨ ਨੇ ਰਾਗੀਆਂ ਨੂੰ ਸੁਝਾਅ ਦੇ ਦਿੱਤਾ ਸੀ ਕਿ ਇਸ ਸੰਕਟ ਦੀ ਘੜੀ ਵਿਚ ਆਮ ਕਰਕੇ ਬਾਬਰਵਾਣੀ ਵਾਲੇ ਸ਼ਬਦਾਂ "ਜੈਸੀ ਮੈ ਆਵੈ ਖਸਮ ਕੀ ਬਾਣੀ......ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ...., ਰਾਜੇ ਸੀਹ ਮੁਕਦਮ ਕੁਤੇ—ਅਤੇ, ਕਲਿ ਕਾਤੀ ਰਾਜੇ ਕਾਸਾਈ..." ਆਦਿ ਸ਼ਬਦਾਂ ਦਾ ਗਾਇਣ

ਕੀਤਾ ਜਾਇਆ ਕਰੇ। ਇਸ ਉੱਤੇ ਜਦ ਰੇਡੀਉ ਵਾਲਿਆਂ ਨੇ ਉੱਤੋਂ ਹਦਾਇਤ ਆਉਣ ਤੇ ਇਤਰਾਜ਼ ਕੀਤਾ, ਤਾਂ ਸਿੰਘ ਸਾਹਿਬ ਨੇ ਉੱਤਰ ਦਿੱਤਾ ਕਿ "ਸ਼ਬਦ-ਕੀਰਤਨ ਤਾਂ ਰਾਗੀ ਸਿੰਘ ਮੌਕੇ ਅਨੁਸਾਰ ਹੀ ਕਰਨਗੇ। ਜੇ ਤੁਹਾਨੂੰ ਇਹ ਠੀਕ ਨਹੀਂ ਲਗਦਾ, ਤਾਂ ਤੁਸੀਂ ਆਪਣਾ ਇਹ ਅਡੰਬਰ ਸਮੇਟ ਕੇ ਬੰਦ ਕਰ ਸਕਦੇ ਹੋ। ਇਹ ਗੱਲ ਵਰਣਨ ਯੋਗ ਹੈ ਕਿ ਸ਼ਬਦ-ਕੀਰਤਨ ਰੀਲੇਅ ਕਰਨ ਵਾਲੇ ਪਹਿਲੇ ਦਿਨ ਅੱਗੇ ਲਿਖਿਆ ਵਾਕ ਆਇਆ, "ਕਿਸੁ ਹਉ ਜਾਚੀ ਕਿਸੁ ਆਰਾਧੀ ਜਾ ਸਭੁ ਕੋ ਕੀਤਾ ਹੋਸੀ। ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ। ਨਿਰਭਉ ਨਿਰੰਕਾਰੁ ਭਵਖੰਡਨੁ ਸਭਿ ਸੁਖ ਨਵਨਿਧਿ ਦੇਸੀ।"* ਕਿਹਾ ਜਾਂਦਾ ਹੈ ਕਿ ਬੇਅੰਤ ਸਿੰਘ ਨੇ ਇਹ ਵਾਕ ਲਿਖ ਕੇ ਆਪਣੀ ਜੇਬ ਵਿਚ ਰਖਿਆ ਹੋਇਆ ਸੀ।

ਅਪਰੇਸ਼ਨ ਪੋਚਾ-ਪਾਚੀ ਦੀ ਦੂਜੀ ਮਦ ਇਹ ਸੀ ਕਿ ਟੀ.ਵੀ. ਉੱਤੇ ਵਖ ਵਖ ਵਿਅਕਤੀਆਂ ਦੇ ਬਿਆਨ ਦਿਵਾ ਕੇ ਇਹ ਦੱਸਿਆ ਜਾਏ ਕਿ ਹਰਿਮੰਦਰ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਹੋਇਆ ਤੇ ਅਕਾਲ ਤਖ਼ਤ ਸਾਹਿਬ ਦਾ ਬਹੁਤ ਥੋੜ੍ਹਾ ਨੁਕਸਾਨ ਹੋਇਆ ਹੈ। ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਤੋਂ ਵੀ ਇਹੋ ਜਿਹੇ ਗੋਲ-ਮੋਲ ਬਿਆਨ ਦਿਵਾਏ ਗਏ। ਜਥੇਦਾਰ ਸਾਹਿਬ ਦਾ ਬਿਆਨ ਇਸ ਪ੍ਰਕਾਰ ਸੀ, "ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਿਛਲੇ ਕੁਝ ਦਿਨਾਂ ਵਿਚ ਜੋ ਅਣਸੁਖਾਵੀਆਂ ਘਟਨਾਵਾਂ ਵਾਪਰੀਆਂ ਹਨ, ਉਹ ਬੜੀਆਂ ਹੀ ਦੁਖਦਾਈ ਤੇ ਅਫ਼ਸੋਸਨਾਕ ਹਨ, ਜਿਸ ਤੋਂ ਹਰੇਕ ਸਿਖ ਦਾ ਹਿਰਦਾ ਦੁਖੀ ਹੈ....ਕੀਮਤੀ ਚਾਨਣੀ ਸੜ ਗਈ ਹੈ, ਪਰ ਸ੍ਰੀ ਹਰਿਮੰਦਰ ਸਾਹਿਬ ਦਾ ਇਤਿਹਾਸਿਕ ਤੋਸ਼ਾਖ਼ਾਨਾ ਠੀਕ ਹੈ। ਉਸ ਨੂੰ ਸਾਡੇ ਰਾਹੀਂ ਸੀਲ ਕਰ ਕੇ ਸੁਰੱਖਿਆ ਦੇ ਪ੍ਰਬੰਧ ਕਰ ਦਿੱਤੇ ਗਏ ਹਨ। ਪਾਵਨ ਸ੍ਰੀ ਅਕਾਲ ਤਖ਼ਤ ਦਾ ਜੋ ਭਾਰੀ ਨੁਕਸਾਨ ਹੋਇਆ ਹੈ, ਉਸ ਦਾ ਸਾਨੂੰ ਸਾਰਿਆਂ ਨੂੰ ਭਾਰੀ ਦੁਖ ਹੈ। ਕੁਝ ਗੋਲੀਆਂ ਵੱਜੀਆਂ ਹਨ, ਪਰ ਹਰਿਮੰਦਰ ਸਾਹਿਬ ਦੀ ਇਮਾਰਤ ਠੀਕ ਹੈ। ਕੋਠਾ ਸਾਹਿਬ ਬਿਲਕੁਲ ਠੀਕ ਹੈ। ਆਪਾਂ ਹਿੰਦੂ ਸਿਖ ਭਰਾ ਭਰਾ ਹਾਂ। ਇਹ ਸਾਂਝ ਸਦੀਆਂ ਪੁਰਾਣੀ ਹੈ ਤੇ ਸਾਨੂੰ ਇਸ ਸਾਂਝ ਨੂੰ ਕਾਇਮ ਰਖਣਾ ਚਾਹੀਦਾ ਹੈ। ਕਈ ਦਿਨਾਂ ਤੋਂ ਸੰਗਤਾਂ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਤੋਂ ਵਾਂਝੀਆਂ ਹਨ। ਇਹ ਫਿਰ ਜਾਰੀ ਕਰਾਉਣ ਲਈ ਭਰਪੂਰ ਜਤਨ ਜਾਰੀ ਹਨ। ਆਸ਼ਾ ਹੈ, ਸੰਗਤਾਂ ਛੇਤੀ ਹੀ ਇਸ ਪਾਵਨ ਅਸਥਾਨ ਦੀ ਧੂੜੀ ਮਸਤਕ ਨੂੰ ਲਾ ਸਕਣਗੀਆਂ।"

ਇਸ ਬਿਆਨ ਵਿਚ ਅਸਲ ਹਾਲਾਤ ਨੂੰ ਬੜੇ ਲੁਕਵੇਂ ਤੇ ਸੰਕੇਤਕ ਢੰਗ ਨਾਲ ਦੱਸਿਆ ਗਿਆ ਹੈ। ਅਸਲ ਗੱਲ ਇਹ ਹੈ ਕਿ ਕੋਈ ਵੀ ਸਰਕਾਰ ਆਪਣੇ ਮਾਧਿਅਮ ਅਰਥਾਤ ਟੀ.ਵੀ. ਜਾਂ ਰੇਡੀਉ ਤੋਂ ਅਜਿਹਾ ਬਿਆਨ ਦੇਣ ਦੀ ਆਗਿਆ ਨਹੀਂ ਦੇ ਸਕਦੀ, ਜਿਸ ਵਿਚ ਉਹਦੇ ਅੱਤਿਆਚਾਰਾਂ ਜਾਂ ਵਧੀਕੀਆਂ ਦਾ ਨੰਗਾ-ਪੁੰਗਾ ਵਰਣਨ ਕੀਤਾ ਗਿਆ ਹੋਵੇ। ਸੋ ਜਥੇਦਾਰ ਸਾਹਿਬ ਨੇ ਦੂਜੇ ਦਿਨ ਹੀ ਜੋ ਬਿਆਨ ਜਾਰੀ ਕੀਤਾ, ਉਸ ਦੇ ਇਹ ਸ਼ਬਦ ਵਰਣਨਯੋਗ ਹਨ : "ਭਾਰਤ ਸਰਕਾਰ ਦੇ ਆਦੇਸ਼ ਅਨੁਸਾਰ ਫ਼ੌਜ ਅਤੇ ਸੀ.ਆਰ.ਪੀ. ਵੱਲੋਂ ਇਸ ਪਰਮ ਪਵਿੱਤਰ ਅਸਥਾਨ (ਸ੍ਰੀ ਹਰਿਮੰਦਰ ਸਾਹਿਬ ਸਮੂੰਹ) ਉੱਤੇ ਜੋ ਜੋ ਜ਼ੁਲਮ ਤੇ ਕਹਿਰ ਇਨ੍ਹਾਂ ਦਿਨਾਂ ਵਿਚ ਢਾਏ ਗਏ ਹਨ, ਉਨ੍ਹਾਂ ਨੇ ਬਾਬਰ ਦੇ ਜਬਰ, ਅਹਿਮਦ ਸ਼ਾਹ ਅਬਦਾਲੀ ਦੇ ਜ਼ੁਲਮਾਂ ਅਤੇ ਬੀ.ਟੀ. ਦੇ ਕਹਿਰ ਨੂੰ ਮਾਤ ਪਾ ਦਿੱਤਾ ਹੈ। ਹਰਿਮੰਦਰ ਸਾਹਿਬ ਉੱਤੇ ਹਫ਼ਤੇ ਭਰ ਦੀ ਗੋਲਾਬਾਰੀ ਅਤੇ ਹਜ਼ਾਰਾਂ ਸਿੱਖਾਂ ਦਾ ਕਤਲਾਮ ਵੀ ਭਾਰਤ ਸਰਕਾਰ ਦੀ ਜ਼ਮੀਰ ਨੂੰ ਪੋਹ ਨਹੀਂ ਸਕਿਆ। ਸਮੇਂ ਦੀ ਸਰਕਾਰ ਕਸਾਈ

---

* ਸੋਰਠਿ ਮ: ੫ ਘਰੁ ੧, ਤਿਤੁਕੇ, ਪੰਨਾ ੬੦੮

ਦਾ ਰੂਪ ਧਾਰਨ ਕਰ ਚੁਕੀ ਹੈ ਅਤੇ ਇਸ ਦੀ ਫ਼ੌਜ ਤੇ ਸੀ.ਆਰ.ਪੀ. ਪਾਪ ਦੀ ਜੰਞ ਬਣ ਕੇ ਮਾਸੂਮ ਲੋਕਾਂ ਦੀ ਰੱਤ ਦਾ ਕੁੰਗੂ ਵਹਾ ਰਹੀ ਹੈ।"

ਇਸ ਵੇਲੇ ਸਰਕਾਰ ਨੇ ਫ਼ੌਜੀ ਕਾਰਵਾਈ ਬਾਰੇ ਟੀ.ਵੀ. ਉੱਤੇ ਕੁਝ ਗੋਸ਼ਟੀਆਂ ਵੀ ਕਰਾਈਆਂ, ਪਰ ਉਨ੍ਹਾਂ ਵਿਚ ਕੇਵਲ ਉਨ੍ਹਾਂ ਨੂੰ ਸੱਦਿਆ ਗਿਆ, ਜੋ ਫ਼ੌਜੀ ਕਾਰਵਾਈ ਦੀ ਹਮਾਇਤ ਕਰਦੇ ਸਨ। ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ ਨੇ ਬਿਆਨ ਪੜ੍ਹਿਆ ਕਿ ਮੈਂ ਸੰਤ ਜਰਨੈਲ ਸਿੰਘ ਨੂੰ ਬਥੇਰਾ ਸਮਝਾਇਆ ਸੀ ਕਿ ਉਹ ਮਾਰ-ਧਾੜ ਵਾਲੀਆਂ ਕਾਰਵਾਈਆਂ ਤੋਂ ਬਾਜ਼ ਆ ਜਾਏ, ਪਰ ਉਹ ਨਾ ਮੰਨਿਆ ਅਤੇ ਹੁਣ ਜੋ ਕੁਝ ਵਾਪਰਿਆ ਹੈ, ਇਸ ਸਭ ਲਈ ਉਹੀ ਜ਼ਿੰਮੇਵਾਰ ਹੈ। ਗਵਰਨਰੀ ਆਦਿ ਪਦਵੀਆਂ ਦੇ ਇਛੁਕਾਂ ਪਾਸੋਂ ਤਾਂ ਫ਼ੌਜੀ ਕਾਰਵਾਈ ਦੇ ਹੱਕ ਵਿਚ ਬਿਆਨ ਦਿਵਾਏ ਜਾ ਸਕਦੇ ਸਨ, ਪਰ ਇਹੋ ਜਿਹੇ ਵੀ ਕੇਵਲ ਦੋ ਉੱਘੇ ਸਿਖ ਸਰਕਾਰ ਨੂੰ ਮਿਲ ਸਕੇ—ਇਕ ਗੁਪਾਲ ਸਿੰਘ ਦਰਦੀ, ਜਿਨ੍ਹਾਂ ਨੂੰ ਬਾਅਦ ਵਿਚ ਗੋਆ ਦਾ ਗਵਰਨਰ ਬਣਾ ਦਿੱਤਾ ਗਿਆ ਤੇ ਦੂਜੇ ਹਰਬੰਸ ਸਿੰਘ। ਓਂ ਡੇਢ ਕਰੋੜ ਦੀ ਕੌਮ ਵਿੱਚੋਂ ਡੇਢ ਦੋ ਹਜ਼ਾਰ ਕਾਂਗਰਸੀ, ਸਰਕਾਰ ਦੇ ਪਿੱਠੂ ਪੰਚ-ਸਰਪੰਚ ਤੇ ਸਿੱਧੜ ਪੇਂਡੂ ਲਭਣੇ ਔਖੇ ਨਹੀਂ ਸਨ। ਸੋ ਹਰ ਰੋਜ਼ ਪੰਜਾਬ ਵਿੱਚੋਂ ਇਕ ਦੋ ਬੱਸਾਂ ਅਜਿਹੇ ਆਦਮੀਆਂ ਨਾਲ ਭਰ ਕੇ ਦਿੱਲੀ ਲਿਜਾਈਆਂ ਜਾਂਦੀਆਂ। ਉਨ੍ਹਾਂ ਨੂੰ ਜਲੂਸ ਦੀ ਸ਼ਕਲ ਵਿਚ ਤੇ 'ਹਿੰਦੂ-ਸਿਖ ਭਾਈ ਭਾਈ' ਦੇ ਨਾਹਰੇ ਮਾਰਦਿਆਂ ਟੀ.ਵੀ. ਉੱਤੇ ਵਿਖਾਇਆ ਜਾਂਦਾ ਤੇ ਦੱਸਿਆ ਜਾਂਦਾ ਕਿ ਸਿਖ ਸਰਕਾਰ ਦੀ ਕਾਰਵਾਈ ਦੀ ਹਮਾਇਤ ਕਰਦੇ ਹਨ। ਬਾਬਰਵਾਣੀ ਫਿਰ ਗਈ ਸੀ ਤੇ ਹੁਣ ਕੂੜ ਹੀ ਪ੍ਰਧਾਨ ਸੀ। ਇਸ ਸਾਰੇ ਪ੍ਰਚਾਰ ਦਾ ਕੇਂਦਰੀ ਨੁਕਤਾ ਇਹ ਸੀ ਕਿ "ਅੱਤਵਾਦੀਆਂ ਨੇ ਸਾਡੇ ਪਵਿੱਤਰ ਧਰਮ-ਅਸਥਾਨਾਂ ਦੀ ਪਵਿੱਤਰਤਾ ਭੰਗ ਕਰ ਦਿੱਤੀ ਸੀ; ਸਰਕਾਰ ਨੇ ਉਨ੍ਹਾਂ ਦਾ ਸਫ਼ਾਇਆ ਕਰ ਕੇ ਪਵਿੱਤਰਤਾ ਬਹਾਲ ਕੀਤੀ ਹੈ।" ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਇਹ ਹਮਲਾ ਅਨਿਵਾਰੀ ਹੋ ਗਿਆ ਸੀ, ਕਿਉਂਕਿ ਅੱਤਵਾਦੀ ਕੇਵਲ ਪੰਜਾਬ ਵਿਚ ਫ਼ਿਰਕੂ ਤਣਾਅ ਹੀ ਪੈਦਾ ਨਹੀਂ ਕਰ ਰਹੇ ਸਨ, ਸਗੋਂ ਵਿਦੇਸ਼ੀ ਤਾਕਤਾਂ ਦੀ ਸ਼ਹਿ ਉੱਤੇ ਪੰਜਾਬ ਨੂੰ ਦੇਸ਼ ਤੋਂ ਵਖ ਕਰ ਕੇ ਖ਼ਾਲਿਸਤਾਨ ਬਣਾਉਣਾ ਚਾਹੁੰਦੇ ਸਨ।"

ਆਪਣੀਆਂ ਨਿੰਦਨੀਯ ਕਾਰਵਾਈਆਂ ਉੱਤੇ ਪੋਚਾ ਫੇਰਨ ਲਈ ਇੰਦਰਾ ਸਰਕਾਰ ਦਾ ਅਗਲਾ ਕਦਮ ਇਹ ਸੀ ਕਿ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਦੇਸ ਦੇ ਸਾਹਮਣੇ ਭਿਆਨਕ ਤੋਂ ਭਿਆਨਕ, ਵਹਿਸ਼ੀ ਤੇ ਨਿਰਦਈ ਰਾਖ਼ਸ਼ ਦੇ ਰੂਪ ਵਿਚ ਪੇਸ਼ ਕੀਤਾ ਜਾਏ, ਜਿਵੇਂ ਕਿ ਉਹ ਅੰਮ੍ਰਿਤਧਾਰੀ ਸਿੰਘ ਨਹੀਂ, ਵਾਮ-ਮਾਰਗੀਏ ਹੋਣ। ਇਹ ਇਕ ਮੰਨੀ-ਪ੍ਰਮੰਨੀ ਸਚਾਈ ਸੀ ਕਿ ਸੰਤ ਭਿੰਡਰਾਂ ਵਾਲੇ ਮੁਖ ਰੂਪ ਵਿਚ ਧਰਮ-ਪ੍ਰਚਾਰਕ ਸਨ ਅਤੇ ਸਿੱਖ ਨੌਜਵਾਨਾਂ ਨੂੰ ਅੰਮ੍ਰਿਤ ਛਕਾ ਕੇ ਰਹਿਤ-ਬਹਿਤ ਵਿਚ ਪੱਕੇ ਕਰਨਾ ਚਾਹੁੰਦੇ ਸਨ। ਉਹ ਕੇਸਾਂ-ਦਾੜ੍ਹੀਆਂ ਦੀ ਬੇਅਦਬੀ ਅਤੇ ਨਸ਼ਿਆਂ ਦੇ ਸੇਵਨ ਤੋਂ ਵਰਜਣ ਤੇ ਜ਼ੋਰ ਦੇਂਦੇ ਸਨ। ਅੱਤਵਾਦ ਤਾਂ ਸਰਕਾਰ ਨੇ ਹੀ ਉਨ੍ਹਾਂ ਦੇ ਗਲ ਪਾਇਆ ਸੀ ਤੇ ਉਹ ਅਭੋਲ ਹੀ ਇਹਦੇ ਵਿਚ ਫਸ ਗਏ ਸਨ। ਇਸ ਵੇਲੇ ਉਨ੍ਹਾਂ ਨੂੰ ਗ਼ਲਤ ਰੰਗ ਵਿਚ ਪੇਸ਼ ਕਰਨ ਲਈ ਪ੍ਰੈੱਸ ਟ੍ਰੱਸਟ ਆਫ਼ ਇੰਡੀਆ ਤੇ ਯੂਨਾਈਟਿਡ ਨੀਊਜ਼ ਆਫ਼ ਇੰਡੀਆ ਨੇ ਨਿਪਟ ਝੂਠੀਆਂ, ਬੇਬੁਨਿਆਦ, ਅਸ਼ਲੀਲ ਤੇ ਮਨ-ਘੜਤ ਖ਼ਬਰਾਂ ਨਸ਼ਰ ਕੀਤੀਆਂ, ਜੋ ਕੋਈ ਵੀ ਸੂਝ-ਬੂਝ ਵਾਲਾ ਪੁਰਸ਼ ਮੰਨ ਨਹੀਂ ਸਕਦਾ ਸੀ, ਪਰ ਇਨ੍ਹਾਂ ਦੇ ਨਾਲ ਦੇਸ ਦੀ ਬਹੁਗਿਣਤੀ ਨੂੰ ਗੁਮਰਾਹ ਕੀਤਾ ਜਾ ਸਕਦਾ ਸੀ। ਉਦਾਹਰਣ ਵਜੋਂ ਕਿਹਾ ਗਿਆ ਕਿ ਅਕਾਲ ਤਖ਼ਤ ਦੇ ਅੰਦਰੋਂ ਵੱਡੀ ਮਾਤਰਾ ਵਿਚ ਅਫ਼ੀਮ, ਚਰਸ, ਹਸ਼ੀਸ਼, ਹੈਰੋਇਨ, ਕੋਕੀਨ ਤੇ ਹੋਰ ਨਸ਼ੀਲੀਆਂ ਵਸਤਾਂ ਨਿਕਲੀਆਂ ਹਨ। ਇਹਦੇ ਅੰਦਰੋਂ ਬਹੁਤ ਸਾਰੀਆਂ ਜਵਾਨ ਲੜਕੀਆਂ, ਬਜ਼ਾਰੀ ਔਰਤਾਂ ਤੇ ਕੰਡੋਮ ਵੀ ਮਿਲੇ ਹਨ, ਅਤੇ ਦਰਬਾਰ ਸਾਹਿਬ ਸਮੂਹ ਵਿਚ ਨਿਹੰਗਾਂ ਦੇ ਭੇਸ ਵਿਚ

ਕਿੰਨੇ ਹੀ ਪਾਕਿਸਤਾਨੀ ਫੜੇ ਗਏ ਹਨ। ਇਹ ਬੇ-ਸਿਰ-ਪੈਰ ਦੀਆਂ, ਊਟ-ਪਟਾਂਗ ਤੇ ਲੱਚਰ ਖ਼ਬਰਾਂ, ਜਿਨ੍ਹਾਂ ਨੇ ਅੱਤਵਾਦੀਆਂ ਦੇ ਹੀ ਨਹੀਂ, ਸਾਰੇ ਸਿੱਖਾਂ ਦੇ ਵਿਰੁਧ ਨਫ਼ਰਤ ਫੈਲਾਈ, ਬਹੁਤੀਆਂ ਅਖ਼ਬਾਰਾਂ ਨੇ ਮੋਟੇ ਮੋਟੇ ਸਿਰਲੇਖ ਦੇ ਕੇ ਪਹਿਲੇ ਸਫ਼ੇ ਉੱਤੇ ਛਾਪੀਆਂ। ਪਰ ਮਜ਼ੇ ਦੀ ਗੱਲ ਇਹ ਕਿ ਦੋ-ਦੋ ਤਿੰਨ-ਤਿੰਨ ਦਿਨ ਬਾਅਦ ਇਨ੍ਹਾਂ ਸਭ ਖ਼ਬਰਾਂ ਦੀ ਤਰਦੀਦ ਕਰ ਦਿੱਤੀ ਜਾਂਦੀ ਰਹੀ, ਪਰ ਇਹ ਤਰਦੀਦ ਅਖ਼ਬਾਰਾਂ ਵੱਲੋਂ ਵਿਚਲੇ ਸਫ਼ਿਆਂ ਵਿਚ ਮਹੱਤਵ-ਰਹਿਤ ਥਾਵਾਂ ਤੇ ਛਾਪੀ ਗਈ। 'ਟਾਈਮਜ਼ ਆਫ਼ ਇੰਡੀਆ' ਨੇ ਪ੍ਰੈੱਸ ਟ੍ਰੱਸਟ ਆਫ਼ ਇੰਡੀਆ ਦੇ ਹਵਾਲੇ ਨਾਲ 16 ਜੂਨ ਦੇ ਪਰਚੇ ਵਿਚ ਲਿਖਿਆ ਕਿ ਅੱਤਵਾਦੀਆਂ ਨੇ ਅਕਾਲ ਤਖ਼ਤ ਸਾਹਿਬ ਨੂੰ ਉਡਾਣ ਦਾ ਭਰਪੂਰ ਜਤਨ ਕੀਤਾ ਸੀ; ਫਿਰ ਇਹ ਕਿ ਸੰਤ ਜਰਨੈਲ ਸਿੰਘ ਨੇ ਆਤਮਘਾਤ ਕਰ ਲਿਆ ਹੈ ਤੇ ਨਾਲ ਹੀ ਇਹ ਕਿ ਸੰਤ ਭਿੰਡਰਾਂ ਵਾਲਿਆਂ ਨੂੰ ਉਨ੍ਹਾਂ ਦੇ ਆਪਣੇ ਸਾਥੀਆਂ ਨੇ ਜਾਂ ਬੱਬਰ ਖ਼ਾਲਸਾ ਵਾਲਿਆਂ ਨੇ ਗੋਲੀ ਮਾਰ ਦਿੱਤੀ ਹੈ। ਇਨ੍ਹਾਂ ਆਲ-ਬੇਤਾਲ ਖ਼ਬਰਾਂ ਦਾ ਪਾਜ ਤਾਂ ਓਦੋਂ ਹੀ ਖੁਲ੍ਹ ਗਿਆ, ਜਦ ਸੰਤ ਜੀ ਦੀ ਦੇਹ ਸਿਰ ਤੋਂ ਪੈਰਾਂ ਤਕ ਗੋਲੀਆਂ ਨਾਲ ਵਿੰਨ੍ਹੀ ਹੋਈ ਮਿਲੀ। ਆਪਣੇ ਝੂਠੇ ਪ੍ਰਚਾਰ ਉੱਤੇ ਪਰਦਾ ਪਾਣ ਲਈ ਸਰਕਾਰ ਦੀ ਅਗਲੀ ਕੋਸ਼ਿਸ਼ ਇਹ ਸੀ ਕਿ ਜਦ ਤਕ ਦਰਬਾਰ ਸਾਹਿਬ ਸਮੂੰਹ ਦੇ ਅੰਦਰੋਂ ਫ਼ੌਜ ਦੇ ਵਹਿਸ਼ੀਪੁਣੇ ਦੇ ਨਿਸ਼ਾਨ ਨਾ ਮਿਟਾ ਲਏ ਜਾਣ, ਤਦ ਤਕ ਕਿਸੇ ਸਿਖ ਨੂੰ ਅੰਦਰ ਨਾ ਆਉਣ ਦਿੱਤਾ ਜਾਏ। ਸੋ ਪਹਿਲਾਂ ਪਰਕਰਮਾ ਤੇ ਸਰੋਵਰ ਵਿੱਚੋਂ ਲਾਸ਼ਾਂ ਚੁਕਵਾਈਆਂ ਗਈਆਂ। ਇਨ੍ਹਾਂ ਨੂੰ ਮਿਉਂਨਿਸਪਲ ਕਮੇਟੀ ਦੀਆਂ ਕੂੜਾ-ਗੱਡੀਆਂ ਵਿਚ ਭਰ ਕੇ ਸ਼ਮਸ਼ਾਨ-ਭੂਮੀ ਵਿਚ ਲਿਜਾਇਆ ਗਿਆ ਤੇ ਮਿੱਟੀ ਦਾ ਤੇਲ ਪਾ ਕੇ ਪੰਝੀ-ਪੰਝੀ, ਤੀਹ-ਤੀਹ ਦਾ ਇਕੱਠਾ ਸਸਕਾਰ ਕਰ ਦਿੱਤਾ ਗਿਆ। ਫਿਰ ਐੱਮ.ਈ.ਐੱਸ. ਦੇ ਢਾਈ ਤਿੰਨ ਸੌ ਕਾਰੀਗਰਾਂ ਤੇ ਮਿਸਤਰੀਆਂ ਨੂੰ ਲਾ ਕੇ ਛੋਟੀਆਂ-ਮੋਟੀਆਂ ਮੁਰੰਮਤਾਂ ਦਾ ਕੰਮ ਸ਼ੁਰੂ ਕਰਾਇਆ ਗਿਆ। ਹਰਿਮੰਦਰ ਸਾਹਿਬ ਤੇ ਦਰਸ਼ਨੀ ਡਿਉਢੀ ਦੀਆਂ ਦੀਵਾਰਾਂ ਉੱਤੇ ਗੋਲੀਆਂ ਨਾਲ ਹੋਏ ਮਘੋਰੇ ਤੇ ਨਿਸ਼ਾਨ ਭਰ ਕੇ ਉੱਤੇ ਰੰਗਦਾਰ ਪੋਚਾ ਫੇਰਿਆ ਗਿਆ। ਟੁੱਟੇ-ਭੱਜੇ ਕਲਾਕਾਂ ਦੀ ਥਾਂ ਨਵੇਂ ਕਲਾਕ ਲਾਏ ਗਏ, ਆਲੇ-ਦੁਆਲੇ ਦੀਆਂ ਧੁਆਂਖੀਆਂ ਕੰਧਾਂ ਤੇ ਸਫ਼ੈਦੀ ਕੀਤੀ ਗਈ ਤੇ ਸੜੇ ਹੋਏ ਦਰਵਾਜ਼ੇ ਬਾਰੀਆਂ ਨਵੀਆਂ ਬਣਾ ਕੇ ਉਨ੍ਹਾਂ ਉੱਤੇ ਰੰਗ-ਰੋਗ਼ਨ ਕੀਤਾ ਗਿਆ। ਪਰਕਰਮਾ ਦਾ ਕਈ ਥਾਵਾਂ ਤੋਂ ਟੋਟੇ-ਟੋਟੇ ਹੋਇਆ ਸੰਗਮਰਮਰੀ ਫ਼ਰਸ਼ ਉਖਾੜਿਆ ਗਿਆ ਤੇ ਠੇਕਾ ਦੇ ਕੇ ਨਵਾਂ ਲਗਵਾਇਆ ਗਿਆ। ਇਸ ਤਰ੍ਹਾਂ ਮਾੜੀ-ਮੋਟੀ ਸਾਧਾਰਨ ਸਥਿਤੀ ਦਾ ਭੁਲੇਖਾ ਪਾ ਕੇ 25 ਜੂਨ ਨੂੰ ਦਰਬਾਰ ਸਾਹਿਬ ਦੇ ਦੁਆਰ ਆਮ ਸੰਗਤਾਂ ਲਈ ਖੋਲ੍ਹੇ ਗਏ। ਸਰਕਾਰ ਦਾ ਇਰਾਦਾ ਤਾਂ ਜਾਂਚ-ਪੜਤਾਲ ਕਰ ਕੇ 200 ਚੋਣਵੇਂ ਸਿੱਖਾਂ ਨੂੰ ਅੰਦਰ ਲਿਜਾਣ ਦਾ ਸੀ, ਪਰ ਇਸ ਦਿਨ ਲਗ ਪਗ ਦਸ ਹਜ਼ਾਰ ਇਸਤ੍ਰੀਆਂ ਪੁਰਸ਼ ਤੇ ਬੱਚੇ ਦਰਸ਼ਨਾਂ ਲਈ ਪਹੁੰਚ ਗਏ ਤੇ ਫ਼ੌਜ ਲਈ ਕਿਸੇ ਨੂੰ ਵੀ ਰੋਕਣਾ ਮੁਸ਼ਕਲ ਹੋ ਗਿਆ। ਨਤੀਜੇ ਵਜੋਂ ਦੂਜੇ ਦਿਨ ਦਰਸ਼ਨਾਂ ਦੀ ਇਹ ਲੜੀ ਬੰਦ ਕਰ ਦਿੱਤੀ ਗਈ। ਹੁਣ ਵਖ ਵਖ ਸ਼ਹਿਰਾਂ ਤੋਂ ਹਰ ਰੋਜ਼ ਦੋ-ਦੋ ਤਿੰਨ-ਤਿੰਨ ਬੱਸਾਂ ਵਿਚ ਕਾਂਗਰਸੀਆਂ ਤੇ ਉਨ੍ਹਾਂ ਦੇ ਸਿਫ਼ਾਰਸ਼ੀਆਂ ਨੂੰ ਦਰਸ਼ਨਾਂ ਲਈ ਲਿਆਉਣਾ ਸ਼ੁਰੂ ਕੀਤਾ ਗਿਆ। ਸ਼ਹਿਰ ਵਿੱਚੋਂ ਵੀ ਕੁਝ ਨੂੰ ਦੋ ਤਿੰਨ ਘੰਟਿਆਂ ਲਈ ਇਜਾਜ਼ਤ ਦਿੱਤੀ ਗਈ। ਕਾਂਗਰਸੀਆਂ ਨੂੰ ਹਦਾਇਤ ਕੀਤੀ ਗਈ ਕਿ ਉਹ ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਦੱਸਣ ਕਿ ਦਰਬਾਰ ਸਾਹਿਬ ਦਾ ਕੋਈ ਨੁਕਸਾਨ ਨਹੀਂ ਹੋਇਆ ਤੇ ਅੱਤਵਾਦੀਆਂ ਦਾ ਸਫ਼ਾਇਆ ਕਰ ਕੇ ਸਰਕਾਰ ਨੇ ਬਹੁਤ ਚੰਗਾ ਕੰਮ ਕੀਤਾ ਹੈ। ਪਰ ਇਸ ਵੇਲੇ ਦੀ ਸਥਿਤੀ ਵਿਚ ਕਾਂਗਰਸੀਆਂ ਨੇ ਪ੍ਰਚਾਰ ਕੀ ਕਰਨਾ ਸੀ, ਪਿੰਡਾਂ ਵਿਚ ਤਾਂ ਉਨ੍ਹਾਂ ਨੂੰ ਕੋਈ ਮੂੰਹ ਲਾਣ ਜਾਂ ਪਾਣੀ ਤਕ ਪੁੱਛਣ ਲਈ ਤਿਆਰ ਨਹੀਂ ਸੀ। ਬੜਾ ਚਿਰ ਰਹਿ ਚੁਕੇ ਤੇ ਹੁਣ ਵੀ ਕਾਂਗਰਸੀ ਮੰਤਰੀ ਮੰਡਲ ਦੇ ਵਜ਼ੀਰ ਉਮਰਾਉ ਸਿੰਘ ਨੇ 'ਇੰਡੀਆ ਟੂਡੇ' ਨੂੰ ਇਕ ਭੇਂਟ

ਵਿਚ ਦੱਸਿਆ ਕਿ ਜਦ ਪਿੰਡ ਵਾਲਿਆਂ ਨੇ ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਦਾ ਭੋਗ ਪਾਇਆ, ਤਾਂ ਉਨ੍ਹਾਂ ਦੇ ਪਰਵਾਰ ਨੂੰ ਕਿਸੇ ਨੇ ਨਹੀਂ ਸੱਦਿਆ, ਇਸ ਲਈ ਉਨ੍ਹਾਂ ਦਾ ਪਰਵਾਰ ਬਜ਼ਿੱਦ ਸੀ ਕਿ ਉਹ ਆਪ ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਰੱਖਣਗੇ।

ਇਸ ਵੇਲੇ ਤਕ ਦਰਬਾਰ ਸਾਹਿਬ ਸਮੂੰਹ ਉੱਤੇ ਫ਼ੌਜ ਦਾ ਪੂਰਾ-ਪੂਰਾ ਕਬਜ਼ਾ ਸੀ ਤੇ ਖ਼ਾਸ ਖ਼ਾਸ ਸਰਕਾਰ-ਪੱਖੀ ਬੰਦਿਆਂ ਨੂੰ ਹੀ ਅੰਦਰ ਜਾਣ ਦੀ ਇਜਾਜ਼ਤ ਸੀ। ਸਰਕਾਰ ਉਦੋਂ ਤਕ ਕਬਜ਼ਾ ਛੱਡਣ ਨੂੰ ਤਿਆਰ ਨਹੀਂ ਸੀ, ਜਦ ਤਕ ਮਲਬਾ ਬਣੇ ਅਕਾਲ ਤਖ਼ਤ ਦੀ ਨਵ-ਉਸਾਰੀ ਨਾ ਹੋ ਜਾਏ। ਬੜੇ ਚਿਰ ਤੋਂ ਸਿਖ ਕੌਮ ਵਿਚ ਗੁਰਦੁਆਰਿਆਂ ਦੀ ਉਸਾਰੀ ਦਾ ਕੰਮ ਕਾਰ-ਸੇਵਾ ਰਾਹੀਂ ਕਰਾਉਣ ਦੀ ਮਰਯਾਦਾ ਚੱਲੀ ਹੋਈ ਸੀ ਤੇ ਇਹ ਸੇਵਾ ਆਮ ਤੌਰ ਤੇ ਪ੍ਰਮੁਖ ਸਿਖ ਸੰਤ ਕਰਵਾਂਦੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਚੁਣੀ ਹੋਈ ਪ੍ਰਤੀਨਿਧ ਜਮਾਤ ਸੀ ਤੇ ਸਹੀ ਤਰੀਕਾ ਇਹ ਸੀ ਕਿ ਸਰਕਾਰ ਇਹ ਕੰਮ ਉਸ ਦੇ ਸਪੁਰਦ ਕਰਦੀ। ਪਰ ਇਸ ਸੂਰਤ ਵਿਚ ਤਾਂ ਸਮੂੰਹ ਸਿੱਖਾਂ, ਸਗੋਂ ਸਹਿਜਧਾਰੀਆਂ ਤੇ ਗੁਰੂ ਘਰ ਦੇ ਸ਼ਰਧਾਲੂ ਹਿੰਦੂਆਂ ਨੇ ਵੀ ਹੁਮ-ਹੁਮਾ ਕੇ ਇਸ ਵਿਚ ਸ਼ਾਮਲ ਹੋਣਾ ਸੀ ਤੇ ਇਸ ਤਰ੍ਹਾਂ ਸਰਕਾਰੀ ਯੋਜਨਾ ਨਾਕਾਮ ਹੋ ਜਾਂਦੀ ਸੀ। ਸੋ ਧਰਮ ਤੇ ਰਾਜਨੀਤੀ ਨੂੰ ਵਖ ਵਖ ਸਮਝਣ ਵਾਲੀ ਸਰਕਾਰ ਨੇ ਇਸ ਵੇਲੇ ਨਿਰੋਲ ਧਰਮ ਦਾ ਚੋਲਾ ਪਹਿਨ ਲਿਆ ਤੇ ਕੇਂਦਰੀ ਮੰਤਰੀ ਬੂਟਾ ਸਿੰਘ ਦੀ ਡੀਊਟੀ ਲਾਈ ਗਈ ਕਿ ਉਹ ਇਸ ਪਖੰਡ ਤੇ ਧੋਖੇ ਲਈ ਕਿਸੇ ਅਜਿਹੇ ਸੰਤ ਦੀ ਭਾਲ ਕਰੇ, ਜੋ ਸੰਗਤਾਂ ਦੀ ਸ਼ਮੂਲੀਅਤ ਤੋਂ ਬਗ਼ੈਰ ਕਾਰ-ਸੇਵਾ ਲਈ ਆਪਣਾ ਨਾਂ ਵੇਚਣ ਨੂੰ ਤਿਆਰ ਹੋਵੇ। ਉਹ ਪਹਿਲਾਂ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲੇ ਕੋਲ ਗਏ, ਜੋ ਉਸ ਵੇਲੇ ਪੰਜਾਬ ਵਿਚ ਕਈ ਗੁਰਦੁਆਰਿਆਂ ਦੀ ਸੇਵਾ ਕਰਾ ਰਹੇ ਸਨ। ਉਨ੍ਹਾਂ ਦੇ ਇਨਕਾਰ ਕਰਨ ਤੋਂ ਬਾਅਦ ਉਹ ਨੱਵੇ-ਸਾਲਾ ਬਜ਼ੁਰਗ ਬਾਬਾ ਖੜਕ ਸਿੰਘ ਨੂੰ ਮਿਲੇ। ਪਰ ਜਦ ਬਾਬਾ ਜੀ ਨੂੰ ਇਹ ਕਾਰ-ਸੇਵਾ ਕਰਾਉਣ ਲਈ ਸਰਕਾਰ ਦੀ ਨੀਅਤ ਤੇ ਵੇਰਵਿਆਂ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਬੂਟਾ ਸਿੰਘ ਨੂੰ ਸਖ਼ਤ ਝਾੜ ਪਾਂਦਿਆਂ ਆਖਿਆ ਕਿ ਜੇ ਉਨ੍ਹਾਂ ਨੇ ਕਾਰ-ਸੇਵਾ ਕਰਾਉਣੀ ਹੈ, ਤਾਂ ਫ਼ੌਜ ਨੂੰ ਦਰਬਾਰ ਸਾਹਿਬ ਸਮੂੰਹ ਤੋਂ ਹਟਾਨਾ ਪਏਗਾ ਤੇ ਸਿੱਖ ਸੰਗਤਾਂ ਨੂੰ ਖੁਲ੍ਹੇ-ਡੁਲ੍ਹੇ ਉਹਦੇ ਵਿਚ ਸ਼ਾਮਲ ਹੋਣ ਦੀ ਖੁਲ੍ਹ ਦੇਣੀ ਪਏਗੀ। ਉਨ੍ਹਾਂ ਨੇ ਇਹ ਵੀ ਆਖਿਆ ਕਿ ਅਕਾਲ ਤਖ਼ਤ ਦੀ ਕਾਰ-ਸੇਵਾ ਤੋਂ ਪਹਿਲਾਂ ਉਹ ਸਰੋਵਰ ਦੀ ਸੇਵਾ ਕਰਾਉਣਗੇ, ਜਿਸ ਦਾ ਜਲ, ਲਾਸ਼ਾਂ ਦੇ ਖ਼ੂਨ ਤੇ ਮਲ-ਮੂਤਰ ਮਿਲਣ ਨਾਲ ਗੰਧਲਾ ਹੋ ਚੁਕਾ ਹੈ ਤੇ ਮਨੁੱਖੀ ਵਰਤੋਂ ਲਈ ਹਾਨੀਕਾਰਕ ਹੈ।

ਹਾਰ ਕੇ ਬੂਟਾ ਸਿੰਘ ਦੀ ਨਜ਼ਰ ਬੁੱਢਾ ਦਲ ਦੇ ਬਦਨਾਮ ਜਥੇਦਾਰ ਸੰਤਾ ਸਿੰਘ ਨਿਹੰਗ ਤੇ ਪਈ। ਇਹ ਮੋਟੀ ਤਵੰਦ ਵਾਲਾ ਨਿਹੰਗ ਪਹਿਲਾਂ ਹੀ ਕਾਂਗਰਸ ਦਾ ਖ਼ਰੀਦਿਆ ਹੋਇਆ ਸੀ ਤੇ ਸ਼੍ਰੋਮਣੀ ਕਮੇਟੀ ਦਾ ਵਿਰੋਧੀ ਸੀ। ਇਹਦੇ ਢਾਈ ਤਿੰਨ ਸੌ ਨਿਹੰਗਾਂ ਨੂੰ ਫ਼ੌਜ ਦੀਆਂ ਗੱਡੀਆਂ ਵਿਚ ਬਠਿੰਡੇ ਤੋਂ ਅੰਮ੍ਰਿਤਸਰ ਲਿਆ ਕੇ ਬੁਰਜ ਅਕਾਲੀ ਫੂਲਾ ਸਿੰਘ ਵਿਚ ਠਹਿਰਾਇਆ ਗਿਆ ਜਿੱਥੇ ਉਨ੍ਹਾਂ ਲਈ ਰਜਵੇਂ ਰਾਸ਼ਨ—ਭੰਗ, ਬਦਾਮਾਂ ਤੇ ਦੁੱਧ ਆਦਿ—ਦਾ ਪ੍ਰਬੰਧ ਕੀਤਾ ਗਿਆ। ਪਰ ਇਸ ਅਖਾਉਤੀ ਕਾਰ-ਸੇਵਾ (ਜਾਂ ਸਰਕਾਰ-ਸੇਵਾ) ਨੂੰ ਪ੍ਰੰਪਰਾ ਅਨੁਸਾਰ ਰੰਗ ਦੇਣ ਲਈ ਬੜਾ ਕੁਝ ਕਰਨਾ ਬਾਕੀ ਸੀ। ਸੋ ਬੂਟਾ ਸਿੰਘ ਨੇ ਪੰਜ ਅਜਿਹੇ ਵਿਅਕਤੀਆਂ ਦੀ ਭਾਲ ਸ਼ੁਰੂ ਕੀਤੀ ਜੋ ਕਾਰ-ਸੇਵਾ ਦੇ ਅਰੰਭ ਤੇ ਅਰਦਾਸ ਵਿਚ ਸੰਤਾ ਸਿੰਘ ਦਾ ਸਾਥ ਦੇ ਸਕਣ। ਛਾਉਣੀ ਨਿਹੰਗਾਂ ਵਾਲਾ ਬਾਬਾ ਬੀਰ ਬਿਕਰਮਾਜੀਤ ਸਿੰਘ ਨਿਹੰਗ ਸੰਤਾ ਸਿੰਘ ਦਾ ਨਿਕਟਵਰਤੀ ਸੀ। ਤਰੁਨਾ ਦਲ ਦੇ ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ ਨੂੰ ਅੱਤਵਾਦੀ ਮਿੱਥ ਕੇ ਫ਼ੌਜ ਨੇ ਕੁਝ ਚਿਰ ਤੋਂ ਜੇਲ੍ਹ ਵਿਚ ਬੰਦ ਕੀਤਾ ਹੋਇਆ ਸੀ। ਬੂਟਾ ਸਿੰਘ ਨੇ ਉਹਨੂੰ ਰਿਹਾਅ ਕਰਾ ਕੇ

ਆਪਣੇ ਨਾਲ ਅੰਮ੍ਰਿਤਸਰ ਲਿਆਂਦਾ। ਤੀਜੇ ਸਨ ਸੰਤ ਨਰੈਣ ਸਿੰਘ ਕਲੇਰਾਂ ਵਾਲੇ। ਐਨ ਕਾਰ-ਸੇਵਾ ਵਾਲੇ ਦਿਨ ਬੂਟਾ ਸਿੰਘ ਦੋ ਹੋਰ ਸੰਤਾਂ—ਗੋਪਾਲ ਸਿੰਘ ਤੇ ਮੰਗਲ ਸਿੰਘ ਗੁਰੂ ਸਰ ਸਤਲਾਣੀ ਵਾਲਿਆਂ ਨੂੰ ਬਿਨਾਂ ਕੁਝ ਦੱਸੇ ਆਪਣੀ ਕਾਰ ਵਿਚ ਅੰਮ੍ਰਿਤਸਰ ਲੈ ਆਇਆ ਤੇ ਦਰਬਾਰ ਸਾਹਿਬ ਵਿਚ ਲਿਆ ਕੇ ਸੰਤਾ ਸਿੰਘ ਤੇ ਤਿੰਨਾਂ ਹੋਰਨਾਂ ਦੇ ਨਾਲ ਖੜਾ ਕਰ ਦਿੱਤਾ। ਇਸ ਤਰ੍ਹਾਂ 17 ਜੁਲਾਈ ਨੂੰ ਨਿਹੰਗ ਸੰਤਾ ਸਿੰਘ ਵੱਲੋਂ ਅਰਦਾਸ ਕਰਨ ਅਤੇ ਬਾਕੀਆਂ ਵੱਲੋਂ ਦੋ ਦੋ ਇੱਟਾਂ ਨੀਂਹ ਵਜੋਂ ਰੱਖਣ ਦੇ ਬਾਅਦ ਇਹ ਨਕਲੀ ਕਾਰ-ਸੇਵਾ ਸ਼ੁਰੂ ਕਰ ਦਿੱਤੀ ਗਈ। ਸੰਤਾ ਸਿੰਘ ਦੇ ਜ਼ਰ-ਖ਼ਰੀਦ ਨਿਹੰਗਾਂ ਨੇ ਕਾਰ-ਸੇਵਾ ਤਾਂ ਕੀ ਕਰਨੀ ਸੀ, ਪਰ ਉਨ੍ਹਾਂ ਨੂੰ ਹਰ ਰੋਜ਼ ਬੱਸਾਂ ਤੇ ਬਿਠਾ ਕੇ ਦਰਬਾਰ ਸਾਹਿਬ ਲਿਆਇਆ ਜਾਂਦਾ ਅਤੇ ਟੀ.ਵੀ. ਉੱਤੇ ਪੰਜ ਸਤ ਮਿੰਟ ਲਈ ਸਿਰ ਤੇ ਮਲਬਾ ਢੋਂਦੇ ਜਾਂ ਹੋਰ ਕੰਮ ਕਰਦੇ ਵਿਖਾ ਦਿੱਤਾ ਜਾਂਦਾ। ਬਾਕੀ ਵਕਤ ਵਿਚ ਉਹ ਭੰਗ ਘੋਟ ਕੇ ਪੀਂਦੇ ਤੇ ਬੁਰਜ ਅਕਾਲੀ ਫੂਲਾ ਸਿੰਘ ਵਿਚ ਬੇਹੋਸ਼ ਪਏ ਰਹਿੰਦੇ। ਅਸਲ ਵਿਚ ਤਖ਼ਤ ਸਾਹਿਬ ਦੀ ਉਸਾਰੀ ਦਾ ਠੇਕਾ ਕਾਂਗਰਸ-ਪੱਖੀ ਡਾਕਟਰ ਹਰਬੰਸ ਸਿੰਘ ਦੇ ਪੁੱਤਰ ਤੇਜਵੰਤ ਸਿੰਘ ਕੋਲ ਸੀ, ਜਿਸ ਨੇ ਇਹਦੀ ਨਿਗਰਾਨੀ ਲਈ ਲੋਕ-ਨਿਰਮਾਣ ਵਿਭਾਗ ਦੇ ਇਕ ਰੀਟਾਇਰਡ ਇੰਜੀਨੀਅਰ ਕੇ.ਡੀ. ਬਾਲੀ ਨੂੰ ਨਿਯਤ ਕੀਤਾ ਹੋਇਆ ਸੀ। ਸੰਗਮਰਮਰ ਦਾ ਕੰਮ ਕਰਨ ਵਾਲੇ ਜੈਪੁਰ ਤੋਂ ਅਤੇ ਸੁਨਹਿਰੀ ਪੱਤਰ ਲਾਣ ਵਾਲੇ ਬਨਾਰਸ (ਉੱਤਰ-ਪ੍ਰਦੇਸ਼) ਤੋਂ ਲਿਆਂਦੇ ਗਏ ਸਨ। ਮਜ਼ੂਰ ਬਹੁਤਾ ਕਰਕੇ ਮੁਸਲਮਾਨ ਜਾਂ ਹਰੀਜਨ ਸਨ। ਕਿਹਾ ਜਾਂਦਾ ਹੈ ਕਿ ਨਵ-ਉਸਾਰੀ ਉੱਤੇ ਸਰਕਾਰ ਦਾ ਚਾਰ ਪੰਜ ਕਰੋੜ ਰੁਪਿਆ ਖ਼ਰਚ ਆਇਆ ਸੀ। ਇਹ ਅਨੁਮਾਨ ਹਰੇਕ ਵਿਅਕਤੀ ਆਪ ਹੀ ਲਾ ਸਕਦਾ ਹੈ ਕਿ ਇਹਦੇ ਵਿੱਚੋਂ ਕਿੰਨਾ ਨਿਹੰਗ ਸੰਤਾ ਸਿੰਘ ਦੀ ਝੋਲੀ ਪਿਆ ਹੋਵੇਗਾ।

ਬਾਅਦ ਵਿਚ ਇਕ ਬਜ਼ੁਰਗ ਸੁਤੰਤਰਤਾ-ਸੰਗਰਾਮੀਏ ਕੇਸਰ ਸਿੰਘ ਦੀ ਭਵਿਖ-ਬਾਣੀ ਸੱਚੀ ਸਾਬਤ ਹੋਈ ਕਿ ਸਿਖ ਕੌਮ ਸਰਕਾਰ-ਸੇਵਾ ਨਾਲ ਉਸਾਰੇ ਗਏ ਅਕਾਲ ਤਖ਼ਤ ਨੂੰ ਢਾਹ ਕੇ ਇਹਨੂੰ ਨਵੇਂ ਸਿਰੇ ਉਸਾਰੇਗੀ। 1986 ਵਿਚ ਇਹ ਸੇਵਾ ਪੰਜ ਸੰਤਾਂ—ਬਾਬਾ ਠਾਕਰ ਸਿੰਘ, ਬਾਬਾ ਜਗਤਾਰ ਸਿੰਘ, ਬਾਬਾ ਹਰਬੰਸ ਸਿੰਘ, ਬਾਬਾ ਉੱਤਮ ਸਿੰਘ ਤੇ ਬਾਬਾ ਦੀਵਾਨ ਸਿੰਘ ਨੂੰ ਸੌਂਪੀ ਗਈ। ਉਨ੍ਹਾਂ ਨੇ 26 ਜਨਵਰੀ ਨੂੰ ਅਕਾਲ ਤਖ਼ਤ ਢਾਹੁਣ ਦੀ ਸੇਵਾ ਅਰੰਭੀ ਤੇ 16 ਫ਼ਰਵਰੀ ਨੂੰ ਨਵੀਂ ਇਮਾਰਤ ਦਾ ਨੀਂਹ-ਪੱਥਰ ਰਖ ਦਿੱਤਾ। ਇੰਦਰਾ ਸਰਕਾਰ ਨੇ ਆਪਣੇ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਨਵ-ਉਸਾਰੀ ਕਰ ਕੇ ਸੱਚ ਨੂੰ ਲੁਕਾਣ ਤੇ ਸਿੱਖਾਂ ਦੇ ਜ਼ਖ਼ਮਾਂ ਉੱਤੇ ਫਹਿਆ ਲਾਣਾ ਚਾਹਿਆ ਸੀ; ਪਰ ਇਹ ਕਾਰਵਾਈ ਲੂਣ ਛਿੜਕਣ ਸਮਾਨ ਸਾਬਤ ਹੋਈ। ਜੇ ਉਸ ਵੇਲੇ ਫ਼ੌਜ ਹਟਾ ਕੇ ਸਿਖ ਸੰਗਤਾਂ ਨੂੰ ਦਰਬਾਰ ਸਾਹਿਬ ਦੇ ਖੁਲ੍ਹੇ ਦਰਸ਼ਨਾਂ ਤੇ ਕਾਰ-ਸੇਵਾ ਦਾ ਮੌਕਾ ਦਿੱਤਾ ਜਾਂਦਾ, ਤਾਂ ਸਿੱਖਾਂ ਨੇ ਕਿਸੇ ਹੱਦ ਤਕ ਰਾਹਤ ਮਹਿਸੂਸ ਕਰਨੀ ਸੀ ਅਤੇ ਕਿਉਂਜੁ ਗੁਰੂ ਘਰ ਦੇ ਸ਼ਰਧਾਲੂ ਹਿੰਦੂਆਂ ਨੇ ਵੀ ਕਾਰ-ਸੇਵਾ ਵਿਚ ਹਿੱਸਾ ਲੈਣਾ ਸੀ, ਇਸ ਲਈ ਸਿੱਖਾਂ ਤੇ ਹਿੰਦੂਆਂ ਦੇ ਵਿਚਕਾਰ ਤਣਾਅ ਵੀ ਕੁਝ ਘਟ ਜਾਣਾ ਸੀ। ਇੱਥੇ ਇਹ ਗੱਲ ਵੀ ਵਰਣਨ ਯੋਗ ਹੈ ਕਿ ਸੰਤਾ ਸਿੰਘ ਨਾਲ ਅਰਦਾਸ ਤੇ ਨੀਂਹ ਰੱਖਣ ਵਿਚ ਹਿੱਸਾ ਲੈਣ ਵਾਲੇ ਪੰਜ ਵਿਅਕਤੀਆਂ ਵਿੱਚੋਂ ਭਾਈ ਬੀਰ ਬਿਕਰਮਾਜੀਤ ਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ, ਸੰਤ ਗੋਪਾਲ ਸਿੰਘ ਤੇ ਸੰਤ ਮੰਗਲ ਸਿੰਘ ਗੁਰੂ ਸਰ ਸਤਲਾਣੀ ਵਾਲਿਆਂ ਨੇ ਅਕਾਲ ਤਖ਼ਤ ਸਾਹਿਬ ਤੇ ਹਾਜ਼ਰ ਹੋ ਕੇ ਆਪਣੀ ਗ਼ਲਤੀ ਦੀ ਲਿਖਤੀ ਮਾਫ਼ੀ ਮੰਗ ਲਈ ਸੀ। ਸਿੰਘ ਸਾਹਿਬਾਨ ਵੱਲੋਂ ਉਨ੍ਹਾਂ ਨੂੰ ਜੋ ਤਨਖ਼ਾਹ ਲਾਈ ਗਈ, ਉਨ੍ਹਾਂ ਨੇ ਨਿਮਰਤਾ ਸਹਿਤ ਪੂਰੀ ਕਰ ਦਿੱਤੀ ਤੇ ਇਸ ਤਰ੍ਹਾਂ ਉਨ੍ਹਾਂ ਦੀ ਭੁੱਲ ਬਖ਼ਸ਼ ਦਿੱਤੀ ਗਈ। ਪੰਜਵੇਂ ਵਿਅਕਤੀ ਸੰਤ ਨਰੈਣ ਸਿੰਘ ਕਲੇਰਾਂ ਵਾਲੇ ਨੂੰ ਸਿੰਘ ਸਾਹਿਬਾਨ ਨੇ ਤਨਖ਼ਾਹੀਆ ਕਰਾਰ ਦੇ ਦਿੱਤਾ।

ਸੰਤਾ ਸਿੰਘ ਨਿਹੰਗ ਵੱਲੋਂ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ ਹੀ ਪੰਜ ਸਿੰਘ ਸਾਹਿਬਾਨ ਨੇ ਉਹਨੂੰ ਪੰਥ ਵਿੱਚੋਂ ਖ਼ਾਰਜ ਕਰ ਦਿੱਤਾ ਸੀ, ਪਰ ਉਹ ਤਾਂ ਆਪਣੇ ਆਪ ਨੂੰ ਪੰਥ ਦਾ ਛਿਆਨਵੇਂ ਕਰੋੜੀ ਜਥੇਦਾਰ ਸਮਝਦਾ ਸੀ। ਦੂਜੇ ਪਾਸੇ ਸਾਡੀ ਧਰਮ-ਨਿਰਪੱਖ ਸਰਕਾਰ ਬੂਟਾ ਸਿੰਘ ਦੀ ਰਾਹੀਂ ਸੰਤਾ ਸਿੰਘ ਨੂੰ ਸਿੱਖਾਂ ਦਾ ਸਰਵ-ਉੱਚ ਧਾਰਮਿਕ ਆਗੂ ਬਣਾ ਕੇ ਉਹਦੀ ਸਰਕਾਰ-ਸੇਵਾ ਲਈ ਵਡਿਆਈ ਤੇ ਸਿਰੋਪਾ ਦੇਣਾ ਚਾਹੁੰਦੀ ਸੀ। ਇਹਦੇ ਲਈ ਬੂਟਾ ਸਿੰਘ ਦੇ ਉਪਜਾਊ ਦਿਮਾਗ ਨੇ 'ਸਰਬੱਤ ਖ਼ਾਲਸਾ' ਦਾ ਢੌਂਗ ਰਚਿਆ। ਇਸ ਪਖੰਡ ਲਈ ਉਹਨੂੰ ਅਕਾਲੀ ਆਗੂ ਵੀ ਚਾਹੀਦੇ ਸਨ। ਮਾਸਟਰ ਅਕਾਲੀ ਦਲ ਬੜੇ ਚਿਰ ਤੋਂ ਇੰਦਰਾ (ਜਾਂ ਕਾਂਗਰਸ) ਅਕਾਲੀ ਦਲ ਬਣ ਚੁਕਾ ਸੀ। ਸੋ ਜਥੇਦਾਰ ਰਛਪਾਲ ਸਿੰਘ ਦਿੱਲੀ ਵਾਲੇ ਤੇ ਜਥੇਦਾਰ ਕਰਤਾਰ ਸਿੰਘ ਟੱਕਰ ਅੰਬਾਲਾ ਵਾਲੇ ਨੂੰ ਸਰਬੱਤ ਖ਼ਾਲਸਾ ਦਾ ਮੁਖ ਸੰਚਾਲਕ ਬਣਾਇਆ ਗਿਆ। ਇਸ ਤੋਂ ਛੁੱਟ ਪੰਜਾਬੋਂ ਬਾਹਰ ਦੇ ਦੋਹਾਂ ਤਖ਼ਤਾਂ—ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਦੇ ਜਥੇਦਾਰਾਂ ਨੂੰ ਵੀ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਕਾਂਗਰਸ ਸਰਕਾਰ ਸਿਖ ਧਰਮ ਦੀ ਅਕਾਲੀਆਂ ਤੋਂ ਵਧ ਮੁਦਈ ਬਣ ਕੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁੱਠੇ ਲਾਉਣ ਉੱਤੇ ਤੁਲੀ ਹੋਈ ਸੀ। ਤਖ਼ਤ ਹਜ਼ੂਰ ਸਾਹਿਬ ਦੇ ਜਥੇਦਾਰ ਸੰਤ ਜੋਗਿੰਦਰ ਸਿੰਘ ਮੋਨੀ ਤਾਂ ਸ਼ਾਮਲ ਨਹੀਂ ਹੋਏ। ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਭਾਈ ਮਾਨ ਸਿੰਘ ਨੇ ਸਿੰਘ ਸਾਹਿਬਾਨ ਨੂੰ ਲਿਖ ਭੇਜਿਆ ਸੀ ਕਿ ਉਹ ਸਰਬੱਤ ਖ਼ਾਲਸਾ ਵਿਚ ਸ਼ਾਮਲ ਨਹੀਂ ਹੋਣਗੇ, ਪਰ ਬੂਟਾ ਸਿੰਘ ਉਨ੍ਹਾਂ ਨੂੰ ਕਲਕੱਤੇ ਤੋਂ ਫੜ ਕੇ ਹਵਾਈ ਜਹਾਜ਼ ਵਿਚ ਦਿੱਲੀ ਆਪਣੇ ਘਰ ਲੈ ਗਿਆ ਤੇ ਫਿਰ ਆਪਣੇ ਨਾਲ ਅੰਮ੍ਰਿਤਸਰ ਲੈ ਆਇਆ। ਇਸ ਸਮਾਗਮ ਲਈ 19 ਅਗਸਤ ਦਾ ਦਿਨ ਨਿਯਤ ਕੀਤਾ ਗਿਆ। ਇਸ ਵੇਲੇ ਸਾਰੇ ਪੰਜਾਬ ਵਿਚ ਦਫ਼ਾ 144 ਲੱਗੀ ਹੋਈ ਸੀ, ਜਿਸ ਅਨੁਸਾਰ ਕਿਸੇ ਥਾਂ ਚਾਰ ਤੋਂ ਵੱਧ ਦੇ ਇਕੱਠ ਉੱਤੇ ਪਾਬੰਦੀ ਸੀ, ਪਰ ਇਹ ਸਰਕਾਰੀ ਸਮਾਗਮ ਇਸ ਪਾਬੰਦੀ ਤੋਂ ਮੁਕਤ ਸੀ। ਵੀਹ ਵੀਹ ਰੁਪਏ ਰੋਜ਼ਾਨਾ ਅਤੇ ਖ਼ੁਰਾਕ ਤੇ ਅੰਮ੍ਰਿਤਸਰ ਦੀ ਸੈਰ ਦਾ ਲਾਲਚ ਦੇ ਕੇ ਕੁਝ ਹਜ਼ਾਰ ਬੰਦੇ ਹਰਿਆਣੇ ਤੇ ਦਿੱਲੀ ਤੋਂ ਬੱਸਾਂ ਵਿਚ ਲਿਆਂਦੇ ਗਏ। ਇਹਦੇ ਲਈ ਸਰਕਾਰੀ ਅਫ਼ਸਰਾਂ ਤੇ ਸੇਲ-ਟੈਕਸ ਇੰਸਪੈਕਟਰਾਂ ਰਾਹੀਂ ਦੁਕਾਨਦਾਰਾਂ ਕੋਲੋਂ ਬੇਅੰਤ ਧਨ ਇਕੱਠਾ ਕੀਤਾ ਗਿਆ। ਪਰ ਸਰਬੱਤ ਖ਼ਾਲਸਾ ਵਿਚ ਸਿੱਖਾਂ ਨਾਲੋਂ ਪੱਗ ਬੰਨ੍ਹੇ ਹੋਏ ਹਿੰਦੂਆਂ ਦੀ ਗਿਣਤੀ ਬਹੁਤੀ ਸੀ, ਜਿਨ੍ਹਾਂ ਕੋਲੋਂ ਬੀੜੀਆਂ ਦੇ ਬੰਡਲ ਪੰਡਾਲ ਤੋਂ ਬਾਹਰ ਰਖਵਾ ਲਏ ਗਏ ਸਨ। ਸਮਾਗਮ ਦੇ ਮੁਖ ਬੁਲਾਰੇ ਨਿਹੰਗ ਸੰਤਾ ਸਿੰਘ, ਬੂਟਾ ਸਿੰਘ, ਜਥੇਦਾਰ ਰਛਪਾਲ ਸਿੰਘ, ਜਥੇਦਾਰ ਕਰਤਾਰ ਸਿੰਘ ਟੱਕਰ ਤੇ ਸੰਤ ਨਰੈਣ ਸਿੰਘ ਕਲੇਰਾਂ ਸਨ। ਇਨ੍ਹਾਂ ਨੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਨੂੰ ਜਾਇਜ਼ ਠਹਿਰਾਇਆ ਤੇ ਇਹਦੇ ਲਈ ਸੰਤ ਭਿੰਡਰਾਂ ਵਾਲੇ ਤੇ ਅਕਾਲੀ ਲੀਡਰਾਂ ਨੂੰ ਦੋਸ਼ੀ ਕਰਾਰ ਦਿੱਤਾ, ਹਾਲਾਂਕਿ ਮਾਸਟਰ ਅਕਾਲੀ ਦਲ ਦੇ ਜਥੇਦਾਰ ਸੰਤੋਖ ਸਿੰਘ ਹਮੇਸ਼ਾ ਸੰਤ ਜਰਨੈਲ ਸਿੰਘ ਦੇ ਹਾਮੀ ਰਹੇ ਸਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਪੰਥ ਵਿੱਚੋਂ ਖ਼ਾਰਜ ਕਰਨ ਅਤੇ ਸ਼੍ਰੋਮਣੀ ਕਮੇਟੀ ਨੂੰ ਤੋੜਨ ਦਾ ਮਤਾ ਵੀ ਪਾਸ ਕੀਤਾ ਗਿਆ, ਭਾਵੇਂ ਇੰਦਰਾ ਦੀ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ। ਬਾਅਦ ਵਿਚ ਸੰਤਾਂ ਵਾਂਗ ਜਥੇਦਾਰ ਰਛਪਾਲ ਸਿੰਘ ਤੇ ਜਥੇਦਾਰ ਟੱਕਰ ਨੇ ਵੀ ਅਕਾਲ ਤਖ਼ਤ ਸਾਹਿਬ ਉੱਤੇ ਹਾਜ਼ਰ ਹੋ ਕੇ ਆਪਣੀ ਭੁੱਲ ਦੀ ਮਾਫ਼ੀ ਮੰਗ ਲਈ ਅਤੇ ਸਿੰਘ ਸਾਹਿਬਾਨ ਵੱਲੋਂ ਜੋ ਤਨਖ਼ਾਹ ਲਾਈ ਗਈ, ਉਨ੍ਹਾਂ ਨੇ ਉਹ ਖਿੜੇ ਮੱਥੇ ਪ੍ਰਵਾਨ ਕਰ ਕੇ ਪੂਰੀ ਕਰ ਦਿੱਤੀ, ਜਿਸ ਤੇ ਉਨ੍ਹਾਂ ਨੂੰ ਬਖ਼ਸ਼ ਦਿੱਤਾ ਗਿਆ।

ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਸਾਰੇ ਆਗੂ ਜੇਲ੍ਹਾਂ ਵਿਚ ਬੰਦ ਸਨ ਤੇ ਸੰਗਤਾਂ ਦੀ ਅਗਵਾਈ ਸਿੰਘ ਸਾਹਿਬਾਨ ਹੀ ਕਰ ਰਹੇ ਸਨ। ਸਰਕਾਰੀ ਸਰਬੱਤ ਖ਼ਾਲਸਾ

ਦਾ ਜੁਆਬ ਦੇਣਾ ਨਿਹਾਇਤ ਜ਼ਰੂਰੀ ਸੀ। ਪਰ ਸਰਬੱਤ ਖ਼ਾਲਸਾ ਤਾਂ ਅਕਾਲ ਤਖ਼ਤ ਸਾਹਿਬ ਉੱਤੇ ਹੀ ਹੋ ਸਕਦਾ ਸੀ, ਜੋ ਇਸ ਵੇਲੇ ਤਕ ਫ਼ੌਜ ਦੇ ਕਬਜ਼ੇ ਵਿਚ ਸੀ। ਸੋ ਸਿੰਘ ਸਾਹਿਬਾਨ ਨੇ 2 ਸਤੰਬਰ ਨੂੰ ਅੰਮ੍ਰਿਤਸਰ ਵਿਚ 'ਸਰਬ ਸੰਸਾਰ ਸਿਖ ਸੰਮੇਲਨ' ਕਰਨ ਦਾ ਫ਼ੈਸਲਾ ਕਰ ਦਿੱਤਾ। ਹੁਣ ਸਰਕਾਰ ਨੂੰ ਦਫ਼ਾ 144 ਯਾਦ ਆ ਗਈ ਤੇ ਸੰਮੇਲਨ ਵਿਚ ਆਉਣ ਵਾਲੀਆਂ ਸੰਗਤਾਂ ਦੇ ਰਾਹ ਵਿਚ ਅਨੇਕਾਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਗਈਆਂ। ਥਾਉਂ ਥਾਈਂ ਪੁਲਾਂ ਤੇ ਸੜਕਾਂ ਉੱਤੇ ਨਾਕਾਬੰਦੀਆਂ ਵੀ ਹੋਈਆਂ ਤੇ ਕੁਝ ਗ੍ਰਿਫ਼ਤਾਰੀਆਂ ਵੀ ਕੀਤੀਆਂ ਗਈਆਂ। ਪਰ ਸੰਗਤਾਂ ਨੇ ਨਿਯਤ ਤਰੀਕ ਤੋਂ ਕਈ ਦਿਨ ਪਹਿਲਾਂ ਅੰਮ੍ਰਿਤਸਰ ਪਹੁੰਚਣਾ ਸ਼ੁਰੂ ਕਰ ਦਿੱਤਾ ਸੀ। ਦੇਸ ਦੇ ਕੋਨੇ ਕੋਨੇ ਤੋਂ ਹਜ਼ਾਰਾਂ ਸਿਖ ਵੱਡੀਆਂ ਮੁਖ ਸੜਕਾਂ ਛਡ ਕੇ ਛੋਟੀਆਂ ਪਗਡੰਡੀਆਂ ਰਾਹੀਂ ਅੰਮ੍ਰਿਤਸਰ ਪਹੁੰਚ ਗਏ। ਵਿਦੇਸ਼ਾਂ ਤੋਂ ਆਪਣੇ ਕੰਮੀਂ ਆਏ ਹੋਏ ਸੈਂਕੜੇ ਸਿਖ ਹਾਜ਼ਰ ਸਨ। ਇਹ ਸੰਮੇਲਨ ਗੁਰਦੁਆਰਾ ਸ਼ਹੀਦਾਂ ਤੇ ਉਸ ਦੇ ਨਾਲ ਲਗਦੇ ਰਾਮਸਰ ਦੇ ਵਿਚਕਾਰਲੇ ਖੁਲ੍ਹੇ ਮੈਦਾਨ ਨੂੰ ਪੱਧਰਾ ਕਰ ਕੇ ਉੱਥੇ ਕੀਤਾ ਗਿਆ। ਅਨੁਮਾਨ ਹੈ ਕਿ ਸਰਕਾਰੀ ਸਰਬੱਤ ਖ਼ਾਲਸਾ ਦੀ ਪੰਜਾਹ ਹਜ਼ਾਰ ਦੀ ਹਾਜ਼ਰੀ ਦੇ ਮੁਕਾਬਲੇ 'ਸਰਬ ਸੰਸਾਰ ਸਿਖ ਸੰਮੇਲਨ' ਵਿਚ ਹਾਜ਼ਰੀ ਢਾਈ ਲੱਖ ਦੇ ਲਗ ਪਗ ਸੀ। ਸਰਬ-ਸੰਮਤੀ ਨਾਲ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੇ ਕੇਂਦਰੀ ਮੰਤਰੀ ਬੂਟਾ ਸਿੰਘ ਨੂੰ ਉਨ੍ਹਾਂ ਦੀਆਂ ਸਿਖ-ਵਿਰੋਧੀ ਕਾਰਵਾਈਆਂ ਦੇ ਕਾਰਨ ਸਿੰਘ ਸਾਹਿਬਾਨ ਦੇ ਸਾਹਮਣੇ ਪੇਸ਼ ਹੋਣ ਲਈ ਆਖਿਆ ਗਿਆ ਤੇ ਕੇਂਦਰੀ ਸਰਕਾਰ ਨੂੰ ਅਲਟੀਮੇਟਮ ਦਿੱਤਾ ਗਿਆ ਕਿ ਜੇ 30 ਸਤੰਬਰ ਤਕ ਦਰਬਾਰ ਸਾਹਿਬ ਸਮੂਹ ਵਿੱਚੋਂ ਫ਼ੌਜ ਹਟਾ ਕੇ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਹਵਾਲੇ ਨਾ ਕੀਤਾ ਗਿਆ, ਤਾਂ ਸਿੰਘ ਸਾਹਿਬਾਨ ਸੰਗਤਾਂ ਦੀ ਅਗਵਾਈ ਕਰਦੇ ਹੋਏ ਦਰਬਾਰ ਸਾਹਿਬ ਨੂੰ ਮੁਕਤ ਕਰਾਉਣ ਲਈ ਮੋਰਚਾ ਸ਼ੁਰੂ ਕਰ ਦੇਣਗੇ। ਇਸ ਉੱਤੇ ਪ੍ਰਧਾਨ ਮੰਤਰੀ ਨੇ 25 ਸਤੰਬਰ ਨੂੰ ਐਲਾਨ ਕਰ ਦਿੱਤਾ ਕਿ ਦੋ ਤਿੰਨ ਦਿਨ ਤਕ ਫ਼ੌਜ ਹਟਾ ਲਈ ਜਾਏਗੀ ਤੇ ਦਰਬਾਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤਾ ਜਾਏਗਾ। ਕਿਹਾ ਜਾਂਦਾ ਹੈ ਕਿ ਗਿਆਨੀ ਜ਼ੈਲ ਸਿੰਘ ਨੇ ਵੀ ਫ਼ੌਜ ਹਟਾਉਣ ਲਈ ਸਰਕਾਰ ਉੱਤੇ ਜ਼ੋਰ ਪਾਇਆ ਸੀ। ਦੋ ਦਿਨ ਬਾਅਦ 27 ਸਤੰਬਰ ਨੂੰ ਗਿਆਨੀ ਜ਼ੈਲ ਸਿੰਘ ਫਿਰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ। ਉਨ੍ਹਾਂ ਨੇ ਸਿੰਘ ਸਾਹਿਬਾਨ ਕੋਲ ਪੇਸ਼ ਹੋ ਕੇ ਆਪਣੀ ਸਫ਼ਾਈ ਪੇਸ਼ ਕਰਦੇ ਹੋਏ ਆਪਣੀਆਂ ਮਜਬੂਰੀਆਂ ਦੱਸੀਆਂ ਤੇ ਆਖਿਆ, "ਦਰਬਾਰ ਸਾਹਿਬ ਉੱਤੇ ਹਮਲਾ ਕਰਨ ਦੀ ਪ੍ਰਵਾਨਗੀ ਲੈਣ ਲਈ ਮੇਰੇ ਕੋਲੋਂ ਕਿਸੇ ਦਸਤਾਵੇਜ਼ ਉੱਤੇ ਦਸਖ਼ਤ ਨਹੀਂ ਕਰਾਏ ਗਏ। ਮੈਂ ਜੁੱਤੀਆਂ ਉਤਾਰ ਕੇ ਦਰਬਾਰ ਸਾਹਿਬ ਅੰਦਰ ਦਾਖ਼ਲ ਹੋਇਆ ਸਾਂ ਅਤੇ ਮੈਨੂੰ ਪਤਾ ਨਹੀਂ ਲੱਗਾ ਕਿ ਮੇਰੇ ਉੱਤੇ ਕਿਸੇ ਨੇ ਛਤਰੀ ਤਾਣੀ ਹੋਈ ਹੈ। ਜਦ ਪਤਾ ਲੱਗਾ, ਤਾਂ ਮੈਂ ਛਤਰੀ ਬੰਦ ਕਰਾ ਦਿੱਤੀ। ਫਿਰ ਵੀ ਮੈਂ ਦਰਬਾਰ ਸਾਹਿਬ ਵਿਚ ਹੋਈਆਂ ਦੁਖਦਾਈ ਘਟਨਾਵਾਂ ਲਈ ਗੁਰੂ ਸਾਹਿਬ ਤੋਂ ਸਚੇ ਦਿਲੋਂ ਮਾਫ਼ੀ ਮੰਗਦਾ ਹਾਂ।" ਇਸ ਉੱਤੇ ਸਿੰਘ ਸਾਹਿਬਾਨ ਨੇ ਉਹਨੂੰ ਤਨਖ਼ਾਹੀਆ ਕਰਾਰ ਦੇਣ ਦਾ ਮਤਾ ਵਾਪਸ ਲੈ ਲਿਆ।

ਉਸ ਸਮੇਂ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੀਵਾਨ ਸਜਿਆ ਹੋਇਆ ਸੀ ਤੇ ਕੀਰਤਨ ਹੋ ਰਿਹਾ ਸੀ। ਪਹਿਲਾਂ ਸਿੰਘ ਸਾਹਿਬਾਨ ਦੀਵਾਨ ਵਿਚ ਆਏ ਤੇ ਫਿਰ ਗਿਆਨੀ ਜ਼ੈਲ ਸਿੰਘ ਆਏ ਤੇ ਮੱਥਾ ਟੇਕ ਕੇ ਸੰਗਤ ਵਿਚ ਬੈਠ ਗਏ। ਕੁਝ ਚਿਰ ਬਾਅਦ ਗਿਆਨੀ ਕਿਰਪਾਲ ਸਿੰਘ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਸੰਖੇਪ ਨਾਲ ਦਰਬਾਰ ਸਾਹਿਬ ਉੱਤੇ ਫ਼ੌਜ ਦੇ ਹਮਲੇ ਦਾ ਵਰਣਨ ਕਰਦੇ ਹੋਇਆਂ ਆਖਿਆ ਕਿ "ਇਸ ਹਮਲੇ ਵਿਚ ਹਜ਼ਾਰਾਂ ਬੇਗੁਨਾਹ ਸਿੰਘਾਂ, ਸਿੰਘਣੀਆਂ ਤੇ ਬੱਚਿਆਂ ਨੂੰ ਬੜੀ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ ਹੈ; ਅਕਾਲ ਤਖ਼ਤ ਸਾਹਿਬ ਨੂੰ ਤੋਪਾਂ ਮਾਰ ਕੇ ਢਹਿ-ਢੇਰੀ ਕੀਤਾ ਗਿਆ, ਦਰਸ਼ਨੀ ਡਿਉਢੀ ਵਿਚ ਮਘੋਰੇ ਕੀਤੇ ਗਏ ਤੇ ਹਰਿਮੰਦਰ

ਸਾਹਿਬ ਉੱਤੇ ਵੀ ਗੋਲੀਆਂ ਦੀ ਵਰਖਾ ਕੀਤੀ ਗਈ। ਸਭ ਤੋਂ ਵੱਡੀ ਗੱਲ ਇਹ ਕਿ ਸਿੱਖ ਕੌਮ ਦੇ ਇਤਿਹਾਸਿਕ ਵਿਰਸੇ ਸਿਖ ਰੈਫ਼ਰੈਂਸ ਲਾਇਬਰੇਰੀ ਤੇ ਇਤਿਹਾਸਿਕ ਚਾਨਣੀ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ ਹੈ। ਦਰਬਾਰ ਸਾਹਿਬ ਸਮੂੰਹ ਦੀ ਘੋਰ ਬੇਅਦਬੀ, ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਉੱਤੇ ਬੇਪਨਾਹ ਅੱਤਿਆਚਾਰਾਂ ਅਤੇ ਫ਼ੌਜ ਵੱਲੋਂ ਆਲੇ-ਦੁਆਲੇ ਦੇ ਘਰਾਂ ਦੀ ਅੰਨ੍ਹੀ ਲੁੱਟ-ਖਸੁੱਟ ਹੋਈ ਹੈ। ਇਸ ਨਾਲ ਸੰਸਾਰ ਦੇ ਕੋਨੇ ਕੋਨੇ ਵਿਚ ਬੈਠੇ ਸਿੱਖਾਂ ਦੇ ਹਿਰਦੇ ਛਲਣੀ ਹੋਏ ਹਨ। ਇਸ ਵੇਲੇ ਲੋੜ ਇਸ ਗੱਲ ਦੀ ਹੈ ਕਿ ਸ੍ਰੀ ਭੀਮ ਸੈਨ ਸੱਚਰ ਵਾਂਗ ਸ੍ਰੀਮਤੀ ਇੰਦਰਾ ਗਾਂਧੀ ਦਰਬਾਰ ਸਾਹਿਬ ਉੱਤੇ ਫ਼ੌਜ ਦੇ ਹਮਲੇ ਬਾਰੇ ਪਸ਼ਚਾਤਾਪ ਪ੍ਰਗਟ ਕਰਨ।" ਇਸ ਭਾਸ਼ਨ ਤੋਂ ਸਾਰੇ ਕਾਂਗਰਸੀਆਂ ਨੇ ਔਖੇ ਹੋਣਾ ਹੀ ਸੀ, ਵਿਸ਼ੇਸ਼ ਕਰਕੇ ਇਸ ਲਈ ਕਿ ਇਹ ਗਿਆਨੀ ਜ਼ੈਲ ਸਿੰਘ ਦੀ ਮੌਜੂਦਗੀ ਵਿਚ ਦਿੱਤਾ ਗਿਆ ਸੀ। ਪਰ ਇਸ ਵਿਚ ਆਖੀਆਂ ਗਈਆਂ ਸਭ ਗੱਲਾਂ ਇੰਨ ਬਿੰਨ ਸੱਚੀਆਂ ਸਨ। ਹੋਰ ਤਾਂ ਹੋਰ, ਉਸ ਵੇਲੇ ਦੇ ਕਾਂਗਰਸ ਦੇ ਜਨਰਲ ਸਕੱਤਰ ਰਾਜੀਵ ਗਾਂਧੀ ਨੇ ਦੂਜੇ ਦਿਨ ਹੀ ਇਸ ਭਾਸ਼ਨ ਦੀ ਕਰੜੀ ਆਲੋਚਨਾ ਕੀਤੀ।

29 ਸਤੰਬਰ ਨੂੰ ਦਰਬਾਰ ਸਾਹਿਬ ਸਮੂੰਹ ਦਾ ਕਬਜ਼ਾ ਪੰਜ ਸਿੰਘ ਸਾਹਿਬਾਨ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਤੇ ਮੀਤ ਸਕੱਤਰ ਨੂੰ ਸੌਂਪ ਦਿੱਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਅਖੰਡ ਪਾਠ ਰਖ ਕੇ ਪਹਿਲੀ ਅਕਤੂਬਰ ਨੂੰ 'ਸ਼ੁਕਰਾਨਾ ਦਿਵਸ' ਮਨਾਇਆ ਗਿਆ, ਜਿਸ ਵਿਚ ਹਜ਼ਾਰਾਂ ਸਿਖ ਸ਼ਾਮਲ ਹੋਏ। 12 ਅਕਤੂਬਰ ਨੂੰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਉਤਸਵ ਦੇ ਸ਼ੁਭ ਅਵਸਰ ਤੇ ਸਰੋਵਰ ਦਾ ਪਹਿਲਾ ਸਾਰਾ ਜਲ ਇੰਜਣ ਰਾਹੀਂ ਬਾਹਰ ਕਢ ਕੇ ਸਰੋਵਰ ਦੀ ਕਾਰ-ਸੇਵਾ ਅਰੰਭ ਕਰ ਦਿੱਤੀ ਗਈ। 'ਬਲਿਊ ਸਟਾਰ ਕਾਰਵਾਈ' ਦੇ ਅੱਠ ਸਾਲ ਬਾਅਦ ਮੇਜਰ ਜਨਰਲ ਬਰਾੜ ਨੂੰ, ਜਿਨ੍ਹਾਂ ਨੇ ਇਸ ਕਾਰਵਾਈ ਦੀ ਅਗਵਾਈ ਕੀਤੀ ਸੀ ਤੇ ਜੋ ਹੁਣ ਲੈਫ਼ਟੀਨੈਂਟ ਜਨਰਲ ਹੋ ਕੇ ਰੀਟਾਇਰ ਹੋ ਚੁਕੇ ਹਨ, ਫਿਰ ਉਬਾਲ ਆਇਆ ਹੈ ਤੇ ਉਸ ਨੇ ਇਸ ਬਾਰੇ ਇਕ ਕਿਤਾਬ ਲਿਖ ਮਾਰੀ ਹੈ। ਉਹ ਕਹਿੰਦਾ ਹੈ ਕਿ ਇਸ ਕਿਤਾਬ ਦਾ ਮੰਤਵ ਇਸ ਕਾਰਵਾਈ ਬਾਰੇ ਪਏ ਭਰਮ-ਭੁਲੇਖੇ ਦੂਰ ਕਰਨਾ ਤੇ ਇਤਿਹਾਸ ਨੂੰ ਠੀਕ ਰੰਗ ਵਿਚ ਪੇਸ਼ ਕਰਨਾ ਹੈ। ਪਰ ਠੀਕ ਗੱਲ ਇਹ ਹੈ ਕਿ ਉਸ ਨੇ ਨਾ-ਕੇਵਲ ਪਹਿਲਾਂ ਪਾਏ ਭੁਲੇਖਿਆਂ ਨੂੰ ਦ੍ਰਿੜ ਕੀਤਾ ਹੈ, ਸਗੋਂ ਹੋਰ ਕਈ ਨਵੇਂ ਭੁਲੇਖੇ ਪਾਣ ਦਾ ਜਤਨ ਕੀਤਾ ਹੈ। ਦੂਜੀ ਗੱਲ, ਉਸ ਦੀ ਪੁਸਤਕ ਇਤਿਹਾਸ ਹੈ ਹੀ ਨਹੀਂ, ਇਹ ਤਾਂ ਆਪਣੀਆਂ ਕਰਤੂਤਾਂ ਨੂੰ ਸਹੀ ਸਿੱਧ ਕਰਨ ਦਾ ਇਕ ਨਾਕਾਮ ਜਤਨ ਹੈ। ਬਹੁਤ ਹੱਦ ਤਕ ਇਹ ਉਸੇ ਸਮੇਂ ਸਰਕਾਰ ਵੱਲੋਂ ਜਾਰੀ ਕੀਤੇ ਗਏ ਵਾਈਟ ਪੇਪਰ (ਝੂਠ ਦੇ ਪਲੰਦੇ) ਦਾ ਚਰਬਾ ਹੈ। ਜਾਂ ਇਹਦੇ ਵਿਚ ਉਨ੍ਹਾਂ ਬਿਆਨਾਂ ਦੀ ਦੁਹਰਾਈ ਹੈ, ਜੋ ਉਸ ਨੇ 'ਨੀਲਾ ਤਾਰਾ ਕਾਰਵਾਈ' ਤੋਂ ਝਟ ਬਾਅਦ ਪ੍ਰੈੱਸ ਕਾਨਫ਼ਰੰਸਾਂ ਵਿਚ ਦਿੱਤੇ ਸਨ ਤੇ ਜਿਨ੍ਹਾਂ ਦਾ ਨਿਰਣਾ ਇੱਸੇ ਕਾਂਡ ਵਿਚ ਕੀਤਾ ਜਾ ਚੁਕਾ ਹੈ। ਫਿਰ ਵੀ ਉਸ ਦੇ ਪਾਏ ਭੁਲੇਖਿਆਂ ਬਾਰੇ ਚਹੁੰ ਗੱਲਾਂ ਦੀ ਸੰਖੇਪ ਜਿਹੀ ਪੜਚੋਲ ਜ਼ਰੂਰੀ ਜਾਪਦੀ ਹੈ:

(1) ਬਰਾੜ ਨੇ ਇਕ ਬਿਲਕੁਲ ਨਵੀਂ ਗੱਪ ਇਹ ਮਾਰੀ ਹੈ ਕਿ ਜਦ ਗੁੰਥੀ ਸਿੰਘਾਂ ਨੇ ਉਸ ਨੂੰ ਪਰਕਰਮਾ ਵਿਚ ਪਈਆਂ ਕੈਂਟੀਨ ਸਰਵਿਸ ਮਹਿਕਮੇ ਦੇ ਲੇਬਲ ਵਾਲੀਆਂ ਰਮ ਦੀਆਂ ਬੋਤਲਾਂ ਵਿਖਾਈਆਂ, ਤਾਂ ਉਸ ਨੇ ਕੁਝ ਛੋਟੇ ਅਫ਼ਸਰਾਂ ਨੂੰ ਇਹਦੀ ਪੜਤਾਲ ਲਈ ਆਖਿਆ। ਇਕ ਸਵੇਰ ਉਨ੍ਹਾਂ ਨੇ ਇਕ ਵਡੇਰੀ ਉਮਰ ਦੀ ਇਸਤ੍ਰੀ ਨੂੰ ਇਕ ਉਹੋ ਜਿਹੀ ਖ਼ਾਲੀ ਬੋਤਲ ਪਰਕਰਮਾ ਵਿਚ ਰਖਦਿਆਂ ਵੇਖਿਆ। ਬਾਅਦ ਵਿਚ ਫ਼ੌਜੀਆਂ ਨੇ ਦੋ ਹੋਰ ਇਸਤ੍ਰੀਆਂ ਨੂੰ ਹੋਰ ਖ਼ਾਲੀ ਬੋਤਲਾਂ ਲੁਕਾ-ਛਿਪਾ ਕੇ ਦਰਬਾਰ ਸਾਹਿਬ ਸਮੂੰਹ ਵਿਚ ਲਿਆਉਂਦਿਆਂ ਵੇਖਿਆ। ਪਤਾ ਨਹੀਂ, ਬਰਾੜ ਕਿਹੜੇ ਦਿਨਾਂ ਦੀ ਗੱਲ ਕਰ ਰਿਹਾ ਹੈ। 24 ਜੂਨ ਤਕ ਤਾਂ ਦਰਬਾਰ ਸਾਹਿਬ ਸਮੂੰਹ ਉੱਤੇ ਫ਼ੌਜ

ਦਾ ਕਬਜ਼ਾ ਸੀ। ਉਸ ਸਮੇਂ ਕੁਝ ਸਿੰਘ ਸਾਹਿਬਾਨ, ਗ੍ਰੰਥੀਆਂ, ਰਾਗੀਆਂ ਤੇ ਸੇਵਾਦਾਰਾਂ ਤੋਂ ਬਿਨਾਂ ਉੱਥੇ ਕੋਈ ਇਸਤ੍ਰੀ-ਪੁਰਸ਼ ਤਾਂ ਕੀ, ਕੋਈ ਚਿੜੀ ਵੀ ਨਹੀਂ ਫਟਕ ਸਕਦੀ ਸੀ; ਇਹ ਇਸਤ੍ਰੀਆਂ ਕਿਵੇਂ ਅੰਦਰ ਆਈਆਂ ? ਪਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਜੇ ਅੰਦਰ ਆਈਆਂ ਅਤੇ ਖ਼ਾਲੀ ਬੋਤਲਾਂ ਨਾਲ ਲੈ ਕੇ ਆਈਆਂ, ਤਾਂ ਫ਼ੌਜੀਆਂ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਿਉਂ ਨਾ ਕਰ ਲਿਆ। ਅਜਿਹੇ ਕੋਰੇ ਝੂਠ ਨੂੰ ਕੋਈ ਸੂਝ-ਬੂਝ ਵਾਲਾ ਆਦਮੀ ਤਾਂ ਮੰਨ ਨਹੀਂ ਸਕਦਾ।

(2) ਬਰਾੜ ਨੇ ਦੂਜਾ ਭੁਲੇਖਾ ਬੜਾ ਜ਼ੋਰ ਦੇ ਕੇ ਦੁਹਰਾਇਆ ਹੈ। ਲਿਖਦਾ ਹੈ, "ਬਹੁਤ ਜ਼ਿਆਦਾ ਫ਼ੌਜੀਆਂ ਦੇ ਮਰਨ ਤੇ ਜ਼ਖ਼ਮੀ ਹੋਣ ਦੇ ਬਾਵਜੂਦ ਅਸੀਂ ਇਸ ਫ਼ੈਸਲੇ ਤੇ ਦ੍ਰਿੜ ਰਹੇ ਕਿ ਹਰਿਮੰਦਰ ਸਾਹਿਬ ਵੱਲ ਗੋਲੀ ਨਹੀਂ ਚਲਾਣੀ।" ਜੇ ਇਹ ਗੱਲ ਠੀਕ ਹੈ, ਤਾਂ ਅੰਦਰ ਕੀਰਤਨ ਕਰਦਾ ਇਕ ਰਾਗੀ ਕਿਵੇਂ ਸ਼ਹੀਦ ਹੋ ਗਿਆ, ਇਕ ਗੋਲੀ ਗੁਰੂ ਗ੍ਰੰਥ ਸਾਹਿਬ ਦੇ ਪਤਰਿਆਂ ਨੂੰ ਚੀਰ ਕੇ ਕਿਵੇਂ ਨਿਕਲ ਗਈ, ਦੂਜੀ ਮੰਜ਼ਲ ਉੱਤੇ ਪਾਠ ਕਰਦੇ ਸਿੰਘ ਦੇ ਹੱਥ ਉੱਤੇ ਸ਼ੀਸ਼ੇ ਦੀਆਂ ਚਿਪਰਾਂ ਕਿਵੇਂ ਲੱਗੀਆਂ ਅਤੇ ਸਭ ਤੋਂ ਵੱਡੀ ਗੱਲ ਹਰਿਮੰਦਰ ਸਾਹਿਬ ਦੀਆਂ ਬਾਹਰਲੀਆਂ ਕੰਧਾਂ ਉੱਤੇ 300 ਤੋਂ ਵੱਧ ਗੋਲੀਆਂ ਦੇ ਨਿਸ਼ਾਨ ਕਿਵੇਂ ਪੈ ਗਏ ?

(3) ਦਰਬਾਰ ਸਾਹਿਬ ਸਮੂਹ ਉੱਤੇ ਫ਼ੌਜੀ ਹਮਲੇ ਨੂੰ ਅਨਿਵਾਰੀ ਸਾਬਤ ਕਰਨ ਲਈ ਬਰਾੜ ਨੇ ਲਿਖਿਆ ਹੈ ਕਿ ਉੱਥੋਂ (ਦੋ ਢਾਈ ਸੌ) ਅੱਤਵਾਦੀਆਂ ਨੂੰ ਕੱਢਣ ਲਈ ਇਸ ਕਾਰਵਾਈ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ। ਇਸ ਬਾਰੇ ਦੋ ਫ਼ੌਜੀ ਮਾਹਿਰਾਂ ਦੇ ਵਿਚਾਰ ਦੇ ਕੇ ਦੱਸਿਆ ਜਾ ਚੁੱਕਾ ਹੈ ਕਿ ਅਕਾਲ ਤਖ਼ਤ ਨੂੰ ਢਹਿ-ਢੇਰੀ ਕਰਨ ਤੇ 200 ਅੱਤਵਾਦੀਆਂ ਦੇ ਨਾਲ ਪੰਜ ਹਜ਼ਾਰ ਨਿਰਦੋਸ਼ ਲੋਕਾਂ ਦਾ ਖ਼ੂਨ ਕਰਨ ਤੋਂ ਬਿਨਾਂ ਵੀ ਅੱਤਵਾਦੀਆਂ ਨੂੰ ਬਾਹਰ ਕਢਿਆ ਜਾ ਸਕਦਾ ਸੀ। ਫ਼ੌਜ ਦਾ ਹਮਲਾ ਅੱਤਵਾਦੀਆਂ ਦੇ ਵਿਰੁੱਧ ਹੋਣਾ ਸੀ, ਨਾ ਕਿ ਕਰੋੜਾਂ ਲੋਕਾਂ ਦੇ ਪਰਮ ਪੂਜ ਪਵਿੱਤਰ ਅਸਥਾਨ ਉੱਤੇ। ਆਖ਼ਰ 1988 ਵਿਚ ਦਰਬਾਰ ਸਾਹਿਬ ਵੱਲ ਇਕ ਵੀ ਗੋਲੀ ਚਲਾਏ ਬਗ਼ੈਰ ਡੇਢ ਸੌ ਕਥਿਤ ਅੱਤਵਾਦੀਆਂ ਨੂੰ ਬਾਹਰ ਆਉਣ ਲਈ ਮਜਬੂਰ ਕਰ ਹੀ ਲਿਆ ਗਿਆ ਸੀ।

(4) ਬਰਾੜ ਨੇ ਇਸ ਕਿਤਾਬ ਵਿਚ ਕੇਂਦਰ-ਸਿਖ ਵਿਵਾਦ ਦੇ ਰਾਜਨੀਤਿਕ ਪੱਖ ਵਿਚ ਵੀ ਟੰਗ ਅੜਾਈ ਹੈ। ਉਸ ਨੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਉੱਤੇ ਬੇਲੋੜੀ ਨੁਕਤਾਚੀਨੀ ਕੀਤੀ ਹੈ, ਪਰ ਸਰਕਾਰ ਦੇ ਸਿੱਖਾਂ ਨਾਲ ਅਨਿਆਈਂ ਤੇ ਵਿਤਕਰੇ ਵਾਲੇ ਵਤੀਰੇ ਤੇ ਪੁਲਿਸ-ਤਸ਼ੱਦਦ ਬਾਰੇ ਇਕ ਸ਼ਬਦ ਵੀ ਨਹੀਂ ਲਿਖਿਆ। ਉਹ ਲਿਖਦਾ ਹੈ, "ਇੰਦਰਾ ਗਾਂਧੀ ਫ਼ਾਜ਼ਲਕਾ-ਅਬੋਹਰ ਦਾ ਮਾਮਲਾ ਵਖ ਕਰ ਕੇ ਚੰਡੀਗੜ੍ਹ ਪੰਜਾਬ ਨੂੰ ਦੇਣ, ਦਰਿਆਈ ਪਾਣੀਆਂ ਦੀ ਨਿਆਇਕ ਵੰਡ ਕਰਨ ਤੇ ਰਾਜਾਂ ਨੂੰ ਵਧੇਰੇ ਅਧਿਕਾਰ ਦੇਣ ਲਈ ਤਿਆਰ ਹੋ ਗਈ ਸੀ।" ਪਤਾ ਨਹੀਂ, ਬਰਾੜ ਨੂੰ ਇਹ ਗੱਲਾਂ ਕਿਸ ਨੇ ਦੱਸੀਆਂ—ਇੰਦਰਾ ਗਾਂਧੀ ਜਾਂ ਹੋਰ ਕਿਸੇ ਨੇ। ਪਰ ਇੰਦਰਾ ਨੇ ਇਹ ਗੱਲਾਂ ਆਪਣੇ ਨਾ ਕਿਸੇ ਬਿਆਨ ਵਿਚ ਆਖੀਆਂ, ਨਾ ਅਕਾਲੀਆਂ ਨਾਲ ਗੱਲ-ਬਾਤ ਵਿਚ, ਸਗੋਂ ਉਹ ਤਿੰਨ ਵਿਚੋਲਿਆਂ ਦੀ ਰਾਹੀਂ ਅਕਾਲੀਆਂ ਨਾਲ ਕਈ ਫ਼ੈਸਲੇ ਕਰ ਕੇ ਅਖ਼ੀਰ ਮੁੱਕਰ ਜਾਂਦੀ ਰਹੀ, ਕਿਉਂਕਿ ਉਹ ਫ਼ੌਜੀ ਕਾਰਵਾਈ ਦਾ ਪੱਕਾ ਫ਼ੈਸਲਾ ਕਰੀ ਬੈਠੀ ਸੀ। ਅਕਾਲੀ ਦਲ ਤਾਂ ਲੈ-ਦੇ ਦੀ ਭਾਵਨਾ ਨਾਲ ਆਪਣੀਆਂ ਮੰਗਾਂ ਨੂੰ ਨਰਮ ਕਰਨ ਜਾਂ ਉਨ੍ਹਾਂ ਵਿਚ ਫੇਰ-ਬਦਲ ਕਰਨ ਲਈ ਤਿਆਰ ਸੀ, ਪਰ ਇੰਦਰਾ ਉਨ੍ਹਾਂ ਦੀ ਇਕ ਵੀ ਮਹੱਤਵਪੂਰਨ ਮੰਗ ਮੰਨਣ ਲਈ ਤਿਆਰ ਨਹੀਂ ਸੀ। ਇਸੇ ਸੰਬੰਧ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ 11 ਜੂਨ 1993 ਨੂੰ 'ਟ੍ਰਿਬੀਊਨ' ਦੇ ਪੱਤਰ-ਪ੍ਰੇਰਕ ਨੂੰ ਇੰਟਰਵੀਊ ਦੇਂਦਿਆਂ ਬਰਾੜ ਦੀ ਲਿਖਤ ਦੀ ਤਰਦੀਦ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੈ, "ਸਰਕਾਰ ਨਾਲ ਸਾਡੀ ਆਖ਼ਰੀ ਗੁਪਤ ਮੀਟਿੰਗ

26 ਮਈ 1984 ਨੂੰ ਆਰ.ਕੇ.ਪੁਰਮ (ਦਿੱਲੀ) ਦੇ ਇਕ ਗੈਸਟ ਹਾਊਸ ਵਿਚ ਹੋਈ। ਬੀ.ਐੱਸ.ਐੱਫ. ਦਾ ਇਕ ਹਵਾਈ ਜਹਾਜ਼ ਮੈਨੂੰ, ਪ੍ਰਕਾਸ਼ ਸਿੰਘ ਬਾਦਲ ਤੇ ਸੁਰਜੀਤ ਸਿੰਘ ਬਰਨਾਲਾ ਨੂੰ ਚੰਡੀਗੜ੍ਹ ਤੋਂ ਦਿੱਲੀ ਲੈ ਗਿਆ। ਸਰਕਾਰ ਵੱਲੋਂ ਨਰਸਿਮਹਾ ਰਾਓ, ਪਰਨਾਬ ਮੁਕਰਜੀ ਤੇ ਸ਼ਿਵ ਸ਼ੰਕਰ ਮੀਟਿੰਗ ਵਿਚ ਸ਼ਾਮਲ ਹੋਏ। 'ਧਰਮ-ਯੁਧ ਮੋਰਚੇ' ਸਮੇਂ ਉਨ੍ਹਾਂ ਨੇ ਪਹਿਲੀ ਵਾਰੀ ਅਕਾਲੀਆਂ ਦੀਆਂ ਮੰਗਾਂ ਗੰਭੀਰਤਾ ਨਾਲ ਸੁਣੀਆਂ। ਅਸਾਂ ਆਖਿਆ ਕਿ ਅਨੰਦਪੁਰ ਸਾਹਿਬ ਦਾ ਮਤਾ ਇਕ ਐਲਾਨ ਰਾਹੀਂ ਸਰਕਾਰੀਆ ਕਮਿਸ਼ਨ ਦੇ ਸਪੁਰਦ ਕਰ ਦਿਓ; ਦਰਿਆਈ ਪਾਣੀਆਂ ਦੇ ਝਗੜੇ ਦਾ ਫ਼ੈਸਲਾ ਰਾਸ਼ਟਰੀ ਤੇ ਕੌਮਾਂਤਰੀ ਕਾਨੂੰਨਾਂ ਅਨੁਸਾਰ ਸੁਪਰੀਮ ਕੋਰਟ ਕਰ ਦੇਵੇ, ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਏ, ਗਵਾਂਢੀ ਰਾਜਾਂ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਜਾਏ, ਸਰਬ-ਹਿੰਦ ਗੁਰਦੁਆਰਾ ਕਾਨੂੰਨ ਬਣਾਉਣ ਦਾ ਪੱਕਾ ਯਕੀਨ ਦਿਵਾਇਆ ਜਾਏ, ਸਿਖ ਨਜ਼ਰਬੰਦਾਂ ਨੂੰ ਰਿਹਾਅ ਕੀਤਾ ਜਾਏ ਤੇ ਪੰਜਾਬੋਂ ਬਾਹਰ ਰਹਿ ਗਏ ਪੰਜਾਬੀ-ਭਾਸ਼ਾਈ ਇਲਾਕਿਆਂ ਦਾ ਨਿਰਣਾ ਕਰਨ ਲਈ ਭਾਸ਼ਾਈ ਮਾਹਿਰਾਂ ਦਾ ਕਮਿਸ਼ਨ ਨਿਯਤ ਕੀਤਾ ਜਾਏ। ਇਹ ਮੀਟਿੰਗ ਲਗ ਪਗ ਪੰਜ ਘੰਟੇ ਚੱਲੀ। ਸਾਡੇ ਵਿਚਾਰ ਸੁਣਨ ਤੋਂ ਬਾਅਦ ਸ਼ਿਵ ਸ਼ੰਕਰ ਨੇ ਪੁੱਛਿਆ ਕਿ ਕੀ ਸੰਤ ਜਰਨੈਲ ਸਿੰਘ ਵੀ ਇਹਨਾਂ ਨਾਲ ਸਹਿਮਤ ਹਨ। ਅਸਾਂ ਉੱਤਰ ਦਿੱਤਾ ਕਿ ਇਹ ਮੰਗਾਂ ਮੰਨੇ ਜਾਣ ਬਾਅਦ ਅਕਾਲੀ ਦਲ 'ਧਰਮ-ਯੁੱਧ ਮੋਰਚਾ' ਬੰਦ ਕਰ ਦੇਵੇਗਾ। ਸੰਤ ਜਰਨੈਲ ਸਿੰਘ ਨੂੰ ਮੋਰਚਾ ਤਿਆਗਣ ਲਈ ਮਨਾਉਣਾ ਸਾਡਾ ਕੰਮ ਹੈ। ਇਸ ਤੋਂ ਬਾਅਦ ਸਾਰੇ ਮੰਤਰੀ ਇੰਦਰਾ ਨਾਲ ਸਲਾਹ-ਮਸ਼ਵਰਾ ਕਰਨ ਲਈ ਚਲੇ ਗਏ। ਸਾਢੇ ਤਿੰਨ ਵਜੇ ਵਾਪਸ ਆ ਕੇ ਉਨ੍ਹਾਂ ਨੇ ਸਾਨੂੰ ਸੰਖੇਪ ਜਿਹੇ ਸ਼ਬਦਾਂ ਵਿਚ ਆਖ ਦਿੱਤਾ, "ਸਾਨੂੰ ਅਫ਼ਸੋਸ ਹੈ ਕਿ ਸ੍ਰੀਮਤੀ ਗਾਂਧੀ ਇਹ ਮੰਗਾਂ ਨਹੀਂ ਮੰਨਦੇ।"

ਇਸ ਖ਼ੂਨੀ ਕਾਂਡ ਨੂੰ ਸਮਾਪਤ ਕਰਨ ਤੋਂ ਪਹਿਲਾਂ ਇਹ ਯੋਗ ਜਾਪਦਾ ਹੈ ਕਿ ਅਪਰੇਸ਼ਨ ਬਲਿਊ ਸਟਾਰ ਵਿਚ ਵਾਪਰੀਆਂ ਘਟਨਾਵਾਂ ਦੇ ਕਾਰਨਾਂ ਬਾਰੇ ਡੂੰਘੀ ਵਿਚਾਰ ਕਰ ਲਈ ਜਾਏ। ਇਸ ਸੰਬੰਧ ਵਿਚ ਮੁਖ ਗੱਲ ਇਹ ਹੈ ਕਿ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ ਧਰਮ-ਯੁੱਧ ਮੋਰਚੇ ਦਾ ਸਿੱਧਾ ਸਿੱਟਾ ਸੀ। ਇਹ ਮੋਰਚਾ ਪੰਜਾਬ ਦੀਆਂ ਜਾਇਜ਼ ਤੇ ਸੰਵਿਧਾਨਿਕ ਮੰਗਾਂ ਮੰਨਵਾਉਣ ਲਈ ਲਾਇਆ ਗਿਆ ਸੀ। ਇਨ੍ਹਾਂ ਸਭ ਮੰਗਾਂ ਨੂੰ ਪੰਜਾਬ ਵਿਚਲੀ ਇਸ ਵੇਲੇ ਦੀ ਕਾਂਗਰਸ ਸਰਕਾਰ ਵੀ ਜਾਇਜ਼ ਮੰਨਦੀ ਹੈ, ਇੱਥੋਂ ਤਕ ਕਿ ਸਿੰਚਾਈ ਮੰਤਰੀ ਹਰਚਰਨ ਸਿੰਘ ਬਰਾੜ ਨੇ ਵਾਰ ਵਾਰ ਇਹ ਆਖਿਆ ਹੈ ਕਿ ਜਦ ਤਕ ਦਰਿਆਈ ਪਾਣੀਆਂ ਦੀ ਨਿਆਂ-ਪੂਰਬਕ ਵੰਡ ਦਾ ਫ਼ੈਸਲਾ ਨਹੀਂ ਹੋ ਜਾਂਦਾ, ਸਤਲੁਜ-ਯਮਨਾ ਲਿੰਕ ਕਨਾਲ ਦੀ ਖੁਦਾਈ ਕਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਚੰਡੀਗੜ੍ਹ ਨੂੰ ਪੰਜਾਬ ਵਿਚ ਮਿਲਾਉਣ ਬਾਰੇ ਵੀ ਪੰਜਾਬ ਕਾਂਗਰਸ ਦਾ ਇਹੀ ਵਿਚਾਰ ਹੈ ਕਿ ਅਬੋਹਰ-ਫ਼ਾਜ਼ਲਕਾ ਨੂੰ ਹਰਿਆਣੇ ਵਿਚ ਮਿਲਾਏ ਬਗ਼ੈਰ ਇਹ ਸ਼ਹਿਰ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਫਿਰ ਪੰਜਾਬ ਸਰਕਾਰ ਗਵਾਂਢੀ ਰਾਜ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਦਿੱਲੀ ਆਦਿ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਲਾਗੂ ਕਰਾਉਣ ਤੇ ਜ਼ੋਰ ਦੇ ਰਹੀ ਹੈ। ਫ਼ੌਜ ਵਿਚ ਸਿੱਖਾਂ ਦੀ ਗਿਣਤੀ ਘਟ ਕਰਨ ਲਈ ਇੰਦਰਾ ਨੇ ਯੋਗਤਾ ਦਾ ਅਧਾਰ ਛਡ ਕੇ ਵੱਸੋਂ ਦੇ ਅਨੁਪਾਤ ਦਾ ਜੋ ਮਾਪ-ਦੰਡ ਬਣਾਇਆ ਸੀ, ਉਹਦੇ ਬਾਰੇ ਤਾਂ ਰੀਟਾਇਰਡ ਚੀਫ਼ ਆਫ਼ ਸਟਾਫ਼ ਫ਼ੀਲਡ ਮਾਰਸ਼ਲ ਮਾਣਕ ਸ਼ਾਅ ਵਰਗੇ ਫ਼ੌਜੀ ਮਾਹਿਰ ਦਾ ਵਿਚਾਰ ਹੈ ਕਿ ਇਹ ਫ਼ਾਰਮੂਲਾ ਦੇਸ਼ ਦੀ ਰੱਖਿਆ ਲਈ ਘਾਤਕ ਸਿੱਧ ਹੋਵੇਗਾ। ਜਦ ਬਾਬੂ ਜਗਜੀਵਨ ਰਾਮ, ਜੋ ਆਪ ਪਛੜੀਆਂ ਜਾਤਾਂ ਨਾਲ ਸੰਬੰਧ ਰਖਦੇ ਸਨ, ਰੱਖਿਆ-ਮੰਤਰੀ ਸਨ, ਤਾਂ ਉਨ੍ਹਾਂ ਨੇ ਇਹ ਵਿਚਾਰ ਪ੍ਰਗਟ ਕੀਤਾ ਸੀ ਕਿ ਸਭ ਸਰਕਾਰੀ ਨੌਕਰੀਆਂ ਵਿਚ ਪਛੜੀਆਂ ਤੇ ਜਨ-ਜਾਤੀਆਂ ਲਈ ਰੀਜ਼ਰਵੇਸ਼ਨ ਆਵੱਸ਼ਕ ਹੈ, ਪਰ ਫ਼ੌਜੀ ਭਰਤੀ ਵਿਚ ਇਹ ਅਸੂਲ ਲਾਗੂ ਨਹੀਂ ਹੋਣਾ ਚਾਹੀਦਾ। ਸੋ ਜੇ ਇਹ ਜਾਇਜ਼

ਮੰਗਾਂ ਉਸ ਵੇਲੇ ਮੰਨ ਲਈਆਂ ਜਾਂਦੀਆਂ, ਤਾਂ ਪਹਿਲਾਂ ਤਾਂ ਮੋਰਚਾ ਲਗਣਾ ਨਹੀਂ ਸੀ ਤੇ ਜੇ ਲੱਗਾ ਸੀ, ਤਾਂ ਖ਼ੁਸ਼ੀ-ਖ਼ੁਸ਼ਾਈਂ ਖ਼ਤਮ ਹੋ ਜਾਣਾ ਸੀ।

ਇਕ ਇਤਰਾਜ਼ ਇਹ ਵੀ ਕੀਤਾ ਗਿਆ ਹੈ ਕਿ ਧਰਮ-ਅਸਥਾਨਾਂ ਨੂੰ ਰਾਜਸੀ ਮਨੋਰਥਾਂ ਜਾਂ ਮੋਰਚੇ ਲਾਉਣ ਲਈ ਨਹੀਂ ਵਰਤਣਾ ਚਾਹੀਦਾ। ਪਤਾ ਨਹੀਂ, ਕੇਂਦਰੀ ਸਰਕਾਰ ਨੂੰ 60 ਵਰ੍ਹੇ ਬਾਅਦ ਏਕਾ-ਏਕੀ ਇਹ ਇਤਰਾਜ਼ ਕਿਵੇਂ ਯਾਦ ਆ ਗਿਆ। 1920 ਤੋਂ 1925 ਤਕ ਗੁਰਦੁਆਰਾ-ਸੁਧਾਰ ਲਈ ਜੋ ਮੋਰਚੇ ਲੱਗੇ, ਉਨ੍ਹਾਂ ਦਾ ਸੰਚਾਲਨ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੀ ਹੁੰਦਾ ਰਿਹਾ। ਉਸ ਵੇਲੇ ਕਾਂਗਰਸ ਇਨ੍ਹਾਂ ਮੋਰਚਿਆਂ ਦੀ ਪ੍ਰਸੰਸਾ ਕਰਦੀ ਰਹੀ ਸੀ ਤੇ ਅੰਗਰੇਜ਼ੀ ਸਰਕਾਰ ਨੇ ਵੀ ਇਹਦੇ ਉੱਤੇ ਕੋਈ ਕਿੰਤੂ ਨਹੀਂ ਕੀਤਾ ਸੀ। ਫਿਰ 1955, 60 ਤੇ 61 ਵਿਚ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸਾਰੇ ਮੋਰਚੇ ਇੱਥੋਂ ਹੀ ਲੱਗੇ ਅਤੇ 1975 ਦੀ ਐਮਰਜੈਂਸੀ ਸਮੇਂ ਵੀ 19 ਮਹੀਨੇ ਇੱਥੋਂ ਹੀ ਮੋਰਚਾ ਚਲਦਾ ਰਿਹਾ। ਇਹ ਗੱਲ ਵੀ ਵੇਖਣ ਵਾਲੀ ਹੈ ਕਿ 1955 ਦੇ ਮੋਰਚੇ ਵੇਲੇ ਜਦ ਭੀਮ ਸੈਨ ਸੱਚਰ ਮੁਖ ਮੰਤਰੀ ਸਨ, ਤਾਂ ਪੁਲਿਸ ਨੇ ਲੰਗਰ ਅਤੇ ਮੰਜੀ ਸਾਹਿਬ ਦੀਵਾਨ-ਅਸਥਾਨ ਵਿਚ ਦਾਖ਼ਲ ਹੋ ਕੇ ਪਰਕਰਮਾ ਵਿਚ ਅਥਰੂ ਗੈਸ ਦੇ ਗੋਲੇ ਸੁੱਟੇ ਸਨ। ਇਸ ਉੱਤੇ ਸੱਚਰ ਸਾਹਿਬ ਨੇ ਇਹ ਸੋਚ ਕੇ ਕਿ ਇਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ, ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਹਾਜ਼ਰ ਹੋ ਕੇ ਪੁਲਿਸ ਦੀ ਕਾਰਵਾਈ ਲਈ ਮਾਫ਼ੀ ਮੰਗ ਲਈ ਸੀ। ਧਰਮ-ਯੁੱਧ ਮੋਰਚਾ 4 ਅਗਸਤ 1982 ਤੋਂ ਪਹਿਲੀ ਜੂਨ 1984 ਤਕ ਚਾਲੂ ਰਿਹਾ ਤੇ ਇਹਦੇ ਵਿਚ ਦੋ ਲੱਖ ਤੋਂ ਵਧ ਸਿੰਘ ਗ੍ਰਿਫ਼ਤਾਰ ਹੋਏ, ਪਰ ਇਹ ਮੋਰਚਾ ਸਾਰਾ ਸਮਾਂ ਸ਼ਾਂਤਮਈ ਰਿਹਾ ਤੇ ਇਕ ਵੀ ਅਣ-ਸੁਖਾਵੀਂ ਘਟਨਾ ਨਹੀਂ ਹੋਈ। ਇਸ ਲਈ ਇਹ ਨਵਾਂ ਇਤਰਾਜ਼ ਬਿਲਕੁਲ ਨਿਰਾਰਥਕ ਤੇ ਥੋਥਾ ਸੀ।

ਹਾਂ, ਜੇ ਸਰਕਾਰ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਕੁਝ ਕਥਿਤ ਅੱਤਵਾਦੀ ਸਾਥੀਆਂ ਨੂੰ ਇੰਨਾ ਹੀ ਖ਼ਤਰਨਾਕ ਸਮਝਦੀ ਸੀ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਫ਼ੌਜੀ ਹਮਲਾ ਅਨਿਵਾਰੀ ਹੋ ਗਿਆ ਸੀ, ਤਾਂ ਇਹਦੇ ਲਈ ਹੋਰ ਕਈ ਰਾਹ ਸਨ। ਆਖ਼ਰ ਉਹ ਰਾਤੋ ਰਾਤ ਤਾਂ ਅੱਤਵਾਦੀ ਨਹੀਂ ਬਣ ਗਏ ਸਨ। ਜਦ ਉਹ ਗੁਰੂ ਨਾਨਕ ਨਿਵਾਸ ਵਿਚ ਰਹਿ ਰਹੇ ਸਨ, ਤਾਂ ਉਨ੍ਹਾਂ ਨੂੰ ਕਿਸੇ ਵੇਲੇ ਵੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ, ਵਿਸ਼ੇਸ਼ ਕਰਕੇ ਓਦੋਂ ਜਦ ਅਪਰੈਲ 1983 ਵਿਚ ਇੰਸਪੈਕਟਰ ਜਨਰਲ ਪੁਲਿਸ ਅਟਵਾਲ ਦੀ ਦਰਬਾਰ ਸਾਹਿਬ ਦੀ ਹੱਦ ਅੰਦਰ ਹੱਤਿਆ ਹੋ ਗਈ ਸੀ। ਜਦ ਉਹ ਅਕਾਲ ਤਖ਼ਤ ਸਾਹਿਬ ਦੇ ਅੰਦਰ ਆ ਗਏ, ਤਾਂ ਵੀ ਅਖ਼ੀਰ ਤਕ ਲੰਗਰ ਦੀ ਛੱਤ ਉੱਤੇ ਹਰ ਰੋਜ਼ ਸੰਗਤਾਂ ਵਿਚਕਾਰ ਵਿਚਰਦੇ ਰਹੇ। ਉਸ ਵੇਲੇ ਬਿਨਾਂ ਕਿਸੇ ਬਹੁਤੇ ਨੁਕਸਾਨ ਦੇ ਉਨ੍ਹਾਂ ਨਾਲ ਨਜਿੱਠਿਆ ਜਾ ਸਕਦਾ ਸੀ। ਪਰ ਉਸ ਵੇਲੇ ਹੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਸੀ ਕਿ ਸੰਤ ਜਰਨੈਲ ਸਿੰਘ ਧਾਰਮਿਕ ਵਿਅਕਤੀ ਹਨ ਅਤੇ ਸਰਕਾਰ ਵਾਰ ਵਾਰ ਇਹ ਕਹਿੰਦੀ ਸੀ ਕਿ ਅਸੀਂ ਦਰਬਾਰ ਸਾਹਿਬ ਸਮੂਹ ਵਿਚ ਪੁਲਿਸ ਜਾਂ ਫ਼ੌਜ ਬਿਲਕੁਲ ਨਹੀਂ ਭੇਜਾਂਗੇ, ਕਿਉਂਕਿ ਇਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। ਪਰ ਫਿਰ ਇੰਨਾ ਭਿਆਨਕ ਫ਼ੌਜੀ ਹਮਲਾ ਕੀਤਾ ਗਿਆ ਕਿ ਨਾ-ਕੇਵਲ ਹਰਿਮੰਦਰ ਸਾਹਿਬ ਦੀ ਬੇਅਦਬੀ ਹੋਈ, ਸਗੋਂ ਅਕਾਲ ਤਖ਼ਤ ਸਾਹਿਬ ਵੀ ਢਹਿ-ਢੇਰੀ ਕਰ ਦਿੱਤਾ ਗਿਆ ਅਤੇ ਸਿੱਖਾਂ ਦੇ ਦਿਲ ਵਲੂੰਧਰਨ ਵਿਚ ਕੋਈ ਕਸਰ ਨਾ ਰੱਖੀ ਗਈ। ਇਸ ਵਿਚ ਹੋਏ ਜਾਨੀ ਤੇ ਮਾਲੀ ਨੁਕਸਾਨ ਦਾ ਵੀ ਹਰੇਕ ਸਿਖ ਨੂੰ ਦੁਖ ਸੀ, ਪਰ ਉਨ੍ਹਾਂ ਦੇ ਸ੍ਵੈ-ਅਭਿਮਾਨ ਨੂੰ ਮਾਰੂ ਸੱਟ ਓਦੋਂ ਲੱਗੀ, ਜਦ ਮੁਗ਼ਲਾਂ ਦੇ ਸਮੇਂ ਤੋਂ ਦੋ ਸੌ ਸਾਲ ਬਾਅਦ ਆਪਣੇ ਦੇਸ ਦੀ ਸਰਕਾਰ ਨੇ ਉਨ੍ਹਾਂ ਦੇ ਪਰਮ ਪਵਿੱਤਰ ਧਰਮ-ਅਸਥਾਨ ਉੱਤੇ ਟੈਂਕਾਂ ਤੇ ਮਸ਼ੀਨ-ਗੰਨਾਂ ਨਾਲ ਗੋਲਾਬਾਰੀ ਕੀਤੀ। ਰੀਟਾਇਰਡ ਲੈਫ਼ਟੀਨੈਂਟ ਜਨਰਲ ਐੱਸ.ਕੇ.

ਸਿਨਹਾ ਨੇ, ਜੋ 1983 ਤਕ ਪੱਛਮੀ ਸੈਕਟਰ ਦੇ ਕਮਾਂਡਰ ਸਨ, ਹੁਣੇ ਹੀ ਆਪਣੀ ਛਪੀ ਪੁਸਤਕ 'ਯਾਦਾਂ' ਵਿਚ ਇਹ ਗੱਲ ਖੋਲ੍ਹੀ ਹੈ ਕਿ "ਅਸਾਂ ਦਰਬਾਰ ਸਾਹਿਬ ਵਿੱਚੋਂ ਅੱਤਵਾਦੀਆਂ ਨੂੰ ਕਢਣ ਲਈ ਇਕ ਯੋਜਨਾ ਬਣਾਈ ਹੋਈ ਸੀ, ਜਿਸ ਦੁਆਰਾ ਦਰਬਾਰ ਸਾਹਿਬ ਦੀ ਨਾਕਾ-ਬੰਦੀ ਕਰ ਕੇ ਬਿਜਲੀ ਪਾਣੀ ਬੰਦ ਕਰ ਦੇਣਾ ਸੀ ਤੇ ਅੱਤਵਾਦੀਆਂ ਨੇ ਬਾਹਰ ਆਉਣ ਲਈ ਮਜਬੂਰ ਹੋ ਜਾਣਾ ਸੀ। ਜੇ ਫ਼ੌਜੀਆਂ ਨੂੰ ਅੰਦਰ ਜਾਣਾ ਹੀ ਪੈਂਦਾ, ਤਾਂ ਉਨ੍ਹਾਂ ਨੇ ਜੁੱਤੀਆਂ ਲਾਹ ਕੇ ਤੇ ਸਿਰ ਕੱਜ ਕੇ ਦਰਬਾਰ ਸਾਹਿਬ ਦੀ ਪਵਿੱਤਰਤਾ ਦਾ ਪੂਰਾ ਖ਼ਿਆਲ ਰਖ ਕੇ ਅੰਦਰ ਜਾਣਾ ਸੀ ਤੇ ਘੱਟ ਤੋਂ ਘੱਟ ਨੁਕਸਾਨ ਨਾਲ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲੈਣਾ ਸੀ।" ਉਨ੍ਹਾਂ ਨੇ ਇਹ ਵੀ ਲਿਖਿਆ ਹੈ ਕਿ "ਉਹ ਅਕਾਲੀਆਂ ਦੀਆਂ ਮੰਗਾਂ ਨੂੰ ਜਾਇਜ਼ ਸਮਝਦੇ ਸਨ ਤੇ ਉਨ੍ਹਾਂ ਨੇ ਇਸ ਬਾਰੇ ਉਸ ਵੇਲੇ ਦੇ ਰੱਖਿਆ ਮੰਤਰੀ ਸ੍ਰੀ ਆਰ. ਵੈਂਕਟਾਰਮਨ ਨਾਲ ਗੱਲ ਕਰਨੀ ਚਾਹੀ ਸੀ, ਪਰ ਉਨ੍ਹਾਂ ਨੇ ਇਹ ਆਖ ਕੇ ਹੱਸ ਛੱਡਿਆ ਕਿ 'ਜਰਨੈਲਾਂ ਨੂੰ ਰਾਜਨੀਤੀ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ'।"

ਹੁਣੇ ਜਿਹੇ ਹੀ ਸਿਰੀ ਨਗਰ (ਕਸ਼ਮੀਰ) ਦੀ ਇਕ ਮਸਜਿਦ ਹਜ਼ਰਤ ਬਲ ਵਿਚ 60-70 ਅੱਤਵਾਦੀ ਘੁਸ ਕੇ ਬੈਠ ਗਏ ਸਨ, ਤਾਂ ਫ਼ੌਜ ਨੇ ਮਸਜਿਦ ਦੇ ਦੁਆਲੇ ਘੇਰਾ ਤਾਂ ਪਾ ਲਿਆ ਸੀ, ਪਰ ਅੱਤਵਾਦੀਆਂ ਉੱਤੇ ਇਕ ਗੋਲੀ ਵੀ ਨਹੀਂ ਚਲਾਈ, ਸਗੋਂ ਉਨ੍ਹਾਂ ਨੂੰ ਵਧੀਆ ਤੋਂ ਵਧੀਆ ਖਾਣਾ ਆਪਣੇ ਕੋਲੋਂ ਪਹੁੰਚਾਉਂਦੇ ਰਹੇ। ਅਖ਼ੀਰ ਇਕ ਮਹੀਨੇ ਦੇ ਘੇਰੇ ਤੋਂ ਬਾਅਦ ਅੱਤਵਾਦੀਆਂ ਨੇ ਆਪਣੇ ਆਪ ਨੂੰ ਇਸ ਸ਼ਰਤ ਉੱਤੇ ਫ਼ੌਜ ਦੇ ਹਵਾਲੇ ਕੀਤਾ ਕਿ ਉਨ੍ਹਾਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਜਾਏਗਾ ਅਤੇ ਸਰਕਾਰ ਨੇ ਇਸ ਸ਼ਰਤ ਉੱਤੇ ਪੂਰਾ ਪੂਰਾ ਅਮਲ ਵੀ ਕੀਤਾ। ਅਕਾਲ ਤਖ਼ਤ ਸਾਹਿਬ ਵਿੱਚੋਂ ਮੁੱਠੀ ਭਰ ਅੱਤਵਾਦੀਆਂ ਨੂੰ ਕਢਣ ਲਈ ਕੋਈ ਇਹੋ ਜਿਹੀ ਜੁਗਤ ਸਹਿਜੇ ਹੀ ਅਪਣਾਈ ਜਾ ਸਕਦੀ ਸੀ। ਪਰ ਇੰਦਰਾ ਗਾਂਧੀ ਤਾਂ ਸਿੱਖਾਂ ਦੀਆਂ ਭਾਵਨਾਵਾਂ ਦਾ ਕੋਈ ਖ਼ਿਆਲ ਨਾ ਕਰ ਕੇ ਉਨ੍ਹਾਂ ਨੂੰ ਸਬਕ ਸਿਖਾਉਣ ਤੇ ਤੁਲੀ ਹੋਈ ਸੀ।

ਸਪੱਸ਼ਟ ਹੈ ਕਿ ਇਸ ਗੋਲਾ-ਬਾਰੀ ਤੋਂ ਬਚਿਆ ਜਾ ਸਕਦਾ ਸੀ। ਤੇ ਜੇ ਅਨੁਮਾਨ ਦੀ ਕਿਸੇ ਗ਼ਲਤੀ ਨਾਲ ਇਹ ਕੁਝ ਹੋ ਗਿਆ ਸੀ, ਤਾਂ ਇਸ ਦੀ ਤਲਾਫ਼ੀ ਲਈ ਝਟ-ਪਟ ਕੁਝ ਕਦਮ ਚੁੱਕਣੇ ਚਾਹੀਦੇ ਸਨ, ਪਰ ਇਸ ਤੋਂ ਬਾਅਦ ਵੀ ਚਾਰ ਪੰਜ ਮਹੀਨੇ ਅਜਿਹੀਆਂ ਕਾਰਵਾਈਆਂ ਕੀਤੀਆਂ ਜਾਂਦੀਆਂ ਰਹੀਆਂ, ਜੋ ਸਿੱਖ ਕੌਮ ਦੇ ਅਲੇ ਜ਼ਖ਼ਮਾਂ ਉੱਤੇ ਲੂਣ ਛਿੜਕਣ ਦੇ ਬਰਾਬਰ ਸਨ। ਚਾਰ ਮਹੀਨੇ ਲਗਾਤਾਰ ਦਰਬਾਰ ਸਾਹਿਬ ਨੂੰ ਫ਼ੌਜ ਦੇ ਕਬਜ਼ੇ ਅਧੀਨ ਰਖਣਾ, ਸ਼ਰਧਾਲੂਆਂ ਲਈ ਦਰਸ਼ਨ-ਇਸ਼ਨਾਨ ਬੰਦ ਕਰ ਦੇਣੇ, ਅਕਾਲ-ਤਖ਼ਤ ਸਾਹਿਬ ਦੀ ਮੁਰੰਮਤ ਤੇ ਨਵ-ਉਸਾਰੀ ਵਿਚ ਆਪ-ਹੁਦਰੀਆਂ ਕਾਰਵਾਈਆਂ ਕਰਨੀਆਂ ਅਤੇ ਪਿੰਡਾਂ ਵਿਚ ਫ਼ੌਜ ਵੱਲੋਂ ਬੇ-ਪਨਾਹ ਸਖ਼ਤੀਆਂ, ਫੜੋ-ਫੜੀ ਤੇ ਮਾਰ-ਧਾੜ ਕੁਝ ਅਜਿਹੀਆਂ ਗੱਲਾਂ ਸਨ, ਜਿਨ੍ਹਾਂ ਨਾਲ ਸਮੁੱਚੀ ਸਿੱਖ ਕੌਮ ਦੇਸ਼ ਦੀ ਮੁਖ ਧਾਰਾ ਤੋਂ ਵਖ ਹੋ ਗਈ। ਇਸ ਨਾਲ ਸੁਭਾਵਕ ਹੀ ਅੱਤਵਾਦ ਵਿਚ ਵਾਧਾ ਹੋਣਾ ਸੀ। ਇਹ ਠੀਕ ਹੈ ਕਿ ਅਜਿਹੇ ਮੌਕੇ ਉੱਤੇ ਆਮ ਲੋਕ ਬੇਬਸ ਹੁੰਦੇ ਹਨ, ਸਹਿਮ ਜਾਂਦੇ ਹਨ ਤੇ ਬਦਲਾ ਲੈਣ ਦੇ ਅਸਮਰੱਥ ਹੁੰਦੇ ਹਨ, ਪਰ ਫਿਰ ਵੀ ਕਾਫ਼ੀ ਅਜਿਹੇ ਨਿਕਲ ਆਉਂਦੇ ਹਨ, ਜਿਨ੍ਹਾਂ ਲਈ ਅਜਿਹਾ ਘੋਰ ਅਨਿਆਂ ਸਹਿਣਾ ਵੱਸ ਤੋਂ ਬਾਹਰ ਹੋ ਜਾਂਦਾ ਹੈ। ਸੋ ਅੱਗੇ ਚਲ ਕੇ ਜੋ ਕੁਝ ਵਾਪਰਿਆ ਤੇ ਪਿਛਲੇ ਨੌਂ ਸਾਲਾਂ ਤੋਂ ਵਾਪਰ ਰਿਹਾ ਹੈ, ਉਸ ਦੀ ਪੂਰੀ ਦੀ ਪੂਰੀ ਜ਼ਿੰਮੇਵਾਰੀ ਸਾਡੀ ਕੇਂਦਰੀ ਸਰਕਾਰ ਦੇ ਸਿਰ ਉੱਤੇ ਆਉਂਦੀ ਹੈ, ਵਿਸ਼ੇਸ਼ ਕਰਕੇ ਇਸ ਲਈ ਵੀ ਕਿ ਸਾਰੇ ਅਕਾਲੀ ਆਗੂ ਅਕਾਰਨ ਹੀ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਡਕ ਦਿੱਤੇ ਗਏ ਸਨ ਤੇ ਗਰਮ-ਖ਼ਿਆਲੀਏ ਨੌਜਵਾਨ ਆਪਣੇ ਕੱਚੇ-ਪਿੱਲੇ ਵਿਚਾਰਾਂ ਅਨੁਸਾਰ ਅਮਲ ਕਰਨ ਲਈ ਮਜਬੂਰ ਸਨ।

ਅਠਵਾਂ ਕਾਂਡ

ਹੋਣੀ

ਇੰਦਰਾ ਦੀ ਹੱਤਿਆ ਤੇ ਸਿੱਖਾਂ ਦਾ ਕਤਲਾਮ

ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਹੋਈ ਬੇਹੁਰਮਤੀ ਦਾ ਦੁਖ ਤਾਂ ਸਾਰੇ ਸਿਖ-ਜਗਤ ਨੂੰ ਹੋਇਆ ਸੀ, ਪਰ ਕੁਝ ਅਜਿਹੇ ਵਿਅਕਤੀ ਵੀ ਹੁੰਦੇ ਹਨ ਕਿ ਜਦ ਉਨ੍ਹਾਂ ਦੀਆਂ ਕੋਮਲ ਭਾਵਨਾਵਾਂ ਨੂੰ ਡੂੰਘੀ ਸੱਟ ਲਗਦੀ ਹੈ, ਤਾਂ ਉਹ ਆਪਣੇ ਆਪ ਵਿਚ ਨਹੀਂ ਰਹਿੰਦੇ। ਉਹ ਚੰਗੇ-ਮੰਦੇ ਦੀ ਤਮੀਜ਼ ਛਡ ਕੇ ਜਨੂੰਨ ਦੀ ਹੱਦ ਤਕ ਪਹੁੰਚ ਜਾਂਦੇ ਹਨ ਅਤੇ ਨਤੀਜਿਆਂ ਦੀ ਪਰਵਾਹ ਕੀਤੇ ਬਗ਼ੈਰ ਮਨ-ਆਈ ਕਰਨ ਤੇ ਤੁੱਲ ਜਾਂਦੇ ਹਨ। ਫਿਰ ਹੋਣੀ ਬੜੀ ਪ੍ਰਬਲ ਹੈ; ਇਹ ਰਾਜਿਆਂ-ਰਾਣੀਆਂ ਤੋਂ ਵੀ ਨਹੀਂ ਟਲੀ। ਕੁਝ ਇਹੋ ਜਿਹੀ ਹਾਲਤ ਪੈਦਾ ਹੋ ਗਈ, ਜਦ ਸ੍ਰੀਮਤੀ ਇੰਦਰਾ ਗਾਂਧੀ ਦੇ ਸੁਰੱਖਿਆ ਅਮਲੇ ਦੇ ਸਬ-ਇੰਸਪੈਕਟਰ ਬੇਅੰਤ ਸਿੰਘ ਅਤੇ ਸਿਪਾਹੀ ਸਤਵੰਤ ਸਿੰਘ ਨੇ ਉਨ੍ਹਾਂ ਦੇ ਬੰਗਲੇ ਵਿਚ ਹੀ ਉਨ੍ਹਾਂ ਉੱਤੇ ਗੋਲੀਆਂ ਦੀ ਬੁਛਾੜ ਕਰ ਕੇ ਮਾਰੂ ਹਮਲਾ ਕੀਤਾ। ਇਹ ਹਮਲਾ 31 ਅਕਤੂਬਰ 1984 ਨੂੰ ਸਵੇਰੇ ਸਵਾ ਨੌਂ ਵਜੇ ਦੇ ਕਰੀਬ ਹੋਇਆ। ਹਮਲੇ ਤੋਂ ਫ਼ੌਰਨ ਬਾਅਦ ਦੋਹਾਂ ਨੇ ਆਪੋ ਆਪਣੇ ਹਥਿਆਰ ਸੁੱਟ ਦਿੱਤੇ ਤੇ ਬੇਅੰਤ ਸਿੰਘ ਬੋਲਿਆ, "ਹਮ ਨੇ ਜੋ ਕਰਨਾ ਥਾ, ਕਰ ਦੀਆ, ਅਬ ਤੁਮ ਨੇ ਜੋ ਕਰਨਾ ਹੈ, ਕਰ ਲੋ।" ਇਸ ਉੱਤੇ ਸੁਰੱਖਿਆ ਜਵਾਨਾਂ ਨੇ ਉਨ੍ਹਾਂ ਦੇ ਦੁਆਲੇ ਘੇਰਾ ਪਾ ਲਿਆ ਤੇ ਉਨ੍ਹਾਂ ਨੂੰ ਫੜ ਕੇ ਗਾਰਡ-ਰੂਮ ਵਿਚ ਲੈ ਗਏ। ਉੱਥੇ ਦਸ ਮਿੰਟ ਬਾਅਦ ਭਾਰਤ-ਤਿੱਬਤ ਬਾਰਡਰ ਪੁਲਿਸ ਦੇ ਦੋ ਜਵਾਨਾਂ ਨੇ ਉਨ੍ਹਾਂ ਉੱਤੇ ਗੋਲੀਆਂ ਚਲਾਈਆਂ, ਜਿਨ੍ਹਾਂ ਨਾਲ ਬੇਅੰਤ ਸਿੰਘ ਮੌਕੇ ਤੇ ਹੀ ਮਾਰਿਆ ਗਿਆ ਤੇ ਸਤਵੰਤ ਸਿੰਘ ਸਖ਼ਤ ਜ਼ਖ਼ਮੀ ਹੋ ਗਿਆ।

ਪ੍ਰਧਾਨ ਮੰਤਰੀ ਦੇ ਪਿੱਛੇ ਉਨ੍ਹਾਂ ਦੇ ਨਿੱਜੀ ਅਮਲੇ ਦੇ ਚਾਰ ਕਰਮਚਾਰੀ ਆ ਰਹੇ ਸਨ। ਗੋਲੀਆਂ ਦੀ ਆਵਾਜ਼ ਸੁਣ ਕੇ ਉਨ੍ਹਾਂ ਦੀ ਨੂੰਹ (ਰਾਜੀਵ ਗਾਂਧੀ ਦੀ ਪਤਨੀ) ਸੋਨੀਆ ਵੀ ਫ਼ੌਰਨ ਉੱਥੇ ਪਹੁੰਚ ਗਈ। ਸਖ਼ਤ ਜ਼ਖ਼ਮੀ ਹੋ ਚੁਕੀ ਇੰਦਰਾ ਨੂੰ ਐਂਬੂਲੈਂਸ ਵਿਚ ਪਾ ਕੇ ਆਲ ਇੰਡੀਆ ਮੈਡੀਕਲ ਇੰਸਟੀਚੀਊਟ ਵਿਚ ਪਹੁੰਚਾਇਆ ਗਿਆ। ਮਾਹਿਰ ਡਾਕਟਰ ਛੇ ਸਤ ਘੰਟੇ ਉਨ੍ਹਾਂ ਦੀ ਦੇਹ ਨੂੰ ਸੁਰਜੀਤ ਕਰਨ ਦਾ ਹਰ ਸੰਭਵ ਯਤਨ ਕਰਦੇ ਰਹੇ, ਪਰ ਅਖ਼ੀਰ ਸ਼ਾਮ ਦੇ ਛੇ ਵਜੇ ਅਕਾਸ਼-ਬਾਣੀ ਤੇ ਦੂਰ-ਦਰਸ਼ਨ ਤੋਂ ਉਨ੍ਹਾਂ ਦੇ ਚਲਾਣੇ ਦੀ ਦੁਖਦਾਈ ਖ਼ਬਰ ਨਸ਼ਰ ਕਰ ਦਿੱਤੀ ਗਈ। ਇਸ ਵੇਲੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਦੇਸ਼ ਵਿਚ ਸਨ ਤੇ ਇੰਦਰਾ ਦੇ ਪੁੱਤਰ ਰਾਜੀਵ ਗਾਂਧੀ ਬੰਗਾਲ ਵਿਚ। ਖ਼ਬਰ ਮਿਲਣ ਉੱਤੇ ਰਾਜੀਵ ਚਾਰ ਵਜੇ ਤਕ ਦਿੱਲੀ ਪਹੁੰਚ ਗਏ ਤੇ ਗਿਆਨੀ ਜ਼ੈਲ ਸਿੰਘ ਛੇ ਵਜੇ ਦੇ ਕਰੀਬ। ਕਾਂਗਰਸੀ ਆਗੂਆਂ ਨਾਲ ਸਲਾਹ-ਮਸ਼ਵਰੇ ਤੋਂ

ਬਾਅਦ ਰਾਸ਼ਟਰਪਤੀ ਨੇ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾ ਦਿੱਤੀ।

ਇਸ ਕਤਲ ਦੀ ਖ਼ਬਰ ਸੁਣਦੇ ਸਾਰ ਲੋਕ ਆਲ ਇੰਡੀਆ ਮੈਡੀਕਲ ਇੰਸਟੀਚੀਊਟ ਦੇ ਅਹਾਤੇ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚ ਸਿਖ ਵੀ ਕਾਫ਼ੀ ਗਿਣਤੀ ਵਿਚ ਸ਼ਾਮਲ ਸਨ ਤੇ ਉਹ ਬਿਨਾਂ ਕਿਸੇ ਡਰ ਜਾਂ ਖ਼ਤਰੇ ਦੇ ਫਿਰ ਰਹੇ ਸਨ। ਸੁਭਾਵਕ ਹੀ ਚਲਾਣੇ ਦੀ ਖ਼ਬਰ ਸੁਣਨ ਤੋਂ ਬਾਅਦ ਕੁਝ ਲੋਕਾਂ ਵਿਚ ਗੁੱਸਾ ਤੇ ਜੋਸ਼ ਫੈਲਣਾ ਸੀ, ਪਰ ਇਸ ਵੇਲੇ ਇਸ ਦਾ ਪ੍ਰਤੀਕਰਮ ਸਿਰਫ਼ ਇਸ ਹੱਦ ਤਕ ਸੀਮਤ ਸੀ ਕਿ ਸਿੱਖਾਂ ਦੇ ਕੁਝ ਵਾਹਣਾਂ—ਟੈਕਸੀਆਂ, ਕਾਰਾਂ, ਟਰੱਕਾਂ ਤੇ ਸਕੂਟਰਾਂ—ਉੱਤੇ ਇੱਟਾਂ-ਵੱਟਿਆਂ ਨਾਲ ਹਮਲੇ ਕੀਤੇ ਗਏ। ਇਸ ਹਮਲੇ ਵਿਚ ਹਵਾਈ ਅੱਡੇ ਤੋਂ ਮੈਡੀਕਲ ਇੰਸਟੀਚੀਊਟ ਵੱਲ ਆ ਰਹੇ ਰਾਸ਼ਟਰਪਤੀ ਦੇ ਕਾਰਾਂ ਦੇ ਕਾਫ਼ਲੇ ਤੇ ਵੀ ਇੱਟਾਂ-ਵੱਟੇ ਮਾਰੇ ਗਏ ਤੇ ਉਨ੍ਹਾਂ ਦਾ ਪ੍ਰੈੱਸ ਸਕੱਤਰ ਤਰਲੋਚਨ ਸਿੰਘ ਮੂੰਹ ਸਿਰ ਛੁਪਾ ਕੇ ਮਸਾਂ ਆਪਣੇ ਆਪ ਨੂੰ ਬਚਾ ਸਕਿਆ। ਪਰ ਦੂਜੇ ਦਿਨ ਪਹਿਲੀ ਨਵੰਬਰ ਸਵੇਰ ਤੋਂ ਦਿੱਲੀ ਦੇ ਸਿੱਖਾਂ ਉੱਤੇ ਜੋ ਕਹਿਰ ਵਾਪਰਿਆ ਤੇ ਲਗਾਤਾਰ ਚਾਰ ਦਿਨ ਵਾਪਰਦਾ ਰਿਹਾ, ਉਹ ਸੁਤੇ-ਸਿੱਧ, ਸੁਭਾਵਕ ਜਾਂ ਇੰਦਰਾ ਦੀ ਮੌਤ ਲਈ ਸੋਗ ਦਾ ਪ੍ਰਗਟਾਵਾ ਨਹੀਂ, ਸਗੋ ਰਾਤੋ ਰਾਤ ਤਿਆਰ ਕੀਤੀ ਗਈ ਯੋਜਨਾ ਦਾ ਨਤੀਜਾ ਸੀ, ਜਿਸ ਨੂੰ ਅਮਲ ਵਿਚ ਲਿਆਉਣ ਲਈ ਸਾਰੇ ਪ੍ਰਬੰਧ ਉਸੇ ਰਾਤ ਮੁਕੰਮਲ ਕਰ ਲਏ ਗਏ ਸਨ। ਜਿਵੇਂ ਪ੍ਰਸਿਧ ਪੱਤਰਕਾਰ ਨੈਣਤਾਰਾ ਸਹਿਗਲ ਨੇ ਲਿਖਿਆ ਹੈ, "ਸੋਗ ਮਨਾਉਣ ਵਾਲੇ ਲੋਕ ਲੋਹੇ ਦੇ ਡੰਡਿਆਂ, ਕੁਹਾੜਿਆਂ, ਮਿੱਟੀ ਦੇ ਤੇਲ ਤੇ ਪਟਰੋਲ ਦੇ ਕਨੱਸਤਰਾਂ ਨਾਲ ਲੈਸ ਹੋ ਕੇ ਅਤੇ ਡੀ.ਟੀ.ਸੀ. ਦੀਆਂ ਬੱਸਾਂ ਵਿਚ ਬਹਿ ਕੇ ਨਹੀਂ ਆਉਂਦੇ।"

ਇਸ ਘੱਲੂਘਾਰੇ ਲਈ ਬਹੁਤ ਹੱਦ ਤਕ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨਰਸਿਮਹਾ ਰਾਓ ਦੀਆਂ ਉਕਾਈਆਂ ਵੀ ਜ਼ਿੰਮੇਵਾਰ ਸਨ, ਜਿਨ੍ਹਾਂ ਨੇ ਇਨ੍ਹਾਂ ਨੂੰ ਰੋਕਣ ਲਈ ਵੇਲੇ ਸਿਰ ਕੋਈ ਪੇਸ਼ਬੰਦੀ ਨਾ ਕੀਤੀ। ਸਗੋਂ ਲੋਕਾਂ ਨੂੰ ਉਤੇਜਿਤ ਕਰਨ ਤੇ ਭੜਕਾਉਣ ਵਾਲੀ ਇਕ ਹੋਰ ਨੀਚ ਕਾਰਵਾਈ ਉਨ੍ਹਾਂ ਦੇ ਸਾਹਮਣੇ ਹੁੰਦੀ ਰਹੀ। ਤੀਨ-ਮੂਰਤੀ ਹਾਊਸ ਦੇ ਅਹਾਤੇ ਵਿਚ, ਜਿੱਥੇ ਇੰਦਰਾ ਗਾਂਧੀ ਦੀ ਦੇਹ ਰੱਖੀ ਹੋਈ ਸੀ, ਹਜ਼ਾਰਾਂ ਲੋਕ ਇਕੱਠੇ ਹੋ ਗਏ ਸਨ ਤੇ ਉਹ "ਖ਼ੂਨ ਦਾ ਬਦਲਾ ਖ਼ੂਨ ਸੇ ਲੇਂਗੇ" ਦੇ ਨਾਹਰੇ ਮਾਰ ਰਹੇ ਸਨ। ਇਹ ਦ੍ਰਿਸ਼ ਅਤੇ ਇਹ ਨਾਹਰੇ ਖੁਲ੍ਹਮ ਖੁਲ੍ਹਾ 'ਦੂਰ-ਦਰਸ਼ਨ' ਉੱਤੇ ਵਿਖਾਏ ਤੇ ਸੁਣਾਏ ਗਏ, ਪਰ ਕਿਸੇ ਜ਼ਿੰਮੇਵਾਰ ਵਿਅਕਤੀ ਨੇ ਇਨ੍ਹਾਂ ਨੂੰ ਬੰਦ ਕਰਨ ਵੱਲ ਧਿਆਨ ਨਾ ਦਿੱਤਾ, ਇਸ ਸਾਕੇ ਵਿਚ ਸਭ ਤੋਂ ਵਧ ਘਿਰਣਤ ਭੂਮਿਕਾ ਉਨ੍ਹਾਂ ਪ੍ਰਮੁਖ ਕਾਂਗਰਸੀ ਆਗੂਆਂ ਨੇ ਨਿਭਾਈ, ਜਿਨ੍ਹਾਂ ਨੇ ਰਾਤੋ ਰਾਤ ਸਿੱਖਾਂ ਉੱਤੇ ਸਮੂਹਕ ਹਮਲਿਆਂ ਦੀ ਯੋਜਨਾ ਬਣਾਈ। ਇਨ੍ਹਾਂ ਵਿਚ ਪ੍ਰਧਾਨ ਮੰਤਰੀ ਦੇ ਨਿਕਟ ਸਲਾਹਕਾਰ ਅਰੁਣ ਨਹਿਰੂ, ਸੂਚਨਾ ਤੇ ਪ੍ਰਸਾਰਣ ਮੰਤਰੀ ਹਰਕਿਸ਼ਨ ਲਾਲ ਭਗਤ, ਲੋਕ ਸਭਾ ਦੇ ਚਾਰ ਕਾਂਗਰਸੀ ਮੈਂਬਰ—ਸੱਜਣ ਕੁਮਾਰ, ਧਰਮ ਵੀਰ ਸ਼ਾਸਤਰੀ, ਲਲਿਤ ਮਾਕਣ ਤੇ ਜਗਦੀਸ਼ ਟਾਈਟਲਰ—ਅਤੇ ਦਿੱਲੀ ਮੈਟਰੋਪਾਲੀਟਨ ਕੌਂਸਲ ਤੇ ਦਿੱਲੀ ਮਿਊਂਨਿਸਪਲ ਕਾਰਪੋਰੇਸ਼ਨ ਦੇ ਕਈ ਮੈਂਬਰ ਸ਼ਾਮਲ ਸਨ, ਜਿਨ੍ਹਾਂ ਨੇ ਆਪਣੇ ਸਹਾਇਕਾਂ ਤੇ ਵਾਰਡ ਕਾਂਗਰਸ ਕਮੇਟੀਆਂ ਦੇ ਪ੍ਰਧਾਨਾਂ ਦੀ ਮਦਦ ਨਾਲ ਇਨ੍ਹਾਂ ਗਿਣੀਆਂ-ਮਿੱਥੀਆਂ ਯੋਜਨਾਵਾਂ ਨੂੰ ਅਮਲ ਵਿਚ ਲਿਆਂਦਾ। ਰਾਜ ਕਾਂਗਰਸ ਦਾ ਸੀ, ਇਸ ਲਈ ਦਿੱਲੀ ਪ੍ਰਸ਼ਾਸਨ ਜਾਂ ਦਿੱਲੀ ਦੀ ਪੁਲਿਸ ਨੇ ਇਨ੍ਹਾਂ ਆਗੂਆਂ ਕੋਲੋਂ ਸੰਕੇਤ ਲੈ ਕੇ ਜੋ ਵਧੀਕੀਆਂ ਤੇ ਉਕਾਈਆਂ ਕੀਤੀਆਂ, ਉਹ ਸੁਭਾਵਕ ਹੀ ਸਨ। ਇਕ ਵੱਡੇ ਸਰਕਾਰੀ ਕਰਮਚਾਰੀ ਦੇ ਅਨੁਸਾਰ ਸਿੱਖਾਂ ਉੱਤੇ ਇਹ ਅੱਤਿਆਚਾਰ ਉਨ੍ਹਾਂ ਨੂੰ 'ਸਬਕ ਸਿਖਾਣ ਲਈ' ਕੀਤੇ ਗਏ ਸਨ; ਇਹ ਦੱਸਣ ਲਈ ਕਿ ਇਹ ਦੇਸ ਹਿੰਦੂਆਂ ਦਾ ਹੈ ਤੇ ਇੱਥੇ ਉਹ ਹਿੰਦੂਆਂ ਦੇ ਬਰਾਬਰ ਦੇ ਨਹੀਂ, ਸਗੋਂ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਹੀ ਰਹਿ ਸਕਦੇ ਹਨ। ਇਹ ਕਿੰਨੇ ਹਨੇਰ ਦੀ ਗੱਲ ਹੈ ਕਿ ਜਦ ਇਕ ਮਰਹੱਟੇ ਨੱਥੂਰਾਮ

ਗਾਡਸੇ ਨੇ ਮਹਾਤਮਾ ਗਾਂਧੀ ਦੀ ਹੱਤਿਆ ਕੀਤੀ ਸੀ, ਤਾਂ ਇਹੋ ਜਿਹਾ ਕੋਈ ਤੂਫ਼ਾਨ ਨਹੀਂ ਉਠਿਆ ਸੀ ਤੇ ਨਾ ਹੀ ਕਿਸੇ ਮਰਹੱਟੇ ਦਾ ਵਾਲ ਵਿੰਗਾ ਹੋਇਆ ਸੀ ਅਤੇ ਹੁਣ ਜਦ ਤਾਮਿਲਨਾਡੂ ਵਿਚ ਇਕ ਤਾਮਿਲ ਨੇ ਰਾਜੀਵ ਗਾਂਧੀ ਦੀ ਹੱਤਿਆ ਕਰ ਦਿੱਤੀ, ਤਾਂ ਦੇਸ ਦੇ ਕਿਸੇ ਹਿੱਸੇ ਵਿਚ ਵੀ ਕਿਸੇ ਤਾਮਿਲ ਨੂੰ ਨੁਕਸਾਨ ਨਹੀਂ ਪਹੁੰਚਾਇਆ ਗਿਆ। ਪਰ ਜੇ ਸਬੱਬ ਨਾਲ ਇੰਦਰਾ ਗਾਂਧੀ ਦੀ ਹੱਤਿਆ ਕਰਨ ਵਾਲੇ ਦੋ ਸਿਖ ਸਨ, ਤਾਂ ਉਨ੍ਹਾਂ ਦੇ ਜੁਰਮ ਲਈ ਸਾਰੀ ਸਿਖ ਕੌਮ ਨੂੰ ਦੋਸ਼ੀ ਗਰਦਾਨਿਆ ਗਿਆ ਤੇ ਉਨ੍ਹਾਂ ਨੂੰ 'ਸਬਕ ਸਿਖਾਣ' ਤੇ ਖ਼ਤਮ ਕਰਨ ਦਾ ਮਤਾ ਪਕਾਅ ਲਿਆ ਗਿਆ।

ਇੱਥੇ ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਤੇ ਕੇਂਦਰੀ ਸਰਕਾਰ ਦੀ ਕੋਤਾਹੀ ਤੇ ਅਣਗਹਿਲੀ ਦਾ ਵਰਣਨ ਕਰਨਾ ਜ਼ਰੂਰੀ ਜਾਪਦਾ ਹੈ। ਇੰਦਰਾ ਗਾਂਧੀ ਦੇ ਜਨਮ-ਦਿਨ 19 ਨਵੰਬਰ ਨੂੰ ਬੋਟ ਕਲੱਬ ਉੱਤੇ ਤਕਰੀਰ ਕਰਦਿਆਂ ਸਿੱਖਾਂ ਉੱਤੇ ਹੋਏ ਅਤਿਆਚਾਰਾਂ ਨੂੰ ਜਾਇਜ਼ ਕਰਾਰ ਦੇਣ ਦਾ ਜਤਨ ਕਰਦੇ ਹੋਏ ਰਾਜੀਵ ਗਾਂਧੀ ਨੇ ਆਖਿਆ, "ਜਦ ਕੋਈ ਵੱਡਾ ਦਰੱਖ਼ਤ ਡਿਗਦਾ ਹੈ, ਤਾਂ ਧਰਤੀ ਹਿਲਦੀ ਹੀ ਹੈ।" ਇਹ ਗੱਲ ਤਾਂ ਛੱਡੋ ਕਿ ਇਹ ਰੂਪਕ ਇੱਥੇ ਜਚਦਾ ਨਹੀਂ। ਠੀਕ ਗੱਲ ਇਹ ਹੈ ਕਿ ਜਦ ਧਰਤੀ ਹਿਲਦੀ ਹੈ, ਤਾਂ ਵੱਡੇ ਵੱਡੇ ਬ੍ਰਿਛ ਢਹਿ ਜਾਂਦੇ ਹਨ, ਪਰ ਵੱਡੇ ਤੋਂ ਵੱਡੇ ਬ੍ਰਿਛ ਢਹਿਣ ਉੱਤੇ ਵੀ ਧਰਤੀ ਕਦੀ ਨਹੀਂ ਹਿਲਦੀ। ਪਰ ਉਨ੍ਹਾਂ ਦੇ ਇਸ ਕਥਨ ਤੋਂ ਇਹ ਗੱਲ ਤਾਂ ਸਪੱਸ਼ਟ ਹੋ ਜਾਂਦੀ ਹੈ ਕਿ ਉਨ੍ਹਾਂ ਨੂੰ ਸੋਝੀ ਸੀ ਕਿ ਇਕ ਵੱਡਾ ਦਰੱਖ਼ਤ ਡਿੱਗਾ ਹੈ, ਹੁਣ ਧਰਤੀ ਹਿੱਲੇਗੀ ਅਤੇ ਤੂਫ਼ਾਨ ਤੇ ਭੂਚਾਲ ਆਵੇਗਾ। ਸੋ ਉਨ੍ਹਾਂ ਨੂੰ ਚਾਹੀਦਾ ਸੀ ਕਿ ਇਸ ਤੂਫ਼ਾਨ ਨੂੰ ਰੋਕਣ ਲਈ ਸਮੇਂ ਸਿਰ ਪੇਸ਼-ਬੰਦੀ ਕਰਦੇ ਅਤੇ ਹਜੂਮ ਦੇ ਤਸ਼ੱਦਦ ਨੂੰ ਰੋਕਣ ਲਈ ਫ਼ੌਰਨ ਫ਼ੌਜ ਨੂੰ ਬੁਲਾਂਦੇ। ਇਸ ਦੇ ਉਲਟ ਫ਼ੌਜ ਨੂੰ ਦੂਜੇ ਦਿਨ ਸ਼ਾਮ ਨੂੰ ਬੁਲਾਇਆ ਗਿਆ ਤੇ ਉਹ ਵੀ ਪੂਰੀ ਨਫ਼ਰੀ ਵਿਚ ਨਹੀਂ, ਕਿਉਂਜੁ ਬਹੁਤੀ ਫ਼ੌਜ, ਸਗੋਂ ਦਿੱਲੀ ਪੁਲਿਸ ਤੇ ਕੇਂਦਰੀ ਰੀਜ਼ਰਵ ਪੁਲਿਸ ਵੀ ਇੰਦਰਾ ਗਾਂਧੀ ਦੇ ਸਸਕਾਰ ਵਿਚ ਸ਼ਾਮਲ ਹੋਣ ਲਈ ਵਿਦੇਸ਼ਾਂ ਤੋਂ ਆਉਣ ਵਾਲੇ ਪਤਵੰਤਿਆਂ ਤੇ ਸਥਾਨਿਕ ਆਗੂਆਂ ਦੀ ਸੁਰੱਖਿਆ ਦੇ ਕੰਮ ਵਿਚ ਲੱਗੀ ਹੋਈ ਸੀ। ਜਦ ਫ਼ੌਜ ਬੁਲਾਈ ਵੀ ਗਈ, ਤਾਂ ਫ਼ੌਜ, ਦਿੱਲੀ ਪ੍ਰਸ਼ਾਸਨ ਤੇ ਦਿੱਲੀ ਪੁਲਿਸ ਦੇ ਵਿਚਕਾਰ ਕੋਈ ਤਾਲ-ਮੇਲ ਕਾਇਮ ਨਾ ਕੀਤਾ ਗਿਆ ਤੇ ਨਾ ਕੋਈ ਸਾਂਝਾ ਕੰਟਰੋਲ-ਰੂਮ ਬਣਾਇਆ ਗਿਆ। ਦਿੱਲੀ ਪ੍ਰਸ਼ਾਸਨ ਪੁਰਾਣੀ ਦਿੱਲੀ ਦੇ ਰਾਜ-ਨਿਵਾਸ ਤੋਂ, ਦਿੱਲੀ ਪੁਲਿਸ ਇੰਦਰਪ੍ਰਸਥ ਐਸਟੇਟ ਤੋਂ ਅਤੇ ਫ਼ੌਜ ਧੌਲਾ ਕੂਆਂ ਛਾਉਣੀ ਤੋਂ ਕਾਰਵਾਈ ਕਰ ਰਹੀ ਸੀ। ਦਿੱਲੀ ਪ੍ਰਸ਼ਾਸਨ ਦਾ ਫ਼ਰਜ਼ ਸੀ ਕਿ ਉਹ ਫ਼ੌਜ ਨੂੰ ਗੜਬੜ ਵਾਲੇ ਇਲਾਕਿਆਂ ਬਾਰੇ ਪੂਰੀ ਜਾਣਕਾਰੀ ਦੇਂਦੇ ਤੇ ਹੋਰ ਹਰ ਤਰ੍ਹਾਂ ਨਾਲ ਉਨ੍ਹਾਂ ਦੀ ਮਦਦ ਕਰਦੇ। ਫ਼ੌਜ ਨੂੰ ਕੀ ਪਤਾ ਸੀ ਕਿ ਕਿੱਥੇ ਕਿੱਥੇ ਮਾਰ-ਧਾੜ ਹੋ ਰਹੀ ਹੈ। ਫਿਰ ਉਨ੍ਹਾਂ ਨੂੰ 1974 ਦੇ ਜੋ ਪੁਰਾਣੇ ਨਕਸ਼ੇ ਦਿੱਤੇ ਗਏ ਸਨ, ਉਨ੍ਹਾਂ ਵਿਚ ਤਿਰਲੋਕ ਪੁਰੀ, ਮੰਗੋਲਪੁਰੀ ਆਦਿ ਨਵੀਆਂ ਬਸਤੀਆਂ ਦਾ, ਜਿੱਥੇ ਸਭ ਤੋਂ ਵਧ ਮਾਰ-ਕਾਟ ਹੋ ਰਹੀ ਸੀ, ਕੋਈ ਜ਼ਿਕਰ ਹੀ ਨਹੀਂ ਸੀ। ਫ਼ੌਜ ਦੇ ਅਫ਼ਸਰਾਂ ਨੇ ਵਾਰ ਵਾਰ ਇਹ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ ਪੁਲਿਸ ਵੱਲੋਂ ਲੋੜੀਂਦੀ ਵਾਕਫ਼ੀ ਤੇ ਮਿਲਵਰਤਣ ਨਹੀਂ ਮਿਲ ਰਿਹਾ, ਸਗੋਂ ਸ਼ੱਕਰਪੁਰ ਦੇ ਥਾਣੇ ਵਾਲਿਆਂ ਨੇ ਤਾਂ ਜਾਣ-ਬੁਝ ਕੇ ਫ਼ੌਜ ਨੂੰ ਗੁਮਰਾਹ ਕੀਤਾ। ਦਿੱਲੀ ਪ੍ਰਸ਼ਾਸਨ ਤੇ ਪੁਲਿਸ ਦੇ ਵੱਡੇ ਅਧਿਕਾਰੀਆਂ ਦੀ ਬੇਰੁਖ਼ੀ ਦਾ ਇਹ ਹਾਲ ਸੀ ਕਿ ਜਦ ਉਨ੍ਹਾਂ ਨੂੰ ਦੱਸਿਆ ਜਾਂਦਾ ਕਿ ਫ਼ਲਾਣੀ ਥਾਂ ਵਧੇਰੇ ਗੜਬੜ ਤੇ ਮਾਰ-ਧਾੜ ਹੋ ਰਹੀ ਹੈ, ਤਾਂ ਉਨ੍ਹਾਂ ਦਾ ਰਟਿਆ-ਰਟਾਇਆ ਜਵਾਬ ਹੁੰਦਾ ਸੀ ਕਿ 'ਸਥਿਤੀ ਨਿਯੰਤਰਨ ਮੇਂ ਹੈ।'

ਆਓ, ਹੁਣ ਜ਼ਰਾ ਇਹ ਵੇਖੀਏ ਕਿ ਇੰਨੀ ਛੇਤੀ ਲੁੱਟ-ਮਾਰ, ਸਾੜ-ਫੂਕ ਤੇ ਹੱਤਿਆਵਾਂ ਕਰਨ ਵਾਲੀਆਂ ਟੋਲੀਆਂ ਕਿਵੇਂ ਜਥੇਬੰਦ ਕਰ ਲਈਆਂ ਗਈਆਂ। ਅਸਲ ਗੱਲ ਇਹ ਹੈ ਕਿ

ਦਿੱਲੀ ਦੇ ਆਲੇ-ਦੁਆਲੇ ਛੋਟੇ ਕਿਸਾਨਾਂ, ਜਾਟਾਂ ਤੇ ਗੁੱਜਰਾਂ ਦੇ ਅਜਿਹੇ ਪਿੰਡ ਹਨ, ਜਿਨ੍ਹਾਂ ਵਿੱਚੋਂ ਲੋਕ ਸਭਾ ਲਈ ਕਾਂਗਰਸੀ ਮੈਂਬਰ ਚੁਣੇ ਜਾਂਦੇ ਹਨ। ਇਹ ਪਿੰਡ ਕਾਂਗਰਸ ਦੇ 'ਵੋਟ-ਬੈਂਕ' ਹੀ ਨਹੀਂ, 'ਰੈਲੀ ਬੈਂਕ' ਵੀ ਹਨ। ਸਾਲ ਵਿਚ ਕਈ ਵਾਰੀ ਕਾਂਗਰਸ ਨੂੰ ਰੈਲੀਆਂ ਕਰਨੀਆਂ ਪੈਂਦੀਆਂ ਹਨ, ਤਾਂ ਇੱਥੋਂ ਕੁਝ ਵਿਹਲੜਾਂ, ਛੋਟੇ ਕਿਸਾਨਾਂ, ਗੁੰਡਿਆਂ ਤੇ ਬਦਮਾਸ਼ਾਂ ਨੂੰ ਬੁਲਾ ਲਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਬਾਕਾਇਦਾ ਇਵਜ਼ਾਨਾ ਦਿੱਤਾ ਜਾਂਦਾ ਹੈ। ਇਨ੍ਹਾਂ ਬੱਝੇ-ਬਝਾਏ ਰੈਲੀ ਵਾਲਿਆਂ ਦੇ ਆਗੂਆਂ ਜਾਂ ਚੌਧਰੀਆਂ ਨੂੰ ਮਾਸਕ ਤਨਖ਼ਾਹ ਮਿਲਦੀ ਹੈ। ਸੋ ਇਸ ਮੌਕੇ ਉੱਤੇ ਇਨ੍ਹਾਂ ਪਿੰਡਾਂ ਦੇ ਵਿਹਲੜ, ਲੁਟੇਰੇ ਤੇ ਧਾੜਵੀਆਂ ਨੂੰ ਇਕੱਠਾ ਕਰਨਾ ਮੁਸ਼ਕਲ ਨਹੀਂ ਸੀ। ਫਿਰ ਜਿਸ ਵੀ ਬਸਤੀ ਜਾਂ ਇਲਾਕੇ ਵਿਚ ਜਾ ਕੇ ਇਨ੍ਹਾਂ ਨੇ ਗੜਬੜ ਕੀਤੀ, ਉੱਥੋਂ ਦੇ ਗੁੰਡਿਆਂ ਤੇ ਸ਼ੁਹਦਿਆਂ ਦਾ ਉਨ੍ਹਾਂ ਦੇ ਨਾਲ ਮਿਲ ਜਾਣਾ ਵੀ ਸੁਭਾਵਕ ਸੀ। ਇਨ੍ਹਾਂ ਗੁੰਡਿਆਂ ਲਈ ਇਕ ਵਾਧੂ ਖਿਚ ਇਹ ਸੀ ਕਿ ਇਨ੍ਹਾਂ ਨੂੰ ਖੁਲ੍ਹੀ ਲੁੱਟ-ਮਾਰ ਦਾ ਲਾਲਚ ਦਿੱਤਾ ਗਿਆ ਸੀ ਤੇ ਇਕ ਯਕੀਨ ਵੀ ਦਿਵਾਇਆ ਗਿਆ ਸੀ ਕਿ ਪੁਲਿਸ ਉਨ੍ਹਾਂ ਦੇ ਕੰਮ ਵਿਚ ਦਖ਼ਲ-ਅੰਦਾਜ਼ੀ ਨਹੀਂ ਕਰੇਗੀ। ਇਨ੍ਹਾਂ ਦੰਗਿਆਂ ਦਾ ਕਿਸੇ ਇਕ ਕੇਂਦਰ ਤੋਂ ਜਥੇਬੰਦ ਹੋਣਾ ਇਸ ਗੱਲ ਤੋਂ ਪ੍ਰਗਟ ਹੋ ਜਾਂਦਾ ਹੈ ਕਿ ਦਿੱਲੀ ਵਰਗੇ ਮਹਾਂ ਨਗਰ ਵਿਚ ਪੂਰਬ-ਪੱਛਮ ਤੇ ਦੂਰ-ਦੁਰੇਡੇ ਇਲਾਕਿਆਂ ਵਿਚ ਜੋ ਵਾਰਦਾਤਾਂ ਹੋਈਆਂ, ਉਹ ਸਭ ਇੱਕੋ ਨਮੂਨੇ ਦੀਆਂ ਸਨ। ਇਹ ਗੱਲ ਵੀ ਵਰਨਣ-ਯੋਗ ਹੈ ਕਿ ਦੰਗਈਆਂ ਦੇ ਚਿਹਰਿਆਂ ਜਾਂ ਵਰਤਾਉ ਤੋਂ ਇੰਦਰਾ ਦੀ ਹੱਤਿਆ ਲਈ ਕਿਸੇ ਸਹਿਜ-ਸੁਭਾਵਕ ਸੋਗ ਦਾ ਪ੍ਰਗਟਾਵਾ ਨਹੀਂ ਹੋ ਰਿਹਾ ਸੀ, ਸਗੋਂ ਉਹ ਇਉਂ ਹੱਸ-ਖੇਡ ਰਹੇ ਸਨ, ਜਿਵੇਂ ਕਿਸੇ ਮੇਲੇ ਵਿਚ ਤਮਾਸ਼ਾ ਵੇਖਣ ਆਏ ਹੁੰਦੇ ਹਨ।

31 ਅਕਤੂਬਰ ਰਾਤ ਤੋਂ ਲੈ ਕੇ 4 ਨਵੰਬਰ ਤਕ ਸਿੱਖਾਂ ਉੱਤੇ ਜੋ ਅਤਿਆਚਾਰ ਹੋਏ, ਉਨ੍ਹਾਂ ਦਾ ਵਿਸਥਾਰ-ਪੂਰਬਕ ਬਿਆਨ ਇਕ ਪੂਰੀ ਕਿਤਾਬ ਦੀ ਮੰਗ ਕਰਦਾ ਹੈ। ਇਹ ਇੰਨਾ ਹਿਰਦੇ-ਵੇਧਕ ਹੈ ਕਿ ਇਸ ਨੂੰ ਲਿਖਣ ਲਗਿਆਂ ਕਲਮ ਕੰਬ ਕੰਬ ਜਾਂਦੀ ਹੈ, ਇਸ ਲਈ ਅੱਗੇ ਚੱਲ ਕੇ ਮੈਂ ਇਨ੍ਹਾਂ ਜ਼ੁਲਮਾਂ ਦਾ ਸੰਖੇਪ ਜਿਹਾ ਬਿਆਨ ਹੀ ਕਰਾਂਗਾ। ਫਿਰ ਮੈਂ ਇਹ ਗੱਲ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਇੱਥੇ ਜੋ ਕੁਝ ਵੀ ਲਿਖਿਆ ਹੈ, ਉਹ ਉਨ੍ਹਾਂ ਤਿੰਨਾਂ ਰਿਪੋਰਟਾਂ ਉੱਤੇ ਅਧਾਰਤ ਹੈ, ਜੋ ਗੜਬੜ ਤੋਂ ਝਟ ਬਾਅਦ ਕੁਝ ਉੱਘੇ ਕਾਨੂੰਨਦਾਨਾਂ ਤੇ ਉੱਚੀਆਂ-ਪਦਵੀਆਂ ਤੇ ਰਹਿ ਚੁਕੇ ਨਿਰਪੱਖ ਤੇ ਗ਼ੈਰ-ਸਿਖ ਪਤਵੰਤਿਆਂ ਨੇ ਪੂਰੀ ਜਾਂਚ-ਪੜਤਾਲ ਤੋਂ ਬਾਅਦ ਤਿਆਰ ਕੀਤੀਆਂ ਤੇ ਜਿਨ੍ਹਾਂ ਦੀ ਅੱਜ ਤਕ ਸਰਕਾਰ ਵੱਲੋਂ ਕਿਸੇ ਇਕ ਨੁਕਤੇ ਸੰਬੰਧੀ ਵੀ ਤਰਦੀਦ ਨਹੀਂ ਹੋਈ। ਇਨ੍ਹਾਂ ਵਿੱਚੋਂ ਇਕ ਰਿਪੋਰਟ ਸ਼ਹਿਰੀਆਂ ਦੇ ਕਮਿਸ਼ਨ ਵੱਲੋਂ ਹੈ, ਜਿਸ ਵਿਚ ਐੱਸ.ਐੱਮ.ਸੀਕਰੀ ਸਾਬਕ ਚੀਫ਼ ਜਸਟਿਸ ਆਫ਼ ਇੰਡੀਆ, ਗੋਵਿੰਦ ਨਰਾਇਣ ਸਾਬਕ ਗਵਰਨਰ ਕਰਨਾਟਕ, ਬਦਰ-ਉਦ-ਦੀਨ ਤਾਇਬ ਜੀ ਸਾਬਕ ਕਾਮਨਵੈੱਲਥ ਸਕੱਤਰ ਤੇ ਵਾਈਸ ਚਾਂਸਲਰ ਅਲੀਗੜ੍ਹ, ਮੁਸਲਿਮ ਯੂਨੀਵਰਸਿਟੀ, ਰਾਮੇਸ਼ੁਰ ਦਿਆਲ ਸਾਬਕ ਵਿਦੇਸ਼ ਸਕੱਤਰ ਅਤੇ ਟੀ.ਸੀ.ਏ. ਸ੍ਰੀ ਨਿਵਾਸ ਵਰਧਨ ਸਾਬਕ ਗ੍ਰਹਿ ਸਕੱਤਰ ਸ਼ਾਮਲ ਸਨ। ਇਨ੍ਹਾਂ ਸੁਹਿਰਦ ਸੱਜਣਾਂ ਨੇ ਕੈਂਪਾਂ ਵਿਚ ਫਿਰ ਫਿਰ ਕੇ ਕੁਝ ਉਨ੍ਹਾਂ ਇਸਤ੍ਰੀਆਂ-ਪੁਰਸ਼ਾਂ ਦੇ ਬਿਆਨ ਲਏ, ਜਿਨ੍ਹਾਂ ਉੱਤੇ ਇਹ ਅਤਿਆਚਾਰ ਵਾਪਰੇ ਸਨ ਤੇ ਫਿਰ ਇਨ੍ਹਾਂ ਦੀ ਤਸਦੀਕ ਕੀਤੀ। ਇਹ ਗੱਲ ਵੀ ਵਰਣਨ ਯੋਗ ਹੈ ਕਿ ਇਨ੍ਹਾਂ ਨੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਤਿੰਨ ਚਾਰ ਚਿੱਠੀਆਂ ਲਿਖ ਕੇ ਤੇ ਨਾਲ ਆਪਣੀ ਰਿਪੋਰਟ ਦਾ ਸਾਰ ਭੇਜ ਕੇ ਮੁਲਾਕਾਤ ਲਈ ਬੇਨਤੀ ਕੀਤੀ, ਪਰ ਪਹਿਲੀ ਚਿੱਠੀ ਦੀ ਪਹੁੰਚ ਦੀ ਰਸੀਦ ਤੋਂ ਬਾਅਦ ਕਿਸੇ ਚਿੱਠੀ ਦਾ ਜੁਆਬ ਤਕ ਨਾ ਦਿੱਤਾ ਗਿਆ। ਇਸ ਦੇ ਨਾਲ ਹੀ ਸ਼ਹਿਰੀ ਆਜ਼ਾਦੀ ਅਤੇ ਲੋਕ-ਰਾਜੀ ਅਧਿਕਾਰਾਂ ਦੀ ਰੱਖਿਆ ਕਰਨ ਵਾਲੀਆਂ ਦੋ ਸੰਸਥਾਵਾਂ ਨੇ 'ਦੋਸ਼ੀ ਕੌਣ ਹਨ ?' ਨਾਂ

ਦੀ ਇਕ ਰਿਪੋਰਟ ਤਿਆਰ ਕੀਤੀ। ਇਹਦੇ ਸੰਚਾਲਕਾਂ ਵਿਚ ਪ੍ਰਸਿਧ ਰਾਜਨੀਤਿਕ ਵਿਗਿਆਨੀ ਰਜਨੀ ਕੋਠਾਰੀ ਸ਼ਾਮਲ ਸਨ। ਇਹ ਰਿਪੋਰਟ ਇਨ੍ਹਾਂ ਸੰਸਥਾਵਾਂ ਦੇ ਵਾਲੰਟੀਅਰਾਂ ਨੇ ਪ੍ਰਭਾਵਤ ਇਲਾਕਿਆਂ ਤੇ ਬਾਅਦ ਵਿਚ ਕਾਇਮ ਕੀਤੇ ਗਏ ਕੈਂਪਾਂ ਦਾ ਦੌਰਾ ਕਰ ਕੇ ਪੂਰੀ ਜਾਂਚ-ਪੜਤਾਲ ਤੋਂ ਬਾਅਦ ਤਿਆਰ ਕੀਤੀ ਸੀ। ਇਸ ਤੋਂ ਬਾਅਦ 29 ਜਨਵਰੀ 1985 ਨੂੰ ਸੁਪਰੀਮ ਕੋਰਟ ਦੇ ਰੀਟਾਇਰਡ ਜੱਜ ਵੀ.ਐੱਮ. ਤਾਰਕੁੰਡੇ ਨੇ ਅੱਖੀਂ ਵੇਖਣ ਵਾਲਿਆਂ ਦੇ ਬਿਆਨ ਲੈ ਕੇ ਅਤੇ ਦੰਗਾ-ਪੀੜਤਾਂ ਨਾਲ ਇੰਟਰਵੀਊ ਕਰ ਕੇ ਵਿਸਤ੍ਰਿਤ ਤਫ਼ਤੀਸ਼ ਕੀਤੀ। ਉਨ੍ਹਾਂ ਦੀ ਰਿਪੋਰਟ ਦਾ ਸਾਰ ਇਹ ਸੀ ਕਿ ਸਿੱਖਾਂ ਦੇ ਕਤਲਾਮ ਦੀ ਯੋਜਨਾ ਕਾਂਗਰਸ ਵਲੋਂ ਬਣਾਈ ਗਈ ਸੀ। ਇਸ ਯੋਜਨਾ ਅਨੁਸਾਰ 31 ਅਕਤੂਬਰ ਦੀ ਰਾਤ ਨੂੰ ਮਿੱਟੀ ਦਾ ਤੇਲ, ਪਟਰੋਲ ਤੇ ਲੋਹੇ ਦੇ ਡੰਡੇ ਆਦਿ ਇਕੱਠੇ ਕੀਤੇ ਗਏ। ਫਿਰ ਹਤਿਆਰਿਆਂ ਤੇ ਲੁਟੇਰਿਆਂ ਨੂੰ ਲਾਮਬੰਦ ਕੀਤਾ ਗਿਆ ਤੇ ਸਿੱਖਾਂ ਦੇ ਘਰਾਂ ਦੀ ਨਿਸ਼ਾਨ-ਦੇਹੀ ਕੀਤੀ ਗਈ। ਇਨ੍ਹਾਂ ਰਿਪੋਰਟਾਂ ਤੋਂ ਬਿਨਾਂ ਮੈਂ ਕੁਝ ਤੱਥ ਅਰਧ-ਮਾਸਕ ਪੱਤਰ 'ਇੰਡੀਆ ਟੂਡੇ' ਅਤੇ ਦਿੱਲੀ ਦੀਆਂ ਅਖ਼ਬਾਰਾਂ 'ਇੰਡੀਅਨ ਐਕਸਪ੍ਰੈੱਸ', 'ਟਾਈਮਜ਼ ਆਫ਼ ਇੰਡੀਆ' ਵਿੱਚੋਂ ਵੀ ਲਏ ਹਨ, ਜੋ ਇਨ੍ਹਾਂ ਅਖ਼ਬਾਰਾਂ ਦੇ ਰਿਪੋਰਟਰਾਂ ਨੇ ਆਪ ਪ੍ਰਭਾਵਤ ਥਾਵਾਂ ਤੇ ਜਾ ਕੇ ਅਤੇ ਆਪਣੀ ਅੱਖੀਂ ਵੇਖ ਕੇ ਲਿਖੇ ਸਨ। ਇਨ੍ਹਾਂ ਰਿਪੋਰਟਾਂ ਵਿਚ ਸਭ ਤੋਂ ਪਹਿਲਾਂ ਇਹ ਗੱਲ ਸਪੱਸ਼ਟ ਕੀਤੀ ਗਈ ਹੈ ਕਿ ਇਨ੍ਹਾਂ ਦੰਗਿਆਂ ਨੂੰ ਕਿਸੇ ਤਰ੍ਹਾਂ ਵੀ ਹਿੰਦੂ-ਸਿਖ ਫ਼ਸਾਦਾਂ ਦੀ ਸੰਗਿਆ ਨਹੀਂ ਦਿੱਤੀ ਜਾ ਸਕਦੀ, ਇਹ ਤਾਂ ਨਿਰੋਲ ਤੇ ਪੂਰਨ ਰੂਪ ਵਿਚ ਸਮਾਜ-ਵਿਰੋਧੀ ਤੱਤਾਂ ਵੱਲੋਂ ਸਿੱਖਾਂ ਤੇ ਉਨ੍ਹਾਂ ਦੀਆਂ ਜਾਇਦਾਦਾਂ ਉੱਤੇ ਇਕ-ਤਰਫ਼ਾ ਹਮਲੇ ਸਨ ਅਤੇ ਯੋਜਨਾ-ਬੱਧ ਢੰਗ ਨਾਲ ਕੀਤੇ ਗਏ ਸਨ। ਹੱਤਿਆਰਿਆਂ, ਲੁਟੇਰਿਆਂ ਤੇ ਸਾੜ-ਫੂਕ ਕਰਨ ਵਾਲਿਆਂ ਨੂੰ ਲੋਹੇ ਦੇ ਡੰਡੇ, ਛੁਰੇ, ਤਲਵਾਰਾਂ, ਮਿੱਟੀ ਦਾ ਤੇਲ ਤੇ ਪਟਰੋਲ ਕਾਂਗਰਸ ਦੇ ਕਾਰਿੰਦਿਆਂ ਨੇ ਮੁਹੱਈਆ ਕੀਤਾ ਸੀ ਤੇ ਉਨ੍ਹਾਂ ਨੇ ਹੀ ਦੰਗਈਆਂ ਨੂੰ ਦਿੱਲੀ ਟ੍ਰਾਂਸਪੋਰਟ ਦੀਆਂ ਬੱਸਾਂ ਵਿਚ ਬਿਠਾ ਕੇ ਥਾਉਂ ਥਾਈਂ ਪਹੁੰਚਾਇਆ ਸੀ। ਉਹੀ ਕਾਂਗਰਸੀ ਹੱਥਾਂ ਵਿਚ ਵੋਟਰ-ਸੂਚੀਆਂ ਲੈ ਕੇ ਸਿੱਖਾਂ ਦੇ ਘਰਾਂ ਦੀ ਨਿਸ਼ਾਨ-ਦੇਹੀ ਕਰ ਰਹੇ ਸਨ। ਵੱਡੀ ਦੁਖਦਾਈ ਗੱਲ ਇਹ ਕਿ ਜਦ 7 ਜੂਨ ਨੂੰ ਨਾਮਧਾਰੀਆਂ ਦਾ ਇਕ ਵਫ਼ਦ ਇੰਦਰਾ ਗਾਂਧੀ ਦੀ ਹੱਤਿਆ ਦਾ ਅਫ਼ਸੋਸ ਕਰਨ ਲਈ ਪ੍ਰਧਾਨ ਮੰਤਰੀ ਕੋਲ ਗਿਆ, ਤਾਂ ਰਾਜੀਵ ਨੇ ਆਖਿਆ, "ਵਿਨਾਸ਼ਕਾਰੀ ਤੱਤਵਾਂ ਨੇ ਪੰਜਾਬ ਵਿਚ ਨਾਕਾਮ ਹੋ ਕੇ ਦਿੱਲੀ ਨੂੰ ਆਪਣੀਆਂ ਕਾਰਵਾਈਆਂ ਦਾ ਨਿਸ਼ਾਨਾ ਬਣਾ ਲਿਆ ਤੇ ਇੱਥੇ ਫ਼ਸਾਦ ਸ਼ੁਰੂ ਕਰ ਦਿੱਤੇ, ਜਿਸ ਵਿਚ ਸਭ ਕੌਮਾਂ ਦਾ ਨੁਕਸਾਨ ਹੋਇਆ। ਇਨ੍ਹਾਂ ਬਾਰੇ ਸਾਨੂੰ ਵਧੇਰੇ ਚੌਕਸ ਹੋਣਾ ਪਏਗਾ ਤੇ ਸਿਖ ਕੌਮ ਨੂੰ ਤਕੜੇ ਹੋ ਕੇ ਇਨ੍ਹਾਂ ਤਾਕਤਾਂ ਨੂੰ ਕੁਚਲਣਾ ਚਾਹੀਦਾ ਹੈ।" ਇਸੇ ਲਹਿਜੇ ਵਿਚ ਇਕ ਹੋਰ ਥਾਂ ਉਸ ਨੇ ਆਖਿਆ, "ਅੱਤਵਾਦੀਆਂ ਨੇ ਪਹਿਲਾਂ ਇੰਦਰਾ ਦੀ ਹੱਤਿਆ ਕੀਤੀ ਤੇ ਫਿਰ ਦੇਸ ਦੇ ਟੋਟੇ ਕਰਨ ਲਈ ਫ਼ਿਰਕੇਦਾਰਾਨਾ ਦੰਗੇ ਸ਼ੁਰੂ ਕਰ ਦਿੱਤੇ।" ਉਹ ਆਪਣੀ ਪਾਰਟੀ ਦੇ ਉੱਘੇ ਨੇਤਾਵਾਂ ਤੇ ਕਾਰਜ-ਕਰਤਾਵਾਂ ਦੀ ਨਿਖੇਧੀ ਕਰਨ ਦੀ ਥਾਂ ਸਿੱਖ-ਵਿਰੋਧੀ ਦੰਗਿਆਂ ਦੀ ਜ਼ਿੰਮੇਵਾਰੀ ਸਿੱਖ ਅੱਤਵਾਦੀਆਂ ਦੇ ਸਿਰ ਹੀ ਮੜ੍ਹਦੇ ਰਹੇ। ਉਨ੍ਹਾਂ ਨੇ ਮਾੜੀ-ਮੋਟੀ ਹਮਦਰਦੀ ਤੇ ਦੂਰ ਦੀ ਸੋਝੀ ਤੋਂ ਕੰਮ ਲੈ ਕੇ ਹੱਤਿਆਰਿਆਂ ਤੇ ਲੁਟੇਰਿਆਂ ਦੀ ਵੀ ਨਿੰਦਿਆ ਨਹੀਂ ਕੀਤੀ। ਉਨ੍ਹਾਂ ਦੀ ਚੁੱਪ ਕਾਰਨ ਹੀ ਪ੍ਰਸ਼ਾਸਨ ਵੱਲੋਂ ਦੋਸ਼ੀਆਂ ਦੀ ਗ੍ਰਿਫ਼ਤਾਰੀ ਵੱਲੋਂ ਢਿੱਲ-ਮੱਠ ਹੁੰਦੀ ਰਹੀ। ਇਨ੍ਹਾਂ ਦੰਗਿਆਂ ਵਿਚ ਸਿੱਖਾਂ ਨੇ ਕਿਤੇ ਕਿਤੇ ਹਜੂਮ ਦਾ ਮੁਕਾਬਲਾ ਕਰਨ ਦਾ ਜਤਨ ਕੀਤਾ, ਪਰ ਉਹ ਨਿਰੋਲ ਆਪਣੇ ਬਚਾਉ ਲਈ ਤੇ ਵਿਸ਼ੇਸ਼ ਕਰਕੇ ਗੁਰਦੁਆਰਿਆਂ ਦੀ ਰੱਖਿਆ ਲਈ ਸੀ।

ਇਨ੍ਹਾਂ ਰਿਪੋਰਟਾਂ ਵਿਚ ਦੂਜੀ ਮਹੱਤਵਪੂਰਨ ਗੱਲ ਇਹ ਦੱਸੀ ਗਈ ਹੈ ਕਿ ਇਹ ਦੰਗੇ ਅਕਾਲੀਆਂ, ਅੱਤਵਾਦੀਆਂ ਜਾਂ ਵਖਵਾਦੀਆਂ ਦੇ ਵਿਰੁੱਧ ਹੀ ਨਹੀਂ ਸਨ, ਸਗੋਂ ਬਿਨਾਂ ਕਿਸੇ

ਵਿਤਕਰੇ ਸਾਰੀ ਸਿੱਖ ਕੌਮ ਦੇ ਵਿਰੁੱਧ ਸਨ ਅਤੇ ਹਮੇਸ਼ਾ ਕਾਂਗਰਸ ਨੂੰ ਵੋਟਾਂ ਦੇਣ ਵਾਲੇ ਤੇ ਕਾਂਗਰਸੀ ਸਿਖ ਆਗੂ ਇਨ੍ਹਾਂ ਹਮਲਿਆਂ ਦਾ ਸਭ ਤੋਂ ਵਧ ਸ਼ਿਕਾਰ ਹੋਏ। ਸਾੜ-ਫੂਕ ਤੇ ਲੁੱਟ-ਮਾਰ ਦੇ ਮਾਮਲੇ ਵਿਚ ਅਮੀਰ-ਗ਼ਰੀਬ ਸਭ ਨਾਲ ਇੱਕੋ ਜਿਹਾ ਭਾਣਾ ਵਰਤ ਰਿਹਾ ਸੀ। ਤਿਰਲੋਕਪੁਰੀ ਵਿਚ ਝੁੱਗੀਆਂ-ਝੌਂਪੜੀਆਂ ਵਿਚ ਰਹਿਣ ਵਾਲੇ 50 ਸਿਖ ਪਰਿਵਾਰਾਂ ਦੇ ਘਰ ਸਾੜੇ ਗਏ ਤੇ ਸਾਰੇ ਮਰਦ ਖ਼ਤਮ ਕਰ ਦਿੱਤੇ ਗਏ। ਨੀਊ ਫ਼ਰੈਂਡਜ਼ ਕਾਲੋਨੀ, ਮਹਾਰਾਣੀ ਬਾਗ਼, ਸਫ਼ਦਰਜੰਗ ਐਨਕਲੇਵ, ਵਸੰਤ ਵਿਹਾਰ ਤੇ ਹੌਜ਼ ਖ਼ਾਸ ਵਰਗੀਆਂ ਸ਼ਾਨਦਾਰ ਬਸਤੀਆਂ ਵਿਚ ਸਿੱਖਾਂ ਦੀਆਂ ਮਹੱਲਨੁਮਾ ਕੋਠੀਆਂ ਵੀ ਅਗਨੀ ਦੀ ਭੇਟ ਹੋ ਗਈਆਂ। ਇਨ੍ਹਾਂ ਵਿਚ ਪੰਜਾਬ ਸਿੰਧ ਬੈਂਕ ਦੇ ਸਾਬਕ ਚੇਅਰਮੈਨਾਂ—ਭਾਈ ਇੰਦਰਜੀਤ ਸਿੰਘ ਤੇ ਮਹਿੰਦਰ ਸਿੰਘ ਦੀਆਂ ਕੋਠੀਆਂ, ਬਾਵਾ ਹਾਲੀਡੇ ਇੰਨ ਦੀ ਦੋ-ਮੰਜ਼ਲੀ ਇਮਾਰਤ, ਲੇਖਕ ਪਤਵੰਤ ਸਿੰਘ ਦਾ ਫ਼ਾਰਮ ਹਾਊਸ ਤੇ ਢੀਂਗਰਾ ਪਰਿਵਾਰ ਦੀ ਫ਼ੈਕਟਰੀ ਸ਼ਾਮਲ ਸਨ। ਲੋਕ ਸਭਾ ਦੇ ਕਾਂਗਰਸੀ ਮੈਂਬਰ—ਚਰਨਜੀਤ ਸਿੰਘ ਦੀ 'ਪਿਓਰ ਡਰਿੰਕ' ਫ਼ੈਕਟਰੀ ਦੇ ਸੜਨ ਨਾਲ ਉਨ੍ਹਾਂ ਦਾ ਦਸ ਕਰੋੜ ਰੁਪਏ ਦਾ ਨੁਕਸਾਨ ਹੋ ਗਿਆ। ਉਨ੍ਹਾਂ ਦਾ ਕਹਿਣਾ ਹੈ ਕਿ "ਜਦ ਮੇਰੀ ਫ਼ੈਕਟਰੀ ਸਾੜੀ ਜਾ ਰਹੀ ਸੀ, ਤਾਂ ਮੈਂ ਵਾਰ ਵਾਰ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਤੇ ਪੁਲਿਸ ਦੇ ਉਚ ਅਧਿਕਾਰੀਆਂ ਨੂੰ ਟੈਲੀਫ਼ੋਨ ਕੀਤੇ ਕਿ ਮੇਰੀ ਫ਼ੈਕਟਰੀ ਸਾੜੀ ਜਾ ਰਹੀ ਹੈ; ਇਸ ਨੂੰ ਬਚਾਉਣ ਦਾ ਕੋਈ ਹੀਲਾ ਕਰੋ। ਹਰ ਵਾਰੀ ਇਹੀ ਜਵਾਬ ਮਿਲਿਆ ਕਿ 'ਪੁਲਿਸ ਫ਼ੌਰਨ ਭੇਜੀ ਜਾ ਰਹੀ ਹੈ' ਪਰ ਅਖ਼ੀਰ ਤਕ ਕੋਈ ਨਹੀਂ ਬਹੁੜਿਆ।" 7 ਨਵੰਬਰ ਨੂੰ ਉਨ੍ਹਾਂ ਦੀ ਅਗਵਾਈ ਹੇਠ ਸਿੱਖਾਂ ਦੇ ਇਕ ਡੈਪੂਟੇਸ਼ਨ ਨੇ ਪ੍ਰਧਾਨ ਮੰਤਰੀ ਨੂੰ ਮਿਲ ਕੇ ਇਕ ਮੈਮੋਰੈਂਡਮ ਦਿੱਤਾ। ਇਹਦੀ ਇਹ ਟੂਕ ਬੜੀ ਅਰਥ-ਭਰਪੂਰ ਹੈ, "ਇਹ ਸਿੱਧ ਹੋਈ ਗੱਲ ਹੈ ਕਿ ਇਕ ਰਾਜਨੀਤਿਕ ਪਾਰਟੀ ਦੇ ਮਹੱਤਵਪੂਰਨ ਨੀਤੀਵਾਨ ਲੁੱਟ-ਮਾਰ ਤੇ ਹੱਤਿਆਵਾਂ ਦੀਆਂ ਘਿਰਣਾ-ਜਨਕ ਯੋਜਨਾਵਾਂ ਦੀ ਪੂਰਤੀ ਵਿਚ ਲੱਗੇ ਰਹੇ।" ਸੰਕੇਤ ਸਿੱਧਾ ਕਾਂਗਰਸ ਵੱਲ ਸੀ। ਸੋ ਸ਼ਹਿਰੀਆਂ ਦੇ ਕਮਿਸ਼ਨ ਦੀ ਇਹ ਗੱਲ ਬਿਲਕੁਲ ਠੀਕ ਹੈ ਕਿ ਇਸ ਵੇਲੇ ਸਾਰਾ ਪ੍ਰਸ਼ਾਸਨ—ਲੈਫ਼ਟੀਨੈਂਟ ਗਵਰਨਰ, ਹੋਰ ਉਚ ਅਧਿਕਾਰੀ ਤੇ ਪੁਲਿਸ ਦਾ ਸਾਰਾ ਅਮਲਾ ਇਕ ਤਰ੍ਹਾਂ ਨਾਲ ਪੂਰੇ ਤੌਰ ਤੇ ਨਕਾਰਾ ਹੋ ਚੁਕੇ ਸਨ ਤੇ ਹਕੂਮਤ ਨੇ ਜਨਤਾ ਦੀ ਜਾਨ-ਮਾਲ ਦੀ ਰੱਖਿਆ ਦਾ ਆਪਣਾ ਫ਼ਰਜ਼ ਮੂਲੋਂ ਹੀ ਭੁਲਾ ਦਿੱਤਾ ਸੀ। ਜਿੱਥੇ ਵੀ ਗੁੰਡੇ, ਸਿੱਖਾਂ ਦੀ ਹੱਤਿਆ ਜਾਂ ਲੁੱਟ-ਮਾਰ ਤੇ ਸਾੜ-ਫੂਕ ਕਰ ਰਹੇ ਹੁੰਦੇ, ਉੱਥੋਂ ਪੁਲਿਸ ਜਾਂ ਤਾਂ ਗ਼ਾਇਬ ਹੋ ਜਾਂਦੀ ਜਾਂ ਮੂਕ ਦਰਸ਼ਕ ਬਣ ਕੇ ਖੜੀ ਰਹਿੰਦੀ। ਸਗੋਂ ਬਹੁਤੀਆਂ ਹਾਲਤਾਂ ਵਿਚ ਤਾਂ ਉਹ ਇਸ ਉਪੱਦਰ ਤੇ ਤਸ਼ੱਦਦ ਦੇ ਨੰਗੇ ਨਾਚ ਵਿਚ ਆਪ ਸ਼ਾਮਲ ਹੋ ਜਾਂਦੀ। ਉਹ ਫ਼ਸਾਦੀਆਂ ਨੂੰ ਇਹ ਆਖ ਕੇ ਸ਼ਹਿ ਵੀ ਦੇਂਦੀ ਰਹੀ ਕਿ 'ਤੁਹਾਨੂੰ ਤਿੰਨ ਦਿਨ ਵਾਸਤੇ ਪੂਰੀ ਖੁਲ੍ਹ ਹੈ, ਜੋ ਮਰਜ਼ੀ ਹੈ, ਕਰ ਲਓ।'

ਇੱਥੇ ਅਸੀਂ ਵੰਨਗੀ-ਮਾਤਰ ਕਾਂਗਰਸੀਆਂ ਤੇ ਫ਼ਸਾਦੀਆਂ ਦੀ ਮਿਲੀਭੁਗਤ ਅਤੇ ਪੁਲਿਸ ਦੀ ਅਣਗਹਿਲੀ ਤੇ ਜ਼ਿਆਦਤੀਆਂ ਦੀਆਂ ਕੁਝ ਨਿੱਗਰ ਉਦਾਹਰਨਾਂ ਦੇਣਾ ਚਾਹੁੰਦੇ ਹਾਂ। ਸਭ ਤੋਂ ਵਧ ਜਾਨੀ ਨੁਕਸਾਨ ਤਿਰਲੋਕਪੁਰੀ, ਮੰਗੋਲਪੁਰੀ ਤੇ ਸੁਲਤਾਨਪੁਰੀ ਵਿਚ ਹੋਇਆ ਸੀ। ਤਿਰਲੋਕਪੁਰੀ ਬਸਤੀ ਕਲਿਆਨਪੁਰੀ ਥਾਣੇ 'ਵਿਚ ਪੈਂਦੀ ਹੈ। 31 ਅਕਤੂਬਰ ਅੱਧੀ ਰਾਤ ਨੂੰ ਤਿਰਲੋਕ ਪੁਰੀ ਦੇ ਕਾਂਗਰਸੀ ਮਿਊਂਸਪਲ ਕਮਿਸ਼ਨਰ ਅਸ਼ੋਕ ਕੁਮਾਰ ਨੇ ਕਲਿਆਨਪੁਰੀ ਦੇ ਇਕ ਡਾਕਟਰ ਦੇ ਘਰ ਮੀਟਿੰਗ ਕੀਤੀ ਅਤੇ ਦੂਜੇ ਦਿਨ ਸਵੇਰੇ ਹੀ ਨਾਲ ਦੇ ਪਿੰਡ ਚਿੱਲਾ ਦੇ ਗੁੱਜਰਾਂ ਪਾਸੋਂ ਇਸ ਬਸਤੀ ਉੱਤੇ ਹਮਲਾ ਕਰਾ ਦਿੱਤਾ। ਇਸ ਬਸਤੀ ਦੇ ਭੰਗੀ ਤੇ ਉਨ੍ਹਾਂ ਦੀਆਂ ਇਸਤ੍ਰੀਆਂ ਵੀ ਲੁੱਟ-ਮਾਰ ਵਿਚ ਸ਼ਾਮਲ ਹੋ ਗਈਆਂ। ਥਾਣੇ ਦਾ ਇੰਚਾਰਜ ਇੰਸਪੈਕਟਰ ਸੁਰਵੀਰ ਸਿੰਘ ਢਾਈ ਵਜੇ ਬਾਅਦ ਦੁਪਹਿਰ ਇੱਥੇ ਪੁੱਜਾ ਤੇ ਉਸ ਨੇ ਆਉਂਦਿਆਂ ਹੀ ਜਿਹੜੇ ਦੋ ਸਿਪਾਹੀ ਇਥੇ ਖੜ੍ਹੇ

ਤਮਾਸ਼ਾ ਵੇਖ ਰਹੇ ਸਨ, ਉਨ੍ਹਾਂ ਨੂੰ ਵੀ ਖਿਸਕਾ ਦਿੱਤਾ। ਇਸ ਥਾਣੇ ਦੀ ਕੁਲ ਨਫ਼ਰੀ 113 ਹੈ। ਜੇ ਉਹ ਚਾਹੁੰਦੇ, ਤਾਂ ਹਜੂਮ ਨੂੰ ਸਹਿਜੇ ਹੀ ਕੰਟਰੋਲ ਕਰ ਸਕਦੇ ਸਨ। ਪਰ ਫ਼ਸਾਦੀਆਂ ਦਾ ਉਪੱਦਰ ਸਾਢੇ ਸਤ ਵਜੇ ਸ਼ਾਮ ਤਕ ਜਾਰੀ ਰਿਹਾ। ਉਹ ਮਰਦਾਂ ਨੂੰ ਘਰਾਂ ਤੋਂ ਬਾਹਰ ਕਢਦੇ, ਉਨ੍ਹਾਂ ਨੂੰ ਡੰਡਿਆਂ ਨਾਲ ਕੁੱਟ ਕੇ ਬੇਹੋਸ਼ ਕਰ ਦੇਂਦੇ ਤੇ ਫਿਰ ਉਨ੍ਹਾਂ ਉੱਤੇ ਮਿੱਟੀ ਦਾ ਤੇਲ ਪਾ ਕੇ ਜੀਊਂਦਿਆਂ ਨੂੰ ਸਾੜ ਦੇਂਦੇ। ਇਸ ਤੋਂ ਵਧ ਬੇਦਰਦੀ ਵਾਲਾ ਤਰੀਕਾ ਇਹ ਵਰਤਿਆ ਗਿਆ ਕਿ ਕੁਝ ਇਕ ਦੇ ਗਲਾਂ ਵਿਚ ਟਾਇਰ ਪਾ ਕੇ ਅਤੇ ਉੱਤੇ ਪਟਰੋਲ ਛਿੜਕ ਕੇ ਅੱਗ ਲਾ ਦਿੱਤੀ ਗਈ। ਇਕ ਸਿਖ ਨੂੰ ਕਾਰ ਵਿਚ ਬੰਦ ਕਰ ਕੇ ਕਾਰ ਨੂੰ ਅੱਗ ਲਾਈ ਗਈ। ਦੰਗਈ, ਮਰਦਾਂ ਨੂੰ ਖ਼ਤਮ ਕਰਨ ਤੋਂ ਬਾਅਦ ਇਸਤ੍ਰੀਆਂ ਦੀ ਬੇਪਤੀ ਕਰਨ ਵੱਲ ਹੋ ਜਾਂਦੇ। ਇਸ ਸੰਬੰਧ ਵਿਚ ਪ੍ਰਸਿਧ ਪੱਤਰਕਾਰ ਨੈਣਤਾਰਾ ਸਹਿਗਲ ਨੇ 'ਮਾਨੁਸ਼ੀ' ਸੰਸਥਾ ਦੇ ਹਵਾਲੇ ਨਾਲ ਇੰਡੀਅਨ ਐੱਕਸਪ੍ਰੈੱਸ ਵਿਚ ਕੁਝ ਘਟਨਾਵਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਵਿੱਚੋਂ ਸਭ ਤੋਂ ਵਧ ਦਰਦਨਾਕ ਤਿਰਲੋਕਪੁਰੀ ਦੀ ਇਕ ਅੱਧਖੜ ਇਸਤ੍ਰੀ ਦਾ ਹੈ। ਉਸ ਦਾ ਬਿਆਨ ਹੈ ਕਿ "ਮੇਰਾ ਪੁੱਤਰ ਭੁੱਖਾ-ਭਾਣਾ ਘਰ ਆਇਆ, ਤਾਂ ਮੈਂ ਉਸ ਨੂੰ ਆਖਿਆ ਕਿ ਅੱਜ ਇੰਦਰਾ ਮਾਤਾ, ਜੋ ਸਾਡੀ ਵੀ ਮਾਤਾ ਸੀ, ਮਾਰੀ ਗਈ ਹੈ, ਸੋ ਮੇਰਾ ਦਿਲ ਰੋਟੀ ਪਕਾਣ ਨੂੰ ਨਹੀਂ ਕਰਦਾ। ਕੁਝ ਚਿਰ ਬਾਅਦ ਹੀ ਰੰਗ-ਰਲੀਆਂ ਮਨਾਉਣ ਵਾਲੇ ਦੰਗਈ ਸਾਡੇ ਘਰ ਆ ਗਏ। ਉਨ੍ਹਾਂ ਨੇ ਮੇਰੇ ਪੁੱਤਰ ਦੇ ਸਾਹਮਣੇ ਮੇਰੇ ਕਪੜੇ ਪਾੜ ਕੇ ਮੈਨੂੰ ਨੰਗਿਆਂ ਕਰ ਦਿੱਤਾ ਤੇ ਮੇਰੇ ਨਾਲ ਬਲਾਤਕਾਰ ਕੀਤਾ।" ਐਨ ਇਹੋ ਜਿਹੀਆਂ ਕਾਰਵਾਈਆਂ ਮੰਗੋਲਪੁਰੀ, ਸੁਲਤਾਨਪੁਰੀ ਤੇ ਹੋਰ ਕਈ ਥਾਵਾਂ ਵਿਚ ਹੋਈਆਂ। ਸੁਲਤਾਨਪੁਰੀ ਦੇ ਸਟੇਸ਼ਨ ਹਾਊਸ ਅਫ਼ਸਰ ਹਰੀ ਰਾਮ ਭੱਟੀ ਨੇ ਸਿੱਖਾਂ ਕੋਲੋਂ ਨਾ-ਕੇਵਲ ਆਪਣੇ ਬਚਾਉ ਲਈ ਰੱਖੀਆਂ ਕਿਰਪਾਨਾਂ ਲੈ ਲਈਆਂ, ਸਗੋਂ ਗੋਲੀਆਂ ਚਲਾ ਕੇ ਦੋ ਸਿੱਖਾਂ ਦੀ ਹੱਤਿਆ ਕਰ ਦਿੱਤੀ। ਸੁਰਵੀਰ ਸਿੰਘ ਤੇ ਹਰੀ ਰਾਮ ਭੱਟੀ ਨੂੰ ਪਹਿਲਾਂ ਮੁਅੱਤਲ ਤੇ ਬਾਅਦ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਬਸਤੀਆਂ ਵਿਚ ਦੰਗਈਆਂ ਨੂੰ ਸੰਗਠਤ ਕਰਨ ਤੇ ਸ਼ਹਿ ਦੇਣ ਲਈ ਲੋਕ ਸਭਾ ਦਾ ਕਾਂਗਰਸੀ ਮੈਂਬਰ ਸੱਜਣ ਕੁਮਾਰ ਜ਼ਿੰਮੇਵਾਰ ਸੀ।

ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਇਕ ਪ੍ਰੋਫ਼ੈਸਰ ਅਸ਼ਵਨੀ ਰੇ ਦਾ ਬਿਆਨ ਹੈ ਕਿ ਉਨ੍ਹਾਂ ਨੇ ਭੋਗਲ ਮਾਰਕੀਟ ਦੇ ਕੋਲ ਪੁਲਿਸ ਦੀ ਇਕ ਵੈਨ ਵੇਖੀ, ਜਿਸ ਵਿਚ ਪੁਲਿਸ ਦੇ ਚਾਰ ਸਿਪਾਹੀ ਬੈਠੇ ਹੋਏ ਚਾਹ ਪੀ ਰਹੇ ਤੇ ਅਖ਼ਬਾਰ ਪੜ੍ਹ ਰਹੇ ਸਨ। ਹਜੂਮ ਉਨ੍ਹਾਂ ਦੇ ਸਾਹਮਣੇ ਹੀ ਦੁਕਾਨਾਂ ਵਿੱਚੋਂ ਰੇਡੀਉ, ਟੀ.ਵੀ. ਸੈੱਟ ਤੇ ਹੋਰ ਸਾਮਾਨ ਲੁੱਟ ਰਿਹਾ ਸੀ ਤੇ ਫਿਰ ਦੁਕਾਨਾਂ ਨੂੰ ਅੱਗ ਲਾ ਰਿਹਾ ਸੀ। ਉਹ ਪੁਲਸੀਆਂ ਕੋਲ ਗਏ ਤੇ ਉਨ੍ਹਾਂ ਨੂੰ ਆਖਿਆ ਕਿ ਤੁਸੀਂ ਇਹ ਲੁੱਟ-ਮਾਰ ਤੇ ਸਾੜ-ਫੂਕ ਬੰਦ ਕਿਉਂ ਨਹੀਂ ਕਰਾਉਂਦੇ, ਤਾਂ ਜਵਾਬ ਮਿਲਿਆ ਕਿ ਤੁਸੀਂ ਇਸ ਕੰਮ ਵਿਚ ਟੰਗ ਨਾ ਅੜਾਓ। ਇਹੀ ਪੁਲਿਸ ਵਾਲੇ ਲੁਟੇਰਿਆਂ ਨੂੰ ਆਖ ਰਹੇ ਸਨ ਕਿ ਜੋ ਕੁਝ ਹੱਥ ਲੱਗਦਾ ਹੈ, ਛੇਤੀ ਛੇਤੀ ਲੁਟ ਲਓ। ਭੋਗਲ ਦੇ ਇਕ ਟਰੱਕ-ਮਾਲਕ ਗੁਰਮਿੰਦਰ ਸਿੰਘ ਦਾ ਬਿਆਨ ਉਨ੍ਹਾਂ ਦੀ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਸਭ ਕੁਝ ਪੁਲਿਸ ਦੇ ਸਾਹਮਣੇ ਹੋ ਰਿਹਾ ਸੀ। ਬਿਲਕੁਲ ਇੱਸੇ ਕਿਸਮ ਦੀ ਇਕ ਘਟਨਾ 'ਇੰਡੀਆ ਟੁਡੇ' ਦੇ ਰਿਪੋਰਟਰ ਨੇ ਪਹਾੜਗੰਜ ਵਿਚ ਵੇਖੀ। ਉਹ ਲਿਖਦੇ ਹਨ, "ਪਹਾੜਗੰਜ ਵਿਚ ਇਕ ਉਤੇਜਤ ਹਜੂਮ ਲੁੱਟ-ਮਾਰ ਕਰ ਰਿਹਾ ਸੀ। ਪੁਲਿਸ ਦਾ ਇਕ ਇੰਸਪੈਕਟਰ ਤੇ ਕੁਝ ਸਿਪਾਹੀ ਚੁਪ-ਚਾਪ ਖੜੇ ਵੇਖੀ ਜਾ ਰਹੇ ਸਨ। ਮੈਂ ਰੋਸ ਪ੍ਰਗਟ ਕੀਤਾ, ਤਾਂ ਬੜੇ ਮਾਸੂਮ ਬਣ ਕੇ ਆਪਣੀ ਬੇਬਸੀ ਪ੍ਰਗਟ ਕਰਨ ਲੱਗੇ। ਉਨ੍ਹਾਂ ਨੇ ਆਖਿਆ, "ਅਸੀਂ ਥੋੜ੍ਹੇ ਜਿਹੇ ਬੰਦੇ ਕੀ ਕਰ ਸਕਦੇ ਹਾਂ; ਅਸੀਂ ਕੁਮਕ ਦੀ ਉਡੀਕ ਕਰ ਰਹੇ ਹਾਂ।" ਦੋ ਹਿੰਦੂ ਭਰਾ ਧਰਮ ਰਾਜ ਪਵਾਰ ਤੇ ਰਾਜਵੀਰ ਪਵਾਰ ਬੇਰੀ ਸਰਾਏ ਦੇ ਥਾਣੇ ਗਏ ਅਤੇ ਪੁਲਿਸ

ਕੋਲੋਂ ਆਪਣੇ ਕੁਝ ਸਿਖ ਮਿੱਤਰਾਂ ਨੂੰ ਬਚਾਣ ਲਈ ਮਦਦ ਮੰਗੀ, ਤਾਂ ਇਕ ਸਿਪਾਹੀ ਨੇ ਉਨ੍ਹਾਂ ਨੂੰ ਆਖਿਆ, "ਤੁਸੀਂ ਹਿੰਦੂ ਹੋ ਕੇ ਸਿੱਖਾਂ ਨੂੰ ਬਚਾਣ ਲਈ ਮਦਦ ਮੰਗਣ ਆਏ ਹੋ; ਤੁਹਾਨੂੰ ਤਾਂ ਆਪ ਉਨ੍ਹਾਂ ਨੂੰ ਮਾਰ ਦੇਣਾ ਚਾਹੀਦਾ ਸੀ। ਤੁਹਾਨੂੰ ਪਤਾ ਨਹੀਂ ਕਿ ਅੱਜ ਪੰਜਾਬ ਵੱਲੋਂ ਹਿੰਦੂਆਂ ਦੀਆਂ ਲਾਸ਼ਾਂ ਨਾਲ ਭਰੀ ਹੋਈ ਇਕ ਗੱਡੀ ਆਈ ਹੈ।" ਪੁਲਿਸ ਇਹੋ ਜਿਹੀਆਂ ਹੀ ਹੋਰ ਭੜਕਾਊ ਅਫ਼ਵਾਹਾਂ ਫੈਲਾ ਰਹੀ ਸੀ। ਇਕ ਅਫ਼ਵਾਹ ਇਹ ਸੀ ਕਿ ਇੰਦਰਾ ਦੀ ਹੱਤਿਆ ਤੋਂ ਬਾਅਦ ਦਿੱਲੀ ਯੂਨੀਵਰਸਿਟੀ ਦੇ ਸਿਖ ਵਿਦਿਆਰਥੀਆਂ ਨੇ ਭੰਗੜਾ ਪਾਇਆ। ਬਾਅਦ ਵਿਚ ਯੂਨੀਵਰਸਿਟੀ ਦੀ ਇਕ ਪ੍ਰੋਫੈਸਰ ਨੇ ਜਾਂਚ-ਪੜਤਾਲ ਕਰ ਕੇ ਦੱਸਿਆ ਕਿ ਇਹ ਵਿਦਿਆਰਥੀ ਯੂਨੀਵਰਸਿਟੀ ਦੇ ਇਕ ਸਭਿਆਚਾਰਕ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਰੀਹਰਸਲ ਕਰ ਰਹੇ ਸਨ। ਜਦ ਉਨ੍ਹਾਂ ਨੂੰ ਇੰਦਰਾ ਦੀ ਹੱਤਿਆ ਦਾ ਪਤਾ ਲੱਗਾ, ਤਾਂ ਰੀਹਰਸਲ ਬੰਦ ਕਰ ਦਿੱਤੀ ਗਈ।

ਪੁਲਿਸ, ਗੁੰਡਿਆਂ ਤੇ ਕਾਂਗਰਸੀ ਆਗੂਆਂ ਦੀ ਮਿਲੀਭੁਗਤ ਦੀ ਇਕ ਹੋਰ ਘਟਨਾ ਵੀ ਵਰਣਨ ਯੋਗ ਹੈ। ਅਖ਼ਬਾਰਾਂ ਦੇ ਰਿਪੋਰਟਰਾਂ ਦੀ ਇਕ ਟੋਲੀ ਤੱਥ ਇਕੱਠੇ ਕਰਨ ਲਈ ਪੂਰਬੀ ਦਿੱਲੀ ਦੇ ਇਲਾਕੇ ਦਾ ਦੌਰਾ ਕਰ ਰਹੀ ਸੀ। ਪੁਲਿਸ ਦੇ ਇਕ ਸਿਪਾਹੀ ਨੇ ਉਨ੍ਹਾਂ ਨੂੰ ਅੱਗੇ ਜਾਣ ਤੋਂ ਰੋਕਿਆ। ਜਦ ਉਹ ਨਾ ਮੰਨੇ, ਤਾਂ ਉਨ੍ਹਾਂ ਉੱਤੇ ਗੁੰਡਿਆਂ ਕੋਲੋਂ ਹਮਲਾ ਕਰਾ ਦਿੱਤਾ ਗਿਆ, ਜਿਨ੍ਹਾਂ ਨੇ ਉਨ੍ਹਾਂ ਦੀਆਂ ਨੋਟ-ਬੁੱਕਾਂ, ਪੈਨ ਤੇ ਹੋਰ ਸਾਮਾਨ ਖੋਹ ਲਿਆ। ਜਦ ਉਹ ਥਾਣੇ ਵਿਚ ਰਿਪੋਰਟ ਲਿਖਾਣ ਲਈ ਗਏ, ਤਾਂ ਉੱਥੇ ਬੈਠੇ ਕੁਝ ਕਾਂਗਰਸੀ ਆਗੂਆਂ ਨੇ ਉਨ੍ਹਾਂ ਦੀਆਂ ਮਿੰਨਤਾਂ ਕੀਤੀਆਂ ਕਿ ਤੁਸੀਂ ਇਸ ਮਾਮਲੇ ਨੂੰ ਤੂਲ ਨਾ ਦਿਓ; ਅਸੀਂ ਤੁਹਾਡਾ ਖੋਹਿਆ ਮਾਲ ਵਾਪਸ ਕਰਾ ਦੇਂਦੇ ਹਾਂ। ਸਪੱਸ਼ਟ ਹੈ ਕਿ ਉਨ੍ਹਾਂ ਨੂੰ ਗੁੰਡਿਆਂ ਦੀ ਜਾਣਕਾਰੀ ਸੀ ਤੇ ਲੁਟੇਰੇ ਉਨ੍ਹਾਂ ਦੀਆਂ ਹਦਾਇਤਾਂ ਅਨੁਸਾਰ ਹੀ ਕੰਮ ਕਰ ਰਹੇ ਸਨ। ਕੁਝ ਸੁਹਿਰਦ ਹਿੰਦੂ ਯੁਵਕਾਂ ਨੇ 'ਨਾਗ੍ਰਿਕ ਏਕਤਾ ਮੰਚ' ਦੇ ਨਾਂ ਦੀ ਇਕ ਸੰਸਥਾ ਸੰਗਠਤ ਕੀਤੀ। ਉਹ ਇਕ ਜਲੂਸ ਕਢ ਕੇ 'ਹਿੰਦੂ-ਸਿਖ ਭਾਈ ਭਾਈ' ਦੇ ਨਾਹਰੇ ਮਾਰ ਰਹੇ ਸਨ ਤੇ ਲੋਕਾਂ ਨੂੰ ਤਸ਼ੱਦਦ ਤੋਂ ਬਾਜ਼ ਆਉਣ ਤੇ ਫ਼ਿਰਕੂ ਸਦਭਾਵਨਾ ਕਾਇਮ ਰੱਖਣ ਦੀ ਅਪੀਲ ਕਰ ਰਹੇ ਸਨ। ਪੁਲਿਸ ਨੇ ਉਨ੍ਹਾਂ ਨੂੰ ਰੋਕ ਕੇ ਆਖਿਆ ਕਿ ਸਾਰੇ ਸ਼ਹਿਰ ਵਿਚ ਦਫ਼ਾ 144 ਲੱਗੀ ਹੋਈ ਹੈ; ਕੀ ਤੁਸਾਂ ਕਿਸੇ ਅਧਿਕਾਰੀ ਕੋਲੋਂ ਜਲੂਸ ਕੱਢਣ ਦੀ ਇਜਾਜ਼ਤ ਲਈ ਹੈ?" ਇਹੀ ਪੁਲਿਸ ਤੀਹ ਤੀਹ ਚਾਲੀ ਚਾਲੀ ਫ਼ਸਾਦੀਆਂ ਤੇ ਲੁਟੇਰਿਆਂ ਨੂੰ ਖੁਲ੍ਹੇ ਆਮ ਫਿਰਨ ਦੇ ਰਹੀ ਸੀ।

ਚਾਰ ਨਵੰਬਰ ਤਕ ਫ਼ੌਜ ਨੇ ਸਿਖ-ਵਿਰੋਧੀ ਦੰਗਿਆਂ ਉੱਤੇ ਬਹੁਤ ਹੱਦ ਤਕ ਕਾਬੂ ਪਾ ਲਿਆ ਸੀ। ਉਹ ਛਾਪੇ ਮਾਰ ਕੇ ਲੁੱਟ ਦਾ ਮਾਲ ਬਰਾਮਦ ਕਰ ਰਹੀ ਸੀ ਤੇ ਨਾਲੋ ਨਾਲ ਗ੍ਰਿਫ਼ਤਾਰੀਆਂ ਵੀ ਹੋ ਰਹੀਆਂ ਸਨ। ਇਸ ਉੱਤੇ ਲੋਕ ਸਭਾ ਦੇ ਸਥਾਨਿਕ ਕਾਂਗਰਸੀ ਮੈਂਬਰ ਆਪੋ ਆਪਣੇ ਹਲਕਿਆਂ ਦੇ ਥਾਣਿਆਂ ਦੇ ਚੱਕਰ ਲਾਣ ਅਤੇ ਫ਼ਸਾਦੀਆਂ ਤੇ ਲੁਟੇਰਿਆਂ ਦੀ ਰਿਹਾਈ ਦੀ ਮੰਗ ਕਰਨ ਵਿਚ ਲਗ ਪਏ। ਕਰੋਲ ਬਾਗ਼ ਦੀ ਪੁਲਿਸ ਨੇ ਕੁਝ ਬੰਦੇ ਗ੍ਰਿਫ਼ਤਾਰ ਕੀਤੇ ਸਨ, ਜਿਨ੍ਹਾਂ ਦੇ ਘਰੋਂ ਲੁੱਟ ਦਾ ਮਾਲ ਨਿਕਲਿਆ ਸੀ। ਧਰਮ ਦਾਸ ਸ਼ਾਸਤਰੀ ਨੇ ਥਾਣੇ ਵਿਚ ਜਾ ਕੇ ਰੋਸ ਪ੍ਰਗਟ ਕੀਤਾ ਕਿ ਮੇਰੇ ਹਲਕੇ ਦੇ ਪਿੰਡਾਂ ਵਿਚ ਪੁਲਿਸ ਨੇ ਛਾਪੇ ਕਿਉਂ ਮਾਰੇ ਹਨ। ਫਿਰ ਇਹ ਵਾਵੇਲਾ ਸ਼ੁਰੂ ਕਰ ਦਿੱਤਾ ਕਿ ਤੁਸੀਂ ਲੁੱਟ ਦਾ ਮਾਲ ਤਾਂ ਰਖ ਸਕਦੇ ਹੋ, ਪਰ ਮੇਰੇ ਬੰਦਿਆਂ ਨੂੰ ਗ੍ਰਿਫ਼ਤਾਰ ਨਹੀਂ ਕਰ ਸਕਦੇ, ਕਿਉਂਕਿ ਇਹ 'ਅਪਰਾਧੀ' ਨਹੀਂ ਹਨ। ਉਨ੍ਹਾਂ ਦੇ ਖ਼ਿਆਲ ਵਿਚ ਲੁੱਟ ਦਾ ਮਾਲ ਰੱਖਣ ਵਾਲਾ ਅਪਰਾਧੀ ਨਹੀਂ ਸਮਝਿਆ ਜਾ ਸਕਦਾ ਸੀ। ਦਿੱਲੀ ਯੂਥ ਕਾਂਗਰਸ ਦਾ ਪ੍ਰਧਾਨ ਬ੍ਰਹਮ ਯਾਦਵ ਉਨ੍ਹਾਂ ਤੋਂ ਵੀ ਦੋ ਕਦਮ ਅੱਗੇ ਲੰਘ ਗਿਆ। ਉਸ ਦੇ ਹਲਕੇ ਦੇ ਇਕ ਪਿੰਡ ਕੋਡਾਪੁਰ ਵਿਚ ਵੱਡੇ ਪੈਮਾਨੇ ਉੱਤੇ ਲੁਟ-ਮਾਰ ਤੇ ਹੱਤਿਆਵਾਂ ਹੋਈਆਂ ਸਨ। ਉੱਥੇ ਫ਼ੌਜ

ਤੇ ਪੁਲਿਸ ਨੇ ਸਾਂਝੇ ਛਾਪੇ ਮਾਰੇ ਤੇ ਕੁਝ ਗ੍ਰਿਫ਼ਤਾਰੀਆਂ ਕੀਤੀਆਂ। ਯਾਦਵ ਨੇ ਲੈਫ਼ਟੀਨੈਂਟ ਗਵਰਨਰ ਕੋਲ ਸ਼ਿਕਾਇਤ ਕੀਤੀ ਕਿ ਫ਼ੌਜ ਦੇ ਇਕ ਸਿਖ ਅਫ਼ਸਰ ਤੇ ਪੁਲਿਸ ਦੇ ਇਕ ਸਿਖ ਥਾਣੇਦਾਰ ਨੂੰ ਉਹਦੇ ਇਲਾਕੇ ਵਿਚ ਆਉਣ ਦਾ ਕੋਈ ਹੱਕ ਨਹੀਂ ਸੀ ਤੇ ਉਨ੍ਹਾਂ ਨੇ ਫ਼ਿਰਕੂਪੁਣੇ ਨਾਲ ਸਾਰੀ ਕਾਰਵਾਈ ਕੀਤੀ ਹੈ। ਬਾਅਦ ਦੀ ਜਾਂਚ-ਪੜਤਾਲ ਤੋਂ ਇਹ ਸਾਬਤ ਹੋ ਗਿਆ ਕਿ ਦੋਹਾਂ ਅਫ਼ਸਰਾਂ ਨੇ ਪੂਰੀ ਈਮਾਨਦਾਰੀ ਨਾਲ ਆਪਣਾ ਫ਼ਰਜ਼ ਅਦਾ ਕੀਤਾ ਸੀ। ਇਹ ਸੀ, ਸਾਡੇ ਸੰਵਿਧਾਨ ਦੀ ਇਕ ਧਾਰਾ ਧਰਮ-ਨਿਰਪੱਖਤਾ ਦਾ ਇਕ ਨਮੂਨਾ, ਜਿਸ ਤੇ ਸਾਡੀ ਸਰਕਾਰ ਇੰਨਾ ਫ਼ਖ਼ਰ ਕਰਦੀ ਹੈ।

ਉਪਰੋਕਤ ਦਰਦਨਾਕ ਹਾਲਾਤ ਨੂੰ ਪੜ੍ਹ ਕੇ ਹਰੇਕ ਸਿੱਖ ਦਾ ਹਿਰਦਾ ਗ਼ੁੱਸੇ ਤੇ ਨਫ਼ਰਤ ਨਾਲ ਭਰ ਜਾਏਗਾ ਤੇ ਜੇ ਉਨ੍ਹਾਂ ਨੂੰ ਇਹ ਦੱਸਿਆ ਜਾਏ ਕਿ ਇਸ ਘੱਲੂਘਾਰੇ ਵਿਚ ਇਕ ਮਾਈ ਦੇ, ਜੋ ਪਹਿਲਾਂ ਹੀ ਵਿਧਵਾ ਸੀ, ਤਿੰਨੋਂ ਪੁੱਤਰ ਮਾਰੇ ਗਏ ਤੇ ਘਰ ਵਿਚ ਚਾਰ ਵਿਧਵਾਵਾਂ ਤੇ ਛੋਟੇ ਛੋਟੇ ਬੱਚੇ ਰਹਿ ਗਏ ਜਾਂ ਇਕ ਪੁਰਸ਼ ਦੇ ਤਿੰਨ ਭਰਾ ਮਾਰੇ ਗਏ ਤੇ ਉਸ ਦੇ ਉੱਤੇ ਚਹੁੰ ਪਰਵਾਰਾਂ ਦੀ ਪਾਲਣਾ ਦਾ ਭਾਰ ਪੈ ਗਿਆ, ਤਾਂ ਉਹ ਹੋਰ ਵੀ ਕ੍ਰੋਧਿਤ ਹੋ ਉੱਠਣਗੇ। ਪਰ ਮੇਰਾ ਖ਼ਿਆਲ ਹੈ ਕਿ ਇਹ ਗ਼ੁੱਸਾ ਤੇ ਨਫ਼ਰਤ ਸਾਰੀ ਹਿੰਦੂ ਕੌਮ ਦੇ ਵਿਰੁੱਧ ਨਹੀਂ ਹੋਣੀ ਚਾਹੀਦੀ। ਆਓ! ਜ਼ਰਾ ਠਰ੍ਹੰਮੇ ਨਾਲ ਵਿਚਾਰ ਕਰੀਏ। ਹਰੇਕ ਕੌਮ ਵਿਚ ਕੁਝ ਗੁੰਡੇ, ਬਦਮਾਸ਼, ਲੁਟੇਰੇ ਤੇ ਹਤਿਆਰੇ ਤਾਂ ਹੁੰਦੇ ਹੀ ਹਨ ਅਤੇ ਦਿੱਲੀ ਦੀ ਪੰਜਾਹ ਸੱਠ ਲੱਖ ਦੀ ਆਬਾਦੀ ਵਿੱਚ ਅਜਿਹੇ ਢਾਈ ਤਿੰਨ ਹਜ਼ਾਰ ਬੰਦੇ ਹੋਣੇ ਕੁਦਰਤੀ ਗੱਲ ਸੀ। ਫਿਰ ਇਨ੍ਹਾਂ ਨੂੰ ਜਥੇਬੰਦ ਕਰਨ ਵਾਲੇ ਤਾਂ ਉਹ ਪੰਜਾਹ ਸੱਠ ਛੋਟੇ-ਵੱਡੇ ਨੀਤੀਵਾਨ ਸਨ, ਜੋ ਆਪਣੀਆਂ ਗੱਦੀਆਂ ਕਾਇਮ ਰੱਖਣ ਤੇ ਆਪਣੇ ਹਲਵੇ-ਮਾਂਡੇ ਦੀ ਖ਼ਾਤਰ ਇਹ ਸਭ ਅੱਤਿਆਚਾਰ ਕਰਾ ਰਹੇ ਸਨ। ਆਖ਼ਰ ਲੋਕ ਸਭਾ ਦੀਆਂ ਚੋਣਾਂ ਜੁ ਸਿਰ ਤੇ ਆ ਗਈਆਂ ਸਨ। ਪਰ ਦੂਜੇ ਪਾਸੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ, ਗਵਰਨਰੀ, ਗ੍ਰਿਹ ਸਕੱਤਰੀ ਜਾਂ ਵਿਦੇਸ਼ ਸਕੱਤਰੀ ਵਰਗੀਆਂ ਉੱਚੀਆਂ ਉੱਚੀਆਂ ਪਦਵੀਆਂ ਤੇ ਰਹਿ ਚੁਕੇ ਜਿਨ੍ਹਾਂ ਸੁਹਿਰਦ ਸੱਜਣਾਂ ਨੇ ਉੱਪਰ ਲਿਖੀਆਂ ਰਿਪੋਰਟਾਂ ਤਿਆਰ ਕੀਤੀਆਂ ਸਨ, ਉਹ ਵੀ ਤਾਂ ਸਾਰੇ ਹਿੰਦੂ ਜਾਂ ਗ਼ੈਰ-ਸਿਖ ਹੀ ਸਨ। ਫਿਰ ਜਿਨ੍ਹਾਂ ਨੇ 'ਨਾਗ੍ਰਿਕ ਸੇਵਾ ਮੰਚ' ਸੰਗਠਤ ਕੀਤਾ ਅਤੇ ਵਖ ਵਖ ਕੈਂਪਾਂ ਵਿਚ ਰਹਿ ਰਹੇ, ਉੱਜੜੇ-ਪੁੱਜੜੇ ਸਿਖ ਪਰਵਾਰਾਂ ਦੀ ਸਰਗਰਮ ਸਹਾਇਤਾ ਕੀਤੀ ਤੇ ਉਨ੍ਹਾਂ ਨੂੰ ਕੁਝ ਰਾਹਤ ਪਹੁੰਚਾਈ, ਉਹ ਵੀ ਹਿੰਦੂ ਸਨ। ਇਸ ਤੋਂ ਛੁਟ ਕੁਝ ਅਜਿਹੇ ਹਿੰਦੂ ਪਰਵਾਰ ਵੀ ਸਨ, ਜਿਨ੍ਹਾਂ ਨੇ ਆਪਣੀਆਂ ਜਾਨਾਂ ਨੂੰ ਖ਼ਤਰੇ ਵਿਚ ਪਾ ਕੇ ਅਤੇ ਮਾਲੀ ਨੁਕਸਾਨ ਉਠਾ ਕੇ ਆਪਣੇ ਗਵਾਂਢੀ ਸਿਖ ਪਰਵਾਰਾਂ ਦੀ ਰੱਖਿਆ ਕੀਤੀ। ਅਨੁਮਾਨ ਹੈ ਕਿ ਅਜਿਹੇ ਸੁਹਿਰਦ ਹਿੰਦੂ ਪਰਵਾਰਾਂ ਨੇ ਲਗ ਪਗ ਛੇ ਸੌ ਸਿੱਖਾਂ ਦੀਆਂ ਜਾਨਾਂ ਬਚਾਈਆਂ ਹੋਣਗੀਆਂ। ਸੋ ਪਾਠਕਾਂ ਦਾ ਮਨ ਸੰਤੁਲਤ ਰੱਖਣ ਲਈ ਇੱਥੇ ਮੈਂ ਕੁਝ ਘਟਨਾਵਾਂ ਦਾ ਵਰਣਨ ਕਰਨਾ ਉਚਿਤ ਸਮਝਦਾ ਹਾਂ।

ਕਲਿਆਨਪੁਰੀ ਥਾਣੇ ਦੇ ਸਾਹਮਣੇ ਬਣੇ ਇਕ ਆਰਜ਼ੀ ਕੈਂਪ ਵਿਚ ਇਕ ਹਿੰਦੂ ਪਰਵਾਰ ਵੀ ਰਹਿ ਰਿਹਾ ਸੀ। ਉਨ੍ਹਾਂ ਨੇ ਦੱਸਿਆ ਕਿ ਸ਼ਰਾਰਤੀਆਂ ਨੇ ਉਨ੍ਹਾਂ ਦਾ ਘਰ ਇਸ ਕਰਕੇ ਸਾੜ ਦਿੱਤਾ ਸੀ, ਕਿਉਂਕਿ ਉਨ੍ਹਾਂ ਨੇ ਆਪਣੇ ਗਵਾਂਢੀ ਸਿਖ ਪਰਵਾਰਾਂ ਨੂੰ ਪਨਾਹ ਦਿੱਤੀ ਸੀ। ਭੋਗਲ ਵਿਚ ਡਾਕਖ਼ਾਨੇ ਦੇ ਇਕ ਮੁਲਾਜ਼ਮ ਨੇ ਦੱਸਿਆ ਕਿ ਉਹਦੇ ਘਰ ਨੂੰ ਤੋੜਿਆ-ਫੋੜਿਆ ਗਿਆ ਤੇ ਕੁਝ ਹਿੱਸਾ ਸਾੜ ਦਿੱਤਾ ਗਿਆ, ਕਿਉਂਕਿ ਉਹਨੇ ਦੋ ਸਿੱਖਾਂ ਦੀ ਮਦਦ ਕੀਤੀ ਸੀ। ਬਾਅਦ ਵਿਚ ਉਹ ਫ਼ੌਜ ਦੀ ਮਦਦ ਨਾਲ ਉਨ੍ਹਾਂ ਨੂੰ ਆਪਣੇ ਘਰ ਫ਼ਰੀਦਾਬਾਦ ਲੈ ਗਿਆ। ਇਕ ਸੇਵਕ ਸੰਮਤੀ ਨੂੰ ਦੋ ਸਿਖ ਪਰਵਾਰਾਂ ਦਾ ਪਤਾ ਲੱਗਾ, ਜਿਨ੍ਹਾਂ ਨੂੰ ਖਿਚੜੀਪੁਰ ਵਿਚ ਇਕ ਗ਼ਰੀਬ ਹਿੰਦੂ

ਪਰਵਾਰ ਨੇ ਪਨਾਹ ਦਿੱਤੀ ਹੋਈ ਸੀ। ਜਦ ਉਹ ਉਨ੍ਹਾਂ ਨੂੰ ਬਚਾਣ ਲਈ ਉਸ ਪਾਸੇ ਗਏ, ਤਾਂ ਇਕ ਫ਼ਸਾਦੀ ਹਜੂਮ ਨੇ ਉਨ੍ਹਾਂ ਦਾ ਰਾਹ ਰੋਕ ਲਿਆ। ਇਕ ਸਥਾਨਿਕ ਹਿੰਦੂ ਯੁਵਕ ਖ਼ਤਰੇ ਦੀ ਪਰਵਾਹ ਨਾ ਕਰਦਾ ਹੋਇਆ ਉਨ੍ਹਾਂ ਨੂੰ ਉਸ ਘਰ ਲੈ ਗਿਆ ਤੇ ਸੰਮਤੀ ਨੇ ਦੋਹਾਂ ਪਰਵਾਰਾਂ ਨੂੰ ਕੈਂਪ ਵਿਚ ਪਹੁੰਚਾਇਆ। ਦੂਜੇ ਦਿਨ ਇਕ ਸਹਾਇਤਾ-ਕੈਂਪ ਵਿਚ ਰਹਿ ਰਹੀ ਇਕ ਇਸਤ੍ਰੀ ਨੇ ਇਸ ਸੰਮਤੀ ਨੂੰ ਆਖਿਆ ਕਿ ਉਸ ਦੀ ਲੜਕੀ ਨੂੰ ਤਿਰਲੋਕਪੁਰੀ ਵਿਚ ਇਕ ਹਿੰਦੂ ਪਰਵਾਰ ਨੇ ਸੰਭਾਲਿਆ ਹੋਇਆ ਹੈ; ਉਹਦਾ ਪਤਾ ਕਢ ਕੇ ਉਹਨੂੰ ਉਹਦੇ ਕੋਲ ਪਹੁੰਚਾਇਆ ਜਾਏ। ਸੰਮਤੀ ਨੇ ਖੋਜ ਕਢ ਕੇ ਉਹ ਲੜਕੀ ਵੀ ਲਿਆਂਦੀ ਤੇ ਉਸੇ ਘਰੋਂ ਦੋ ਹੋਰ ਛੋਟੇ ਬੱਚੇ ਵੀ, ਜਿਨ੍ਹਾਂ ਦੇ ਮਾਪਿਆਂ ਦਾ ਪਤਾ ਹੀ ਨਹੀਂ ਸੀ। ਜਰਨੈਲੀ ਸੜਕ ਦੇ ਉੱਤੇ ਹਿੰਦੂਆਂ ਨੇ ਇਕ ਗੁਰਦੁਆਰੇ ਤੇ ਉਹਦੇ ਨਾਲ ਲਗਦੀ ਇਕ ਸਿਖ ਡਾਕਟਰ ਦੀ ਦੁਕਾਨ ਨੂੰ ਅੱਗ ਲੱਗਣ ਤੋਂ ਬਚਾਇਆ। ਇਸ ਦੇ ਨੇੜੇ ਦਿੱਲੀ ਯੂਨੀਵਰਸਿਟੀ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਲਗਾਤਾਰ 24 ਘੰਟੇ ਨਾਲ ਲਗਦੀਆਂ ਉਨ੍ਹਾਂ ਗਲੀਆਂ ਦੇ ਸਿਰਿਆਂ ਉੱਤੇ ਪਹਿਰਾ ਦਿੱਤਾ, ਜਿਨ੍ਹਾਂ ਵਿਚ ਸਿਖ ਪਰਵਾਰ ਰਹਿ ਰਹੇ ਸਨ। ਮੁਨੀਰਕਾ ਪਿੰਡ ਤੇ ਮੁਨੀਰਕਾ ਕਾਲੋਨੀ ਦੇ ਹਿੰਦੂਆਂ ਨੇ ਦਸ ਸਿਖ ਪਰਵਾਰਾਂ ਨੂੰ ਪਨਾਹ ਦਿੱਤੀ। ਇੱਸੇ ਤਰ੍ਹਾਂ ਮਯੂਰ ਵਿਹਾਰ ਵਿਚ ਰਹਿੰਦੇ ਤੀਹ ਸਿਖ ਪਰਵਾਰਾਂ ਦੀ ਉਨ੍ਹਾਂ ਦੇ ਹਿੰਦੂ ਗਵਾਂਢੀ ਲਗਾਤਾਰ ਰੱਖਿਆ ਕਰਦੇ ਰਹੇ ਤੇ ਉਨ੍ਹਾਂ ਨੇ ਫ਼ਸਾਦੀਆਂ ਨੂੰ ਆਪਣੇ ਅਹਾਤੇ ਵਿਚ ਦਾਖ਼ਲ ਹੀ ਨਾ ਹੋਣ ਦਿੱਤਾ। ਸੁਲਤਾਨਪੁਰੀ ਦੇ ਗੁਲਜ਼ਾਰ ਸਿੰਘ ਨੂੰ ਮੰਗੋਲਪੁਰੀ ਦੇ ਇਕ ਹਿੰਦੂ ਪਰਵਾਰ ਨੇ, ਜਿਸ ਨੂੰ ਉਹ ਜਾਣਦਾ ਤਕ ਨਹੀਂ ਸੀ, ਆਪਣੇ ਘਰ ਪਨਾਹ ਦੇ ਕੇ ਬਚਾਇਆ। ਇੱਸੇ ਤਰ੍ਹਾਂ ਮੰਗੋਲਪੁਰੀ ਦੇ ਇਕ ਡਾਕਟਰ ਨੇ ਕੇਹਰ ਸਿੰਘ ਨਾਮੀ ਇਕ ਸਿਖ ਨੂੰ ਬਚਾਇਆ, ਜੀਹਨੂੰ ਫ਼ਸਾਦੀਆਂ ਨੇ ਬੁਰੀ ਤਰ੍ਹਾਂ ਕੁੱਟਿਆ ਸੀ ਤੇ ਉਹਨੂੰ ਮੁਰਦਾ ਸਮਝ ਕੇ ਛਡ ਗਏ ਸਨ। ਸੁਹਿਰਦ ਡਾਕਟਰ ਨੇ ਇਕ ਗਵਾਂਢੀ ਦੀ ਕਾਰ ਮੰਗ ਕੇ ਉਹਨੂੰ ਹਸਪਤਾਲ ਪਹੁੰਚਾਇਆ ਤੇ ਇਸ ਤਰ੍ਹਾਂ ਉਹਦੀ ਜਾਨ ਬਚ ਗਈ। ਹਜੂਮ ਨੇ ਪੱਥਰ-ਵੱਟੇ ਮਾਰ ਕੇ ਕਾਰ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ। ਮੰਗੋਲਪੁਰੀ ਵਿਚ ਹੀ ਇਕ ਹਿੰਦੂ ਸੀ-ਲਾਲ 1947 ਵਿਚ ਸਿਆਲਕੋਟ ਤੋਂ ਉੱਜੜ-ਪੁੱਜੜ ਕੇ ਆਇਆ ਹੋਇਆ ਸੀ। ਉਸ ਦੇ ਭਰਾ ਦੀ ਦੁਕਾਨ ਨੂੰ ਲੁੱਟ-ਪੁੱਟ ਕੇ ਸਾੜ ਦਿੱਤਾ ਗਿਆ, ਕਿਉਂਕਿ ਉਸ ਨੇ ਸਿੱਖਾਂ ਦੇ ਬਚਾਅ ਲਈ ਬਸਤੀ ਵਿਚ ਇਕ ਅਮਨ ਕਮੇਟੀ ਬਣਾਈ ਸੀ ਤੇ ਕਈ ਸਿਖ ਪਰਵਾਰਾਂ ਨੂੰ ਆਪਣੇ ਘਰ ਵਿਚ ਪਨਾਹ ਦਿੱਤੀ ਸੀ। ਇੱਸੇ ਜੁਰਮ ਵਿਚ ਇਕ ਬਜ਼ੁਰਗ ਹਿੰਦੂ ਸੱਜਣ ਦੇ ਘਰ ਵਿੱਚੋਂ ਗਹਿਣੇ, ਕਪੜੇ ਤੇ ਹੋਰ ਸਾਮਾਨ ਲੁੱਟ ਲਿਆ ਗਿਆ, ਜੋ ਉਸ ਨੇ ਆਪਣੀ ਲੜਕੀ ਦੇ ਦਾਜ ਲਈ ਬਣਾਇਆ ਹੋਇਆ ਸੀ। ਨਾਂਗਲੋਈ ਦੇ ਇਕ ਮੁਸਲਮਾਨ ਯੁਵਕ ਤੇ ਉਸ ਦੇ ਪਰਵਾਰ ਨੇ ਬਹੁਤ ਸਾਰੇ ਸਿਖ ਮਰਦਾਂ, ਇਸਤ੍ਰੀਆਂ ਤੇ ਬੱਚਿਆਂ ਨੂੰ ਆਪਣੇ ਘਰ ਵਿਚ ਪਨਾਹ ਦਿੱਤੀ ਤੇ ਫਿਰ ਉਨ੍ਹਾਂ ਨੂੰ ਚੋਰੀ-ਛਿਪੇ ਰੀਲੀਫ਼ ਕੈਂਪਾਂ ਵਿਚ ਪਹੁੰਚਾਇਆ।

ਇਹ ਆਪਣੀ ਕਿਸਮ ਦੀ ਇੱਕੋ ਇਕ ਤੇ ਇਸ ਲਈ ਅਨੋਖੀ ਉਦਾਹਰਣ ਹੈ, ਜਿਸ ਵਿਚ ਇਕ ਹਿੰਦੂ ਥਾਣੇਦਾਰ ਨੇ ਆਪਣੇ ਥਾਣੇ ਦੇ ਹਜ਼ਾਰਾਂ ਸਿੱਖਾਂ ਨੂੰ ਬਲਦੀ ਦੇ ਬੁੱਥੇ ਵਿੱਚੋਂ ਕੱਢਿਆ। ਇਹ ਸੀ ਫ਼ਰਾਸ਼ ਬਜ਼ਾਰ ਥਾਣੇ ਦਾ ਇੰਚਾਰਜ ਦਰਿਆਓ ਸਿੰਘ। ਉਸ ਨੇ ਆਪਣੇ ਥਾਣੇ ਦੇ 69 ਸਿਪਾਹੀ ਨਾਲ ਲੈ ਕੇ ਗੁੰਡਿਆਂ ਦੇ ਇਕ ਵੱਡੇ ਹਜੂਮ ਨੂੰ ਮਾਰ ਭਜਾਇਆ ਤੇ ਫਿਰ ਸਾਰੇ ਸਿਖ ਪਰਵਾਰਾਂ ਨੂੰ ਉਨ੍ਹਾਂ ਦੇ ਸੜ ਰਹੇ ਮਕਾਨਾਂ ਵਿੱਚੋਂ ਬਾਹਰ ਕਢ ਕੇ ਥਾਣੇ ਵਿਚ ਲਿਆਂਦਾ। ਫਿਰ ਉਸ ਨੇ ਪੁਲਿਸ ਲਈ ਨਵੇਂ ਬਣੇ 76 ਕੁਆਰਟਰਾਂ ਦੇ ਜੰਦਰੇ ਤੁੜਵਾਏ ਤੇ ਉਨ੍ਹਾਂ ਵਿਚ ਬੇਘਰ ਹੋ ਗਏ ਸਿੱਖਾਂ ਨੂੰ ਪਨਾਹ ਦਿੱਤੀ। ਬਾਅਦ ਵਿਚ ਇਹ ਕੁਆਰਟਰ ਆਰਜ਼ੀ ਰੀਲੀਫ਼ ਕੈਂਪ ਬਣਾ

ਦਿੱਤੇ ਗਏ, ਜਿੱਥੇ ਦੋ ਹਜ਼ਾਰ ਬੇਘਰੇ ਰਹਿੰਦੇ ਰਹੇ।

ਇਸ ਸਾਰੇ ਘੱਲੂਘਾਰੇ ਵਿਚ ਸਿੱਖਾਂ ਦੇ ਜਾਨੀ ਤੇ ਆਰਥਿਕ ਨੁਕਸਾਨ ਦਾ ਸਹੀ ਅਨੁਮਾਨ ਲਾਉਣਾ ਔਖਾ ਹੈ। ਫਿਰ ਸਾਡੀ ਸਰਕਾਰ ਅਤੇ ਇਸ ਦਾ ਸਮੁੱਚਾ ਪ੍ਰਸ਼ਾਸਨ ਤਾਂ ਇਸ ਨੂੰ ਘਟ ਤੋਂ ਘਟ ਦਰਸਾਣ ਦਾ ਜਤਨ ਕਰ ਰਿਹਾ ਸੀ। ਪਹਿਲੇ ਦੋ ਦਿਨਾਂ ਵਿਚ ਜਿਸ ਇਲਾਕੇ ਵਿਚ 55-60 ਬੰਦਿਆਂ ਦੀ ਹੱਤਿਆ ਹੋਈ ਸੀ, ਉੱਥੇ ਲੈਫ਼ਟੀਨੈਂਟ ਗਵਰਨਰ 4-5 ਹੀ ਦੱਸ ਰਿਹਾ ਸੀ। ਪਰ ਆਖ਼ਰਕਾਰ ਸਰਕਾਰ ਨੇ ਇਹ ਮੰਨ ਲਿਆ ਕਿ ਲਗ ਪਗ 2500 ਬੰਦਿਆਂ ਦੀ ਹੱਤਿਆ ਹੋਈ ਹੈ। ਇਸ ਦੇ ਮੁਕਾਬਲੇ ਵਿਚ ਸਿਖ ਫ਼ੋਰਮ ਨੇ, 'ਜੀਹਦੇ ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸਾਬਕ ਚੀਫ਼ ਜਸਟਿਸ ਰਣਜੀਤ ਸਿੰਘ ਨਰੂਲਾ, ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਤੇ ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ ਵਰਗੇ ਪਤਿਵੰਤੇ ਸ਼ਾਮਲ ਸਨ, ਪੂਰੀ ਜਾਂਚ-ਪੜਤਾਲ ਕਰ ਕੇ ਸਰਕਾਰ ਨੂੰ 3200 ਤੋਂ ਵਧ ਨਾਵਾਂ ਦੀ ਸੂਚੀ ਪੇਸ਼ ਕੀਤੀ, ਜਿਨ੍ਹਾਂ ਦੀਆਂ ਜਾਨਾਂ ਸਿਖ-ਵਿਰੋਧੀ ਦੰਗਿਆਂ ਵਿਚ ਗਈਆਂ ਸਨ। ਆਰਥਿਕ ਨੁਕਸਾਨ ਦਾ ਅੰਦਾਜ਼ਾ ਪਹਿਲਾਂ ਦਿੱਤੀਆਂ ਘਟਨਾਵਾਂ ਤੋਂ ਲਾਇਆ ਜਾ ਸਕਦਾ ਹੈ, ਜਿਸ ਵਿਚ ਕਈ ਮਹੱਲ-ਨੁਮਾ ਕੋਠੀਆਂ, ਕਾਰਖ਼ਾਨਿਆਂ ਤੇ ਹੋਟਲਾਂ ਦੇ ਸਾੜੇ ਤੇ ਲੁੱਟੇ ਜਾਣ ਦਾ ਜ਼ਿਕਰ ਹੈ। ਵਖ ਵਖ ਅਖ਼ਬਾਰਾਂ ਦੇ ਬਿਆਨਾਂ ਅਨੁਸਾਰ ਕੇਵਲ ਚਾਂਦਨੀ ਚੌਕ ਵਿੱਚੋਂ 15 ਕਰੋੜ ਰੁਪਏ ਦੀਆਂ ਸਾੜ੍ਹੀਆਂ ਲੁੱਟ ਕੇ ਪਰਾਂਠਿਆਂ ਵਾਲੀ ਗਲੀ ਵਿਚ ਅੱਗ ਦੀ ਭੇਟ ਕੀਤੀਆਂ ਗਈਆਂ। ਪੰਚ ਕੂਈਆਂ ਰੋਡ ਉੱਤੇ ਸਿੱਖਾਂ ਦੀਆਂ ਫ਼ਰਨੀਚਰ ਦੀਆਂ ਸਭ ਦੁਕਾਨਾਂ ਸਾੜ ਕੇ ਸੁਆਹ ਕਰ ਦਿੱਤੀਆਂ ਗਈਆਂ। ਆਰਥਿਕ ਤੋਂ ਵਧ ਭਾਵਨਾਤਮਕ ਨੁਕਸਾਨ ਇਹ ਸੀ ਕਿ ਦਿੱਲੀ ਦੇ 450 ਗੁਰਦੁਆਰਿਆਂ ਵਿੱਚੋਂ 300 ਗੁਰਦੁਆਰੇ ਸਾੜ ਦਿੱਤੇ ਗਏ ਜਾਂ ਉਨ੍ਹਾਂ ਨੂੰ ਸਖ਼ਤ ਨੁਕਸਾਨ ਪਹੁੰਚਾਇਆ ਗਿਆ। ਇੱਸੇ ਤਰ੍ਹਾਂ 100 ਖ਼ਾਲਸਾ ਸਕੂਲ ਸਾੜੇ ਜਾਂ ਤਬਾਹ ਕੀਤੇ ਗਏ। ਸ਼ਾਨਦਾਰ ਧਨਵਾਨ ਇਲਾਕਿਆਂ—ਕਨਾਟ ਪਲੇਸ, ਮਹਾਰਾਣੀ ਬਾਗ਼, ਵਸੰਤ ਵਿਹਾਰ ਆਦਿ ਵਿਚ ਅਤੇ ਵੱਡੀਆਂ ਵੱਡੀਆਂ ਮਾਰਕਿਟਾਂ ਵਿਚ ਜੋ ਕੋਠੀਆਂ ਤੇ ਦੁਕਾਨਾਂ ਲੁੱਟੀਆਂ ਤੇ ਸਾੜੀਆਂ ਗਈਆਂ, ਉਨ੍ਹਾਂ ਵਿੱਚੋਂ ਹਰੇਕ ਦਾ ਇਕ ਇਕ ਕਰੋੜ ਰੁਪਏ ਤੋਂ ਵਧ ਦਾ ਹੀ ਨੁਕਸਾਨ ਹੋਇਆ ਹੋਵੇਗਾ। ਸੋ ਨੁਕਸਾਨ ਦਾ ਘਟ ਤੋਂ ਘਟ ਅਨੁਮਾਨ ਵੀ ਇਕ ਹਜ਼ਾਰ ਕਰੋੜ ਰੁਪਏ ਬਣਦਾ ਹੈ। ਲੁੱਟ ਦਾ ਚੋਖਾ ਮਾਲ ਬਰਾਮਦ ਹੋਇਆ ਸੀ, ਪਰ ਇਹਦੇ ਵਿੱਚੋਂ ਅੱਧਾ ਤਾਂ ਪੁਲਿਸ ਦੇ ਘਰਾਂ ਵਿਚ ਪਹੁੰਚ ਗਿਆ ਅਤੇ ਬਾਕੀ ਦਾ ਅੱਧਾ ਲੈਣ ਲਈ ਮਾਲਕਾਂ ਨੂੰ ਚੋਖੀ ਭੱਜ-ਦੌੜ ਕਰਨੀ ਤੇ ਖੱਜਲ-ਖੁਆਰੀ ਸਹਿਣੀ ਪਈ।

ਇਹ ਕੁਦਰਤੀ ਸੀ ਕਿ ਪ੍ਰਭਾਵਤ ਲੋਕ ਇਸ ਮਾਰ-ਧਾੜ ਤੋਂ ਬਚਣ ਲਈ ਆਪਣੇ ਘਰ, ਜੋ ਆਮ ਤੌਰ ਤੇ ਸੜ ਗਏ ਸਨ, ਛਡ ਕੇ ਸੁਰੱਖਿਅਤ ਥਾਵਾਂ ਤੇ ਪਹੁੰਚਣ ਦਾ ਜਤਨ ਕਰਦੇ। ਇਹ ਕਾਰਵਾਈ ਪਹਿਲੀ ਨਵੰਬਰ ਤੋਂ ਹੀ ਸ਼ੁਰੂ ਹੋ ਗਈ ਸੀ, ਪਰ ਸਾਡੀ ਸਰਕਾਰ ਤਾਂ ਸਥਿਤੀ ਦੀ ਗੰਭੀਰਤਾ ਨੂੰ ਸਮਝ ਜਾਂ ਮੰਨ ਹੀ ਨਹੀਂ ਰਹੀ ਸੀ, ਇਸ ਲਈ ਦਿੱਲੀ ਪ੍ਰਸ਼ਾਸਨ ਨੇ ਬਚੇ ਹੋਏ ਲੋਕਾਂ ਨੂੰ ਰਾਹਤ ਦੇਣ ਜਾਂ ਮੁੜ-ਵਸਾਣ ਲਈ ਸਮੇਂ ਸਿਰ ਕੋਈ ਕਦਮ ਨਾ ਚੁੱਕਿਆ, ਜਿਸ ਕਰਕੇ ਬਹੁਤੇ ਲੋਕ ਗੁਰਦੁਆਰਿਆਂ ਵਿਚ ਬਣੇ ਆਰਜ਼ੀ ਕੈਂਪਾਂ ਵਿਚ ਪਨਾਹ ਲੈਣ ਲਈ ਮਜਬੂਰ ਹੋ ਗਏ, ਜਿੱਥੇ ਸੰਗਤਾਂ ਨੇ ਉਨ੍ਹਾਂ ਲਈ ਲੰਗਰ, ਕਪੜਿਆਂ ਤੇ ਰਜ਼ਾਈਆਂ ਆਦਿ ਦਾ ਪ੍ਰਬੰਧ ਕੀਤਾ। ਇਹੋ ਜਿਹੇ 18 ਆਰਜ਼ੀ ਕੈਂਪਾਂ—ਬਾਲਾ ਸਾਹਿਬ, ਦੁਰਗਾਪੁਰੀ, ਤਿਲਕਪੁਰੀ ਤੇ ਪਾਂਡਾ ਨਗਰ ਆਦਿ ਦੇ ਗੁਰਦੁਆਰਿਆਂ ਅਤੇ ਨਾਨਕਸਰ ਆਸ਼ਰਮ ਵਿਚ 13000 ਬੰਦਿਆਂ ਨੇ ਪਨਾਹ ਲਈ। ਦਿੱਲੀ ਪ੍ਰਸ਼ਾਸਨ ਨੇ 3 ਜੂਨ ਤੋਂ ਛੇ ਸਕੂਲਾਂ ਤੇ ਚਾਰ ਥਾਣਿਆਂ ਵਿਚ ਸਹਾਇਤਾ ਕੈਂਪ ਬਣਾਏ, ਜਿਨ੍ਹਾਂ ਵਿਚ ਲਗ ਪਗ 25000 ਬੰਦੇ ਦਾਖ਼ਲ ਕੀਤੇ ਗਏ, ਪਰ ਰਾਹਤ ਨਾਕਾਫ਼ੀ ਸੀ ਤੇ ਜ਼ਖ਼ਮੀਆਂ

ਦੇ ਇਲਾਜ ਤੇ ਸੇਵਾ-ਸੰਭਾਲ ਅਤੇ ਟੱਟੀਆਂ ਦਾ ਵੀ ਤਸੱਲੀਬਖ਼ਸ਼ ਪ੍ਰਬੰਧ ਨਹੀਂ ਸੀ। ਫ਼ੈਸਲਾ ਇਹ ਕੀਤਾ ਗਿਆ ਕਿ ਚਲਾਣਾ ਕਰ ਗਏ ਹਰੇਕ ਆਦਮੀ ਦੇ ਵਾਰਸਾਂ ਨੂੰ ਦਸ ਦਸ ਹਜ਼ਾਰ ਰੁਪਏ, ਸਖ਼ਤ ਜ਼ਖ਼ਮੀਆਂ ਨੂੰ ਪੰਜ ਪੰਜ ਹਜ਼ਾਰ ਤੇ ਮਾਮੂਲੀ ਜ਼ਖ਼ਮੀਆਂ ਨੂੰ ਇਕ ਇਕ ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਜਾਏ। ਇੱਸੇ ਤਰ੍ਹਾਂ ਪੂਰੇ ਸੜ ਗਏ ਮਕਾਨਾਂ ਲਈ ਦਸ ਦਸ ਹਜ਼ਾਰ ਤੇ ਥੋੜੇ ਸੜੇ ਮਕਾਨਾਂ ਲਈ ਪੰਜ ਪੰਜ ਹਜ਼ਾਰ ਦੀ ਸਹਾਇਤਾ ਮਨਜ਼ੂਰ ਕੀਤੀ ਗਈ। ਪਰ ਇਹ ਨਾਕਾਫ਼ੀ ਸਹਾਇਤਾ ਵੀ ਪਹਿਲਾਂ ਪਹਿਲਾਂ ਉਨ੍ਹਾਂ ਲੋਕਾਂ ਨੂੰ ਨਾ ਦਿੱਤੀ ਗਈ, ਜੋ ਗ਼ੈਰ-ਸਰਕਾਰੀ ਕੈਂਪਾਂ ਅਰਥਾਤ ਗੁਰਦੁਆਰਿਆਂ ਵਿਚ ਰਹਿ ਰਹੇ ਸਨ। ਪ੍ਰਧਾਨ ਮੰਤਰੀ ਨੇ ਆਪਣੇ ਰੀਲੀਫ਼ ਫ਼ੰਡ ਵਿੱਚੋਂ ਚਾਲੀ ਲੱਖ ਰੁਪਿਆ ਸ਼ਰਨਾਰਥੀਆਂ ਨੂੰ ਰਜ਼ਾਈਆਂ ਆਦਿ ਦੇਣ ਲਈ ਦਿੱਤਾ, ਪਰ ਇਹਦਾ ਵੀ ਬਹੁਤਾ ਹਿੱਸਾ ਰਾਹ ਵਿਚ ਖ਼ੁਰਦ-ਬੁਰਦ ਹੋ ਗਿਆ। ਨਾਗ੍ਰਿਕ ਏਕਤਾ ਮੰਚ ਅਤੇ ਕੁਝ ਹੋਰ ਸਮਾਜ-ਸੇਵੀ ਸੰਸਥਾਵਾਂ ਨੇ, ਜਿਨ੍ਹਾਂ ਵਿਚ ਬਹੁਤਾ ਕਰਕੇ ਹਿੰਦੂ ਵੀਰ ਸ਼ਾਮਲ ਸਨ ਅਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਉੱਜੜੇ-ਪੁੱਜੜੇ ਲੋਕਾਂ ਦੀ ਸਹਾਇਤਾ ਅਤੇ ਦਿਲਦਾਰੀ ਕਰਨ ਦੇ ਸਭ ਸੰਭਵ ਜਤਨ ਕੀਤੇ, ਪਰ ਮੁੜ ਕੇ ਵਸਾਣ ਦਾ ਇਹ ਕੰਮ ਇੰਨਾ ਵੱਡਾ ਸੀ ਕਿ ਭਰਵੀਂ ਸਰਕਾਰੀ ਸਹਾਇਤਾ ਤੋਂ ਬਿਨਾਂ ਨੇਪਰੇ ਨਹੀਂ ਚੜ੍ਹ ਸਕਦਾ ਸੀ। ਉੱਘੇ ਕਾਂਗਰਸੀ ਆਗੂਆਂ ਦੀ ਢੀਠਤਾਈ ਤੇ ਪਖੰਡ ਦੀ ਹੱਦ ਇਹ ਸੀ ਕਿ ਉਹ ਆਪਣੇ ਗੁਨਾਹਾਂ ਉੱਤੇ ਪਰਦਾ ਪਾਣ ਲਈ ਕੈਂਪਾਂ ਵਿਚ ਰਹਿ ਰਹੇ ਲੋਕਾਂ ਨਾਲ ਹਮਦਰਦੀ ਜਤਾਣ ਤੇ ਉਨ੍ਹਾਂ ਵਿਚ ਫਲ ਆਦਿ ਵੰਡਣ ਲਈ ਵੀ ਬਹੁੜ ਪਏ, ਪਰ ਆਪਣੇ ਹੀ ਦੇਸ ਵਿਚ ਬਣੇ ਸ਼ਰਨਾਰਥੀਆਂ ਨੇ ਉਨ੍ਹਾਂ ਨੂੰ ਮੂੰਹ ਨਹੀਂ ਲਾਇਆ ਤੇ ਉਨ੍ਹਾਂ ਦੇ ਹੱਥੋਂ ਕੋਈ ਚੀਜ਼ ਲੈਣ ਤੋਂ ਇਨਕਾਰ ਕਰ ਦਿੱਤਾ। ਦੂਜੇ ਪਾਸੇ ਸਰਕਾਰ ਕੈਂਪਾਂ ਨੂੰ ਛੇਤੀ ਤੋਂ ਛੇਤੀ ਬੰਦ ਕਰਨ ਲਈ ਕਾਹਲੀ ਪਈ ਹੋਈ ਸੀ, ਤਾਂ ਜੁ ਲੋਕਾਂ ਨੂੰ ਦੱਸਿਆ ਜਾ ਸਕੇ ਕਿ ਹਾਲਾਤ ਪੂਰੇ ਤੌਰ ਤੇ ਨਾਰਮਲ ਹੋ ਗਏ ਹਨ। ਪਰ ਪ੍ਰਭਾਵਤ ਪਰਵਾਰ ਆਪਣੇ ਸੜੇ ਤੇ ਢੱਠੇ ਹੋਏ ਮਕਾਨਾਂ ਵਿਚ ਕਿਵੇਂ ਜਾ ਸਕਦੇ ਸਨ, ਜਦ ਕਿ ਹਤਿਆਰੇ ਤੇ ਲੁਟੇਰੇ ਅਜੇ ਵੀ ਉੱਥੇ ਖੁਲ੍ਹੇ ਆਮ ਦਨਦਨਾ ਰਹੇ ਸਨ। ਨਤੀਜੇ ਵਜੋਂ ਕੋਈ ਛੇ ਹਜ਼ਾਰ ਪਰਵਾਰ ਪੰਜਾਬ ਵਿਚ ਸ਼ਰਨ ਲੈਣ ਲਈ ਪਹੁੰਚ ਗਏ, ਜਿਨ੍ਹਾਂ ਨੂੰ ਗੁਰਦੁਆਰਾ ਦੂਖ ਨਿਵਾਰਨ ਪਟਿਆਲਾ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ, ਗੁਰਦੁਆਰਾ ਕਲਗੀਧਰ ਸਿੰਘ ਸਭਾ ਲੁਧਿਆਣਾ ਅਤੇ ਅੰਮ੍ਰਿਤਸਰ ਵਿਚ ਠਹਿਰਾਉਣ ਦਾ ਪ੍ਰਬੰਧ ਕੀਤਾ ਗਿਆ। ਮੈਂ ਆਪ ਦਸੰਬਰ ਦੇ ਪਹਿਲੇ ਹਫ਼ਤੇ ਦਿੱਲੀ ਜਾ ਕੇ ਬਹੁਤੇ ਪ੍ਰਭਾਵਤ ਇਲਾਕਿਆਂ—ਤਿਰਲੋਕਪੁਰੀ, ਮੰਗੋਲਪੁਰੀ ਤੇ ਸੁਲਤਾਨਪੁਰੀ ਨੂੰ ਵੇਖਿਆ; ਸੜੇ ਹੋਏ, ਢੱਠੇ ਹੋਏ ਤੇ ਉੱਜੜੇ-ਪੁੱਜੜੇ ਮਕਾਨਾਂ ਦਾ ਦ੍ਰਿਸ਼ ਬੜਾ ਭਿਆਨਕ ਤੇ ਹਿਰਦੇ-ਵੇਧਕ ਸੀ, ਪਰ ਉੱਥੇ ਸਿਖ ਪਰਵਾਰ ਕੋਈ ਨਹੀਂ ਸੀ। ਮੈਨੂੰ ਦੱਸਿਆ ਗਿਆ ਕਿ ਲੋਕ ਇਨ੍ਹਾਂ ਢੱਠੇ ਤੇ ਸੜੇ ਹੋਏ ਘਰਾਂ ਨੂੰ ਘਰ ਨਹੀਂ, ਮੜ੍ਹੀਆਂ ਸਮਝਦੇ ਹਨ; ਫਿਰ ਗੁੰਡੇ ਤੇ ਬਦਮਾਸ਼ ਅਜੇ ਵੀ ਖੁਲ੍ਹੇ-ਭੁਲ੍ਹੇ ਫਿਰ ਰਹੇ ਹਨ, ਇਸ ਲਈ ਸਿਖ ਇੱਥੇ ਰਹਿਣ ਲਈ ਤਿਆਰ ਨਹੀਂ ਹਨ। ਇਹ ਘੱਲੂਘਾਰਾ ਹੋਇਆਂ ਅੱਜ ਨੌਂ ਸਾਲ ਹੋ ਚੱਲੇ ਹਨ ਤੇ ਅਜੇ ਵੀ ਸਮੂਹ ਸਿਖ ਪਾਰਟੀਆਂ ਵੱਲੋਂ ਪ੍ਰਭਾਵਤ ਲੋਕਾਂ ਨੂੰ ਵਾਜਬੀ ਸਹਾਇਤਾ ਦੇ ਕੇ ਵਸਾਣ ਅਤੇ ਸਮੂਹ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਹੋ ਰਹੀ ਹੈ।

ਦਿੱਲੀ ਵਿਚ ਹੋਏ ਸਿਖ-ਵਿਰੋਧੀ ਦੰਗਿਆਂ ਦਾ ਪ੍ਰਭਾਵ ਹੋਰ ਰਾਜਾਂ ਤੇ ਵੀ ਪਿਆ, ਪਰ ਇਹ ਗੱਲ ਮਹੱਤਵਪੂਰਨ ਹੈ ਕਿ ਇਹ ਪ੍ਰਭਾਵ ਉੱਤਰੀ ਭਾਰਤ—ਹਰਿਆਣਾ, ਹਿਮਾਚਲ-ਪ੍ਰਦੇਸ਼, ਉੱਤਰ-ਪ੍ਰਦੇਸ਼, ਮੱਧ ਪ੍ਰਦੇਸ਼ ਤੇ ਰਾਜਿਸਥਾਨ ਤਕ ਸੀਮਿਤ ਸੀ, ਜਿੱਥੇ ਕਾਂਗਰਸੀਆਂ ਦੀ ਹਕੂਮਤ ਸੀ। ਕਮਿਊਨਿਸਟਾਂ ਦੇ ਬੰਗਾਲ ਰਾਜ, ਆਲ ਇੰਡੀਆ ਡੀ.ਐਮ.ਕੇ. ਦੇ ਤਾਮਿਲਨਾਡੂ ਰਾਜ ਤੇ

ਤੇਲਗੂ ਦੇਸਮ ਦੇ ਆਂਧਰਾ-ਪ੍ਰਦੇਸ਼ ਰਾਜ ਜਾਂ ਤਾਂ ਪੂਰੀ ਤਰ੍ਹਾਂ ਸੁਰੱਖਿਅਤ ਰਹੇ ਜਾਂ ਇਨ੍ਹਾਂ ਵਿਚ ਨਾਂ-ਮਾਤਰ ਅਸਰ ਪਿਆ। ਬਾਕੀ ਰਾਜਾਂ ਦੇ ਉੱਘੇ ਆਗੂ ਤੇ ਹੁਕਮਰਾਨ ਇਹ ਭੁੱਲ ਗਏ ਸਨ ਕਿ ਸਿੱਖਾਂ ਨੇ ਭਾਰਤ ਦੇ ਸੁਤੰਤਰਤਾ-ਸੰਗਰਾਮ ਵਿਚ 80 ਪ੍ਰਤੀਸ਼ਤ ਤੋਂ ਵਧ ਕੁਰਬਾਨੀਆਂ ਦਿੱਤੀਆਂ ਸਨ; ਇਹ ਵੀ ਕਿ ਦੇਸ ਦੀਆਂ 1962, 1965 ਤੇ 1971 ਦੀਆਂ ਜੰਗਾਂ ਜਿੱਤਣ ਵਿਚ ਉਨ੍ਹਾਂ ਨੇ ਆਪਣਾ ਕਿੰਨਾ ਖ਼ੂਨ ਡੋਲ੍ਹਿਆ ਸੀ ਅਤੇ ਇਹ ਵੀ ਕਿ ਉਹ ਪਿਛਲੇ ਕਈ ਸਾਲਾਂ ਤੋਂ ਦੇਸ ਦਾ ਅੰਨ-ਗੁਦਾਮ ਬਣੇ ਹੋਏ ਸਨ ਤੇ ਕੇਂਦਰੀ ਰੀਜ਼ਰਵ ਭੰਡਾਰ ਵਿਚ 70 ਪ੍ਰਤੀਸ਼ਤ ਤੋਂ ਵਧ ਕਣਕ ਅਤੇ 50 ਪ੍ਰਤੀਸ਼ਤ ਤੋਂ ਵਧ ਚਾਵਲ ਦੇ ਰਹੇ ਸਨ। ਉਨ੍ਹਾਂ ਨੇ ਇਹ ਸਮਝਿਆ ਕਿ ਆਪੋ ਆਪਣੇ ਰਾਜਾਂ ਵਿਚ ਸਿੱਖਾਂ ਦਾ ਵਸੇਬਾ ਕਰਾ ਕੇ ਉਨ੍ਹਾਂ ਨੇ ਸਿੱਖਾਂ ਉੱਤੇ ਬੜਾ ਅਹਿਸਾਨ ਕੀਤਾ ਸੀ ਤੇ ਹੁਣ ਉਨ੍ਹਾਂ ਨੂੰ ਇੱਥੋਂ ਬਾਹਰ ਕੱਢ ਦੇਣਾ ਚਾਹੀਦਾ ਹੈ ਜਾਂ ਉਹ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਸਾਡੇ ਅਧੀਨ ਰਹਿਣ। ਉੱਤਰੀ ਭਾਰਤ ਦੇ ਸਾਰੇ ਰਾਜਾਂ ਦੇ ਲਗ ਪਗ ਸਭ ਵੱਡੇ ਵੱਡੇ ਸ਼ਹਿਰਾਂ ਵਿਚ ਸਿਖ-ਵਿਰੋਧੀ ਦੰਗੇ ਹੋਏ ਤੇ ਇਨ੍ਹਾਂ ਵਿਚ ਵੀ ਉਨ੍ਹਾਂ ਉੱਤੇ ਉਸੇ ਢੰਗ ਤੇ ਉਸੇ ਪੈਮਾਨੇ ਤੇ ਅਤਿਆਚਾਰ ਹੋਏ, ਜਿਹੋ ਜਿਹੇ ਦਿੱਲੀ ਵਿਚ ਹੋਏ ਸਨ। ਜਾਇਦਾਦਾਂ—ਸਿਨਮਾ ਤੇ ਹੋਟਲ ਵੀ—ਲੁਟੀਆਂ ਤੇ ਸਾੜੀਆਂ ਗਈਆਂ ਅਤੇ ਕਾਬੂ ਆਏ ਸਿੱਖਾਂ ਨੂੰ ਬੇਦਰਦੀ ਨਾਲ ਮਾਰਿਆ ਗਿਆ। ਹਰਿਆਣੇ ਵਿਚ 60 ਤੋਂ ਵਧ ਜਾਨਾਂ ਗਈਆਂ ਤੇ ਲੁੱਟ-ਮਾਰ ਤੇ ਸਾੜ-ਫੂਕ ਇੰਨੀ ਕਿ 19 ਗੁਰਦੁਆਰੇ, 134 ਦੁਕਾਨਾਂ ਤੇ 42 ਫ਼ੈਕਟਰੀਆਂ ਸਾੜ ਦਿੱਤੀਆਂ ਗਈਆਂ। 115 ਘਰਾਂ ਨੂੰ ਵੀ ਤਬਾਹ ਕੀਤਾ ਗਿਆ। ਬਿਹਾਰ ਵਿਚ ਮੌਤਾਂ ਦੀ ਕੁਲ ਗਿਣਤੀ 200 ਤੋਂ ਵਧ ਸੀ। ਸਭ ਤੋਂ ਵਧ ਮੌਤਾਂ ਬੁਖ਼ਾਰੋ ਦੇ ਲੋਹੇ ਦੇ ਕਾਰਖ਼ਾਨੇ ਵਿਚ ਤੇ ਬਾਕੀ ਜਮਸ਼ੇਦਪੁਰ, ਰਾਂਚੀ, ਪਟਨਾ ਤੇ ਧਨਬਾਦ ਵਿਚ ਹੋਈਆਂ। ਉੱਤਰ-ਪ੍ਰਦੇਸ਼ ਦੇ ਸ਼ਹਿਰ ਕਾਨਪੁਰ ਵਿਚ 125 ਬੰਦਿਆਂ ਦੀ ਹੱਤਿਆ ਕੀਤੀ ਗਈ ਤੇ ਇੱਥੇ ਸਿੱਖਾਂ ਦੇ ਸਿਨਮਾ-ਘਰਾਂ, ਦੁਕਾਨਾਂ ਤੇ ਮਕਾਨਾਂ ਦੀ ਲੁੱਟ-ਮਾਰ ਤੇ ਸਾੜ-ਫੂਕ ਵਿਚ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ।

ਪਹਿਲੀ ਦੂਜੀ ਨਵੰਬਰ ਨੂੰ ਦਿੱਲੀ ਤੋਂ ਲੰਘ ਕੇ ਬਾਹਰ ਕਲਕੱਤੇ, ਬੰਬਈ ਆਦਿ ਸ਼ਹਿਰਾਂ ਵੱਲ ਜਾਣ ਵਾਲੀਆਂ ਤੇ ਬਾਹਰੋਂ ਦਿੱਲੀ ਵੱਲ ਆਉਣ ਵਾਲੀਆਂ ਗੱਡੀਆਂ ਦੇ ਸਿਖ ਮੁਸਾਫ਼ਰਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਦਿੱਲੀ ਦੇ ਦੰਗਈਆਂ ਨੇ ਦਿੱਲੀ ਦੇ ਨੇੜੇ ਦੇ ਸਟੇਸ਼ਨਾਂ ਨੂੰ ਆਪਣੀਆਂ ਘਿਰਣਤ ਕਾਰਵਾਈਆਂ ਦਾ ਅੱਡਾ ਬਣਾ ਲਿਆ ਸੀ। ਗੱਡੀਆਂ ਖਲ੍ਹਾਰ ਕੇ ਸਿਖ ਮੁਸਾਫ਼ਰਾਂ ਨੂੰ ਬਾਹਰ ਧੂਹ ਧੂਹ ਕੇ ਬੇਦਰਦੀ ਨਾਲ ਮਾਰਿਆ ਗਿਆ। ਕਲਕੱਤੇ ਵਲੋਂ ਆ ਰਹੀ ਇਕ ਗੱਡੀ ਪਹਿਲੀ ਨਵੰਬਰ ਨੂੰ ਗਿਆਰਾਂ ਵਜੇ ਸਵੇਰੇ ਗ਼ਾਜ਼ੀਆਬਾਦ ਸਟੇਸ਼ਨ ਉੱਤੇ ਪਹੁੰਚੀ, ਤਾਂ ਸਭ ਡੱਬਿਆਂ ਦੇ ਅੱਧੇ ਮਰਦ-ਮੁਸਾਫ਼ਰ ਮਾਰੇ ਗਏ, ਭਾਵੇਂ ਵੈਣ ਕਰਦੀਆਂ ਇਸਤ੍ਰੀਆਂ ਤੇ ਰੋਂਦੇ ਬੱਚਿਆਂ ਨੂੰ ਛਡ ਦਿੱਤਾ ਗਿਆ। ਹਾਂ, ਇਕ ਡੱਬੇ ਦੇ ਹਿੰਦੂ ਮੁਸਾਫ਼ਰਾਂ ਨੇ ਦਲੇਰੀ ਤੋਂ ਕੰਮ ਲਿਆ ਤੇ ਅੰਦਰੋਂ ਦਰਵਾਜ਼ੇ ਚੰਗੀ ਤਰ੍ਹਾਂ ਬੰਦ ਕਰ ਲਏ। ਫ਼ਸਾਦੀ ਪੰਦਰ੍ਹਾਂ ਮਿੰਟ ਡੱਬੇ ਉੱਤੇ ਮੁੱਕਿਆਂ-ਡੰਡਿਆਂ ਦੀ ਬੁਛਾੜ ਕਰਦੇ ਰਹੇ। ਉਨ੍ਹਾਂ ਨੇ ਇਹ ਐਲਾਨ ਵੀ ਕੀਤਾ ਕਿ ਜੇ ਡੱਬਾ ਨਾ ਖੋਲ੍ਹਿਆ ਗਿਆ, ਤਾਂ ਉਹ ਇਸ ਨੂੰ ਅੱਗ ਲਾ ਦੇਣਗੇ, ਪਰ ਅੰਦਰ ਦੇ ਮੁਸਾਫ਼ਰ ਪੱਕੇ ਰਹੇ ਤੇ ਜਦ ਇਕ ਹਿੰਦੂ ਮੁਸਾਫ਼ਰ ਨੇ ਡਰ ਕੇ ਦਰਵਾਜ਼ਾ ਖੋਲ੍ਹਣਾ ਚਾਹਿਆ, ਤਾਂ ਉਹਨੂੰ ਰੋਕ ਦਿੱਤਾ ਗਿਆ। ਇਸ ਡੱਬੇ ਵਿਚ ਦੋ ਸਿਖ ਇਸਤ੍ਰੀਆਂ ਬਹੁਤ ਉੱਚੀ ਉੱਚੀ ਰੋ ਰਹੀਆਂ ਸਨ। ਫ਼ਸਾਦੀਆਂ ਨੇ ਸਮਝਿਆ ਕਿ ਇਸ ਡੱਬੇ ਵਿਚ ਸਿਖ ਮਰਦ ਕੋਈ ਨਹੀਂ, ਕੇਵਲ ਇਸਤ੍ਰੀਆਂ ਹੀ ਹਨ, ਇਸ ਲਈ ਉਹ ਆਖ਼ਰ ਇਸ ਦਾ ਖਹਿੜਾ ਛਡ ਗਏ ਤੇ ਸਾਰੇ ਮੁਸਾਫ਼ਰ ਸੁਰੱਖਿਅਤ ਰਹੇ।

ਮੈਂ ਆਪਣੇ ਇਕ ਪੋਤਰੇ ਨਾਲ 29 ਅਕਤੂਬਰ ਸ਼ਾਮ ਦੇ ਸਾਢੇ ਚਾਰ ਵਜੇ ਰਾਏਪੁਰ ਤੋਂ

ਛਤੀਸਗੜ੍ਹ ਐਕਸਪ੍ਰੈਸ ਉੱਤੇ ਚੜ੍ਹਿਆ ਸਾਂ। ਇਹ ਗੱਡੀ ਅੰਮ੍ਰਿਤਸਰ ਤਕ ਜਾਂਦੀ ਹੈ ਤੇ 31 ਅਕਤੂਬਰ ਨੂੰ ਸਵੇਰੇ ਪੰਜ ਵਜੇ ਅੰਬਾਲਾ ਛਾਉਣੀ ਪਹੁੰਚਦੀ ਹੈ। ਉੱਥੋਂ ਅਸੀਂ ਸਾਢੇ ਸਤ ਵਜੇ ਆਪਣੇ ਘਰ ਚੰਡੀਗੜ੍ਹ ਆਏ ਸਾਂ। ਦੋ ਤਿੰਨ ਘੰਟੇ ਬਾਅਦ ਹੀ ਸਾਰੇ ਸ਼ਹਿਰ ਵਿਚ ਇੰਦਰਾ ਗਾਂਧੀ ਉੱਤੇ ਹਮਲੇ ਦੀ ਖ਼ਬਰ ਫੈਲ ਗਈ ਸੀ। ਛਤੀਸਗੜ੍ਹ ਐਕਸਪ੍ਰੈਸ ਵਾਪਸੀ ਉੱਤੇ ਨੌਂ ਕੁ ਵਜੇ ਰਾਤ ਅੰਬਾਲਾ ਛਾਉਣੀ ਪਹੁੰਚਦੀ ਹੈ। ਦੂਜੇ ਦਿਨ ਪਹਿਲੀ ਨਵੰਬਰ ਨੂੰ ਜਦ ਇਹ ਗੱਡੀ ਸ਼ਾਮ ਨੂੰ ਗਵਾਲੀਅਰ ਤੋਂ ਅੱਗੇ ਮੋਰੀਨਾ ਸਟੇਸ਼ਨ ਤੇ ਪਹੁੰਚੀ, ਤਾਂ ਇਕ ਭੜਕੇ ਹੋਏ ਹਜੂਮ ਨੇ ਇਸ ਗੱਡੀ ਦੇ 24 ਸਿਖ ਮੁਸਾਫ਼ਰਾਂ ਵਿੱਚੋਂ 12 ਦੀ ਹੱਤਿਆ ਕਰ ਦਿੱਤੀ, ਜੀਹਦੇ ਵਿਚ ਉਹ ਟਿਕਟ ਐੱਗਜ਼ਾਮੀਨਰ ਵੀ ਸੀ, ਜੋ ਆਉਂਦੀ ਵਾਰੀ ਮੇਰੇ ਕੋਲ ਬਹਿ ਕੇ ਬੜਾ ਚਿਰ ਗੱਲਾਂ ਕਰਦਾ ਰਿਹਾ ਸੀ। ਹਜੂਮ ਨੂੰ ਇਹ ਝੂਠੀ ਅਫ਼ਵਾਹ ਫੈਲਾ ਕੇ ਭੜਕਾਇਆ ਗਿਆ ਸੀ ਕਿ ਇਕ ਧਨਵਾਨ ਸਿਖ ਨੇ ਗੋਲੀ ਚਲਾ ਕੇ 18 ਹਿੰਦੂ ਮਾਰ ਦਿੱਤੇ ਹਨ। ਹਜੂਮ ਨੇ ਇਸ ਗੱਡੀ ਨੂੰ ਬਾਹਰਲੇ ਸਿਗਨਲ ਕੋਲ ਹੀ ਖੜਾ ਕਰ ਲਿਆ ਸੀ। ਮੱਧ ਪ੍ਰਦੇਸ਼ ਦੇ ਹੋਰ ਚਾਲੀ ਸ਼ਹਿਰਾਂ ਦਮੋਹ, ਸਾਗਰ, ਇੰਦੌਰ, ਰਾਏਪੁਰ ਤੇਰਾਜਨੰਦ ਗਾਉਂ ਆਦਿ ਵਿਚ 75 ਹੱਤਿਆਵਾਂ ਹੋਈਆਂ, ਜਿਨ੍ਹਾਂ ਵਿੱਚੋਂ ਸਭ ਤੋਂ ਵਧ 22 ਇੰਦੌਰ ਵਿਚ ਸਨ। ਇੱਥੇ 62 ਦੁਕਾਨਾਂ ਤੇ ਸਿੱਖਾਂ ਦੀਆਂ ਟ੍ਰਾਂਸਪੋਰਟ ਕੰਪਨੀਆਂ ਦੇ ਮਾਲ ਨਾਲ ਭਰੇ-ਭਰਾਏ ਕਈ ਟਰੱਕ ਸਾੜ ਦਿੱਤੇ ਗਏ। ਹੋਰਨੀ ਸਭ ਥਾਈਂ ਵੀ ਲੁੱਟ-ਮਾਰ ਤੇ ਸਾੜ-ਫੂਕ ਦੇ ਕਈ ਕੇਸ ਹੋਏ।

ਮੇਰੇ ਆਪਣੇ ਪੁੱਤਰ ਧੀਆਂ ਪੰਜਾਬ ਤੇ ਚੰਡੀਗੜ੍ਹ ਵਿਚ ਰਹਿੰਦੇ ਹਨ ਜਾਂ ਦੇਸ਼ ਤੋਂ ਬਾਹਰ ਹਨ। ਪਰ ਮੇਰੇ ਸਾਰੇ ਭਤੀਜੇ, ਭਤੀਜੀਆਂ, ਭਣੇਵੇਂ, ਉਨ੍ਹਾਂ ਦੇ ਪਰਵਾਰ ਤੇ ਕਈ ਨਿਕਟਵਰਤੀ ਮਿੱਤਰ ਹਰਿਆਣੇ, ਦਿੱਲੀ, ਮੱਧ-ਪ੍ਰਦੇਸ਼, ਉੱਤਰ ਪ੍ਰਦੇਸ਼ ਤੇ ਬਿਹਾਰ ਵਿਚ ਆਬਾਦ ਹਨ। ਮੈਂ 1937 ਤੋਂ 1947 ਤਕ ਅਕਾਲੀ ਦਲ ਵਿਚ ਸਰਗਰਮ ਹਿੱਸਾ ਲਿਆ ਸੀ ਤੇ ਪੰਜਾਬੀ ਸੂਬੇ ਦੇ ਮੋਰਚਿਆਂ ਵਿਚ ਵੀ ਚਾਰ ਵਾਰੀ ਕੈਦ ਕੱਟੀ ਸੀ। ਭਾਵੇਂ 1964-65 ਤੋਂ ਮੈਂ ਪੂਰੀ ਤਰ੍ਹਾਂ ਰਾਜਨੀਤੀ ਵੱਲੋਂ ਕਿਨਾਰਾ-ਕਸ਼ੀ ਕਰ ਲਈ ਸੀ, ਪਰ ਅਜੇ ਵੀ ਨੀਲੀ ਪਗੜੀ ਤਾਂ ਸਿਰ ਤੇ ਹੈ ਸੀ। ਸੋ ਬਹੁਤੇ ਰਿਸ਼ਤੇਦਾਰ ਤੇ ਸੱਜਣ ਮਿੱਤਰ ਮੈਨੂੰ ਅਕਾਲੀ ਆਗੂਆਂ ਵਿਚ ਗਿਣਦੇ ਸਨ। ਸੋ 15 ਤੇ 20 ਨਵੰਬਰ ਦੇ ਵਿਚਕਾਰ ਮੈਨੂੰ ਦਿੱਲੀ, ਕਾਨਪੁਰ, ਇੰਦੌਰ ਤੇ ਪਟਨਾ ਸਾਹਿਬ ਤੋਂ ਸਤ ਚਿੱਠੀਆਂ ਆਈਆਂ, ਜਿਨ੍ਹਾਂ ਵਿਚ ਆਪੋ ਆਪਣੇ ਦੁਖੜੇ ਰੋਏ ਹੋਏ ਸਨ ਤੇ ਸਲਾਹ ਪੁੱਛੀ ਗਈ ਸੀ ਕਿ ਹੁਣ ਉਹ ਕੀ ਕਰਨ ? ਕਈਆਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਸੀ, ਲੱਖਾਂ ਰੁਪਿਆਂ ਵਿਚ। ਕਾਨਪੁਰ ਵਿਚ ਇਕ ਵੱਡੇ ਪਰਵਾਰ ਨੇ ਪੁਲਿਸ ਨੂੰ ਚੰਗੀ ਚੋਖੀ ਰਕਮ ਦੇ ਕੇ ਰੱਖਿਆ ਦਾ ਪ੍ਰਬੰਧ ਕਰ ਲਿਆ ਸੀ। ਬਹੁਤੇ ਪਰਵਾਰ ਪੰਜਾਬ ਤੇ ਚੰਡੀਗੜ੍ਹ ਵਿਚ ਵੱਸਣ ਦੇ ਚਾਹਵਾਨ ਸਨ। ਦਿੱਲੀ ਦੇ ਇਕ ਅਜ਼ੀਜ਼ ਨੂੰ ਗਿਲਾ ਸੀ ਕਿ ਹੁਣ ਹਿੰਦੂ ਛੋਕਰੇ ਸਾਨੂੰ ਟਿਚਕਰਾਂ, ਝੇੜਾਂ ਤੇ ਚੋਭਾਂ ਕਰਦੇ ਹਨ। ਇਸ ਮੌਕੇ ਤੇ ਮੈਂ ਤਾਂ ਕੀ, ਹੋਰ ਵੀ ਕੋਈ ਉਨ੍ਹਾਂ ਨੂੰ ਕੋਈ ਰਾਏ ਨਾ ਦੇ ਸਕਦਾ। ਅਕਾਲੀ ਆਗੂ ਤਾਂ ਸਾਰੇ ਹੀ ਜੇਲ੍ਹਾਂ ਵਿਚ ਡੱਕੇ ਹੋਏ ਸਨ। ਪੰਜ ਮਹੀਨਿਆਂ ਵਿਚ ਸਿਖ ਕੌਮ ਉੱਤੇ ਦੋ ਘੱਲੂਘਾਰੇ ਵਰਤ ਗਏ ਸਨ। ਸੋ ਨਿਰਾਸਤਾ ਤੇ ਉਦਾਸੀਨਤਾ ਕੁਦਰਤੀ ਸੀ। ਬਣੇ-ਬਣਾਏ ਕਾਰੋਬਾਰ ਛਡਣੇ ਪੈ ਰਹੇ ਸਨ। ਤਿੰਨ ਚਾਰ ਘਰ ਮੁਹਾਲੀ ਤੇ ਚੰਡੀਗੜ੍ਹ ਵਿਚ ਆਬਾਦ ਹੋਏ। ਕੁਝ ਇਕ ਨੇ ਲੁਧਿਆਣੇ ਵਿਚ ਦੁਕਾਨਾਂ ਕਰਾਏ ਉੱਤੇ ਲਈਆਂ। ਇਕ ਘਰ ਚੰਡੀਗੜ੍ਹ ਦੇ ਇਕ ਬੈਂਕ ਵਿਚ ਹਿਸਾਬ ਖੋਲ੍ਹ ਕੇ ਤੇ ਲਾਕਰ ਲੈ ਕੇ ਵਾਪਸ ਚਲਾ ਗਿਆ। ਲੁਧਿਆਣੇ ਦੁਕਾਨਾਂ ਲੈਣ ਵਾਲਿਆਂ ਵਿੱਚੋਂ ਦੋ ਘਰ ਹੀ ਪੱਕੇ ਤੌਰ ਤੇ ਇੱਥੇ ਆਬਾਦ ਹੋਏ; ਬਾਕੀ ਦੇ ਛੇ ਛੇ ਮਹੀਨੇ ਦਾ ਪੇਸ਼ਗੀ ਦਿੱਤਾ ਹੋਇਆ ਕਰਾਇਆ ਛਡ ਕੇ ਵਾਪਸ ਚਲੇ ਗਏ।

ਸਿੱਖਾਂ ਉੱਤੇ ਇੰਨੇ ਅੱਤਿਆਚਾਰ ਕਰ ਕੇ ਕਾਂਗਰਸ ਸਰਕਾਰ ਦਾ ਦਿਲ ਠੰਢਾ ਨਹੀਂ ਹੋਇਆ ਸੀ। ਇੰਨੇ ਵੱਡੇ ਘੱਲੂਘਾਰੇ ਤੋਂ ਬਾਅਦ ਵੀ ਸਰਕਾਰ ਨੇ ਜਾਂਚ-ਪੜਤਾਲ ਲਈ ਕੋਈ ਕਮਿਸ਼ਨ ਨਿਯਤ ਨਾ ਕੀਤਾ, ਜੋ ਲੁਟੇਰਿਆਂ, ਕਾਤਲਾਂ ਤੇ ਉਨ੍ਹਾਂ ਦੇ ਪਿੱਛੇ ਤਾਰ ਹਿਲਾਉਣ ਵਾਲੇ ਨੀਤੀਵਾਨਾਂ ਦਾ ਪਤਾ ਲਾਉਂਦਾ, ਇਸ ਵਿਚ ਹੋਏ ਵਿਸ਼ਾਲ ਨੁਕਸਾਨ ਤੇ ਬਰਬਾਦੀ ਦਾ ਅਨੁਮਾਨ ਲਾਉਂਦਾ ਅਤੇ ਪ੍ਰਭਾਵਤ ਲੋਕਾਂ ਨੂੰ ਰਾਹਤ ਦੇਣ ਦੀ ਸਿਫ਼ਾਰਸ਼ ਕਰਦਾ। ਬਹਾਨਾ ਇਹ ਘੜਿਆ ਗਿਆ ਕਿ ਇਸ ਤਰ੍ਹਾਂ ਦੀ ਜਾਂਚ-ਪੜਤਾਲ ਨਾਲ ਹਿੰਦੂਆਂ ਤੇ ਸਿੱਖਾਂ ਵਿਚ ਤਲਖ਼ੀ ਹੋਰ ਵਧੇਗੀ। ਪਰੰਤੂ ਅਸਲ ਗੱਲ ਇਹ ਸੀ ਕਿ ਹੋਰ ਡੇਢ ਦੋ ਮਹੀਨੇ ਤਕ ਦਸੰਬਰ 1984 ਦੇ ਅਖ਼ੀਰ ਉੱਤੇ ਲੋਕ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਸਨ। ਕਾਂਗਰਸ ਇਹ ਚੋਣਾਂ ਸਿੱਖਾਂ ਨੂੰ ਬਦਨਾਮ ਕਰ ਕੇ ਹੀ ਜਿੱਤ ਸਕਦੀ ਸੀ ਤੇ ਸਿੱਖਾਂ ਨਾਲ ਨਿਆਂ ਕਰ ਕੇ ਆਮ ਹਿੰਦੂਆਂ ਦੇ ਵੋਟ ਗੁਆਣਾ ਨਹੀਂ ਚਾਹੁੰਦੀ ਸੀ। ਸੋ ਸਾਰੇ ਚੋਣ-ਪ੍ਰਚਾਰ ਵਿਚ ਸਿੱਖਾਂ ਨੂੰ ਅੱਤਵਾਦੀ, ਵਖਵਾਦੀ ਤੇ ਦੇਸ ਦੇ ਗ਼ੱਦਾਰ ਗਰਦਾਨਿਆ ਜਾਂਦਾ ਰਿਹਾ ਤੇ ਦੇਸ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਕਾਂਗਰਸ ਵਾਸਤੇ ਵੋਟ ਮੰਗੇ ਗਏ। ਇਸ ਸੰਬੰਧ ਵਿਚ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੀ ਗ਼ਲਤ ਰੰਗ ਵਿਚ ਪੇਸ਼ ਕੀਤਾ ਗਿਆ। ਨਤੀਜੇ ਵਜੋਂ ਕਾਂਗਰਸ ਨੂੰ 514 ਵਿੱਚੋਂ 405 ਸੀਟਾਂ ਉੱਤੇ ਜਿੱਤ ਪ੍ਰਾਪਤ ਹੋਈ, ਜਿੰਨੀ ਨਾ ਇਸ ਤੋਂ ਪਹਿਲਾਂ ਕਦੀ ਮਿਲੀ ਸੀ, ਨਾ ਬਾਅਦ ਵਿਚ ਮਿਲੀ ਹੈ। ਆਪਣੇ ਆਪ ਨੂੰ ਸੁਰੱਖਿਅਤ ਕਰ ਕੇ ਅਖ਼ੀਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਨ੍ਹਾਂ ਦੰਗਿਆਂ ਦੀ ਪੜਤਾਲ ਲਈ ਛੇ ਮਹੀਨੇ ਬਾਅਦ 25 ਅਪ੍ਰੈਲ 1985 ਨੂੰ ਜਸਟਿਸ ਮਿਸ਼ਰਾ ਨੂੰ ਕਮਿਸ਼ਨ ਨਿਯਤ ਕੀਤਾ। ਇਸ ਸਮੇਂ ਤਕ ਕਮਿਸ਼ਨ ਤਾਜ਼ਾ ਗਵਾਹੀਆਂ ਤੋਂ ਵਾਂਝੇ ਹੋ ਗਿਆ ਸੀ। ਕਾਫ਼ੀ ਪ੍ਰਭਾਵਤ ਬੰਦੇ ਦਿੱਲੀ ਛਡ ਕੇ ਪੰਜਾਬ ਚਲੇ ਗਏ ਸਨ। ਕੁਝ ਹੋਰਨਾਂ ਉੱਤੇ ਆਪੋ ਆਪਣੇ ਹਲਫ਼ੀਆ ਬਿਆਨ ਵਾਪਸ ਲੈਣ ਲਈ ਦਬਾਅ ਪਾਇਆ ਜਾਂਦਾ ਰਿਹਾ। ਇਕ ਹੋਰ ਅਜੀਬ ਗੱਲ ਇਹ ਸੀ ਕਿ ਮੌਕੇ ਉੱਤੇ ਹੀ ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਨੂੰ ਢਾਈ ਢਾਈ ਸੌ ਰੁਪਏ ਦੀ ਨਗੂਣੀ ਰਕਮ ਦੇ ਜ਼ਾਤੀ ਮੁਚੱਲਕੇ ਲੈ ਕੇ ਰਿਹਾਅ ਕਰ ਦਿੱਤਾ ਗਿਆ ਸੀ, ਇੱਥੋਂ ਤਕ ਕਿ ਕਈਆਂ ਨੂੰ ਉਨ੍ਹਾਂ ਦੇ ਰਾਸ਼ਨ ਕਾਰਡ ਵੇਖ ਕੇ ਹੀ ਛਡ ਦਿੱਤਾ ਗਿਆ ਸੀ। ਫਿਰ ਮਿਸ਼ਰਾ ਕਮਿਸ਼ਨ ਨੂੰ ਉਨ੍ਹਾਂ ਦੋਸ਼ਾਂ ਦੀ ਪੜਤਾਲ ਕਰਨ ਲਈ ਆਖਿਆ ਗਿਆ ਸੀ, ਜੋ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸੰਗਠਤ ਉਪੱਦਰ ਦੀਆਂ ਘਟਨਾਵਾਂ ਬਾਰੇ ਲਾਏ ਗਏ ਸਨ, ਪਰ ਇਹਦੇ ਵਿਚ ਕਾਂਗਰਸੀ ਆਗੂਆਂ, ਲੋਕ ਸਭਾ ਦੇ ਮੈਂਬਰਾਂ, ਲੈਫ਼ਟੀਨੈਂਟ ਗਵਰਨਰ ਜਾਂ ਪੁਲਿਸ ਦੇ ਛੋਟੇ ਵੱਡੇ ਕਰਮਚਾਰੀਆਂ ਦੀ ਭੂਮਿਕਾ ਬਾਰੇ ਵਿਸ਼ੇਸ਼ ਜ਼ਿਕਰ ਨਹੀਂ ਕੀਤਾ ਗਿਆ ਸੀ। ਸੋ ਜਸਟਿਸ ਮਿਸ਼ਰਾ ਨੇ ਆਪਣੀ ਮਰਜ਼ੀ ਵਰਤ ਕੇ ਮਹੱਤਵਪੂਰਨ ਵਿਅਕਤੀਆਂ ਬਾਰੇ ਕੋਈ ਨਿਰਣਾ ਦੇਣ ਤੋਂ ਗੁਰੇਜ਼ ਕੀਤਾ, ਪਰ ਫਿਰ ਵੀ ਉਨ੍ਹਾਂ ਨੇ 19 ਕਾਂਗਰਸੀ ਵਰਕਰਾਂ ਦੇ ਨਾਂ ਦਿੱਤੇ, ਜਿਨ੍ਹਾਂ ਨੇ ਸਿੱਖਾਂ ਉੱਤੇ ਹਮਲੇ ਕਰਨ ਵਿਚ ਹਿੱਸਾ ਲਿਆ ਸੀ। ਇਸ ਤੋਂ ਛੁਟ ਉਨ੍ਹਾਂ ਨੇ ਪੁਲਿਸ ਦੀ ਅਣਗਹਿਲੀ ਅਤੇ ਆਪਣਾ ਫ਼ਰਜ਼ ਪੂਰਾ ਕਰਨ ਵੱਲੋਂ ਕੋਤਾਹੀ ਦੀ ਸਖ਼ਤ ਆਲੋਚਨਾ ਕੀਤੀ ਅਤੇ ਲਿਖਿਆ ਕਿ ਪੁਲਿਸ ਦੇ ਸਾਹਮਣੇ ਬੰਦੇ ਮਾਰੇ ਜਾਂਦੇ ਰਹੇ, ਲੁੱਟ-ਮਾਰ ਤੇ ਸਾੜ-ਫੂਕ ਹੁੰਦੀ ਰਹੀ ਅਤੇ ਇਸਤ੍ਰੀਆਂ ਨੂੰ ਖਿੱਚ-ਧੂਹ ਦੇ ਉਨ੍ਹਾਂ ਨਾਲ ਛੇੜਖ਼ਾਨੀ ਹੁੰਦੀ ਰਹੀ, ਪਰ ਪੁਲਿਸ ਵੱਲੋਂ ਇਨ੍ਹਾਂ ਉਪੱਦਰਾਂ ਨੂੰ ਰੋਕਣ ਦਾ ਕੋਈ ਜਤਨ ਨਾ ਕੀਤਾ ਗਿਆ। ਕਮਿਸ਼ਨ ਨੇ ਵੇਲੇ ਸਿਰ ਫ਼ੌਜ ਨੂੰ ਨਾ ਬੁਲਾਣ ਲਈ ਲੈਫ਼ਟੀਨੈਂਟ ਗਵਰਨਰ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਨਾਲ ਹੀ ਕਮਿਸ਼ਨਰ ਪੁਲਿਸ ਸੁਭਾਸ਼ ਟੰਡਨ, ਐਡੀਸ਼ਨਲ ਕਮਿਸ਼ਨਰ ਹੁਕਮ ਚੰਦ ਜੈਤੋ, ਪੂਰਬੀ ਦਿੱਲੀ ਦੇ ਡਿਪਟੀ ਕਮਿਸ਼ਨਰ-ਪੁਲਿਸ ਸੇਵਾ ਦਾਸ ਅਤੇ ਦੱਖਣੀ ਦਿੱਲੀ ਦੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਚੰਦਰ ਪ੍ਰਕਾਸ਼ ਦੀ ਭੂਮਿਕਾ ਦੀ ਵੀ ਆਲੋਚਨਾ ਕੀਤੀ।

ਜਸਟਿਸ ਮਿਸ਼ਰਾ ਨੇ ਸਿਫ਼ਾਰਸ਼ ਕੀਤੀ ਕਿ ਦੋ ਹੋਰ ਕਮਿਸ਼ਨ ਨਿਯਤ ਕੀਤੇ ਜਾਣ : ਇਕ ਪੁਲਿਸ ਦੇ ਵਤੀਰੇ ਦੀ ਜਾਂਚ-ਪੜਤਾਲ ਕਰੇ ਤੇ ਦੂਜਾ ਇਹ ਵੇਖੇ ਕਿ ਫ਼ਸਾਦੀਆਂ ਦੇ ਵਿਰੁਧ ਥਾਣਿਆਂ ਵਿਚ ਜੋ ਰਿਪੋਰਟਾਂ ਦਰਜ ਕਰਾਈਆਂ ਗਈਆਂ ਸਨ, ਉਨ੍ਹਾਂ ਦੀ ਠੀਕ ਤਰ੍ਹਾਂ ਤਫ਼ਤੀਸ਼ ਹੋਈ ਕਿ ਨਹੀਂ। ਪੁਲਿਸ ਦੇ ਵਤੀਰੇ ਬਾਰੇ ਜੋ ਕਮੇਟੀ ਨਿਯਤ ਕੀਤੀ ਗਈ, ਉਹਦੇ ਵਿਚ ਦਲੀਪ ਕਪੂਰ ਤੇ ਕੁਸਮ ਲਤਾ ਮਿੱਤਲ ਸ਼ਾਮਲ ਸਨ। ਸ੍ਰੀਮਤੀ ਮਿੱਤਲ ਨੇ, ਜੋ ਕੇਂਦਰੀ ਸਰਕਾਰ ਵਿਚ ਸਕੱਤਰ ਦੀ ਉਚ ਪਦਵੀ ਉੱਤੇ ਰਹਿ ਚੁੱਕੇ ਸਨ, 72 ਪੁਲਿਸ ਅਫ਼ਸਰਾਂ ਨੂੰ ਦੋਸ਼ੀ ਕਰਾਰ ਦੇ ਕੇ ਉਨ੍ਹਾਂ ਨੂੰ ਮੌਕੂਫ਼ ਕਰਨ ਦੀ ਸਿਫ਼ਾਰਸ਼ ਕੀਤੀ। ਪਰੰਤੂ ਦਲੀਪ ਕਪੂਰ ਨੇ ਬੜੀ ਢਿੱਲ-ਮੱਠ ਤੋਂ ਕੰਮ ਲਿਆ ਤੇ ਆਪਣਾ ਕੰਮ ਸਮੇਂ ਸਿਰ ਪੂਰਾ ਨਾ ਕੀਤਾ। ਸੋ ਦਿੱਲੀ ਪ੍ਰਸ਼ਾਸਨ ਨੇ ਕੁਸਮ ਲਤਾ ਦੀ ਰੀਪੋਰਟ ਵਾਪਸ ਕਰ ਕੇ ਲਿਖਿਆ ਕਿ ਦੋਹਾਂ ਦੀ ਸਾਂਝੀ ਰਿਪੋਰਟ ਆਉਣੀ ਚਾਹੀਦੀ ਹੈ। ਇਹ ਸਾਂਝੀ ਰਿਪੋਰਟ ਵੀ.ਪੀ. ਸਿੰਘ ਦੀ ਸਰਕਾਰ ਵੇਲੇ ਨਵੰਬਰ 1990 ਵਿਚ ਆਈ, ਪਰ ਅਫ਼ਸਰਾਂ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਜਿਨ੍ਹਾਂ ਤਿੰਨ ਅਫ਼ਸਰਾਂ ਉੱਤੇ ਫ਼ਰਦ-ਜੁਰਮ ਲਾਇਆ ਗਿਆ, ਉਨ੍ਹਾਂ ਨੇ ਉਸੇ ਦਿਨ ਕੇਂਦਰੀ ਪ੍ਰਬੰਧਕੀ ਟ੍ਰਿਬੂਨਲ ਕੋਲ ਦਰਖ਼ਾਸਤ ਦੇ ਕੇ ਕਾਰਵਾਈ ਰੁਕਵਾ ਲਈ। ਸੋ ਕਮਿਸ਼ਨਾਂ ਤੇ ਕਮੇਟੀਆਂ ਦੇ ਬਾਵਜੂਦ ਗੱਲ ਉੱਥੇ ਦੀ ਉਥੇ ਹੀ ਰਹੀ, ਸਗੋਂ ਦੋਸ਼ੀ ਉੱਚ-ਅਧਿਕਾਰੀਆਂ ਨੂੰ ਤਰੱਕੀਆਂ ਵੀ ਮਿਲਦੀਆਂ ਰਹੀਆਂ, ਪਦ-ਉੱਨਤੀ ਵੀ ਹੁੰਦੀ ਰਹੀ ਤੇ ਨੌਕਰੀ ਦੀ ਮਿਆਦ ਵੀ ਵਧਾਈ ਜਾਂਦੀ ਰਹੀ। ਅਸਲ ਗੱਲ ਇਹ ਹੈ ਕਿ ਸਰਕਾਰ ਕਿਸੇ ਦੋਸ਼ੀ ਨੂੰ ਸਜ਼ਾ ਦਿਵਾਉਣ ਵਿਚ ਗੰਭੀਰ ਹੈ ਹੀ ਨਹੀਂ ਸੀ, ਕਿਉਂਕਿ ਦੋਸ਼ੀਆਂ ਨੇ ਧਮਕੀ ਦਿੱਤੀ ਸੀ ਕਿ ਜੇ ਉਨ੍ਹਾਂ ਉੱਤੇ ਮੁਕੱਦਮੇ ਚਲਾਏ ਗਏ, ਤਾਂ ਉਹ ਦੰਗਿਆਂ ਵਿਚ ਪ੍ਰਮੁੱਖ ਕਾਂਗਰਸੀਆਂ ਦੀ ਸ਼ਮੂਲੀਅਤ ਦਾ ਪਰਦਾ ਫ਼ਾਸ਼ ਕਰਨਗੇ। ਇਸ ਸੰਬੰਧ ਵਿਚ 'ਪਾਇਨੀਅਰ' ਅਖ਼ਬਾਰ ਮਿਤੀ 18 ਅਕਤੂਬਰ 1992 ਦੀ ਇਹ ਖ਼ਬਰ ਵਰਨਣ-ਯੋਗ ਹੈ, "ਡਿਪਟੀ ਇੰਸਪੈਕਟਰ ਜਨਰਲ ਪੁਲਿਸ ਚੰਦਰ ਪ੍ਰਕਾਸ਼ ਨੇ, ਜਿਸ ਉੱਤੇ 1984 ਦੇ ਕਤਲਾਮ ਵਿਚ ਆਪਣੇ ਫ਼ਰਜ਼ ਵੱਲੋਂ ਕੋਤਾਹੀ ਕਰਨ ਦਾ ਦੋਸ਼ ਹੈ, ਗ੍ਰਹਿ ਮੰਤਰਾਲੇ ਨੂੰ ਆਖਿਆ ਹੈ ਕਿ ਉਸ ਨੇ ਇੰਸਪੈਕਟਰ ਜਨਰਲ ਪੁਲਿਸ ਗੌਤਮ ਕੌਲ ਨੂੰ ਆਖਿਆ ਸੀ ਕਿ ਹਾਲਾਤ ਬੜੇ ਖ਼ਰਾਬ ਹੋ ਗਏ ਹਨ, ਮਾਰ-ਧਾੜ ਤੇ ਸਾੜ-ਫੂਕ ਵੱਡੇ ਪੈਮਾਨੇ ਤੇ ਫੈਲ ਗਈ ਹੈ, ਇਸ ਲਈ ਫ਼ੌਰਨ ਕਰਫ਼ੀਊ ਲਾ ਦੇਣਾ ਚਾਹੀਦਾ ਹੈ ਤੇ ਫ਼ੌਜ ਬੁਲਾਣੀ ਚਾਹੀਦੀ ਹੈ, ਪਰ ਗੌਤਮ ਕੌਲ ਨੇ ਮੇਰੀ ਤਜਵੀਜ਼ ਰੱਦ ਕਰ ਦਿੱਤੀ ਤੇ ਆਖਿਆ ਕਿ ਇਸ ਬਾਰੇ ਪ੍ਰਧਾਨ ਮੰਤਰੀ ਦੇ ਘਰ ਇਕ ਮੀਟਿੰਗ ਵਿਚ, ਜਿੱਥੇ ਗ੍ਰਹਿ ਮੰਤਰੀ ਨਰਸਿਮਹਾ ਰਾਓ ਮੌਜੂਦ ਸੀ, ਵਿਚਾਰ ਹੋ ਚੁਕੀ ਹੈ ਤੇ ਫ਼ੈਸਲਾ ਹੋਇਆ ਹੈ ਕਿ ਅਜੇ ਕਰਫ਼ੀਊ ਲਾਣ ਜਾਂ ਫ਼ੌਜ ਬੁਲਾਣ ਦੀ ਲੋੜ ਨਹੀਂ।" ਨਤੀਜਾ ਇਹ ਕਿ ਪਿਛਲੇ ਨੌਂ ਸਾਲਾਂ ਵਿਚ ਦੋਸ਼ੀਆਂ ਨੂੰ ਸਜ਼ਾ ਦਿਵਾਣ ਜਾਂ ਪ੍ਰਭਾਵਤ ਲੋਕਾਂ ਨੂੰ ਉਚਿਤ ਸਹਾਇਤਾ ਦੇ ਕੇ ਮੁੜ ਵਸਾਣ ਦਾ ਕੋਈ ਜਤਨ ਨਹੀਂ ਕੀਤਾ ਗਿਆ।

ਹਾਂ, ਇਹ ਗੱਲ ਤਸੱਲੀ ਵਾਲੀ ਹੈ ਕਿ ਕਤਲਾਮ ਨਾਲ ਸੰਬੰਧਤ ਹਲਫ਼ੀਆ ਬਿਆਨਾਂ ਦਾ ਨਿਰੀਖਣ ਕਰਨ ਲਈ ਜਸਟਿਸ ਡੀ.ਕੇ. ਅੱਗਰਵਾਲ ਤੇ ਜਸਟਿਸ ਜੇ.ਡੀ.ਜੈਨ ਦੀ ਜੋ ਦੋ-ਮੈਂਬਰੀ ਕਮੇਟੀ ਬਣਾਈ ਗਈ ਸੀ, ਉਸ ਨੇ 6 ਅਗਸਤ 1993 ਨੂੰ ਆਪਣੀ ਰਿਪੋਰਟ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਨੂੰ ਦੇ ਦਿੱਤੀ ਹੈ। ਇਸ ਰਿਪੋਰਟ ਵਿਚ ਦਿੱਲੀ ਪੁਲਿਸ ਦੇ 298 ਵੱਡੇ-ਛੋਟੇ ਅਫ਼ਸਰਾਂ ਵਿਰੁੱਧ ਗੰਭੀਰ ਦੋਸ਼ ਲਾਏ ਗਏ ਹਨ ਤੇ ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਕਮਿਸ਼ਨ ਦੀ ਰਿਪੋਰਟ ਦਾ ਸਾਰ ਇਹ ਹੈ ਕਿ "ਪੁਲਿਸ ਅਫ਼ਸਰਾਂ ਨੇ ਆਪਣੇ ਫ਼ਰਜ਼ਾਂ ਵੱਲੋਂ ਕੋਤਾਹੀ ਕੀਤੀ ਤੇ ਤਫ਼ਤੀਸ਼ ਵਿਚ ਬੇਈਮਾਨੀ ਤੋਂ ਕੰਮ ਲਿਆ। ਉਨ੍ਹਾਂ ਨੇ ਵੱਡੇ ਪੈਮਾਨੇ ਉੱਤੇ ਸਿੱਖਾਂ ਦੇ ਕਤਲਾਂ ਤੇ ਲੁੱਟ-ਮਾਰ ਉੱਤੇ ਪਰਦਾ ਪਾਇਆ। ਜਾਂਚ-ਅਫ਼ਸਰਾਂ ਨੇ, ਜਿਨ੍ਹਾਂ

ਵਿਚ ਬਹੁਤੇ ਸਬ-ਇੰਸਪੈਕਟਰ ਤੇ ਅਸਿਸਟੈਂਟ ਸਬ-ਇੰਸਪੈਕਟਰ ਸਨ, ਐੱਫ.ਆਈ.ਆਰ. (ਪਹਿਲੀ ਇਤਲਾਹ-ਰਿਪੋਰਟ) ਦਰਜ ਕਰਨ ਵਿਚ ਕਈ ਅਣ-ਗਹਿਲੀਆਂ ਕੀਤੀਆਂ। ਜਾਂ ਤਾਂ ਉਨ੍ਹਾਂ ਨੂੰ ਕਾਨੂੰਨ ਦੇ ਸਹੀ ਤਰੀਕਿਆਂ ਦਾ ਪਤਾ ਨਹੀਂ ਸੀ, ਜਾਂ ਉਨ੍ਹਾਂ ਨੇ ਜਾਣ-ਬੁਝ ਕੇ ਬੇਈਮਾਨੀ ਨਾਲ ਸਹੀ ਤਰੀਕਿਆਂ ਦੀ ਉਲੰਘਣਾ ਕੀਤੀ। ਇਸ ਨਾਲ ਦੋਸ਼ੀਆਂ ਨੂੰ ਅਦਾਲਤਾਂ ਵਿੱਚੋਂ ਸਜ਼ਾ ਦਿਵਾਣੀ ਸੰਭਵ ਨਾ ਰਹੀ।" ਇਹ ਰਿਪੋਰਟ ਅਜੇ ਤਕ ਲੋਕ ਸਭਾ ਵਿਚ ਪੇਸ਼ ਨਹੀਂ ਕੀਤੀ ਗਈ, ਹਾਲਾਂਕਿ ਪੰਜਾਬ ਦੇ ਦੋ ਕਾਂਗਰਸੀ ਮੈਂਬਰ ਇਸ ਦੀ ਜ਼ੋਰਦਾਰ ਮੰਗ ਕਰ ਚੁਕੇ ਹਨ। ਪਰ ਮਹੱਤਵਪੂਰਨ ਗੱਲ ਇਹ ਹੈ ਕਿ ਲੋਕ ਸਭਾ ਵਿਚ ਪੇਸ਼ ਹੋਣ ਤੋਂ ਬਾਅਦ ਇਹਦੇ ਉੱਤੇ ਕੋਈ ਪ੍ਰਭਾਵਕ ਕਾਰਵਾਈ ਕੀਤੀ ਜਾਂਦੀ ਹੈ ਜਾਂ ਇਹਨੂੰ ਵੀ ਪਹਿਲੀਆਂ ਰਿਪੋਰਟਾਂ ਵਾਂਗ ਘੱਟੇ-ਕੌਡੀ ਰੁਲਾ ਦਿੱਤਾ ਜਾਂਦਾ ਹੈ।

ਨੌਵਾਂ ਕਾਂਡ

ਰਾਜੀਵ-ਲੌਂਗੋਵਾਲ ਸਮਝੌਤਾ—ਇਕ ਛਲਾਵਾ

ਲੋਕ ਸਭਾ ਦੀਆਂ ਚੋਣਾਂ ਵਿਚ ਅਪੂਰਵ ਸਫ਼ਲਤਾ ਪ੍ਰਾਪਤ ਕਰ ਕੇ ਅਤੇ ਆਪਣੀ ਸਥਿਤੀ ਨੂੰ ਮਜ਼ਬੂਤ ਬਣਾ ਕੇ ਰਾਜੀਵ ਗਾਂਧੀ ਨੇ ਸੋਚਿਆ ਕਿ ਹੁਣ ਉਹ ਅਕਾਲੀ ਆਗੂਆਂ ਨੂੰ, ਜਿਨ੍ਹਾਂ ਨੂੰ ਜੇਲ੍ਹਾਂ ਵਿਚ ਨਜਾਇਜ਼ ਡੱਕਿਆ ਹੋਇਆ ਸੀ, ਰਿਹਾਅ ਕਰ ਕੇ ਇਕ ਨਵਾਂ ਤਜਰਬਾ ਕਰ ਸਕਦਾ ਹੈ। ਅਸਲ ਵਿਚ ਉਹ ਖਾੜਕੂਆਂ ਦੀਆਂ ਕਾਰਵਾਈਆਂ ਤੋਂ ਪ੍ਰੇਸ਼ਾਨ ਸੀ ਤੇ ਚਾਹੁੰਦਾ ਸੀ ਕਿ ਪੰਜਾਬ ਵਿਚ ਅਕਾਲੀ ਵਜ਼ਾਰਤ ਬਣਾ ਕੇ ਉਨ੍ਹਾਂ ਨਾਲ ਨਿਪਟਣ ਦੀ ਜ਼ਿੰਮੇਵਾਰੀ ਅਕਾਲੀਆਂ ਉੱਤੇ ਪਾ ਦਿੱਤੀ ਜਾਏ। ਇਸ ਮੰਤਵ ਲਈ ਉਸ ਨੇ ਮੱਧ-ਪ੍ਰਦੇਸ਼ ਦੇ ਚਲਾਕ ਪਰ ਮਿੱਠ-ਬੋਲੇ ਮੁਖ ਮੰਤਰੀ ਅਰਜਨ ਸਿੰਘ ਨੂੰ ਪੰਜਾਬ ਦਾ ਗਵਰਨਰ ਥਾਪ ਕੇ ਅਕਾਲੀਆਂ ਨਾਲ ਗੱਲ-ਬਾਤ ਕਰਨ ਦੀ ਜ਼ਿੰਮੇਵਾਰੀ ਉਹਨੂੰ ਸੌਂਪ ਦਿੱਤੀ। ਮਾਰਚ 1985 ਤੋਂ ਸਾਰੇ ਅਕਾਲੀ ਆਗੂਆਂ ਨੂੰ ਇਕ ਇਕ ਕਰ ਕੇ ਰਿਹਾਅ ਕਰ ਦਿੱਤਾ ਗਿਆ। ਪਤਾ ਨਹੀਂ ਕਿਸ ਨੇ ਅਰਜਨ ਸਿੰਘ ਨੂੰ ਇਹ ਖ਼ਿਆਲ ਦਿੱਤਾ ਸੀ ਕਿ ਜਥੇਦਾਰ ਟੌਹੜਾ ਬੜੇ ਚਲਾਕ ਹਨ ਤੇ ਉਹ ਸਰਕਾਰ ਦੀ ਹਰੇਕ ਚਾਲ ਨੂੰ ਭਾਂਪ ਜਾਣਗੇ। ਪਰ ਇਹ ਗੱਲ ਬੜੀ ਮੰਦਭਾਗੀ ਹੈ ਕਿ ਉਸ ਨੇ ਉਨ੍ਹਾਂ ਨਾਲ ਗੱਲ-ਬਾਤ ਕਰਨੀ ਮੁਨਾਸਬ ਨਾ ਸਮਝੀ ਤੇ ਕੇਵਲ ਸੰਤ ਲੌਂਗੋਵਾਲ ਤੇ ਸਰਦਾਰ ਬਾਦਲ ਨੂੰ ਹੀ ਭਰੋਸੇ ਵਿਚ ਲਿਆ। ਪਰ ਬਾਅਦ ਵਿਚ ਬਾਦਲ ਵੱਲੋਂ ਵੀ ਕੁਝ ਹਿਚਕਚਾਹਟ ਵੇਖ ਕੇ ਕੇਵਲ ਸੰਤ ਲੌਂਗੋਵਾਲ ਨਾਲ ਹੀ ਗੁਪਤ ਗੱਲ-ਬਾਤ ਕਰਦੇ ਰਹੇ। ਇਸ ਗੱਲ-ਬਾਤ ਦੇ ਨਤੀਜੇ ਵਜੋਂ ਅੰਤ ਜੋ ਸਮਝੌਤਾ ਹੋਇਆ, ਉਹ ਸਿੱਖਾਂ ਦੀਆਂ ਵਾਸਤਵਿਕ ਇੱਛਾਵਾਂ ਦਾ ਪ੍ਰਤੀਕ ਨਹੀਂ ਸੀ, ਪਰ ਇਹਨੂੰ ਸਮਝੌਤੇ ਦੀ ਸਪਿਰਟ ਵਿਚ ਪ੍ਰਵਾਨ ਕਰ ਲਿਆ ਗਿਆ ਸੀ। ਖ਼ਿਆਲ ਇਹ ਸੀ ਕਿ ਇਹਦੀ ਸਫ਼ਲਤਾ ਤੋਂ ਬਾਅਦ ਅੱਗੋਂ ਗੱਲ-ਬਾਤ ਲਈ ਰਾਹ ਖੁਲ੍ਹ ਜਾਏਗਾ। ਆਪਣੀ ਰਿਹਾਈ ਤੋਂ ਬਾਅਦ ਸੰਤ ਲੌਂਗੋਵਾਲ ਨੇ ਦਿੱਲੀ, ਉੱਤਰ-ਪ੍ਰਦੇਸ਼ ਦੇ ਤਰਾਈ ਇਲਾਕੇ ਅਤੇ ਰਾਜਿਸਥਾਨ ਦਾ ਵਿਸਤ੍ਰਿਤ ਦੌਰਾ ਕਰ ਕੇ ਵੇਖਿਆ ਸੀ ਕਿ ਸਭ ਥਾਈਂ ਆਮ ਸਿਖ ਬਹੁਤ ਨਿਰਾਸ਼, ਉਦਾਸ ਤੇ ਢਹਿੰਦੀਆਂ ਕਲਾਂ ਵਿਚ ਸਨ ਤੇ ਸਥਿਤੀ ਨੂੰ ਬਦਲਣ ਲਈ ਕਿਸੇ ਤਰ੍ਹਾਂ ਦਾ ਸਮਝੌਤਾ ਕਰਨ ਦੇ ਹੱਕ ਵਿਚ ਸਨ। ਸਿਖ ਰਾਜਨੀਤੀ ਵਿਚ ਇਕ ਖੜੋਤ ਜਿਹੀ ਆ ਗਈ ਸੀ ਤੇ ਕਿਸੇ ਅਜਿਹੀ ਪਹਿਲ-ਕਦਮੀ ਦੀ ਲੋੜ ਸੀ, ਜਿਸ ਤੋਂ ਬਾਅਦ ਕੋਈ ਅਗਲਾ ਕਦਮ ਪੁੱਟਿਆ ਜਾ ਸਕੇ। ਇਕ ਤਰ੍ਹਾਂ ਨਾਲ ਇਹ ਵੀ ਇਕ ਤਜਰਬਾ ਕਰਨ ਵਾਲੀ ਗੱਲ ਸੀ। ਸਮਝੌਤੇ ਤੋਂ ਬਾਅਦ ਪੰਜਾਬ ਅਸੈਂਬਲੀ ਦੀਆਂ ਚੋਣਾਂ ਕਰਾਉਣ ਦਾ ਵੀ ਫ਼ੈਸਲਾ ਹੋ ਗਿਆ ਸੀ ਤੇ ਇਸ ਗੱਲ ਦੀ ਸੰਭਾਵਨਾ ਸੀ ਕਿ ਚੋਣਾਂ ਵਿਚ ਜਿੱਤ ਪ੍ਰਾਪਤ ਕਰ ਕੇ ਅਕਾਲੀ ਆਪਣੀ ਵਜ਼ਾਰਤ ਬਣਾ ਸਕਣਗੇ ਅਤੇ ਉਸ ਸੂਰਤ ਵਿਚ ਪੰਜਾਬ

ਸਰਕਾਰ ਅਪਰੇਸ਼ਨ ਬਲਿਊ ਸਟਾਰ ਦੇ ਮਜ਼ਲੂਮਾਂ, ਨਜਾਇਜ਼ ਗ੍ਰਿਫ਼ਤਾਰ ਕੀਤੇ ਗਏ ਸਿੱਖਾਂ, ਫ਼ੌਜ ਵਿਚੋਂ ਭਗੌੜੇ ਹੋ ਗਏ ਜਵਾਨਾਂ ਤੇ ਦਿੱਲੀ ਆਦਿ ਸ਼ਹਿਰਾਂ ਦੇ ਦੰਗਾ-ਪੀੜਤ ਪਰਵਾਰਾਂ ਨੂੰ ਰਾਹਤ ਦੇਣ ਦਾ ਕੁਝ ਕੰਮ ਕਰ ਸਕੇਗੀ। ਕੇਂਦਰੀ ਸਰਕਾਰ ਵੱਲੋਂ ਭਰੋਸਾ ਦਿੱਤਾ ਜਾ ਰਿਹਾ ਸੀ ਕਿ ਉਹ ਸਮਝੌਤੇ ਦੀਆਂ ਸ਼ਰਤਾਂ ਉੱਤੇ ਸੱਚੇ ਦਿਲੋਂ ਅਮਲ ਕਰੇਗੀ। ਸੰਤ ਲੌਂਗੋਵਾਲ ਅਰਜਨ ਸਿੰਘ ਦੀ ਇਸ ਗੱਲ ਤੋਂ ਵੀ ਪ੍ਰਭਾਵਤ ਹੋਏ ਕਿ "ਮੈਂ ਰਾਜਪੂਤ ਹਾਂ ਤੇ ਪੂਰੀ ਸਿਦਕ-ਦਿਲੀ ਨਾਲ ਸਮਝੌਤੇ ਉੱਤੇ ਅਮਲ ਕਰਾਉਣ ਦੀ ਕੋਸ਼ਿਸ਼ ਕਰਾਂਗਾ।" ਪਰ ਉਹ ਇਹ ਗੱਲ ਭੁੱਲ ਗਏ ਕਿ ਅੰਤ ਸਮਝੌਤੇ ਉੱਤੇ ਅਮਲ ਕਰਾਉਣ ਦੀ ਕੁੰਜੀ ਤਾਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਹੱਥ ਵਿੱਚ ਸੀ ਤੇ ਉਹ ਅਜਿਹੇ ਨੀਤੀਬਾਜ਼ਾਂ ਵਿੱਚੋਂ ਸਨ, ਜਿਨ੍ਹਾਂ ਦੇ ਮਨ ਵਿਚ ਹੋਰ ਤੇ ਮੂੰਹ ਵਿਚ ਹੋਰ ਹੁੰਦਾ ਹੈ। ਬਾਅਦ ਦੀਆਂ ਘਟਨਾਵਾਂ ਨੇ ਸਾਬਤ ਕਰ ਦਿੱਤਾ ਕਿ ਇਹ ਸਮਝੌਤਾ ਇਕ ਛਲਾਵਾ ਤੇ ਵਿਸਾਹ-ਘਾਤ ਹੀ ਸੀ। ਸੋ ਇਹ ਚੰਗਾ ਹੁੰਦਾ ਕਿ ਸੰਤ ਲੌਂਗੋਵਾਲ ਪਹਿਲਾਂ ਹੀ ਜਥੇਦਾਰ ਟੌਹੜਾ ਤੇ ਸਰਦਾਰ ਬਾਦਲ ਨੂੰ ਨਾਲ ਲੈ ਕੇ ਟੁਰਦੇ।

ਇਹ ਸਮਝੌਤਾ 24 ਜੁਲਾਈ 1985 ਨੂੰ ਹੋਇਆ ਸੀ। 26 ਜੁਲਾਈ ਨੂੰ ਅਨੰਦਪੁਰ ਸਾਹਿਬ ਵਿਚ ਇਕ ਵੱਡਾ ਸਮਾਗਮ ਹੋ ਰਿਹਾ ਸੀ, ਜਿਸ ਵਿਚ ਲਗ ਪਗ ਦੋ ਹਜ਼ਾਰ ਅਕਾਲੀ ਆਗੂ ਤੇ ਸਰਗਰਮ ਵਰਕਰ ਸ਼ਾਮਲ ਸਨ। ਸਰਦਾਰ ਬਾਦਲ ਤੇ ਜਥੇਦਾਰ ਟੌਹੜਾ ਵੱਲੋਂ ਕੁਝ ਹਿਚਕਚਾਹਟ ਪ੍ਰਗਟ ਕਰਨ ਦੇ ਬਾਵਜੂਦ ਇਸ ਸਮਾਗਮ ਨੇ ਸਰਬ-ਸੰਮਤੀ ਨਾਲ ਰਾਜੀਵ-ਲੌਂਗੋਵਾਲ ਸਮਝੌਤੇ ਉੱਤੇ ਪ੍ਰਵਾਨਗੀ ਦੀ ਮੁਹਰ ਲਾ ਦਿੱਤੀ। ਇਸ ਤੋਂ ਛੇਤੀ ਬਾਅਦ ਸਰਕਾਰ ਵੱਲੋਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਦਾ ਐਲਾਨ ਹੋ ਗਿਆ। ਸੰਤ ਲੌਂਗੋਵਾਲ ਸਭ ਪ੍ਰਮੁਖ ਅਕਾਲੀ ਆਗੂਆਂ ਨੂੰ ਨਾਲ ਲੈ ਕੇ ਚੱਲਣ ਦੇ ਚਾਹਵਾਨ ਸਨ। ਉਨ੍ਹਾਂ ਨੇ 20 ਅਗਸਤ ਨੂੰ ਚੰਡੀਗੜ੍ਹ ਵਿਚ ਸਰਦਾਰ ਬਾਦਲ ਤੇ ਜਥੇਦਾਰ ਟੌਹੜਾ ਨਾਲ, ਲੰਮੀ ਗੱਲ-ਬਾਤ ਕਰ ਕੇ ਉਨ੍ਹਾਂ ਨੂੰ ਆਪਣੇ ਦ੍ਰਿਸ਼ਟੀਕੋਣ ਨਾਲ ਸਹਿਮਤ ਕਰਨ ਦੀ ਕੋਸ਼ਿਸ਼ ਕੀਤੀ। ਫਿਰ ਤਿੰਨਾਂ ਨੇ ਇਕ ਸਾਂਝੀ ਪ੍ਰੈੱਸ ਕਾਨਫ਼ਰੰਸ ਕਰ ਕੇ ਪੰਥਕ ਏਕਤਾ ਲਈ ਅਪੀਲ ਕੀਤੀ ਤੇ ਆਖਿਆ, "ਰਾਜ ਵਿਚ ਚੋਣਾਂ ਦਾ ਐਲਾਨ ਹੋ ਜਾਣ ਕਰਕੇ ਇਸ ਵੇਲੇ ਪੰਥਕ ਏਕਤਾ ਦੀ ਸਖ਼ਤ ਲੋੜ ਹੈ; ਦਲ ਦੇ ਪ੍ਰਮੁੱਖ ਆਗੂਆਂ ਵਿਚ ਕੋਈ ਮਤ-ਭੇਦ ਨਹੀਂ।" ਸਰਦਾਰ ਬਾਦਲ ਨੇ ਆਖਿਆ, "ਸਾਡੀ ਪਾਰਟੀ ਇਕ-ਮੁੱਠ ਹੈ, ਇਕ-ਮੁੱਠ ਸੀ ਤੇ ਇਕ-ਮੁੱਠ ਰਹੇਗੀ।" ਸੰਤ ਲੌਂਗੋਵਾਲ ਨੇ ਸਾਰੀਆਂ ਸਿਖ ਸੰਸਥਾਵਾਂ ਤੇ ਵਿਸ਼ੇਸ਼ ਕਰਕੇ ਯੂਨਾਈਟਿਡ ਅਕਾਲੀ ਦਲ ਤੇ ਸਿਖ ਸਟੂਡੈਂਟਸ ਫ਼ੈਡਰੇਸ਼ਨ ਨੂੰ ਅਪੀਲ ਕੀਤੀ ਕਿ ਉਹ ਪੰਥ-ਵਿਰੋਧੀ ਤਾਕਤਾਂ ਨੂੰ ਹਰਾਉਣ ਲਈ ਇਕ-ਮੁੱਠ ਹੋ ਜਾਣ। ਉਨ੍ਹਾਂ ਦੇ ਜਾਣ ਤੋਂ ਬਾਅਦ ਸਰਦਾਰ ਬਾਦਲ ਤੇ ਜਥੇਦਾਰ ਟੌਹੜਾ ਨੇ ਆਖਿਆ ਕਿ ਸਰਕਾਰ ਨੇ ਸਥਿਤੀ ਨੂੰ ਨਾਰਮਲ ਕਰਨ ਲਈ ਜੋ ਕਦਮ ਚੁੱਕੇ ਹਨ, ਉਹ ਸਹੀ ਹਨ, ਪਰ ਅਜੇ ਹੋਰ ਕਈ ਕਾਰਵਾਈਆਂ ਕਰਨ ਦੀ ਲੋੜ ਹੈ, ਜਿਹਾ ਕਿ ਬੈਰਕਾਂ ਛੱਡਣ ਵਾਲੇ ਫ਼ੌਜੀਆਂ ਦੇ ਪੁਨਰ-ਵਾਸ ਲਈ ਵੇਰਵੇ ਪ੍ਰਕਾਸ਼ਤ ਕਰਨੇ, ਆਮ ਮਾਫ਼ੀ ਦੇ ਕੇ ਸਭ ਗ੍ਰਿਫ਼ਤਾਰ ਕੀਤੇ ਗਿਆਂ ਨੂੰ ਰਿਹਾਅ ਕਰਨਾ ਅਤੇ ਦਿੱਲੀ ਆਦਿ ਸ਼ਹਿਰਾਂ ਵਿਚ ਸਿੱਖਾਂ ਦਾ ਕਤਲਾਮ ਕਰਨ ਤੇ ਕਰਾਉਣ ਵਾਲਿਆਂ ਨੂੰ ਸਜ਼ਾਵਾਂ ਦੇਣਾ। ਜਾਪਦਾ ਹੈ ਕਿ ਸੰਤ ਲੌਂਗੋਵਾਲ ਵੱਲੋਂ ਪ੍ਰਧਾਨ ਮੰਤਰੀ ਕੋਲੋਂ ਇਨ੍ਹਾਂ ਮੰਗਾਂ ਦੀ ਪੂਰਤੀ ਬਾਰੇ ਕੋਈ ਸਪੱਸ਼ਟ ਯਕੀਨ-ਦਹਾਨੀ ਨਹੀਂ ਲਈ ਗਈ ਸੀ।

ਪਰ ਅਫ਼ਸੋਸ ਕਿ ਉਸੇ ਰਾਤ (20 ਅਗਸਤ ਨੂੰ) ਇਕ ਅਤਿ ਦੁਖਦਾਈ ਤੇ ਹਿਰਦੇ-ਵੇਧਕ ਘਟਨਾ ਵਾਪਰ ਗਈ। ਸੰਤ ਲੌਂਗੋਵਾਲ ਦੀ ਉਨ੍ਹਾਂ ਦੇ ਪਿੰਡ ਦੇ ਇਕ ਦੀਵਾਨ ਵਿਚ ਹੀ ਹੱਤਿਆ ਕਰ ਦਿੱਤੀ ਗਈ। ਸਰਕਾਰ ਵੱਲੋਂ ਨਾ ਉਨ੍ਹਾਂ ਦੀ ਸੁਰੱਖਿਆ ਦਾ ਪੂਰਾ ਪ੍ਰਬੰਧ ਕੀਤਾ ਗਿਆ ਸੀ ਤੇ ਨਾ ਸੁਰੱਖਿਆ ਅਮਲੇ ਨੇ ਆਪਣੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਨਿਭਾਈ। ਉਨ੍ਹਾਂ ਦੀ ਹੱਤਿਆ

ਨਾਲ ਸਰਕਾਰ ਨੂੰ ਸਮਝੌਤੇ ਤੋਂ ਕਿਸੇ ਵੇਲੇ ਵੀ ਮੁਕਰਨ ਦਾ ਮੌਕਾ ਮਿਲ ਸਕਦਾ ਸੀ। ਪਰ ਸਿਖ-ਜਗਤ ਵਿਚ ਇਕ ਨਿਸ਼ਕਾਮ ਤੇ ਨਿਰਛਲ ਨੇਤਾ ਦੀ ਹੱਤਿਆ ਨਾਲ ਮਾਤਮ ਛਾ ਗਿਆ। ਚੋਣਾਂ ਦੀ ਕਾਰਵਾਈ ਸ਼ੁਰੂ ਹੋ ਚੁਕੀ ਸੀ। ਯੂਨਾਈਟਿਡ ਅਕਾਲੀ ਦਲ ਤੇ ਅੱਤਵਾਦੀਆਂ ਵੱਲੋਂ ਬਾਈਕਾਟ ਦੇ ਸੱਦੇ ਦੇ ਬਾਵਜੂਦ ਲੋਕਾਂ ਨੇ ਭਾਰੀ ਗਿਣਤੀ ਵਿਚ ਵੋਟਾਂ ਪਾ ਕੇ ਆਪਣੇ ਵਿਛੜੇ ਨੇਤਾ ਨੂੰ ਭਰਪੂਰ ਸ਼ਰਧਾਂਜਲੀ ਭੇਟ ਕੀਤੀ। 25 ਸਤੰਬਰ ਨੂੰ ਚੋਣਾਂ ਹੋਈਆਂ। ਇਸ ਵਿਚ ਅਸੈਂਬਲੀ ਦੇ ਸਾਰੇ 117 ਹਲਕਿਆਂ ਵਿੱਚੋਂ 73 ਅਕਾਲੀ ਉਮੀਦਵਾਰ ਕਾਮਯਾਬ ਹੋ ਗਏ। ਪੰਜਾਬ ਦੀਆਂ ਲੋਕ ਸਭਾ ਦੀਆਂ 13 ਸੀਟਾਂ ਵਿੱਚੋਂ 8 ਉਤੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਸਫ਼ਲਤਾ ਮਿਲੀ। 29 ਸਤੰਬਰ ਨੂੰ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠ ਅਕਾਲੀ ਮੰਤਰੀ ਮੰਡਲ ਨੇ ਸਹੁੰ ਚੁੱਕ ਲਈ। ਇਸ ਵਿਚ ਉਨ੍ਹਾਂ ਤੋਂ ਬਿਨਾਂ ਬਲਵੰਤ ਸਿੰਘ, ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ, ਬਸੰਤ ਸਿੰਘ 'ਖ਼ਾਲਸਾ' ਤੇ ਸੁੱਚਾ ਸਿੰਘ ਛੋਟੇਪੁਰ ਸ਼ਾਮਲ ਸਨ।

ਇਹ ਗੱਲ ਗਵਰਨਰ ਅਰਜਨ ਸਿੰਘ ਦੇ ਹੱਕ ਵਿਚ ਜਾਂਦੀ ਹੈ ਕਿ ਉਨ੍ਹਾਂ ਨੇ ਅਕਾਲੀ ਆਗੂਆਂ ਦਾ ਰੌਂ ਵੇਖ ਕੇ ਚੋਣਾਂ ਤੋਂ ਪਹਿਲਾਂ ਹੀ ਸਿਖ ਸਟੂਡੈਂਟਸ ਫ਼ੈਡਰੇਸ਼ਨ ਤੋਂ ਪਾਬੰਦੀ ਹਟਾ ਲਈ ਸੀ ਤੇ ਜੇਲ੍ਹਾਂ ਵਿਚ ਬੰਦ ਬੇਗੁਨਾਹ ਸਿੱਖਾਂ ਨੂੰ ਰਿਹਾਅ ਕਰਨਾ ਸ਼ੁਰੂ ਕਰ ਦਿੱਤਾ ਸੀ। ਅਕਾਲੀ ਵਜ਼ਾਰਤ ਬਣਨ ਤੋਂ ਪਹਿਲਾਂ ਲਗ ਪਗ 1400 ਵਿਅਕਤੀ ਰਿਹਾਅ ਕੀਤੇ ਜਾ ਚੁਕੇ ਸਨ। ਬਰਨਾਲਾ ਵਜ਼ਾਰਤ ਨੇ ਸਭ ਤੋਂ ਪਹਿਲਾਂ ਕੰਮ ਇਹ ਕੀਤਾ ਕਿ ਹਾਈਕੋਰਟ ਦੇ ਇਕ ਸਾਬਕ ਜੱਜ ਅਜੀਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਇਕ ਤਿੰਨ-ਮੈਂਬਰੀ ਕਮੇਟੀ ਨਿਯਤ ਕੀਤੀ, ਜਿਸ ਦਾ ਕੰਮ ਜੇਲ੍ਹਾਂ ਵਿਚ ਬੰਦ ਕੈਦੀਆਂ ਦੇ ਮਾਮਲੇ ਉੱਤੇ ਨਜ਼ਰਸਾਨੀ ਕਰਨਾ ਸੀ। ਇਸ ਕਮੇਟੀ ਦੀ ਸਿਫ਼ਾਰਸ਼ ਉੱਤੇ ਦੋ ਹਜ਼ਾਰ ਤੋਂ ਵਧ ਬੇਗੁਨਾਹ ਸਿਖ ਨੌਜਵਾਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਵਿਚ ਕੌਮੀ ਸੁਰੱਖਿਆ ਕਾਨੂੰਨ ਹੇਠ ਨਜ਼ਰਬੰਦ ਨੌਜਵਾਨ ਵੀ ਸ਼ਾਮਲ ਸਨ। ਰਿਹਾਅ ਕੀਤੇ ਗਿਆਂ ਨੂੰ ਸ੍ਵੈ-ਰੋਜ਼ਗਾਰ ਯੋਜਨਾਵਾਂ ਦੇ ਅਧੀਨ ਮਿੰਨੀ ਬੱਸਾਂ ਦੇ ਪਰਮਿਟ ਦੇ ਕੇ ਅਤੇ ਨੌਕਰੀਆਂ ਵਿਚ ਰਾਖਵਾਂ ਕਰਨ ਕਰ ਕੇ ਮੁੜ-ਵਸਾਉਣ ਦੇ ਯਤਨ ਕੀਤੇ ਗਏ। ਅਪਰੇਸ਼ਨ ਵੁੱਡਰੋਜ਼ ਦੇ ਸਮੇਂ ਕਈ ਨੌਜਵਾਨ ਗ੍ਰਿਫ਼ਤਾਰੀ ਦੇ ਡਰੋਂ ਪਾਕਿਸਤਾਨ ਚਲੇ ਗਏ ਸਨ। ਮੁਖ ਮੰਤਰੀ ਬਰਨਾਲਾ ਨੇ ਉਨ੍ਹਾਂ ਨੂੰ ਜ਼ਾਤੀ ਅਪੀਲ ਕੀਤੀ ਕਿ ਉਹ ਵਾਪਸ ਮੁੜ ਆਉਣ। ਲਗ ਪਗ 140 ਨੌਜਵਾਨ ਪਰਤ ਆਏ, ਜਿਨ੍ਹਾਂ ਦੀ ਸੀ.ਆਈ.ਡੀ. ਨੇ ਛਾਣ-ਬੀਣ ਕੀਤੀ। ਅੱਧੀ ਦਰਜਨ ਤੋਂ ਬਿਨਾਂ, ਜਿਨ੍ਹਾਂ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਗਈ, ਬਾਕੀ ਸਭ ਬੇਗੁਨਾਹ ਪਾਏ ਗਏ। ਉਨ੍ਹਾਂ ਨੂੰ ਫਿਰ ਰੁਜ਼ਗਾਰ ਤੇ ਲਾਇਆ ਗਿਆ। ਜਿਹੜੇ ਰੋਡਵੇਜ਼ ਜਾਂ ਪੁਲਿਸ ਦੀ ਨੌਕਰੀ ਛਡ ਕੇ ਗਏ ਸਨ, ਉਨ੍ਹਾਂ ਨੂੰ ਬਹਾਲ ਕੀਤਾ ਗਿਆ। ਬਹੁਤ ਸਾਰੇ ਨੌਜਵਾਨ ਧਾਰੀਵਾਲ ਮਿਲ ਵਿਚ ਲਗ ਗਏ।

ਬਰਨਾਲਾ ਵਜ਼ਾਰਤ ਦਾ ਮੁਖ ਕੰਮ ਅਪਰੇਸ਼ਨ ਬਲਿਊ ਸਟਾਰ ਦੇ ਮਜ਼ਲੂਮਾਂ, ਭਗੌੜੇ ਹੋਏ ਫ਼ੌਜੀਆਂ ਅਤੇ ਦਿੱਲੀ, ਕਾਨਪੁਰ ਤੇ ਬੁਖ਼ਾਰੋ ਆਦਿ ਦੇ ਦੰਗਾ-ਪੀੜਤਾਂ ਨੂੰ ਆਰਥਿਕ ਸਹਾਇਤਾ ਦੇ ਕੇ ਰਾਹਤ ਪਹੁੰਚਾਣਾ ਸੀ। ਸੋ 1.8.82 ਤੋਂ ਕਿਸੇ ਵੀ ਕਾਰਵਾਈ ਵਿਚ ਮਾਰੇ ਗਏ ਵਿਅਕਤੀਆਂ ਦੇ ਵਾਰਸਾਂ ਨੂੰ ਲਗ ਪਗ ਚਾਰ ਕਰੋੜ ਰੁਪਏ ਦੀ ਸਹਾਇਤਾ ਦਿੱਤੀ ਗਈ। ਦਿੱਲੀ ਤੇ ਕਾਨਪੁਰ ਆਦਿ ਤੋਂ ਲਗ ਪਗ 26000 ਸਿਖ ਪੰਜਾਬ ਵਿਚ ਆ ਵੱਸੇ ਸਨ। ਇਨ੍ਹਾਂ ਸਭ ਪਰਵਾਰਾਂ ਦੀ ਰਜਿਸਟ੍ਰੇਸ਼ਨ ਕੀਤੀ ਗਈ। 750 ਵਿਧਵਾਵਾਂ ਨੂੰ ਮੁਹਾਲੀ, ਪਟਿਆਲਾ ਤੇ ਲੁਧਿਆਣਾ ਆਦਿ ਸ਼ਹਿਰਾਂ ਵਿਚ ਥੋੜ੍ਹੀ-ਆਮਦਨ ਗਰੁੱਪ ਵਾਲੇ ਮਕਾਨ ਅਲਾਟ ਕੀਤੇ ਗਏ ਤੇ ਉਨ੍ਹਾਂ ਦੇ ਬੱਚਿਆਂ ਦੀ ਮੁਫ਼ਤ ਪੜ੍ਹਾਈ ਦਾ ਪ੍ਰਬੰਧ ਕੀਤਾ ਗਿਆ। ਸ੍ਵੈ-ਰੋਜ਼ਗਾਰ ਯੋਜਨਾ ਅਧੀਨ ਹਰੇਕ ਪਰਵਾਰ ਨੂੰ ਵੀਹ ਵੀਹ ਹਜ਼ਾਰ ਰੁਪਏ ਤਕ ਬਿਨਾਂ ਵਿਆਜ ਕਰਜ਼ੇ ਦਿੱਤੇ ਗਏ, ਜਿਸ ਵਿੱਚੋਂ ਚੌਥਾ ਹਿੱਸਾ

ਸਹਾਇਤਾ ਵਜੋਂ ਸੀ। ਵਿਧਵਾਵਾਂ ਲਈ ਇਹ ਕਰਜ਼ਾ ਪੰਜ ਹਜ਼ਾਰ ਰੁਪਏ ਸੀ ਤੇ ਇਸ ਵਿੱਚੋਂ ਅੱਧੀ ਰਕਮ ਸਹਾਇਤਾ ਵੱਜੋਂ ਸੀ। ਇਸ ਤੋਂ ਬਿਨਾਂ ਕੁਝ ਇਸਤ੍ਰੀਆਂ ਨੂੰ ਹਸਪਤਾਲਾਂ ਵਿਚ ਸੇਵਾ ਉੱਤੇ ਲਾਇਆ ਗਿਆ ਤੇ ਉਨ੍ਹਾਂ ਦੀਆਂ ਲੜਕੀਆਂ ਨੂੰ ਵਖ ਵਖ ਕਿੱਤਿਆਂ ਦੀ ਸਿਖਲਾਈ ਦਿੱਤੀ ਗਈ। ਹਰੇਕ ਪਰਵਾਰ ਨੂੰ ਨਿਰਬਾਹ-ਭੱਤਾ ਵੀ ਦਿੱਤਾ ਗਿਆ, ਜੋ ਪਹਿਲਾਂ 250 ਰੁਪਏ ਸੀ ਤੇ ਫਿਰ 500 ਤੇ ਮੁੜ ਕੇ 1000 ਕਰ ਦਿੱਤਾ ਗਿਆ।

ਬੈਰਕਾਂ ਛੱਡਣ ਵਾਲੇ ਫ਼ੌਜੀਆਂ ਵਿਚੋਂ ਲਗ ਪਗ ਦੋ ਸੌ ਮਾਰੇ ਗਏ ਸਨ। ਉਨ੍ਹਾਂ ਦੇ ਪਰਵਾਰਾਂ ਨੂੰ 250 ਰੁਪਏ ਮਹੀਨਾ ਪੈਨਸ਼ਨ ਦਿੱਤੀ ਗਈ ਤੇ ਸਰਹੱਦੀ ਇਲਾਕਿਆਂ ਵਿਚ ਘਰ ਤੇ ਜ਼ਮੀਨਾਂ ਵੀ ਅਲਾਟ ਕੀਤੀਆਂ ਗਈਆਂ। ਕਈਆਂ ਨੂੰ ਨੌਕਰੀ ਉੱਤੇ ਲਾਇਆ ਗਿਆ। ਬਾਕੀ 2700 ਨੂੰ, ਜੋ ਫ਼ੌਜ ਵਿਚੋਂ ਕੱਢ ਦਿੱਤੇ ਗਏ ਸਨ, ਪੰਜ ਪੰਜ ਹਜ਼ਾਰ ਰੁਪਏ ਗਰਾਂਟ ਵਜੋਂ ਦਿੱਤੇ ਗਏ ਅਤੇ ਪੰਜ ਏਕੜ ਜ਼ਮੀਨ ਤੇ ਥੋੜ੍ਹੀ-ਆਮਦਨ ਵਾਲੇ ਮਕਾਨ ਵੀ ਅਲਾਟ ਕੀਤੇ ਗਏ। ਜਦ ਤਕ ਕੋਈ ਆਦਮੀ ਕਿਸੇ ਰੁਜ਼ਗਾਰ ਤੇ ਨਹੀਂ ਲਗ ਜਾਂਦਾ ਸੀ, ਉਸ ਨੂੰ ਪੰਜ ਸੌ ਰੁਪਏ ਮਾਸਕ ਪੈਨਸ਼ਨ ਦਿੱਤੀ ਜਾਂਦੀ ਰਹੀ। ਇਨ੍ਹਾਂ ਫ਼ੌਜੀਆਂ ਦੇ ਹਿੱਤਾਂ ਦੀ ਰੱਖਿਆ ਲਈ ਇਕ ਸੈਨਿਕ ਭਲਾਈ ਕਾਰਪੋਰੇਸ਼ਨ ਵੀ ਬਣਾਈ ਗਈ, ਜਿਸ ਦੇ ਪ੍ਰਬੰਧਕ ਡਾਇਰੈੱਕਟਰ ਬ੍ਰਿਗੇਡੀਅਰ ਢਿੱਲੋਂ ਸਨ। ਇਸੇ ਸਮੇਂ ਕਿਸਾਨਾਂ ਨੂੰ ਤਿੰਨ ਸੌ ਕਰੋੜ ਰੁਪਏ ਦੀ ਉਹ ਰਕਮ ਛਡ ਦਿੱਤੀ ਗਈ, ਜੋ ਉਨ੍ਹਾਂ ਨੂੰ ਖਾਲੇ ਪੱਕੇ ਕਰਨ ਦੇ ਬਦਲੇ ਦੇਣੀ ਪੈਣੀ ਸੀ।

ਪਰ ਇਸ ਸਭ ਕੁਝ ਦੇ ਬਾਵਜੂਦ ਬਰਨਾਲਾ ਸਰਕਾਰ ਨਿਰਵਿਘਨ ਨਹੀਂ ਚਲ ਰਹੀ ਸੀ। ਸਮਝੌਤੇ ਬਾਰੇ ਇਕ-ਮੁਠ ਹੋ ਕੇ ਵੀ ਸਾਰੇ ਅਕਾਲੀ ਆਗੂ ਮੁਖ ਮੰਤਰੀ ਬਰਨਾਲੇ ਨਾਲ ਇਕ-ਸੁਰ ਨਹੀਂ ਹੋ ਸਕੇ ਸਨ। ਸਰਦਾਰ ਬਾਦਲ ਨੂੰ ਉਪ ਮੁਖ ਮੰਤਰੀ ਬਣਾ ਕੇ ਸ਼ਾਇਦ ਸਥਿਤੀ ਕੁਝ ਸੁਧਰ ਜਾਂਦੀ, ਪਰ ਸੰਤ ਲੌਂਗੋਵਾਲ ਦੇ ਬਾਅਦ ਆਗੂਆਂ ਵਿਚ ਪ੍ਰਸਪਰ ਤਾਲ-ਮੇਲ ਖ਼ਤਮ ਹੋ ਗਿਆ ਸੀ। ਜੇ ਉਹ ਜੀਉਂਦੇ ਰਹਿੰਦੇ, ਤਾਂ ਅਕਾਲੀ ਦਲ ਦੇ ਪ੍ਰਧਾਨ ਤੇ ਸਭ ਤੋਂ ਵਧ ਸਤਿਕਾਰਿਤ ਆਗੂ ਹੋਣ ਦੀ ਹੈਸੀਅਤ ਵਿਚ ਆਪਣੇ ਹੁਕਮ ਨਾਲ ਸਭ ਮਤ-ਭੇਦ ਦੂਰ ਕਰ ਸਕਦੇ ਸਨ। ਸ਼ਾਇਦ ਉਹ ਸਰਦਾਰ ਬਾਦਲ ਨੂੰ ਹੀ ਮੁਖ ਮੰਤਰੀ ਬਣਾ ਦੇਂਦੇ, ਫਿਰ ਜਦ 26 ਜਨਵਰੀ 1986 ਨੂੰ ਚੰਡੀਗੜ੍ਹ ਪੰਜਾਬ ਨੂੰ ਨਹੀਂ ਦਿੱਤਾ ਗਿਆ ਸੀ ਅਤੇ ਸਮਝੌਤੇ ਦੀਆਂ ਹੋਰ ਸ਼ਰਤਾਂ ਉੱਤੇ ਵੀ ਅਮਲ ਨਹੀਂ ਹੋ ਰਿਹਾ ਸੀ, ਤਾਂ ਹੋ ਸਕਦਾ ਹੈ ਕਿ ਉਹ ਅਕਾਲੀ ਵਜ਼ਾਰਤ ਨੂੰ ਅਸਤੀਫ਼ਾ ਦੇਣ ਦਾ ਹੁਕਮ ਦੇ ਦੇਂਦੇ। ਸੋ ਸੰਤ ਜੀ ਦੇ ਅਕਾਲ ਚਲਾਣੇ ਨਾਲ ਦਲ ਖੇਰੂੰ ਖੇਰੂੰ ਹੋ ਰਿਹਾ ਸੀ ਤੇ ਫੁੱਟ ਇੰਨੀ ਵਧ ਗਈ ਸੀ ਕਿ ਲੋਕ ਸਭਾ ਦੇ ਅਕਾਲੀ ਮੈਂਬਰ ਸਰਬ-ਸੰਮਤੀ ਨਾਲ ਆਪਣਾ ਨੇਤਾ ਵੀ ਨਾ ਚੁਣ ਸਕੇ। ਇਕ ਪਾਸੇ ਸਰਦਾਰ ਬਰਨਾਲਾ ਨੇ ਬਲਵੰਤ ਸਿੰਘ ਰਾਮੂੰਵਾਲੀਆ ਨੂੰ ਲੀਡਰ ਨਾਮਜ਼ਦ ਕਰ ਦਿੱਤਾ ਤੇ ਦੂਜੇ ਪਾਸੇ ਚਹੁੰ ਮੈਂਬਰਾਂ ਨੇ ਭਾਈ ਸ਼ਮਿੰਦਰ ਸਿੰਘ ਨੂੰ ਆਗੂ ਚੁਣ ਲਿਆ।

ਇਹ ਨਾਜ਼ਕ ਸਥਿਤੀ ਕਿਸੇ ਵੇਲੇ ਵੀ ਫੁੱਟ ਦਾ ਰੂਪ ਧਾਰਨ ਕਰ ਸਕਦੀ ਸੀ ਤੇ ਇਹ ਮੌਕਾ ਛੇਤੀ ਹੀ ਆ ਗਿਆ। 29 ਅਪਰੈਲ 1986 ਨੂੰ ਦਰਬਾਰ ਸਾਹਿਬ ਸਮੂਹ ਵਿਚ ਬੈਠੇ ਪੰਜ ਵਖਵਾਦੀ ਆਗੂਆਂ ਨੇ ਪੰਥਕ ਕਮੇਟੀ ਨਾਂ ਦੀ ਇਕ ਸੰਸਥਾ ਬਣਾ ਕੇ ਐਲਾਨ ਕਰ ਦਿੱਤਾ ਕਿ ਉਨ੍ਹਾਂ ਦਾ ਨਿਸ਼ਾਨਾ ਆਜ਼ਾਦ ਸਿਖ ਸਟੇਟ ਜਾਂ ਖ਼ਾਲਿਸਤਾਨ ਹੈ। ਉਸ ਦਿਨ ਮੁਖ ਮੰਤਰੀ ਬਰਨਾਲਾ ਦਿੱਲੀ ਵਿਚ ਸਨ। ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਆਖਿਆ ਕਿ ਪੰਥਕ ਕਮੇਟੀ ਦੇ ਸਭ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ। ਸੋ ਮੁਖ ਮੰਤਰੀ ਨੇ ਦੂਜੇ ਦਿਨ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਦਰਬਾਰ ਸਾਹਿਬ ਵਿਚ ਪੁਲਿਸ ਭੇਜ ਦਿੱਤੀ। ਇਹ ਸਾਰੇ ਮੈਂਬਰ ਤਾਂ ਪਹਿਲਾਂ ਹੀ ਬਚ ਕੇ ਬਾਹਰ ਨਿਕਲ ਗਏ ਸਨ, ਪਰ ਇਸ ਮਾਮਲੇ ਉੱਤੇ ਅਕਾਲੀ ਪਾਰਟੀ ਦੋਫਾੜ ਹੋ ਗਈ। ਤਿੰਨ

ਮੰਤਰੀਆਂ—ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ ਤੇ ਸੁੱਚਾ ਸਿੰਘ ਛੋਟੇਪੁਰ ਨੇ ਰੋਸ ਵਜੋਂ ਮੰਤਰੀ-ਮੰਡਲ ਵਿੱਚੋਂ ਅਸਤੀਫ਼ੇ ਦੇ ਦਿੱਤੇ ਅਤੇ ਅਸੈਂਬਲੀ ਦੇ ਸਪੀਕਰ ਰਵੀਇੰਦਰ ਸਿੰਘ ਨੇ ਵੀ ਅਸਤੀਫ਼ਾ ਦੇ ਦਿੱਤਾ। ਇਨ੍ਹਾਂ ਸਮੇਤ ਕੁਲ 27 ਵਿਧਾਇਕ ਪਾਰਟੀ ਤੋਂ ਵਖ ਹੋ ਗਏ। ਇਸ ਤਰ੍ਹਾਂ ਅਕਾਲੀ ਪਾਰਟੀ ਵਿਚ ਕੇਵਲ 46 ਵਿਧਾਇਕ ਰਹਿ ਗਏ ਤੇ ਉਹ ਆਪਣੀ ਹੋਂਦ ਲਈ ਹੋਰ ਪਾਰਟੀਆਂ ਤੇ ਵਿਸ਼ੇਸ਼ ਕਰਕੇ ਕਾਂਗਰਸ ਪਾਰਟੀ ਤੇ ਨਿਰਭਰ ਹੋ ਗਈ। ਹੋਰ ਦਲ-ਤਿਆਗ ਤੋਂ ਬਚਣ ਲਈ 31 ਵਿਧਾਇਕਾਂ ਨੂੰ ਵਜ਼ਾਰਤ ਵਿਚ ਲੈ ਲਿਆ ਗਿਆ ਤੇ ਕੁਝ ਹੋਰਨਾਂ ਨੂੰ ਕਾਰਪੋਰੇਸ਼ਨਾਂ ਦੇ ਪ੍ਰਧਾਨ ਬਣਾ ਦਿੱਤਾ ਗਿਆ। ਪਰ ਇਸ ਤੋਂ ਬਾਅਦ ਬਰਨਾਲਾ ਸਰਕਾਰ ਤਸੱਲੀ ਨਾਲ ਨਹੀਂ ਚਲ ਸਕੀ। ਇਕ ਪਾਸੇ ਵਖ ਹੋਏ ਵਿਧਾਇਕਾਂ ਦਾ ਦਬਾਅ ਸੀ ਅਤੇ ਅਕਾਲ ਤਖ਼ਤ ਦੇ ਜਥੇਦਾਰ ਨੇ ਦਰਬਾਰ ਸਾਹਿਬ ਵਿਚ ਪੁਲਿਸ ਭੇਜਣ ਦੇ ਕਾਰਨ ਬਰਨਾਲਾ ਸਾਹਿਬ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ ਸੀ। ਦੂਜੇ ਪਾਸੇ ਕੇਂਦਰੀ ਸਰਕਾਰ ਸਮਝੌਤੇ ਉੱਤੇ ਅਮਲ ਨਾ ਕਰ ਕੇ ਬਰਨਾਲਾ ਸਰਕਾਰ ਦੀ ਸਥਿਤੀ ਨੂੰ ਕਮਜ਼ੋਰ ਕਰ ਰਹੀ ਸੀ। ਬਹੁਤਾ ਸਮਾਂ ਬਰਨਾਲਾ ਸਾਹਿਬ ਅਕਾਲ ਤਖ਼ਤ ਸਾਹਿਬ ਵੱਲੋਂ ਲੱਗੀ ਤਨਖ਼ਾਹ ਤੋਂ ਬਚਣ ਲਈ ਉਲਝੇ ਰਹੇ। ਅਖ਼ੀਰ ਉਨ੍ਹਾਂ ਨੇ ਜਥੇਦਾਰ ਅਕਾਲ ਤਖ਼ਤ ਵੱਲੋਂ ਲਾਏ ਗਏ ਦੋਸ਼ਾਂ ਬਾਰੇ ਮਾਫ਼ੀ ਮੰਗ ਲਈ ਤੇ ਜੋ ਤਨਖ਼ਾਹ ਲਾਈ ਗਈ, ਉਹ ਪੂਰੀ ਕਰ ਕੇ ਦੋਸ਼-ਮੁਕਤ ਹੋ ਗਏ।

ਇਸ ਵੇਲੇ ਕੇਂਦਰੀ ਸਰਕਾਰ ਚੰਡੀਗੜ੍ਹ ਪੰਜਾਬ ਨੂੰ ਸੌਂਪਣ ਬਾਰੇ ਇਕ ਤੋਂ ਬਾਅਦ ਦੂਜਾ ਤੇ ਦੂਜੇ ਤੋਂ ਬਾਅਦ ਤੀਜਾ ਕਮਿਸ਼ਨ ਬਿਠਾ ਰਹੀ ਸੀ। ਪਰ ਜਦ ਦੂਜੇ ਕਮਿਸ਼ਨ ਨੇ ਸਮਝੌਤੇ ਦੀਆਂ ਸ਼ਰਤਾਂ ਨੂੰ ਉਲੰਘ ਕੇ ਇਹ ਫ਼ੈਸਲਾ ਸੁਣਾ ਦਿੱਤਾ ਕਿ ਚੰਡੀਗੜ੍ਹ ਦੇ ਬਦਲੇ ਹਰਿਆਣੇ ਨੂੰ ਸੱਤਰ ਹਜ਼ਾਰ ਏਕੜ ਇਲਾਕਾ ਦੇਣਾ ਚਾਹੀਦਾ ਹੈ ਅਤੇ ਇਹਦੇ ਵਿੱਚੋਂ ਪੰਜਤਾਲੀ ਹਜ਼ਾਰ ਏਕੜ ਪੰਜਾਬ ਵਿਚਲੇ ਹਰਿਆਣੇ ਨਾਲ ਲਗਦੇ ਹਿੰਦੀ-ਭਾਸ਼ੀ ਇਲਾਕਿਆਂ ਦੀ ਪਛਾਣ ਕਰ ਲਈ ਗਈ ਹੈ ਤੇ ਬਾਕੀ ਦਾ ਪੰਝੀ ਹਜ਼ਾਰ ਪੰਜਾਬੀ-ਭਾਸ਼ੀ ਇਲਾਕਾ ਹਰਿਆਣੇ ਨੂੰ ਦਿੱਤਾ ਜਾਏ ਤੇ ਇਹਦੀ ਪਛਾਣ ਲਈ ਤੀਜਾ ਕਮਿਸ਼ਨ ਨਿਯਤ ਕੀਤਾ ਜਾਏ, ਤਾਂ ਇਸ ਫ਼ੈਸਲੇ ਲਈ ਕੋਈ ਦਲੀਲ ਨਾ ਹੋਣ ਕਰਕੇ ਪੰਜਾਬ ਨੇ ਤੀਜੇ ਅਰਥਾਤ ਦੇਸਾਈ ਕਮਿਸ਼ਨ ਦਾ ਬਾਈਕਾਟ ਕਰ ਦਿੱਤਾ। ਕੇਂਦਰ ਦੀ ਬਦਨੀਯਤੀ ਸਪੱਸ਼ਟ ਹੁੰਦੀ ਜਾ ਰਹੀ ਸੀ। ਪ੍ਰਧਾਨ ਮੰਤਰੀ ਭਾਵੇਂ ਆਪ ਅਜੇ ਨਹੀਂ ਬੋਲੇ ਸਨ, ਪਰ ਇਕ ਕੱਟੜ ਫ਼ਿਰਕਾ-ਪ੍ਰਸਤ ਤੇ ਸਿਖ-ਵਿਰੋਧੀ ਪੱਤਰਕਾਰ ਗਿਰੀ ਲਾਲ ਜੈਨ ਨੇ ਅਗਸਤ 1986 ਵਿਚ 'ਟਾਈਮਜ਼ ਆਫ਼ ਇੰਡੀਆ' ਦੇ ਇਕ ਪਰਚੇ ਵਿਚ ਲਿਖਿਆ, "ਪਿਛਲੇ ਹਫ਼ਤਿਆਂ ਵਿਚ ਸਿਖ ਬੁੱਧੀਜੀਵੀ ਆਖਣ ਲਗ ਪਏ ਹਨ ਕਿ ਰਾਜੀਵ-ਲੌਂਗੋਵਾਲ ਸਮਝੌਤਾ ਨਾਕਾਮ ਹੋ ਗਿਆ ਹੈ। ਅਸੀਂ ਵੀ ਕਹਿੰਦੇ ਹਾਂ ਕਿ ਇਹ ਅਸਫ਼ਲ ਰਿਹਾ ਹੈ, ਪਰ ਇਸ ਦਾ ਕਾਰਨ ਇਹ ਹੈ ਕਿ ਇਸ ਨਾਲ ਉਹ ਬੁਨਿਆਦੀ ਮਸਲਾ ਹੱਲ ਨਹੀਂ ਹੋਇਆ, ਜਿਸ ਲਈ ਇਹ ਸਮਝੌਤਾ ਕੀਤਾ ਗਿਆ ਸੀ ਅਤੇ ਉਹ ਸੀ, ਅਕਾਲੀ ਵਜ਼ਾਰਤ ਦੀ ਰਾਹੀਂ ਰਾਜ ਵਿਚ ਅਮਨ ਤੇ ਕਾਨੂੰਨ ਦੀ ਵਿਵਸਥਾ ਨੂੰ ਠੀਕ ਕਰਨਾ। ਇਸਦੇ ਉਲਟ ਅਕਾਲੀਆਂ ਨੇ ਇਸ ਨੂੰ ਹੋਰ ਵਿਗਾੜ ਦਿੱਤਾ ਹੈ।" ਬਿੱਲੀ ਥੈਲਿਓਂ ਬਾਹਰ ਆ ਗਈ ਸੀ। ਸਮਝੌਤੇ ਦਾ ਮੁਖ ਮੰਤਵ ਪੰਜਾਬ ਦੀਆਂ ਹੱਕੀ ਮੰਗਾਂ ਮੰਨਣਾ ਨਹੀਂ; ਸਿਰਫ਼ ਅੱਤਵਾਦ ਦਾ ਖ਼ਾਤਮਾ ਕਰਨਾ ਸੀ। ਸਮਝੌਤਾ ਕਰਨ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਭਾਵਨਾ ਤਾਂ ਇਹ ਸੀ ਕਿ ਜਦ ਪੰਜਾਬ ਦੀਆਂ ਸੰਵਿਧਾਨਿਕ ਮੰਗਾਂ ਮੰਨੀਆਂ ਜਾਣਗੀਆਂ, ਤਾਂ ਲੋਕਾਂ ਦੀ ਹਮਦਰਦੀ ਖਾੜਕੂਆਂ ਨਾਲ ਨਹੀਂ ਰਹੇਗੀ ਤੇ ਅੱਤਵਾਦ ਆਪਣੀ ਮੌਤੇ ਆਪ ਮਰ ਜਾਏਗਾ। ਸੋ ਜੇ ਸਰਕਾਰ ਚੰਡੀਗੜ੍ਹ ਤੇ ਬਾਹਰ ਰਹਿ ਗਏ ਪੰਜਾਬੀ-ਭਾਸ਼ੀ ਇਲਾਕੇ ਪੰਜਾਬ ਨੂੰ ਸੌਂਪ ਦੇਂਦੀ, ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦੇਸ ਦੇ ਕਾਨੂੰਨ ਅਨੁਸਾਰ ਕਰ ਦੇਂਦੀ,

ਦਿੱਲੀ ਆਦਿ ਸ਼ਹਿਰਾਂ ਵਿਚ ਸਿਖ-ਵਿਰੋਧੀ ਦੰਗਿਆਂ ਦੇ ਦੋਸ਼ੀਆਂ ਤੇ ਉਨ੍ਹਾਂ ਨੂੰ ਜਥੇਬੰਦ ਕਰਨ ਵਾਲੇ ਆਗੂਆਂ ਨੂੰ ਸਜ਼ਾਵਾਂ ਦਿਵਾਂਦੀ, ਸਰਬ-ਹਿੰਦ ਗੁਰਦੁਆਰਾ ਕਾਨੂੰਨ ਪਾਸ ਕਰ ਦੇਂਦੀ ਅਤੇ ਜੋਧਪੁਰ ਦੇ ਨਜ਼ਰਬੰਦਾਂ ਸਮੇਤ ਸਾਰੇ ਗ੍ਰਿਫ਼ਤਾਰ ਅਕਾਲੀਆਂ ਨੂੰ ਰਿਹਾਅ ਕਰ ਕੇ ਸ਼ਾਂਤੀ ਵਰਤਾਂਦੀ, ਤਾਂ ਅਕਾਲੀ ਵਜ਼ਾਰਤ ਦੇ ਹੱਥ ਮਜ਼ਬੂਤ ਹੁੰਦੇ ਤੇ ਅੱਤਵਾਦ ਖ਼ਤਮ ਹੋ ਜਾਂਦਾ। ਪਰ ਇਸ ਸੰਬੰਧ ਵਿਚ ਕੋਈ ਕਦਮ ਨਾ ਚੁਕ ਕੇ ਕੇਂਦਰ ਆਪ ਅੱਤਵਾਦ ਨੂੰ ਬੜ੍ਹਾਵਾ ਦੇ ਰਿਹਾ ਸੀ।

ਇਸ ਵਿਗੜੀ ਹੋਈ ਸਥਿਤੀ ਵਿਚ ਵੀ ਬਰਨਾਲਾ ਸਰਕਾਰ ਲੋਕ-ਭਲਾਈ ਦੇ ਕੁਝ ਮਹੱਤਵਪੂਰਨ ਕੰਮ ਕਰ ਸਕੀ। ਸੰਤ ਲੌਂਗੋਵਾਲ ਦੀ ਪਹਿਲੀ ਬਰਸੀ ਦੇ ਮੌਕੇ ਅਗਸਤ 1986 ਨੂੰ ਲੌਂਗੋਵਾਲ ਪਿੰਡ ਵਿਚ 'ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਤੇ ਟੈਕਨਾਲੋਜੀ' ਸਥਾਪਤ ਕੀਤੀ ਗਈ, ਜਿਸ ਤੇ ਇਕ ਸੌ ਕਰੋੜ ਰੁਪਿਆ ਖ਼ਰਚ ਆਉਣਾ ਸੀ। ਥੀਨ ਡੈਮ ਦੀ ਉਸਾਰੀ ਵਿਚ ਤੇਜ਼ੀ ਲਿਆਂਦੀ ਗਈ। ਬਹੁਤ ਚਿਰ ਬਾਅਦ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੇ ਐਲਾਨ ਕੀਤਾ ਕਿ ਇਹ ਕੇਂਦਰੀ ਪ੍ਰਾਜੈਕਟ ਹੈ ਤੇ ਇਸ ਨੂੰ ਤੇਜ਼ੀ ਨਾਲ ਸਿਰੇ ਚੜ੍ਹਾਇਆ ਜਾਏਗਾ। ਪਰ ਇਹ ਤਾਂ ਹਰੇਕ ਸਰਕਾਰ ਦੇ ਰੋਜ਼ਮੱਰਾ ਦੇ ਕੰਮ ਹੁੰਦੇ ਹਨ ਤੇ ਇਸ ਕਾਂਡ ਵਿਚ ਸਾਡਾ ਮੁਖ ਮੰਤਵ ਬਰਨਾਲਾ ਸਰਕਾਰ ਦੀਆਂ ਪ੍ਰਾਪਤੀਆਂ ਦਾ ਵੇਰਵਾ ਦੇਣਾ ਨਹੀਂ, ਸਗੋਂ ਇਹ ਦਸਣਾ ਹੈ ਕਿ ਕਿਵੇਂ ਰਾਜੀਵ-ਲੌਂਗੋਵਾਲ ਸਮਝੌਤਾ ਇਕ ਛਲਾਵਾ ਤੇ ਵਿਸਾਹ-ਘਾਤ ਸਾਬਤ ਹੋਇਆ। ਸੋ ਹੁਣ ਅਸੀਂ ਇਸ ਸਮਝੌਤੇ ਦਾ ਵੇਰਵੇ ਦੇ ਕੇ ਵਿਸਥਾਰ-ਪੂਰਬਕ ਇਸ ਦੀ ਚੀਰ-ਫਾੜ ਕਰਾਂਗੇ। ਇਸ ਸਮਝੌਤੇ ਦੀਆਂ ਕੁੱਲ ਗਿਆਰਾਂ ਧਾਰਾਵਾਂ ਸਨ, ਜਿਨ੍ਹਾਂ ਵਿੱਚੋਂ ਹੇਠ ਲਿਖੀਆਂ ਛੇਆਂ ਉੱਤੇ ਬਿਲਕੁਲ ਕੋਈ ਕਾਰਵਾਈ ਨਹੀਂ ਕੀਤੀ ਗਈ:

ਧਾਰਾ (5) 'ਭਾਰਤ ਸਰਕਾਰ ਗੁਰਦੁਆਰਾ ਕਾਨੂੰਨ ਬਣਾਉਣ ਨਾਲ ਸਹਿਮਤ ਹੈ। ਇਸ ਸੰਬੰਧੀ ਸੰਵਿਧਾਨਿਕ ਸ਼ਰਤਾਂ ਪੂਰੀਆਂ ਕਰ ਕੇ ਸ਼੍ਰੋਮਣੀ ਅਕਾਲੀ ਦਲ ਤੇ ਹੋਰ ਸੰਬੰਧਤ ਧਿਰਾਂ ਦੇ ਮਸ਼ਵਰੇ ਨਾਲ ਕਾਨੂੰਨ ਬਣਾਇਆ ਜਾਏਗਾ।' ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕ ਚੀਫ਼ ਜਸਟਿਸ ਹਰਬੰਸ ਸਿੰਘ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਕਾਨੂੰਨ ਦਾ ਖਰੜਾ ਤਿਆਰ ਕਰਨ ਲਈ ਇਕ ਕਮੇਟੀ ਬਣਾ ਦਿੱਤੀ। ਇਹ ਖਰੜਾ ਭਾਰਤ ਸਰਕਾਰ ਨੂੰ ਭੇਜ ਦਿੱਤਾ ਗਿਆ। ਪੰਜਾਬੋਂ ਬਾਹਰ ਦੇ ਦੋ ਤਖ਼ਤ ਸਾਹਿਬਾਨ—ਤਖ਼ਤ ਹਜ਼ੂਰ ਸਾਹਿਬ ਤੇ ਤਖ਼ਤ ਪਟਨਾ ਸਾਹਿਬ—ਦੇ ਜਥੇਦਾਰਾਂ ਨੇ ਇਸ ਖਰੜੇ ਬਾਰੇ ਆਪਣੀ ਸਹਿਮਤੀ ਪ੍ਰਗਟ ਕਰ ਦਿੱਤੀ ਤੇ ਹੋਰ ਕਿਸੇ ਪਾਸਿਓਂ ਕੋਈ ਇਤਰਾਜ਼ ਨਹੀਂ ਹੋਇਆ। ਪਰ ਕੇਂਦਰ ਨੇ ਇਹ ਖਰੜਾ ਠੰਢੇ ਗੁਦਾਮ ਵਿਚ ਬੰਦ ਕਰ ਦਿੱਤਾ ਤੇ ਕਾਨੂੰਨ ਬਣਾਉਣ ਬਾਰੇ ਕੋਈ ਕਾਰਵਾਈ ਨਾ ਕੀਤੀ।

ਧਾਰਾ (10) 'ਘਟ-ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਲਈ ਸੰਬੰਧਤ ਮੁਖ ਮੰਤਰੀਆਂ ਨੂੰ ਮੌਜੂਦਾ ਹਦਾਇਤਾਂ ਦੁਬਾਰਾ ਭੇਜੀਆਂ ਜਾਣਗੀਆਂ ਤੇ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਚਿੱਠੀਆਂ ਲਿਖਣਗੇ।' ਅਕਾਲੀ ਦਲ ਦੀ ਮੰਗ ਇਹ ਸੀ ਕਿ ਪੰਜਾਬ ਦੇ ਗਵਾਂਢੀ ਰਾਜਾਂ—ਹਰਿਆਣਾ, ਹਿਮਾਚਲ-ਪ੍ਰਦੇਸ਼ ਤੇ ਦਿੱਲੀ—ਜਿੱਥੇ ਖ਼ਾਸੀ ਗਿਣਤੀ ਵਿਚ ਪੰਜਾਬੀ ਆਬਾਦ ਹਨ, ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਜਾਏ, ਤੇ ਇਸ ਦੀ ਉੱਨਤੀ ਤੇ ਵਿਕਾਸ ਲਈ ਕਦਮ ਚੁੱਕੇ ਜਾਣ। ਪਰ ਹੋ ਇਹ ਰਿਹਾ ਸੀ ਕਿ ਹਰਿਆਣਾ ਨੇ ਆਪਣੇ ਸਕੂਲਾਂ ਵਿਚ ਤਾਮਿਲ ਦੀ ਪੜ੍ਹਾਈ ਸ਼ੁਰੂ ਕੀਤੀ ਹੋਈ ਸੀ ਅਤੇ 3 ਪ੍ਰਤੀਸ਼ਤ ਉਰਦੂ ਬੋਲਣ ਵਾਲਿਆਂ ਲਈ 'ਉਰਦੂ ਅਕਾਦਮੀ' ਬਣਾ ਦਿੱਤੀ ਸੀ, ਜਿਸ ਦੀ ਰਾਹੀਂ ਉਰਦੂ ਦੇ ਵਿਕਾਸ ਲਈ ਲੱਖਾਂ ਰੁਪਏ ਸਾਲਾਨਾ ਖ਼ਰਚ ਕੀਤੇ ਜਾ ਰਹੇ ਸਨ। ਪਰ ਪ੍ਰਧਾਨ ਮੰਤਰੀ ਦੀ ਚਿੱਠੀ ਦੇ ਬਾਵਜੂਦ ਹਰਿਆਣੇ ਦੇ 30 ਪ੍ਰਤੀਸ਼ਤ ਤੋਂ ਵਧ ਪੰਜਾਬੀ ਬੋਲਣ ਵਾਲਿਆਂ ਲਈ 'ਪੰਜਾਬੀ ਅਕਾਦਮੀ' ਦਾ ਗਠਨ ਨਹੀਂ ਕੀਤਾ ਗਿਆ ਸੀ। ਇਸੇ

ਤਰ੍ਹਾਂ ਹਿਮਾਚਲ ਪ੍ਰਦੇਸ਼ ਨੇ, ਜਿੱਥੇ ਉਰਦੂ ਬੋਲਣ ਵਾਲਾ ਇਕ ਵੀ ਪੁਰਸ਼ ਨਹੀਂ ਸੀ, ਪੰਜਾਬੀਆਂ ਨੂੰ ਅੱਖੋਂ ਉਹਲੇ ਕਰ ਕੇ ਉਰਦੂ ਨੂੰ ਦੂਜੀ ਭਾਸ਼ਾ ਦਾ ਦਰਜਾ ਦੇ ਦਿੱਤਾ ਸੀ। ਹਾਂ, ਦਿੱਲੀ ਵਿਚ 'ਪੰਜਾਬੀ ਅਕਾਦਮੀ' ਸਥਾਪਤ ਕਰ ਦਿੱਤੀ ਗਈ ਸੀ ਤੇ ਇਹ ਪੰਜਾਬੀ ਦੇ ਵਿਕਾਸ ਲਈ ਸ਼ਲਾਘਾ-ਯੋਗ ਕੰਮ ਕਰ ਰਹੀ ਹੈ।

ਧਾਰਾ (11) 'ਕੇਂਦਰੀ ਸਰਕਾਰ ਪੰਜਾਬੀ ਦੀ ਉੱਨਤੀ ਲਈ ਕੋਈ ਕਾਰਵਾਈ ਕਰੇਗੀ।' ਇਸ ਸੰਬੰਧੀ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਕੇਂਦਰੀ ਸਰਕਾਰ ਦੇ ਪੱਧਰ ਤੇ 'ਉਰਦੂ ਵਿਕਾਸ ਬੋਰਡ' ਵਾਂਗ 'ਪੰਜਾਬੀ ਵਿਕਾਸ ਬੋਰਡ' ਬਣਾਇਆ ਜਾਏਗਾ। ਪਰ ਪਿਛਲੇ ਅੱਠ ਵਰ੍ਹਿਆਂ ਵਿਚ ਇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ, ਇਥੋਂ ਤਕ ਕਿ ਚੰਡੀਗੜ੍ਹ ਵਿਚ ਵੀ, ਜੋ ਸਿੱਧਾ ਕੇਂਦਰ ਦੇ ਅਧੀਨ ਹੈ, ਪੰਜਾਬੀ ਦੀ ਉੱਨਤੀ ਲਈ ਕੋਈ ਉਚੇਚਾ ਜਾਂ ਵਿਸ਼ੇਸ਼ ਕਦਮ ਤਾਂ ਕਿਤੇ ਰਿਹਾ, ਲੋੜੀਂਦਾ ਤੇ ਵਾਜਬੀ ਕਦਮ ਵੀ ਨਹੀਂ ਚੁਕਿਆ ਗਿਆ।

ਧਾਰਾ (2) 'ਦੇਸ ਦੇ ਸਾਰੇ ਨਾਗਿਰਕਾਂ ਨੂੰ ਫ਼ੌਜ ਵਿਚ ਭਰਤੀ ਹੋਣ ਦਾ ਅਧਿਕਾਰ ਹੈ। ਯੋਗਤਾ ਭਰਤੀ ਦੀ ਕਸਵੱਟੀ ਰਹੇਗੀ।' ਇਨ੍ਹਾਂ ਦੋਹਾਂ ਗੱਲਾਂ ਬਾਰੇ ਤਾਂ ਕੋਈ ਵਾਦ-ਵਿਵਾਦ ਨਹੀਂ ਸੀ। ਅਸਲ ਮੰਗ ਇਹ ਸੀ ਕਿ 1976 ਵਿਚ ਐਮਰਜੈਂਸੀ ਦੇ ਵੇਲੇ ਇਕ ਸਰਕੂਲਰ ਜਾਰੀ ਕਰ ਕੇ ਫ਼ੌਜ ਵਿਚ ਭਰਤੀ ਕਿਸੇ ਰਾਜ ਦੀ ਵੱਸੋਂ ਦੇ ਅਨੁਪਾਤ ਨਾਲ ਕਰਨ ਦੀ ਜੋ ਸ਼ਰਤ ਬਣਾਈ ਗਈ ਸੀ, ਉਹ ਮਨਸੂਖ਼ ਕੀਤੀ ਜਾਏ। ਪਰ ਇਹ ਸ਼ਰਤ ਮਨਸੂਖ਼ ਨਹੀਂ ਕੀਤੀ ਗਈ ਤੇ ਫ਼ੌਜ ਵਿਚ ਸਿੱਖਾਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ।

ਧਾਰਾ (3) 'ਦਿੱਲੀ ਵਿਚ ਨਵੰਬਰ 1984 ਦੇ ਦੰਗਿਆਂ ਦੀ ਪੜਤਾਲ ਕਰ ਰਹੇ ਰੰਗਾਨਾਥਨ ਕਮਿਸ਼ਨ ਦਾ ਕਾਰਜ-ਖੇਤਰ ਬੁਖ਼ਾਰੋ ਤੇ ਕਾਨਪੁਰ ਲਈ ਵਧਾ ਦਿੱਤਾ ਜਾਏਗਾ।' ਕਾਰਜ-ਖੇਤਰ ਤਾਂ ਵਧਾ ਦਿੱਤਾ ਗਿਆ, ਪਰ ਜਦ ਦਿੱਲੀ ਦੇ ਦੰਗਈਆਂ ਤੇ ਉਨ੍ਹਾਂ ਨੂੰ ਜਥੇਬੰਦ ਕਰਨ ਵਾਲੇ ਕਾਂਗਰਸੀ ਆਗੂਆਂ ਤੇ ਸਰਕਾਰੀ ਅਫ਼ਸਰਾਂ ਦੇ ਵਿਰੁੱਧ ਅੱਜ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ, ਤਾਂ ਕਾਨਪੁਰ ਤੇ ਬੁਖ਼ਾਰੋ ਦੇ ਦੋਸ਼ੀਆਂ ਨੂੰ ਕਿਸ ਨੇ ਪੁਛਣਾ ਸੀ।

ਧਾਰਾ (8) 'ਸ਼੍ਰੋਮਣੀ ਅਕਾਲੀ ਦਲ ਕਹਿੰਦਾ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਪੂਰੀ ਤਰ੍ਹਾਂ ਭਾਰਤੀ ਸੰਵਿਧਾਨ ਦੇ ਢਾਂਚੇ ਅੰਦਰ ਹੈ। ਇਹ ਕੇਂਦਰ ਤੇ ਰਾਜਾਂ ਦੇ ਸੰਬੰਧਾਂ ਦੀ ਇਉਂ ਵਿਆਖਿਆ ਕਰਦਾ ਹੈ, ਜੀਹਦੇ ਨਾਲ ਸਾਡਾ ਸੰਵਿਧਾਨ ਸਹੀ ਅਰਥਾਂ ਵਿਚ ਫ਼ੈਡਰਲ ਬਣ ਜਾਏ। ਮਤੇ ਦਾ ਮੰਤਵ ਰਾਜਾਂ ਨੂੰ ਵਧੇਰੇ ਖ਼ੁਦਮੁਖ਼ਤਾਰੀ ਦੇ ਕੇ ਦੇਸ ਦੀ ਏਕਤਾ ਤੇ ਅਖੰਡਤਾ ਨੂੰ ਮਜ਼ਬੂਤ ਕਰਨਾ ਹੈ। ਸੋ ਇਸ ਗੱਲ ਨੂੰ ਮੁਖ ਰਖ ਕੇ ਇਹ ਮਤਾ ਸਰਕਾਰੀਆ ਕਮਿਸ਼ਨ ਨੂੰ ਸੌਂਪਿਆ ਜਾਂਦਾ ਹੈ।'

ਮਤਾ ਸਰਕਾਰੀਆ ਕਮਿਸ਼ਨ ਨੂੰ ਸੌਂਪ ਦਿੱਤਾ ਗਿਆ, ਪਰ ਅਜੇ ਤਕ ਕਮਿਸ਼ਨ ਦੀ ਰਿਪੋਰਟ ਪ੍ਰਕਾਸ਼ਤ ਨਹੀਂ ਕੀਤੀ ਗਈ। ਅਨੰਦਪੁਰ ਸਾਹਿਬ ਦਾ ਮਤਾ ਇਕ ਮਹਾਨ ਦਸਤਾਵੇਜ਼ ਸੀ ਤੇ ਬਰਨਾਲਾ ਸਰਕਾਰ ਨੇ ਕਮਿਸ਼ਨ ਦੇ ਸਾਹਮਣੇ ਇਸ ਦੀ ਜ਼ੋਰਦਾਰ, ਬਾਦਲੀਲ ਵਿਆਖਿਆ ਕੀਤੀ ਸੀ। ਕਿਹਾ ਜਾਂਦਾ ਹੈ ਕਿ ਇਹ ਰਿਪੋਰਟ ਪ੍ਰਕਾਸ਼ਤ ਨਾ ਕਰਨ ਦਾ ਇਕ ਕਾਰਨ ਇਹ ਵੀ ਹੈ ਕਿ ਕਮਿਸ਼ਨ ਵੱਲੋਂ ਇਹ ਮਤਾ ਰੱਦ ਕਰਨ ਲਈ ਜੋ ਦਲੀਲਾਂ ਦਿੱਤੀਆਂ ਗਈਆਂ ਹਨ, ਉਹ ਬੇਹੂਦਾ ਤੇ ਥੋਥੀਆਂ ਹਨ।

ਸਮਝੌਤੇ ਦੀਆਂ ਹੋਰ ਤਿੰਨ ਧਾਰਾਵਾਂ ਅਜਿਹੀਆਂ ਸਨ, ਜਿਨ੍ਹਾਂ ਵਿੱਚੋਂ ਇਕ ਉੱਤੇ ਪੂਰਾ ਤੇ ਦੋ ਉੱਤੇ ਅੱਧਾ-ਪਚੱਧਾ ਅਮਲ ਹੋਇਆ। ਧਾਰਾ (6) 'ਫ਼ੌਜ ਦੇ ਵਿਸ਼ੇਸ਼ ਅਧਿਕਾਰਾਂ ਬਾਰੇ ਕਾਨੂੰਨ ਵਾਪਸ ਲੈ ਲਿਆ ਜਾਏਗਾ। ਮੌਜੂਦਾ ਵਿਸ਼ੇਸ਼ ਅਦਾਲਤਾਂ ਕੇਵਲ ਉਨ੍ਹਾਂ ਮੁਕੱਦਮਿਆਂ ਦਾ ਫ਼ੈਸਲਾ ਕਰਨਗੀਆਂ, ਜਿਨ੍ਹਾਂ ਦਾ ਸੰਬੰਧ ਸਰਕਾਰ ਦੇ ਵਿਰੁੱਧ ਜੰਗ ਕਰਨ ਜਾਂ ਹਵਾਈ ਜਹਾਜ਼ ਅਗਵਾ

ਕਰਨ ਦਾ ਦੋਸ਼ ਹੈ। ਬਾਕੀ ਸਭ ਮੁਕੱਦਮੇ ਆਮ ਅਦਾਲਤਾਂ ਵਿਚ ਬਦਲ ਦਿੱਤੇ ਜਾਣਗੇ।' ਇਸ ਧਾਰਾ ਉੱਤੇ ਪੂਰਾ ਅਮਲ ਕੀਤਾ ਗਿਆ।

ਧਾਰਾ (4) 'ਫ਼ੌਜ ਵਿੱਚੋਂ ਮੌਕੂਫ਼ ਕੀਤੇ ਗਿਆਂ ਨੂੰ ਮੁੜ ਕੇ ਵਸਾਣ ਤੇ ਲਾਹੇਵੰਦੀ ਨੌਕਰੀ ਦੇਣ ਦੀ ਕੋਸ਼ਿਸ਼ ਕੀਤੀ ਜਾਏਗੀ।' ਇਸ ਸੰਬੰਧੀ ਅੱਧੀ-ਪਚੱਧੀ ਕਾਰਵਾਈ ਕੀਤੀ ਗਈ। ਕਈਆਂ ਨੂੰ ਦੂਰ-ਦੁਰੇਡੀਆਂ ਥਾਵਾਂ ਉੱਤੇ ਨੌਕਰੀ ਦੀ ਪੇਸ਼ਕਸ਼ ਕੀਤੀ ਗਈ, ਜਿੱਥੇ ਜਾਣਾ ਉਨ੍ਹਾਂ ਨੇ ਲਾਹੇਵੰਦਾ ਨਾ ਸਮਝਿਆ।

ਧਾਰਾ (1) '1.8.82 ਤੋਂ ਬਾਅਦ ਕਿਸੇ ਵੀ ਕਾਰਵਾਈ ਵਿਚ ਨਿਰਦੋਸ਼ ਮਾਰੇ ਗਿਆਂ ਨੂੰ ਗਰਾਂਟ ਅਤੇ ਤਬਾਹ ਹੋਈ ਜਾਇਦਾਦ ਦਾ ਇਵਜ਼ਾਨਾ ਦਿੱਤਾ ਜਾਏਗਾ।'

ਇਸ ਸੰਬੰਧ ਵਿਚ ਵੀ ਬਹੁਤ ਘਟ ਕਾਰਵਾਈ ਹੋਈ ਹੈ। ਦਿਲੀ ਦੇ ਦੰਗਾ-ਪੀੜਤਾਂ ਨੂੰ ਲੁੱਟ-ਮਾਰ ਤੇ ਸਾੜ-ਫੂਕ ਨਾਲ ਹੋਈ ਤਬਾਹੀ ਦਾ ਅਜੇ ਤਕ ਤਸੱਲੀਬਖ਼ਸ਼ ਇਵਜ਼ਾਨਾ ਨਹੀਂ ਦਿੱਤਾ ਗਿਆ।

ਇਸ ਤਰ੍ਹਾਂ ਸਮਝੌਤੇ ਦੀਆਂ 11 ਧਾਰਾਵਾਂ ਵਿਚ ਕੇਵਲ ਦੋ ਧਾਰਾਵਾਂ (7) ਤੇ ਧਾਰਾ (9) ਬਾਕੀ ਰਹਿ ਜਾਂਦੀਆਂ ਹਨ, ਜਿਨ੍ਹਾਂ ਵਿਚ ਕਮਿਸ਼ਨ ਬਣਾਉਣ ਦਾ ਜ਼ਿਕਰ ਹੈ। ਇਨ੍ਹਾਂ ਕਮਿਸ਼ਨਾਂ ਨੇ ਜੋ ਧਾਂਦਲੀ ਮਚਾਈ, ਉਸ ਦਾ ਵੇਰਵੇ ਸਹਿਤ ਵਰਣਨ ਨਾਲੋ ਨਾਲ ਕੀਤਾ ਜਾ ਰਿਹਾ ਹੈ। ਇਹ ਠੀਕ ਹੈ ਕਿ ਲੋਕ-ਰਾਜੀ ਦੇਸਾਂ ਵਿਚ ਹਰੇਕ ਵਿਵਾਦ-ਗ੍ਰਸਤ ਮਾਮਲੇ ਦਾ ਫ਼ੈਸਲਾ ਕਮਿਸ਼ਨਾਂ ਦੀ ਰਾਹੀਂ ਕੀਤਾ ਜਾਂਦਾ ਹੈ। ਪਰ ਹੋਰ ਦੇਸਾਂ ਵਿਚ ਕਮਿਸ਼ਨ ਨਿਰਪੱਖ ਹੋ ਕੇ ਗੰਭੀਰਤਾਂ ਨਾਲ ਕੰਮ ਕਰਦੇ ਹਨ। ਸਾਡੇ ਦੇਸ ਵਿਚ ਬਹੁਤ ਹੱਦ ਤਕ ਇਹ ਸਰਕਾਰ ਦੇ ਹੱਥਠੋਕੇ ਬਣ ਜਾਂਦੇ ਹਨ, ਜੋ ਇਨ੍ਹਾਂ ਨੂੰ ਨਿਯੁਕਤ ਕਰਦੀ ਹੈ। ਮਾਰਕ ਟੱਲੀ ਨੇ ਆਪਣੀ ਕਿਤਾਬ 'ਅੰਮ੍ਰਿਤਸਰ—ਇੰਦਰਾ ਗਾਂਧੀ ਦੀ ਆਖ਼ਰੀ ਲੜਾਈ' ਵਿਚ ਕਮਿਸ਼ਨਾਂ ਦੀ ਨਿਰਾਰਥਕਤਾ ਦਾ ਇਉਂ ਵਰਣਨ ਕੀਤਾ ਹੈ, "ਅਪਰੇਸ਼ਨ ਨੀਲਾ ਤਾਰਾ ਤੋਂ ਕੁਝ ਦਿਨ ਪਹਿਲਾਂ ਇੰਦਰਾ ਨੇ ਅਕਾਲੀਆਂ ਨੂੰ ਆਖਿਆ ਕਿ ਉਹ ਹਰਿਆਣੇ ਨੂੰ ਚੰਡੀਗੜ੍ਹ ਦੇ ਬਦਲੇ ਪਹਿਲਾਂ ਮਿੱਥੇ ਫ਼ੈਸਲੇ ਅਨੁਸਾਰ ਫ਼ਾਜ਼ਲਕਾ ਤੇ ਅਬੋਹਰ ਤਹਿਸੀਲਾਂ ਦੇ 114 ਪਿੰਡਾਂ ਦੀ ਥਾਂ ਕੇਵਲ ਅਬੋਹਰ ਦਾ ਕਸਬਾ ਦੇਵੇਗੀ। ਪਰ ਇਹ ਕੁਝ ਉਹ ਆਪ ਨਹੀਂ ਕਰੇਗੀ, ਕਿਉਂਕਿ ਇਸ ਨੂੰ ਹਰਿਆਣੇ ਦੇ ਹਿੰਦੂ ਆਪਣੀ ਹਾਰ ਮੰਨਣਗੇ। ਇਸ ਲਈ ਇਹ ਫ਼ੈਸਲਾ ਇਕ ਕਮਿਸ਼ਨ ਕੋਲੋਂ ਕਰਾਇਆ ਜਾਏਗਾ, ਪਰ ਕਮਿਸ਼ਨ ਕੋਲੋਂ ਪਹਿਲਾਂ ਹੀ ਅਜਿਹੇ ਫ਼ੈਸਲੇ ਦੀ ਗਾਰੰਟੀ ਲੈ ਲਈ ਜਾਏਗੀ।" ਇਹ ਇਕ ਅੱਤ ਦੀ ਉਦਾਹਰਣ ਹੈ ਤੇ ਕਹਿ ਨਹੀਂ ਸਕਦੇ ਕਿ ਸੱਚ ਹੈ ਜਾਂ ਝੂਠ। ਪਰ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਜਿਸ ਵੀ ਜੱਜ ਨੂੰ ਕਮਿਸ਼ਨ ਨਿਯਤ ਕੀਤਾ ਜਾਂਦਾ ਹੈ, ਉਹ ਸੌਂਪੇ ਗਏ ਮਾਮਲੇ ਬਾਰੇ ਸਰਕਾਰ ਦੇ ਦ੍ਰਿਸ਼ਟੀਕੋਣ ਨੂੰ ਜਾਣਦਾ ਹੁੰਦਾ ਹੈ ਤੇ ਬਹੁਤ ਹੱਦ ਤਕ ਉਹਦੇ ਅਨੁਸਾਰ ਫ਼ੈਸਲਾ ਕਰਦਾ ਹੈ। ਫਿਰ ਕਮਿਸ਼ਨ ਨੂੰ ਕੋਈ ਮਾਮਲਾ ਸੌਂਪਣ ਲਗਿਆਂ ਉਹਦੀ ਸ਼ਬਦਾਵਲੀ ਤੇ ਸ਼ਰਤਾਂ ਅਜਿਹੀਆਂ ਲਚਕਦਾਰ ਰਖ ਲਈਆਂ ਜਾਂਦੀਆਂ ਹਨ ਕਿ ਉਨ੍ਹਾਂ ਦੇ ਇਕ ਤੋਂ ਵਧੀਕ ਅਰਥ ਨਿਕਲ ਸਕਣ। ਫਿਰ ਕਈ ਜੱਜ ਨਮੋਸ਼ੀ ਦਾ ਖ਼ਿਆਲ ਛਡ ਕੇ ਸੰਬੰਧਤ ਗੱਲਾਂ ਫ਼ੈਸਲੇ ਵਿਚ ਘੁਸੇੜ ਲੈਂਦੇ ਹਨ ਤੇ ਆਪਣੇ ਵੱਲੋਂ ਬੇਲੋੜੀ ਟੀਕਾ-ਟਿਪਣੀ ਸ਼ੁਰੂ ਕਰ ਦੇਂਦੇ ਹਨ। ਇਹੀ ਕੁਝ ਇਸ ਸਮਝੌਤੇ ਅਨੁਸਾਰ ਬਣੇ ਕਮਿਸ਼ਨਾਂ ਵੱਲੋਂ ਕੀਤਾ ਗਿਆ। ਸਮਝੌਤੇ ਦੀ ਸਤਵੀਂ ਧਾਰਾ ਇਸ ਪ੍ਰਕਾਰ ਸੀ:

ਧਾਰਾ 7.1. 'ਚੰਡੀਗੜ੍ਹ ਰਾਜਧਾਨੀ ਖੇਤਰ ਪੰਜਾਬ ਨੂੰ ਮਿਲੇਗਾ। ਨਾਲ-ਲਗਵੇਂ ਕੁਝ ਪੰਜਾਬੀ-ਭਾਸ਼ੀ ਤੇ ਕੁਝ ਹਿੰਦੀ-ਭਾਸ਼ੀ ਇਲਾਕੇ ਇਹਦੇ ਵਿਚ ਪਿੱਛੋਂ ਸ਼ਾਮਲ ਕੀਤੇ ਗਏ ਸਨ। ਉਨ੍ਹਾਂ ਵਿੱਚੋਂ ਪੰਜਾਬੀ-ਭਾਸ਼ੀ ਪੰਜਾਬ ਨੂੰ ਤੇ ਹਿੰਦੀ-ਭਾਸ਼ੀ ਹਰਿਆਣੇ ਨੂੰ ਦੇ ਦਿੱਤੇ ਜਾਣਗੇ। ਸਾਰੀ ਸੁਖਨਾ

ਝੀਲ ਚੰਡੀਗੜ੍ਹ ਦਾ ਹਿੱਸਾ ਹੋਵੇਗੀ ਤੇ ਪੰਜਾਬ ਨੂੰ ਮਿਲੇਗੀ।'

7.2. ਸ੍ਰੀਮਤੀ ਇੰਦਰਾ ਗਾਂਧੀ ਹਮੇਸ਼ਾ ਹੀ ਇਹ ਕਹਿੰਦੀ ਸੀ ਕਿ ਜਦ ਚੰਡੀਗੜ੍ਹ ਪੰਜਾਬ ਨੂੰ ਮਿਲੇਗਾ, ਤਾਂ ਪੰਜਾਬ ਵਿਚਲੇ ਕੁਝ ਹਿੰਦੀ-ਭਾਸ਼ੀ ਇਲਾਕੇ ਹਰਿਆਣੇ ਨੂੰ ਮਿਲ ਜਾਣਗੇ। ਸੋ ਇਹ ਨਿਰਣਾ ਕਰਨ ਲਈ ਕਿ ਚੰਡੀਗੜ੍ਹ ਦੇ ਬਦਲੇ ਹਰਿਆਣੇ ਨੂੰ ਪੰਜਾਬ ਦੇ ਕਿਹੜੇ ਹਿੰਦੀ-ਭਾਸ਼ੀ ਇਲਾਕੇ ਮਿਲਣੇ ਹਨ, ਇਕ ਕਮਿਸ਼ਨ ਬਣਾਇਆ ਜਾਏਗਾ। ਪਿੰਡ ਨੂੰ ਇਕਾਈ ਮੰਨ ਕੇ ਭਾਸ਼ਾਈ ਸਮਾਨਤਾ ਅਤੇ ਨਾਲ-ਲਗਵਾਂ ਖੇਤਰ ਇਸ ਨਿਰਣੇ ਦਾ ਆਧਾਰ ਹੋਣਗੇ। ਕਮਿਸ਼ਨ 31 ਦਸੰਬਰ 1985 ਤਕ ਆਪਣਾ ਫ਼ੈਸਲਾ ਦੇਵੇਗਾ, ਜੋ ਦੋਹਾਂ ਧਿਰਾਂ ਲਈ ਮੰਨਣਾ ਲਾਜ਼ਮੀ ਹੋਵੇਗਾ।'

7.3. ਚੰਡੀਗੜ੍ਹ ਪੰਜਾਬ ਨੂੰ ਅਤੇ ਇਹਦੇ ਬਦਲੇ ਹਰਿਆਣੇ ਨੂੰ ਮਿਲਣ ਵਾਲੇ ਇਲਾਕੇ ਹਰਿਆਣੇ ਨੂੰ ਇੱਕੋ ਸਮੇਂ 26 ਜਨਵਰੀ 1986 ਨੂੰ ਸੌਂਪ ਦਿੱਤੇ ਜਾਣਗੇ।

7.4. 'ਪੰਜਾਬ ਤੇ ਹਰਿਆਣੇ ਦੀ ਹੱਦਬੰਦੀ ਨੂੰ ਨਵੇਂ ਸਿਰੇ ਸਿਰਜਣ ਲਈ ਹੋਰ ਵੀ ਕਈ ਦਾਅਵੇ ਤੇ ਪ੍ਰਤੀ-ਦਾਅਵੇ ਹੋਏ ਹਨ। ਇਨ੍ਹਾਂ ਦਾਅਵਿਆਂ ਨੂੰ ਵਿਚਾਰਨ ਤੇ ਫ਼ੈਸਲਾ ਕਰਨ ਲਈ ਸਰਕਾਰ ਕਮਿਸ਼ਨ ਨਿਯਤ ਕਰੇਗੀ। ਇਹਦਾ ਫ਼ੈਸਲਾ ਵੀ ਪਿੰਡ ਨੂੰ ਇਕਾਈ ਮੰਨ ਕੇ ਭਾਸ਼ਾਈ ਸਮਾਨਤਾ ਤੇ ਨਾਲ-ਲਗਵਾਂ ਖੇਤਰ ਹੋਣ ਦੇ ਅਧਾਰ ਤੇ ਹੋਵੇਗਾ।

ਇਸ ਧਾਰਾ ਦੀ ਮਦ 2 ਵਿਚ ਪਿੰਡ ਨੂੰ ਇਕਾਈ ਮੰਨਣਾ ਅਤੇ ਨਾਲ-ਲਗਵਾਂ ਖੇਤਰ ਹੋਣਾ ਇਕ ਮਹੱਤਵਪੂਰਨ ਪ੍ਰਾਪਤੀ ਸੀ, ਕਿਉਂਕਿ ਇਸ ਨਾਲ ਇੰਦਰਾ ਗਾਂਧੀ ਦਾ ਹਰਿਆਣੇ ਨੂੰ ਲਾਂਘਾ ਦੇਣ ਦਾ ਫ਼ੈਸਲਾ ਹਮੇਸ਼ਾ ਲਈ ਰੱਦ ਹੋ ਗਿਆ ਸੀ, ਪਰ ਇਸ ਵਿਚ ਸ੍ਰੀਮਤੀ ਇੰਦਰਾ ਗਾਂਧੀ ਦੇ ਵਿਚਾਰਾਂ ਦਾ ਬਿਆਨ ਬਿਲਕੁਲ ਬੇਲੋੜਾ ਸੀ, ਕਿਉਂਕਿ ਇਸ ਨਾਲ ਹਰਿਆਣੇ ਨੂੰ ਚੰਡੀਗੜ੍ਹ ਦੇ ਬਦਲੇ ਦੇਣ ਵਾਲੇ ਇਲਾਕਿਆਂ ਬਾਰੇ ਕਮਿਸ਼ਨ ਦੇ ਸਾਹਮਣੇ ਹਮੇਸ਼ਾ ਹੀ ਫ਼ਾਜ਼ਲਕਾ, ਅਬੋਹਰ ਤੇ ਇਨ੍ਹਾਂ ਤਹਿਸੀਲਾਂ ਦੇ 114 ਪਿੰਡ ਆ ਜਾਣੇ ਸਨ ਅਤੇ ਅੰਤ ਹੋਇਆ ਵੀ ਇਹੀ ਕੁਝ। ਇੱਸੇ ਤਰ੍ਹਾਂ ਮਦ 3 ਵਿਚ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਮਾਮਲਾ ਹਰਿਆਣੇ ਨੂੰ ਦੇਣ ਵਾਲੇ ਇਲਾਕਿਆਂ ਨਾਲ ਨੱਥੀ ਕਰਨਾ ਵੀ ਠੀਕ ਨਹੀਂ ਸੀ, ਕਿਉਂਕਿ ਜੇ ਚੰਡੀਗੜ੍ਹ ਦੇ ਬਦਲੇ ਪੰਜਾਬ ਦੇ ਹਰਿਆਣੇ ਨਾਲ-ਲਗਵੇਂ ਹਿੰਦੀ-ਭਾਸ਼ੀ ਇਲਾਕੇ ਕਿਸੇ ਕਮਿਸ਼ਨ ਨੂੰ ਨਹੀਂ ਮਿਲਦੇ, ਤਾਂ ਚੰਡੀਗੜ੍ਹ ਦਾ ਪੰਜਾਬ ਨੂੰ ਮਿਲਣਾ ਵੀ ਖੁੱਡੇ ਲਗ ਸਕਦਾ ਸੀ।

ਖ਼ੈਰ! ਇਨ੍ਹਾਂ ਇਲਾਕਿਆਂ ਦਾ ਨਿਰਣਾ ਕਰਨ ਲਈ ਪਹਿਲਾਂ ਮੈਥੀਊ ਕਮਿਸ਼ਨ ਨਿਯਤ ਕੀਤਾ ਗਿਆ। ਕਮਿਸ਼ਨ ਨੇ 31 ਦਸੰਬਰ ਤਕ ਆਪਣੀ ਰਿਪੋਰਟ ਦੇਣੀ ਸੀ, ਪਰੰਤੂ ਇਸ ਤਰੀਕ ਤਕ ਕੋਈ ਕਾਰਵਾਈ ਸ਼ੁਰੂ ਨਾ ਹੋ ਸਕੀ। ਹਰਿਆਣੇ ਵੱਲੋਂ ਪੈਰ ਪੈਰ ਤੇ ਅੜਿੱਚਣਾਂ ਪਾਈਆਂ ਜਾਂਦੀਆਂ ਰਹੀਆਂ। ਉਸ ਦੇ ਵਕੀਲਾਂ ਨੇ ਨਾਲ-ਲਗਵੇਂ ਖੇਤਰ ਦੀ ਹੋਰ ਹੋਰ ਤਰ੍ਹਾਂ ਨਾਲ ਵਿਆਖਿਆ ਕੀਤੀ ਤੇ ਇਹ ਸ਼ਰਤਾਂ ਰੱਦ ਕਰਨ ਦੀ ਵੀ ਮੰਗ ਕੀਤੀ। ਫਿਰ ਕਮਿਸ਼ਨ ਨੇ ਪੰਜਾਬ ਵੱਲੋਂ ਇਤਰਾਜ਼ ਦੇ ਬਾਵਜੂਦ ਉਨ੍ਹਾਂ ਦੇ ਕਹਿਣ ਉੱਤੇ ਅਬੋਹਰ ਤੇ ਫ਼ਾਜ਼ਲਕਾ ਦੇ ਕੁਝ ਪਿੰਡਾਂ ਦੀ ਨਵੇਂ ਸਿਰੇ ਮਰਦੁਮ-ਸ਼ੁਮਾਰੀ ਕਰਾਈ। ਬਹੁਤਾ ਕਰਕੇ ਇਸ ਦਾ ਮੰਤਵ ਫ਼ੈਸਲੇ ਨੂੰ ਲਮਕਾਣਾ ਸੀ। ਸੋ ਕਮਿਸ਼ਨ ਦੇ ਫ਼ੈਸਲੇ ਦੀ ਮਿਆਦ 26 ਜਨਵਰੀ 1986 ਤਕ ਵਧਾ ਦਿੱਤੀ ਗਈ। ਜਦ ਕੰਦੂਖੇੜਾ ਪਿੰਡ ਦੀ ਮਰਦੁਮ-ਸ਼ੁਮਾਰੀ ਹੋਣ ਵਾਲੀ ਸੀ, ਤਾਂ ਹਰਿਆਣੇ ਦੇ ਮੁਖ ਮੰਤਰੀ ਭਜਨ ਲਾਲ ਨੇ ਰਾਤੋ ਰਾਤ ਦੋ ਹਜ਼ਾਰ ਹਰਿਆਣਵੀ ਇਸ ਪਿੰਡ ਵਿਚ ਵਾੜਨ ਦਾ ਜਤਨ ਕੀਤਾ, ਪਰ ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ, ਅਮਰਿੰਦਰ ਸਿੰਘ ਤੇ ਸ਼ਮਿੰਦਰ ਸਿੰਘ ਆਦਿ ਦੀ ਚੌਕਸੀ ਨੇ ਉਸ ਦਾ ਇਹ ਜਤਨ ਨਾਕਾਮ ਕਰ ਦਿੱਤਾ। ਜਨ-ਗਣਨਾ ਵਿਚ ਸਾਬਤ ਹੋ ਗਿਆ ਕਿ ਕੰਦੂਖੇੜਾ ਪਿੰਡ ਦੀ ਭਾਰੀ ਬਹੁ-ਗਿਣਤੀ ਪੰਜਾਬੀ-ਭਾਸ਼ੀ ਹੈ। ਇਸ ਵੇਲੇ ਇਉਂ ਭਾਸਣ ਲਗ ਪਿਆ ਕਿ ਚੰਡੀਗੜ੍ਹ

ਪੰਜਾਬ ਨੂੰ ਮਿਲਿਆ ਕਿ ਮਿਲਿਆ; ਇੱਥੋਂ ਤਕ ਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਆਪਣੇ ਮੁਲਾਜ਼ਮਾਂ ਨੂੰ ਇਸ ਖ਼ਿਆਲ ਤੋਂ ਕਿ 26 ਜਨਵਰੀ ਤੋਂ ਇਨ੍ਹਾਂ ਨੂੰ ਪੰਜਾਬ ਸਰਕਾਰ ਨੇ ਤਨਖ਼ਾਹਾਂ ਦੇਣੀਆਂ ਹਨ, 25 ਜਨਵਰੀ ਤਕ ਤਨਖ਼ਾਹਾਂ ਦੇਣ ਦਾ ਫ਼ੈਸਲਾ ਕਰ ਲਿਆ। ਪੰਜਾਬ ਸਰਕਾਰ ਨੇ 26 ਜਨਵਰੀ ਨੂੰ ਗਣਤੰਤਰ ਦਿਵਸ ਚੰਡੀਗੜ੍ਹ ਵਿਚ ਮਨਾਉਣ ਦਾ ਫ਼ੈਸਲਾ ਕਰ ਲਿਆ ਸੀ। ਪਰ ਪਤਾ ਨਹੀਂ, ਕਿਸ ਦੇ ਇਸ਼ਾਰੇ ਉੱਤੇ ਕਮਿਸ਼ਨ ਆਪਣਾ ਫ਼ੈਸਲਾ ਅੱਗੇ ਹੀ ਅੱਗੇ ਪਾਈ ਜਾ ਰਿਹਾ ਸੀ। ਅਖ਼ੀਰ ਜਸਟਿਸ ਮੈਥੀਓ ਨੇ 25 ਜਨਵਰੀ 1986 ਨੂੰ ਜੋ ਫ਼ੈਸਲਾ ਸੁਣਾਇਆ, ਉਹ ਇਸ ਪ੍ਰਕਾਰ ਸੀ, "ਫ਼ਾਜ਼ਲਕਾ ਤੇ ਅਬੋਹਰ ਦੇ 58 ਪਿੰਡ ਹਿੰਦੀ-ਭਾਸ਼ੀ ਹਨ, ਪਰ ਕਿਉਂਜੁ ਉਹ ਹਰਿਆਣੇ ਦੇ ਨਾਲ-ਲਗਵੇਂ ਨਹੀਂ ਹਨ, ਇਸ ਲਈ ਹਰਿਆਣੇ ਨੂੰ ਨਹੀਂ ਦਿੱਤੇ ਜਾ ਸਕਦੇ। ਪੰਜਾਬ ਨੇ ਕਿਹਾ ਹੈ ਕਿ ਉਹ ਰਾਜਪੁਰਾ ਤਹਿਸੀਲ ਦੇ 30-32 ਹਿੰਦੀ-ਭਾਸ਼ੀ ਪਿੰਡ, ਜੋ ਹਰਿਆਣੇ ਦੇ ਨਾਲ-ਲਗਵੇਂ ਹਨ, ਚੰਡੀਗੜ੍ਹ ਦੇ ਬਦਲੇ ਉਸ ਨੂੰ ਦੇਣ ਲਈ ਤਿਆਰ ਹੈ। ਪਰ ਕਿਉਂਜੁ ਹਰਿਆਣਾ ਮੇਰੇ ਸਾਹਮਣੇ ਇਹ ਦਾਅਵਾ ਪੇਸ਼ ਨਹੀਂ ਕਰਦਾ, ਇਸ ਲਈ ਮੈਂ ਇਹਦੇ ਉੱਤੇ ਵਿਚਾਰ ਨਹੀਂ ਕਰ ਸਕਦਾ। ਇਹ ਭਾਰਤ ਸਰਕਾਰ ਦਾ ਕੰਮ ਹੈ ਕਿ ਉਹ ਸ੍ਰੀਮਤੀ ਗਾਂਧੀ ਦੀ ਮਨਸ਼ਾ ਅਨੁਸਾਰ ਚੰਡੀਗੜ੍ਹ ਦੇ ਬਦਲੇ ਹਰਿਆਣੇ ਨੂੰ ਦਿੱਤੇ ਜਾਣ ਵਾਲੇ ਪੰਜਾਬ ਵਿਚਲੇ ਹਿੰਦੀ-ਭਾਸ਼ੀ ਇਲਾਕਿਆਂ ਦਾ ਫ਼ੈਸਲਾ ਕਰਨ ਲਈ ਕੋਈ ਕਮਿਸ਼ਨ ਨਿਯਤ ਕਰੇ। ਸਪੱਸ਼ਟ ਹੈ ਕਿ ਕਮਿਸ਼ਨ ਨੇ ਆਪਣਾ ਅਦਾਲਤੀ ਫ਼ਰਜ਼ ਪੂਰਾ ਨਹੀਂ ਕੀਤਾ ਸੀ। ਉਹਦਾ ਫ਼ੈਸਲਾ ਇਕ ਮਜ਼ਾਕ ਸੀ ਤੇ ਇਹ ਕੇਂਦਰੀ ਸਰਕਾਰ, ਹਰਿਆਣੇ ਤੇ ਕਮਿਸ਼ਨ ਦੀ ਮਿਲੀਭੁਗਤ ਦਾ ਨਤੀਜਾ ਸੀ। ਕਮਿਸ਼ਨ ਦਾ ਫ਼ਰਜ਼ ਸੀ ਕਿ ਹਰਿਆਣੇ ਨੂੰ ਸਾਵਧਾਨ ਕਰ ਦੇਂਦਾ ਕਿ ਜੇ ਉਹ ਚੰਡੀਗੜ੍ਹ ਦੇ ਬਦਲੇ ਪੰਜਾਬ ਦੇ ਕਿਸੇ ਹੋਰ ਇਲਾਕੇ ਉੱਤੇ ਦਾਅਵਾ ਪੇਸ਼ ਨਹੀਂ ਕਰਦੇ, ਤਾਂ ਫ਼ੈਸਲਾ ਹਰਿਆਣੇ ਦੇ ਵਿਰੁੱਧ ਜਾਇਗਾ ਤੇ ਉਹ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਫ਼ੈਸਲਾ ਸੁਣਾ ਦੇਣਗੇ।

ਇਸ ਤੋਂ ਬਾਅਦ ਕੇਂਦਰ ਨੇ 2 ਅਪਰੈਲ 1986 ਨੂੰ ਜਸਟਿਸ ਈ.ਐੱਸ. ਵੈਂਕਟਰਮੀਆ ਨੂੰ ਉਪਰੋਕਤ ਨਿਰਣਾ ਕਰਨ ਲਈ ਕਮਿਸ਼ਨ ਨਿਯਤ ਕੀਤਾ। ਇਹ ਨਿਰਣਾ ਵੀ ਸਮਝੌਤੇ ਦੀ ਧਾਰਾ 7.2. ਦੇ ਆਧਾਰ ਉੱਤੇ ਹੋਣਾ ਸੀ। ਇਸ ਦੀ ਮਿਆਦ 31 ਮਈ ਤਕ ਰੱਖੀ ਗਈ, ਜੋ ਬਾਅਦ ਵਿਚ 10 ਜੂਨ ਤਕ ਵਧਾ ਦਿੱਤੀ ਗਈ। ਆਖ਼ਰ ਕਮਿਸ਼ਨ ਨੇ ਤਿੰਨ ਫ਼ੈਸਲੇ ਕੀਤੇ। ਪਹਿਲਾ ਇਹ ਕਿ ਚੰਡੀਗੜ੍ਹ ਦੇ ਬਦਲੇ ਹਰਿਆਣੇ ਨੂੰ ਸੱਤਰ ਹਜ਼ਾਰ ਏਕੜ ਇਲਾਕਾ ਮਿਲਣਾ ਚਾਹੀਦਾ ਹੈ। ਦੂਜਾ ਇਹ ਕਿ ਰਾਜਪੁਰਾ ਤਹਿਸੀਲ ਦੇ 33 ਪਿੰਡਾਂ ਦੀ ਪਛਾਣ ਹੋ ਗਈ ਹੈ, ਜੋ ਹਿੰਦੀ-ਭਾਸ਼ੀ ਤੇ ਹਰਿਆਣੇ ਦੇ ਨਾਲ-ਲਗਵੇਂ ਹਨ, ਪਰ ਇਨ੍ਹਾਂ ਦਾ ਖੇਤਰਫਲ ਕੇਵਲ ਪੰਜਤਾਲੀ ਹਜ਼ਾਰ ਏਕੜ ਹੈ, ਸੋ ਬਾਕੀ ਦਾ ਪੰਝੀ ਹਜ਼ਾਰ ਏਕੜ ਪੰਜਾਬ ਕੋਲੋਂ ਹਰਿਆਣੇ ਨੂੰ ਮਿਲਣਾ ਚਾਹੀਦਾ ਹੈ, ਭਾਵੇਂ ਉਹ ਪੰਜਾਬੀ-ਭਾਸ਼ੀ ਹੀ ਹੋਵੇ। ਤੀਜਾ ਇਹ ਕਿ ਜਦ ਤਕ ਹਰਿਆਣੇ ਦੀ ਰਾਜਧਾਨੀ ਨਹੀਂ ਬਣ ਜਾਂਦੀ, ਚੰਡੀਗੜ੍ਹ ਰਾਜਧਾਨੀ ਖੇਤਰ ਵਿਚ ਅਮਨ ਤੇ ਕਾਨੂੰਨ ਦਾ ਮਹਿਕਮਾ ਕੇਂਦਰ ਕੋਲ ਰਹੇਗਾ। ਕਮਿਸ਼ਨ ਦੇ ਇਹ ਤਿੰਨੇ ਫ਼ੈਸਲੇ ਸਮਝੌਤੇ ਦੀ ਭਾਵਨਾ ਦੇ ਉਲਟ, ਧੱਕੜਸ਼ਾਹੀ, ਤਰਕ-ਰਹਿਤ, ਸਗੋਂ ਉਸ ਨੂੰ ਦਿੱਤੀ ਗਈ ਕਸਵੱਟੀ ਦੇ ਉਲਟ ਤੇ ਉਸ ਦੀ ਵਿਚਾਰ ਦੇ ਦਾਇਰੇ ਤੋਂ ਵੀ ਬਾਹਰ ਸਨ। ਪਹਿਲੀ ਗੱਲ ਇਹ ਕਿ ਚੰਡੀਗੜ੍ਹ ਖੇਤਰ ਦਾ ਇਲਾਕਾ ਤਾਂ ਪੰਝੀ ਹਜ਼ਾਰ ਏਕੜ ਦੇ ਲਗ ਪਗ ਸੀ, ਫਿਰ ਹਰਿਆਣੇ ਨੂੰ ਇਹਦੇ ਬਦਲੇ ਸੱਤਰ ਹਜ਼ਾਰ ਏਕੜ ਇਲਾਕਾ ਦੇਣ ਦਾ ਫ਼ੈਸਲਾ ਕਿਸ ਆਧਾਰ ਤੇ ਕੀਤਾ ਗਿਆ। ਸਪੱਸ਼ਟ ਹੈ ਕਿ ਕਮਿਸ਼ਨ ਇੰਦਰਾ ਗਾਂਧੀ ਦੇ ਪਹਿਲੇ ਦਿੱਤੇ ਫ਼ੈਸਲੇ ਤੋਂ ਪ੍ਰਭਾਵਤ ਸੀ ਅਤੇ ਉਹਦੇ ਉੱਤੇ ਫ਼ਾਜ਼ਲਕਾ, ਅਬੋਹਰ ਤੇ ਇਨ੍ਹਾਂ ਤਹਿਸੀਲਾਂ ਦੇ 114 ਪਿੰਡਾਂ ਦਾ ਪਰਛਾਵਾਂ ਪੈ ਰਿਹਾ ਸੀ, ਜਿਨ੍ਹਾਂ ਦਾ ਖੇਤਰਫਲ ਤਿੰਨ ਸਾਢੇ ਤਿੰਨ ਲੱਖ ਏਕੜ

ਸੀ, ਪਰ ਉਸ ਨੇ ਇਹ ਨਹੀਂ ਸੋਚਿਆ ਸੀ ਕਿ ਇਹ ਫ਼ੈਸਲਾ ਅਨਿਆਈਂ ਸੀ ਤੇ ਰਾਜੀਵ-ਲੌਂਗੋਵਾਲ ਸਮਝੌਤੇ ਨੇ ਇਹਨੂੰ ਰੱਦ ਕਰ ਦਿੱਤਾ ਸੀ। ਦੂਜੀ ਗੱਲ, ਜਦ ਕਮਿਸ਼ਨ ਨੂੰ ਇਸ ਨਿਰਣੇ ਦਾ ਆਧਾਰ ਭਾਸ਼ਾਈ ਸਮਾਨਤਾ ਦਿੱਤਾ ਗਿਆ ਸੀ, ਤਾਂ ਉਸ ਨੇ ਇਹ ਫ਼ੈਸਲਾ ਕਿਵੇਂ ਕੀਤਾ ਕਿ ਇਹ ਜ਼ਰੂਰੀ ਨਹੀਂ ਕਿ ਹਰਿਆਣੇ ਨੂੰ ਦਿੱਤੇ ਜਾਣ ਵਾਲਾ ਇਲਾਕਾ ਹਿੰਦੀ-ਭਾਸ਼ੀ ਹੀ ਹੋਵੇ। ਕਮਿਸ਼ਨ ਦਾ ਤੀਜਾ ਫ਼ੈਸਲਾ ਤਾਂ ਉਹਨੂੰ ਸੌਂਪੇ ਗਏ ਕਾਰਜ-ਖੇਤਰ ਦਾ ਵਿਸ਼ਾ ਹੀ ਨਹੀਂ ਸੀ; ਐਵੇਂ ਖਿੱਚ-ਧੂਹ ਕੇ ਇਸ ਨੂੰ ਇਹਦੇ ਨਾਲ ਜੋੜ ਦਿੱਤਾ ਗਿਆ ਸੀ' ਕਮਿਸ਼ਨ ਦਾ ਫ਼ੈਸਲਾ ਸੀ ਕਿ ਹੋਰ ਪੰਜੀ ਹਜ਼ਾਰ ਏਕੜ ਦੀ ਪਛਾਣ ਲਈ ਇਕ ਹੋਰ ਕਮਿਸ਼ਨ ਨਿਯਤ ਕੀਤਾ ਜਾਏ। ਇਹ ਗੱਲ ਵਰਣਨ ਯੋਗ ਹੈ ਕਿ ਕਮਿਸ਼ਨ ਨੇ ਆਪਣੀ ਰਿਪੋਰਟ ਦੇ ਅੰਤ ਉੱਤੇ ਬੇਲੋੜਾ ਹੀ ਇਕ ਲੰਮਾ ਉਪਦੇਸ਼ ਵੀ ਝਾੜ ਦਿੱਤਾ ਸੀ ਕਿ ਪੰਜਾਬ ਨੂੰ ਚਾਹੀਦਾ ਹੈ ਕਿ ਹਰਿਆਣੇ ਨੂੰ ਪਲ੍ਹਰਨ ਯੋਗ ਬਣਾਉਣ ਵਾਸਤੇ ਇੰਨਾ ਇਲਾਕਾ ਦੇ ਦੇਵੇ। ਪਰ ਉਸ ਨੇ ਫ਼ੈਸਲਾ ਦੇਣ ਲਗਿਆਂ ਆਪ ਆਪਣੇ ਵਿਚਾਰਾਂ ਤੇ ਅਮਲ ਨਹੀਂ ਕੀਤਾ। ਨਾ ਇਹ ਸੋਚਿਆ ਕਿ ਇਨ੍ਹਾਂ ਇਲਾਕਿਆਂ ਤੋਂ ਬਗ਼ੈਰ ਵੀ ਹਰਿਆਣਾ ਪਿਛਲੇ ਵੀਹ ਸਾਲ ਤੋਂ ਠੀਕ ਪੱਲ੍ਹਰ ਰਿਹਾ ਹੈ ਤੇ ਨਾ ਇਹ ਕਿ ਪੰਜਾਬੀ-ਭਾਸ਼ੀ ਇਲਾਕਾ ਪੰਜਾਬ ਕੋਲ ਰਹਿਣ ਨਾਲ ਹਿੰਦੁਸਤਾਨ ਤੋਂ ਬਾਹਰ ਨਹੀਂ ਹੋ ਜਾਏਗਾ। ਸੋ ਕੇਂਦਰ ਨੇ ਇਸ ਮੰਤਵ ਲਈ 21 ਜੂਨ 1986 ਨੂੰ ਜਸਟਿਸ ਦੇਸਾਈ ਦਾ ਕਮਿਸ਼ਨ ਨਿਯਤ ਕਰ ਦਿੱਤਾ। ਪੰਜਾਬ ਸਰਕਾਰ ਨੇ ਆਖਿਆ ਕਿ ਇਹ ਕਮਿਸ਼ਨ ਸਮਝੌਤੇ ਦੀਆਂ ਸ਼ਰਤਾਂ ਦੀ ਉਲੰਘਣਾ ਕਰ ਕੇ ਪੰਜਾਬ ਦੇ ਪੰਜਾਬੀ-ਭਾਸ਼ੀ ਇਲਾਕੇ ਹਰਿਆਣੇ ਨੂੰ ਦੇਣ ਲਈ ਨਿਯਤ ਕੀਤਾ ਜਾ ਰਿਹਾ ਹੈ, ਇਸ ਲਈ ਉਹ ਇਹਦੇ ਨਾਲ ਕੋਈ ਵਾਸਤਾ ਨਹੀਂ ਰੱਖੇਗੀ। ਇਸ ਧਾਰਾ ਦੀ ਮੱਦ 4 ਹੇਠ ਇਕ ਹੋਰ ਕਮਿਸ਼ਨ ਨਿਯਤ ਕੀਤਾ ਜਾਣਾ ਸੀ। ਸਰਸਾ ਤੇ ਹਿਸਾਰ ਦੀਆਂ ਤਹਿਸੀਲਾਂ ਵਿਚ ਕਈ ਪੰਜਾਬੀ-ਭਾਸ਼ੀ ਪਿੰਡ ਸਨ, ਜੋ ਪੰਜਾਬ ਦੇ ਨਾਲ-ਲਗਵੇਂ ਸਨ, ਪਰ ਕਿਉਂਜੁ ਪੰਜਾਬ ਵਿਚ ਕੋਈ ਹਿੰਦੀ-ਭਾਸ਼ੀ ਇਲਾਕਾ ਹਰਿਆਣੇ ਨਾਲ-ਲਗਵਾਂ ਨਹੀਂ ਸੀ, ਇਸ ਲਈ ਕੇਂਦਰ ਨੇ ਇਸ ਮੱਦ ਹੇਠ ਕੋਈ ਕਮਿਸ਼ਨ ਨੀਅਤ ਕਰਨ ਦਾ ਖ਼ਿਆਲ ਹੀ ਛਡ ਦਿੱਤਾ। ਇਸ ਤਰ੍ਹਾਂ ਇਹ ਸਾਰੀ ਦੀ ਸਾਰੀ ਧਾਰਾ ਨਿਰਾਰਥਿਕ ਹੋ ਗਈ। ਜਿਹਾ ਕਿ ਪੰਜਾਬ ਦੇ ਉਸ ਵੇਲੇ ਦੇ ਮੁਖ ਸਕੱਤਰ ਸੁਰੈਣ ਸਿੰਘ ਧਨੋਆ ਨੇ ਹੁਣੇ ਜਿਹਾ ਆਖਿਆ ਹੈ, "ਰਾਜੀਵ-ਲੌਂਗੋਵਾਲ ਸਮਝੌਤੇ ਦੀ ਨਾਕਾਮੀ ਦਾ ਮੁਖ ਕਾਰਨ ਇਹ ਸੀ ਕਿ ਕੇਂਦਰ ਸਰਕਾਰ ਚੰਡੀਗੜ੍ਹ ਪੰਜਾਬ ਨੂੰ ਦੇਣ ਤੋਂ ਮੁੱਕਰ ਗਈ ਸੀ।"

ਬਾਕੀ ਰਹਿ ਗਈ ਦਰਿਆਈ ਪਾਣੀਆਂ ਦੀ ਵੰਡ ਵਾਲੀ ਧਾਰਾ 9, ਜੋ ਇਸ ਪ੍ਰਕਾਰ ਸੀ :

ਧਾਰਾ 9. (1) ਪੰਜਾਬ, ਹਰਿਆਣਾ ਤੇ ਰਾਜਿਸਥਾਨ ਦੇ ਕਿਸਾਨ ਰਾਵੀ ਤੇ ਬਿਆਸ ਦਰਿਆਵਾਂ ਦਾ ਜਿੰਨਾ ਪਾਣੀ 1.7.85 ਨੂੰ ਵਰਤ ਰਹੇ ਸਨ, ਉਹ ਜਾਰੀ ਰਹੇਗਾ। ਹੋਰ ਕੰਮਾਂ ਲਈ ਵਰਤੇ ਜਾਣ ਵਾਲਾ ਪਾਣੀ ਵੀ ਉੱਨਾ ਹੀ ਰਹੇਗਾ। ਧਾਰਾ 9.2. ਵਾਲਾ ਕਮਿਸ਼ਨ ਇਸ ਪਾਣੀ ਦੀ ਮਾਤਰਾ ਦੀ ਤਸਦੀਕ ਕਰੇਗਾ।

ਧਾਰਾ 9. (2) ਇਨ੍ਹਾਂ ਦਰਿਆਵਾਂ ਦੇ ਬਾਕੀ ਰਹਿੰਦੇ ਪਾਣੀ ਦੀ ਵੰਡ ਲਈ ਪੰਜਾਬ ਤੇ ਹਰਿਆਣੇ ਦੇ ਦਾਅਵਿਆਂ ਦਾ ਫ਼ੈਸਲਾ ਕਰਨ ਲਈ ਸੁਪਰੀਮ ਕੋਰਟ ਦੇ ਕਿਸੇ ਜੱਜ ਦਾ ਕਮਿਸ਼ਨ ਨਿਯਤ ਕੀਤਾ ਜਾਏਗਾ। ਉਹ ਛੇ ਮਹੀਨੇ ਦੇ ਅੰਦਰ ਅੰਦਰ ਆਪਣਾ ਫ਼ੈਸਲਾ ਦੇਵੇਗਾ ਤੇ ਇਹ ਦੋਹਾਂ ਧਿਰਾਂ ਲਈ ਮੰਨਣਾ ਲਾਜ਼ਮੀ ਹੋਵੇਗਾ। ਇਸ ਸੰਬੰਧੀ ਕੀਤੀ ਜਾਣ ਵਾਲੀ ਕਾਨੂੰਨੀ ਤੇ ਸੰਵਿਧਾਨਿਕ ਕਾਰਵਾਈ ਤੇਜ਼ੀ ਨਾਲ ਕੀਤੀ ਜਾਏਗੀ।

ਧਾਰਾ 9. (3) ਸਤਲੁਜ-ਯਮਨਾ ਲਿੰਕ ਨਹਿਰ ਦੀ ਖੁਦਾਈ ਜਾਰੀ ਰਹੇਗੀ ਤੇ ਇਹ 15 ਅਗਸਤ 1986 ਤਕ ਮੁਕੰਮਲ ਕਰ ਲਈ ਜਾਏਗੀ।

ਇਹ ਸਾਰੀ ਦੀ ਸਾਰੀ ਧਾਰਾ ਮੂਲੋਂ ਹੀ ਪੰਜਾਬ ਦੇ ਹਿੱਤਾਂ ਦੇ ਵਿਰੁਧ ਸੀ। ਸੰਤ ਲੌਂਗੋਵਾਲ ਤੇ ਉਨ੍ਹਾਂ ਦੇ ਸਲਾਹਕਾਰ ਜਾਣਦੇ ਸਨ ਕਿ 1978 ਤੋਂ ਹੀ ਸ਼੍ਰੋਮਣੀ ਅਕਾਲੀ ਦਲ ਦੀ ਮੰਗ ਇਹ ਸੀ ਕਿ ਦਰਿਆਵਾਂ ਦੇ ਪਾਣੀ ਦੀ ਵੰਡ ਦਾ ਮਾਮਲਾ ਸੁਪਰੀਮ ਕੋਰਟ ਕੋਲੋਂ ਕਰਾਇਆ ਜਾਏ। ਬਾਦਲ ਸਰਕਾਰ ਨੇ ਇੰਦਰਾ ਦੇ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਵਿਚ ਅਪੀਲ ਵੀ ਦਾਇਰ ਕਰ ਦਿੱਤੀ ਸੀ, ਸੋ ਕਮਿਸ਼ਨਾਂ ਦੇ ਝਮੇਲੇ ਵਿਚ ਪੈਣਾ ਹੀ ਗ਼ਲਤੀ ਸੀ। 1.7.85 ਨੂੰ ਵਰਤੇ ਜਾਣ ਵਾਲੇ ਪਾਣੀ ਦੀ ਮਾਤਰਾ ਬਣੀ ਰਹਿਣ ਦੀ ਮੱਦ ਪੰਜਾਬ ਲਈ ਲਾਹੇਵੰਦੀ ਸੀ, ਪਰ ਇਹਦੀ ਤਸਦੀਕ ਵਿਚ ਵੀ ਕਮਿਸ਼ਨ ਨੇ ਘਾਲਾ-ਮਾਲਾ ਕਰ ਦਿੱਤਾ। ਹਰਿਆਣਾ ਅਸੈਂਬਲੀ ਦੀਆਂ ਚੋਣਾਂ ਨੇੜੇ ਆ ਰਹੀਆਂ ਸਨ, ਇਸ ਲਈ ਕੇਂਦਰ ਹਰਿਆਣੇ ਨੂੰ ਬਹੁਤਾ ਪਾਣੀ ਦੇ ਕੇ ਲੋਕਾਂ ਨੂੰ ਕਾਂਗਰਸ ਦੇ ਹੱਕ ਵਿਚ ਵੋਟਾਂ ਦੇਣ ਲਈ ਪ੍ਰੇਰਨਾ ਚਾਹੁੰਦਾ ਸੀ। ਇਸ ਲਈ ਵੰਡ ਦਾ ਫ਼ੈਸਲਾ ਕਰਨ ਵਾਲੇ ਇਰਾਦੀ ਕਮਿਸ਼ਨ ਤੋਂ ਹਰਿਆਣੇ ਨੂੰ ਪੂਰੇ ਦਾ ਪੂਰਾ ਉਨਾ ਪਾਣੀ ਦਿਵਾ ਦਿੱਤਾ ਗਿਆ, ਜੋ ਇੰਦਰਾ ਗਾਂਧੀ ਨੇ ਆਪਣੇ ਇਕਵੱਲੇ ਐਵਾਰਡ ਨਾਲ ਦਿੱਤਾ ਸੀ। ਅਤੇ ਇਹ ਸਭ ਕੁਝ ਤੱਥਾਂ ਤੇ ਅੰਕੜਿਆਂ ਨੂੰ ਤੋੜ-ਮਰੋੜ ਕੇ ਕੀਤਾ ਗਿਆ। ਇਹ ਸੁਭਾਵਕ ਸੀ ਕਿ ਪੰਜਾਬ ਸਰਕਾਰ ਇਹ ਫ਼ੈਸਲਾ ਮੰਨਣ ਤੋਂ ਇਨਕਾਰ ਕਰ ਦੇਂਦੀ।

ਅਕਾਲੀ ਵਜ਼ਾਰਤ ਦੀ ਬਰਖ਼ਾਸਤਗੀ

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਬਰਨਾਲਾ ਸਾਹਿਬ ਤੋਂ ਜਿਸ ਲਚਕ ਦੀ ਉਮੀਦ ਰੱਖੀ ਹੋਈ ਸੀ, ਉਹ ਪੂਰੀ ਨਹੀਂ ਹੋ ਰਹੀ ਸੀ, ਸੋ ਉਹ ਉਹਦੇ ਲਈ ਬੇਲੋੜੇ ਹੋ ਗਏ ਸਨ। ਪਰ ਅਜੇ ਵੀ ਉਹ ਉਨ੍ਹਾਂ ਨੂੰ ਪਤਿਆਉਣ ਦਾ ਜਤਨ ਕਰ ਰਿਹਾ ਸੀ, ਇੱਥੋਂ ਤਕ ਕਿ 23 ਫ਼ਰਵਰੀ 1987 ਨੂੰ ਸੰਸਦ ਦੇ ਦੋਹਾਂ ਸਦਨਾਂ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਨੇ ਆਮ ਰਿਵਾਜ ਤੋਂ ਉਲਟ ਪੰਜਾਬ ਦੇ ਮੁੱਖ ਮੰਤਰੀ ਦਾ ਨਾਂ ਲੈ ਕੇ ਪੰਜਾਬ ਸਰਕਾਰ ਦੀ ਪ੍ਰਸ਼ੰਸਾ ਕਰਦੇ ਹੋਏ ਆਖਿਆ ਸੀ, "ਪੰਜਾਬ ਵਿਚ ਲੋਕਰਾਜ, ਏਕਤਾ, ਉੱਨਤੀ ਤੇ ਧਰਮ-ਨਿਰਪੱਖਤਾ ਦੀਆਂ ਤਾਕਤਾਂ ਉਨ੍ਹਾਂ ਰਾਸ਼ਟਰ-ਵਿਰੋਧੀ ਤੱਤਾਂ ਨੂੰ ਅਲੱਗ-ਥਲੱਗ ਤੇ ਖ਼ਤਮ ਕਰਨ ਵਿਚ ਲੱਗੀਆਂ ਹੋਈਆਂ ਹਨ, ਜੋ ਵਿਦੇਸ਼ੀ ਤਾਕਤਾਂ ਦੇ ਹੁਕਮ ਹੇਠ ਕੰਮ ਕਰ ਰਹੇ ਹਨ। ਮੁਖ ਮੰਤਰੀ ਸ੍ਰੀ ਬਰਨਾਲਾ ਦੀ ਅਗਵਾਈ ਹੇਠ ਰਾਜ ਸਰਕਾਰ ਤੇ ਪੰਜਾਬ ਦੇ ਲੋਕਾਂ ਨੇ ਧਰਮ-ਨਿਰਪੱਖ ਲੋਕਰਾਜ ਦੀਆਂ ਕਦਰਾਂ-ਕੀਮਤਾਂ ਨੂੰ ਉੱਚਾ ਚੁੱਕਣ ਵਿਚ ਮਿਸਾਲੀ ਹੌਸਲਾ ਵਿਖਾਇਆ ਹੈ।" ਯਾਦ ਰਹੇ ਕਿ ਇਹ ਭਾਸ਼ਨ ਕੇਂਦਰੀ ਸਰਕਾਰ ਆਪ ਤਿਆਰ ਕਰਦੀ ਹੈ ਤੇ ਇਹ ਉਸ ਦੀ ਕਾਰਗੁਜ਼ਾਰੀ ਦਾ ਸ਼ੀਸ਼ਾ ਹੁੰਦਾ ਹੈ। ਸੋ ਬਰਨਾਲਾ ਮੰਤਰੀ ਮੰਡਲ ਨੂੰ ਇਸ ਤੋਂ ਢਾਈ ਮਹੀਨੇ ਬਾਅਦ ਬਰਖ਼ਾਸਤ ਕਰਨਾ ਇਸ ਭਾਸ਼ਨ ਦੇ ਪਖੰਡ ਨੂੰ ਨੰਗਾ ਕਰਦਾ ਹੈ। ਵਿਚਲੀ ਗੱਲ ਤਾਂ ਸਿੱਖ-ਵਿਰੋਧੀ ਪੱਤਰਕਾਰ ਗਿਰੀ ਲਾਲ ਜੈਨ ਨੇ ਇਸ ਤੋਂ ਪਹਿਲਾਂ ਹੀ ਇਕ ਲੇਖ ਵਿਚ ਪ੍ਰਗਟ ਕਰ ਦਿੱਤੀ ਸੀ, ਜਦ ਉਸ ਨੇ ਲਿਖਿਆ ਸੀ, "ਇਹ ਗੱਲ ਨਿਸਚੇ ਨਾਲ ਕਹਿਣ ਦੇ ਮਜ਼ਬੂਤ ਕਾਰਨ ਹਨ ਕਿ ਅਕਾਲੀ ਵਜ਼ਾਰਤ ਕਾਇਮ ਹੋਣ ਤੋਂ ਬਾਅਦ ਅੱਤਵਾਦੀਆਂ ਤੇ ਦਹਿਸ਼ਤ-ਪਸੰਦਾਂ ਦਾ ਮਨੋਬਲ ਵਧਿਆ ਹੈ। ਇਸ ਸਰਕਾਰ ਨੇ ਜਿੰਨੇ ਬੰਦੇ ਰਿਹਾਅ ਕਰ ਕੇ ਪੁਲਿਸ ਤੇ ਹੋਰ ਮਹਿਕਮਿਆਂ ਵਿਚ ਭਰਤੀ ਕੀਤੇ, ਉਹ ਅੱਤਵਾਦੀ ਸਨ। ਇਸ ਦੇ ਮੰਤਰੀ ਪੁਲਿਸ ਦੇ ਕੰਮ ਵਿਚ ਦਖ਼ਲ ਦੇਂਦੇ ਹਨ। ਸਮੁਚੇ ਤੌਰ ਤੇ ਅਕਾਲੀ ਸਰਕਾਰ ਨੇ ਅਮਨ-ਕਾਨੂੰਨ ਦੀ ਹਾਲਤ ਉੱਤੇ ਹਾਨੀਕਾਰਕ ਪ੍ਰਭਾਵ ਪਾਇਆ ਹੈ।" ਇਹ ਕੋਈ ਇਤਫ਼ਾਕ ਦੀ ਗੱਲ ਨਹੀਂ ਕਿ 10 ਮਈ 1987 ਨੂੰ ਪੰਜਾਬ ਦੇ ਗਵਰਨਰ ਨੇ ਜੋ ਰਿਪੋਰਟ ਰਾਸ਼ਟਰਪਤੀ ਨੂੰ ਬਰਨਾਲਾ ਮੰਤਰੀ-ਮੰਡਲ ਮੌਕੂਫ਼ ਕਰਨ ਲਈ ਭੇਜੀ, ਉਹ ਇਨ੍ਹਾਂ ਵਿਚਾਰਾਂ ਨਾਲ ਮਿਲਦੀ-ਜੁਲਦੀ

ਸੀ। ਉਂਜ 14 ਅਪਰੈਲ 1987 ਨੂੰ ਅੰਮ੍ਰਿਤਸਰ ਦੀ ਇਕ ਸਰਬ-ਪਾਰਟੀ ਕਾਨਫ਼ਰੰਸ ਵਿਚ ਨਰਸਿਮਹਾ ਰਾਓ ਨੇ ਤਕਰੀਰ ਕਰਦੇ ਹੋਏ ਆਖਿਆ ਸੀ, "ਜੋਧਪੁਰ ਦੇ ਨਜ਼ਰਬੰਦਾਂ ਦੀ ਰਿਹਾਈ ਉੱਤੇ ਕੁਝ ਦਿਨਾਂ ਦੇ ਅੰਦਰ ਵਿਚਾਰ ਕੀਤਾ ਜਾਏਗਾ। ਸੁਰਜੀਤ ਸਿੰਘ ਬਰਨਾਲਾ ਦਹਿਸ਼ਤਵਾਦ ਨੂੰ ਦਬਾਉਣ ਲਈ ਚੰਗਾ ਕੰਮ ਕਰ ਰਿਹਾ ਹੈ ਅਤੇ ਕੇਂਦਰ ਇਸ ਔਖੇ ਕੰਮ ਤੇ ਦੇਸ ਦੀ ਏਕਤਾ ਕਾਇਮ ਰੱਖਣ ਵਿਚ ਉਸ ਦੀ ਪੂਰੀ ਮਦਦ ਕਰੇਗਾ।"

ਪਰ ਅਗਲੇ ਕੁਝ ਦਿਨਾਂ ਵਿਚ ਹੀ ਹਰਿਆਣਾ ਅਸੈਂਬਲੀ ਦੀਆਂ ਚੋਣਾਂ ਦਾ ਐਲਾਨ ਹੋ ਗਿਆ। ਕੇਂਦਰ ਨੇ ਸੋਚਿਆ ਕਿ ਜੇ ਹਰਿਆਣੇ ਨੂੰ ਵਧ ਦਰਿਆਈ ਪਾਣੀ ਦੇਣ ਤੋਂ ਛੁਟ ਵੋਟਰਾਂ ਨੂੰ ਇਹ ਦੱਸਿਆ ਜਾਏ ਕਿ ਅਸਾਂ ਸਮਝੌਤੇ ਵਿਚਲੀ ਪੰਜਾਬ ਦੀ ਕੋਈ ਮੰਗ ਵੀ ਪ੍ਰਵਾਨ ਨਹੀਂ ਕੀਤੀ, ਸਗੋਂ ਅਕਾਲੀ ਵਜ਼ਾਰਤ ਨੂੰ ਹੀ ਤੋੜ ਦਿੱਤਾ ਹੈ, ਤਾਂ ਕਾਂਗਰਸ ਦੀ ਅਵੱਸ਼ ਜਿੱਤ ਹੋਵੇਗੀ। ਸੋ ਗਵਰਨਰ ਨੇ 10 ਮਈ 1987 ਨੂੰ ਰਾਸ਼ਟਰਪਤੀ ਨੂੰ ਰਿਪੋਰਟ ਭੇਜ ਦਿੱਤੀ ਕਿ "ਰਾਜ ਵਿਚ ਅਪ੍ਰੈਲ 1987 ਤੋਂ ਫ਼ਿਰਕਾ-ਪ੍ਰਸਤਾਂ ਤੇ ਦਹਿਸ਼ਤ-ਪਸੰਦਾਂ ਦੀ ਸਮਾਨਾਂਤਰ ਹਕੂਮਤ ਕਾਇਮ ਹੋ ਗਈ ਹੈ। ਨਾਗ੍ਰਿਕ ਦਹਿਸ਼ਤ-ਪਸੰਦਾਂ ਦੀਆਂ ਸਰਗਰਮੀਆਂ ਤੋਂ ਡਰ ਗਏ ਹਨ ਤੇ ਰਾਜ ਵਿੱਚੋਂ ਬਾਹਰ ਜਾ ਰਹੇ ਹਨ। ਬੇਕਾਨੂੰਨੀ, ਡਕੈਤੀਆਂ, ਲੁੱਟ-ਮਾਰ, ਸਾੜ-ਫੂਕ ਤੇ ਨਿਰਦੋਸ਼ ਲੋਕਾਂ ਦੇ ਕਤਲ ਦੀਆਂ ਵਾਰਦਾਤਾਂ ਵਧ ਗਈਆਂ ਹਨ। ਸੋ ਅਜਿਹੀ ਹਾਲਤ ਪੈਦਾ ਹੋ ਗਈ ਹੈ ਕਿ ਰਾਜ ਦੀ ਸਰਕਾਰ ਸੰਵਿਧਾਨ ਅਨੁਸਾਰ ਨਹੀਂ ਚਲ ਸਕਦੀ, ਇਸ ਲਈ ਇੱਥੇ ਰਾਸ਼ਟਰਪਤੀ ਰਾਜ ਲਾਗੂ ਹੋ ਜਾਣਾ ਚਾਹੀਦਾ ਹੈ।" ਸੋ 11 ਮਈ ਤੋਂ ਪੰਜਾਬ ਵਿਚ ਗਵਰਨਰੀ ਰਾਜ ਲਾਗੂ ਹੋ ਗਿਆ, ਜੋ ਲਗ ਪਗ ਪੰਜ ਵਰ੍ਹੇ ਫ਼ਰਵਰੀ 1992 ਤਕ ਜਾਰੀ ਰਿਹਾ।

ਅਕਾਲੀ ਵਜ਼ਾਰਤ ਨੂੰ ਬਰਖ਼ਾਸਤ ਕਰਨ ਦਾ ਇਕ ਕਾਰਨ ਇਹ ਦੱਸਿਆ ਗਿਆ ਸੀ ਕਿ ਅਪ੍ਰੈਲ 1987 ਵਿਚ ਹੱਤਿਆਵਾਂ ਦੀ ਗਿਣਤੀ 80 ਹੋ ਗਈ ਸੀ। ਜਿਹਾ ਕਿ ਅਗਲੇ ਕਾਂਡ ਵਿਚ ਸਰਕਾਰੀ ਰਿਪੋਰਟਾਂ ਦੇ ਆਧਾਰ ਉੱਤੇ ਵਿਸਥਾਰ ਨਾਲ ਦੱਸਿਆ ਜਾਏਗਾ। ਇਸ ਤੋਂ ਬਾਅਦ ਹੱਤਿਆਵਾਂ ਦੀ ਗਿਣਤੀ ਵਧਦੀ ਵਧਦੀ ਜੁਲਾਈ 1987 ਵਿਚ 136 ਹੋ ਗਈ ਸੀ। ਗਵਰਨਰੀ ਰਾਜ ਦੇ ਇਕ ਮਹੀਨੇ ਵਿਚ ਇਹ 350 ਤਕ ਵੀ ਪਹੁੰਚ ਗਈ ਸੀ ਅਤੇ ਸਮੁਚੇ ਤੌਰ ਤੇ ਅਗਲੇ ਪੰਜਾਂ ਵਰ੍ਹਿਆਂ ਵਿਚ ਔਸਤ 225 ਬੰਦੇ ਮਾਸਕ ਸੀ। ਅਤੇ ਇਹ ਸਭ ਕੁਝ ਉਸ ਵੇਲੇ, ਜਦ ਪੁਲਿਸ ਗੁਨਾਹਗਾਰ ਖਾੜਕੂਆਂ ਦੇ ਨਾਲ ਬੇਗੁਨਾਹ ਲੋਕਾਂ ਦਾ ਵੀ ਅੰਧਾ-ਧੁੰਦ ਸ਼ਿਕਾਰ ਕਰ ਰਹੀ ਸੀ। ਸਭ ਤੋਂ ਵੱਡੀ ਸੱਤਰ ਕਰੋੜ ਰੁਪਏ ਦੀ ਬੈਂਕ-ਡਕੈਤੀ ਵੀ ਗਵਰਨਰੀ ਰਾਜ ਵਿਚ ਹੀ ਹੋਈ ਸੀ। ਇੱਸੇ ਸਮੇਂ ਅਗਵਾ ਤੇ ਦਸ ਦਸ ਲੱਖ ਰੁਪਏ ਦੇ ਭੂੰਗੇ ਦੀਆਂ ਵਾਰਦਾਤਾਂ ਵਾਪਰੀਆਂ ਤੇ ਇੱਸੇ ਸਮੇਂ ਰਾਜ ਵਿੱਚੋਂ ਬਾਹਰ ਜਾਣ ਦੀ ਪਰਵਿਰਤੀ ਤੇਜ਼ ਹੋਈ। ਸੋ ਅਕਾਲੀ ਵਜ਼ਾਰਤ ਹੁੰਦੀ ਜਾਂ ਗਵਰਨਰੀ ਰਾਜ, ਜਦ ਤਕ ਅੱਤਵਾਦ ਦੇ ਪੈਦਾ ਹੋਣ ਤੇ ਇਸ ਦੇ ਵਧਣ-ਫੁਲਣ ਦੇ ਕਾਰਨਾਂ—ਅਰਥਾਤ ਸਿੱਖਾਂ ਨਾਲ ਵਿਤਕਰੇ ਤੇ ਅਨਿਆਂ ਦੀ ਨੀਤੀ—ਨੂੰ ਖ਼ਤਮ ਨਾ ਕੀਤਾ ਜਾਂਦਾ, ਇਹਨੂੰ ਠਲ੍ਹ ਪਾਣਾ ਅਸੰਭਵ ਸੀ। ਅੰਨ੍ਹੇਵਾਹ ਨੌਜਵਾਨਾਂ ਨੂੰ ਭੁੰਨ ਕੇ ਕੁਝ ਚਿਰ ਲਈ ਉਪਰੋਂ ਉਪਰੋਂ ਆਰਜ਼ੀ ਅਮਨ ਦਾ ਭੁਲੇਖਾ ਪਾਇਆ ਜਾ ਸਕਦਾ ਹੈ, ਪਰ ਸਥਾਈ ਸ਼ਾਂਤੀ ਨਹੀਂ ਹੋ ਸਕਦੀ।

ਗਵਰਨਰੀ ਰਾਜ (1987—1992)

ਅੱਤਵਾਦ ਤੇ ਝੂਠੇ ਪੁਲਸੀ ਮੁਕਾਬਲੇ

ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅੰਦੋਲਨ ਪੂਰਨ ਸ਼ਾਂਤਮਈ ਢੰਗ ਨਾਲ ਚਲਦੇ ਰਹੇ ਸਨ। ਪਰ ਕਾਂਗਰਸ ਸਰਕਾਰ ਵੱਲੋਂ ਸਿੱਖਾਂ ਨਾਲ ਵਿਤਕਰੇ ਤੇ ਅਨਿਆਂ ਨੇ ਕੁਝ ਸਿਖ ਨੌਜਵਾਨਾਂ ਨੂੰ ਅੱਤਵਾਦ ਤੇ ਵਖਵਾਦ ਦੇ ਰਾਹ ਵੱਲ ਧੱਕ ਦਿੱਤਾ ਸੀ ਤੇ ਪਿਛਲੇ ਤਿੰਨ ਸਾਲ ਦੀਆਂ ਦਰਦਨਾਕ ਘਟਨਾਵਾਂ ਨੇ ਇਸ ਪਰਵਿਰਤੀ ਨੂੰ ਬੜ੍ਹਾਵਾ ਦਿੱਤਾ ਸੀ। ਦਰਬਾਰ ਸਾਹਿਬ ਉੱਤੇ ਤੋਪਾਂ ਤੇ ਟੈਂਕਾਂ ਨਾਲ ਫ਼ੌਜ ਦਾ ਹਮਲਾ, ਅਕਾਲ ਤਖ਼ਤ ਸਾਹਿਬ ਨੂੰ ਢਾਹ-ਢੇਰੀ ਕਰਨਾ, ਹਰਿਮੰਦਰ ਸਾਹਿਬ ਦੀ ਬੇਹੁਰਮਤੀ, ਹਜ਼ਾਰਾਂ ਬੇਗੁਨਾਹ ਲੋਕਾਂ ਦੀ ਹੱਤਿਆ, ਜਾਇਦਾਦਾਂ ਦੀ ਲੁੱਟ-ਮਾਰ ਤੇ ਸਾੜ-ਫੂਕ, ਹਜ਼ਾਰਾਂ ਨਿਰਦੋਸ਼ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਤੇ ਉਨ੍ਹਾਂ ਉੱਤੇ ਜੇਲ੍ਹਾਂ ਵਿਚ ਬੇਪਨਾਹ ਤਸ਼ੱਦਦ ਅਤੇ ਅਖ਼ੀਰ ਦਿੱਲੀ ਤੇ ਕੁਝ ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਕਤਲਾਮ ਇਸ ਪਰਵਿਰਤੀ ਲਈ ਜ਼ਿੰਮੇਵਾਰ ਸਨ। ਪ੍ਰਮੁਖ ਕਾਂਗਰਸੀ ਆਗੂਆਂ ਦੇ ਬਿਆਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ 1982 ਤੋਂ ਪਹਿਲਾਂ ਸਿੱਖਾਂ ਵਿਚ ਖ਼ਾਲਿਸਤਾਨ ਜਾਂ ਸਿਖ ਸਟੇਟ ਦੇ ਹਾਮੀਆਂ ਦੀ ਗਿਣਤੀ ਨਾਂਹ ਦੇ ਬਰਾਬਰ ਸੀ। 1975 ਵਿਚ ਪੰਜਾਬ ਦੇ ਮੁਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਆਖਿਆ ਸੀ ਕਿ "ਪੰਜਾਬ ਵਿਚ ਡਾਕਟਰ ਜਗਜੀਤ ਸਿੰਘ ਚੌਹਾਨ ਤੇ ਬਲਬੀਰ ਸਿੰਘ ਸੰਧੂ (ਜੋ ਪਹਿਲਾਂ ਭਾਰਤ ਸੇਵਕ ਸਮਾਜ ਦੇ ਟ੍ਰੇਨਿੰਗ ਸਕੂਲ ਜਲੰਧਰ ਦਾ ਪ੍ਰਿੰਸੀਪਲ ਸੀ) ਸਮੇਤ ਸਤ ਵਖਵਾਦੀ ਜਾਂ ਖ਼ਾਲਿਸਤਾਨੀ ਹਨ। ਫਿਰ 1981 ਵਿਚ ਦਰਬਾਰਾ ਸਿੰਘ ਮੁਖ ਮੰਤਰੀ ਪੰਜਾਬ ਨੇ ਇਕ ਪ੍ਰੈੱਸ ਕਾਨਫ਼ਰੰਸ ਵਿਚ ਆਖਿਆ ਕਿ "ਪੰਜਾਬ ਵਿਚ 33 ਖ਼ਾਲਿਸਤਾਨੀ ਹਨ।" ਜਦ ਇਕ ਪੱਤਰਕਾਰ ਨੇ ਪੁੱਛਿਆ ਕਿ ਚੰਗੀ ਤਰ੍ਹਾਂ ਗਿਣ ਲਏ ਜੇ, ਕਿਤੇ 34 ਤਾਂ ਨਹੀਂ, ਤਾਂ ਉਹ ਮੁਸਕਰਾ ਕੇ ਰਹਿ ਗਏ। ਇਸ ਦੇ ਬਾਵਜੂਦ ਇਹ ਹਕੀਕਤ ਹੈ ਕਿ ਉਸ ਵੇਲੇ ਤਕ ਅੱਤਵਾਦੀਆਂ ਦੀ ਗਿਣਤੀ ਮਾਮੂਲੀ ਜਿਹੀ ਸੀ। ਇਸ ਤੋਂ ਬਾਅਦ ਜੇ ਇਹਦੇ ਵਿਚ ਵਾਧਾ ਹੋਣਾ ਸ਼ੁਰੂ ਹੋਇਆ, ਤਾਂ ਇਹਦੇ ਲਈ ਸਭ ਤੋਂ ਪਹਿਲਾਂ ਤੇ ਸਭ ਤੋਂ ਵਧ ਇਨ੍ਹਾਂ ਦਰਬਾਰਾ ਸਿੰਘ ਹੋਰਾਂ ਦਾ ਦਮਨ-ਚੱਕਰ ਜ਼ਿੰਮੇਵਾਰ ਸੀ ਅਤੇ ਫਿਰ ਕੇਂਦਰੀ ਸਰਕਾਰ ਵੱਲੋਂ ਸਿੱਖਾਂ ਦੀਆਂ ਹੱਕੀ ਤੇ ਸੰਵਿਧਾਨਿਕ ਮੰਗਾਂ ਮੰਨਣ ਤੋਂ ਲਗਾਤਾਰ ਇਨਕਾਰ।

1986 ਤੋਂ ਬਾਅਦ ਵਖਵਾਦ ਲਈ ਸਭ ਤੋਂ ਵਧ ਜ਼ਿੰਮੇਵਾਰੀ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਰਿਬੀਰੋ ਦੀ ਸੀ। ਬਰਨਾਲਾ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਝਟ ਬਾਅਦ ਇਹਨੂੰ ਕੇਂਦਰ ਨੇ ਪੰਜਾਬ ਉੱਤੇ ਮੜ੍ਹ ਦਿੱਤਾ ਸੀ। ਇਹ ਪੁਲਸੀਆ ਅੱਤ ਦਰਜੇ ਦਾ ਕਠੋਰ

ਤੇ ਬੇਰਹਿਮੀ ਅਤੇ ਆਪਣੀ ਕਾਰਗੁਜ਼ਾਰੀ ਦੱਸਣ ਲਈ ਕਿਸੇ ਕੜੇ ਕਾਨੂੰਨ ਦੀ ਪਰਵਾਹ ਨਹੀਂ ਕਰਦਾ ਸੀ। ਬਰਨਾਲਾ ਸਰਕਾਰ ਦਾ ਬਣੇ ਰਹਿਣਾ ਤਾਂ ਉਹਦੇ ਲਈ ਆਪਣੇ ਅਧਿਕਾਰਾਂ ਵਿਚ ਇਕ ਰੁਕਾਵਟ ਸੀ, ਪਰ ਗਵਰਨਰੀ ਰਾਜ ਵਿਚ ਉਹਨੂੰ ਖੁਲ੍ਹੀ ਛੁੱਟੀ ਮਿਲ ਗਈ। ਉਸ ਵੇਲੇ ਪੰਜਾਬ ਦੇ ਗਵਰਨਰ ਇਕ ਹੰਢੇ-ਵੰਢੇ ਕਾਂਗਰਸੀ ਤੇ ਧੱਕੜ ਪ੍ਰਸ਼ਾਸਕ ਸਿਧਾਰਥ ਸ਼ੰਕਰ ਰੇਅ ਸਨ। ਹੋਰ ਪ੍ਰਮੁੱਖ ਕਾਂਗਰਸੀਆਂ ਵਾਂਗ ਉਹ ਸਿੱਖਾਂ ਨੂੰ ਦਬਾਅ ਕੇ ਰੱਖਣ ਦੇ ਹਾਮੀ ਸਨ। ਕੇਂਦਰੀ ਸਰਕਾਰ ਵੀ ਇਹੀ ਚਾਹੁੰਦੀ ਸੀ। ਸੋ ਰਾਜੀਵ, ਰੇਅ, ਰਿਬੀਰੋ ਅਤੇ ਰਾਅ (ਖ਼ੁਫ਼ੀਆ ਏਜੰਸੀ) ਦੀ ਚੌਕੜੀ ਦੇ ਰਾਜ ਵਿਚ ਸਿਖ ਨੌਜਵਾਨਾਂ ਉੱਤੇ ਤਸ਼ੱਦਦ ਦੀ ਅੱਤ ਹੋ ਗਈ। ਦੋ ਵਰ੍ਹੇ ਬਾਅਦ ਰਿਬੀਰੋ ਨੂੰ ਗਵਰਨਰ ਦਾ ਸਲਾਹਕਾਰ ਥਾਪ ਕੇ ਉਸ ਤੋਂ ਵੀ ਵੱਧ ਕਰੂਰ ਤੇ ਕਠੋਰ ਪੁਲਸੀਏ ਕਰਮ ਪਾਲ ਸਿੰਘ ਗਿੱਲ ਨੂੰ ਪੰਜਾਬ ਦਾ ਡਾਇਰੈਕਟਰ ਜਨਰਲ ਪੁਲਿਸ ਬਣਾਇਆ ਗਿਆ ਤੇ ਉਸ ਨੇ ਦਮਨ ਦੀ ਨੀਤੀ ਉੱਤੇ ਰਿਬੀਰੋ ਤੋਂ ਵੀ ਵੱਧ ਕਰੜਾਈ ਨਾਲ ਅਮਲ ਕੀਤਾ।

ਸਰਕਾਰ ਦੇ ਆਪਣੇ ਦਿੱਤੇ ਅੰਕੜਿਆਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਜਿਉਂ ਜਿਉਂ ਪੁਲਿਸ ਵੱਲੋਂ ਨਿਰਦੋਸ਼ ਸਿਖ ਨੌਜਵਾਨਾਂ ਉੱਤੇ ਅਯੋਗ ਸਖ਼ਤੀ ਕੀਤੀ ਗਈ, ਤਿਉਂ ਤਿਉਂ ਵਖਵਾਦੀਆਂ ਦੇ ਹੱਥੋਂ ਹੱਤਿਆਵਾਂ ਦੀ ਗਿਣਤੀ ਵਧਦੀ ਗਈ। 1986 ਦਾ ਪੂਰਾ ਸਾਲ ਬਰਨਾਲਾ ਸਰਕਾਰ ਦੀ ਹਕੂਮਤ ਸੀ। ਇਸ ਸਾਲ 78 ਖਾੜਕੂ ਮਾਰੇ ਗਏ ਤੇ 1581 ਗ੍ਰਿਫ਼ਤਾਰ ਕੀਤੇ ਗਏ ਸਨ। ਓਦੋਂ ਅੱਤਵਾਦੀਆਂ ਨੇ 478 ਨਾਗ੍ਰਿਕਾਂ ਤੇ 42 ਪੁਲਸੀਆਂ ਦੀ ਹੱਤਿਆ ਕੀਤੀ ਸੀ। ਇਸ ਦੇ ਮੁਕਾਬਲੇ 1987 ਦੇ ਗਵਰਨਰੀ ਰਾਜ ਵਿਚ ਪੁਲਿਸ ਨੇ 328 ਕਥਿਤ ਅੱਤਵਾਦੀ ਮਾਰੇ ਤੇ 3750 ਗ੍ਰਿਫ਼ਤਾਰ ਕੀਤੇ, ਪਰ ਦੂਜੇ ਪਾਸੇ ਖਾੜਕੂਆਂ ਨੇ ਵੀ ਇਕ ਹਜ਼ਾਰ ਤੋਂ ਵਧ ਆਦਮੀਆਂ ਦੀ ਹੱਤਿਆ ਕੀਤੀ। ਇਸ ਤੋਂ ਬਾਅਦ ਜਾਸੂਸੀ ਮਹਿਕਮੇ ਦੀ ਇਤਲਾਹ ਅਨੁਸਾਰ ਪੰਜਾਬ ਵਿਚ 60 ਕੱਟੜ ਤੇ ਲਗ ਪਗ 300 ਦੂਜੇ ਤੇ ਤੀਜੇ ਦਰਜੇ ਦੇ ਅੱਤਵਾਦੀ ਬਾਕੀ ਰਹਿ ਗਏ ਸਨ। ਰਿਬੀਰੋ ਨੇ ਆਪਣੇ 25 ਜੁਲਾਈ 1987 ਦੇ ਬਿਆਨ ਵਿਚ ਅੱਤਵਾਦੀਆਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡ ਕੇ ਆਖਿਆ ਸੀ ਕਿ ਇਸ ਵੇਲੇ 'ਏ' ਸ਼੍ਰੇਣੀ ਦੇ 38, 'ਬੀ' ਸ਼੍ਰੇਣੀ ਦੇ 170 ਜਾਂ ਕੁਝ ਵਧ ਅਤੇ 'ਸੀ' ਸ਼੍ਰੇਣੀ ਦੇ 250 ਅੱਤਵਾਦੀਆਂ ਨਾਲ ਨਿਪਟਣਾ ਬਾਕੀ ਹੈ। ਪਰ ਇਸ ਤੋਂ ਬਾਅਦ ਛਾਂ ਪੰਜਾਬ ਰਾਜ ਹੱਤਿਆਵਾਂ ਦੇ ਅੰਕੜਿਆਂ ਦਾ ਜੰਗਲ ਬਣ ਕੇ ਰਹਿ ਗਿਆ। 1988, 89, 90 ਤੇ 91 ਦੇ ਚਹੁੰ ਸਾਲਾਂ ਵਿਚ ਜੇ ਪੁਲਿਸ ਨੇ ਪੰਜ ਹਜ਼ਾਰ ਅੱਤਵਾਦੀ ਮਾਰੇ ਅਤੇ ਸੋਲ੍ਹਾਂ ਹਜ਼ਾਰ ਗ੍ਰਿਫ਼ਤਾਰ ਕੀਤੇ, ਤਾਂ ਅੱਤਵਾਦੀਆਂ ਨੇ ਵੀ ਅੱਠ ਹਜ਼ਾਰ ਤੋਂ ਵੱਧ ਆਦਮੀਆਂ ਦੀ ਹੱਤਿਆ ਕੀਤੀ, ਜਿਨ੍ਹਾਂ ਵਿਚ 1250 ਪੁਲਸੀਏ ਸਨ। ਕਾਂਗਰਸ ਰਾਜ ਦੇ ਸ਼ੁਰੂ, ਅਰਥਾਤ, ਮਾਰਚ 1992 ਤੋਂ ਹੁਣ ਤਕ ਲਗ ਪਗ ਤਿੰਨ ਹਜ਼ਾਰ ਖਾੜਕੂ ਮਾਰੇ ਗਏ ਹਨ ਤੇ ਇਕ ਹਜ਼ਾਰ ਨੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕੀਤਾ ਹੈ। ਗ੍ਰਿਫ਼ਤਾਰੀਆਂ ਵੀ ਬਥੇਰੀਆਂ ਹੋਈਆਂ ਹਨ। ਇਹ ਸੋਚਣ ਵਾਲੀ ਗੱਲ ਹੈ ਕਿ 1987 ਵਿਚਲੇ ਚਾਰ ਪੰਜ ਸੌ ਅੱਤਵਾਦੀ ਛੇਆਂ ਸਾਲਾਂ ਵਿਚ ਵਧ ਕੇ ਤੀਹ ਹਜ਼ਾਰ ਕਿਉਂ ਤੇ ਕਿਵੇਂ ਹੋ ਗਏ ?

ਪਹਿਲੀ ਤੇ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਸਰਕਾਰ ਦੀ ਨਿਰਦੋਸ਼ ਵਿਅਕਤੀਆਂ ਨੂੰ ਫੜ ਫੜ ਕੇ, ਉਨ੍ਹਾਂ ਨੂੰ ਝੂਠੇ ਪੁਲਿਸ-ਮੁਕਾਬਲਿਆਂ ਵਿਚ ਮਾਰਨ ਜਾਂ ਉਨ੍ਹਾਂ ਉੱਤੇ ਬੇਪਨਾਹ ਤਸ਼ੱਦਦ ਕਰਨ ਦੀ ਨੀਤੀ ਖਾੜਕੂਆਂ ਦੀਆਂ ਸਫ਼ਾਂ ਵਿਚ ਵਾਧਾ ਕਰਦੀ ਰਹੀ ਹੈ। ਦੂਜਾ, ਜਿਹਾ ਕਿ ਇਹੋ ਜਹੇ ਅੰਦੋਲਨਾਂ ਵਿਚ ਅਕਸਰ ਹੁੰਦਾ ਹੈ, ਸਮਾਂ ਪਾ ਕੇ ਪੇਸ਼ਾਵਰ ਅਪਰਾਧੀ—ਚੋਰ, ਲੁਟੇਰੇ, ਡਾਕੂ ਤੇ ਕਾਤਲ—ਖਾੜਕੂਆਂ ਵਿਚ ਰਲ ਗਏ ਸਨ। ਇਨ੍ਹਾਂ ਨੂੰ ਸਿਖ ਸਟੇਟ ਜਾਂ ਖ਼ਾਲਿਸਤਾਨ ਨਾਲ ਕੋਈ ਗ਼ਰਜ਼ ਨਹੀਂ ਸੀ, ਇਹ ਤਾਂ ਲੁੱਟ-ਮਾਰ ਕਰ ਕੇ ਆਪਣੇ ਘਰ ਭਰਨਾ ਚਾਹੁੰਦੇ ਸਨ।

ਤੀਜੀ ਤੇ ਮਹੱਤਵਪੂਰਨ ਗੱਲ ਇਹ ਹੈ ਕਿ ਪੁਲਿਸ ਨੇ ਆਪ ਇਹੋ ਜਿਹੇ ਸੈਂਕੜੇ ਆਦੀ ਮੁਜਰਮ ਖਾੜਕੂਆਂ ਦੀਆਂ ਸਫ਼ਾਂ ਵਿਚ ਵਾੜੇ। ਰਿਬੀਰੋ ਨੇ ਇਕ ਵਾਰੀ ਖੁਲ੍ਹਮ-ਖੁਲ੍ਹਾ ਆਖਿਆ ਸੀ ਕਿ "ਸਾਰੀ ਦੁਨੀਆ ਦੀਆਂ ਸਰਕਾਰਾਂ ਅਪਰਾਧੀਆਂ ਨਾਲ ਨਿਪਟਣ ਲਈ ਖ਼ੁਫ਼ੀਆ ਏਜੰਟਾਂ ਜਾਂ ਗੁੱਝੇ ਭੇਤੀਆਂ ਦੀ ਮਦਦ ਲੈਂਦੀਆਂ ਹਨ।" ਇਸ ਮਤਲਬ ਲਈ ਉਸ ਨੇ ਮੌਕੂਫ਼ ਕੀਤੇ ਗਏ ਪੁਲਸੀਆਂ ਜਾਂ ਮਾਫ਼ੀ ਮੰਗ ਕੇ ਰਿਹਾਅ ਹੋਏ ਕਈ ਕਥਿਤ ਅੱਤਵਾਦੀਆਂ ਦੀ ਮਦਦ ਲਈ। ਉਨ੍ਹਾਂ ਨੂੰ ਪੁਲਿਸ ਵਿਚ ਭਰਤੀ ਕਰ ਕੇ ਕਈ ਸਹੂਲਤਾਂ ਦਿੱਤੀਆਂ ਗਈਆਂ। ਪਿਛਲੇ ਕੁਝ ਵਰ੍ਹਿਆਂ ਵਿਚ ਅਣਮਨੁੱਖੀ ਕਾਰਵਾਈਆਂ ਦੇ ਜੋ ਦੂਸ਼ਣ ਅੱਤਵਾਦੀਆਂ ਦੇ ਨਾਂ ਲੱਗੇ, ਉਹ ਸਭ ਉਪਰੋਕਤ ਦੋ ਸ਼੍ਰੇਣੀਆਂ ਦੇ ਪੇਸ਼ਾਵਰ ਅਪਰਾਧੀਆਂ, ਡਾਕੂਆਂ ਤੇ ਲੁਟੇਰਿਆਂ ਦਾ ਕੰਮ ਸਨ। ਇਹ ਲੋਕ ਪਿੰਡਾਂ ਵਿੱਚੋਂ ਇਸਤ੍ਰੀਆਂ ਤੇ ਮਾਸੂਮ ਲੜਕੀਆਂ ਨੂੰ ਫੜ ਕੇ ਉਨ੍ਹਾਂ ਦੀ ਬੇਪਤੀ ਕਰਦੇ ਰਹੇ, ਅਮੀਰ ਆਦਮੀਆਂ ਜਾਂ ਉਨ੍ਹਾਂ ਦੇ ਬੱਚਿਆਂ ਨੂੰ ਅਗਵਾ ਕਰ ਕੇ ਲੱਖਾਂ ਰੁਪਏ ਭੂੰਗਾ ਲੈ ਕੇ ਛਡਦੇ ਰਹੇ, ਆਪਣੇ ਨਿਰਦੋਸ਼ ਸ਼ਰੀਕਾਂ ਤੇ ਦੁਸ਼ਮਣਾਂ ਦੇ ਵਿਰੁੱਧ ਪੁਲਿਸ ਵਿਚ ਝੂਠੀਆਂ ਰਿਪੋਰਟਾਂ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਾਂਦੇ ਤੇ ਤਸੀਹੇ ਦਿਵਾਂਦੇ ਰਹੇ, ਨਸ਼ੀਲੀਆਂ ਵਸਤਾਂ ਦੇ ਵਪਾਰ ਵਿਚ ਰੁੱਝੇ ਰਹੇ ਅਤੇ ਕੁਝ ਵਿਅਕਤੀਆਂ ਕੋਲੋਂ ਮੋਟੀਆਂ ਰਕਮਾਂ ਲੈ ਕੇ ਉਨ੍ਹਾਂ ਦੇ ਸ਼ਰੀਕਾਂ ਨੂੰ ਕਤਲ ਕਰਦੇ ਰਹੇ। ਇਸ ਨਾਲ ਪਿੰਡਾਂ ਵਿਚ ਖਾੜਕੂਆਂ ਦੀ ਬਹੁਤ ਬਦਨਾਮੀ ਹੋਈ। ਪਰ ਪੁਲਿਸ ਖਾੜਕੂਆਂ ਵਿਚ ਆਪਣੇ ਵਾੜੇ ਅਪਰਾਧੀਆਂ ਦੀਆਂ ਕਾਲੀਆਂ ਕਰਤੂਤਾਂ ਦੀ ਨਾ-ਕੇਵਲ ਅਣਦੇਖੀ ਕਰਦੀ ਰਹੀ, ਸਗੋਂ ਉਨ੍ਹਾਂ ਦੀ ਪਿਠ ਠੋਕਦੀ ਰਹੀ।

ਅਸਲੀਅਤ ਇਹ ਹੈ ਕਿ ਸੱਚੀ-ਮੁੱਚੀ ਦੇ ਵਖਵਾਦੀ ਉਹ ਸਨ, ਜੋ ਅਪਰੇਸ਼ਨ ਬਲਿਊ ਸਟਾਰ ਜਾਂ ਦਿੱਲੀ ਵਿਚ ਸਿੱਖਾਂ ਦੇ ਕਤਲਾਮ ਦੇ ਸਤਾਏ ਹੋਏ ਸਨ ਤੇ ਸੱਚੇ ਦਿਲੋਂ ਸਿਖ ਸਟੇਟ ਜਾਂ ਖ਼ਾਲਿਸਤਾਨ ਵਿਚ ਸਿਖ ਕੌਮ ਦੀ ਮੁਕਤੀ ਸਮਝਦੇ ਸਨ। ਇਹ ਖਾੜਕੂ ਪਹਿਲਾਂ ਤਾਂ ਸੁਰੱਖਿਆ ਅਮਲੇ ਨੂੰ ਬੇਦਿਲ ਕਰਨਾ ਚਾਹੁੰਦੇ ਸਨ, ਇਸ ਲਈ ਆਮ ਤੌਰ ਤੇ ਉਨ੍ਹਾਂ ਦਾ ਨਿਸ਼ਾਨਾ ਪੁਲਿਸ ਕਰਮਚਾਰੀ ਜਾਂ ਉਨ੍ਹਾਂ ਦੇ ਰਿਸ਼ਤੇਦਾਰ ਹੁੰਦੇ ਸਨ, ਵਿਸ਼ੇਸ਼ ਕਰਕੇ ਉਹ ਪੁਲਸੀਏ, ਜੋ ਨਿਰਦੋਸ਼ ਸਿੱਖਾਂ ਉੱਤੇ ਵਧੀਕੀਆਂ ਕਰ ਰਹੇ ਸਨ। ਡਾਇਰੈਕਟਰ ਜਨਰਲ ਪੁਲਿਸ ਪੰਜਾਬ ਦੇ ਹੁਣੇ ਜਹੇ ਬੰਬਈ ਵਿਚ ਦਿੱਤੇ ਇਕ ਬਿਆਨ ਅਨੁਸਾਰ ਖਾੜਕੂਆਂ ਦੇ ਹੱਥੋਂ 2000 ਪੁਲਿਸ ਕਰਮਚਾਰੀ ਤੇ ਉਨ੍ਹਾਂ ਦੇ 6000 ਰਿਸ਼ਤੇਦਾਰ ਮਾਰੇ ਜਾ ਚੁਕੇ ਹਨ। ਇਸ ਤੋਂ ਛੁਟ ਉਹ ਰਾਜਨੀਤਿਕ ਪਾਰਟੀਆਂ ਤੇ ਵਿਸ਼ੇਸ਼ ਕਰਕੇ ਅਕਾਲੀ ਪਾਰਟੀ ਦੇ ਪ੍ਰਮੁਖ ਆਗੂਆਂ ਤੇ ਵਰਕਰਾਂ ਨੂੰ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾਂਦੇ ਸਨ, ਜੋ ਉਨ੍ਹਾਂ ਦੇ ਸਿਧਾਂਤ ਨਾਲ ਸਹਿਮਤ ਨਹੀਂ ਸਨ। ਇੱਸੇ ਜਜ਼ਬੇ ਦੇ ਅਧੀਨ ਸੰਤ ਲੌਂਗੋਵਾਲ, ਬਰਨਾਲਾ ਮੰਤਰੀ ਮੰਡਲ ਦੇ ਵਿੱਤ ਮੰਤਰੀ ਬਲਵੰਤ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਭਾਨ ਸਿੰਘ, ਦਰਬਾਰ ਸਾਹਿਬ ਦੇ ਗਿਆਨੀ ਸੋਹਣ ਸਿੰਘ, ਅਕਾਲ ਤਖ਼ਤ ਸਾਹਿਬ ਦੇ ਸਾਬਕ ਜਥੇਦਾਰ ਗਿਆਨੀ ਪ੍ਰਤਾਪ ਸਿੰਘ, ਮਾਸਟਰ ਤਾਰਾ ਸਿੰਘ ਦੀ ਸਪੁੱਤਰੀ ਬੀਬੀ ਰਾਜਿੰਦਰ ਕੌਰ ਆਦਿ ਅਨੇਕਾਂ ਆਗੂਆਂ ਦੀ ਹੱਤਿਆ ਕੀਤੀ ਗਈ। ਜਥੇਦਾਰ ਜਗਦੇਵ ਸਿੰਘ ਤਲਵੰਡੀ ਉੱਤੇ ਹਮਲਾ ਕੀਤਾ ਗਿਆ, ਜਿਸ ਵਿਚ ਉਨ੍ਹਾਂ ਦਾ ਇਕ ਨਿਕਟਵਰਤੀ ਸ਼੍ਰੋਮਣੀ ਕਮੇਟੀ ਦਾ ਮੈਂਬਰ ਮਾਰਿਆ ਗਿਆ। ਜਥੇਦਾਰ ਟੌਹੜਾ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਬਕ ਜਥੇਦਾਰ ਗਿਆਨੀ ਕਿਰਪਾਲ ਸਿੰਘ ਉੱਤੇ ਵੀ ਮਾਰੂ ਹਮਲੇ ਹੋਏ, ਪਰ ਖ਼ੁਸ਼ਕਿਸਮਤੀ ਨਾਲ ਉਨ੍ਹਾਂ ਦੀ ਜਾਨ ਬਚ ਗਈ। ਇਸੇ ਤਰ੍ਹਾਂ ਦੋਹਾਂ ਕਮਿਊਨਿਸਟ ਪਾਰਟੀਆਂ, ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਦੇ ਕੁਝ ਉੱਘੇ ਨੇਤਾਵਾਂ ਤੇ ਸਰਗਰਮ ਵਰਕਰਾਂ ਦੀ ਹੱਤਿਆ ਕੀਤੀ ਗਈ। ਵਖਵਾਦੀ ਜੂਨ 1991 ਦੀਆਂ ਲੋਕ ਸਭਾ ਤੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਲੜਨ ਦੇ ਵਿਰੁੱਧ ਸਨ। ਪਰੰਤੂ ਵਖ ਵਖ

ਅਕਾਲੀ ਪਾਰਟੀਆਂ ਨੇ ਇਨ੍ਹਾਂ ਲਈ ਉਮੀਦਵਾਰ ਖੜੇ ਕਰ ਦਿੱਤੇ ਸਨ। ਖਾੜਕੂਆਂ ਨੇ ਲੋਕ ਸਭਾ ਦੇ ਤਿੰਨ ਤੇ ਪੰਜਾਬ ਅਸੈਂਬਲੀ ਦੇ 24 ਉਮੀਦਵਾਰਾਂ ਨੂੰ ਮਾਰ ਦਿੱਤਾ। ਇਹ ਗੱਲ ਰਹੱਸ ਵਾਲੀ ਹੀ ਹੈ ਕਿ ਬਹੁਤ ਘਟ ਕਾਂਗਰਸੀ ਉਨ੍ਹਾਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣੇ। ਸਰਕਾਰੀ ਰੀਪੋਰਟ ਵਿਚ 1981 ਤੋਂ ਲੈ ਕੇ ਨਵੰਬਰ 1991 ਤਕ ਅੱਤਵਾਦੀਆਂ ਦੇ ਹੱਥੋਂ ਮਾਰੇ ਜਾਣ ਵਾਲੇ 9999 ਆਦਮੀਆਂ ਦਾ ਜੋ ਵੇਰਵਾ ਦਿੱਤਾ ਗਿਆ ਹੈ, ਉਹਦੇ ਅਨੁਸਾਰ ਇਨ੍ਹਾਂ ਵਿੱਚੋਂ 6104 ਸਿਖ, 3766 ਹਿੰਦੂ ਤੇ 129 ਈਸਾਈ ਆਦਿ ਹੋਰ ਧਰਮਾਂ ਦੇ ਬੰਦੇ ਸਨ।

ਰਿਬੀਰੋ ਨੇ ਪੁਲਿਸ ਦਾ ਮੁਖੀ ਬਣਦਿਆਂ ਸਾਰ 'ਗੋਲੀ ਦਾ ਜਵਾਬ ਗੋਲੀ ਵਿਚ' ਦਾ ਅਸੂਲ ਅਪਣਾਅ ਲਿਆ ਸੀ। ਉਸ ਦਾ ਖ਼ਿਆਲ ਸੀ ਕਿ ਕਿਉਂਜੁ ਅੱਤਵਾਦੀ ਕਿਸੇ ਕਾਨੂੰਨ ਨੂੰ ਨਹੀਂ ਮੰਨਦੇ, ਇਸ ਲਈ ਪੰਜਾਬ ਦੀ ਅਸਾਧਾਰਨ ਸਥਿਤੀ ਵਿਚ ਪੁਲਿਸ ਨੂੰ ਵੀ ਅਜਿਹੀਆਂ ਕਾਰਵਾਈਆਂ ਕਰਨੀਆਂ ਪੈਂਦੀਆਂ ਹਨ, ਜਿਨ੍ਹਾਂ ਨੂੰ ਪੂਰੇ ਤੌਰ ਤੇ ਕਾਨੂੰਨੀ ਨਹੀਂ ਆਖਿਆ ਜਾ ਸਕਦਾ। ਉਹਦੇ ਵਾਸਤੇ ਕਾਨੂੰਨ ਜਾਂ ਮਨੁੱਖੀ ਅਧਿਕਾਰ ਦੇ ਕੋਈ ਅਰਥ ਹੀ ਨਹੀਂ ਸਨ। ਸਰਕਾਰ ਉਹਨੂੰ ਪੁਛਦੀ ਨਹੀਂ ਸੀ ਤੇ ਅਦਾਲਤਾਂ ਦੇ ਅਧਿਕਾਰ ਵੀ ਉਹਨੇ ਆਪ ਸੰਭਾਲ ਲਏ ਸਨ। ਉਹਨੇ ਪਹਿਲੇ ਦਿਨ ਤੋਂ ਪ੍ਰਣ ਕੀਤਾ ਸੀ ਕਿ ਉਹ ਪੰਜਾਬ ਵਿੱਚੋਂ ਛੇਤੀ ਹੀ ਅੱਤਵਾਦ ਦਾ ਖ਼ਾਤਮਾ ਕਰ ਕੇ ਰਹੇਗਾ, ਪਰ ਹਜ਼ਾਰਾਂ ਗੁਨਾਹਗਾਰਾਂ ਤੇ ਬੇਗੁਨਾਹਾਂ ਨੂੰ ਆਪੇ ਮੌਤ ਦੇ ਘਾਟ ਉਤਾਰ ਕੇ ਅੰਤ ਉਹਨੂੰ ਇਕਬਾਲ ਕਰਨਾ ਪਿਆ ਸੀ ਕਿ ਪੰਜਾਬ ਦੀ ਸਮੱਸਿਆ ਮੂਲ ਰੂਪ ਵਿਚ ਰਜਨੀਤਿਕ ਹੈ ਤੇ ਇਹਨੂੰ ਹੱਲ ਕਰਨ ਤੋਂ ਬਗ਼ੈਰ ਅੱਤਵਾਦ ਖ਼ਤਮ ਨਹੀਂ ਹੋ ਸਕਦਾ। ਕਾਸ਼! ਕੇਂਦਰੀ ਸਰਕਾਰ ਆਪਣੇ ਇਕ ਉਚ ਅਧਿਕਾਰੀ ਦੇ ਤਜਰਬੇ ਤੋਂ ਸਬਕ ਸਿੱਖੇ! ਉਹਦੇ ਤੋਂ ਬਾਅਦ ਆਉਣ ਵਾਲੇ ਡਾਇਰੈੱਕਟਰ ਜਨਰਲ ਪੁਲਿਸ ਗਿੱਲ ਦੇ ਵਿਚਾਰ ਵੀ ਇਹੋ ਜਿਹੇ ਸਨ। ਸੋ 1987 ਤੋਂ ਹੀ ਇਹ ਪਰਵਿਰਤੀ ਤੁਰ ਪਈ ਸੀ ਕਿ ਪੁਲਿਸ ਕਿਸੇ ਕਥਿਤ ਅੱਤਵਾਦੀ ਨੂੰ ਗ੍ਰਿਫ਼ਤਾਰ ਕਰਦੀ ਤੇ ਕੁਝ ਦਿਨ ਉਹਨੂੰ ਹਿਰਾਸਤ ਵਿਚ ਰੱਖਣ ਤੋਂ ਬਾਅਦ ਖ਼ਤਮ ਕਰ ਕੇ ਨਸ਼ਰ ਕਰ ਦੇਂਦੀ ਕਿ ਉਹ ਪੁਲਿਸ ਨਾਲ ਮੁਕਾਬਲੇ ਵਿਚ ਮਾਰਿਆ ਗਿਆ ਹੈ। ਰਿਬੀਰੋ ਦੇ ਸਮੇਂ ਇਕ ਦਿਨ ਅਖ਼ਬਾਰਾਂ ਵਿਚ ਇਹ ਘਟਨਾ ਪ੍ਰਕਾਸ਼ਤ ਹੋਈ ਕਿ ਇਕ ਕੱਟੜ ਅੱਤਵਾਦੀ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕਰ ਕੇ ਪੰਜਾਬ ਵੱਲ ਲਿਆਂਦਾ ਜਾ ਰਿਹਾ ਸੀ ਕਿ ਦੁਰਾਹਾ ਵਾਲੀ ਨਹਿਰ ਤੇ ਪੁਲ ਉੱਤੇ ਉਹ ਪਿਸ਼ਾਬ ਕਰਨ ਦੇ ਬਹਾਨੇ ਫ਼ਰਾਰ ਹੋ ਗਿਆ। ਉਸ ਤੋਂ ਦੂਜੇ ਦਿਨ ਹੀ ਉਸੇ ਥਾਂ ਉੱਤੇ ਇਕ ਹੋਰ ਅੱਤਵਾਦੀ ਦੇ ਫ਼ਰਾਰ ਹੋ ਜਾਣ ਦੀ ਖ਼ਬਰ ਨਸ਼ਰ ਕਰਾਈ ਗਈ। ਆਮ ਖ਼ਿਆਲ ਹੈ ਕਿ ਪੁਲਿਸ ਨੇ ਦੋਵੇਂ ਮੁਲਜ਼ਮ ਖ਼ਤਮ ਕਰ ਦਿੱਤੇ ਸਨ, ਕਿਉਂਕਿ ਇਸ ਤੋਂ ਬਾਅਦ ਉਨ੍ਹਾਂ ਦੀ ਕੋਈ ਉਘ-ਸੁਘ ਨਹੀਂ ਮਿਲੀ। ਇਨ੍ਹਾਂ ਘਟਨਾਵਾਂ ਤੋਂ ਦੋ ਤਿੰਨ ਮਹੀਨੇ ਬਾਅਦ ਜਦ ਇਕ ਅੱਤਵਾਦੀ ਨੂੰ ਦਿੱਲੀ ਤੋਂ ਪੰਜਾਬ ਵੱਲ ਲਿਆਉਣਾ ਸੀ, ਤਾਂ ਉਸ ਨੇ ਅਦਾਲਤ ਨੂੰ ਆਖ ਦਿੱਤਾ, "ਹਜ਼ੂਰ! ਪੁਲਿਸ ਨੂੰ ਹਦਾਇਤ ਕਰੋ ਕਿ ਮੈਨੂੰ ਹੱਥਕੜੀਆਂ ਤੇ ਬੇੜੀਆਂ ਵਿਚ ਜਕੜ ਕੇ ਲੈ ਜਾਣ, ਤਾਂ ਜੁ ਮੈਨੂੰ ਰਾਹ ਵਿਚ ਹੀ ਖ਼ਤਮ ਨਾ ਕਰ ਦੇਣ।" ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਸ ਤਰ੍ਹਾਂ ਪੁਲਿਸ ਹਿਰਾਸਤ ਵਿੱਚੋਂ ਫ਼ਰਾਰ ਹੋਣ ਵਾਲਿਆਂ ਨੂੰ ਜਿਹੜੀ ਪੁਲਸੀ ਧਾੜ ਲਿਜਾ ਰਹੀ ਹੁੰਦੀ ਹੈ, ਉਸ ਦੇ ਵਿਰੁੱਧ ਕੋਈ ਕਾਰਵਾਈ ਹੁੰਦੀ ਨਹੀਂ ਸੁਣੀ ਗਈ।

ਪਿਛਲੇ ਢਾਈ ਤਿੰਨ ਸਾਲ ਤੋਂ ਤਾਂ ਪੁਲਿਸ ਨੇ ਗੁਨਾਹਗਾਰ ਜਾਂ ਬੇਗੁਨਾਹਾਂ ਅੱਤਵਾਦੀਆਂ ਦੇ ਖ਼ਤਮ ਕਰਨ ਨੂੰ ਇਕ ਸੂਖਮ ਕਲਾ ਦਾ ਰੂਪ ਦੇ ਲਿਆ ਹੈ। ਹਰ ਦੂਜੇ-ਚੌਥੇ ਦਿਨ ਇੰਨ ਬਿੰਨ ਇੱਕੋ ਤਰ੍ਹਾਂ ਦੀ ਖ਼ਬਰ ਛਪਦੀ ਹੈ, ਕਿ "ਪੁਲਿਸ ਅਮਕੇ ਅੱਤਵਾਦੀ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲਿਜਾ ਰਹੀ ਸੀ। ਰਾਹ ਵਿਚ ਅੱਤਵਾਦੀਆਂ ਨੇ ਘਾਤ ਲਾ ਕੇ ਪੁਲਿਸ ਉੱਤੇ ਹਮਲਾ ਕਰ

ਦਿੱਤਾ। ਦੁਵੱਲੀ ਗੋਲੀ-ਬਾਰੀ ਵਿਚ, ਉਹ ਅੱਤਵਾਦੀ ਮਾਰਿਆ ਗਿਆ ਹੈ, ਜੋ ਪੁਲਿਸ ਦੀ ਹਿਰਾਸਤ ਵਿਚ ਸੀ।" ਇਸ ਮੁਠ-ਭੇੜ ਵਿਚ ਨਾ ਹਮਲਾ ਕਰਨ ਵਾਲਾ ਕੋਈ ਅੱਤਵਾਦੀ ਮਰਿਆ, ਨਾ ਪੁਲਿਸ ਗਾਰਡ ਵਿਚੋਂ ਕਿਸੇ ਨੂੰ ਖਰੋਚ ਆਈ ਜਾਂ ਕੋਈ ਜ਼ਖ਼ਮੀ ਹੋਇਆ। ਮਰਿਆ ਤਾਂ ਸਿਰਫ਼ ਉਹ ਬੰਦਾ, ਜੋ ਪੁਲਿਸ ਦੀ ਹਿਰਾਸਤ ਵਿਚ ਸੀ। ਖ਼ਬਰਾਂ ਵਿਚ ਕਦੀ ਕਦੀ ਫ਼ਰਕ ਇੰਨਾ ਹੀ ਹੁੰਦਾ ਹੈ ਕਿ ਪੁਲਿਸ ਇਕ ਦੀ ਥਾਂ ਦੋ ਅੱਤਵਾਦੀਆਂ ਨੂੰ ਲਿਜਾ ਰਹੀ ਹੁੰਦੀ ਹੈ, ਤਾਂ ਦੋਵੇਂ ਦੁਵੱਲੀ ਗੋਲੀ-ਬਾਰੀ ਵਿਚ ਮਾਰੇ ਜਾਂਦੇ ਹਨ ਜਾਂ ਇਕ ਮਾਰਿਆ ਜਾਂਦਾ ਹੈ ਤੇ ਦੂਜਾ ਫ਼ਰਾਰ ਹੋ ਜਾਂਦਾ ਹੈ। ਉਂਜ ਇਸ ਫ਼ਰਾਰ ਹੋਏ ਨੂੰ ਵੀ ਮਰਿਆ ਹੀ ਸਮਝਣਾ ਚਾਹੀਦਾ ਹੈ। ਇੱਥੇ ਦੋ ਪ੍ਰਸ਼ਨ ਪੈਦਾ ਹੁੰਦੇ ਹਨ, ਪਹਿਲਾ ਇਹ ਕਿ ਗ੍ਰਿਫ਼ਤਾਰ ਹੋਇਆ ਅੱਤਵਾਦੀ ਪੁਲਿਸ ਦੀ ਸਪੁਰਦਗੀ ਵਿਚ ਸੀ; ਪੁਲਿਸ ਉਹਦੀ ਸੁਰੱਖਿਆ ਲਈ ਜ਼ਿੰਮੇਵਾਰ ਸੀ ਤੇ ਉਹਨੂੰ ਹਰ ਹੀਲੇ ਬਚਾਣਾ ਚਾਹੀਦਾ ਸੀ। ਪਰ ਪੁਲਿਸ ਨੇ ਉਹਨੂੰ ਢਾਲ ਬਣਾ ਕੇ ਵਰਤਿਆ। ਫਿਰ ਜਦ ਦੋ ਤਿੰਨ ਵਾਰੀ ਇਹੋ ਜਿਹੀਆਂ ਘਟਨਾਵਾਂ ਹੋ ਗਈਆਂ ਸਨ, ਤਾਂ ਪੁਲਿਸ ਨੂੰ ਅੱਗੋਂ ਤੋਂ ਪੂਰੀ ਤਰ੍ਹਾਂ ਸਾਵਧਾਨ ਹੋ ਜਾਣਾ ਚਾਹੀਦਾ ਸੀ, ਪਰ ਇਹ ਸਿਲਸਿਲਾ ਪਿਛਲੇ ਦੋ ਢਾਈ ਸਾਲ ਤੋਂ ਅੱਜ ਤਕ ਲਗਾਤਾਰ ਪਹਿਲਾਂ ਵਾਂਗ ਚੱਲ ਰਿਹਾ ਹੈ। ਦੂਜੀ ਮਹੱਤਵਪੂਰਨ ਗੱਲ ਹੈ, ਅੱਤਵਾਦੀਆਂ ਦੇ ਵਸੀਲਿਆਂ ਦੀ। ਪਤਾ ਨਹੀਂ, ਕਿਵੇਂ ਉਨ੍ਹਾਂ ਨੂੰ ਖ਼ਬਰ ਮਿਲ ਜਾਂਦੀ ਕਿ ਫ਼ਲਾਣਾ ਅੱਤਵਾਦੀ ਫੜਿਆ ਗਿਆ ਹੈ; ਉਹ ਪੰਜ ਸਤ ਦਿਨ ਪੁਲਿਸ ਦੀ ਹਿਰਾਸਤ ਵਿਚ ਰਿਹਾ ਹੈ ਤੇ ਉਸ ਤੋਂ ਪੁੱਛ-ਪੜਤਾਲ ਹੁੰਦੀ ਰਹੀ ਹੈ। ਫਿਰ ਇਹ ਕਿ ਉਸ ਨੂੰ ਫ਼ਲਾਣੀ ਤਰੀਕ, ਅਮਕੇ ਸਮੇਂ, ਅਮਕੇ ਰਾਹ ਹਥਿਆਰਾਂ ਦੀ ਬਰਾਮਦਗੀ ਵਾਸਤੇ ਲਿਜਾਇਆ ਜਾ ਰਿਹਾ ਹੈ ਤੇ ਅੱਤਵਾਦੀ ਰਾਹ ਵਿਚ ਘਾਤ ਲਾ ਕੇ ਬਹਿ ਜਾਂਦੇ ਹਨ। ਇਹੋ ਜਿਹੀਆਂ ਗੱਲਾਂ ਵਿਚ ਸੱਚ-ਝੂਠ ਦਾ ਨਿਰਣਾ ਤਾਂ ਕਾਫ਼ੀ ਮੁਸ਼ਕਲ ਹੁੰਦਾ ਹੈ, ਪਰ ਕਈ ਵਾਰੀ ਅਖ਼ਬਾਰਾਂ ਵਿਚ ਕੁਝ ਅਜਿਹੀਆਂ ਖ਼ਬਰਾਂ ਆ ਹੀ ਜਾਂਦੀਆਂ ਹਨ, ਜੋ ਪੁਲਿਸ ਦੇ ਬਿਆਨ ਨਾਲੋਂ ਵਧੇਰੇ ਮੰਨਣ ਯੋਗ ਹੁੰਦੀਆਂ ਹਨ। 19 ਅਪ੍ਰੈਲ 1993 ਦੀਆਂ ਅਖ਼ਬਾਰਾਂ ਵਿਚ ਇਕ ਖ਼ਬਰ ਛਪੀ ਹੈ ਕਿ ਬੱਬਰ ਖ਼ਾਲਸਾ ਇੰਟਰਨੈਸ਼ਨਲ ਦਾ ਡਿਪਟੀ ਚੀਫ਼ ਬਲਦੇਵ ਸਿੰਘ ਦੋਰਾਂਗਲਾ ਗੁਰਦਾਸਪੁਰ ਪੁਲਿਸ ਨਾਲ ਇਕ ਮੁਕਾਬਲੇ ਵਿਚ ਮਾਰਿਆ ਗਿਆ ਹੈ। ਪਰ ਇੰਟਰਨੈਸ਼ਨਲ ਹਿਊਮਨ ਰਾਈਟਸ ਸੰਸਥਾ ਦਾ ਇਕ ਬਿਆਨ 17 ਅਪ੍ਰੈਲ ਦੀਆਂ ਕੁਝ ਅਖ਼ਬਾਰਾਂ ਵਿਚ ਛਪਿਆ ਸੀ ਕਿ ਬਲਦੇਵ ਸਿੰਘ ਨੂੰ ਪੁਲਿਸ ਨੇ ਪਹਿਲੀ ਅਪ੍ਰੈਲ ਨੂੰ ਅੰਮ੍ਰਿਤਸਰ ਦੇ ਪੁਤਲੀ ਘਰ ਇਲਾਕੇ ਵਿੱਚੋਂ ਫੜਿਆ ਸੀ। ਨਾਲ ਹੀ ਉਨ੍ਹਾਂ ਨੇ ਖ਼ਤਰਾ ਪ੍ਰਗਟ ਕੀਤਾ ਸੀ ਕਿ ਬਲਦੇਵ ਸਿੰਘ ਨੂੰ ਮਾਰ ਦਿੱਤਾ ਜਾਏਗਾ। ਇਸੇ ਤਰ੍ਹਾਂ ਦਾ ਕੇਸ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੁਖੀ ਸੁਖਦੇਵ ਸਿੰਘ ਬੱਬਰ ਦਾ ਹੈ, ਜੋ ਪਿਛਲੇ ਚਾਰ ਸਾਲ ਤੋਂ ਫ਼ਰਜ਼ੀ ਨਾਂ ਰੱਖ ਕੇ ਬੜੇ ਠਾਠ-ਬਾਠ ਨਾਲ ਪਟਿਆਲੇ ਦੀ ਅਰਬਨ ਐਸਟੇਟ ਵਿਚ ਰਹਿ ਰਿਹਾ ਸੀ। ਉਹਦੀ ਪਤਨੀ ਦੇ ਬਿਆਨ ਅਨੁਸਾਰ ਸੂਹ ਲੱਗਣ ਉੱਤੇ ਅਗਸਤ 1992 ਵਿਚ ਪੁਲਿਸ ਨੇ ਅੱਧੀ ਰਾਤ ਨੂੰ ਉਹਦੇ ਘਰ ਛਾਪਾ ਮਾਰ ਕੇ ਉਹਨੂੰ ਗ੍ਰਿਫ਼ਤਾਰ ਕਰ ਲਿਆ ਤੇ ਅਗਲੇ ਦਿਨ ਅਖ਼ਬਾਰਾਂ ਵਿਚ ਖ਼ਬਰ ਛਪਵਾ ਦਿੱਤੀ ਕਿ ਸੁਖਦੇਵ ਸਿੰਘ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਹੈ। ਅਕਾਲ ਤਖ਼ਤ ਸਾਹਿਬ ਦੇ ਇਕ ਸਾਬਕ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਨੇ ਉਹਦੇ ਪਿੰਡੋਂ ਗ੍ਰਿਫ਼ਤਾਰ ਕਰ ਕੇ ਪੁਲਿਸ-ਮੁਕਾਬਲੇ ਵਿਚ ਮਾਰਿਆ ਦੱਸਿਆ, ਪਰ ਜਦ ਪਿੰਡ ਵਾਲਿਆਂ ਨੇ ਦਾਅਵਾ ਕੀਤਾ ਕਿ ਉਹ ਉਨ੍ਹਾਂ ਦੇ ਸਾਹਮਣੇ ਪਿੰਡ ਵਿੱਚੋਂ ਫੜੇ ਗਏ ਸਨ, ਤਾਂ ਆਖ ਦਿੱਤਾ ਕਿ ਉਨ੍ਹਾਂ ਨੇ ਭੱਜਣ ਦਾ ਜਤਨ ਕੀਤਾ ਸੀ, ਇਸ ਲਈ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਗਈ।

ਇਹੋ ਜਿਹੀ ਧਾਂਦਲੀ ਵਿਚ ਪੁਲਿਸ ਜਾਣ-ਬੁਝ ਕੇ ਜਾਂ ਅਣਭੋਲੀ ਹੀ ਕਈ ਬੇਗੁਨਾਹਾਂ

ਦਾ ਖ਼ੂਨ ਕਰ ਦੇਂਦੀ ਰਹੀ। ਪੁਲਿਸ ਦੇ ਦੋਹਾਂ ਮੁਖੀਆਂ ਰਿਬੀਰੋ ਤੇ ਗਿੱਲ ਨੇ ਮੰਨਿਆ ਕਿ ਕਦੇ-ਕਦਾਈਂ ਕੋਈ ਨਿਰਦੋਸ਼ ਵੀ ਮਾਰਿਆ ਜਾਂਦਾ ਹੈ। ਪਰ ਇਹ ਕਦੇ-ਕਦਾਈਂ ਸੈਂਕੜੇ ਵੀ ਹੋ ਸਕਦੇ ਹਨ। ਅਜਿਹੀ ਹਾਲਤ ਵਿਚ ਕਾਨੂੰਨ ਦੇ ਇਸ ਸਿਧਾਂਤ ਦਾ ਤਾਂ ਖ਼ੂਨ ਹੋ ਜਾਂਦਾ ਹੈ ਕਿ ਭਾਵੇਂ ਦਸ ਗੁਨਾਹਗਾਰ ਬਚ ਜਾਣ, ਪਰ ਇਕ ਵੀ ਬੇਗੁਨਾਹ ਨਹੀਂ ਮਾਰਿਆ ਜਾਣਾ ਚਾਹੀਦਾ। ਇੱਥੇ ਉਦਾਹਰਣ ਵਜੋਂ ਪੰਜ ਚਾਰ ਕੇਸ ਦਿੱਤੇ ਜਾਂਦੇ ਹਨ, ਜੋ ਅਖ਼ਬਾਰਾਂ ਵਿਚ ਛਪ ਚੁਕੇ ਹਨ ਤੇ ਜਿਨ੍ਹਾਂ ਬਾਰੇ ਸਰਕਾਰ ਵੱਲੋਂ ਕੋਈ ਤਰਦੀਦ ਨਹੀਂ ਹੋਈ।

'ਇੰਡੀਆ ਟੂਡੇ' ਨੇ ਆਪਣੇ ਅਪ੍ਰੈਲ 1988 ਦੇ ਪਰਚੇ ਵਿਚ ਦੋ ਨਕਲੀ ਮੁਠ-ਭੇੜਾਂ ਦਾ ਵਰਣਨ ਕੀਤਾ ਹੈ:

(1) ਕੇਂਦਰੀ ਰੀਜ਼ਰਵ ਪੁਲਿਸ ਦੇ ਜਵਾਨਾਂ ਨੇ ਖ਼ਿਆਲੀ ਪਿੰਡ ਦੇ ਇਕ ਨੌਜਵਾਨ ਸੁਖਵਿੰਦਰ ਸਿੰਘ ਤੇ ਉਹਦੇ ਮਿੱਤਰ ਅਜੀਤ ਸਿੰਘ ਦੀ ਉਹਦੇ ਵਿਆਹ ਵਾਲੇ ਦਿਨ 21 ਨਵੰਬਰ 1986 ਨੂੰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਕਾਰਨ ਇਹ ਦੱਸਿਆ ਗਿਆ ਕਿ ਉਨ੍ਹਾਂ ਨੇ ਪੁਲਿਸ ਦੇ ਇਸ਼ਾਰੇ ਉੱਤੇ ਟੈਕਸੀ ਝਟ ਪਟ ਖੜੀ ਨਹੀਂ ਕੀਤੀ ਸੀ। ਕੇਂਦਰੀ ਰੀਜ਼ਰਵ ਪੁਲਿਸ ਨੇ ਇਹਨੂੰ ਮੁਠ-ਭੇੜ ਬਣਾਉਣ ਦਾ ਜਤਨ ਕੀਤਾ। ਪਰ ਗੁੱਸੇ ਵਿਚ ਆਏ ਪੇਂਡੂਆਂ ਨੇ ਸਖ਼ਤ ਮੁਜ਼ਾਹਿਰਾ ਕੀਤਾ ਤੇ ਸੜਕ ਉੱਤੇ ਰੁਕਾਵਟਾਂ ਖੜੀਆਂ ਕਰ ਦਿੱਤੀਆਂ। ਅਖ਼ੀਰ ਸੁਖਵਿੰਦਰ ਸਿੰਘ ਦੇ ਪਿਤਾ ਅਵਤਾਰ ਸਿੰਘ ਨੂੰ ਦਸ ਹਜ਼ਾਰ ਰੁਪਿਆ ਤੇ ਉਹਦੀ ਵਿਧਵਾ ਨੂੰ ਦਸ ਹਜ਼ਾਰ ਰੁਪਿਆ ਦੇ ਕੇ ਅਤੇ ਉਹਦੇ ਵੱਡੇ ਭਰਾ ਲਖਬੀਰ ਸਿੰਘ ਨੂੰ ਸਰਕਾਰੀ ਸਕੂਲ ਵਿਚ ਚਪੜਾਸੀ ਦੀ ਨੌਕਰੀ ਦੇ ਕੇ ਰਾਜ਼ੀ ਕਰ ਲਿਆ ਗਿਆ। ਦੂਜਾ ਕੇਸ ਇਉਂ ਹੈ—23 ਅਗੱਸਤ 1987 ਨੂੰ ਅੰਮ੍ਰਿਤਸਰ ਸ਼ਹਿਰ ਦੇ ਐਨ ਵਿਚਕਾਰ ਸਰਦੂਲ ਸਿੰਘ ਨਾਂ ਦਾ ਇਕ ਠੇਕੇਦਾਰ ਸਕੂਟਰ ਉੱਤੇ ਕਿਤੇ ਜਾ ਰਿਹਾ ਸੀ ਕਿ ਸਕੂਟਰ ਦੀ ਠੋਕਰ ਨਾਲ ਇਕ ਬਿਰਧ ਮਾਈ ਨੂੰ ਮਾੜੀ ਜਿਹੀ ਸੱਟ ਲਗ ਗਈ। ਸਰਦੂਲ ਸਿੰਘ ਨੇ ਸਕੂਟਰ ਖੜਾ ਨਾ ਕੀਤਾ। ਉਸ ਵੇਲੇ ਕਪਤਾਨ ਪੁਲਿਸ ਬਲਦੇਵ ਸਿੰਘ ਦੀ ਕਾਰ ਉਧਰੋਂ ਲੰਘ ਰਹੀ ਸੀ। ਉਸ ਦੇ ਰਖਵਾਲ ਦਸਤੇ ਨੇ ਸਰਦੂਲ ਸਿੰਘ ਨੂੰ ਫੜ ਲਿਆ। ਵੇਖਣ ਵਾਲਿਆਂ ਦਾ ਬਿਆਨ ਸੀ ਕਿ ਰੀਜ਼ਰਵ ਪੁਲਿਸ ਦੇ ਜਵਾਨਾਂ ਨੇ ਸਰਦੂਲ ਸਿੰਘ ਨੂੰ ਬੰਦੂਕ ਦੇ ਬੱਟਾਂ ਨਾਲ ਕੁੱਟਿਆ। ਇਸ ਝੜਪ ਵਿਚ ਰੱਬ-ਸਬੱਬੀ ਇਕ ਜਵਾਨ ਕੋਲੋਂ ਆਪਣੀ ਸਟੇਨਗੰਨ ਦਾ ਘੋੜਾ ਦੱਬਿਆ ਗਿਆ, ਜਿਸ ਨਾਲ ਉਹਦੇ ਸਾਥੀ ਦੀ ਮੌਤ ਹੋ ਗਈ। ਗੁੱਸੇ ਵਿਚ ਆਏ ਜਵਾਨ ਨੇ ਆਪਣੀ ਬੇਧਿਆਨੀ ਅਤੇ ਲਾਪਰਵਾਹੀ ਦੀ ਖਿੱਝ ਸਰਦੂਲ ਸਿੰਘ ਉੱਤੇ ਗੋਲੀਆਂ ਦੀ ਵਾਛੜ ਕਰ ਕੇ ਸ਼ਾਂਤ ਕੀਤੀ। ਪੁਲਿਸ ਨੇ ਦਾਅਵਾ ਕੀਤਾ ਕਿ ਸਰਦੂਲ ਸਿੰਘ ਇਕ ਭਗੌੜਾ ਅੱਤਵਾਦੀ ਸੀ। ਉਹਦੇ ਕੋਲ ਇਕ ਦੇਸੀ ਪਸਤੌਲ ਸੀ, ਜਿਸ ਨਾਲ ਉਹਨੇ ਪੁਲਿਸ ਜਵਾਨ ਦੀ ਹੱਤਿਆ ਕੀਤੀ। ਇਸ ਘਟਨਾ ਦੀ ਜਾਂਚ-ਪੜਤਾਲ ਲਈ ਸਬ ਡਵੀਯਨਲ ਮੈਜਿਸਟ੍ਰੇਟ ਐੱਸ.ਪੀ. ਮਹਾਜਨ ਨੂੰ ਨਿਯਤ ਕੀਤਾ ਗਿਆ। ਜਿਸ ਨੇ ਫ਼ੈਸਲਾ ਦਿੱਤਾ ਕਿ ਸਰਦੂਲ ਸਿੰਘ ਬੇਗੁਨਾਹ ਸੀ। ਉਹਦੀ ਵਿਧਵਾ ਕੁਲਵੰਤ ਕੌਰ ਨੂੰ ਵੀਹ ਹਜ਼ਾਰ ਰੁਪਿਆ ਇਵਜ਼ਾਨਾ ਦਿੱਤਾ ਜਾਏ ਤੇ ਪਰਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਏ, ਤਾਂ ਜੁ ਉਹ ਆਪਣਾ ਗੁਜ਼ਾਰਾ ਕਰ ਸਕਣ।

ਇੱਸੇ ਤਰ੍ਹਾਂ ਦੀਆਂ ਦੋ ਤਾਜ਼ਾ ਉਦਾਹਰਣਾਂ ਹੋਰ ਹਨ। 10 ਜੂਨ 1992 ਦੀਆਂ ਅਖ਼ਬਾਰਾਂ ਵਿਚ ਪੁਲਿਸ ਨੇ ਬੜੇ ਧੜੱਲੇ ਨਾਲ ਆਪਣੀ ਸੂਰਮਗਤੀ ਦੀ ਇਹ ਖ਼ਬਰ ਛਪਵਾਈ ਕਿ ਕਲ੍ਹ ਤਰਨ ਤਾਰਨ ਦੇ ਨੇੜੇ ਪਿੰਡ ਬਹਿਲਾ ਵਿਚ ਭਿੰਡਰਾਂਵਾਲਾ ਟਾਈਗਰ ਫ਼ੋਰਸ ਆਫ਼ ਖ਼ਾਲਿਸਤਾਨ (ਮਾਨੋ-ਚਾਹਲ) ਦੇ ਨੌਂ ਕੱਟੜ ਤੇ ਖ਼ਤਰਨਾਕ ਅੱਤਵਾਦੀ ਪੁਲਿਸ ਮੁਕਾਬਲੇ ਵਿਚ ਮਾਰੇ ਗਏ। ਇਨ੍ਹਾਂ ਵਿਚ ਇਸ ਫ਼ੋਰਸ ਦਾ ਲੈਫ਼ਟੀਨੈਂਟ ਜਨਰਲ ਸੁਰਜੀਤ ਸਿੰਘ ਬਹਿਲਾ ਵੀ ਸ਼ਾਮਲ ਸੀ, ਜੀਹਦੀ

ਗ੍ਰਿਫ਼ਤਾਰੀ ਲਈ ਦਸ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ। ਇਹ ਵੀ ਦੱਸਿਆ ਗਿਆ ਕਿ ਅੱਤਵਾਦੀਆਂ ਨੇ ਸਾਬਕਾ ਅਕਾਲੀ ਐੱਮ.ਐੱਲ.ਏ. ਮਨਜਿੰਦਰ ਸਿੰਘ ਬਹਿਲਾ ਦੀ ਦੋ-ਮੰਜ਼ਲੀ ਹਵੇਲੀ ਵਿਚ ਬੰਕਰ ਬਣਾ ਕੇ ਮੋਰਚਾ-ਬੰਦੀ ਕੀਤੀ ਹੋਈ ਸੀ। ਇਸ ਮੁਕਾਬਲੇ ਵਿਚ ਸੁਰੱਖਿਆ ਫ਼ੌਜਾਂ ਦੇ ਤਿੰਨ ਜਵਾਨ ਮਾਰੇ ਗਏ ਤੇ ਤਿੰਨ ਹੋਰ ਜ਼ਖ਼ਮੀ ਹੋ ਗਏ।

'ਟ੍ਰਿਬਿਊਨ' ਅਖ਼ਬਾਰ ਦੇ ਸਟਾਫ਼-ਰਿਪੋਰਟਰ ਇਸ ਖ਼ਬਰ ਦੀ ਜਾਂਚ ਲਈ ਬਹਿਲਾ ਪਿੰਡ ਗਏ। ਉਨ੍ਹਾਂ ਨੇ 12 ਜੂਨ ਦੀ ਅਖ਼ਬਾਰ ਵਿਚ ਛਪਵਾਇਆ ਕਿ ਬਹਿਲਾ ਵਿਚ ਭਿੰਡਰਾਂਵਾਲਾ ਟਾਈਗਰ ਫ਼ੋਰਸ ਦੇ ਨੌਂ ਨਹੀਂ, ਕੇਵਲ ਦੋ ਅੱਤਵਾਦੀ—ਸੁਰਜੀਤ ਸਿੰਘ ਬਹਿਲਾ ਤੇ ਮਦਨ ਸਿੰਘ ਮੱਦੀ ਉਰਫ਼ ਛੋਟਾ ਬਹਿਲਾ ਮਾਰੇ ਗਏ ਹਨ; ਬਾਕੀ ਦੇ ਸੱਤ ਉਹ ਨਾਗਰਿਕ ਹਨ, ਜਿਨ੍ਹਾਂ ਨੂੰ ਪੁਲਿਸ ਬਾਹਰੋਂ ਫੜ ਕੇ ਲਿਆਈ ਸੀ ਤੇ ਜਿਨ੍ਹਾਂ ਨੂੰ ਮੁਕਾਬਲੇ ਵਿਚ ਢਾਲ ਵਜੋਂ ਵਰਤਿਆ ਗਿਆ। 8 ਜੂਨ ਸਵੇਰੇ ਇਕ ਦੋਧੀ ਨਿਰੰਜਨ ਸਿੰਘ ਤੇ ਉਹਦੇ ਦੋ ਪੁੱਤਰ ਸਕੱਤਰ ਸਿੰਘ ਤੇ ਸੁਖਚੈਨ ਸਿੰਘ ਪਿੰਡ ਦੇ ਬਾਹਰਵਾਰ ਆਪਣੇ ਟਿਊਬਵੈੱਲ ਉੱਤੇ ਇਕ ਛੋਟਾ ਜਿਹਾ ਕਮਰਾ ਬਣਵਾ ਰਹੇ ਸਨ। ਨਿਰੰਜਨ ਸਿੰਘ ਦਾ ਭਰਾ ਅਜੀਤ ਸਿੰਘ ਇਹਦੇ ਲਈ ਇੱਟਾਂ ਢੋ ਰਿਹਾ ਸੀ। ਇਕ ਰਾਜ ਕਮਰੇ ਦੀ ਉਸਾਰੀ ਕਰ ਰਿਹਾ ਸੀ ਤੇ ਦੋ ਹੋਰ ਕਿਸਾਨ ਲਖਵਿੰਦਰ ਸਿੰਘ ਤੇ ਕਰਤਾਰ ਸਿੰਘ ਵੀ ਉੱਥੇ ਮੌਜੂਦ ਸਨ। ਪੁਲਿਸ ਨੇ ਇਨ੍ਹਾਂ ਸਭਨਾਂ ਨੂੰ ਫੜ ਕੇ ਨਾਲ ਲੈ ਆਂਦਾ। ਹਵੇਲੀ ਵੱਲ ਜਾਂਦਿਆਂ ਉਨ੍ਹਾਂ ਨੇ ਇਕ ਬਜ਼ੁਰਗ ਗੁਰਦੀਪ ਸਿੰਘ, ਉਸ ਦੇ ਪੋਤਰੇ ਭੂਪਿੰਦਰ ਸਿੰਘ ਤੇ ਗੁਰਦੁਆਰੇ ਦੇ ਗ੍ਰੰਥੀ ਦੇ ਸਹੁਰੇ ਨੂੰ ਵੀ ਨਾਲ ਲੈ ਗਿਆ। ਬਹਿਲਾ ਦੀ ਹਵੇਲੀ ਉੱਤੇ, ਜਿਸ ਦੇ ਇਰਦ-ਗਿਰਦ ਸੁਰੱਖਿਆ ਫ਼ੌਜਾਂ ਨੇ ਘੇਰਾ ਪਾਇਆ ਹੋਇਆ ਸੀ, ਇਨ੍ਹਾਂ ਸਾਰਿਆਂ ਨੂੰ ਹਵੇਲੀ ਦੇ ਅੰਦਰ ਭੇਜਿਆ ਗਿਆ ਕਿ ਉਹ ਸਾਰੇ ਕਮਰੇ ਖੋਲ੍ਹ ਕੇ ਵੇਖਣ ਕਿ ਕਿਸੇ ਕਮਰੇ ਵਿਚ ਕੋਈ ਅੱਤਵਾਦੀ ਤਾਂ ਨਹੀਂ। ਲਗ ਪਗ ਸਭ ਕਮਰਿਆਂ ਦੀ ਤਲਾਸ਼ੀ ਤੋਂ ਬਾਅਦ ਇਨ੍ਹਾਂ ਨੂੰ ਢਾਲ ਵਜੋਂ ਪੌੜੀਆਂ ਵਿਚ ਖੜੇ ਕਰ ਦਿੱਤਾ ਗਿਆ। ਤੇ ਇਨ੍ਹਾਂ ਦੇ ਪਿੱਛੇ ਸੁਰੱਖਿਆ ਦਸਤਿਆਂ ਦੇ ਸਿਪਾਹੀ ਖੜੇ ਹੋ ਗਏ। ਦੁਵੱਲੀ ਗੋਲੀ-ਬਾਰੀ ਵਿਚ ਇਨ੍ਹਾਂ ਵਿੱਚੋਂ ਛੇ—ਨਿਰੰਜਨ ਸਿੰਘ, ਉਸ ਦਾ ਪੁੱਤਰ ਸਕੱਤਰ ਸਿੰਘ ਤੇ ਭਰਾ ਅਜੀਤ ਸਿੰਘ, ਦੋਵੇਂ ਕਿਸਾਨ ਤੇ ਰਾਜ—ਮਾਰੇ ਗਏ। ਸਤਵੇਂ ਦੀ ਪਛਾਣ ਨਹੀਂ ਹੋ ਸਕੀ ਤੇ ਸੰਭਵ ਹੈ ਕਿ ਉਹ ਅੱਤਵਾਦੀਆਂ ਦਾ ਸਾਥੀ ਹੋਵੇ। ਨਿਰੰਜਨ ਸਿੰਘ ਦਾ ਦੂਜਾ ਪੁੱਤਰ ਜ਼ਖ਼ਮੀ ਹੋ ਗਿਆ ਹੈ ਤੇ ਤਰਨ-ਤਾਰਨ ਦੇ ਇਕ ਹਸਪਤਾਲ ਵਿਚ ਉਹਦਾ ਇਲਾਜ ਹੋ ਰਿਹਾ ਹੈ। ਇਹ ਗੱਲ ਵਰਣਨ ਯੋਗ ਹੈ ਕਿ ਸਕੱਤਰ ਸਿੰਘ ਰਜਿਸਟ੍ਰਡ ਡਾਕਟਰ ਸੀ ਤੇ ਦੁਬਰਜੀ ਪਿੰਡ ਦੇ ਇਕ ਡਾਕਟਰ ਜੁਗਿੰਦਰ ਸਿੰਘ ਨਾਲ ਕੰਮ ਕਰਦਾ ਸੀ। ਡਾਕਟਰ ਨੇ ਇਸ ਗੱਲ ਦੀ ਤਸਦੀਕ ਕੀਤੀ ਕਿ ਪਿਛਲੇ ਦੋ ਸਾਲਾਂ ਤੋਂ ਉਹਦੇ ਅਸਿਸਟੈਂਟ ਵਜੋਂ ਕੰਮ ਕਰ ਰਿਹਾ ਸੀ ਤੇ ਉਹਦਾ ਅੱਤਵਾਦੀਆਂ ਨਾਲ ਕਿਸੇ ਤਰ੍ਹਾਂ ਦਾ ਕੋਈ ਸੰਬੰਧ ਨਹੀਂ ਸੀ। ਸਕੱਤਰ ਸਿੰਘ ਨੇ ਦੁਬੁਰਜੀ ਦੇ 'ਸਰਦਾਰ ਵੇਅਰ ਹਾਊਸ' ਤੋਂ ਇਕ ਦਿਨ ਪਹਿਲਾਂ ਇਕ ਬੋਰੀ ਸੀਮੇਂਟ ਲਿਆਂਦਾ ਸੀ ਤੇ ਦੁਕਾਨਦਾਰ ਨੇ ਇਸ ਤੱਥ ਦੀ ਤਸਦੀਕ ਕੀਤੀ ਹੈ। ਬਹਿਲਾ ਪਿੰਡ ਦੇ ਕਈ ਵਿਅਕਤੀਆਂ ਨੇ ਇਸ ਗੱਲ ਦੀ ਸ਼ਾਹਦੀ ਭਰੀ ਹੈ ਕਿ ਮਾਰੇ ਗਏ ਬੰਦਿਆਂ ਵਿੱਚੋਂ ਕੋਈ ਵੀ ਅੱਤਵਾਦੀ ਨਹੀਂ ਸੀ। ਪਰ ਪੁਲਿਸ ਆਪਣੇ ਬਿਆਨ ਤੋਂ ਜ਼ਰਾ ਵੀ ਅੱਗੇ-ਪਿੱਛੇ ਨਹੀਂ ਹੋਈ।

ਦੂਜੀ ਘਟਨਾ 13 ਜੁਲਾਈ 1992 ਦੀ 'ਟ੍ਰਿਬਿਊਨ' ਅਖ਼ਬਾਰ ਵਿਚ ਛਪੀ ਹੈ, ਜਿਸ ਵਿਚ ਪੁਲਸੀਆਂ ਨੇ ਐਵੇਂ ਸ਼ੱਕ ਵਿਚ ਹੀ ਦੋ ਗੱਭਰੂਆਂ ਤੇ ਪੰਜ ਸਾਲ ਦੇ ਇਕ ਛੋਟੇ ਬੱਚੇ ਦੀ ਹੱਤਿਆ ਕਰ ਦਿੱਤੀ। ਗੱਲ ਇਉਂ ਹੋਈ ਕਿ ਅੰਬਾਲਾ ਏਅਰ ਫ਼ੋਰਸ ਦੇ ਨੇੜੇ ਇਕ ਪਿੰਡ ਧੂਲਕੋਟ ਦਾ ਇਕ ਵਸਨੀਕ ਜਸਵਿੰਦਰ ਸਿੰਘ ਆਪਣੀ ਮਾਰੂਤੀ ਕਾਰ ਵਿਚ ਆਪਣੇ ਸਹੁਰਾ ਸਾਹਿਬ ਨੂੰ ਅੰਬਾਲਾ

ਛਾਉਣੀ ਦੇ ਬੱਸ ਸਟੈਂਡ ਉੱਤੇ ਛੱਡਣ ਆਇਆ ਸੀ। ਉਹਦੇ ਨਾਲ ਉਹਦਾ ਪੰਜ ਸਾਲ ਦਾ ਪੁੱਤਰ ਹਰਵਿੰਦਰ ਸਿੰਘ, ਸਾਲਾ ਜਸਬੀਰ ਸਿੰਘ ਤੇ ਜਸਬੀਰ ਦਾ ਪੁੱਤਰ ਗੌਰਵ ਸਿੰਘ ਵੀ ਸਨ। ਜਦੋਂ ਉਹ ਆਪਣੇ ਪਿੰਡ ਵਾਪਸ ਜਾ ਰਹੇ ਸਨ, ਤਾਂ ਪੰਜਾਬ ਪੁਲਿਸ ਦਾ ਇਕ ਛਾਪਾਮਾਰ ਦਸਤਾ ਉਨ੍ਹਾਂ ਦੇ ਪਿੱਛੇ ਲਗ ਤੁਰਿਆ। ਇਹ ਪੁਲਸੀਏ ਸਫ਼ੈਦ ਕਪੜਿਆਂ ਵਿਚ ਸਨ ਤੇ ਨਵੀਨ ਸੂਖਮ ਹੱਥਿਆਰਾਂ ਨਾਲ ਲੈਸ ਸਨ, ਇਸ ਲਈ ਜਸਵਿੰਦਰ ਸਿੰਘ ਨੇ ਸਮਝਿਆ ਕਿ ਇਹ ਅੱਤਵਾਦੀ ਹਨ ਤੇ ਆਪਣੀ ਕਾਰ ਖੜੀ ਨਾ ਕੀਤੀ। ਪਿੰਡ ਦੇ ਕੋਲ ਪਹੁੰਚ ਕੇ ਉਹ ਕਾਰ ਤੋਂ ਉਤਰ ਕੇ ਗੋਹਿਆਂ ਦੇ ਇਕ ਢੇਰ ਪਿੱਛੇ ਲੁਕ ਗਏ। ਪੁਲਿਸ ਨੇ ਉਨ੍ਹਾਂ ਉੱਤੇ ਗੋਲੀਆਂ ਚਲਾਈਆਂ, ਜਿਸ ਨਾਲ ਜਸਵਿੰਦਰ ਸਿੰਘ ਤੇ ਉਸ ਦੇ ਪੁੱਤਰ ਦੀ ਥਾਂ ਤੇ ਹੀ ਮੌਤ ਹੋ ਗਈ। ਜਸਬੀਰ ਸਿੰਘ ਸਖ਼ਤ ਜ਼ਖ਼ਮੀ ਹੋ ਗਿਆ ਤੇ ਹਸਪਤਾਲ ਵਿਚ ਦਮ ਤੋੜ ਗਿਆ। ਪਿੰਡ ਦੇ ਸੈਂਕੜੇ ਬੰਦੇ, ਜਿਨ੍ਹਾਂ ਵਿਚ ਬਹੁਤੇ ਹਿੰਦੂ ਸਨ, ਉੱਥੇ ਇਕੱਠੇ ਹੋ ਗਏ। ਉਨ੍ਹਾਂ ਨੇ ਤਕੜਾ ਰੋਸ-ਮੁਜ਼ਾਹਿਰਾ ਕੀਤਾ ਤੇ ਨਾਲ ਹੀ ਜਰਨੈਲੀ ਸੜਕ ਉੱਤੇ ਧਰਨਾ ਦੇ ਦਿੱਤਾ। ਜਦ ਅੰਬਾਲਾ ਦਾ ਪੁਲਿਸ ਕਪਤਾਨ ਉੱਥੇ ਆਇਆ, ਤਾਂ ਪਿੰਡ ਵਾਲਿਆਂ ਨੇ ਉਹਨੂੰ ਦੱਸਿਆ ਕਿ ਤਿੰਨ ਨਿਰਦੋਸ਼ ਬੰਦਿਆਂ ਦੀ ਹੱਤਿਆ ਕਰਨ ਤੋਂ ਪਿੱਛੋਂ ਪੁਲਸੀਆਂ ਨੇ ਭੰਗੜਾ ਪਾਇਆ ਤੇ ਆਖਿਆ ਕਿ ਉਨ੍ਹਾਂ ਨੇ ਇਕ ਖ਼ਤਰਨਾਕ ਖਾੜਕੂ ਲੱਲੀ ਨੂੰ ਮਾਰ ਮੁਕਾਇਆ ਹੈ, ਜੋ ਪੰਜ ਸੌ ਕਤਲਾਂ ਲਈ ਜ਼ਿੰਮੇਵਾਰ ਸੀ ਤੇ ਜਿਸ ਦੀ ਗ੍ਰਿਫ਼ਤਾਰੀ ਲਈ ਦਸ ਲੱਖ ਦਾ ਇਨਾਮ ਰੱਖਿਆ ਹੋਇਆ ਸੀ। ਪਿੰਡ ਵਾਲਿਆਂ ਨੇ ਪੁਲਿਸ ਉੱਤੇ ਇਹ ਵੀ ਦੋਸ਼ ਲਾਇਆ ਕਿ ਇਕ ਪੁਲਸੀਏ ਨੇ ਹਰਵਿੰਦਰ ਸਿੰਘ ਨੂੰ ਫੜ ਕੇ ਉਹਦੇ ਸਿਰ ਵਿਚ ਗੋਲੀ ਮਾਰੀ ਸੀ ਤੇ ਜ਼ਖ਼ਮੀ ਹੋਏ ਜਸਬੀਰ ਸਿੰਘ ਦੀ ਮਦਦ ਲਈ ਕਿਸੇ ਨੂੰ ਉਹਦੇ ਨੇੜੇ ਨਹੀਂ ਜਾਣ ਦਿੱਤਾ ਸੀ। ਪਿੰਡ ਵਾਲਿਆਂ ਨੇ ਮੰਗ ਕੀਤੀ ਕਿ ਬੇਗੁਨਾਹਾਂ ਦੇ ਕਤਲ ਦੇ ਦੋਸ਼ ਵਿਚ ਪੁਲਸੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਏ। ਕਪਤਾਨ ਪੁਲਿਸ ਨੇ ਡਿਪਟੀ ਕਮਿਸ਼ਨਰ ਨਾਲ ਮਸ਼ਵਰਾ ਕਰ ਕੇ ਪੰਜਾਂ ਪੁਲਸੀਆਂ ਨੂੰ ਧਾਰਾ 302 ਦੇ ਅਧੀਨ ਗ੍ਰਿਫ਼ਤਾਰ ਕਰ ਲਿਆ।

ਉਪਰੋਕਤ ਦੋਵੇਂ ਘਟਨਾਵਾਂ ਕਾਂਗਰਸ ਰਾਜ ਦੇ ਸਮੇਂ ਦੀਆਂ ਹਨ, ਜਦ ਕਿ ਮੁਖ ਮੰਤਰੀ ਤੇ ਪੁਲਿਸ ਮੁਖੀ ਅਕਸਰ ਬਿਆਨ ਦੇਂਦੇ ਰਹਿੰਦੇ ਹਨ ਕਿ ਪੁਲਿਸ ਕਿਸੇ ਬੇਗੁਨਾਹ ਨੂੰ ਨਹੀਂ ਮਾਰਦੀ। ਇਸੇ ਸਮੇਂ ਵਿਚ ਹਜ਼ਾਰਾਂ ਅਜਿਹੇ ਬੰਦੇ ਵੀ ਮਾਰੇ ਗਏ ਹਨ, ਜਿਨ੍ਹਾਂ ਬਾਰੇ ਪੁਲਿਸ ਦਾ ਆਪਣਾ ਬਿਆਨ ਇਹ ਹੁੰਦਾ ਹੈ ਕਿ ਉਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਉਦਾਹਰਣ ਵਜੋਂ 27 ਅਕਤੂਬਰ 1992 ਦੀ ਇਹ ਖ਼ਬਰ ਕਿ ਪੁਲਿਸ ਨਾਲ ਮੁਕਾਬਲੇ ਵਿਚ ਨੌਂ ਖਾੜਕੂ ਮਾਰੇ ਗਏ, ਜਿਨ੍ਹਾਂ ਵਿੱਚੋਂ ਅੱਠ ਦੀ ਪਛਾਣ ਨਹੀਂ ਹੋ ਸਕੀ। ਜਦ ਇਹ ਪਤਾ ਹੀ ਨਹੀਂ ਲਗਦਾ ਕਿ ਮਰਨ ਵਾਲਾ ਕੌਣ ਸੀ, ਤਾਂ ਪੁਲਿਸ ਨੂੰ ਇਹ ਕਿਵੇਂ ਪਤਾ ਲਗ ਜਾਂਦਾ ਹੈ ਕਿ ਉਹ ਅੱਤਵਾਦੀ ਸੀ, ਜਦ ਕਿ ਬਹੁਤੀਆਂ ਹਾਲਤਾਂ ਵਿਚ ਉਹਦੇ ਕੋਲੋਂ ਹਥਿਆਰ ਵੀ ਕੋਈ ਨਹੀਂ ਮਿਲਦਾ। ਫਿਰ ਕੇਵਲ ਕਿਸੇ ਕੋਲ ਹਥਿਆਰ ਹੋਣਾ ਤਾਂ ਇਸ ਗੱਲ ਦਾ ਸਬੂਤ ਨਹੀਂ ਕਿ ਉਹ ਅੱਤਵਾਦੀ ਹੈ।

ਇਹ ਵਖਰੀ ਗੱਲ ਹੈ ਕਿ ਪੁਲਿਸ ਹਮੇਸ਼ਾ ਹੀ ਇਹ ਬਿਆਨ ਦੇ ਦੇਂਦੀ ਹੈ ਕਿ ਪਹਿਲਾਂ ਦੂਜੇ ਪਾਸਿਓਂ ਗੋਲੀ ਚਲਾਈ ਗਈ। ਇੱਥੇ ਇਕ ਹੋਰ ਮਹੱਤਵਪੂਰਨ ਗੱਲ ਸਪੱਸ਼ਟ ਕਰਨ ਦੀ ਲੋੜ ਹੈ। 1984 ਤਕ ਕਿਸੇ ਜ਼ਿੰਮੇਵਾਰ ਸਿੱਖ ਆਗੂ ਵੱਲੋਂ ਤਾਂ ਕੀ, ਕਿਸੇ ਪਾਸਿਓਂ ਵੀ 'ਖ਼ਾਲਿਸਤਾਨ' ਜਾਂ ਸਿਖ ਸਟੇਟ ਦੀ ਆਵਾਜ਼ ਨਹੀਂ ਉੱਠੀ ਸੀ। ਓਦੋਂ ਪਹਿਲੀ ਵਾਰੀ 'ਟ੍ਰਿਬਿਊਨ' ਦੇ ਸੰਪਾਦਕ ਪ੍ਰੇਮ ਭਾਟੀਆ ਨੇ ਉਪਰੋਥੱਲੀ ਦੋ ਲੇਖ ਲਿਖ ਕੇ ਇਕ ਤਰ੍ਹਾਂ ਨਾਲ ਇਹ ਸ਼ੋਸ਼ਾ ਛੇੜ ਦਿੱਤਾ ਸੀ। ਅੱਤਵਾਦੀਆਂ ਵੱਲੋਂ ਤਾਂ ਆਪੇ-ਬਣੀ ਪੰਥਕ ਕਮੇਟੀ ਨੇ 29 ਜਨਵਰੀ 1986 ਨੂੰ ਪਹਿਲੀ ਵਾਰੀ 'ਖ਼ਾਲਿਸਤਾਨ' ਦੀ ਆਵਾਜ਼ ਉਠਾਈ ਤੇ ਸ਼ਾਇਦ ਹੀ ਇਕ ਦੋ ਪ੍ਰਤੀਸ਼ਤ ਸਿੱਖਾਂ

ਨੇ ਇਸ ਨਾਹਰੇ ਨੂੰ ਦਿਲੋਂ ਅਪਣਾਇਆ ਹੋਵੇ, ਪਰੰਤੂ ਕੇਂਦਰੀ ਕਾਂਗਰਸ ਸਰਕਾਰ ਨੇ ਜ਼ੋਰ-ਸ਼ੋਰ ਨਾਲ ਇਉਂ ਪ੍ਰਚਾਰ ਕੀਤਾ, ਜਿਵੇਂ ਸਾਰੀ ਸਿਖ ਕੌਮ ਹੀ ਖ਼ਾਲਿਸਤਾਨ ਦੇ ਹੱਕ ਵਿਚ ਹੋ ਗਈ ਹੈ। ਅਤੇ ਇਹ ਇਸ ਲਈ ਕੀਤਾ ਗਿਆ ਕਿ ਇਸ ਬਹਾਨੇ ਸਿਖ ਜਨਤਾ ਉੱਤੇ ਵਧ ਤੋਂ ਵਧ ਸਖ਼ਤੀ ਕੀਤੀ ਜਾ ਸਕੇ। ਦਿੱਲੀ ਦੇ ਕਤਲਾਮ ਤੋਂ ਬਾਅਦ, ਜਦ ਲੋਕ-ਸਭਾ ਦੀਆਂ ਚੋਣਾਂ ਹੋਣ ਵਾਲੀਆਂ ਸਨ, ਤਾਂ ਇਹ ਸ਼ੋਰ ਹੋਰ ਵੀ ਵਧ ਗਿਆ, ਕਿਉਂਕਿ ਖ਼ਾਲਿਸਤਾਨ ਦਾ ਹਊਆ ਵਿਖਾ ਕੇ ਹਿੰਦੂਆਂ ਕੋਲੋਂ ਵੋਟਾਂ ਬਟੋਰਨੀਆਂ ਸਨ। ਸਰਕਾਰ ਨੂੰ ਅਜਿਹੇ ਪ੍ਰਚਾਰ ਦੀ ਇੰਨੀ ਲੋੜ ਮਹਿਸੂਸ ਹੋਈ ਕਿ ਕਾਂਗਰਸ ਦੀਆਂ ਗੁਪਤ ਏਜੰਸੀਆਂ ਨੇ ਕੁਝ ਬੰਦੇ ਖ਼ਰੀਦ ਕੇ, ਨਾ-ਕੇਵਲ ਦੇਸ ਵਿਚ, ਸਗੋਂ ਅਮਰੀਕਾ, ਕੈਨੇਡਾ ਆਦਿ ਵਿਚ ਵੀ ਆਪ ਉਨ੍ਹਾਂ ਕੋਲੋਂ ਵਖਵਾਦ ਦਾ ਪ੍ਰਚਾਰ ਕਰਾਇਆ। ਦੱਸਿਆ ਜਾਂਦਾ ਹੈ ਕਿ ਇਹੋ ਜਿਹੇ ਆਦਮੀਆਂ ਵਿਚ ਇਕ ਵੱਡਾ ਰੀਟਾਇਰਡ ਫ਼ੌਜੀ ਅਫ਼ਸਰ ਵੀ ਸੀ। ਜਦ ਰਾਜੀਵ-ਲੌਂਗੋਵਾਲ ਸਮਝੌਤੇ ਤੋਂ ਬਾਅਦ ਰਾਜੀਵ ਨੇ ਸੰਤ ਜੀ ਨੂੰ ਪੁੱਛਿਆ ਕਿ 'ਕੀ ਹੁਣ ਅਮਕੇ ਜਰਨੈਲ ਨੂੰ ਅਮਰੀਕਾ ਤੋਂ ਵਾਪਸ ਆਉਣ ਦੀ ਆਗਿਆ ਦੇ ਦਿੱਤੀ ਜਾਏ?' ਤਾਂ ਸੰਤ ਜੀ ਨੇ ਅਝੱਕ ਹੋ ਕੇ ਇਹ ਢੁਕਵਾਂ ਉੱਤਰ ਦਿੱਤਾ ਸੀ, "ਉਹ ਤੁਹਾਡਾ ਆਦਮੀ ਹੈ; ਜੋ ਮੁਨਾਸਬ ਸਮਝਦੇ ਹੋ, ਕਰੋ।"

ਹੁਣ ਆਖ਼ਰ ਵਿਚ ਰਿਬੀਰੋ ਦੇ ਖ਼ੁਫ਼ੀਆ ਏਜੰਟਾਂ ਜਾਂ ਗੁੱਝੇ ਭੇਤੀਆਂ ਦੀ ਗੱਲ, ਜਿਨ੍ਹਾਂ ਨੂੰ ਕਾਲੇ ਬਿੱਲੇ, ਆਲਮ ਸੈਨਾ (ਅੰਮ੍ਰਿਤਸਰ ਦੇ ਐੱਸ.ਐੱਸ.ਪੀ. ਦੀਆਂ ਕਾਲੀਆਂ ਬਿੱਲੀਆਂ) ਜਾਂ ਵੈਦਿਆ ਕਮਾਂਡੋ ਫ਼ੋਰਸ ਆਦਿ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਹ ਲੋਕ ਅਸਲ ਵਿਚ ਆਦੀ ਕਾਤਲ, ਲੁਟੇਰੇ ਤੇ ਡਾਕੂ ਸਨ ਤੇ ਇਨ੍ਹਾਂ ਨੂੰ ਅੱਤਵਾਦੀਆਂ ਨੂੰ ਫੜਾਣ ਜਾਂ ਖ਼ਤਮ ਕਰਨ ਲਈ ਭਰਤੀ ਕੀਤਾ ਗਿਆ ਸੀ। ਇਨ੍ਹਾਂ ਨੇ ਇਸ ਕੰਮ ਵਿਚ ਪੁਲਿਸ ਦੀ ਕੁਝ ਮਦਦ ਜ਼ਰੂਰ ਕੀਤੀ, ਪਰ ਬਹੁਤਾ ਕਰਕੇ ਉਨ੍ਹਾਂ ਨੇ ਲੁੱਟ-ਖਸੁੱਟ ਨਾਲ ਆਪਣੇ ਘਰ ਭਰਨ ਦਾ ਕੰਮ ਕੀਤਾ। ਉਹ ਪਿੰਡਾਂ ਦੇ ਅਮੀਰ ਜ਼ਿਮੀਦਾਰਾਂ ਨੂੰ ਧਮਕੀ ਭਰੀਆਂ ਚਿੱਠੀਆਂ ਲਿਖ ਕੇ ਖ਼ਾਲਿਸਤਾਨ ਦੇ ਨਾਂ ਉੱਤੇ ਉਨ੍ਹਾਂ ਕੋਲੋਂ ਲੱਖਾਂ ਰੁਪਏ ਬਟੋਰਦੇ ਰਹੇ। ਉਹ ਬਦਲੇ ਦੀ ਭਾਵਨਾ ਨਾਲ ਆਪਣੇ ਸ਼ਰੀਕਾਂ ਦੇ ਵਿਰੁੱਧ ਪੁਲਿਸ ਵਿਚ ਰਿਪੋਰਟਾਂ ਕਰਦੇ ਅਤੇ ਬੇਗੁਨਾਹਾਂ ਦੀ ਹੱਤਿਆ ਕਰਦੇ ਰਹੇ। ਪੁਲਿਸ ਦੇ ਅਜਿਹੇ ਲਾਡਲਿਆਂ ਵਿਚ ਇਕ ਬੰਦਾ ਅਜਿਹਾ ਵੀ ਨਿਕਲਿਆ, ਜਿਸ ਨੇ ਬੰਦੂਕ ਦੀ ਨੋਕ ਉੱਤੇ ਅੰਮ੍ਰਿਤਸਰ ਦੇ ਇੱਕ ਉੱਘੇ ਕਾਂਗਰਸੀ ਆਗੂ ਦੀ ਕਾਰ ਹਥਿਆ ਲਈ। ਜਦ ਇਹ ਆਗੂ ਪੁਲਿਸ ਕਪਤਾਨ ਕੋਲ ਰਿਪੋਰਟ ਕਰਨ ਲਈ ਗਿਆ, ਤਾਂ ਉਸ ਨੇ ਵੇਖਿਆ ਕਿ ਕਾਰ ਖੋਹਣ ਵਾਲਾ ਲੁਟੇਰਾ ਕਪਤਾਨ ਦੀ ਕੋਠੀ ਵਿਚ ਮੌਜੂਦ ਸੀ। ਕਪਤਾਨ ਦੇ ਹੁਕਮ ਨਾਲ ਇਹ ਕਾਰ ਤਾਂ ਵਾਪਸ ਕਰ ਦਿੱਤੀ ਗਈ, ਪਰ ਮੁਖ਼ਬਰ ਦੇ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਗਈ। ਇਕ ਹੋਰ ਕੇਸ ਵਿਚ ਜਦ ਅੱਤਵਾਦੀ ਇਕ ਟਰੱਕ ਛਡ ਕੇ ਫ਼ਰਾਰ ਹੋ ਗਏ, ਤਾਂ ਪੁਲਿਸ ਦੇ ਇਕ ਮੁਖ਼ਬਰ ਨੇ ਉਹ ਟਰੱਕ ਲਿਜਾ ਕੇ ਦੂਜੇ ਥਾਂ ਵੇਚ ਦਿੱਤਾ।

ਪਰ ਇਨ੍ਹਾਂ ਵਿੱਚੋਂ ਸਭ ਤੋਂ ਦਿਲਚਸਪ ਘਟਨਾ ਦਲਬੀਰ ਸਿੰਘ ਦੀ ਹੈ, ਜਿਸ ਨੇ ਰਿਬੀਰੋ ਦੇ ਦਾਅ-ਪੇਚਾਂ ਨੂੰ ਨੰਗਿਆਂ ਕਰ ਕੇ ਰਖ ਦਿਤਾ। ਇਹ ਇਕ ਮੌਕੂਫ਼ ਹੋਇਆ ਸਿਪਾਹੀ ਸੀ, ਜਿਸ ਨੂੰ ਰਿਬੀਰੋ ਨੇ ਡਬਲ ਤਰੱਕੀ ਦੇ ਕੇ ਭਰਤੀ ਕੀਤਾ ਸੀ। ਉਸ ਨੇ ਕਈ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕਰਾਉਣ ਵਿਚ ਪੁਲਿਸ ਦੀ ਮਦਦ ਕੀਤੀ। ਉਸ ਦਾ ਸਭ ਤੋਂ ਵੱਡਾ ਕਾਰਨਾਮਾ ਸੀ, 'ਏ' ਸ਼੍ਰੇਣੀ ਦੇ ਇਕ ਅੱਤਵਾਦੀ ਸੁਰਿੰਦਰ ਸਿੰਘ ਉਰਫ਼ ਕੇ. ਸੀ. ਸ਼ਰਮਾ ਨੂੰ ਖ਼ਤਮ ਕਰਨਾ। ਇਹ ਕਾਰਾ ਚੰਡੀਗੜ੍ਹ ਵਿਚ ਹੋਇਆ ਸੀ ਤੇ ਇੱਥੋਂ ਦੀ ਪੁਲਿਸ ਦਲਬੀਰ ਸਿੰਘ ਨੂੰ ਅੱਤਵਾਦੀ ਸਮਝ ਕੇ ਉਹਦੇ ਪਿੱਛੇ ਪੈ ਗਈ ਸੀ, ਜਿਸ ਉੱਤੇ ਉਹ ਕਾਰ ਭਜਾ ਕੇ ਰਿਬੀਰੋ ਦੀ ਕੋਠੀ ਵਿਚ ਜਾ ਵੜਿਆ ਸੀ। ਉਸ

ਨੂੰ ਪੁਲਿਸ ਵੱਲੋਂ ਇਕ ਜੀਪ ਤੇ ਇਕ ਸਟੇਨ-ਗੰਨ ਮਿਲੀ ਹੋਈ ਸੀ, ਪਰ ਲੋੜ ਪੈਣ ਤੇ ਉਹ ਕਾਰ ਵੀ ਵਰਤ ਸਕਦਾ ਸੀ। ਆਪਣੀ ਇਸ ਸਥਿਤੀ ਤੋਂ ਦਲਬੀਰ ਸਿੰਘ ਨੇ ਪੂਰਾ ਪੂਰਾ ਫ਼ਾਇਦਾ ਉਠਾਇਆ ਅਤੇ ਚੰਡੀਗੜ੍ਹ, ਮੁਹਾਲੀ ਤੇ ਪਟਿਆਲੇ ਵਿਚ ਲੱਖਾਂ ਰੁਪਏ ਦੀ ਜਾਇਦਾਦ ਬਣਾ ਲਈ। ਆਖ਼ਰ ਉਹਦੇ ਕਾਲੇ ਕਾਰਨਾਮਿਆਂ ਦੀ ਖ਼ਬਰ ਉਤਲੇ ਅਫ਼ਸਰਾਂ ਤਕ ਪਹੁੰਚੀ। ਜਦ ਪਟਿਆਲੇ ਦੇ ਪੁਲਿਸ ਕਪਤਾਨ ਬਲਦੇਵ ਸਿੰਘ ਬਰਾੜ ਨੇ ਉਹਨੂੰ ਦਫ਼ਤਰ ਵਿਚ ਬੁਲਾ ਕੇ ਪੁਛ-ਗਿਛ ਕੀਤੀ, ਤਾਂ ਉਹਨੇ ਕਪਤਾਨ ਦੀ ਮੇਜ਼ ਤੇ ਪਿਆ ਰੀਵਾਲਵਰ ਚੁੱਕਿਆ ਤੇ ਉਹਨੂੰ ਗੋਲੀ ਮਾਰ ਦਿੱਤੀ। ਗੋਲੀ ਦੀ ਆਵਾਜ਼ ਸੁਣ ਕੇ ਸੀਨੀਅਰ ਸੁਪ੍ਰਿੰਟੈਂਡੰਟ ਪੁਲਿਸ ਸੀਤਲ ਦਾਸ ਭੱਜਾ ਆਇਆ, ਤਾਂ ਦਲਬੀਰ ਸਿੰਘ ਨੇ ਦੂਜੀ ਗੋਲੀ ਚਲਾ ਕੇ ਉਹਨੂੰ ਵੀ ਖ਼ਤਮ ਕਰ ਦਿੱਤਾ ਤੇ ਫਿਰ ਤੀਜੀ ਗੋਲੀ ਆਪਣੇ ਆਪ ਨੂੰ ਮਾਰ ਲਈ। ਇਹ ਗੱਲ ਵਰਣਨ ਯੋਗ ਹੈ ਕਿ ਇਸ ਘਿਨਾਉਣੀ ਘਟਨਾ ਤੋਂ ਬਾਅਦ ਪੁਲਿਸ ਨੇ ਆਪਣੇ ਅਜਿਹੇ ਦਰਜਨ ਕੁ ਗੁੱਝੇ ਭੇਤੀਆਂ ਦੇ ਵਿਰੁੱਧ ਜਾਂਚ-ਪੜਤਾਲ ਸ਼ੁਰੂ ਕਰ ਦਿੱਤੀ ਸੀ।

ਪੁਲਿਸ ਦੇ ਵਤੀਰੇ ਬਾਰੇ ਇਕ ਗੱਲ ਨਿਸਚੇ ਨਾਲ ਆਖੀ ਜਾ ਸਕਦੀ ਹੈ ਕਿ ਇਸ ਸਾਰੇ ਸਮੇਂ ਵਿਚ ਪੁਲਿਸ ਦੇ ਬਹੁਤੇ ਕਰਮਚਾਰੀਆਂ ਨੇ ਸ਼ਹਿਰੀਆਂ ਦੀ ਜਾਨ-ਮਾਲ ਦੀ ਰੱਖਿਆ ਲਈ ਈਮਾਨਦਾਰੀ ਤੇ ਤਨਦੇਹੀ ਤੋਂ ਕੰਮ ਨਹੀਂ ਲਿਆ। ਬਹੁਤਿਆਂ ਥਾਣਿਆਂ ਵਾਲੇ ਰਾਤ ਨੂੰ ਗਸ਼ਤ ਲਾਣ ਦੀ ਥਾਂ ਅੰਦਰੋਂ ਕੁੰਡੇ ਮਾਰ ਕੇ ਮੌਜ ਨਾਲ ਸੁੱਤੇ ਰਹਿੰਦੇ ਤੇ ਮੈਦਾਨ ਖਾੜਕੂਆਂ ਜਾਂ ਲੁਟੇਰਿਆਂ ਤੇ ਧਾੜਵੀਆਂ ਲਈ ਖੁਲ੍ਹਾ ਛਡ ਦੇਂਦੇ। ਪੇਂਡੂਆਂ ਨੂੰ ਅਜਿਹੇ ਬੰਦਿਆਂ ਨੂੰ ਮਜਬੂਰਨ ਪਨਾਹ ਦੇਣੀ ਜਾਂ ਪਰਸ਼ਾਦ ਪਾਣੀ ਖੁਆਣਾ ਪੈਂਦਾ। ਦੂਜੇ ਦਿਨ ਸਵੇਰੇ ਪੁਲਿਸ ਆ ਧਮਕਦੀ। ਪੇਂਡੂਆਂ ਨੂੰ ਗ੍ਰਿਫ਼ਤਾਰ ਕਰ ਕੇ ਥਾਣਿਆਂ ਵਿਚ ਬਿਠਾ ਛਡਦੀ ਤੇ ਪ੍ਰੇਸ਼ਾਨ ਕਰਦੀ ਰਹਿੰਦੀ। ਇਹ ਗੱਲ ਆਮ ਮਸ਼ਹੂਰ ਹੋ ਗਈ ਕਿ ਪਿੰਡਾਂ ਵਿਚ ਰਾਤ ਨੂੰ ਲੁਟੇਰਿਆਂ ਦਾ ਤੇ ਦਿਨੇ ਪੁਲਿਸ ਦਾ ਰਾਜ ਹੁੰਦਾ ਹੈ ਤੇ ਦੋਵੇਂ ਇਕੋ ਜਿਹੇ ਬੇਕਾਨੂੰਨੇ ਹੁੰਦੇ ਹਨ। ਇਸ ਵੇਲੇ ਇਕ ਉਚੇਚਾ ਕਾਨੂੰਨ ਇਹ ਲਾਗੂ ਕੀਤਾ ਗਿਆ ਸੀ ਕਿ ਪੁਲਿਸ ਵੱਲੋਂ ਖਾੜਕੂਆਂ ਦੇ ਵਿਰੁੱਧ ਕੀਤੀਆਂ ਗਈਆਂ ਕਾਰਵਾਈਆਂ ਲਈ ਪੁਲਿਸ ਦੇ ਵਿਰੁਧ ਕੋਈ ਕਾਰਵਾਈ ਨਹੀਂ ਹੋ ਸਕਦੀ। ਭ੍ਰਿਸ਼ਟਾਚਾਰੀ ਪੁਲਸੀਆਂ ਨੇ ਇਸ ਦਾ ਵੱਧ ਤੋਂ ਵੱਧ ਅਯੋਗ ਫ਼ਾਇਦਾ ਉਠਾਇਆ। ਲੇਖਕ ਨੂੰ ਪਿੰਡਾਂ ਵਿਚ ਰਹਿਣ ਵਾਲੇ ਉਸ ਦੇ ਕਈ ਮਿੱਤਰਾਂ ਨੇ ਦੱਸਿਆ ਕਿ ਪੁਲਿਸ ਵਾਲੇ ਨਿਰਦੋਸ਼ ਵਿਅਕਤੀਆਂ ਨੂੰ ਫੜਦੇ, ਉਨ੍ਹਾਂ ਉੱਤੇ ਤਸ਼ੱਦਦ ਕਰਦੇ ਤੇ ਫਿਰ ਉਨ੍ਹਾਂ ਦੇ ਵਾਰਸਾਂ ਕੋਲੋਂ ਵਧ ਤੋਂ ਵਧ ਰਕਮ ਲੈ ਕੇ ਛਡ ਦੇਂਦੇ। ਅਗਸਤ 1993 ਵਿਚ ਜਦ ਪੁਲਿਸ ਨੇ ਗ਼ੈਰ-ਕਾਨੂੰਨੀ ਢੰਗ ਨਾਲ ਦੋ ਪੀ. ਸੀ. ਐੱਸ. ਅਫ਼ਸਰਾਂ ਨੂੰ ਗ੍ਰਿਫ਼ਤਾਰ ਕੀਤਾ, ਤਾਂ ਉਨ੍ਹਾਂ ਦੀ ਐਸੋਸੀਏਸ਼ਨ ਨੇ ਖੁਲ੍ਹਮ-ਖੁਲ੍ਹਾ ਪੁਲਿਸ ਉੱਤੇ ਇਹ ਦੋਸ਼ ਲਾਇਆ ਕਿ ਇਨ੍ਹਾਂ ਵਿਚ ਇਹ ਪ੍ਰਵਿਰਤੀ ਉਸ ਅਸਾਧਾਰਨ ਸਮੇਂ ਤੋਂ ਆਈ ਹੋਈ ਹੈ, ਜਦ ਇਨ੍ਹਾਂ ਨੂੰ ਖੁਲ੍ਹੀ ਛੁੱਟੀ ਮਿਲੀ ਹੋਈ ਸੀ। ਪੰਜਾਬ ਦੇ ਡਾਇਰੈੱਕਟਰ ਜਨਰਲ ਪੁਲਿਸ ਗਿੱਲ ਨੇ ਇਕ ਪ੍ਰੈੱਸ ਕਾਨਫ਼ਰੰਸ ਵਿਚ ਆਖਿਆ ਹੈ ਕਿ ਹੁਣ ਤਕ ਪੁਲਿਸ ਦੇ 168 ਅਫ਼ਸਰਾਂ ਨੂੰ ਨੌਕਰੀ ਤੋਂ ਮੌਕੂਫ਼ ਕੀਤਾ ਗਿਆ ਹੈ ਤੇ 75 ਨੂੰ ਜਬਰੀ ਰੀਟਾਇਰ ਕੀਤਾ ਗਿਆ ਹੈ। ਇਨ੍ਹਾਂ ਵਿਚ ਇਕ ਪੁਲਿਸ ਕਪਤਾਨ, ਤਿੰਨ ਡੀ. ਐੱਸ. ਪੀ., ਕਈ ਇੰਸਪੈਕਟਰ ਤੇ ਸਬ-ਇੰਸਪੈਕਟਰ ਸ਼ਾਮਲ ਹਨ ਅਤੇ ਕਈਆਂ ਉੱਤੇ ਸ਼ਹਿਰੀਆਂ ਨਾਲ ਵਧੀਕੀਆਂ ਕਰਨ, ਆਪਣੇ ਅਧਿਕਾਰਾਂ ਦੀ ਗ਼ਲਤ ਵਰਤੋਂ ਕਰਨ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਹਨ। ਇਸ ਦੇ ਬਾਵਜੂਦ ਇਹ ਹਕੀਕਤ ਹੈ ਕਿ ਬਹੁਤੇ ਪੁਲਿਸ ਕਰਮਚਾਰੀ ਇਨ੍ਹਾਂ ਦੋਸ਼ਾਂ ਦੇ ਭਾਗੀ ਹੋ ਕੇ ਵੀ ਬਚੇ ਹੋਏ ਹਨ।

ਗਵਰਨਰੀ ਰਾਜ ਦੇ ਲਗ ਪਗ ਡੇਢ ਸਾਲ ਕੇਂਦਰ ਵਿਚ ਨੈਸ਼ਨਲ ਫ਼ਰੰਟ ਦੀ ਹਕੂਮਤ

ਰਹੀ ਅਤੇ ਪਹਿਲਾਂ ਵੀ.ਪੀ. ਸਿੰਘ ਤੇ ਫਿਰ ਚੰਦਰ ਸ਼ੇਖ਼ਰ ਪ੍ਰਧਾਨ ਮੰਤਰੀ ਬਣੇ। ਇਸ ਸਮੇਂ ਪੰਜਾਬ ਦੇ ਦੋ ਗਵਰਨਰਾਂ—ਨਿਰਮਲ ਮੁਕਰਜੀ ਤੇ ਵੀਰਿੰਦਰ ਵਰਮਾ—ਨੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਨੂੰ ਇਕ ਮਹਾਨ ਗ਼ਲਤੀ ਆਖ ਕੇ ਸਚਿਆਈ ਪ੍ਰਗਟ ਕੀਤੀ। ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੇ ਸੁਰੱਖਿਆ ਦਸਤਿਆਂ ਤੋਂ ਬਗ਼ੈਰ ਦਰਬਾਰ ਸਾਹਿਬ ਦੀ ਯਾਤਰਾ ਕਰ ਕੇ ਸਿੱਖਾਂ ਨੂੰ ਕਿਸੇ ਹਦ ਤਕ ਸ਼ਾਂਤ ਕਰਨ ਦਾ ਜਤਨ ਕੀਤਾ, ਪਰ ਦੋਹਾਂ ਪ੍ਰਧਾਨ ਮੰਤਰੀਆਂ ਵਿੱਚੋਂ ਕਿਸੇ ਨੇ ਲੋਕ ਸਭਾ ਵਿਚ ਜਾਂ ਬਾਹਰ ਕੋਈ ਬਿਆਨ ਦੇ ਕੇ ਨਾ ਅਪਰੇਸ਼ਨ ਬਲਿਊ ਸਟਾਰ ਬਾਰੇ ਅਫ਼ਸੋਸ ਪ੍ਰਗਟ ਕੀਤਾ ਅਤੇ ਨਾ ਆਪਣੇ ਵਾਅਦੇ ਅਨੁਸਾਰ ਨਵੰਬਰ 1984 ਵਿਚ ਸਿੱਖਾਂ ਦਾ ਕਤਲਾਮ ਕਰਨ ਤੇ ਕਰਾਉਣ ਵਾਲਿਆਂ ਨੂੰ ਸਜ਼ਾ ਦਿਵਾਉਣ ਲਈ ਕੋਈ ਫ਼ੌਰੀ ਕਾਰਵਾਈ ਕੀਤੀ। ਹਾਂ, ਚੰਦਰ ਸ਼ੇਖ਼ਰ ਦਾ ਇਹ ਕਦਮ ਵਾਕਈ ਸ਼ਲਾਘਾ ਯੋਗ ਸੀ ਕਿ ਜਦ ਜੂਨ 1991 ਵਿਚ ਲੋਕ ਸਭਾ ਦੀਆਂ ਨਵੀਆਂ ਚੋਣਾਂ ਹੋ ਰਹੀਆਂ ਸਨ, ਤਾਂ ਉਨ੍ਹਾਂ ਨੇ ਨਾਲ ਹੀ ਪੰਜਾਬ ਵਿਚ ਲੋਕ ਸਭਾ ਤੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਦਾ ਐਲਾਨ ਕਰਵਾ ਦਿੱਤਾ, ਤਾਂ ਜੁ ਚਾਰ ਸਾਲ ਤੋਂ ਚਲਿਆ ਆ ਰਿਹਾ ਗਵਰਨਰੀ ਰਾਜ ਖ਼ਤਮ ਹੋ ਕੇ ਪੰਜਾਬ ਵਿਚ ਲੋਕ-ਰਾਜੀ ਸਰਕਾਰ ਕਾਇਮ ਹੋ ਜਾਏ। ਪੰਜਾਬ ਪ੍ਰਦੇਸ਼ ਕਾਂਗਰਸ ਨੇ ਇਹ ਆਖ ਕੇ ਇਨ੍ਹਾਂ ਦਾ ਬਾਈਕਾਟ ਕਰ ਦਿੱਤਾ ਕਿ "ਇਹ ਚੋਣਾਂ ਨਿਰਪੱਖ ਤੇ ਸੁਤੰਤਰ ਨਹੀਂ ਹੋਣਗੀਆਂ। ਇਹ ਖ਼ਾਲਿਸਤਾਨ ਦੀ ਰਾਇਸ਼ੁਮਾਰੀ ਸਾਬਤ ਹੋਣਗੀਆਂ ਤੇ ਪੰਜਾਬੀਆਂ ਲਈ ਕਿਆਮਤ ਸਮਾਨ ਹਨ।" ਇਨ੍ਹਾਂ ਚੋਣਾਂ ਲਈ 22 ਜੂਨ 1991 ਨੂੰ ਵੋਟਾਂ ਪੈਣੀਆਂ ਸਨ। ਅਫ਼ਸੋਸ ਤੇ ਹੈਰਾਨੀ ਦੀ ਗੱਲ ਇਹ ਕਿ ਚੋਣ ਕਮਿਸ਼ਨ ਨੇ ਕਾਂਗਰਸ ਦੇ ਇਸ਼ਾਰੇ ਉਤੇ 24 ਘੰਟੇ ਪਹਿਲਾਂ ਅਰਥਾਤ 21 ਜੂਨ ਨੂੰ ਇਹ ਆਖ ਕੇ ਚੋਣਾਂ ਮਨਸੂਖ਼ ਕਰਨ ਦਾ ਐਲਾਨ ਕਰ ਦਿੱਤਾ ਕਿ "ਜਿਸ ਤਰ੍ਹਾਂ ਦੀ ਮਾਰ-ਧਾੜ ਪੰਜਾਬ ਵਿਚ ਹੋ ਰਹੀ ਹੈ, ਉਹਦੇ ਵਿਚ ਚੋਣਾਂ ਨਿਰਪੱਖ ਨਹੀਂ ਹੋ ਸਕਦੀਆਂ।" ਅਸਲੀਅਤ ਇਹ ਹੈ ਕਿ ਜਦ ਤਿੰਨ ਮਹੀਨੇ ਪਹਿਲਾਂ ਚੋਣਾਂ ਦਾ ਐਲਾਨ ਹੋਇਆ ਸੀ, ਓਦੋਂ ਵੀ ਇਸੇ ਤਰ੍ਹਾਂ ਦੀ ਮਾਰ-ਧਾੜ ਹੋ ਰਹੀ ਸੀ ਤੇ ਬਾਅਦ ਵਿਚ ਚੋਣਾਂ ਦੀ ਕਾਰਵਾਈ ਪੂਰੀ ਹੋਣ ਤਕ ਵੀ ਜਾਰੀ ਸੀ। ਸੋ ਐਨ ਵਕਤ ਸਿਰ ਚੋਣਾਂ ਨੂੰ ਮਨਸੂਖ਼ ਕਰਨਾ ਮਾਰ-ਧਾੜ ਦੇ ਕਾਰਨ ਨਹੀਂ, ਸਗੋਂ ਇਸ ਲਈ ਸੀ ਕਿ ਚੋਣਾਂ ਵਿਚ ਕਾਂਗਰਸ ਦੀ ਥਾਂ ਪੰਜਾਬੀ ਜਨਤਾ ਦੇ ਅਸਲੀ ਪ੍ਰਤੀਨਿਧ ਚੁਣੇ ਜਾਣੇ ਸਨ। ਪੰਜਾਬ ਵਿਚ ਲੋਕ-ਰਾਜੀ ਸਰਕਾਰ ਕਾਇਮ ਹੋਣ ਨਾਲ ਕਈ ਸਮੱਸਿਆਵਾਂ ਹੱਲ ਹੋ ਸਕਦੀਆਂ ਸਨ, ਜਿਸ ਨੂੰ ਕਾਂਗਰਸ ਨੇ ਨਾਕਾਮ ਬਣਾ ਦਿੱਤਾ। ਮਜ਼ੇ ਦੀ ਗੱਲ ਇਹ ਹੈ ਕਿ ਫ਼ਰਵਰੀ 1992 ਵਿਚ ਵੀ ਚੋਣਾਂ ਉਸੇ ਤਰ੍ਹਾਂ ਦੇ ਮਾਰ-ਧਾੜ ਵਾਲੇ ਵਾਤਾਵਰਣ ਵਿਚ ਹੋਈਆਂ, ਪਰ ਜਦ ਅਕਾਲੀਆਂ ਨੇ ਇਨ੍ਹਾਂ ਦਾ ਬਾਈਕਾਟ ਕੀਤਾ, ਤਾਂ ਇਸੇ ਪੰਜਾਬ ਪ੍ਰਦੇਸ਼ ਕਾਂਗਰਸ ਨੇ ਇਸ ਨੂੰ ਗ਼ੈਰ ਲੋਕ-ਰਾਜੀ ਕਦਮ ਦੱਸਿਆ। ਕਾਂਗਰਸ ਸਰਕਾਰ ਬਣਨ ਤੋਂ ਬਾਅਦ ਪੰਜਾਬ ਵਿਚ ਦਿਸਦੀ ਸ਼ਾਂਤੀ ਕਲਪਿਤ ਤੇ ਭੁਲੇਖਾ-ਪਾਊ ਹੈ। ਆਤੰਕਵਾਦ ਵਿਚ ਕਮੀ ਆਈ ਹੈ, ਪਰ ਇਹ ਕਿਸੇ ਵਕਤ ਵੀ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਸਦੀਵੀ ਅਮਨ ਤਾਂ ਪੰਜਾਬ ਦੀਆਂ ਸੰਵਿਧਾਨਿਕ ਮੰਗਾਂ ਮੰਨਣ ਨਾਲ ਹੀ ਹੋ ਸਕਦਾ ਹੈ।

ਪਿੱਛਲ ਲਿਖਤ

'ਨੀਲੀ ਦਸਤਾਰ ਦੀ ਦਾਸਤਾਨ' ਦਾ ਅਰੰਭ ਸ਼੍ਰੋਮਣੀ ਅਕਾਲੀ ਦੱਲ ਦੇ ਸਿੱਖ ਰਾਜਨੀਤੀ ਵਿਚ ਇਕ ਪ੍ਰਭਾਵੀ ਸ਼ਕਤੀ ਵਜੋਂ ਉਭਰਨ ਨਾਲ ਹੁੰਦਾ ਹੈ। ਨੀਲੀ ਦਸਤਾਰ ਨੇ ਅਕਾਲੀਆਂ ਨੂੰ ਇਕ ਅਜਿਹੀ ਪਹਿਚਾਣ ਦਿਤੀ ਜਿਸ ਕਾਰਨ ਉਹਨਾਂ ਨੂੰ ਸੱਚ, ਨਿਆਂ, ਹੱਕ ਦੀ ਪ੍ਰਾਪਤੀ ਅਤੇ ਦਮਨ ਵਿਰੁੱਧ ਸੰਘਰਸ਼ ਦੇ ਪ੍ਰਤੀਕ ਜਾਣਿਆ ਜਾਣ ਲੱਗਾ। ਪੰਜਾਹ ਸਾਲ ਤੋਂ ਵਧੀਕ ਅਕਾਲੀਆਂ ਨੇ ਕਰੜਾ ਸੰਘਰਸ਼ ਕੀਤਾ, ਜੇਲ੍ਹਾਂ ਦੀਆਂ ਬੇਪਨਾਹ ਸਖ਼ਤੀਆਂ ਸਹਾਰੀਆਂ, ਜਾਇਦਾਦਾਂ ਜ਼ਬਤ ਕਰਵਾਈਆਂ, ਪੁਲਿਸ ਦੀਆਂ ਡਾਂਗਾਂ ਦੀ ਮਾਰ ਝੱਲੀ, ਸ਼ਹੀਦੀਆਂ ਪਾਈਆਂ। ਅੰਗਰੇਜ਼ਾਂ ਵਰਗੀ ਜਾਬਰ ਅਤੇ ਚਤੁਰ ਸਰਕਾਰ ਦੇ ਗੋਡੇ ਵੀ ਅਕਾਲੀਆਂ ਲੁਆਏ। ਭਾਰਤ ਦੇ ਅਜ਼ਾਦੀ ਸੰਗਰਾਮ ਵਿਚ ਆਪਣੀ ਵੱਸੋਂ ਦੇ ਮੁਕਾਬਲੇ ਕਈ ਗੁਣਾ ਵੱਧ ਹਿੱਸਾ ਪਾਇਆ। ਵਰਤਮਾਨ ਪੰਜਾਬ ਅਕਾਲੀਆਂ ਦੀ ਹੀ ਦੇਣ ਹੈ।

ਸੁਤੰਤਰਤਾ ਤੋਂ ਬਾਅਦ ਸਾਡੇ ਨਵੇਂ ਹਾਕਮਾਂ ਨੇ ਪਹਿਲਾਂ ਕੀਤੇ ਵਾਅਦਿਆਂ ਤੋਂ ਮੁੱਕਰ ਕੇ ਸਾਡੀ ਘਟ-ਗਿਣਤੀ ਕੌਮ ਨੂੰ ਜਾਇਜ਼ ਸੰਵਿਧਾਨਕ ਅਧਿਕਾਰ ਦੇਣ ਤੋਂ ਨੰਗੀ ਢੀਠਤਾਈ ਨਾਲ ਇਨਕਾਰ ਕੀਤਾ ਤਾਂ ਅਕਾਲੀਆਂ ਨੂੰ ਇਕ ਨਵੇਂ ਦਮਨ-ਚੱਕਰ ਦੀ ਮਾਰ ਵੀ ਝਲਣੀ ਪਈ। 16 ਸਾਲ ਦੇ ਲੰਮੇ ਸੰਘਰਸ਼ ਪਿਛੋਂ ਅਖ਼ੀਰ ਭਾਰਤ ਨੂੰ ਪੰਜਾਬ ਦਾ ਵੀ ਭਾਸ਼ਾ ਦੇ ਆਧਾਰ ਤੇ ਪੁਨਰ ਗਠਨ ਕਰ ਕੇ ਪੰਜਾਬੀ ਸੂਬਾ ਬਣਾਉਣਾ ਹੀ ਪਿਆ। ਸਿੱਟੇ ਵਜੋਂ ਅੱਜ ਸਿੱਖ ਕੌਮ ਦੀ ਚੋਖੀ ਗਿਣਤੀ ਇਕ ਖੇਤਰ ਵਿਚ ਪ੍ਰਭਾਵੀ ਸ਼ਕਤੀ ਵਜੋਂ ਜਾਣੀ ਜਾਂਦੀ ਹੈ ਅਤੇ ਇਸ ਦੇ ਮਹੱਤਵ ਨੂੰ ਅਣਗੌਲਿਆ ਨਹੀਂ ਜਾ ਸਕਦਾ। 1976 ਈ: ਵਿਚ ਜਦੋਂ ਇੰਦਰਾ ਗਾਂਧੀ ਨੇ ਦੇਸ਼ ਵਿਚ ਐਮਰਜੈਂਸੀ ਲਾਗੂ ਕੀਤੀ ਤਾਂ ਸਭ ਵਿਰੋਧੀ ਪਾਰਟੀਆਂ ਦਬਕ ਗਈਆਂ, ਪਰ ਇਨ੍ਹਾਂ ਨੀਲੀ ਦਸਤਾਰ ਵਾਲਿਆਂ ਆਪਣੀ ਰਵਾਇਤ ਅਨੁਸਾਰ 19 ਮਹੀਨੇ ਸ਼ਾਂਤਮਈ ਸਤਿਆਗ੍ਰਹਿ ਕਰ ਕੇ 45000 ਗ੍ਰਿਫ਼ਤਾਰੀਆਂ ਦਿਤੀਆਂ ਅਤੇ ਸ਼ਹਿਰੀ ਹਕੂਕ ਦੇ ਦਮਨ ਦੀ ਵਿਸ਼ਵ-ਵਿਆਪੀ ਚਰਚਾ ਚਲਾ ਕੇ ਮੁੜ ਸਾਰੇ ਭਾਰਤ ਦੇਸ਼ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰ ਲਿਆ। ਇਸ ਲਈ ਕਾਂਗਰਸ ਵਿਚ ਉਹਨਾਂ ਲੋਕਾਂ, ਜਿਨ੍ਹਾਂ ਨੇ ਪੰਜਾਬੀ ਸੂਬਾ ਬਣਨ ਨੂੰ ਆਪਣੀ ਹਾਰ ਮੰਨਿਆ ਸੀ, ਨਵੇਂ ਖੜ-ਯੰਤਰ ਰਚ ਕੇ ਨੀਲੀ ਦਸਤਾਰ ਦੀ ਆਭਾ ਨੂੰ ਫਿੱਕੇ ਪਾਉਣ ਦਾ ਅਮਲ ਸ਼ੁਰੂ ਕਰ ਦਿੱਤਾ। ਵਾਸਤਵ ਵਿਚ ਇਸ ਪਾਸੇ ਪੰਜਾਬੀ ਸੂਬੇ ਦੇ ਮੋਰਚੇ ਦੌਰਾਨ ਹੀ ਕਾਰਵਾਈਆਂ ਅਰੰਭੀਆਂ ਜਾ ਚੁਕੀਆਂ ਸਨ। ਇਸੇ ਲਈ ਅਕਾਲੀ ਦਲ ਦੋ-ਫਾੜ ਹੋ ਗਿਆ ਸੀ : ਮਾਸਟਰ ਅਤੇ ਸੰਤ ਅਕਾਲੀ ਦਲ। ਅਕਾਲੀ ਰਾਜਨੀਤੀ ਦਾ ਇਹ ਦੁਖਾਂਤ ਹੈ ਕਿ ਪੰਜਾਬੀ ਸੂਬਾ ਬਣਨ ਉਪ੍ਰੰਤ ਹੀ

ਅਕਾਲੀ ਦਲ ਦਾ ਵਿਘੱਟਨ ਅਰੰਭ ਹੋ ਗਿਆ ਅਤੇ ਬਦਲੀਆਂ ਰਾਜਨੀਤਕ ਪ੍ਰਸਥਿਤੀਆਂ ਦਾ ਪੂਰਾ ਫ਼ਾਇਦਾ ਨਾ ਉਠਾਇਆ ਜਾ ਸਕਿਆ।

1982 ਵਿਚ ਲੱਗੇ ਧਰਮ-ਯੁੱਧ ਮੋਰਚੇ ਦੀ ਨਾਕਾਮੀ ਦਾ ਮੂਲ ਕਾਰਨ ਅਕਾਲੀ ਨੇਤਾਵਾਂ ਦੀ ਆਪਸੀ ਫੁੱਟ ਤੇ ਖ਼ੁਦਗਰਜ਼ੀਆਂ ਹਨ। ਜਿਉਂ ਜਿਉਂ ਸਰਕਾਰ ਦਾ ਦਬਾਅ ਵਧਦਾ ਗਿਆ, ਏਕਤਾ ਦੀ ਥਾਂ ਅਨੇਕਤਾ ਲੈਂਦੀ ਗਈ। ਪਹਿਲਾਂ ਲੌਂਗੋਵਾਲ ਤੇ ਤਲਵੰਡੀ ਦਲ ਹੋਂਦ ਵਿਚ ਆਏ, ਫੇਰ ਸੁਖਜਿੰਦਰ, ਮਾਨ, ਬਾਬਾ, ਮਨਜੀਤ, ਨਾਰੰਗ (ਬੱਬਰ), ਬਾਦਲ ਅਕਾਲੀ ਦਲ ਤੇ ਦੋ ਹੋਰ ਪੰਥਕ ਦਲ ਵਜੂਦ ਵਿਚ ਆ ਗਏ। ਦਲਾਂ ਦੀ ਵਧਦੀ ਗਿਣਤੀ ਵੇਖ ਕੇ ਲੋਕਾਂ ਸਤਿਕਾਰਤ ਨੀਲੀ ਦਸਤਾਰ ਦਾ ਮਖ਼ੌਲ ਉਡਾਣਾ ਅਰੰਭ ਕੀਤਾ ਤੇ ਟਿਚਕਰਾਂ ਵੀ ਕਰਨੀਆਂ ਕਿ 'ਹੁਣ ਤਾਂ ਦਲ ਦਲ ਹੋ ਗਈ ਹੈ। ਨਵੇਂ ਜੰਮੇ ਦਲ ਪਹਿਲਿਆਂ ਨੂੰ ਪ੍ਰੰਪਰਾਈ ਕਹਿ ਕੇ ਭੰਡਦੇ ਹਨ। ਮਜ਼ੇ ਦੀ ਗੱਲ ਇਹ ਹੈ ਕਿ ਨਵੇਂ ਦਲਾਂ ਨੇ ਨਾ ਕੋਈ ਭਰਤੀ ਕੀਤੀ ਹੈ, ਨਾ ਪਿੰਡਾਂ ਵਿਚ ਅਕਾਲੀ ਜਥੇ ਬਣਾਏ ਹਨ, ਨਾ ਡੈਲੀਗੇਟਾਂ ਦੀ ਚੋਣ ਹੋਈ ਤੇ ਨਾ ਕੇਂਦਰੀ ਜਥੇਬੰਦੀਆਂ ਦੇ ਅਹੁਦੇਦਾਰਾਂ ਦੀ ਕਦੀ ਚੋਣ ਹੋਈ ਹੈ। ਇਨ੍ਹਾਂ ਦਲਾਂ ਵਿਚੋਂ ਮਾਨ ਅਕਾਲੀ ਦਲ ਸਿਮਰਨਜੀਤ ਸਿੰਘ ਮਾਨ ਦੀ ਕੁਰਬਾਨੀ ਤੇ ਲਿਆਕਤ ਦੀ ਮਨੌਤੀ ਵਜੋਂ ਹੋਂਦ ਵਿਚ ਆਇਆ। ਬਾਬਾ ਅਕਾਲੀ ਦਲ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪਿਤਾ ਅਤੇ ਉਹਨਾਂ ਦੇ ਕੁਝ ਅਨੁਸਾਰੀਆਂ ਨੇ ਸੰਤ ਭਿੰਡਰਾਂਵਾਲੇ ਦੀ ਸਿੱਖ ਸਿਆਸਤ ਵਿਚ ਪ੍ਰਸੰਗਕਤਾ ਕਾਇਮ ਰਖਣ ਲਈ ਬਣਾਇਆ। ਇਸੇ ਪ੍ਰਕਾਰ ਮਨਜੀਤ ਅਕਾਲੀ ਦਲ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਦੀ ਕੁਰਬਾਨੀ ਦੇ ਸਹਾਰੇ ਗਠਿਤ ਹੋਇਆ। ਇਸ ਦਲ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਦੇ ਛੋਟੇ ਭਰਾ ਹਨ। ਬਾਕੀ ਛੋਟੇ ਛੋਟੇ ਅਕਾਲੀ ਦਲ ਆਪਣੀ ਹੋਂਦ ਲਈ ਕਿਸੇ ਪ੍ਰਾਪਤੀ ਜਾਂ ਉਚਿਤਤਾ ਦਾ ਉਲੇਖ ਨਹੀਂ ਕਰ ਸਕਦੇ।

ਪ੍ਰੰਪਰਾਈ ਹੋਣ ਜਾਂ ਨਵੇਂ ਹੋਣ, ਕਿਸੇ ਕੋਲ ਕੋਈ ਪ੍ਰੋਗਰਾਮ ਨਹੀਂ, ਨਾ ਕੋਈ ਉਦੇਸ਼ ਤੇ ਨਾ ਹੀ ਸਪੱਸ਼ਟ ਸੇਧ। ਪਿਛਲੇ ਅੱਠਾਂ ਦਸਾਂ ਵਰ੍ਹਿਆਂ ਤੋਂ ਅਕਾਲੀ ਰਾਜਨੀਤੀ ਭੰਬਲਭੂਸੇ ਵਿਚ ਹੈ। ਇਹੀ ਕਾਰਨ ਹੈ ਕਿ ਜਦੋਂ ਸਰਕਾਰ ਦੇ ਸਿੱਖਾਂ ਨਾਲ ਲਗਾਤਾਰ ਅਨਿਆਂ ਦੇ ਵਿਰੋਧ ਦੀ ਪਹਿਲ ਖਾੜਕੂਆਂ ਦੇ ਹੱਥ ਚਲੀ ਗਈ ਅਤੇ ਹਿੰਸਕ ਕਾਰਵਾਈਆਂ ਹੋਣ ਲਗੀਆਂ ਤਾਂ ਕਿਸੇ ਵੀ ਦਲ ਦੇ ਨੇਤਾ ਨੇ ਦਲੇਰੀ ਨਾਲ ਵਰਤਮਾਨ ਯੁੱਗ ਵਿਚ ਹਿੰਸਕ ਸੰਘਰਸ਼ ਨੂੰ ਜੋਸ਼ ਅਤੇ ਵਸੀਲਿਆਂ ਨੂੰ ਵਿਅਰਥ ਗੁਆਉਣ ਦੇ ਤੁੱਲ ਨਹੀਂ ਦਰਸਾਇਆ। ਪਰ ਉਹ ਕੇਵਲ ਆਪਸੀ ਦੂਸ਼ਣ-ਬਾਜ਼ੀ ਤੇ ਇਕ ਦੂਸਰੇ ਨੂੰ ਸਰਕਾਰੀ ਏਜੰਟ ਗਰਦਾਨਣ ਵਿਚ ਰੁਝੇ ਰਹੇ, ਤਾਂ ਜੁ ਉਹਨਾਂ ਦਾ ਕੋਈ ਸ਼ਰੀਕ ਦਲ ਦਾ ਪ੍ਰਮੁੱਖ ਨੇਤਾ ਨਾ ਬਣ ਜਾਏ। ਏਕਤਾ ਦੀ ਗੱਲ ਵੀ ਤੋਰਦੇ ਹਨ ਪਰ ਹਰ ਕੋਈ ਦਲ ਆਪਣੀ ਸਰਦਾਰੀ ਨੂੰ ਕਾਇਮ ਰੱਖ ਕੇ ਆਪਣੀਆਂ ਸ਼ਰਤਾਂ ਤੇ ਹੀ ਏਕਤਾ ਕਰਨੀ ਚਾਹੁੰਦਾ ਹੈ, ਪਤਾ ਨਹੀਂ ਇਨ੍ਹਾਂ ਆਗੂਆਂ ਨੂੰ ਇਹ ਕਿਉਂ ਸਮਝ ਨਹੀਂ ਆਉਂਦੀ ਕਿ 'ਹੰਨੇ ਹੰਨੇ ਮੀਰੀ' ਸਾਰੀ ਕੌਮ ਨੂੰ ਲੈ ਡੁੱਬੇਗੀ। ਦਸੰਬਰ 1992 ਈ: ਵਿਚ ਸਰਦਾਰ ਹਰੀ ਸਿੰਘ ਨਲਵਾ ਦੇ ਦੋ ਸੌ ਸਾਲਾ ਜਨਮ-ਦਿਨ ਉਤੇ ਇਕ ਸਮਾਗਮ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਠੀਕ ਹੀ ਆਖਿਆ ਸੀ, "ਸਾਡੀਆਂ ਹਾਰਾਂ ਦਾ ਮੁਖ ਕਾਰਨ ਇਹ ਹੈ ਕਿ ਅਸੀਂ ਸਾਰੇ ਨਿਜਵਾਦੀ ਹੋ ਗਏ ਹਾਂ, ਪੰਥਵਾਦੀ ਕੋਈ ਨਹੀਂ ਰਿਹਾ।"

ਹੁਣ ਇਕ ਝਾਤ ਹਰੇਕ ਦਲ ਦੀਆਂ ਪ੍ਰਾਪਤੀਆਂ ਤੇ ਨਾਕਾਮੀਆਂ ਤੇ। 1984 ਈ: ਤਕ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਾਲਾ ਦਲ ਪ੍ਰਮੁੱਖ ਸੀ। ਜੁਲਾਈ 1985 ਵਿਚ ਸੰਤ ਲੌਂਗੋਵਾਲ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਸਮਝੌਤਾ ਕੀਤਾ। ਦਲ ਦੇ ਦੋ ਨੇਤਾ

ਬਾਦਲ ਅਤੇ ਟੌਹੜਾ ਨੂੰ ਇਸ ਸਮਝੌਤੇ ਬਾਰੇ ਕਈ ਸ਼ੰਕੇ ਸਨ, ਪਰ ਕੁਝ ਜੱਕੋ ਤੱਕੇ ਬਾਅਦ ਸਭ ਨੇ ਇਸ ਨੂੰ ਪ੍ਰਵਾਨ ਕਰ ਲਿਆ। ਇਸ ਤੋਂ ਬਾਅਦ ਚੋਣਾਂ ਹੋਈਆਂ, ਜਿਸ ਵਿਚ ਅਕਾਲੀ ਦਲ ਨੂੰ ਤਕੜੀ ਸਫਲਤਾ ਮਿਲੀ। ਵਜ਼ਾਰਤ ਬਣੀ, ਜਿਸ ਵਿਚ ਸਾਰੇ ਪ੍ਰਮੁੱਖ ਆਗੂਆਂ ਦੇ ਨਾਮਜ਼ਦ ਮੈਂਬਰ ਸ਼ਾਮਲ ਹੋਏ। ਪਰ ਰਾਜੀਵ-ਲੌਂਗੋਵਾਲ ਸਮਝੌਤੇ ਉਪਰ ਅਮਲ ਤੋਂ ਰਾਜੀਵ ਗਾਂਧੀ ਅਤੇ ਕੇਂਦਰੀ ਸਰਕਾਰ ਦੇ ਮੁਕਰ ਜਾਣ ਅਤੇ ਦਮਨ ਨੀਤੀ ਉਪਰ ਚਲਣ ਲਈ ਬਰਨਾਲਾ ਸਰਕਾਰ ਉਪਰ ਲਗਾਤਾਰ ਦਬਾਅ ਪਾਈ ਰਖਣ ਕਾਰਨ ਅਕਾਲੀ ਦਲ ਵਿਚ ਮੱਤ-ਭੇਦ ਉਭਰਨੇ ਸ਼ੁਰੂ ਹੋ ਗਏ। ਅਕਾਲੀ ਦਲ ਦੋ-ਫਾੜ ਹੋ ਗਿਆ ਅਤੇ ਸਰਕਾਰ ਵੀ ਬਰਤਰਫ਼ ਕਰ ਦਿਤੀ ਗਈ। ਹੁਣ ਰਾਜੀਵ-ਲੌਂਗੋਵਾਲ ਸਮਝੌਤੇ ਦੀ ਤਾਂ ਵੱਡੇ ਪੈਮਾਨੇ ਤੇ ਸਭ ਗੁੱਟਾਂ ਵਲੋਂ ਨਿਖੇਧੀ ਹੋਣ ਲਗੀ, ਪਰ ਨਾ ਕਿਸੇ ਵਲੋਂ ਕੋਈ ਬਦਲ ਪੇਸ਼ ਹੋਇਆ ਅਤੇ ਨਾ ਹੀ ਕਿਸੇ ਨਵੇਂ ਪ੍ਰੋਗਰਾਮ ਸੰਬੰਧੀ ਕੋਈ ਸੰਕੇਤ ਦਿਤੇ ਗਏ। ਸਭ ਪਾਸੇ ਨਿਸਲਤਾ ਛਾ ਗਈ। ਹਨੇਰਾ ਹੀ ਹਨੇਰਾ।

1989 ਈ: ਦੀਆਂ ਚੋਣਾਂ ਸਮੇਂ ਸਿੱਖ ਜਨ-ਸਮੂਹ ਦੇ ਮਨਾਂ ਵਿਚ ਦਰਬਾਰ ਸਾਹਿਬ ਉਪਰ ਫ਼ੌਜੀ ਹਮਲੇ (ਬਲਿਊ ਸਟਾਰ ਅਪਰੇਸ਼ਨ) ਅਤੇ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੇ ਕਤਲੇ ਆਮ ਅਤੇ ਇਸ ਵਿਚ ਦਰਸਾਏ ਜਾਂਦੇ ਕਾਂਗਰਸੀ ਨੇਤਾਵਾਂ ਦੇ ਹੱਥ ਕਾਰਨ, ਕਾਂਗਰਸ ਤੇ ਕੇਂਦਰੀ ਸਰਕਾਰ ਵਿਰੁਧ ਰੋਹ ਭਰਿਆ ਪਿਆ ਸੀ। ਪਰ ਉਹ ਪ੍ਰੰਪਰਾਈ ਨੇਤਾਵਾਂ ਤੇ ਵੀ ਨਾ-ਖ਼ੁਸ਼ ਸਨ। ਇਸ ਲਈ ਨਵੀਂ ਪਨਪ ਰਹੀ ਲੀਡਰਸ਼ਿਪ ਨੂੰ ਅਜ਼ਮਾਉਣ ਵੱਲ ਰੁਝਾਨ ਹੋ ਗਿਆ। ਸਿਖ ਸਟੂਡੈਂਟਸ ਫ਼ੈਡਰੇਸ਼ਨ ਤੇ ਮਾਨ ਅਕਾਲੀ ਦਲ ਨੇ ਚੋਣਾਂ ਵਿਚ ਜੋਸ਼ ਨਾਲ ਹਿੱਸਾ ਲਿਆ। ਸਰਦਾਰ ਮਾਨ 90 ਫ਼ੀ ਸਦੀ ਤੋਂ ਵਧੀਕ ਵੋਟਾਂ ਲੈ ਕੇ ਕਾਮਯਾਬ ਹੋਏ। ਉਹਨਾਂ ਦੇ ਸੱਤ ਹੋਰ ਸਾਥੀ ਭਾਰੀ ਬਹੁ-ਗਿਣਤੀ ਨਾਲ ਸਫਲ ਹੋਏ। ਤਿੰਨ ਹੋਰ ਸਫਲ ਉਮੀਦਵਾਰਾਂ, ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸ: ਕਿਰਪਾਲ ਸਿੰਘ , ਜਨਤਾ ਦਲ ਦੇ ਇੰਦਰ ਕੁਮਾਰ ਗੁਜਰਾਲ ਤੇ ਬਹੁ-ਜਨ ਸਮਾਜ ਪਾਰਟੀ ਦੇ ਹਰਭਜਨ ਲਾਖਾ ਨੂੰ ਵੀ ਮਾਨ ਦਲ ਦੀ ਹਮਾਇਤ ਹਾਸਲ ਸੀ। ਇਸ ਪ੍ਰਕਾਰ ਲੋਕ ਸਭਾ ਵਿਚ ਪੰਜਾਬ ਦੇ ਤੇਰ੍ਹਾਂ ਵਿਚੋਂ ਦਸ ਮੈਂਬਰਾਂ ਦਾ ਤਕੜਾ ਗਰੁਪ ਪੰਜਾਬ ਦੀਆਂ ਮੰਗਾਂ ਮਨਵਾਉਣ ਲਈ ਸਾਕਾਰਾਤਮਕ ਭੂਮਿਕਾ ਨਿਬਾਹ ਸਕਦਾ ਸੀ। ਉਸ ਸਮੇਂ ਕੇਂਦਰ ਵਿਚ ਸਰਕਾਰ ਵੀ ਜਨਤਾ ਦਲ ਦੀ ਸੀ, ਜੋ ਸਿੱਖਾਂ ਪ੍ਰਤੀ ਹਮਦਰਦੀ ਦਰਸਾਉਂਦੀ ਸੀ। ਪਰ ਸਰਦਾਰ ਮਾਨ ਆਪਣੇ ਗੁੱਟ ਨੂੰ ਇਕੱਠਿਆਂ ਵੀ ਨਾ ਰੱਖ ਸਕੇ ਅਤੇ ਆਪ ਭੀ ਤਿੰਨ ਫ਼ੁੱਟੀ ਕਿਰਪਾਨ ਲੋਕ ਸਭਾ ਭਵਨ ਵਿਚ ਲੈ ਜਾਣ ਦੇ ਸਵਾਲ ਤੇ ਹੀ ਉਲਝ ਗਏ। ਇਸ ਪ੍ਰਕਾਰ ਇਹ ਸਫਲਤਾ ਮਿੱਟੀ ਵਿਚ ਮਿਲਾ ਦਿੱਤੀ ਗਈ ਅਤੇ ਕੌਮ ਵਿਚ ਏਕਤਾ ਲਈ ਪਸਰੀ ਭਾਵਨਾ ਨੂੰ ਵੀ ਖੇਰੂੰ ਖੇਰੂੰ ਕਰ ਦਿਤਾ ਗਿਆ। 1991 ਈ: ਦੀਆਂ ਚੋਣਾਂ ਵਿਚ ਫੇਰ ਹਰੇਕ ਅਕਾਲੀ ਦਲ ਨੇ ਉਮੀਦਵਾਰ ਚੋਣ-ਮੈਦਾਨ ਵਿਚ ਉਤਾਰ ਦਿਤੇ। ਕਾਂਗਰਸ ਨੂੰ ਡਰ ਸੀ ਕਿ ਸਫਲਤਾ ਪਿਛੋਂ ਇਹ ਇਕੱਠੇ ਹੋ ਕੇ ਵਜ਼ਾਰਤ ਬਣਾ ਲੈਣਗੇ, ਇਸ ਲਈ ਅਤਿਵਾਦ ਦੇ ਡਰ ਦੇ ਬਹਾਨੇ ਰਾਜੀਵ ਗਾਂਧੀ ਨੇ ਚੋਣਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ। ਫੇਰ ਕਾਂਗਰਸ ਦੇ ਇਸ਼ਾਰੇ ਤੇ ਮੁੱਖ ਚੋਣ-ਕਮਿਸ਼ਨਰ ਨੇ ਵੋਟਾਂ ਪੈਣ ਤੋਂ ਕੇਵਲ 24 ਘੰਟੇ ਪਹਿਲਾਂ ਚੋਣਾਂ ਮੁਲਤਵੀ ਕਰ ਦਿੱਤੀਆਂ। ਫਿਰ ਜਦ 1992 ਈ: ਚੋਣਾਂ ਦਾ ਐਲਾਨ ਹੋਇਆ ਤਾਂ ਬਾਦਲ ਅਤੇ ਮਾਨ ਅਕਾਲੀ ਦਲਾਂ ਨੇ ਚੋਣਾਂ ਦਾ ਬਾਈਕਾਟ ਕਰ ਦਿਤਾ। ਇਸ ਬਾਈਕਾਟ ਪਿਛੇ ਕੋਈ ਦਲੀਲ ਤਾਂ ਸਮਝ ਨਹੀਂ ਆਉਂਦੀ, ਪਰ ਜਾਪਦਾ ਹੈ ਕਿ ਅਕਾਲੀਆਂ ਨੇ ਕਾਂਗਰਸ ਵਲੋਂ ਬਾਈਕਾਟ ਦੇ ਰੂਪ ਵਿਚ 1991 ਵਿਚ ਪੁੱਟੇ ਟੋਏ ਵਿਚ ਆਪੇ ਹੀ ਡਿਗਣਾ ਪ੍ਰਵਾਨ ਕਰ ਲਿਆ। ਵਰਤਮਾਨ ਯੁਗ ਵਿਚ ਲੋਕ-ਤੰਤਰੀ ਪ੍ਰਣਾਲੀ ਨੂੰ ਪਿੱਠ ਦਿਖਾ ਕੇ ਕੀ ਖਟਿਆ ਜਾ ਸਕਦਾ ਹੈ? ਓਧਰ ਮਾਨ ਸਾਹਿਬ ਦਾ ਦਾਅਵਾ ਸੀ ਕਿ ਭਾਵੇਂ ਕਾਂਗਰਸ ਜਿੱਤ ਗਈ ਹੈ ਪਰ "ਅਸਾਂ

ਬਾਈਕਾਟ ਕਰ ਕੇ ਸਤਿਕਾਰ, ਮਾਣ ਤੇ ਗੌਰਵ ਪ੍ਰਾਪਤ ਕੀਤਾ ਹੈ। ਇਸ ਨਾਲ ਆਜ਼ਾਦ ਸਿੱਖ ਸਟੇਟ ਦੀ ਲਹਿਰ ਨੂੰ ਹੁੰਗਾਰਾ ਮਿਲੇਗਾ। ਅਸੀਂ ਕੌਮ ਨੂੰ ਭਰਾ-ਮਾਰੂ ਜੰਗ ਤੋਂ ਬਚਾ ਲਿਆ ਹੈ।" ਕੰਨਸੋਆਂ ਇਹ ਭੀ ਹਨ ਕਿ ਕਾਂਗਰਸ ਦੇ ਅਤਿਵਾਦੀ ਸਫ਼ਾਂ ਵਿਚ ਹਮਾਇਤੀਆਂ ਨੇ ਧਮਕੀਆਂ ਦੇ ਕੇ ਅਕਾਲੀ ਗੁੱਟਾਂ ਤੋਂ ਬਾਈਕਾਟ ਕਰਵਾਇਆ, ਤਾਂ ਜੁ ਕਾਂਗਰਸ ਦੀ ਜਿਤ ਲਈ ਰਾਹ ਪੱਧਰਾ ਹੋ ਸਕੇ। ਪਰ ਇਹ ਸਭ ਕੁਝ ਆਮ ਆਦਮੀ ਦੀ ਸਮਝ ਤੋਂ ਬਾਹਰਾ ਹੈ। ਜੇ ਮਾਨ ਸਾਹਿਬ ਦਾ ਦਾਅਵਾ ਠੀਕ ਮੰਨ ਲਿਆ ਜਾਵੇ ਤਾਂ ਉਹਨਾਂ ਨੇ ਜਲੰਧਰ ਪਾਰਲੀਮਾਨੀ ਸੀਟ ਕਿਉਂ ਲੜੀ? ਨਾਲ ਹੀ ਉਹ ਆਜ਼ਾਦ ਸਿਖ ਸਟੇਟ ਦੀ ਮੰਗ ਕਰ ਕੇ ਸੰਵਿਧਾਨਕ ਸ਼ਾਂਤਮਈ ਸੰਘਰਸ਼ ਦੀ ਗੱਲ ਵੀ ਛੇੜਦੇ ਹਨ। ਕੀ ਇਹ ਸਭ ਕੁਝ ਸ੍ਵੈ-ਵਿਰੋਧੀ ਗੱਲਾਂ ਨਹੀਂ? ਜ਼ਿਮਨੀ ਚੋਣਾਂ ਵਿਚ ਹਾਰ ਪਿਛੋਂ ਕੁਝ ਸਮਾਂ ਚੁੱਪ ਰਹਿ ਕੇ ਮਾਨ ਸਾਹਿਬ ਦੇ ਪਿਛ-ਲੱਗਾਂ ਨੇ ਮੁੜ ਉਨ੍ਹਾਂ ਨੂੰ ਸਰਗਰਮ ਕਰ ਦਿਤਾ ਹੈ। ਦਮਦਮੀ ਟਕਸਾਲ ਨੇ ਇਕ ਵਾਰ ਫਿਰ ਉਨ੍ਹਾਂ ਨੂੰ ਸਰਵਉੱਚ ਨੇਤਾ ਬਣਾਉਣ ਦਾ ਯਤਨ ਕੀਤਾ। ਦਮਦਮੀ ਟਕਸਾਲ ਦੀ ਪੁਜ਼ੀਸ਼ਨ ਵੀ ਅਜੀਬ ਹੈ। ਇਕ ਸਮੇਂ ਟਕਸਾਲ ਦੇ ਮੁਖੀ ਬਾਬਾ ਠਾਕਰ ਸਿੰਘ ਟਕਸਾਲ ਨੂੰ ਨਿਰੋਲ ਧਰਮ ਪ੍ਰਚਾਰਕ ਜਥਾ ਦਰਸਾਉਂਦੇ ਹਨ ਤੇ ਦੂਜੇ ਸਮੇਂ ਟਕਸਾਲ ਦੇ ਮੁਖ ਬੁਲਾਰੇ ਮੋਹਕਮ ਸਿੰਘ ਅਕਾਲੀ ਦਲਾਂ ਵਿਚਕਾਰ ਏਕਤਾ ਲਈ ਮਾਮਲਾ ਟਕਸਾਲ ਵਲੋਂ ਆਪਣੇ ਹੱਥ ਵਿਚ ਲੈਣ ਦਾ ਐਲਾਨ ਕਰਦੇ ਹਨ। ਏਕਤਾ ਦੀ ਗੱਲ ਸਦਾ ਹੀ ਨਾਜ਼ਕ ਰਹੀ ਹੈ। ਹੁਣ ਸਥਿਤੀ ਇਹ ਹੈ ਕਿ ਬਾਬਾ ਦਲ, ਮਾਨ ਦਲ ਨਾਲ ਮਿਲ ਗਿਆ ਹੈ। ਮਨਜੀਤ ਦਲ ਦਾ ਬਾਦਲ ਦਲ ਨਾਲ ਕੁਝ ਸੀਮਤ ਜਿਹਾ ਤਾਲਮੇਲ ਹੈ। ਤਲਵੰਡੀ-ਲੌਂਗੋਵਾਲ ਦਲ ਦੇ ਰਲੇਵੇਂ ਦੀ ਪ੍ਰਕ੍ਰਿਆ ਜਾਰੀ ਹੈ। ਅਮਰਿੰਦਰ ਸਿੰਘ ਦਾ ਪੰਥਕ ਦਲ ਵੀ ਇਧਰ ਹੀ ਝੁਕਾਅ ਰੱਖ ਰਿਹਾ ਹੈ। ਇਹਨਾਂ ਤਿੰਨਾਂ ਦਾ ਮੱਤ ਹੈ ਕਿ ਜਥੇਦਾਰ ਟੌਹੜਾ ਨੂੰ ਆਗੂ ਮੰਨ ਲਿਆ ਜਾਏ। ਓਧਰ ਬਾਦਲ ਆਪਣੀ ਸਰਦਾਰੀ ਛਡਣ ਲਈ ਤਿਆਰ ਨਹੀਂ ਤੇ ਟੌਹੜਾ ਅਜੇ ਬਾਦਲ ਦਲ ਵਿਚ ਹੀ ਵਿਚਰ ਰਹੇ ਹਨ। ਪੈਂਤੜੇ ਤਾਂ ਰੋਜ਼ ਹੀ ਬਦਲਦੇ ਜਾ ਰਹੇ ਹਨ। ਪਰ ਵਾਸਤਵਿਕਤਾ ਵੱਲ ਧਿਆਨ ਦੇਣਾ ਜ਼ਰੂਰੀ ਹੈ।

ਅਕਾਲੀ ਦਲਾਂ ਨਾਲ ਸਰਗਰਮ ਤੌਰ ਤੇ ਜੁੜੇ ਸਿੱਖਾਂ ਦੀ ਗਿਣਤੀ ਪੰਜ ਸੱਤ ਲੱਖ ਤੋਂ ਵੱਧ ਨਹੀਂ ਹੋ ਸਕਦੀ। ਬਾਕੀ ਡੇਢ ਕਰੋੜ ਉਹ ਹਨ ਜਿਨ੍ਹਾਂ ਨੂੰ 'ਚੁੱਪ ਬਹੁ-ਗਿਣਤੀ' ਆਖਿਆ ਜਾ ਸਕਦਾ ਹੈ। ਲੇਖਕ ਨਾ ਤਾਂ ਸਿਆਸਤਦਾਨ ਹੈ ਤੇ ਨਾ ਹੀ ਕਿਸੇ ਅਕਾਲੀ ਦਲ ਦਾ ਮੈਂਬਰ। ਪਰ ਉਹ ਆਪਣੇ ਕੁਝ ਵਿਚਾਰ ਪੇਸ਼ ਕਰਨ ਦੀ ਖੁਲ੍ਹ ਲੈ ਰਿਹਾ ਹੈ। ਇਹ ਵਿਚਾਰ ਭਾਰੀ ਚੁੱਪ-ਬਹੁ-ਗਿਣਤੀਵਾਲਿਆਂ ਦੇ ਵੀ ਕਹੇ ਜਾ ਸਕਦੇ ਹਨ। ਇਸ ਲਈ ਇਹ ਪ੍ਰਮੁੱਖ ਨੇਤਾਵਾਂ ਦੇ ਧਿਆਨ ਗੋਚਰੇ ਹੋਣੇ ਚਾਹੀਦੇ ਹਨ। ਮੇਰੇ ਖ਼ਿਆਲ ਵਿਚ ਅਨੰਦਪੁਰ ਸਾਹਿਬ ਦਾ ਮਤਾ (ਜੋ 1973 ਈ: ਵਿਚ ਪਾਸ ਹੋਇਆ ਸੀ), ਘੱਟੋ ਘੱਟ ਪ੍ਰੋਗਰਾਮ ਦਾ ਆਧਾਰ ਮੰਨ ਕੇ ਏਕਤਾ ਵੱਲ ਪਲਾਂਘ ਪੁੱਟੀ ਜਾ ਸਕਦੀ ਹੈ। ਇਸ ਵਿਚ ਅੰਕਿਤ ਮੰਗਾਂ ਦੀ ਪ੍ਰਾਪਤੀ ਵੀ ਆਸਾਨ ਹੁੰਦੀ ਜਾਪਦੀ ਹੈ। ਇਸ ਸਮੇਂ ਕਈ ਰਾਜ ਤੇ ਪ੍ਰਮੁੱਖ ਰਾਸ਼ਟਰੀ ਰਾਜਸੀ ਪਾਰਟੀਆਂ, ਕਾਨੂੰਨੀ ਮਾਹਿਰ ਤੇ ਨਿਰਪੱਖ ਨੀਤੀਵਾਨ ਖੁਲ੍ਹੇ ਤੌਰ ਤੇ ਇਹ ਕਹਿ ਰਹੇ ਹਨ ਕਿ ਕੇਂਦਰ ਦੇ ਅਧਿਕਾਰ ਘਟਾ ਕੇ ਰਾਜਾਂ ਨੂੰ ਵਧੇਰੇ ਖ਼ੁਦਮੁਖ਼ਤਾਰੀ ਦੇਣ ਦੀ ਲੋੜ ਹੈ ਅਤੇ ਭਾਰਤ ਦਾ ਸੰਵਿਧਾਨ ਅਸਲੋਂ ਫ਼ੈਡਰਲ ਹੋਣਾ ਚਾਹੀਦਾ ਹੈ। ਇਸ ਪ੍ਰਕਾਰ ਏਕਤਾ ਹੋਣ ਨਾਲ ਸੱਤਾ-ਪ੍ਰਾਪਤੀ ਵੱਲ ਹੰਭਲਾ ਵੱਜੇਗਾ। ਵਾਸਤਵ ਵਿਚ ਇਸ ਸਮੇਂ ਸਿੱਖ ਰਾਜਨੀਤਕਾਂ ਨੂੰ ਨਵੀਆਂ ਨੀਤੀਆਂ ਅਤੇ ਜੁਗਤੀਆਂ ਨਿਰਧਾਰਤ ਕਰਨੀਆਂ ਹੋਣਗੀਆਂ। ਇਸ ਸਮੇਂ ਪੰਜਾਬੋਂ ਬਾਹਰ ਲਗ ਪਗ ਚਾਲ੍ਹੀ ਲੱਖ ਸਿਖ ਵਸਦੇ ਹਨ। ਵਿਸ਼ਵ ਦੇ ਬਹੁਤੇ ਦੇਸ਼ਾਂ ਵਿਚ ਵੀ ਸਿਖ ਚੰਗੀ ਗਿਣਤੀ ਵਿਚ ਪੁੱਜ ਚੁਕੇ ਹਨ। ਇਹਨਾਂ ਨਵੀਆਂ ਅਸਲੀਅਤਾਂ ਦੇ ਸੰਦਰਭ

ਵਿਚ ਹੀ ਵਿਹਾਰਕ ਨੀਤੀਆਂ ਅਪਣਾਈਆਂ ਜਾਣੀਆਂ ਚਾਹੀਦੀਆਂ ਹਨ। ਨਵੰਬਰ 1984 ਦੀ ਸਮੂਹਕ ਮਾਰ ਧਾੜ ਤੋਂ ਬਾਅਦ ਮੈਨੂੰ ਕਈ ਸਨੇਹੀਆਂ ਵਲੋਂ ਤੇ ਕਈ ਆਮ ਲੋਕਾਂ ਵਲੋਂ, ਜੋ ਮੈਨੂੰ ਅਕਾਲੀ ਨੇਤਾ ਸਮਝਦੇ ਸਨ, ਚਿੱਠੀਆਂ ਆਈਆਂ "ਦੱਸੋ ਹੁਣ ਕੀ ਕਰੀਏ ?" ਅਸਲ ਵਿਚ ਇਹ ਸੁਆਲ ਅਕਾਲੀ ਆਗੂਆਂ ਨੂੰ ਸੰਬੋਧਤ ਹੈ। ਇਸੇ ਲਈ ਨੀਤੀਆਂ ਤੈਅ ਕਰਨ ਸਮੇਂ ਇਹਨਾਂ ਤੱਥਾਂ ਨੂੰ ਸਾਹਮਣੇ ਰੱਖਣ ਦੀ ਲੋੜ ਹੈ। ਇਸੇ ਨਾਲ ਪੰਜਾਬ ਵਿਚ ਵਸਦੇ ਹਿੰਦੂਆਂ ਦੇ ਸਿੱਖਾਂ ਨਾਲ ਸੰਬੰਧਾਂ ਦਾ ਸੁਆਲ ਵੀ ਜੁੜਿਆ ਹੋਇਆ ਹੈ। ਕੱਟੜ ਫ਼ਿਰਕਾਪ੍ਰਸਤਾਂ ਜਾਂ ਅਜਿਹੇ ਹਿੰਦੂਆਂ, ਜਿਨ੍ਹਾਂ ਨੂੰ ਸਿੱਖਾਂ ਨਾਲ ਖ਼ੁਦਾ ਵਾਸਤੇ ਵੈਰ ਹੈ ਅਤੇ ਜੋ ਸਦਾ ਹਿੰਦੀ ਸੰਸਕ੍ਰਿਤ ਦਾ ਰੋਣਾ ਰੋਂਦੇ ਹਨ, ਦੀ ਸਦਭਾਵਨਾ ਤਾਂ ਜਿੱਤੀ ਨਹੀਂ ਜਾ ਸਕਦੀ, ਪਰ ਆਮ ਹਿੰਦੂ ਦਾ ਵਿਸ਼ਵਾਸ ਜ਼ਰੂਰ ਜਿੱਤਿਆ ਜਾ ਸਕਦਾ ਹੈ। ਹਿੰਦੂਆਂ ਨਾਲ ਸਾਡਾ ਵਤੀਰਾ ਨਿਆਂ-ਪੂਰਨ ਹੀ ਨਹੀਂ, ਸਗੋਂ ਉਦਾਰਤਾ-ਪੂਰਨ ਵੀ ਹੋਣਾ ਚਾਹੀਦਾ ਹੈ। ਇਸ ਪ੍ਰਕਾਰ ਪੰਜਾਬ-ਹਿਤੈਸ਼ੀ ਹਿੰਦੂਆਂ ਦੀ, ਪੰਜਾਬ ਦੀਆਂ ਹੱਕੀ ਮੰਗਾਂ, ਚੰਡੀਗੜ੍ਹ, ਦਰਿਆਈ ਪਾਣੀਆਂ ਦੀ ਵੰਡ ਆਦਿ ਲਈ ਹਿਮਾਇਤ ਵੀ ਪ੍ਰਾਪਤ ਹੋ ਸਕੇਗੀ। ਸ਼ਾਇਦ ਇਸੇ ਦ੍ਰਿਸ਼ਟੀ ਤੋਂ ਲੌਂਗੋਵਾਲ ਦਲ ਨੇ ਹਿੰਦੂਆਂ ਨੂੰ ਅਕਾਲੀ ਦਲ ਦੇ ਮੈਂਬਰ ਬਣਾਉਣ ਦੀ ਗੱਲ ਚਲਾਈ ਹੈ। ਐਸੋਸੀਏਟ ਮੈਂਬਰ ਤਾਂ ਬਣਾਇਆ ਹੀ ਜਾ ਸਕਦਾ ਹੈ।

'ਅੰਤਮ ਸੰਘਰਸ਼' ਦੀ ਬਾਰ ਬਾਰ ਗੱਲ ਕਰ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਿਸੇ ਅਣਸੁਖਾਵੀਂ ਸਥਿਤੀ ਵਿਚ ਜੀਊੜ ਦੇਣਾ ਦੂਰ-ਅੰਦੇਸ਼ੀ ਨਹੀਂ। ਵਰਤਮਾਨ ਯੁੱਗ ਦੀਆਂ ਅਸਲੀਅਤਾਂ ਨੇ ਇਸਰਾਇਲ ਦੇ ਰਾਬਿਨ ਤੇ ਫ਼ਲਸਤੀਨੀ ਨੇਤਾ ਯਾਸਰ ਅਰਾਫ਼ਾਤ ਅਤੇ ਦੱਖਣੀ ਅਫ਼ਰੀਕਾ ਦੇ ਮੰਡੇਲਾ ਤੇ ਕਲਾਰਕ ਨੂੰ ਸਾਂਝੇ ਮੰਚਾਂ ਤੇ ਲਿਆ ਖੜਾ ਕੀਤਾ ਹੈ। ਇਸ ਦੇ ਮੁਕਾਬਲੇ ਜੇ ਸਾਡੇ ਆਗੂ ਬੰਦ ਗਲੀ ਵਲ ਜਾਂਦੇ ਭੀੜੇ ਰਾਹਾਂ ਤੇ ਕੌਮ ਨੂੰ ਤੋਰਨਾ ਚਾਹੁਣ ਤਾਂ ਇਹ ਕਿਸੇ ਪੱਖੋਂ ਵੀ ਵਾਜਬ ਨਹੀਂ। ਲੰਮੇ ਸੰਘਰਸ਼ ਅਤੇ ਪ੍ਰਾਪਤੀ ਦੀ ਨਾ-ਉਮੀਦੀ ਨੇ ਕੌਮ ਨੂੰ ਨਿਸ਼ਚੇ ਹੀ ਸਨਕੀ ਬਣਾ ਦਿਤਾ ਹੈ। ਵਰਤਮਾਨ ਆਗੂਆਂ ਲਈ ਇਹ ਵੱਡੀ ਚਨੌਤੀ ਹੈ। ਪਰ ਮੇਰੇ ਵਰਗਿਆਂ ਦੀ 'ਚੁੱਪ ਬਹੁ-ਗਿਣਤੀ' ਫ਼ਿਕਰਮੰਦ ਹੈ ਕਿ ਕੌਮ ਦਾ ਕੀ ਬਣੇਗਾ ? ਕੀ ਫੇਰ ਕਦੇ ਨੀਲੀ ਦਸਤਾਰ ਦੀ ਆਭਾ ਤੇ ਸਤਿਕਾਰ ਬਹਾਲ ਹੋ ਸਕਣਗੇ ? ਅਜੋਕੀ ਜਕੜ ਵਾਲੀ ਸਥਿਤੀ ਵਿਚੋਂ ਕੌਮ ਨੂੰ ਕਢਣ ਦੀ ਲੋੜ ਹੈ। ਵੱਡੇ ਗੁੱਟ ਬਾਦਲ ਅਕਾਲੀ ਦੱਲ ਨੂੰ ਜਿੱਤ ਤੇ ਪ੍ਰਧਾਨਤਾ ਦੀ ਭਾਵਨਾ ਨੂੰ ਤਿਆਗ ਕੇ ਬਾਕੀਆਂ ਨਾਲ ਉਦਾਰਤਾ ਦਾ ਪ੍ਰਗਟਾਅ ਕਰ ਕੇ ਨਵਾਂ ਪੰਧ ਅਪਣਾਉਣ ਦੀ ਪਹਿਲ ਕਰਨੀ ਚਾਹੀਦੀ ਹੈ। ਲੰਮੇ ਸਮੇਂ ਦੀ ਨਿਰਾਸ਼ਾ-ਜਨਕ ਸਥਿਤੀ ਕੌਮਾਂ ਦੇ ਇਤਿਹਾਸ ਵਿਚ ਘਾਤਕ ਸਿੱਧ ਹੁੰਦੀ ਹੈ। ਗੁਰੂ ਮਿਹਰ ਕਰੇ !

ਗਿਆਨੀ ਲਾਲ ਸਿੰਘ ਆਪਣੇ ਸਾਹਿਤਕਾਰ ਮਿੱਤਰਾਂ ਨਾਲ (1948)
(ਖੜ੍ਹੇ) ਸੁਜਾਨ ਸਿੰਘ, ਕੇਸਰ ਸਿੰਘ ਤੇ ਈਸ਼ਵਰ ਚਿੱਤਰਕਾਰ
(ਬੈਠੇ) ਕਰਤਾਰ ਸਿੰਘ ਸੁਮੇਰ, ਪਾਲ ਸਿੰਘ ਤੇ ਗਿਆਨੀ ਲਾਲ ਸਿੰਘ

ਸਿਆਮ (ਥਾਈਲੈਂਡ) ਦੀ ਯਾਤਰਾ ਸਮੇਂ (1970) ਗਿਆਨੀ ਲਾਲ ਸਿੰਘ
ਸ੍ਰੀ ਗੁਰੂ ਸਿੰਘ ਸਭਾ, ਬੈਂਕੋਕ ਦੇ ਅਹੁਦੇਦਾਰਾਂ ਨਾਲ।
ਗਿਆਨੀ ਹਰਜੀਤ ਸਿੰਘ (ਵਰਤਮਾਨ ਆਨਰੇਰੀ ਸੈਕਟਰੀ ਖ਼ਾਲਸਾ ਐਜੂਕੇਸ਼ਨਲ ਕੌਂਸਲ
(ਗੁਜਰਾਂਵਾਲਾ, ਲੁਧਿਆਣਾ) ਵੀ ਨਾਲ ਬੈਠੇ ਹਨ।

ਜਨਰਲ ਹਰੀ ਸਿੰਘ ਨਲਵਾ ਦੇ ਦੋ ਸੌਵੇਂ ਜਨਮ ਦਿਵਸ ਸਮਾਰੋਹ ਦੇ ਅਵਸਰ ’ਤੇ ਜਥੇਦਾਰ ਗੁਰਚਰਨ ਸਿੰਘ ਟੋਹੜਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗਿਆਨੀ ਲਾਭ ਸਿੰਘ ਨੂੰ ਗੁਜਰਾਂਵਾਲੇ ਦੇ ਪ੍ਰਤਿਸ਼ਠਤ ਵਿਅਕਤੀ ਵਜੋਂ ਸਨਮਾਨਿਤ ਕੀਤਾ (1992)।

ਸਨਮਾਨ ਉਪਰੰਤ ਸਰਦਾਰ ਤਾਰਾ ਸਿੰਘ ਐੱਮ.ਪੀ. ਅਤੇ ਸ. ਅਵਤਾਰ ਸਿੰਘ ਖ਼ਾਲਸਾ ਨਾਲ।

ਕੈਨੇਡਾ ਦੇ ਇਕ ਪ੍ਰਸਿੱਧ ਬੋਟਾਨੀਕਲ ਗਾਰਡਨ ਵਿਚ ਆਪਣੀ ਧਰਮ ਪਤਨੀ ਵਿਦਿਆ ਵਤੀ ਨਾਲ (1974)।

ਆਪਣੀਆਂ ਬੇਟੀਆਂ ਹਰਿਮਹਿੰਦਰ ਅਤੇ ਅੰਮ੍ਰਿਤ ਨਾਲ।

ਗਿਆਨੀ ਲਾਲ ਸਿੰਘ ਜੀ ਨੇ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਇਕ ਬਲਾਕ ਦਾ ਨੀਂਹ ਪੱਥਰ ਰੱਖਿਆ (1989)।

ਖ਼ਾਲਸਾ ਐਜੂਕੇਸ਼ਨਲ ਕੌਂਸਲ (ਗੁਜਰਾਂਵਾਲਾ) ਲੁਧਿਆਣਾ ਦੇ ਸਰਪ੍ਰਸਤ ਵਜੋਂ ਜਨਰਲ ਜਗਜੀਤ ਸਿੰਘ ਅਰੋੜਾ ਨੂੰ ਮੋਮੈਂਟੋ ਭੇਟ ਕਰਦੇ ਹੋਏ (1991)।



ਗਿਆਨੀ ਲਾਲ ਸਿੰਘ ਬਤੌਰ ਪ੍ਰਧਾਨ, ਖ਼ਾਲਸਾ ਐਜੂਕੇਸ਼ਨਲ ਕੌਂਸਲ (ਗੁਜਰਾਂਵਾਲਾ) ਲੁਧਿਆਣਾ, ਸ. ਰਣਜੀਤ ਸਿੰਘ ਨਰੂਲਾ,ਚੀਫ਼ ਜਸਟਿਸ, ਪੰਜਾਬ-ਹਰਿਆਣਾ ਹਾਈ ਕੋਰਟ ਦਾ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਸਾਲਾਨਾ ਸਮਾਗਮ ਵਿਚ ਸਵਾਗਤ ਕਰਦੇ ਹੋਏ (1977)।



ਖ਼ਾਲਸਾ ਐਜੂਕੇਸ਼ਨਲ ਕੌਂਸਲ (ਗੁਜਰਾਂਵਾਲਾ) ਲੁਧਿਆਣਾ ਵਲੋਂ ਬਾਵਾ ਹਰਿਕ੍ਰਿਸ਼ਨ ਸਿੰਘ ਪ੍ਰਧਾਨ ਅਤੇ ਗਿਆਨੀ ਲਾਲ ਸਿੰਘ ਮੀਤ ਪ੍ਰਧਾਨ, ਸਰਦਾਰ ਕਪੂਰ ਸਿੰਘ ਵਿੱਤ ਮੰਤਰੀ ਪੰਜਾਬ ਦਾ ਸਵਾਗਤ ਕਰਦਿਆਂ।

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਸਟਾਫ਼ ਤੇ ਵਿਦਿਆਰਥੀਆਂ ਵਲੋਂ ਸਨਮਾਨ।

ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਬਾਲ-ਸਾਹਿਤ ਸਾਹਿਤਕਾਰ (1992) ਵਜੋਂ ਸਨਮਾਨ।

ਪ੍ਰਭਾਵਸ਼ਾਲੀ ਤੇ ਗੰਭੀਰ ਵਕਤਾ

ISBN 81-7205-128-X